*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*
*SHABAD is an International Quarterly of Literature, Art and Culture*

# ਸ਼ਬਦ

**ਸਾਲ : 21 ਪੁ : ਲੜੀ : 84 ਅਕਤੂਬਰ-ਦਸੰਬਰ, 2018**

*ਮੁੱਖ ਸੰਪਾਦਕ*
**ਹਰਜੀਤ ਅਟਵਾਲ**
67, Hillside Road, Southall, Middlesex , England. UB1 2PE
Ph. : 020-85780393 Mobile : 07782-265726 e mail: harjeetatwal@yahoo.co.uk

**ਪ੍ਰੇਮ ਮਾਨ**
44 Rock Spring Road, West Orange, NJ0 7052, America
Ph. 001-860-983-5002 Email:premmann@yahoo.com

**ਸੁਰਿੰਦਰ ਸੀਹਰਾ**
61-Alers Road, Bexleyhealth,Kent, U.K. DA6 8HR
Ph. 0044-79565-71507 Email:surindersehra@hotmail.com

**ਹਰਮਹਿੰਦਰ ਚਹਿਲ**
7305, Sterling Grove Dr., Springfield VA 22150 U.S.A.
Ph. 001-703-362-3239 Email : Chahals57@Yahoo.com

*ਸੰਪਾਦਕ*
**ਜਿੰਦਰ**
984, Rajput Nagar, Model House,
Near Surinder Welding Works, Jalandhar-144003
Mobile : 98148 03254
Email : jinder340@gmail.com Website : www.shabadsaar.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ*** *:* 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ*** *:* ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।

ਸ਼ਿਵਮੂਰਤੀ
**ਆਖ਼ਿਰੀ ਛਾਲ/5**
ਅਨਵਰ ਅਲੀ
**ਕੁਝ ਯਾਦਾਂ/69**
ਬਲਬੀਰ ਕੌਰ ਸੰਘੇੜਾ
**'ਬਾਬਾ ਬੋਲਤੇ ਤੇ' ਦਾ ਰਚੇਤਾ/81**
ਸੁਰਿੰਦਰ ਸੋਹਲ
**ਜ਼ੀਰੇ ਦਾ ਫ਼ਲੇਵਰ/91**
ਡਾ. ਸ਼ਸ਼ੀ ਕਾਂਤ ਉੱਪਲ
**ਗ਼ਜ਼ਲ/98**
ਗੁਰਮੀਤ ਕੜਿਆਲਵੀ
**ਅਲਵਿਦਾ ਬਿੱਕਰ ਸਿੰਘ/99**
ਮਕਸੂਦ ਸਾਕਿਬ
**ਰਲੀ/114**
ਸਵਰਨਜੀਤ ਸਵੀ
**ਦੋ ਕਵਿਤਾਵਾਂ/115**
ਕੰਵਲਜੀਤ ਭੁੱਲਰ
**ਰੱਬ ਦਾ ਕਤਲ/118**
ਡਾ. ਧਨਵੰਤ ਕੌਰ
**ਦਰਸ਼ਨ ਬੁਲੰਦਵੀ ਦੀ ਮਾਨਵੀ, ਮੰਤਵੀ ਅਤੇ ਮੋਹਖੋਰੀ/119**
ਗੁਰਪਾਲ ਸਿੰਘ ਸੰਧੂ
**ਸਬਾਲਟਰਨ ਸਮੂਹ, ਉਪ-ਬਿਰਤਾਂਤ ਅਤੇ ਸਿਮਰਤੀਆਂ ਦੀ ਬਿਰਤਾਂਤਕਾਰੀ/126**
ਮਕਸੂਦ ਸਾਕਿਬ
**ਮੈਂ ਕਦੀ ਫੈਸ਼ਨ ਵਾਲਾ ਸਟਾਈਲ ਨਾ ਵਰਤਿਆ ਏ/ਅਜੀਤ ਕੌਰ/133**
ਨਵੀਆਂ ਪੁਸਤਕਾਂ
-ਪ੍ਰੋ ਜੇ ਬੀ ਸੇਖੋਂ/141
ਡਾ. ਪਰਗਟ ਸਿੰਘ ਟਿਵਾਣਾ/143
ਗੁਰਪ੍ਰੀਤ

## ਮੇਰਾ ਪੰਨਾ

ਵਰਤਮਾਨ ਬੀਤੇ ਕੱਲ੍ਹ ਤੋਂ ਭਿੰਨ ਹੁੰਦਾ ਹੈ। ਅੱਜ ਦਾ ਵਰਤਮਾਨ ਵੀ ਬੀਤੇ ਹੋਏ ਕੱਲ੍ਹ ਤੋਂ ਅਲੱਗ ਹੈ ਪਰ ਇੰਨਾ ਅਲੱਗ ਹੋਵੇਗਾ ਇਸ ਦਾ ਕਦੇ ਅੰਦਾਜ਼ਾ ਵੀ ਨਹੀਂ ਸੀ ਕੀਤਾ। ਪੰਜਾਬ ਨੇ ਪਹਿਲਾਂ 1947 ਦੇਖਿਆ ਤੇ ਫਿਰ 1984 ਪਰ ਅੱਜ ਵਾਲੀ ਅਰਾਜਕਤਾ ਉਹਨਾਂ ਵੇਲਿਆਂ ਤੋਂ ਬਿਲਕੁਲ ਵੱਖਰੀ ਹੈ ਤੇ ਇਹ ਅਰਾਜਕਤਾ ਫੈਲੀ ਹੋਈ ਵੀ ਪੂਰੇ ਹਿੰਦੁਸਤਾਨ ਵਿੱਚ ਹੈ। ਧਰਮ ਦੀ ਸਵੱਛਤਾ ਦੇ ਨਾਂ 'ਤੇ ਕਮੇਟੀਆਂ ਬਣਾ ਕੇ ਦੂਜੇ ਫਿਰਕੇ ਦੇ ਲੋਕਾਂ ਖਿਲਾਫ ਸ਼ਰ੍ਹੇਆਮ ਹਿੰਸਾ ਵਰਤੀ ਜਾ ਰਹੀ ਹੈ ਤੇ ਉਸ ਹਿੰਸਾ ਦੀਆਂ ਵੀਡਿਓ ਬਣਾ ਕੇ ਸੋਸ਼ਲ ਮੀਡੀਏ ਉਪਰ ਪਾਈਆਂ ਜਾ ਰਹੀਆਂ ਹਨ। ਸੱਚ ਲਿਖਣ ਵਾਲੇ ਪੱਤਰਕਾਰਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਵਿਕਾਊ ਮੀਡੀਏ ਦਾ ਬੋਲਬਾਲਾ ਹੈ। ਹਰ ਖੇਤਰ ਵਿੱਚ ਭਰਿਸ਼ਟਾਚਾਰ ਵੱਧ ਗਿਆ ਹੈ। ਰਿਸ਼ਵਤ ਸਾਡੇ ਸਮਾਜ ਦਾ ਇੱਜ਼ਤ-ਭਰਿਆ ਹਿੱਸਾ ਬਣਦਾ ਜਾ ਰਿਹਾ ਹੈ। ਨੇਤਾ ਗੰਦੀ ਸਿਆਸਤ ਖੇਡ ਰਹੇ ਹਨ। ਆਮ ਬੰਦਾ ਦਰੜਿਆ ਜਾ ਰਿਹਾ ਹੈ। ਮਹਿੰਗਾਈ ਆਪਣੇ ਅਰੂਜ਼ 'ਤੇ ਹੈ। ਅੰਧ-ਵਿਸ਼ਵਾਸ ਹਨੇਰੀ ਵਾਂਗ ਚੜ੍ਹਿਆ ਹੋਇਆ ਹੈ। ਵਿਦਿਆ ਦਾ ਅਜਿਹਾ ਵਪਾਰੀਕਰਨ ਹੋ ਗਿਆ ਹੈ ਕਿ ਸਰਕਾਰੀ ਸਕੂਲ ਬੰਦ ਹੋ ਰਹੇ ਹਨ। ਜਿਹੜੇ ਸਰਕਾਰੀ ਸਕੂਲ ਬਚੇ ਵੀ ਹਨ, ਉਹਨਾਂ ਦੇ ਅਧਿਆਪਕਾਂ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ। ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ ਦੀ ਬੇਕਦਰੀ ਕਰ ਰਹੀ ਹੈ। ਨਵੀਂ ਪੀੜ੍ਹੀ ਦੇ ਆਪਣੇ ਲੌਜਿਕ ਹਨ। ਪੰਜਾਬ ਵਿੱਚ ਨਸ਼ਿਆਂ ਦਾ ਦਰਿਆ ਵਗ ਰਿਹਾ ਹੈ। ਇਕ ਗਿਣੀ-ਮਿਥੀ ਸਾਜ਼ਿਸ਼ ਅਧੀਨ ਪੰਜਾਬ ਦੀਆਂ ਦੋ ਪੀੜ੍ਹੀਆਂ ਨਸ਼ੇ ਦੀ ਭੇਂਟ ਚੜ੍ਹ ਗਈਆਂ ਹਨ। ਜਿਹੜੇ ਨੌਜਵਾਨ ਬਚੇ ਵੀ ਹਨ ਉਹ ਵਿਦੇਸ਼ਾਂ ਦਾ ਰੁੱਖ ਕਰ ਰਹੇ ਹਨ। ਪੂਰਾ ਹਿੰਦੁਸਤਾਨ ਹੀ ਜਿਵੇਂ ਬੇਲਗਾਮ ਹੋ ਗਿਆ ਹੋਵੇ। ਕਾਨੂੰਨ ਦੀਆਂ ਸ਼ਰ੍ਹੇਆਮ ਧੱਜੀਆਂ ਉੱਡ ਰਹੀਆਂ ਹਨ। ਸਮਾਜ ਅਗਾਂਹ ਨੂੰ ਜਾਣ ਦੀ ਥਾਂ ਪਿਛਾਂਹ ਨੂੰ ਜਾ ਰਿਹਾ ਹੈ। ਜਿਹੜੀ ਪੰਜਾਬ ਦੀ ਅੱਜ ਸਥਿਤੀ ਹੈ ਇਹ ਪਹਿਲਾਂ ਕਦੇ ਨਹੀਂ ਦੇਖੀ। ਪੰਜਾਬ ਵਿੱਚ ਨਸ਼ੇ ਤੇ ਹਿੰਸਾ ਦੀ ਇੰਨੀ ਬਹੁਤਾਤ ਹੈ ਕਿ ਇਸ ਦੀ ਝਲਕ ਹੁਣ ਗੀਤਾਂ ਵਿੱਚ ਵੀ ਮਿਲਣ ਲੱਗੀ ਹੈ ਤੇ ਅਜਿਹੇ ਗੀਤ ਪਸੰਦ ਵੀ ਬਹੁਤ ਕੀਤੇ ਜਾਂਦੇ ਹਨ ਕਿਉਂਕਿ ਨਸ਼ਾ ਤੇ ਹਿੰਸਾ ਸਾਡੇ ਦਿਮਾਗਾਂ ਵਿੱਚ ਖੁਣੇ ਗਏ ਹਨ। ਅਜਿਹੇ ਸਮੇਂ ਸਾਹਿਤ ਕਿਹੋ ਜਿਹਾ ਰਚਿਆ ਜਾਵੇਗਾ ? ਕਿਉਂਕਿ ਸਾਹਿਤ ਸਮਾਜ ਦਾ ਅਕਸ ਹੁੰਦਾ ਹੈ ਪਰ ਪੰਜਾਬ ਦੀ ਅੱਜ ਦੀ ਸਥਿਤੀ ਦਾ ਤਰਜਮਾ ਪੰਜਾਬੀ ਸਾਹਿਤ ਵਿੱਚ ਦੇਖਣ ਨੂੰ ਬਹੁਤ ਘੱਟ ਮਿਲਦਾ ਹੈ। ਪੰਜਾਬੀ ਲੇਖਕ ਅੱਜ ਦੇ ਸੱਚ ਦਾ ਸਾਹਮਣਾ ਕਰਨ ਵਿੱਚ ਫੇਲ੍ਹ ਹੋ ਰਿਹਾ ਹੈ। ਨਸ਼ਿਆਂ ਵਰਗੇ ਕੋਹੜ ਬਾਰੇ ਪੰਜਾਬੀ ਲੇਖਕ ਲਗਭਗ ਚੁੱਪ ਹੈ। ਬਹੁਤ ਸਾਰੇ ਮਸਲਿਆਂ ਨੂੰ ਪੰਜਾਬੀ ਸਾਹਿਤ ਨਿਜਿੱਠ ਹੀ ਨਹੀਂ ਰਿਹਾ। ਅਜਿਹੇ ਮੌਕੇ ਲੇਖਕ ਨੇ ਸਮਾਜ ਨੂੰ ਸੇਧ ਦੇਣੀ ਹੁੰਦੀ ਹੈ। ਨਾਮੀ ਲੇਖਕਾਂ ਨੇ ਬਾਹਰ ਵੱਲ ਦਾ ਰੁੱਖ ਕਰ ਲਿਆ ਹੈ। ਜਿਹੜੇ ਪੰਜਾਬ ਵਿੱਚ ਬੈਠੇ ਵੀ ਹਨ ਉਹ ਵੀ ਨਿੱਜੀ ਜਿਹੇ ਮੁੱਦਿਆਂ ਵਿੱਚ ਘਿਰੇ ਹੋਏ ਹਨ। ਸਾਹਿਤ 'ਚ ਵਿਰੋਧ ਦੀ ਭਾਵਨਾ ਖਤਮ ਹੋ ਰਹੀ ਹੈ। ਲੇਖਕ ਆਪਣੇ ਵਿਰੁੱਧ ਕੁਝ ਵੀ ਸੁਣਨ ਨੂੰ ਤਿਆਰ ਨਹੀਂ। ਉਸ ਨੂੰ ਤਾਂ ਬੱਲੇ-ਬੱਲੇ ਚਾਹੀਦੀ ਹੈ। ਅਵਾਰਡਾਂ ਦੀ ਜਿਊਰੀ ਦੇ ਲਈ ਉਹ 'ਖਾਸ ਬੰਦੇ' ਭਰਤੀ ਕੀਤੇ ਜਾ ਰਹੇ ਹਨ ਜਿਨ੍ਹਾਂ ਨੇ ਪਿਛਲੇ ਵੀਹ ਸਾਲਾਂ ਤੋਂ ਇਕ ਕਿਤਾਬ ਨਹੀਂ ਪੜ੍ਹੀ। ਸਾਹਿਤ 'ਚ ਚਾਪਲੂਸਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਜੇ ਕਿਸੇ ਲੇਖਕ ਦਾ ਵਿਰੋਧ ਹੀ ਨਹੀਂ ਹੋਵੇਗਾ ਜਾਂ ਉਸ ਦੀ ਆਲੋਚਨਾ ਹੀ ਨਹੀਂ



ਹੋਵੇਗੀ ਤਾਂ ਉਸ ਦਾ ਵਿਕਾਸ ਕਿਸ ਤਰ੍ਹਾਂ ਹੋਵੇਗਾ। ਲੇਖਕ ਇਕ-ਦੂਜੇ ਨੂੰ ਫੂੰਲੀਆਂ ਪਾ ਕੇ ਖੁਸ਼ ਹਨ। ਆਲੋਚਨਾ ਨਾਂ ਦੀ ਕੋਈ ਵਿਧਾ ਰਹੀ ਹੀ ਨਹੀਂ। ਉਤਸ਼ਾਹ ਖਤਮ ਹੋ ਰਿਹਾ ਹੈ। ਰਚਨਾ ਛਪਦੀ ਹੈ ਪਰ ਅੱਗੋਂ ਉਸ ਨੂੰ ਕੋਈ ਰਿਸਪੌਂਸ ਨਹੀਂ ਮਿਲ ਰਿਹਾ। ਅਜਿਹੀ ਸਥਿਤੀ ਬਹੁਤ ਹੀ ਖਤਰਨਾਕ ਸਿੱਧ ਹੋ ਰਹੀ ਹੈ।

ਮੁਲਕ ਦੀ ਇਸ ਵਿਗੜੀ ਹਾਲਤ ਵਿੱਚ ਸੋਸ਼ਲ ਮੀਡੀਆ ਦਾ ਬਹੁਤ ਵੱਡਾ ਹੱਥ ਹੈ ਬਲਕਿ ਸੋਸ਼ਲ ਮੀਡੀਆ ਤਾਂ ਇਸ ਨੂੰ ਹੋਰ ਵਿਗਾੜਨ ਦੇ ਯਤਨ ਵਿੱਚ ਹੈ। ਕਿਉਂਕਿ ਫੇਸਬੁੱਕ, ਟਵਿੱਟਰ ਆਦਿ ਉੱਪਰ ਇੰਨੀ ਖੁੱਲ੍ਹ ਹੈ ਕਿ ਤੁਸੀਂ ਕਿਸੇ ਨੂੰ ਕੁਝ ਵੀ ਕਹਿ ਸਕਦੇ ਹੋ। ਕਿਹੋ ਜਿਹਾ ਵੀ ਜ਼ਹਿਰੀ ਪਰਚਾਰ ਕਰ ਸਕਦੇ ਹੋ। ਜੇ ਕਿਸੇ ਕਿਸਮ ਦੀ ਰੋਕਥਾਮ ਕੀਤੀ ਵੀ ਜਾਂਦੀ ਹੈ ਤਦ ਤਕ ਗਲਤ ਸੁਨੇਹਾ ਬਹੁਤ ਲੰਮਾ ਸਫਰ ਤੈਅ ਕਰ ਗਿਆ ਹੁੰਦਾ ਹੈ। ਕਿਸੇ ਦੀ ਕੁੱਟ-ਮਾਰ ਕਰਦਿਆਂ ਜਾਂ ਕਿਸੇ ਔਰਤ ਨਾਲ ਹੁੰਦੀ ਵਧੀਕੀ ਦੇ ਵੀਡਿਓ ਫੇਸਬੁੱਕ 'ਤੇ ਆਮ ਦੇਖਣ ਨੂੰ ਮਿਲ ਜਾਂਦੇ ਹਨ। ਫਿਰ ਉਹਨਾਂ ਨੂੰ 'ਲਾਈਕ' ਕਰਨ ਵਾਲਿਆਂ ਦੀ ਤੇ ਟਿੱਪਣੀਆਂ ਕਰਨ ਵਾਲਿਆਂ ਦੀ ਵੀ ਘਾਟ ਨਹੀਂ ਹੁੰਦੀ। ਇਹ ਸਾਡੀ ਮਾਨਸਿਕਤਾ ਵਿੱਚ ਆਏ ਨਿਘਾਰ ਦੇ ਨਮੂਨੇ ਹਨ। ਫੇਸਬੁੱਕ ਤਾਂ ਚਲਦਾ ਹੈ 'ਲਾਈਕਸ' ਦੇ ਸਿਰ 'ਤੇ ਹੈ। 'ਲਾਈਕਸ' ਦਾ ਇਹ ਫੈਸ਼ਨ ਜਾਂ ਦੌਰ ਪੰਜਾਬੀ ਸਾਹਿਤ ਦਾ ਵੀ ਬਹੁਤ ਨੁਕਸਾਨ ਕਰ ਰਿਹਾ ਹੈ। ਕੋਈ ਕੁਝ ਵੀ ਲਿਖ ਕੇ ਫੇਸਬੁੱਕ 'ਤੇ ਪਾ ਦਿੰਦਾ ਹੈ, ਕੋਈ ਕਵਿਤਾ ਜਾਂ ਪਰੋਜ਼ ਦਾ ਕੁਝ। ਲੋਕ ਉਸ ਨੂੰ 'ਲਾਈਕਸ' ਪਾਉਣ ਲੱਗਦੇ ਹਨ ਤੇ ਪਾਉਣ ਵਾਲਾ 'ਲੇਖਕ' ਬਣ ਜਾਂਦਾ ਹੈ। ਇਵੇਂ ਕੱਚੀਆਂ-ਪੱਕੀਆਂ ਅਨੇਕ ਰਚਨਾਵਾਂ ਨਾਲ ਫੇਸਬੁੱਕ ਭਰੀ ਪਈ ਹੈ। ਪੁਖਤਾ ਸਾਹਿਤ ਦਾ ਅਭਾਵ ਪੈਦਾ ਹੋ ਰਿਹਾ ਹੈ। ਅੱਜ ਦੇ ਦੌਰ ਵਿੱਚ ਫੇਸਬੁੱਕੀ ਲੇਖਕਾਂ ਦਾ ਵੀ ਇਕ ਹਜੂਮ ਹੈ। ਇਹ ਸਾਹਿਤ ਲਈ ਸ਼ੁਭਸ਼ਗਨੀ ਨਹੀਂ ਹੈ। 'ਲਾਈਕਸ' ਦੇ ਇਸ ਦੌਰ ਵਿੱਚ ਇਸ ਨਾਲ ਜੈਨੂਅਨ ਲੇਖਕ ਪਿੱਛੇ ਪੈਂਦਾ ਜਾ ਰਿਹਾ ਹੈ। ਚੰਗਾ ਸਾਹਿਤ ਪੈਦਾ ਨਹੀਂ ਹੋ ਰਿਹਾ। ਫੇਸਬੁੱਕ ਨੇ ਕਿਤਾਬਾਂ ਪੜ੍ਹਨ ਦੀ ਰੁਚੀ ਨੂੰ ਵੀ ਬਹੁਤ ਨੁਕਸਾਨ ਪਹੁੰਚਾਇਆ ਹੈ। ਦੇਖਣ ਵਿੱਚ ਆਉਂਦਾ ਹੈ ਕਿ ਸਥਾਪਤ ਲੇਖਕ ਵੀ ਫੇਸਬੁੱਕ ਉੱਪਰ ਬਹੁਤ ਸਮਾਂ ਖਰਾਬ ਕਰ ਰਹੇ ਹਨ। ਫੇਸਬੁੱਕ ਉਪਰ ਸਾਹਿਤਕ ਹਿੰਸਾ ਵੀ ਦੇਖਣ ਨੂੰ ਮਿਲਦੀ ਹੈ। ਤੁਸੀਂ ਕਿਸੇ ਵੀ ਲੇਖਕ ਖਿਲਾਫ ਕੁਝ ਵੀ ਬੋਲ ਸਕਦੇ ਹੋ। ਕਈ ਵਾਰ ਕਿਸੇ ਲੇਖਕ ਉਪਰ ਅਜਿਹੇ ਦੋਸ਼ ਲੱਗਦੇ ਵੀ ਦੇਖਣ ਨੂੰ ਮਿਲਦੇ ਹਨ ਜਿਹਨਾਂ ਦਾ ਉਸ ਦੀ ਰਚਨਾ ਨਾਲ ਕੋਈ ਵਾਹ ਨਹੀਂ ਹੁੰਦਾ। ਇਸ ਗੱਲ ਦਾ ਕੋਈ ਧਿਆਨ ਨਹੀਂ ਰੱਖਦਾ ਕਿ ਲੇਖਕ ਦਾ ਧਰਮ ਉਸ ਦੇ ਲੇਖਣੀ ਹੀ ਹੁੰਦੀ ਹੈ। ਲੇਖਕ ਸਦਾ ਮਨੁੱਖਵਾਦੀ ਹੁੰਦਾ ਹੈ।

ਪਿਛਲੇ ਦਿਨੀਂ ਪੰਜਾਬ ਯੂਨੀਵਰਸਟੀ, ਲਾਹੌਰ ਦੇ ਹੈੱਡ ਆਫ ਔਰੀਐਂਟਲ ਲੈਂਗੁਏਜਜ਼, ਮੈਡਮ ਨਬੀਲਾ ਰਹਿਮਾਨ ਨੇ ਸਾਊਥਾਲ ਵਿਖੇ ਇਕ ਸਾਹਿਤਕ ਸਮਾਗਮ ਵਿੱਚ ਕਿਹਾ ਕਿ ਅਸੀਂ ਆਪਣੇ ਸਾਹਿਤ ਦੀਆਂ ਸਿਨਫਾਂ ਭੁੱਲਦੇ ਜਾ ਰਹੇ ਹਾਂ। ਗਜ਼ਲ ਭਾਵੇਂ ਬਹੁਤ ਹਰਮਨ ਪਿਆਰੀ ਹੋ ਰਹੀ ਹੈ ਪਰ ਇਹ ਸਾਡੀ ਨਹੀਂ ਹੈ। ਸਾਡੇ ਤਾਂ ਕਬਿੱਤ, ਕੁੰਡਲੀਏ, ਦੋਹੇ, ਛੰਦ, ਟੱਪੇ, ਬੋਲੀਆਂ ਆਦਿ ਹਨ। ਸਾਨੂੰ ਉਹਨਾਂ ਨੂੰ ਵੀ ਨਹੀਂ ਭੁੱਲਣਾ ਚਾਹੀਦਾ। ਅਸੀਂ ਨਵੀਂ ਚਕਾ-ਚੌਂਧ ਪਿੱਛੇ ਲੱਗ ਕੇ ਆਪਣਾ ਬਹੁਤ ਕੁਝ ਭੁੱਲ ਰਹੇ ਹਾਂ।

**-ਜਿੰਦਰ**

**ਇਸ ਵਾਰ**

### ਹਿੰਦੀ ਨਾਵਲ

# ਆਖ਼ਿਰੀ ਛਾਲ/ਸ਼ਿਵਮੂਰਤੀ

### ਅਨੁਵਾਦ : ਡਾ. ਹਰਬੰਸ ਸਿੰਘ ਧੀਮਾਨ

(1)

ਭਲਵਾਨ ਨੇ ਚਰੀ ਦੀ ਪੰਡ ਟੋਕੇ ਕੋਲ ਸੁੱਟੀ ਤਾਂ ਕੋਲ ਸੁੱਤਾ ਪਿਆ ਕੁੱਤਾ ਚੌਂਕਿਆ ਤੇ ਭੌਂਕਦਿਆਂ ਭੱਜ ਗਿਆ।

ਸਿਰ ਤੋਂ ਸਾਫ਼ਾ ਲਾਹ ਕੇ ਉਹਨੇ ਮੂੰਹ ਤੋਂ ਮੁੜਕਾ ਪੂੰਝਣਾ ਸ਼ੁਰੂ ਹੀ ਕੀਤਾ ਸੀ ਕਿ ਲੱਲੀਆ ਬਲਦ ਦੇ ਹੁੰਕਾਰਣ ਤੇ ਚਿੱਤ-ਕਬਰੇ ਦੇ ਫੁੰਕਾਰਦੇ ਦੀ ਆਵਾਜ਼ ਇਕੋ ਵੇਲੇ ਆਈ।

-ਸਬਰ ਕਰੋ। ਸਬਰ। ਉਹਨੇ ਬਲਦਾਂ ਵੱਲ ਦੇਖਦੇ ਹੋਏ ਕਿਹਾ।

ਭੁੱਖੇ-ਤ੍ਰਿਹਾਏ ਹੋਣ ਤੇ ਦੋਵੇਂ ਬਲਦ ਵੱਖ-ਵੱਖ ਤਰ੍ਹਾਂ ਨਾਲ ਧਿਆਨ ਖਿੱਚਦੇ ਨੇ। ਲੱਲੀਆ ਮੂੰਹ ਚੁੱਕਦਾ ਹੋਇਆ ਗਲੇ 'ਚੋਂ ਹੂੰ-ਹੂੰ ਦੀ ਆਵਾਜ਼ ਕੱਢਦਾ ਏ ਤੇ ਚਿਤ-ਕਬਰਾ ਧੌਣ ਹੇਠਾਂ ਕਰਕੇ, ਦੋਵੇਂ ਸਿੰਙ ਅੱਗੇ ਕਰਕੇ ਨੱਕ 'ਚ ਫੂੰ-ਫੂੰ ਕਰਕੇ ਗੁੱਸਾ ਵਿਖਾਉਂਦਾ ਏ।

ਥੋੜ੍ਹੀ ਦੂਰ ਬੰਨਿਆ ਵੱਛਾ, ਗਾਂ ਤੇ ਮੱਝ ਉੱਠ ਕੇ ਖਲੋ ਗਏ। ਗਾਂ ਕਿੱਲੇ ਦੇ ਚਾਰੇ ਪਾਸੇ ਚੱਕਰ ਕੱਟਣ ਲੱਗੀ। ਚੌਂਕੇ 'ਚੋਂ ਬਾਲਟੀ ਚੁੱਕ ਕੇ ਉਹ ਖੂਹ ਵੱਲ ਜਾਣ ਲੱਗਾ ਤਾਂ ਘਰ 'ਚੋਂ ਬਾਹਰ ਆਉਂਦੀ ਘਰਵਾਲੀ ਬੋਲੀ-ਏਨੇ ਤੜਫਦੇ ਕਿਉਂ ਹੋ। ਹੁਣੇ ਧੀ ਆ ਰਹੀ ਏ। ਪਾਣੀ ਪਿਆਏਗੀ। ਤੁਸੀਂ ਲੰਮੇ ਰਸਤੇ ਤੇ ਜਾਣਾ ਏ। ਧੁੱਪ ਤੇਜ਼ ਹੋਣ ਤੋਂ ਪਹਿਲਾਂ ਨਹਾ ਕੇ ਜਲਦੀ ਜਾਓ।

ਭਲਵਾਨ ਨੇ ਜਿੱਦਾਂ ਸੁਣਿਆ ਈ ਨਾ। ਖੂਹ ਦੇ ਕੁੰਡ 'ਚੋਂ ਪਾਣੀ ਕੱਢ-ਕੱਢ ਕੇ ਸਾਰੇ ਜਾਨਵਰਾਂ ਨੂੰ ਪਿਆਇਆ। ਫਿਰ ਢਾਰੇ ਦੀ ਕਿੱਲੀ ਉੱਤੋਂ ਧੋਤੀ ਲੈ ਕੇ ਖੂਹ ਵੱਲ ਗਿਆ। ਪਹਿਲਾਂ ਉਹ ਨਹਾਉਣ ਲਈ ਤਲਾਅ 'ਤੇ ਹੀ ਜਾਂਦਾ ਸੀ। ਚਾਹੇ ਜਿੰਨੀ ਦੇਰ ਹੁੰਦੀ ਰਹਿੰਦੀ। ਬਿਨਾਂ ਨਾਗਾ। ਦੱਸ-ਪੰਜ ਮਿੰਟ ਡੂੰਘੇ ਨੀਲੇ ਪਾਣੀ 'ਚ ਤੈਰਦਾ ਤੇ ਡੂੰਘਾ ਗੋਤਾ ਲਾਏ ਬਿਨਾਂ ਉਹਦਾ ਨਹਾਉਣਾ ਪੂਰਾ ਹੀ ਨਹੀਂ ਹੁੰਦਾ ਸੀ। ਕਹਿੰਦਾ ਸੀ ਕਿ ਜਦੋਂ ਚਿਖੁਰੀ ਸ਼ਾਹ ਨੇ ਪਿੰਡ ਵਾਲਿਆਂ ਦੇ ਨਹਾਉਣ ਲਈ ਇੰਨਾ ਵੱਡਾ ਪੱਕਾ ਤਲਾਅ ਬਣਵਾ ਦਿੱਤਾ ਏ, ਆਪਣੀ ਜ਼ਿੰਦਗੀ ਭਰ ਦੀ ਕਮਾਈ ਪਿੰਡ ਵਾਲਿਆਂ ਦੇ ਨਹਾਉਣ ਲਈ ਲੁਟਾ ਦਿੱਤੀ ਏ ਤਾਂ ਉਸ 'ਚ ਨਾ ਨਹਾ ਕੇ ਖੂਹ ਜਾਂ ਟੋਬੇ 'ਚ ਨਹਾਉਣਾ ਤਲਾਅ ਤੇ ਚਿਖੁਰੀ ਸ਼ਾਹ ਦੋਵਾਂ ਦਾ ਅਪਮਾਨ ਏ। ਪਰ ਇੱਧਰ ਕੁਝ ਦਿਨਾਂ ਤੋਂ ਭਲਵਾਨ ਨੂੰ ਇਕ-ਇਕ ਕਰਕੇ ਏਨੇ 'ਸੁਪਾਰੀ ਦੇ ਦਰਖ਼ਤ' ਮੱਥੇ ਲੱਗੇ ਕਿ ਉਸਦੀ ਇਕ ਰਾਹ 'ਤੇ ਚੱਲਣ ਵਾਲੀ ਸਹਿਜ ਰੋਜ਼ਾਨਾ ਦੇ ਕਾਰ-ਵਿਹਾਰ 'ਚ ਖ਼ਲਲ ਸਾਫ਼ ਦਿੱਸਣ ਲੱਗਾ ਏ। ਕਿੰਨੇ ਦਿਨ ਹੋ ਗਏ ਤਲਾਅ 'ਚ ਨਹਾਤਿਆਂ। ਹੁਣ ਆਪਣੇ ਦਰਵਾਜ਼ੇ ਦੇ ਖੂਹ ਤੋਂ ਹੀ ਦੋ-ਚਾਰ ਗੜਵੀਆਂ ਪਾਣੀ ਸੱਜੇ-ਖੱਬੇ ਪਾ ਕੇ ਨਹਾਉਣ ਪੂਰਾ ਕਰਨ ਲੱਗ ਗਿਆ ਏ।

ਥੋੜ੍ਹੀ ਦੇਰ ਬਾਅਦ ਘਰਵਾਲੀ ਅੰਦਰੋਂ ਨਿਕਲੀ ਤਾਂ ਕੀ ਦੇਖਦੀ ਏ ਕਿ ਧੋਤੀ ਤਾਰ 'ਤੇ ਲਟਕੀ ਪਈ ਏ ਤੇ ਪੱਪੂ ਦਾ ਬਾਪੂ ਨਿੰਮ ਦੀ ਛਾਂ 'ਚ ਖਲੋਤਾ ਗੜਵੀ ਵਾਲੇ ਹੱਥ ਨੂੰ ਹਵਾ 'ਚ ਹਿਲਾ-ਹਿਲਾ ਕੇ ਇਕੱਲਾ ਹੀ ਕੁਝ ਬੋਲ ਰਿਹਾ ਏ।

ਇਹ ਲੱਛਣ ਵੀ ਪਿਛਲੇ ਸਾਲ ਭਰ ਤੋਂ ਹੀ ਉੱਭਰਿਆ ਏ। ਖੇਤੀ-ਬਾੜੀ ਦਾ ਕੰਮ ਕਰਦਾ ਹੋਇਆ, ਕਿਧਰੇ ਬੈਠਾ ਜਾਂ ਤੁਰਦਾ ਹੋਇਆ ਇਕੱਲਾ ਹੁੰਦਿਆਂ ਹੀ ਉਹ ਮਨ ਹੀ ਮਨ ਨਾ



ਜਾਣੇ ਕੀ ਬੁੜਬੁੜਾਉਣ ਲੱਗਦਾ ਏ, ਜਿੱਦਾਂ ਸਾਹਮਣੇ ਖਲੋਤੇ ਕਿਸੇ ਆਦਮੀ ਨਾਲ ਗੱਲ ਕਰ ਰਿਹਾ ਹੋਵੇ। ਬੁੱਲ੍ਹ ਹਿੱਲਦੇ ਵਿਖਾਈ ਦੇਂਦੇ ਨੇ। ਕਦੀ-ਕਦੀ ਆਵਾਜ਼ ਵੀ ਨਿਕਲਣ ਲੱਗਦੀ ਏ। ਤਦ ਕਿਸੇ ਦੇ ਟੋਕਣ ਤੇ ਚੌਂਕ ਕੇ ਚੁੱਪ ਹੋ ਜਾਂਦਾ ਏ। ਕੋਈ ਸਾਹਮਣੇ ਹੋਵੇ ਤਾਂ ਸ਼ਰਮਾ ਕੇ ਮੁਸਕਰਾਉਣ ਲੱਗਦਾ ਏ। ਘਰਵਾਲੀ ਨੂੰ ਪਤਾ ਏ ਕਿ ਪਿਛਲੇ ਕੁਝ ਅਰਸੇ ਤੋਂ ਇਹਦੇ ਮਨ 'ਤੇ ਭਾਰ ਹੌਲੀ-ਹੌਲੀ ਵੱਧਦਾ ਜਾ ਰਿਹਾ ਏ। ਸਿਆਣੀ ਧੀ ਲਈ ਦੋ ਸਾਲ ਤੋਂ ਵਰ ਲੱਭ ਰਿਹਾ ਏ ਪਰ ਕਿਧਰੇ ਕਾਮਯਾਬੀ ਨਹੀਂ ਮਿਲੀ। ਪਿਛਲੇ ਸਾਲ ਕਿਸੇ ਤਰ੍ਹਾਂ ਬੇਟੇ ਦੀ ਇੰਜੀਨੀਅਰਿੰਗ ਦੀ ਫ਼ੀਸ ਭਰ ਦਿੱਤੀ ਗਈ। ਇਸ ਸਾਲ ਕੋਈ ਰਾਹ ਨਹੀਂ ਦਿੱਸਦਾ। ਤਿੰਨ ਸਾਲਾਂ ਤੋਂ ਗੰਨੇ ਦਾ ਬਕਾਇਆ ਅਜੇ ਤੱਕ ਨਹੀਂ ਮਿਲਿਆ। ਸੁਸਾਇਟੀ ਤੋਂ ਉਧਾਰੀ ਲਈ ਖ਼ਾਦ ਦਾ ਕਰਜ਼ਾ ਨਾ ਮੋੜਣ ਕਰਕੇ ਪਿਛਲੇ ਸਾਲ ਫੜਿਆ ਗਿਆ। ਹਰ ਦੂਸਰੇ ਮਹੀਨੇ ਟਿਊਬਵੈੱਲ ਦੇ ਬਿੱਲ ਦੀ ਤਲਵਾਰ ਸਿਰ 'ਤੇ ਲਟਕ ਜਾਂਦੀ ਏ। ਧੀ ਦਾ ਵਿਆਹ ਕਿਧਰੇ ਪੱਕਾ ਵੀ ਹੋ ਜਾਏ ਤਾਂ ਇੰਤਜ਼ਾਮ ਕਿੱਦਾਂ ਹੋਵੇਗਾ? ਇਹ ਸਭ ਠੋਸ ਚਿੰਤਾ ਦੇ ਕਾਰਨ ਬਣੇ ਹੋਏ ਨੇ। ਮਨ ਰੋਜ਼-ਰੋਜ਼ ਛੋਟਾ ਹੁੰਦਾ ਜਾ ਰਿਹਾ ਏ। ਪਹਿਲਾਂ ਇਹਦੀ ਗੁਣਗੁਣਾਹਟ ਨੂੰ ਕੀਲੇ ਭਰ ਦੀ ਦੂਰੀ ਤੋਂ ਸੁਣਿਆ ਜਾ ਸਕਦਾ ਸੀ। ਹੁਣ ਹਾਸਾ ਨਿਕਲਦਾ ਵੀ ਏ ਤਾਂ ਬੇਆਵਾਜ਼।

ਇਸ ਲਈ ਹੁਣ ਆਪਣੇ ਆਦਮੀ ਦੀ ਇਸ ਆਦਤ ਦਾ ਉਹ ਮਜ਼ਾਕ ਨਹੀਂ ਉਡਾਂਦੀ। ਉਹਦੀ ਬੇਖ਼ਿਆਲੀ ਨੂੰ ਕਿਸੇ ਅਜਿਹੇ ਢੰਗ ਨਾਲ ਦੂਰ ਕਰਦੀ ਏ ਜਿਸ ਨਾਲ ਉਹਨੂੰ ਸ਼ਰਮਿੰਦਾ ਨਾ ਹੋਣਾ ਪਵੇ। ਇਸ ਸਮੇਂ ਵੀ ਉਹ ਚੁੱਪ-ਚਾਪ ਚੌਂਕੇ 'ਚ ਚਲੀ ਜਾਂਦੀ ਏ ਤੇ ਉੱਥੋਂ ਹੀ ਆਵਾਜ਼ ਦੇਂਦੀ ਏ-ਖਾਣਾ ਤਿਆਰ ਏ। ਨਹਾ ਲਵੋਂ ਤਾਂ ਰੋਟੀ ਲਾਹਵਾਂ।

ਸੁਣਕੇ ਭਲਵਾਨ ਚੇਤੰਨ ਹੋਇਆ। ਗੜਵੀ ਰੱਖ ਦਿੱਤੀ ਤੇ ਬਾਲਟੀ ਨਾਲ ਹੀ ਪਾਣੀ ਚੁੱਕ-ਚੁੱਕ ਕੇ ਸਿਰ 'ਤੇ ਪਾਣ ਲੱਗਾ-ਹਰ-ਹਰ ਗੰਗਾ ਪਾਰਬਤੀ। ਪਾਪ ਨਾ ਰਹਿ ਜਾਏ ਇਕ ਰਤੀ।

ਸੁਣ ਕੇ ਘਰਵਾਲੀ ਮੁਸਕਰਾਈ-ਪਤਾ ਨਹੀਂ ਕਿਸ ਜਨਮ 'ਚ ਕਿਹੜੇ ਪਾਪ ਕੀਤੇ ਨੇ, ਜੋ ਰੋਜ਼-ਰੋਜ਼ ਧੋਣ ਦੇ ਬਾਅਦ ਵੀ ਅਜੇ ਤੱਕ ਨਹੀਂ ਛੁਟੇ। ਜੋ ਸੱਚਮੁੱਚ ਰਾਤ ਦਿਨ ਪਾਪ 'ਚ ਲੱਗੇ ਨੇ ਉਹ ਵੀ ਕੀ ਕਦੀ ਉਹਨਾਂ ਨੂੰ ਧੋਣ ਦੀ ਸੋਚਦੇ ਹੋਣਗੇ।

ਧੋਤੀ ਬਦਲ ਕੇ ਭਲਵਾਨ ਨੇ ਉਸਦਾ ਸਿਰਾ ਮੋਢੇ 'ਤੇ ਪਾਇਆ ਤੇ ਨਿੰਮ ਦੇ ਹੇਠਾਂ ਪਈ ਸ਼ੰਕਰ ਭਗਵਾਨ ਨੂੰ ਜਲ ਚੜ੍ਹਾਇਆ। ਗਿੱਲੀ ਮਿੱਟੀ ਨਾਲ ਮੱਥੇ 'ਤੇ ਤਿਲਕ ਲਾਇਆ ਤੇ ਬਚਪਨ 'ਚ ਯਾਦ ਹਨੂਮਾਨ ਚਾਲੀਸਾ ਦੇ ਅੰਸ਼ਾਂ ਨੂੰ ਗੁਣਗੁਣਾਉਂਦਾ ਹੋਇਆ ਵਿਹੜੇ 'ਚ ਆ ਗਿਆ। ਇੱਧਰ ਉਹਦੇ 'ਚ ਇਹ ਨਵਾਂ ਪਰਿਵਰਤਨ ਹੋਇਆ-ਸ਼ੰਕਰ ਜੀ ਨੂੰ ਜਲ ਚੜ੍ਹਾਉਣ ਦਾ। ਕਰਜ਼ੇ ਦੇ ਬਕਾਏ 'ਚ ਫੜੇ ਜਾਣ ਦੇ ਬਾਅਦ ਇਕ ਦਿਨ ਕਿਧਰਿਓਂ ਤਿੰਨ-ਚਾਰ ਕਾਲੇ ਸਿਆਹ ਚਿਕਣੇ-ਚੁਪੜੇ ਪੱਥਰ ਲਿਆਇਆ। ਨਿੰਮ ਦੀ ਜੜ ਦੇ ਕੋਲ ਅੱਠ-ਦੱਸ ਇੱਟਾਂ ਨੂੰ ਜੋੜਕੇ ਛੋਟਾ ਜਿਹਾ ਚਬੂਤਰਾ ਬਣਾਇਆ ਤੇ ਇਹਨਾਂ ਪੱਥਰਾਂ ਨੂੰ ਇਸ 'ਤੇ ਰੱਖ ਦਿੱਤਾ। ਗਾਂ ਦੇ ਕੱਚੇ ਦੁੱਧ ਨਾਲ ਧੋਂਦਿਆਂ ਹੀ ਇਹ ਪੱਥਰ ਸ਼ੰਕਰ ਭਗਵਾਨ ਨੂੰ ਜਲ ਚੜ੍ਹਾਉਣ ਨਾਲ ਮਨ ਨੂੰ ਸ਼ਾਂਤੀ ਮਿਲਦੀ ਏ। ਪਹਿਲਾਂ ਉਹਨੂੰ ਸਵੇਰੇ ਖਾਣ ਲਈ ਕੁਝ ਨਾ ਕੁਝ ਮਿਲਣਾ ਜ਼ਰੂਰੀ ਹੁੰਦਾ ਸੀ। ਚਾਹੇ ਬਾਸੀ ਹੀ। ਪਰ ਹੁਣ ਤਾਂ ਦਸ-ਗਿਆਰਾਂ ਵਜੇ ਤੱਕ, ਕਦੀ-ਕਦੀ ਤਾਂ ਬਾਰਾਂ-ਇਕ ਤੱਕ ਵੀ ਮੂੰਹ 'ਚ ਕੁਝ ਨਹੀਂ ਜਾਂਦਾ ਤੇ ਉਹਨੂੰ ਭੁੱਖ ਮਹਿਸੂਸ ਨਹੀਂ ਹੁੰਦੀ। ਤਿੰਨ ਸਾਲ ਪਹਿਲਾਂ ਤੱਕ ਜਦੋਂ ਤੱਕ ਵੱਡੀ ਧੀ ਨਹੀਂ ਵਿਆਹੀ ਸੀ, ਉਹਨੂੰ ਲੱਗਦਾ ਹੀ ਨਹੀਂ ਸੀ ਕਿ ਉਹ ਪੰਤਾਲੀ ਪਾਰ ਕਰ ਰਿਹਾ ਏ, ਕਿ ਉਹਦੇ ਸਰੀਰ ਜਾਂ ਮਨ 'ਚ ਪੱਚੀ-ਤੀਹ ਦੀ ਉਮਰ ਵਾਲੀ ਤਾਕਤ ਨਹੀਂ ਰਹਿ ਗਈ ਏ। ਪਰ ਇੱਧਰ ਦੇਖਦੇ-ਦੇਖਦੇ ਬਹੁਤ ਅੰਤਰ ਆ

ਗਿਆ ਏ। ਪਤਾ ਨਹੀਂ ਕਦੋਂ ਤੋਂ ਉਹਨੇ ਆਪਣੀਆਂ ਲੰਮੀਆਂ ਮੁੱਛਾਂ ਨੂੰ ਛੋਟੀਆਂ ਕਰਾਉਣਾ ਸ਼ੁਰੂ ਕਰ ਦਿੱਤਾ। ਜਿਹਨਾਂ ਲੋਕਾਂ ਨੇ ਉਹਨੂੰ ਨਾਗ-ਪੰਚਮੀ ਦੇ ਦਿਨ ਲੰਮੀ ਛਾਲ ਲਾਉਂਦੇ ਵੇਖਿਆ ਏ, ਉਹ ਉਹਦੇ 'ਚ ਆਈ ਇਸ ਤਬਦੀਲੀ ਨੂੰ ਦੇਖ ਕੇ ਆਸਮਾਨ ਵੱਲ ਦੇਖਣ ਲੱਗਦੇ ਨੇ।

ਘਰਵਾਲੀ ਨੇ ਵਿਹੜੇ 'ਚ ਛਾਂ ਵਾਲੇ ਪਾਸੇ ਪੀੜ੍ਹੀ ਰੱਖ ਦਿੱਤੀ ਸੀ। ਉਹ ਆ ਕੇ ਬੈਠ ਗਿਆ। ਘਰਵਾਲੀ ਨੇ ਰਸੋਈ 'ਚੋਂ ਪਰੋਸੀ ਹੋਈ ਥਾਲੀ ਲਿਆਕੇ ਉਹਦੇ ਸਾਹਮਣੇ ਰੱਖੀ। ਸਬਜ਼ੀ ਦੇ ਸਫ਼ੈਦ ਗੋਲੇ 'ਤੇ ਰੱਖੀ ਤਾਜ਼ਾ ਸੇਕੀ ਫੁੱਲੀ ਹੋਈ ਰੋਟੀ ਦੇਖਕੇ ਚੰਗਾ ਲੱਗਿਆ। ਰੋਟੀ ਦੀ ਗਰਾਹੀ ਤੋੜਦੇ ਹੋਏ ਭਾਫ਼ ਦੀ ਗਰਮੀ ਹੱਥਾਂ 'ਚ ਲੱਗੀ ਤੇ ਪੱਕੀ ਰੋਟੀ ਦੀ ਸੁਗੰਧ ਮਨ ਮੋਹ ਗਈ। ਗੜਵੀ ਦਾ ਪਾਣੀ ਹਥੇਲੀ 'ਤੇ ਲੈ ਕੇ ਉਹਨੇ ਥਾਲੀ ਦੇ ਚਾਰੇ ਪਾਸੇ ਤਰੌਂਕਿਆ ਤੇ ਵੱਡੀ ਉਂਗਲ ਦੇ ਨਹੁੰ ਨਾਲ ਗੜਵੀ ਨੂੰ ਦੋ ਵਾਰ ਵਜਾਇਆ-ਟਨ-ਟਨ।

ਘਰਵਾਲੀ ਇਕ ਹਰੀ ਮਿਰਚ ਤੇ ਤਾਜ਼ਾ ਧੋਤੀ ਹੋਈ ਲੰਮੀ ਮੂਲੀ ਥਾਲੀ 'ਚ ਰੱਖ ਗਈ। ਉਹ ਚੁੱਪਚਾਪ ਖਾਣ ਲੱਗਾ।

ਇੱਧਰ ਕੁਝ ਦਿਨਾਂ ਤੋਂ ਰੋਟੀ ਖਾਂਦੇ ਸਮੇਂ ਉਹਨੇ ਬੋਲਣਾ ਬੰਦ ਕਰ ਦਿੱਤਾ ਏ। ਪੁੱਛਣ 'ਤੇ ਜ਼ਰੂਰਤ ਅਨੁਸਾਰ ਹੀ 'ਹਾਂ' ਜਾਂ 'ਨਾ' 'ਚ ਸਿਰ ਹਿਲਾ ਦੇਂਦਾ ਏ।

ਅਗਲੀ ਰੋਟੀ ਦੇ ਨਾਲ ਘਰਵਾਲੀ ਇਕ ਗਲਾਸ ਮੱਠਾ ਵੀ ਦੇ ਗਈ। ਫਿਰ ਇਕ-ਇਕ ਰੋਟੀ ਸੇਕ ਕੇ ਰੱਖਦੀ ਰਹੀ। ਸਿਰ ਝੁਕਾ ਕੇ ਖਾਂਦੇ ਪਤੀ ਨੂੰ ਦੇਖ ਕੇ ਉਹਨੂੰ ਆਪਣੇ ਸੁਵਰਗਵਾਸੀ ਸਹੁਰੇ ਦੀ ਯਾਦ ਆ ਗਈ। ਹੌਲੀ-ਹੌਲੀ ਉਹ ਵੀ ਸਹੁਰੇ ਦੇ ਰੰਗ-ਢੰਗ ਅਪਨਾਉਂਦਾ ਜਾ ਰਿਹਾ ਏ। ਹੁਣੇ ਹੀ ਚਾਰ-ਪੰਜ ਸਾਲ ਪਹਿਲਾਂ ਤੱਕ ਘਰ 'ਚ ਕੋਈ ਹੋਰ ਨਾ ਹੋਵੇ ਤਾਂ ਉਹ ਖਾਣੇ ਦੀ ਥਾਲੀ ਹੱਥ 'ਚ ਲੈ ਕੇ ਚੁੱਲੇ ਤੱਕ ਤੁਰ ਆਉਂਦਾ ਸੀ। ਉਹਦੀ ਦੇਹ ਨਾਲ ਦੇਹ ਸੁੰਘੜਕੇ ਉਸੇ ਤਰ੍ਹਾਂ ਬੈਠਦਾ ਸੀ ਤੇ ਆਪਣੇ ਹੱਥਾਂ ਨਾਲ ਇਕ ਅੱਧ ਗਰਾਹੀ ਉਹਨੂੰ ਖਵਾਉਣ ਦੀ ਕੋਸ਼ਿਸ਼ ਕਰਦਾ ਸੀ। ਹੁਣ ਹੌਲੀ-ਹੌਲੀ ਪੁਰਖਾ ਬਣਦਾ ਜਾ ਰਿਹਾ ਏ। ਬੋਲ ਤਾਂ ਲੱਗਦਾ ਏ ਕਿ ਕਿੰਨੀ ਦੂਰ ਤੋਂ ਬੋਲ ਰਿਹਾ ਏ। ਉਹਨੂੰ ਵੀ ਪਤਾ ਏ ਕਿ ਘਰ-ਗ੍ਰਿਹਸਥੀ ਦਾ ਵੱਧਦਾ ਭਾਰ ਉਹਨੂੰ ਘੁਣ ਵਾਂਗੂੰ ਅੰਦਰੋ-ਅੰਦਰੀ ਖੋਖਲਾ ਕਰ ਰਿਹਾ ਏ। ਪਰ ਮਨ ਮਾਰਨ ਨਾਲ ਕੀ ਹੋਵੇਗਾ ?

ਉਹ ਇਕ ਹੱਥ 'ਚ ਗੜਵੀ ਤੇ ਦੂਸਰੇ 'ਚ ਕੁੱਤੇ ਲਈ 'ਰੋਟੀ ਦੇ ਟੁਕੜੇ' ਲੈ ਕੇ ਬਾਹਰ ਨਿਕਲਿਆ। ਕੁੱਤੇ ਨੂੰ ਬੁਲਾ ਕੇ ਰੋਟੀ ਦਾ ਟੁਕੜਾ ਵਿਖਾਇਆ ਤੇ ਚੂਲੀ ਕਰਨ ਲੱਗਾ। ਮਾਂਜੇ 'ਚੋਂ ਤੀਲਾ ਕੱਢ ਕੇ ਦੰਦਾਂ 'ਚ ਮਾਰਦੇ ਹੋਏ ਥੋੜ੍ਹੀ ਦੂਰ ਧੀ ਨੂੰ ਟੋਕਾ ਮਸ਼ੀਨ ਚਲਾਉਂਦੇ ਹੋਏ ਦੇਖ, ਝੁਕ ਕੇ ਚਰੀ ਦਾ 'ਥੱਬਾ' ਚੁੱਕਦੀ ਤੇ ਟੋਕੇ ਦੇ ਦੰਦਿਆਂ 'ਚ ਫਸਾਂਦੀ ਧੀ, ਉਹਨੂੰ ਪਹਿਲਾਂ ਨਾਲੋਂ ਜ਼ਿਆਦਾ ਰਿਸ਼ਟ-ਪੁਸ਼ਟ ਲੱਗੀ। ਉਹ ਖੰਘਦਾ ਹੋਇਆ ਢਾਰੇ 'ਚ ਵਿੱਛੀ ਆਪਣੀ ਮੰਜੀ 'ਤੇ ਆ ਕੇ ਬੈਠ ਗਿਆ। ਘਰਵਾਲੀ ਚਿਲਮ ਭਰ ਕੇ ਲੈ ਆਈ ਤੇ ਪੁਆਂਦੀ ਬੈਠ ਕੇ ਉਹਦੇ ਪੈਰ ਘੁੱਟਣ ਲੱਗੀ। ਉਹ ਲੇਟ ਕੇ ਹੁੱਕਾ ਗੁੜਗੁੜਾਉਣ ਲੱਗਾ। ਨਿਯਮ ਅਨੁਸਾਰ ਚਲਦਾ ਟੋਕਾ ਮਸ਼ੀਨ ਦੀ ਖਚਰ-ਪਚਰ ਉਹਦੀਆਂ ਅੱਖਾਂ 'ਚ ਨੀਂਦ ਲਿਆਉਣ ਲੱਗੀ। ਘਰਵਾਲੀ ਨੇ ਹੁੱਕਾ ਚੁੱਕ ਕੇ ਕੰਧ ਦੇ ਸਹਾਰੇ ਟਿਕਾ ਦਿੱਤਾ। ਘਰਾੜੇ ਸੁਣਕੇ ਉਹ ਸੰਤੁਸ਼ਟ ਦਿੱਸੀ। ਉਹਨੇ ਲੋਕਾਂ ਨੂੰ ਕਹਿੰਦੇ ਸੁਣਿਆ ਏ ਕਿ ਆਦਮੀ ਬਹੁਤ ਚਿੰਤਾ ਜਾਂ ਦੁੱਖ 'ਚ ਹੁੰਦਾ ਏ ਤਾਂ ਨੀਂਦ ਉੱਡ ਜਾਂਦੀ ਏ। ਘੱਟ-ਤੋਂ-ਘੱਟ ਭਲਵਾਨ ਦੇ ਨਾਲ ਅਜੇ ਇਹ ਸਥਿਤੀ ਨਹੀਂ ਆਈ ਏ। ਪਤੀ ਲਈ ਭਲਵਾਨ ਸੰਬੋਧਨ ਯਾਦ ਕਰਕੇ ਹੁਣ ਉਹਨੂੰ ਥੋੜ੍ਹਾ ਜਿਹਾ ਅਜੀਬ ਲੱਗਦਾ ਏ। ਕਿੱਥੇ ਉਹ ਭਲਵਾਨ ਤੇ ਕਿੱਥੇ ਅੱਜ ਦਾ 'ਏ'। ਦਿਨੋ-ਦਿਨ ਸੁੰਘੜਦਾ ਸਿੰਮਟਦਾ ਜਾਣ ਵਾਲਾ। ਭਲਵਾਨ ਕਿ ਭਲਵਾਨ ਦਾ ਪ੍ਰਛਾਵਾਂ ?



ਅਚਾਨਕ ਘਰਾੜੇ ਬੰਦ ਹੋ ਗਏ। ਉਹਨੂੰ ਜਾਗਦਾ ਹੋਇਆ ਸਮਝ ਕੇ ਘਰਵਾਲੀ ਹੌਲੀ ਜਿਹੀ ਬੋਲੀ-ਉੱਠ, ਨਹੀਂ ਤਾਂ ਦੇਰ ਹੋ ਜਾਏਗੀ।

ਭਲਵਾਨ ਦੀ ਅੱਖ ਖੁੱਲ੍ਹ ਗਈ।

ਘਰਵਾਲੀ ਉੱਠ ਕੇ ਅੰਦਰ ਗਈ ਤੇ ਇਕ ਹੱਥ 'ਚ ਉਸਦਾ ਕੁਰਤਾ, ਜਾਕਿਟ ਤੇ ਦੂਸਰੇ 'ਚ ਧੌੜੀ ਦੀ ਜੁੱਤੀ ਲੈ ਕੇ ਮੁੜੀ। ਕੁਰਤਾ ਜਾਕਿਟ ਕਿੱਲੀ 'ਤੇ ਟੰਗ ਕੇ ਉਹ ਪੁਰਾਣੇ ਕੱਪੜੇ ਨਾਲ ਜੁੱਤੀ 'ਤੇ ਪਈ ਧੂੜ ਸਾਫ਼ ਕਰਨ ਲੱਗੀ।

ਧੀ ਲਈ ਵਰ ਦੀ ਤਲਾਸ਼ 'ਚ ਨਿਕਲਣ ਦਾ ਉਹਦਾ ਅੱਜ ਦਾ ਪ੍ਰੋਗਰਾਮ ਕਈ ਦਿਨ ਪਹਿਲਾਂ ਹੀ ਬਣ ਗਿਆ ਸੀ ਪਰ 'ਚ ਹੀ ਖੇਲਾਵਨ ਸੈਕਟਰੀ ਨੇ ਅੱਜ ਹੀ ਦੇ ਦਿਨ ਜ਼ਿਲ੍ਹਾ ਅਧਿਕਾਰੀ ਦਫ਼ਤਰ 'ਤੇ ਧਰਨਾ ਦੇਣ ਪ੍ਰੋਗਰਾਮ ਬਣਾ ਲਿਆ।

ਦਰਅਸਲ ਪਿਛਲੀ ਸਾਉਣੀ ਦੀ ਸ਼ੁਰੂਆਤ 'ਚ ਤਾਂ ਬਹੁਤ ਚੰਗਾ ਮੀਂਹ ਪਿਆ ਸੀ। ਲੱਗਦਾ ਸੀ, ਇਸ ਸਾਲ ਕਿਧਰੇ ਵੀ ਝੋਨਾ ਰੱਖਣ ਦੀ ਥਾਂ ਨਹੀਂ ਬਚੇਗੀ, ਲੇਕਿਨ ਬਦਲੇ ਮੌਸਮ ਨੇ ਧੋਖਾ ਦਿੱਤਾ। ਤੇਜ਼ ਪੂਰਬ ਦੀ ਹਵਾ ਚੱਲਣ ਲੱਗੀ। ਨੀਲੇ ਅਸਮਾਨ 'ਚ ਚਿੱਟੇ ਬਗਲਿਆਂ ਵਾਂਗੂੰ ਬੱਦਲਾਂ ਦੇ ਟੁਕੜੇ ਦਿੱਸਣ ਲੱਗ ਪਏ ਤੇ ਗ਼ਾਇਬ ਹੋ ਜਾਂਦੇ। ਬਹੁਤ ਜ਼ਿਆਦਾ ਸੋਕੇ ਦੇ ਸਾਰੇ ਲੱਛਣ ਪ੍ਰਗਟ ਹੋ ਗਏ। ਰਾਜਧਾਨੀ ਤੱਕ ਸ਼ੋਰ ਪੈ ਗਿਆ। ਇਕ ਚੌਥਾਈ ਫ਼ਸਲ ਸੁੱਕ ਗਈ ਤਾਂ ਲਗਭਗ ਦਸ ਦਿਨ ਬਾਅਦ ਨਹਿਰ 'ਚ ਪਾਣੀ ਆਇਆ। ਤੇ ਆਇਆ ਵੀ ਤਾਂ ਇੰਨੀ ਤੇਜ਼ੀ ਨਾਲ ਕਿ ਪੱਟੜੀ ਰੁੜ੍ਹ ਗਈ। ਇਸ ਪਿੰਡ ਤੇ ਸਾਹਮਣੇ ਵਾਲੇ ਪਿੰਡ ਦੀ ਝੋਨੇ ਦੀ ਫ਼ਸਲ ਰਾਤ 'ਚ ਡੁੱਬ ਗਈ।

ਹੋਇਆ ਇਹ ਕਿ ਪਿਛਲੀਆਂ ਗਰਮੀਆਂ 'ਚ ਨਾ ਤਾਂ ਨਹਿਰ 'ਚ ਹੇਠਾਂ ਜੰਮਣ ਵਾਲੀ ਸਿਲਟ (ਰੇਤ) ਕੱਢੀ ਗਈ ਸੀ, ਨਾ ਹੀ ਨਹਿਰ ਦੀ ਪੱਟੜੀ ਦੀ ਮੁਰੰਮਤ ਕੀਤੀ ਗਈ ਸੀ। ਫ਼ਰਜ਼ੀ ਬਿੱਲ ਬਣਾ ਕੇ ਪੇਮੈਂਟ ਲੈ ਗਿਆ ਠੇਕੇਦਾਰ। ਜਦੋਂ ਪੱਟੜੀ ਟੁੱਟ ਗਈ ਤਾਂ ਆਪਣੀ ਧੌਣ ਬਚਾਉਣ ਲਈ ਨਹਿਰ ਡਿਪਾਰਟਮੈਂਟ ਨੇ ਦੋਹਾਂ ਪਿੰਡਾਂ ਦੇ ਵਿਰੁੱਧ ਨਹਿਰ ਟੁੱਟਣ ਦੀ ਰਿਪੋਰਟ ਲਿਖਵਾ ਦਿੱਤੀ। ਕਈ ਸਾਲ ਪਹਿਲਾਂ, ਸੰਨ '68 'ਚ ਸੋਕੇ ਦੇ ਸਮੇਂ ਫ਼ਸਲ ਬਚਾਉਣ ਲਈ ਪਿੰਡ ਵਾਲਿਆਂ ਨੇ ਸੱਚਮੁੱਚ ਨਹਿਰ ਦੀ ਪੱਟੜੀ ਵੱਢ ਦਿੱਤੀ ਸੀ। ਵੱਢ ਕੀ ਦਿੱਤੀ ਸੀ, ਨਵੀਂ ਪਾਈਪ ਪਾਉਣ ਲਈ ਪੱਟੜੀ 'ਚ ਪਾੜ ਪਾਣ ਲੱਗੇ ਤਾਂ ਪਾਣੀ ਦਾ ਵਹਿਣ ਇੰਨਾ ਤੇਜ਼ ਸੀ ਕਿ ਸੰਭਾਲਿਆ ਹੀ ਨਾ ਜਾ ਸਕਿਆ। ਪੱਟੜੀ ਖੁਰਦੀ ਗਈ। ਉਸ ਸਮੇਂ ਜੋ ਮੁਕੱਦਮਾ ਪਿੰਡ ਵਾਲਿਆਂ ਦੇ ਵਿਰੁੱਧ ਲਿਖਵਾਇਆ ਗਿਆ, ਉਹ ਵੀਹ-ਬਾਈ ਸਾਲ ਤੱਕ ਚਲਦਾ ਰਿਹਾ। ਤਾਰੀਖ਼ ਤੇ ਤਾਰੀਖ਼। ਫਿਰ ਸਾਰੇ ਪਿੰਡ 'ਤੇ ਸਮੂਹਿਕ ਜ਼ੁਰਮਾਨਾ ਲੱਗਾ। ਉਸ ਸਮੇਂ ਤਾਂ ਪਿੰਡ ਵਾਲਿਆਂ ਦੀ ਕੁਝ ਗ਼ਲਤੀ ਵੀ ਸੀ। ਨਹਿਰ ਚੜ੍ਹੀ ਹੋਣ ਦੇ ਸਮੇਂ ਪਾਈਪ ਪਾਉਣ ਦਾ ਕੰਮ ਨਹੀਂ ਸੀ ਕਰਨਾ ਚਾਹੀਦਾ। ਪਰ ਇਸ ਵਾਰ ਤਾਂ ਬਿਨਾਂ ਵੱਢੀ ਦੇ ਹੀ ਸਾਰੇ ਲੋਕ ਨੱਥ ਦਿੱਤੇ ਗਏ ਸਨ।

ਇਸ ਲਈ ਇਹ ਤਹਿ ਹੋਇਆ ਕਿ ਇਸ ਜ਼ਿਆਦਤੀ ਦੇ ਖ਼ਿਲਾਫ਼ ਧਰਨਾ ਪ੍ਰਦਰਸ਼ਨ ਕਰਕੇ ਮੰਗ ਪੱਤਰ ਦਿੱਤਾ ਜਾਏ। ਮੰਗ ਕੀਤੀ ਜਾਏ ਕਿ ਜਲਦੀ ਤੋਂ ਜਲਦੀ ਨਹਿਰ 'ਚ ਮੌਜੂਦ ਸਿਲਟ ਤੇ ਪੱਟੜੀ ਦੀ ਹਾਲਤ ਦੀ ਟੈਕਨੀਕਲ ਜਾਂਚ ਕਰਾਈ ਜਾਏ ਤਾਕਿ ਬਿਨਾਂ ਸਫ਼ਾਈ ਮੁਰੰਮਤ ਕਰਾਏ ਫ਼ਰਜ਼ੀ ਭੁਗਤਾਨ ਲੈਣ ਤੇ ਫ਼ਰਜ਼ੀ ਮੁਕੱਦਮਾ ਦਰਜ ਕਰਾਉਣ ਦਾ ਦੋਸ਼ ਸਿੱਧ ਹੋ ਸਕੇ। ਨਹੀਂ ਤਾਂ ਫਿਰ ਵੀਹ-ਬਾਈ ਸਾਲ ਤੱਕ ਸਾਰੇ ਪਿੰਡ ਨੂੰ ਬਿਨਾਂ ਕਸੂਰ ਫ਼ਰਜ਼ੀ ਮੁਕਦਮਾ ਝੱਲਣਾ ਪਵੇਗਾ।

ਫ਼ੈਸਲਾ ਹੋਇਆ ਕਿ ਸਵੇਰੇ ਦਸ ਵਜੇ ਦੋਵੇਂ ਪਿੰਡਾਂ ਦੇ ਲੋਕ ਇਕੱਠੇ ਹੋਣਗੇ। ਇੱਥੋਂ ਚਾਰ ਟ੍ਰੈਕਟਰਾਂ 'ਚ ਬੈਠ ਕੇ ਚੱਲਣਗੇ। ਲੇਕਿਨ ਬਾਰਾਂ ਵਜੇ ਤੱਕ ਸਿਰਫ਼ ਪੱਚੀ-ਤੀਹ ਆਦਮੀ ਇਕੱਠੇ ਹੋਏ।

–ਪੱਚੀ–ਤੀਹ ਲੋਕਾਂ ਨਾਲ ਕੀ ਜਲੂਸ ਬਣੇਗਾ, ਚਾਚਾ ? ਖਿਝ ਕੇ ਖੇਲਾਵਨ ਨੇ ਸਭ ਤੋਂ ਬਜ਼ੁਰਗ ਲੱਲੂ ਸਿੰਘ ਤੋਂ ਪੁੱਛਿਆ। ਤਿੰਨ–ਤਿੰਨ ਵਾਰ ਆਦਮੀ ਘਰੋਂ ਬੁਲਾਉਣ ਗਿਆ ਤਾਂ ਇਹ ਹਾਲ ਹੈ।

ਲੱਲੂ ਸਿੰਘ ਸਭ ਤੋਂ ਪਹਿਲਾਂ ਆਉਣ ਵਾਲਿਆਂ 'ਚੋਂ ਸੀ। ਗੁੱਸੇ 'ਚ ਬੋਲ ਲਿਆ–ਸਭ ਸਾਲੇ ਜ਼ਨਾਨਾ ਪੈਦਾ ਹੋਏ ਨੇ। ਸਿਪਾਹੀ ਚੌਕੀਦਾਰ ਤੋਂ ਡਰ ਜਾਂਦੇ ਨੇ।

–ਜਦੋਂਕਿ ਇਸੇ ਪਿੰਡ 'ਚ ਜੱਜ, ਅਫ਼ਸਰ, ਦਰੋਗਾ, ਵਕੀਲ ਮਿਲਾਕੇ ਦਰਜਨਾਂ ਨੇ। ਭਲਵਾਨ ਬੋਲਿਆ।

–ਇਹ ਵੀ ਇਕ ਕਾਰਨ ਏ। ਜੱਜ ਸਾਹਬ ਦੇ ਪਿਤਾ ਜੀ ਜਾਂ ਦਰੋਗਾ ਜੀ ਦੇ ਭਰਾ ਜਾਣਦੇ ਨੇ ਕਿ ਇਕ ਫ਼ੋਨ ਆਉਣ ਦੀ ਦੇਰ ਏ। ਐੱਫ਼.ਆਈ.ਆਰ. 'ਚੋਂ ਉਹਨਾਂ ਦਾ ਨਾਂ ਕੱਢ ਦਿੱਤਾ ਜਾਵੇਗਾ। ਫੇਰ ਕੀ ਜ਼ਰੂਰਤ ਏ ਇੰਨੀ ਦੂਰ ਗੋਡੇ–ਗਿੱਟੇ ਤੁੜਾਉਣ ਦੀ ?

ਖੇਲਾਵਨ ਨੇ ਅਸਹਿਮਤੀ 'ਚ ਸਿਰ ਹਿਲਾਇਆ–ਇਹ ਦੋ–ਚਾਰ ਲੋਕਾਂ ਦਾ ਕਾਰਨ ਹੋ ਸਕਦਾ ਏ ਚਾਚਾ। ਜ਼ਿਆਦਾਤਰ ਠਾਕੁਰ ਬ੍ਰਾਹਮਣ ਇਸ ਲਈ ਨਹੀਂ ਆਏ ਕਿਉਂਕਿ ਇਸ ਪ੍ਰਦਰਸ਼ਨ ਦਾ ਪ੍ਰੋਗਰਾਮ ਖੇਲਾਵਨ ਜਿਹੇ ਪੱਛੜੀ ਜਾਤੀ ਦੇ ਆਦਮੀ ਨੇ ਬਣਾਇਆ ਏ।

–ਓਏ, ਮੈਂ ਨਹੀਂ ਆਇਆ ਤੁਹਾਡੀ ਅਗਵਾਈ 'ਚ ਚੱਲਣ ਲਈ ? ਲੱਲੂ ਸਿੰਘ ਨੇ ਦੱਸਿਆ।

–ਤੁਹਾਡੀ ਗੱਲ ਹੋਰ ਏ ਚਾਚਾ। ਚਾਰ ਲੋਕਾਂ ਨੇ ਆਪਣਾ ਟ੍ਰੈਕਟਰ ਲਿਆਉਣ ਦੀ ਹਾਮੀ ਭਰੀ ਸੀ। ਦੋ ਆਏ। ਕੀ ਇਸਦੇ ਪਿੱਛੇ ਕੋਈ ਰਾਜਨੀਤੀ ਨਹੀਂ ਏ ਕਿ ਠਾਕੁਰਾਂ ਦੇ ਦੋਵੇਂ ਟ੍ਰੈਕਟਰ ਨਹੀਂ ਆਏ ਤੇ ਕੁਰਮੀ ਤੇ ਪ੍ਰਜਾਪਤੀ ਦੇ ਆਏ। ਹੀਰਾ ਸਿੰਘ ਦੇ ਪੁੱਤਰ ਲੱਲਨ ਨੇ ਤਾਂ ਡੀਜ਼ਲ ਭਰਾਉਣ ਦੇ ਨਾਂ ਤੇ ਕੱਲ੍ਹ ਹੀ ਦੋ ਸੌ ਰੁਪਏ ਐਡਵਾਂਸ ਲਏ ਸਨ। ਤੇ ਅੱਜ ਕਿਸੇ ਨੂੰ ਕਹਿ ਰਿਹਾ ਸੀ ਕਿ ਟ੍ਰੈਕਟਰ ਸੀਜ਼ ਹੋ ਗਿਆ ਤਾਂ ਰੀਲੀਜ਼ ਕਰਾਉਣ ਲਈ ਦੋ ਹਜ਼ਾਰ ਰੁਪਏ ਖ਼ਰਚ ਕਰਨ ਤੇ ਵੀ ਦਸ ਲੱਗ ਜਾਣਗੇ। ਇਸਦਾ ਹਰਜ਼ਾ–ਖ਼ਰਚਾ ਕੌਣ ਦੇਵੇਗਾ ? ਭਲਾ ਦੱਸੋ, ਇਹ ਗੱਲ ਸੋਚਣੀ ਸੀ ਤਾਂ ਐਡਵਾਂਸ ਲੈਣ ਤੋਂ ਪਹਿਲਾਂ ਸੋਚਦੇ। ਅਸੀਂ ਦੂਸਰਾ ਇਤਜ਼ਾਮ ਕਰਦੇ।

ਇਸ ਤਰ੍ਹਾਂ ਦੀ ਸੋਚ ਹੋਵੇ ਤਾਂ ਉਸਨੂੰ ਉਧੇੜਨ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ ਖੇਲਾਵਨ। ਭੰਵਰ ਪੰਡਿਤ ਨੇ ਸਮਝਾਇਆ–ਤੁਸੀਂ ਤਾਂ ਇਕ ਜ਼ਰੂਰੀ ਕੰਮ ਦੀ ਸ਼ੁਰੂਆਤ ਕੀਤੀ ਏ। ਫਿਰ ਤੋਂ ਸਾਰਿਆਂ ਨੂੰ 'ਕੱਠਾ ਕੀਤਾ ਜਾਏਗਾ।

–ਮੰਗ ਪੱਤਰ ਲਿਖਣ ਦਾ ਕੰਮ ਸ਼ੀਤਲਾ ਮਾਸਟਰ ਨੂੰ ਸੌਂਪਿਆ ਗਿਆ ਸੀ। ਪਤਾ ਲੱਗਾ ਕਿ ਉਸਦੀ ਡਿਊਟੀ ਮਤਗਣਨਾ ਸੂਚੀ ਬਣਾਉਣ 'ਚ ਲੱਗ ਗਈ। ਲੱਗ ਗਈ ਤਾਂ ਲੱਗ ਗਈ, ਲੇਕਿਨ ਮੰਗ ਪੱਤਰ ਦਾ ਮਸੌਦਾ ਤਾਂ ਦੇ ਕੇ ਜਾਣਾ ਚਾਹੀਦਾ ਸੀ।

ਭਲਵਾਨ ਨੂੰ ਲੱਗਦਾ ਏ ਕਿ ਇੰਨੀ ਪੜ੍ਹਾਈ–ਲਿਖਾਈ ਕਰਨ ਤੇ ਦੇਸ਼–ਦੁਨੀਆਂ 'ਚ ਘੁੰਮਣ ਦੇ ਬਾਅਦ ਵੀ ਪਿੰਡ ਦਾ ਆਦਮੀ ਸਮੂਹਿਕ ਹਿੱਤ ਦੇ ਕੰਮ ਲਈ ਇਕਮੱਤ ਹੋਣ ਦੇ ਇਕ ਮੁੱਦੇ 'ਤੇ ਵੀ ਜਾਤ–ਪਾਤ ਦੀ ਭਾਵਨਾ ਤੋਂ ਉਭਰ ਨਹੀਂ ਸਕਦਾ। ਇਸ ਤਰ੍ਹਾਂ ਦੀ ਗੱਲ ਉਹਨਾਂ ਨੇ ਇਕ ਵਾਰ ਪੜ੍ਹੀ ਸੀ ਕਿ ਜਿਨ੍ਹਾਂ ਨੀਤੀਆਂ ਤੇ ਸਾਜ਼ਿਸ਼ਾਂ ਦੇ ਹੁੰਦਿਆਂ ਕਿਸਾਨਾਂ ਦਾ ਜੀਣਾ ਦੁੱਭਰ ਹੋ ਰਿਹਾ ਏ ਉਹਨਾਂ ਨਾਲ ਲੜਣਾ ਤਾਂ ਦੂਰ, ਕਿਸਾਨ ਨੂੰ ਉਹਨਾਂ ਦੀ ਪਛਾਣ ਹੀ ਨਹੀਂ ਏ। ਸਾਡੀ ਸਰਕਾਰ ਦੀਆਂ ਨੀਤੀਆਂ ਤਾਂ ਹਵਾਈ ਏ ਹੀ, ਉਹ ਬਾਹਰ ਦੀਆਂ ਕੰਪਨੀਆਂ ਨਾਲ ਵੀ ਅਜਿਹੇ ਐਗਰੀਮੈਂਟ ਕਰ ਰਹੀਆਂ ਨੇ ਕਿ ਸੌ ਸਾਲ ਪਹਿਲਾਂ ਬੰਧੂਆ ਮਜ਼ਦੂਰਾਂ ਦੇ ਨਾਲ ਹੋਏ ਐਗਰੀਮੈਂਟ ਤੋਂ ਵੀ ਜ਼ਿਆਦਾ ਖ਼ਤਰਨਾਕ ਹਨ ਤੇ ਪਿੰਡ ਦੇ ਲੋਕ ਪਿੰਜਰਿਆਂ 'ਚ ਬੰਦ ਉਹਨਾਂ ਕੁੱਕੜਾਂ ਵਾਂਗੂੰ ਨੇ ਜੋ



ਵੇਚਣ ਲਈ ਸ਼ਹਿਰ ਲਿਜਾਏ ਜਾ ਰਹੇ ਨੇ। ਰਾਤ ਹੁੰਦਿਆਂ ਹੀ ਇਹਨਾਂ ਨੂੰ ਕਿਸੇ ਨਾ ਕਿਸੇ ਮਾਸਾਹਾਰੀ ਦੇ ਢਿੱਡ 'ਚ ਸਮਾ ਜਾਣਾ ਏ। ਲੇਕਿਨ ਇਹਨਾਂ ਨੂੰ ਆਪਣੀ ਜਾਨ 'ਤੇ ਮੰਡਰਾਉਂਦੇ ਇਸ ਖ਼ਤਰੇ ਦਾ ਰੰਜ ਮਾਤਰ ਅਹਿਸਾਸ ਨਹੀਂ ਏ। ਛੁਰੀ ਤੇਜ਼ ਕਰਕੇ ਇੰਤਜ਼ਾਰ 'ਚ ਬੈਠੇ ਕਸਾਈ ਦੇ ਬਾਰੇ 'ਚ ਇਹਨਾਂ ਨੇ ਕਦੀ ਸੁਣਿਆ ਹੀ ਨਹੀਂ ਏ। ਝਬਿਆਂ ਦੇ ਅੰਦਰ ਵਰਣਵਾਦ ਤੇ ਨਸਲਵਾਦ ਦਾ ਘਮਾਸਾਨ ਚੱਲ ਰਿਹਾ ਏ। ਲਾਲ ਸੁਨਹਿਰੀ ਖੰਭ ਵਾਲੇ ਤੇ ਲੰਮੀ ਕਲਗੀ ਵਾਲੇ ਜਾਂ ਉੱਨਤ ਨਸਲ ਦੇ ਕੁੱਕੜ, ਦੇਸ਼ੀ, ਮਟਮੈਲੇ ਜਾਂ ਛੋਟੀ ਕਲਗੀ ਦੇ ਕੁੱਕੜਾਂ ਨੂੰ ਘਿਰਣਾ ਦੀ ਦ੍ਰਿਸ਼ਟੀ ਨਾਲ ਦੇਖਦੇ ਹੋਏ ਉਹਨਾਂ 'ਤੇ ਆਪਣੀ ਤਾਕਤ ਤੇ ਸ਼੍ਰੇਸ਼ਟਤਾ ਦਾ ਰੋਅਬ ਝਾੜ ਰਹੇ ਨੇ। ਉਹਨਾਂ ਨੂੰ ਲਤਾੜ ਰਹੇ ਨੇ। ਨੋਚ–ਖਰੋਚ ਰਹੇ ਨੇ। ਉਹਨਾਂ ਦੇ ਲੇਖੇ ਝਬਿਆਂ ਦੇ ਅੰਦਰ ਜਿੱਤ ਮਿਲ ਗਈ ਤਾਂ ਸਮਝੋ ਸੰਸਾਰ ਜਿੱਤ ਲਿਆ। ਇਕਦਮ ਠੀਕ ਲਿਖਿਆ ਸੀ ਅਖ਼ਬਾਰ ਨੇ। ਭਲਵਾਨ ਸੋਚਦਾ ਏ–ਜਾਤੀਵਾਦੀ ਵੱਖਵਾਦ ਨਾ ਹੁੰਦਾ ਤਾਂ ਕਿੰਨੀ ਮਜਬੂਤੀ ਆ ਜਾਂਦੀ ਪਿੰਡ 'ਚ। ਫ਼ੌਲਾਦ ਜੇਹੀ ਮਜਬੂਤੀ।

ਖੇਲਾਵਨ ਕਹਿੰਦਾ ਏ–ਅਚਾਨਕ ਕਿਸੇ ਦਿਨ ਬਿਨਾਂ ਜਮਾਨਤੀ ਵਾਰੰਟ ਜਾਰੀ ਹੋ ਜਾਏਗਾ। ਫੇਰ ਸਾਰੇ ਵੱਖ–ਵੱਖ ਜਮਾਨਤ ਕਰਾਉਂਦੇ ਫਿਰਨਗੇ। ਵਕੀਲ ਲੱਭਣਗੇ। ਹਜ਼ਾਰ ਬਾਰਾਂ ਸੌ ਖ਼ਰਚ ਕਰਨਗੇ। ਲੇਕਿਨ ਅਜੇ।

ਬੜੀ ਦੇਰ ਤੱਕ ਕੁੜਣ ਤੇ ਉਡੀਕਣ ਦੇ ਬਾਅਦ ਸਾਰੇ ਲੋਕ ਵਾਪਸ ਮੁੜ ਗਏ।

ਲਵਾਨ ਉੱਥੋਂ ਹੀ ਚਰੀ ਵੱਢਣ ਚਲਾ ਗਿਆ। ਰਸਤੇ 'ਚ ਹੀ ਸੋਚਿਆ ਕਿ ਅਜੇ ਵੀ ਵਰ ਦੇਖਣ ਲਈ ਨਿਕਲਿਆ ਜਾ ਸਕਦਾ ਏ। ਉਹਦੇ ਫੁਫੇਰੇ ਭਰਾ ਤੀਰਥ ਨੇ ਆਪਣੇ ਨਾਲ ਦੇ ਪਿੰਡ ਦੇ ਇਕ ਮੁੰਡੇ ਦੇ ਬਾਰੇ 'ਚ ਦੱਸਿਆ ਏ। ਅੱਠ ਕੋਹ ਦਾ ਰਸਤਾ ਏ। ਪੁਰਾਣਾ ਸਾਈਕਲ ਏ, ਤਦ ਵੀ ਦੋ–ਢਾਈ ਘੰਟਿਆਂ 'ਚ ਆਰਾਮ ਨਾਲ ਪਹੁੰਚ ਜਾਵਾਂਗੂੰਾ।

ਉਹ ਉੱਠਿਆ। ਫਤੂਹੀ ਪਾਈ। ਧੋਤੀ ਖੋਲ੍ਹ ਕੇ ਨਵੇਂ ਢੰਗ ਨਾਲ ਬੰਨੀ। ਸਾਈਕਲ ਕੱਢਿਆ। ਸਾਫ਼ ਕੀਤਾ। ਸਾਈਕਲ ਦੇ ਦੋਵਾਂ ਟਾਇਰਾਂ ਨੂੰ ਦੱਬ ਕੇ ਹਵਾ ਦਾ ਅੰਦਾਜ਼ਾ ਲਾਇਆ। ਕੁਰਤਾ ਜਾਕਿਟ ਪਾਇਆ। ਜੁੱਤੀ ਦੇ ਤਲੇ ਦੀ ਧੂੜ ਝਾੜ ਕੇ ਜੁੱਤੀ ਪਾਈ। ਘਰਵਾਲੀ ਨੇ ਵਾਲਾਂ 'ਚ ਤੇਲ ਲਾ ਕੇ ਕੰਘੀ ਫੜਾ ਦਿੱਤੀ। ਉਹਨੇ ਵਾਲਾਂ 'ਚ ਲੱਗਾ ਤੇਲ ਪੂੰਝ ਕੇ ਮੂੰਹ ਤੇ ਮੁੱਛਾਂ 'ਤੇ ਮਲਿਆ ਤੇ ਆਲੇ 'ਚ ਟੰਗੇ ਸ਼ੀਸ਼ੇ 'ਚ ਝਾਕ ਕੇ ਕੰਘੀ ਕਰਨ ਲੱਗਾ।

ਪਰਨਾ ਗਲ 'ਚ ਪਾ ਕੇ ਇਕ ਵਾਰ ਫਿਰ ਸ਼ੀਸ਼ੇ 'ਚ ਵੇਖਿਆ। ਖ਼ੁਦ ਨੂੰ ਚੰਗਾ–ਚੰਗਾ ਲੱਗਣ ਲੱਗਾ। ਘਰਵਾਲੀ ਨੂੰ ਵੇਖਿਆ। ਘਰਵਾਲੀ ਉਹਨੂੰ ਹੀ ਦੇਖ ਰਹੀ ਸੀ। ਮੁਸਕਰਾ ਪਈ। ਉਹ ਮੁਸਕਰਾਉਂਦਾ ਤਾਂ ਨਹੀਂ ਦਿੱਸਿਆ ਪਰ ਅੱਖਾਂ ਦੇ ਫ਼ੈਲਣ ਨਾਲ ਲੱਗਾ ਕਿ ਉਹਦੇ ਅੰਦਰ ਵੀ ਥੋੜ੍ਹੀ ਹਰਿਆਲੀ ਉਤਰ ਆਈ। ਉਹਨੇ ਕੰਬਲ ਲਪੇਟਿਆ ਤੇ ਬਾਹਰ ਆ ਕੇ ਸਾਈਕਲ ਦੇ ਕੈਰੀਅਰ 'ਚ ਦੇਣ ਲੱਗਾ। ਘਰਵਾਲੀ ਵੀ ਬਾਹਰ ਨਿਕਲ ਆਈ। ਪਹਿਲਾਂ ਅਜਿਹਾ ਨਹੀਂ ਹੁੰਦਾ ਸੀ। ਇੰਨਾ ਏਕਾਂਤ ਹੋਣ ਤੇ ਕਿਧਰੇ ਜਾਣ ਤੋਂ ਪਹਿਲਾਂ ਉਹ ਉਹਨੂੰ ਲਾਜ਼ਮੀ ਹੀ ਬਾਹਾਂ 'ਚ ਭਰ ਕੇ ਚੁੰਮਦਾ। ਸਰੀਰ ਦੇ ਕੋਮਲ ਅੰਗ ਤੇ ਉਹ ਉਹਦੇ ਪੰਜਿਆਂ ਦਾ ਦਬਾਅ ਮਹਿਸੂਸ ਕਰਦੀ।

ਚੁੰਨੀ ਦੀ ਇਕ ਕੰਨੀ 'ਚੋਂ ਦਸ ਦਾ ਨੋਟ ਖੋਲ ਕੇ ਪਤੀ ਦੇ ਹੱਥਾਂ 'ਚ ਫੜਾਉਂਦੇ ਹੋਏ ਬੋਲੀ–ਰੱਖ ਲੈ। ਕਿਧਰੇ ਸਾਈਕਲ ਨੂੰ ਪੈਂਚਰ ਹੋ ਜਾਏ। ਤੇ ਆਪਣੇ ਭਰਾ ਨੂੰ ਕਹਿਣਾ ਕਿ ਉਹੀ ਸਮਝਦਾਰੀ ਨਾਲ ਸਾਰੀ ਗੱਲਬਾਤ ਕਰੇ। ਉਹਨੂੰ ਬੋਲਣ ਦੇਣਾ। ਖ਼ੁਦ ਅੱਗੇ–ਅੱਗੇ ਨਾ ਬੋਲਣਾ। ਨਹੀਂ ਤਾਂ ਬਣਦਾ ਕੰਮ ਵੀ ਵਿਗੜ ਜਾਏਗਾ।

ਉਹ ਭੜਕ ਗਿਆ–ਮੈਂ ਵਿਗਾੜ ਦੇਵਾਂਗੂੰਾ ਤਾਂ ਤੂੰ ਹੀ ਕਿਉਂ ਨਹੀਂ ਚਲੀ ਜਾਂਦੀ ਵੱਡਾ ਸਾਰਾ ਸਾਫ਼ਾ ਬੰਨ ਕੇ।

ਘਰਵਾਲੀ ਹੱਸਦਿਆਂ ਹੋਇਆਂ ਬੋਲੀ-ਮੇਰਾ ਮਤਲਬ, ਧੀ ਦਾ ਪਿਉ ਬਣਕੇ ਜਾ। ਰੁਸਤਮ ਭਲਵਾਨ ਬਣਕੇ ਨਹੀਂ। ਕੰਮ ਬਣਦਾ ਏ ਥੋੜ੍ਹਾ ਨੀਵਾਂ ਰਹਿ ਕੇ ਬੋਲਣ ਨਾਲ।

-ਤਾਂ ਕੀ ਮੈਂ ਝਗੜਾ ਕਰਨ ਜਾਂਦਾ ਹਾਂ ?

ਘਰਵਾਲੀ ਨੂੰ ਪਛਤਾਵਾ ਹੋਣ ਲੱਗਾ ਕਿ ਜਾਂਦੇ ਸਮੇਂ ਕਿਉਂ ਅਜਿਹੀ ਗੱਲ ਛੇੜ ਦਿੱਤੀ ! ਫਿਰ ਜਿੱਦਾਂ ਸੁਲਾਹ ਕੀਤੀ-ਧੁੱਪ ਤੇਜ਼ ਹੋ ਗਈ ਏ। ਸਿਰ ਤੇ ਸਾਫ਼ਾ ਬੰਨ ਲੈ।

ਉਹ ਤੁਰ ਪਿਆ। ਲੰਮਾ ਕੁਰਤਾ ਹਵਾ ਨਾਲ ਲਹਿਰਾਉਣ ਲੱਗਾ। ਘਰਵਾਲੀ ਉਹਨੂੰ ਜਾਂਦੇ ਹੋਏ ਦੇਖਦੀ ਰਹੀ।

ਚਿਹਰਾ ਜ਼ਰੂਰ ਭਾਰਾ ਹੋ ਗਿਆ ਏ ਪਰ ਜੇਕਰ ਥੋੜ੍ਹਾ ਜਿਹਾ ਸੱਜ-ਧੱਜ ਲੈਂਦਾ ਏ ਤਾਂ ਅਜੇ ਵੀ ਅੱਖਾਂ 'ਚ ਵੱਸ ਜਾਂਦਾ ਏ। ਲੰਮਾ ਸਰੀਰ। ਬੋਲਦੀਆਂ ਅੱਖਾਂ। ਮੁੱਛਾਂ ਛੋਟੀਆਂ ਫਿਰ ਵੀ ਪਹਿਲਾਂ ਜਦੋਂ ਵੱਡੀਆਂ-ਵੱਡੀਆਂ ਮੁੱਛਾਂ ਰੱਖਦਾ ਸੀ ਉਦੋਂ ਦੇਖਦੇ ਜ਼ਰਾ। ਘਰ ਗ੍ਰਿਹਿਸਥੀ ਦਾ ਜੰਜ਼ਾਲ ਹੀ ਅਜਿਹਾ ਏ ਕਿ ਵੱਡਿਆਂ ਨੂੰ ਜ਼ਰੂਰੀ ਗੱਲ ਭੁੱਲ ਜਾਂਦੀ ਏ। ਉਹਨੂੰ ਆਪਣੇ ਬਾਬੇ ਦੁਆਰਾ ਗਾਏ ਜਾਣ ਵਾਲੇ ਗੀਤ ਦੀ ਇਕ ਕੜੀ ਯਾਦ ਆ ਗਈ-

ਮਹਿੰਗੀ ਕੇ ਮਾਰੇ ਬ੍ਰਿਹਾ ਬਿਸਰਿਆ, ਭੁਲਿ ਗਈ ਕਜਰੀ ਕਬੀਰ॥

ਦੇਖਿਕੇ ਗੋਰਿਯਾ ਕੇ ਉਮਵਲ ਜੋਬਨਵਾ, ਉਠੈਂ ਨਾ ਕਰੇਜਬਾ ਮਾ ਪੀਰ॥

ਭਾਵ, ਮਹਿੰਗਾਈ ਨੇ ਅਜਿਹਾ ਮਾਰਿਆ ਏ ਕਿ ਗੋਰੀ ਦਾ ਉਮੜਦਾ ਜੋਬਨ ਵੀ ਕਲੇਜੇ 'ਚ ਪੀੜ ਨਹੀਂ ਕਰ ਸਕਦਾ ?

(2)

ਬਹੁਤ ਦਿਨਾਂ ਬਾਅਦ ਇਸ ਰਾਹ ਤੇ ਆਉਣਾ-ਜਾਣਾ ਪਿਆ ਏ। ਜਦੋਂ ਭੂਆ ਜਿਉਂਦੀ ਸੀ ਤਾਂ ਅਕਸਰ ਆਉਣਾ-ਜਾਣਾ ਪੈਂਦਾ ਸੀ। ਮਕਰ-ਸੰਕ੍ਰਾਂਤਿ ਦੇ ਦਿਨ 'ਖਿੱਚੜੀ' ਪਹੁੰਚਾਣਾ ਤਾਂ ਉਹਦੇ ਜ਼ਿੰਮੇ ਰਹਿੰਦਾ ਸੀ। ਭੂਆ ਉਹਨੂੰ ਦੇਖ ਕੇ ਕਿੰਨੀ ਖ਼ੁਸ਼ ਹੁੰਦੀ ਸੀ। ਇਹ ਖ਼ੁਸ਼ੀ ਤੇ ਵਿਛੋੜਾ ਉਹਦੇ ਰੋਮ-ਰੋਮ 'ਚੋਂ ਪ੍ਰਗਟ ਹੁੰਦਾ ਸੀ। ਕਹਿੰਦੀ ਕਿ ਅੱਜ ਸਵੇਰ ਤੋਂ ਈ ਮੇਰੀ ਖੱਬੀ ਅੱਖ ਫੜਕ ਰਹੀ ਸੀ। ਉਦੋਂ ਈ ਜਾਣ ਗਈ ਕਿ ਮੇਰਾ ਪਿਆਰਾ ਭਤੀਜਾ ਆ ਰਿਹਾ ਏ। ਕਿੰਨਾ ਖਵਾਂਦੀ ਪਿਆਂਦੀ ਸੀ। ਦੋ ਤਿੰਨ ਦਿਨਾਂ ਤੋਂ ਪਹਿਲਾਂ ਆਉਣ ਨਹੀਂ ਸੀ ਦੇਂਦੀ। ਫੁਫੇਰਾ ਭਰਾ ਤੀਰਥ ਉਸ ਤੋਂ ਦੋ ਸਾਲ ਵੱਡਾ ਸੀ। ਲੱਗ-ਡਾਟ ਕਰਕੇ ਸੇਰ ਦੁੱਧ ਪਿਆ ਦੇਂਦੀ ਸੀ।

ਜਿੱਥੇ ਅੱਜ ਪੱਕੀ ਸੜਕ ਏ, ਉੱਥੇ ਪਹਿਲਾਂ ਕੱਚਾ ਰਸਤਾ ਸੀ। ਵੱਡੇ ਸਵੇਰੇ ਪੈਦਲ ਚੱਲਣ 'ਤੇ ਕਿਧਰੇ ਦੁਪਹਿਰ ਤੱਕ ਅੱਠ ਕੋਹ ਜ਼ਮੀਨ ਤੈ ਹੁੰਦੀ ਸੀ। ਰਸਤੇ 'ਚ ਉਹ ਇਕ ਦੋ ਵਾਰ ਰੁੱਕ ਕੇ ਸੁਸਤਾਉਂਦਾ ਸੀ ਜਾਂ ਕਿਸੇ ਖੂਹ ਤਾਲਾਅ ਤੇ ਹੱਥ ਪੈਰ ਧੋ ਕੇ ਥਕਾਣ ਲਾਹੁੰਦਾ ਸੀ। ਪਾਣੀ ਪੀਂਦਾ ਸੀ।

ਇਹ ਜੋ ਅੰਬ ਤੇ ਮਹੂਏ ਦੇ ਚਾਰ-ਪੰਜ ਵੱਡੇ ਦਰਖ਼ਤ ਖਲੋਤੇ ਵਿਖਾਈ ਦੇਂਦੇ ਨੇ ਜਿਹਨਾਂ ਦੀਆਂ ਜੜਾਂ ਦੇ ਨੇੜੇ-ਤੇੜੇ ਦੀ ਮਿੱਟੀ ਖੁਰ ਕੇ ਵਹਿ ਗਈ ਏ, ਇੱਥੇ ਬਹੁਤ ਵੱਡਾ ਬਾਗ਼ ਸੀ। 'ਚਕਾਰ ਛੱਪੜ ਦੇ ਕਿਨਾਰੇ-ਕਿਨਾਰੇ ਭੀਟੇ ਦੇ ਦਰਖ਼ਤ। ਹੁਣ ਛੱਪੜ ਭਰ ਗਿਆ ਏ। ਬਹੁਤਾ ਪਧਰਾ ਹੋ ਗਿਆ ਏ।

ਇੱਥੇ ਇਕ ਸਾਧੂ ਦੀ ਝੌਂਪੜੀ ਸੀ। ਪਾਣੀ ਪੀਣ ਲਈ ਜੋ ਵੀ ਰਾਹੀ ਝੌਂਪੜੀ ਤੇ ਰੁੱਕਦਾ, ਬਾਬਾ ਉਸਨੂੰ ਦੋ ਪਤਾਸੇ ਦੇਂਦਾ ਸੀ। ਕਦੋਂ ਦਾ ਮਰ-ਖਪ ਗਿਆ ਹੋਣਾ ਏ। ਝੌਂਪੜੀ ਦੀ ਜ਼ਮੀਨ ਸੜਕ 'ਚ ਸਮਾ ਗਈ ਏ। ਟੁੱਟੀਆਂ ਟਿੰਡਾਂ ਵਾਲਾ ਖੂਹ ਅਜੇ ਵੀ ਪੱਟੜੀ ਦੇ ਕਿਨਾਰੇ ਬੇਵਕਤਾ ਹੋਇਆ ਖਲੋਤਾ ਏ। ਇੱਥੋਂ ਸ਼ੁਰੂ ਹੁੰਦਾ ਸੀ ਬੇਲਸੌਨਾ ਵਾਲਾ ਮਹਾ ਉਸਰ ਜੋ ਸ਼ਿਵਗੜ੍ਹ ਤੱਕ ਫੈਲਿਆ ਸੀ।



ਓਏ, ਮਹੂਏ ਦਾ ਉਹ ਵੱਡਾ ਛਾਂ-ਦਾਰ ਦਰਖ਼ਤ ਵੀ ਨਹੀਂ ਏ ! ਇਸ ਮਹਾ ਉਸਰ ਦੇ ਰਸਤੇ 'ਚ ਇਸ ਦਰਖ਼ਤ ਦੇ ਇਲਾਵਾ ਕੋਹ-ਸਵਾ-ਕੋਹ 'ਚ ਦੂਸਰਾ ਕੋਈ ਦਰਖ਼ਤ ਨਹੀਂ ਸੀ। ਧੁੱਪ 'ਚ ਤਪ ਕੇ ਆਉਂਦੇ ਰਾਹੀ ਮਨ ਹੀ ਮਨ ਤੈ ਕਰਦੇ ਸਨ ਕਿ ਕਿਸੇ ਤਰ੍ਹਾਂ ਉਸ ਮਹੂਏ ਤੱਕ ਅੱਪੜ ਜਾਈਏ ਤਾਂ ਉਸਦੀ ਛਾਂ 'ਚ ਬੈਠ ਕੇ ਆਰਾਮ ਕਰਾਂਗੇ। ਇੱਥੇ ਇਕ ਕਾਲਾ ਮਾਰਨ ਵਾਲਾ ਢੱਠਾ ਰਹਿੰਦਾ ਸੀ। ਰਸਤੇ 'ਚ ਮਿਲਣ 'ਤੇ ਮਾਰਨ ਲਈ ਦੌੜ ਸਕਦਾ ਸੀ ਪਰ ਮਹੂਏ ਦੇ ਹੇਠਾਂ ਮਿਲਣ 'ਤੇ ਨਜ਼ਰ ਚੁੱਕ ਕੇ ਦੇਖਦਾ ਤੱਕ ਵੀ ਨਹੀਂ ਸੀ। ਮਸਤੀ 'ਚ ਬੈਠਾ ਜੁਗਾਲੀ ਕਰਦਾ ਰਹਿੰਦਾ ਸੀ। ਨੇੜੇ-ਤੇੜੇ ਦੇ ਪਿੰਡ ਵਾਲੇ ਨਵੇਂ ਦੁੱਧ ਕਰਾਉਣ ਲਈ ਆਪਣੀਆਂ ਗਾਂਵਾਂ ਹਿੱਕ ਕੇ ਉਸਦੇ ਕੋਲ ਲਿਆਂਦੇ ਸਨ। ਕਦੀ ਉਹ ਤੁਰੰਤ ਪਿੰਡ ਵਾਲਿਆਂ ਦੀ ਮਨੋਕਾਮਨਾ ਪੂਰੀ ਕਰਨ ਲੱਗਦਾ, ਕਦੀ ਬਾਲ-ਬ੍ਰਹਮਚਾਰੀ ਦੀ ਤਰ੍ਹਾਂ ਬਿਨਾਂ ਗਾਂਵਾਂ ਵੱਲ ਨਜ਼ਰ ਚੁੱਕ ਕੇ ਉਸ ਤੋਂ ਦੂਰ ਕਿਸੇ ਪਾਸੇ ਚਲਾ ਜਾਂਦਾ। ਗਾਂ ਵਾਲੇ ਪਰੇਸ਼ਾਨ ਹੋ ਜਾਂਦੇ। ਪਤਾ ਨਹੀਂ ਕਦੋਂ ਕਿੱਦਾਂ ਮਰਿਆ ਹੋਵੇਗਾ।

ਨਹਿਰ ਦੀ ਕ੍ਰਾਸਿੰਗ ਆ ਗਈ। ਇੱਥੋਂ ਨਹਿਰ ਦੀ ਪੱਟੜੀ 'ਤੇ ਪੈਣਾ ਪੈਂਦਾ ਸੀ। ਕੱਚੀ ਪੱਟੜੀ 'ਤੇ, ਜੋ ਟੇਢੀ-ਮੇਡੀ ਲੀਕ ਬਣ ਜਾਂਦੀ ਏ, ਉਸ 'ਤੇ ਸਾਈਕਲ ਚਲਾਉਣ ਦਾ ਆਪਣਾ ਅਲੱਗ ਹੀ ਸੁਆਦ ਏ। ਨਹਿਰ 'ਚ ਪਾਣੀ ਵੱਗ ਰਿਹਾ ਸੀ। ਇਸਦੇ ਕਿਨਾਰੇ ਖੇਤੀ-ਬਾੜੀ ਦਾ ਕੰਮ ਤੇਜ਼ੀ 'ਤੇ ਸੀ। ਖੇਤ ਦੀ ਦਸ਼ਾ ਦੇਖ ਕੇ ਹੀ ਪਤਾ ਲੱਗ ਜਾਂਦਾ ਏ ਕਿ ਇਸਦਾ ਮਾਲਿਕ ਆਲਸੀ ਏ ਜਾਂ ਮੇਹਨਤੀ। ਖ਼ੁਦ ਵਾਹੁੰਦਾ ਏ ਜਾਂ ਹੱਲ ਵਾਹਕਾਂ 'ਤੇ ਭਰੋਸਾ ਰੱਖਦਾ ਏ।

ਇਕ ਕਿਸਾਨ ਖੇਤ ਵਾਹੁੰਦਾ ਮਿਲਿਆ।

ਉਸਦੀ ਘਰਵਾਲੀ ਲਾਲ ਸਾੜੀ ਨੂੰ ਟੁੰਗੀ ਕਹੀ ਨਾਲ ਕੋਨੇ ਗੁੱਡ ਰਹੀ ਸੀ। ਉਸਦਾ ਤਿੰਨ ਸਾਲ ਦਾ ਨੰਗ-ਧੜੰਗਾ ਪੁੱਤਰ ਸੁਹਾਗੇ ਦੇ ਪਿੱਛੇ-ਪਿੱਛੇ ਪੈਰ ਮਾਰਦਾ, ਡੋਲਦਾ ਜਿਹਾ ਤੁਰ ਰਿਹਾ ਸੀ। ਸ਼ਾਇਦ ਪਿਉ ਨਾਲ ਸੁਹਾਗੇ 'ਤੇ ਬੈਠਣ ਦੀ ਜ਼ਿੱਦ ਕਰ ਰਿਹਾ ਸੀ। ਸੁਹਾਗੇ 'ਤੇ ਬੈਠਣ ਦਾ ਆਨੰਦ ਉਸ ਲਈ ਅਜਿਹਾ ਹੀ ਸੀ ਜਿੱਦਾਂ ਹੋਰਾਂ ਲਈ ਪਹਿਲੀ-ਪਹਿਲੀ ਵਾਰ ਮੋਟਰ ਰੇਲ ਕਰੂਜ ਜਾਂ ਹਵਾਈ ਜਹਾਜ਼ 'ਚ ਬੈਠਣ ਦਾ ਹੁੰਦਾ ਏ। ਲੇਕਿਨ ਪਿਉ ਨੇ ਉਸਨੂੰ ਸਖ਼ਤੀ ਨਾਲ ਡਾਂਟ ਦਿੱਤਾ ਹੋਵੇਗਾ। ਜ਼ਰਾ ਬੇਧਿਆਨੀ ਨਾਲ ਚਲਦੇ ਸੁਹਾਗੇ ਦੇ ਹੇਠਾਂ ਪਿਸ ਜਾਣ ਦਾ ਜੋਖ਼ਿਮ ਕੌਣ ਝੱਲੇਗਾ। ਲੜਕੇ ਦੇ ਲੱਕ 'ਚ ਕਾਲੇ ਮੋਟੇ ਸੂਤੀ ਧਾਗੇ ਦੀ ਤੜਾਗੀ ਬੰਨੀ ਹੋਈ ਸੀ। ਤੜਾਗੀ ਦੇ ਸਿਰੇ 'ਤੇ ਲੱਗੀ ਲਾਲ ਗੋਲੀ ਉਹਦੇ ਬਾਲ-ਲਿੰਗ 'ਤੇ ਹਲਕੀ-ਹਲਕੀ ਉੱਠ ਕੇ ਡਿੱਗ ਰਹੀ ਸੀ। ਉਹਨੂੰ ਬੱਚੇ ਦੀ ਮਾਂ ਦੀ ਸਮਝਦਾਰੀ 'ਤੇ ਖ਼ੁਸ਼ੀ ਹੋਈ। ਬੱਚਾ ਚੁੰਨੀ ਦੀ ਥਾਂ ਇਸ ਗੋਲੀ ਨੂੰ ਹੀ ਖਿੱਚਦਾ ਨੋਚਦਾ ਰਹੇ, ਇਸਦੀ ਹਾਲਤ।

ਬਲਦਾਂ ਦੇ ਨਰੋਏ ਜੁੱਸੇ ਤੇ ਚਿਲਕਦੇ ਸਿੰਙਾਂ ਤੋਂ ਇਹ ਸਾਫ਼ ਸੀ ਕਿ ਇਹ ਔਰਤ ਆਪਣੇ ਹੱਥਾਂ ਨਾਲ ਬਲਦਾਂ ਦੇ ਚਾਰੇ ਤੇ ਪਾਣੀ-ਧਾਣੀ ਦਾ ਖ਼ਿਆਲ ਰੱਖਦੀ ਹੋਵੇਗੀ। ਅਚਾਨਕ ਉਸਨੂੰ ਆਪਣੇ ਬਲਦ ਚੇਤੇ ਆ ਗਏ। ਉਸਦੇ ਪਿਛਲੇ ਖੱਬੇ ਖੁਰ 'ਚ ਭਾਦੋਂ ਤੋਂ ਹੀ ਕੀੜੇ ਪਏ ਹੋਏ ਨੇ। ਦੋ ਵਾਰ ਕੰਪਾਉਂਡਰ ਬੁਲਾ ਕੇ ਵੀਹ-ਵੀਹ ਰੁਪਏ ਫ਼ੀਸ ਦੇ ਕੇ ਉਹਨਾਂ ਨੇ ਦਵਾਈ ਪਾਈ ਪਰ ਅਜੇ ਤੱਕ ਉਸਦਾ ਲੰਗੜਾਉਣਾ ਪੂਰੀ ਤਰ੍ਹਾਂ ਠੀਕ ਨਹੀਂ ਹੋਇਆ। ਪਤਾ ਨਹੀਂ ਕਿਹੋ ਜੇਹੀ ਦਵਾਈ ਪਾਈ ? ਹਰ ਚੀਜ਼ 'ਚ ਨਕਲੀਪਣ ਵੜ ਗਿਆ ਏ।

ਅਚਾਨਕ ਪੱਟੜੀ ਦੇ ਕਿਨਾਰੇ, ਦੌਰੀ 'ਚ ਯੂਰੀਆ ਦੇ ਚਿੱਟੇ ਸਫ਼ੈਦ ਦਾਨਿਆਂ ਨੂੰ ਦੇਖ ਕੇ ਉਹਦੀ ਸੋਚ ਬਦਲ ਗਈ। ਕਣਕ ਦੀ ਬਿਜਾਈ ਇਕਦਮ ਸਿਰ 'ਤੇ ਏ। ਉਸਨੂੰ ਖ਼ਾਦ ਖ਼ਰੀਦਣ ਲਈ ਘੱਟੋ-ਘੱਟ ਦੋ ਹਜ਼ਾਰ ਰੁਪਈਆਂ ਦੀ ਤੁਰੰਤ ਜ਼ਰੂਰਤ ਏ। ਇੰਤਜ਼ਾਮ ਨਾ ਹੋਣ ਦੇ ਕਾਰਨ ਸਰ੍ਹੋਂ ਤੇ

ਬਰਸੀਮ ਨੂੰ ਬਿਨਾਂ ਖ਼ਾਦ ਪਾਇਆਂ ਹੀ ਬੀਜਣਾ ਪਿਆ। ਜਿਸ ਪਰਿਵਾਰ 'ਚ ਬਾਹਰ ਤੋਂ ਨਗਦੀ ਦੀ ਆਮਦਨੀ ਨਹੀਂ ਹੁੰਦੀ, ਉਸਦਾ ਅੱਜ ਦੇ ਜ਼ਮਾਨੇ 'ਚ ਗੁਜ਼ਾਰਾ ਹੋਣਾ ਮੁਸ਼ਕਿਲ ਏ। ਜਿੱਦਾਂ ਖੂਹ 'ਚੋਂ ਕੱਢੀ ਗਈ ਮਿੱਟੀ ਉਸਨੂੰ ਭਰਨ ਲਈ ਪੂਰੀ ਨਹੀਂ ਹੁੰਦੀ, ਉਵੇਂ ਹੀ ਖੇਤੀ ਕਿਸਾਨ ਦੀ ਆਮਦਨੀ ਖੇਤੀ-ਕਿਸਾਨੀ ਦੇ ਖ਼ਰਚਿਆਂ ਨੂੰ ਪੂਰਿਆਂ ਨਹੀਂ ਕਰਦੀ। ਤੇ ਕਿੱਥੋਂ ਪੂਰੀ ਕਰੀਏ। ਡੀਜ਼ਲ, ਬਿਜਲੀ, ਖ਼ਾਦ, ਕੀਟਨਾਸ਼ਕ, ਬੀਜਾਈ-ਵਢਾਈ ਦੀ ਮਜ਼ਦੂਰੀ-ਸਾਰਿਆਂ ਦਾ ਰੇਟ ਤਾਂ ਹਰ ਸਾਲ ਦਸ-ਪੰਜ ਰੁਪਏ ਵਧ ਜਾਂਦਾ ਏ। ਨਹੀਂ ਵੱਧਦਾ ਤਾਂ ਕਿਸਾਨਾਂ ਦੀ ਫ਼ਸਲ ਦਾ ਮੁੱਲ। ਇਸ ਲਈ ਜਿੰਨੀ ਵੱਡੀ ਖੇਤੀ ਓਨਾ ਵੱਡਾ ਘਾਟਾ। ਜਿੰਨੀ ਜ਼ਿਆਦਾ ਪੈਦਾਵਾਰ ਓਨਾ ਜ਼ਿਆਦਾ ਘਾਟਾ। ਭਲਵਾਨ ਨੂੰ ਲੱਗਦਾ ਏ ਕਿ ਜਿੱਦਾਂ ਨਹਿਰ ਦੇ ਪੇਟੇ 'ਚ ਸਿਲਟ ਦੀ ਭਰਤੀ ਏ, ਕਿਸਾਨ ਦੇ ਮੁਕੱਦਰ 'ਚ ਵੀ ਸਾਲ-ਦਰ-ਸਾਲ ਸਿਲਟ ਭਰਦੀ ਜਾ ਰਹੀ ਏ।

ਸੋਚਿਆ ਸੀ ਇਸ ਸਾਲ ਵਰੁਨਾ ਸਰੋਂ ਬੀਜਾਂਗੇ। ਕਹਿੰਦੇ ਨੇ ਕਿ ਬੜੀ ਚੰਗੀ ਪੈਦਾਵਾਰ ਹੁੰਦੀ ਏ ਪਰ ਮੌਕੇ 'ਤੇ ਪੈਸਿਆਂ ਦਾ ਇੰਤਜ਼ਾਮ ਨਾ ਹੋਣ ਕਰਕੇ ਬੀਜ ਨਹੀਂ ਸਕਿਆ। ਆਲੂ ਦੇ ਬੀਜ ਲਈ ਪੈਸਿਆਂ ਦਾ ਜੁਗਾੜ ਕਰਨਾ ਪਹਾੜ ਹੋ ਗਿਆ। ਦਸ ਰੁਪਏ ਕਿੱਲੋ ਦਾ ਬੀਜ ਖ਼ਰੀਦ ਆਲੂ ਕੀ ਬੀਜੇ ਨੇ। ਡਰ ਏ ਕਿ ਤਿਆਰ ਹੋਣ ਤੱਕ ਆਲੂਆਂ ਦਾ ਰੇਟ ਦੋ ਰੁਪਏ ਕਿੱਲੋ ਤੋਂ ਵੀ ਹੇਠਾਂ ਚਲਾ ਜਾਏਗਾ। ਹਾੜ ਲੰਘਦਿਆਂ-ਲੰਘਦਿਆਂ ਜਿੱਦਾਂ ਹੀ ਕਿਸਾਨ ਦੇ ਘਰੋਂ ਫ਼ਸਲ ਨਿਕਲ ਕੇ ਬਾਜ਼ਾਰ 'ਚ ਪਹੁੰਚੀ ਫਿਰ ਦਸ ਰੁਪਏ ਕਿੱਲੋ ਵਿਕਣ ਲੱਗਦੀ ਏ। ਸਾਰੇ ਹਾਲਾਤ ਤਾਂ ਮਰ ਜਾਣ ਦੇ ਨੇ। ਜਿਉਂਦੇ ਕਿੱਦਾਂ ਰਹੀਏ!

ਉਹ ਮਨ ਹੀ ਮਨ ਉਸੇ ਵੇਲੇ ਦਿਮਾਗ਼ 'ਚ ਸਵਾਰ ਖ਼ਰਚਿਆਂ ਦਾ ਹਿਸਾਬ ਲਾਉਣ ਲੱਗਾ। ਟਿਊਬਵੈੱਲ ਦਾ ਬਿੱਲ ਸਵਾ ਚਾਰ ਸੌ ਰੁਪਏ। ਇੰਜੀਨਿਅਰਿੰਗ ਪੜ੍ਹ ਰਹੇ ਪੁੱਤਰ ਦਾ ਮਾਸਿਕ ਖ਼ਰਚ ਡੇਢ ਹਜ਼ਾਰ ਰੁਪਏ। ਖ਼ਾਦ ਲਈ ਦੋ ਹਜ਼ਾਰ ਰੁਪਏ। ਬਲਦ ਦਾ ਖ਼ੁਰ ਠੀਕ ਨਾ ਹੋਇਆ ਤਾਂ ਟ੍ਰੈਕਟਰ ਨਾਲ ਖੇਤ ਦੀ ਵਹਾਈ ਲਈ ਹਜ਼ਾਰ-ਬਾਰਾਂ ਸੌ ਰੁਪਇਆ। ਮੋਟਾ-ਮੋਟਾ ਪੰਜ ਹਜ਼ਾਰ ਰੁਪਏ। ਝੋਨੇ ਦਾ ਮੁੱਲ ਇਸ ਵੇਲੇ ਡਿੱਗ ਕੇ ਪੰਜ ਸੌ ਰੁਪਏ ਕੁਵਿੰਟਲ ਹੋ ਗਿਆ ਏ। ਘਰ ਦੋ ਮਹੀਨੇ ਰੱਖਿਆ ਜਾ ਸਕੇ ਤਾਂ ਛੇ-ਪੌਣੇ ਛੇ ਸੌ ਦਾ ਰੇਟ ਮਿਲ ਸਕਦਾ ਏ। ਪਰ ਲੱਗਦਾ ਏ ਕਿ ਰੱਖਿਆ ਨਹੀਂ ਜਾ ਸਕੇਗਾ। ਵੱਛੇ ਨੂੰ ਉਹ ਸੇਠ ਕੋਲ ਹੀ ਵੇਚ ਰਹੇ ਨੇ। ਪੰਜ ਹਜ਼ਾਰ ਦਾ ਏ ਪਰ ਉਸਨੇ ਮਨ ਹੀ ਮਨ ਸੋਚਿਆ ਕਿ ਚਾਰ ਹਜ਼ਾਰ ਤੋਂ ਜ਼ਿਆਦਾ ਵੀ ਮਿਲ ਜਾਏਗਾ ਤਾਂ ਓਨੇ 'ਚ ਦੇ ਦਿਆਂਗੇ। ਭਾਦੋਂ ਤੱਕ ਨਾ ਵਿਕਿਆ ਤਾਂ ਜੇਠ-ਹਾੜ ਤੱਕ ਬੈਠੇ ਨੂੰ ਖਵਾਨਾ ਪਏਗਾ। ਬਲਦਾਂ ਨੂੰ ਅੱਜਕੱਲ੍ਹ ਕੌਣ ਪੁੱਛਦਾ ਏ। ਨਵੀਂ ਪੀੜੀ ਦੇ ਮੁੰਡੇ-ਕੁੜੀਆਂ ਹੱਥਾਂ ਨਾਲ ਗੋਹਾ ਚੁੱਕਣ ਲਈ ਤਿਆਰ ਨਹੀਂ। ਲੋਕਾਂ ਦੇ ਕਿੱਲਿਆਂ ਤੋਂ ਬਲਦ ਤੇਜ਼ੀ ਨਾਲ ਗਾਇਬ ਹੋ ਰਹੇ ਨੇ। ਵੱਛਾ ਨਾ ਵਿਕਿਆ ਤਾਂ ਅੱਠ ਦੱਸ ਕੁਵਿੰਟਲ ਕਣਕ ਤੁਰੰਤ ਵੇਚਣੀ ਪਏਗੀ। ਭੜੋਲਾ ਇਕਦਮ ਖ਼ਾਲੀ ਹੋ ਜਾਏਗਾ। ਫਿਰ ਅਗਲੇ ਮਹੀਨੇ ਤੋਂ ਕੀ ਵੇਚਾਂਗੇ?

ਸਭ ਤੋਂ ਜ਼ਿਆਦਾ ਚੱਕਰਵਿਊ 'ਚ ਫ਼ਸਿਆ ਏ ਉਹ ਵੱਡੇ ਪੁੱਤਰ ਨੂੰ ਇੰਜੀਅਰਿੰਗ ਦੀ ਪੜ੍ਹਾਈ 'ਚ ਪਾ ਕੇ। ਚਾਰ ਸਾਲ ਤੱਕ ਹਰ ਮਹੀਨੇ ਡੇਢ ਹਜ਼ਾਰ ਦਾ ਖ਼ਰਚ। ਪਹਿਲੀ ਹੀ ਕੋਸ਼ਿਸ਼ 'ਚ ਭਰਤੀ ਦਾ ਟੈਸਟ ਪਾਸ ਕਰ ਗਿਆ ਤਾਂ ਸਾਰਾ ਪਿੰਡ ਵਡਿਆਈ ਕਰਨ ਲੱਗਾ। ਗਵਾਂਢੀ ਖੇਲਾਵਨ ਸਵੇਰੇ-ਸਵੇਰੇ ਬੂਹੇ 'ਤੇ ਆ ਕੇ ਹੱਸਦਿਆਂ ਹੋਇਆਂ ਬੋਲਿਆ-ਹੁਣ ਤਜੋਰੀ ਖ਼ਰੀਦਣ ਦਾ ਇੰਤਜ਼ਾਮ ਕਰ ਭਲਵਾਨ ਭਾਈ। ਨੋਟ ਰੱਖਣ ਲਈ ਜਗਾ ਨਹੀਂ ਬਚੇਗੀ ਘਰ 'ਚ। ਜੰਗਲੀ ਦਰਖ਼ਤ ਤੇ ਘਾਹ-ਫੂਸ ਇਕੱਠਾ ਕਰਨ ਦੇ ਦਿਨ ਲੰਘ ਗਏ ਸਮਝ। ਰੱਬ ਨੇ ਛੱਪਰ ਪਾੜਕੇ ਦੇ ਦਿੱਤਾ ਏ।



ਅਜਿਹੇ ਮਹੌਲ 'ਚ ਜਦੋਂ ਪਿੰਡ ਦੇ ਜ਼ਿਆਦਾਤਰ ਮੁੰਡੇ ਆਵਾਰਾ ਤੇ ਪਿਆਕੜ ਬਣ ਰਹੇ ਨੇ ਉਹਦੇ ਪੁੱਤਰ ਦੀ ਸਫ਼ਲਤਾ ਤੋਂ ਸਾਰਾ ਪਿੰਡ ਖ਼ੁਸ਼ ਸੀ। ਇਹ ਤਾਂ ਬਹੁਤ ਮਗਰੋਂ ਪਤਾ ਲੱਗਿਆ ਕਿ ਹੁਣ ਇੰਜੀਨਿਅਰਿੰਗ ਪੜ੍ਹਾਉਣਾ ਬੀ. ਏ. ਐੱਮ. ਏ. ਕਰਾਉਣ ਜੇਹਾ ਨਹੀਂ ਹੈ। ਇਕਮੁਸ਼ਤ ਪੰਜਾਹ-ਪਚਵੰਜਾ ਹਜ਼ਾਰ ਦੀ ਫ਼ੀਸ ਭਰਨੀ, ਉਹਨੂੰ ਲੱਗਿਆ ਕਿ ਕਿੱਦਾਂ ਵੀ ਸਾਧਾਰਨ ਕਿਸਾਨ ਦੇ ਵੱਸ ਦੀ ਗੱਲ ਨਹੀਂ ਰਹਿ ਗਈ ਹੈ। ਪਹਿਲਾਂ ਸਿਰਫ਼ ਪੈਸਿਆਂ ਦੇ ਜ਼ੋਰ ਨਾਲ ਭਰਤੀ ਹੋਣ ਵਾਲੇ ਮੁੰਡਿਆਂ ਨਾਲੋਂ ਵੱਧ ਫ਼ੀਸ ਲੈਣ ਦਾ ਰਿਵਾਜ ਸੀ। ਹੁਣ ਤਾਂ ਸਾਰਾ ਝੋਨਾ ਬਾਈ ਪਸੇਰੀ ਹੋ ਗਿਆ ਹੈ।

ਕਿੰਨੀ ਮੁਸ਼ਕਿਲ ਨਾਲ ਪਿਛਲੇ ਸਾਲ ਦੀ ਫ਼ੀਸ ਦਾ ਜੁਗਾੜ ਕੀਤਾ ਗਿਆ। ਟਿਊਬਵੈੱਲ ਲਈ ਲਿਆ ਕਰਜ਼ਾ, ਜਿਸ ਸਾਲ ਲਿਆ, ਉਸ ਸਾਲ ਧੀ ਦੇ ਵਿਆਹ ਲਈ ਪੈਲੀ ਗਹਿਣੇ ਰੱਖਣੀ ਪਈ। ਅਗਲੇ ਸਾਲ ਕਿਸੇ ਤਰ੍ਹਾਂ ਢਿੱਡ ਘੁੱਟ ਕੇ ਵੀਹ-ਹਜ਼ਾਰ ਰੁਪਏ ਜੋੜੇ ਸਨ ਕਿ ਮੂਲਧਨ ਦੇ ਕੇ ਪੈਲੀ ਛੁਡਵਾ ਲਵਾਂਗੂੰ। ਉਦੋਂ ਤੱਕ ਪੁੱਤਰ ਨੇ ਵੱਡੇ ਖ਼ਰਚ 'ਚ ਪਾ ਦਿੱਤੇ। ਉਹ ਤਾਂ ਪਿੱਛੇ ਹਟ ਗਏ ਸਨ। ਇੰਨਾ ਵੱਡਾ ਭਾਰ ਚੁੱਕਣ ਦੀ ਔਕਾਤ ਨਹੀਂ। ਜੋਗੀ ਦੇ ਮਾਮੇ ਜੋਗੀ ਦੀ ਪੜ੍ਹਾਈ-ਲਿਖਾਈ 'ਚ ਰੁੱਚੀ ਰੱਖਦੇ ਸਨ। ਚੰਗੇ ਨੰਬਰ ਲੈਣ ਲਈ ਲਲਕਾਰਦੇ ਸਨ। ਇੰਟਰ ਕਾਲਜ ਪੜ੍ਹਾਉਂਦੇ ਸਨ। ਜੋਗੀ ਦੀ ਮਾਂ ਨੇ ਉਹਨਾਂ ਦੇ ਕੋਲ ਆਸ਼ੀਰਵਾਦ ਲੈਣ ਲਈ ਭੇਜਿਆ ਤਾਂ ਇਹ ਸੁਨੇਹਾ ਵੀ ਦੇਣ ਲਈ ਕਹਿ ਦਿੱਤਾ ਕਿ ਫ਼ੀਸ ਦੇ ਡਰ ਤੋਂ ਪਾਪਾ ਦੀ ਹਿੰਮਤ ਇੰਜੀਨਿਅਰਿੰਗ ਕਰਾਉਣ ਦੀ ਨਹੀਂ ਹੈ। ਇਹ ਸੁਣਕੇ ਦਸ ਹਜ਼ਾਰ ਦੀ ਮਦਦ ਉਹਨਾਂ ਨੇ ਕਰ ਦਿੱਤੀ। ਤੀਰਥ ਭਰਾ ਨੂੰ ਪਤਾ ਲੱਗਾ ਤਾਂ ਪੰਜ ਹਜ਼ਾਰ ਇਹ ਕਹਿ ਕੇ ਦੇ ਗਿਆ ਕਿ ਮੋੜਨ ਦੀ ਲੋੜ ਨਹੀਂ। ਇੰਜੀਨੀਅਰ ਬਣ ਜਾਵੇਗਾ, ਕਮਾਉਣ ਲੱਗੇਗਾ ਤਾਂ ਜੇਕਰ ਮੋੜਨਾ ਚਾਹੇ ਤਾਂ ਮੋੜ ਦੇਵੇਗਾ। ਹਿਸਾਬ ਲਾਇਆ ਗਿਆ ਕਿ ਖ਼ੁਰਾਕ ਤੇ ਬੀਜ ਲਈ ਛੱਡਕੇ ਘਰ ਦਾ ਸਾਰਾ ਅਨਾਜ ਵੇਚ ਦਿੱਤਾ ਜਾਂਦਾ ਤਾਂ ਵੀ ਵੀਹ-ਬਾਈ ਹਜ਼ਾਰ ਤੋਂ ਜ਼ਿਆਦਾ ਦਾ ਨਾ ਹੁੰਦਾ। ਫੇਰ ਛੇ ਹਜ਼ਾਰ ਦਾ ਬਾਂਸ ਵੇਚਿਆ ਗਿਆ। ਅੱਠ ਹਜ਼ਾਰ ਦੀ ਝੋਟੀ ਵੇਚੀ ਗਈ। ਤਦ ਵੀ ਪੂਰਾ ਨਾ ਹੋਇਆ ਤਾਂ ਘਰਵਾਲੀ ਦੇ ਦੋ ਗਹਿਣੇ ਵੇਚਣੇ ਪਏ। ਭਾਵੇਂ ਘਰਵਾਲੀ ਨੇ ਵੇਚਣ ਦੀ ਪੇਸ਼ਕਸ਼ ਆਪ ਕੀਤੀ ਸੀ, ਪਰ ਉਹਨੂੰ ਪਤਾ ਹੀ ਹੈ ਕਿ ਕਿਸੇ ਇਸਤਰੀ ਦੇ ਗਹਿਣਿਆਂ ਦਾ ਵਿਕਣਾ ਉਸਨੂੰ ਕਿੰਨਾ ਔਖਾ ਕਰਦਾ ਏ। ਤੇ ਇਹ ਗਹਿਣੇ ਤਾਂ ਉਹਨੇ ਖ਼ੁਦ ਬਣਾਏ ਵੀ ਨਹੀਂ ਸਨ। ਸੱਸ-ਸਹੁਰੇ ਦੇ ਚੜ੍ਹਾਵੇ 'ਚ ਮਿਲੇ ਸਨ। ਇਕ ਵਾਰ ਵੱਡੀ ਧੀ ਦੇ ਵਿਆਹ ਦੇ ਖ਼ਰਚ ਦਾ ਪ੍ਰਬੰਧ ਕਰਨ ਲਈ ਵੀ ਘਰਵਾਲੀ ਨੇ ਉਹਨੂੰ ਵੇਚਣ ਦੀ ਪੇਸ਼ਕਸ਼ ਕੀਤੀ ਸੀ। ਉਦੋਂ ਉਸਨੇ ਖ਼ੁਦ ਹੀ ਟਾਲ ਦਿੱਤਾ ਸੀ। ਉਸ ਦਿਨ ਉਹਨਾਂ ਨੂੰ ਵੇਚਣ ਲਿਜਾਂਦੇ ਹੋਏ ਕਾਲਜਾ ਲੱਕੜ ਦਾ ਹੋ ਗਿਆ ਸੀ। ਛੋਟੀ ਧੀ ਦਾ ਵਿਆਹ ਛੇਤੀ ਹੀ ਤਹਿ ਹੋ ਗਿਆ ਤਾਂ ਖੇਤ ਵੇਚਣ ਤੋਂ ਇਲਾਵਾ ਉਸਦੇ ਖ਼ਰਚ ਦਾ ਪ੍ਰਬੰਧ ਕਰਨ ਲਈ ਦੂਸਰਾ ਕੋਈ ਰਾਹ ਨਹੀਂ। ਮਨ ਦੇ ਕਿਸੇ ਕੋਨੇ 'ਚੋਂ ਆਵਾਜ਼ ਆਉਂਦੀ ਹੈ ਕਿ ਹੁਣੇ ਇੰਨੀ ਜਲਦੀ ਵਿਆਹ ਪੱਕਾ ਹੋਣ ਵਾਲਾ ਨਹੀਂ ਦਿੱਸਦਾ। ਇਹ ਆਵਾਜ਼ ਸੁਣਕੇ, ਜਿੱਥੇ ਇਕ ਮਨ ਚਿੰਤਿਤ ਹੁੰਦਾ ਏ, ਉੱਥੇ ਦੂਸਰਾ ਮਨ ਰਾਹਤ ਮਹਿਸੂਸ ਕਰਦਾ ਏ ਕਿ ਜ਼ਮੀਨ ਵੇਚਣ ਨਾਲ ਅਜੇ ਕੁਝ ਦਿਨ ਹੋਰ ਬਚਿਆ ਜਾ ਸਕੇਗਾ, ਪਰ ਅਗਲੇ ਤਿੰਨ ਸਾਲ ਤੱਕ ਲਗਾਤਾਰ ਪੰਜਾਹ-ਪਚਵੰਜਾ ਹਜ਼ਾਰ ਰੁਪਏ ਫ਼ੀਸ ਕਿੱਥੋਂ ਭਰੀ ਜਾਏਗੀ, ਇਹ ਸੋਚਕੇ ਅੱਖਾਂ ਅੱਗੇ ਹਨੇਰਾ ਪੈਣ ਲੱਗਦਾ ਏ।

ਸੱਚਮੱਚ, ਪਤਾ ਨਹੀਂ ਧੁੱਪ ਨਾਲ, ਸਾਈਕਲ ਚਲਾਉਣ ਜਾਂ ਖ਼ਰਚੇ ਦੇ ਹਿਸਾਬ ਨਾਲ ਦਿਮਾਗ਼ ਗਰਮ ਹੋ ਜਾਣ ਕਾਰਨ ਉਹਨੂੰ ਅੱਖਾਂ ਅੱਗੇ ਲਾਲ-ਪੀਲੇ ਚੱਕਰ ਜਿਹੇ ਆਉਣ ਲੱਗੇ।

ਲੱਗਿਆ ਜਿੱਦਾਂ ਵੱਡਾ ਚੱਕਰ ਆ ਰਿਹਾ ਏ। ਥੋੜ੍ਹਾ ਅੱਗੇ ਪੱਟੜੀ ਦੇ ਕਿਨਾਰੇ ਹੀ ਅੰਬ ਦਾ ਸੰਘਣਾ ਦਰਖ਼ਤ ਸੀ। ਕੋਲ ਹੀ ਟਿਊਬਵੈੱਲ ਚੱਲ ਰਿਹਾ ਸੀ। ਉਹ ਸਾਹ ਲੈਣ ਤੇ ਪਾਣੀ ਪੀਣ ਲਈ ਉੱਥੇ ਉਤਰ ਗਿਆ। ਸਾਈਕਲ ਸਟੈਂਡ ’ਤੇ ਖੜ੍ਹੀ ਕਰਕੇ ਉਹ ਜ਼ਮੀਨ ਤੋਂ ਥੋੜ੍ਹਾ ’ਤੇ ਉੱਠੀ ਦਰਖ਼ਤ ਦੀ ਮੋਟੀ ਸਾਫ਼ ਜੜ ਦੇ ’ਤੇ ਬੈਠ ਗਿਆ। ਸਿਰ ’ਚ ਟਿਕ-ਟਿਕ ਦੀ ਆਵਾਜ਼ ਹੋ ਰਹੀ ਸੀ। ਕੁੜਤਾ ਮੁੜਕੇ ਨਾਲ ਭਿੱਜ ਗਿਆ ਸੀ। ਸਿਰ ਤੋਂ ਸਾਫ਼ਾ ਲਾਹ ਕੇ ਉਹਨੇ ਮੁੜਕਾ ਪੂੰਝਿਆ। ਟਿਊਬਵੈੱਲ ਦੀ ਪਾਈਪ ’ਚੋਂ ਪਾਣੀ ਦੀ ਮੋਟੀ ਧਾਰ ਡਿੱਗ ਰਹੀ ਸੀ। ਪਾਣੀ ਸਾਹਮਣੇ ਵਾਲੀ ਪੈਲੀ ’ਚ ਜਾ ਰਿਹਾ ਸੀ। ਸੌਣੀ ਨਾਲ ਖ਼ਾਲੀ ਹੋਇਆ ਖੇਤ ਹਾੜੀ ਦੀ ਵਾਹੀ ਲਈ ਭਰਿਆ ਜਾ ਰਿਹਾ ਸੀ। ਇਕ ਆਦਮੀ ਨੰਗੇ ਪਿੰਡੇ ਧੋਤੀ ਨੂੰ ਲੰਗੋਟੀ ਦੀ ਸ਼ਕਲ ਦਿੱਤੀ ਝੁਕ ਕੇ ਕਹੀ ਨਾਲ ਪਾਣੀ ਦੇ ਅੱਗੇ ਵਧਣ ਦਾ ਰਾਹ ਆਸਾਨ ਕਰ ਰਿਹਾ ਸੀ। ਅੱਠ-ਦਸ ਸਫ਼ੈਦ ਬਗਲਿਆਂ ਦਾ ਝੁੰਡ ਉਸ ਆਦਮੀ ਦੇ ਸੱਜੇ-ਖੱਬੇ ਹੁੰਦਾ ਹੋਇਆ ਪੈਲੀ ’ਚੋਂ ਨਿਕਲਣ ਵਾਲੇ ਕੀੜੇ-ਪਤੰਗਿਆਂ ਨੂੰ ਚੁਗਣ ’ਚ ਰੁੱਝਿਆ ਹੋਇਆ ਸੀ। ਥੋੜ੍ਹੀ ਦੇਰ ਆਰਾਮ ਕਰਨ ਮਗਰੋਂ ਭਲਵਾਨ ਉੱਠ ਕੇ ਟਿਊਬਵੈੱਲ ਤੱਕ ਗਿਆ। ਢਿੱਡ ਭਰਕੇ ਪਾਣੀ ਪੀਤਾ। ਫਿਰ ਮੁੜ ਕੇ ਜੜ ਦੇ ਦੋਹਾਂ ਪਾਸੇ ਗੋਡਿਆਂ ਦੇ ਕੋਲੋਂ ਪੈਰ ਮੋੜਕੇ ਸਾਫ਼ੇ ਦਾ ਸਿਰਹਾਣਾ ਬਣਾ ਕੇ ਲੇਟ ਗਿਆ। ਹੌਲੀ-ਹੌਲੀ ਵਗਣ ਵਾਲੀ ਹਵਾ ਉਹਨੂੰ ਸਹਿਲਾਣ ਲੱਗੀ। ਥੋੜ੍ਹੀ ਦੇਰ ਅੱਖਾਂ ਬੰਦ ਕੀਤੀਆਂ ਤਾਂ ਕੀ ਸੁਪਨਾ ਦੇਖਦਾ ਏ ਕਿ ਤਹਿਸੀਲ ਦੇ ਵਸੂਲੀ ਅਮੀਨ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਉਹ ਭੱਜ ਕੇ ਤੂੜੀ ਦੇ ਢੇਰ ’ਚ ਲੁਕਦਾ ਏ। ਅਮੀਨ ਰਾਵਣ ਦੀ ਤਰ੍ਹਾਂ ਠਹਾਕੇ ਦਾ ਹਾਸਾ ਹੱਸਦਿਆਂ ਹੋਇਆਂ ਸੋਟੀ ਦੀ ਹੁੱਝ ਨਾਲ ਥਾਂ-ਥਾਂ ਤੋਂ ਤੂੜੀ ਦੇ ਢੇਰ ਨੂੰ ਫੋਲਦਾ ਏ। ਅਚਾਨਕ ਸੋਟੀ ਦਾ ਹੂਰਾ ਉਸਦੇ ਢਿੱਡ ’ਚ ਇੰਨੀ ਜ਼ੋਰ ਨਾਲ ਵੱਜਦਾ ਏ ਕਿ ਉਹ ਚੀਕ ਉੱਠਦਾ ਏ। ਚੀਕਣ ਦੇ ਨਾਲ ਹੀ ਉਹ ਦਰਖ਼ਤ ਦੀ ਜੜ ਤੋਂ ਡਿੱਗਦਾ-ਡਿੱਗਦਾ ਬਚਿਆ। ਇਕ ਵਾਰ ਫਿਰ ਮੁੜਕੋ-ਮੁੜਕੀ। ਸਾਫ਼ੇ ਨਾਲ ਮੁੜਕਾ ਪੂੰਝਕੇ ਉਹ ਉੱਠ ਪਿਆ। ਦਿਲ ਅਜੇ ਤੱਕ ਧੱਕ-ਧੱਕ ਧੜਕ ਰਿਹਾ ਸੀ। ਸਾਲ ਭਰ ਤੋਂ ਕੁਝ ਜ਼ਿਆਦਾ ਹੋ ਗਿਆ ਹੋਵੇਗਾ ਜਦੋਂ ਅਮੀਨ ਨੇ ਬਾਜ਼ਾਰ ’ਚ ਉਹਨੂੰ ਫੜਿਆ ਸੀ। ਪਾਂਡੇ ਬਾਬੇ ਦੀ ਫ਼ਾਂਸੀ ਲਾਉਣ ਤੋਂ ਚਾਰ ਮਹੀਨੇ ਪਹਿਲਾਂ ਦੀ ਘਟਨਾ। ਪਰ ਲੱਗਦਾ ਏ ਕਿ ਹੁਣੇ ਕੱਲ੍ਹ ਦੀ ਹੀ ਗੱਲ ਏ। ਅਮੀਨ ਦਾ ਜਿਹੜਾ ਡਰ, ਉਸ ਦਿਨ ਮਨ ’ਚ ਵੜਿਆ ਉਹ ਨਿਕਲਣ ਦਾ ਨਾਂ ਨਹੀਂ ਲੈਂਦਾ। ਅਚਾਨਕ ਸੁਪਨੇ ’ਚ ਉਸਦਾ ਚੇਚਕ ਦੇ ਦਾਗ਼ ਵਾਲਾ ਚਿਹਰਾ ਪ੍ਰਗਟ ਹੁੰਦਾ ਏ ਤੇ ਹੌਲੀ-ਹੌਲੀ ਆਕਾਰ ਵੱਡਾ ਹੁੰਦਾ ਲੱਗਦਾ ਏ। ਲਾਲ ਅੱਖਾਂ, ਵੱਡੇ-ਵੱਡੇ ਵਿਰਲੇ ਦੰਦ ਤੇ ਜ਼ਮੀਨ ਤੋਂ ਆਸਮਾਨ ਤੱਕ ਗੂੰਜਦਾ ਉਸਦਾ ਡਰਾਉਣਾ ਠਹਾਕੇ ਭਰਿਆ ਹਾਸਾ।

ਭਲਵਾਨ ਨੇ ਫਿਰ ਸਾਈਕਲ ਸੰਭਾਲਿਆ।

(3)

ਉਸ ਦਿਨ ਫੜੇ ਜਾਣ ਤੋਂ ਪਹਿਲਾਂ ਤੱਕ ਅਮੀਨ ਨਾਲ ਸਿੱਧਾ ਸਾਹਮਣਾ ਹੋਣ ਦੀ ਨੌਬਤ ਨਹੀਂ ਆਈ ਸੀ। ਅਮੀਨ ਦਾ ਚਪੜਾਸੀ ਹੀ ਜਦੋਂ ਮਰਜ਼ੀ ਬੂਹੇ ਤੱਕ ਪਹੁੰਚ ਜਾਂਦਾ ਸੀ। ਉਸਨੂੰ ਉਹ ਕਦੀ ਜਰਦਾ ਲੁਆ ਕੇ, ਕਦੀ ਮਿੱਠਾ ਪਿਆ ਕੇ ਮਨਾ ਲੈਂਦਾ ਸੀ। ਬਾਜ਼ਾਰ ’ਚ ਮਿਲਦਾ ਤਾਂ ਚਾਹ ਪਿਆ ਕੇ ਅਧੀਨਗੀ ਮੰਨ ਲੈਂਦਾ ਸੀ। ਚਪੜਾਸੀ ਕਾਫ਼ੀ ਅਰਸੇ ਤੋਂ ਇਸੇ ਇਲਾਕੇ ’ਚ ਸੀ। ਭਲਵਾਨ ਦੀ ਭਲਵਾਨੀ ਦੇ ਚਰਚੇ ਸੁਣ ਚੁੱਕਿਆ ਸੀ। ਇਸ ਲਈ ਪਹਿਲਾਂ ਹੀ ਇਤਲਾਹ ਦੇ ਜਾਂਦਾ ਸੀ, ਪਰ ਉਸ ਦਿਨ ਸਾਰੇ ਬਾਜ਼ਾਰ ’ਚ ਰੌਲਾ ਪੈ ਗਿਆ-ਭਲਵਾਨ ਫੜ ਲਿਆ ਗਿਆ। ਬਾਜ਼ਾਰ ’ਚੋਂ ਮੁੜ ਰਿਹਾ ਸੀ। ਜਿੱਦਾਂ ਹੀ ਟਿਕਾਣੇ ’ਤੇ ਅੱਪੜਿਆ, ਦੋ ਰੋਅਬਦਾਰ ਕਾਲੇ ਹੱਥਾਂ ਨੇ ਅੱਗਿਓਂ ਸਾਈਕਲ ਦਾ ਹੈਂਡਲ ਫੜ ਲਿਆ।



ਭਲਵਾਨ ਨੇ ਦੋਵੇਂ ਪੈਰ ਸਾਈਕਲ ਦੇ ਦੋਹਾਂ ਪਾਸੇ ਜ਼ਮੀਨ ਤੇ ਟਿਕਾ ਕੇ ਪੁੱਛਿਆ-ਕੀ ਏ ਚੇਤੂ ?

-ਅਮੀਨ ਸਾਹਬ ਬੁਲਾ ਰਹੇ ਨੇ। ਚਪੜਾਸੀ ਨੇ ਉਂਗਲੀ ਚੁੱਕ ਕੇ ਇਸ਼ਾਰਾ ਕੀਤਾ। ਅਮੀਨ ਸਾਹਮਣੇ ਹੀ ਦਿੱਸ ਰਿਹਾ ਸੀ। ਨਹੀਂ ਤਾਂ ਚਪੜਾਸੀ ਨੂੰ ਨਜ਼ਰ-ਅੰਦਾਜ਼ ਕਰਕੇ ਤੁਰ ਪੈਂਦਾ। ਉਹ ਸਾਈਕਲ ਤੋਂ ਉਤਰ ਕੇ ਚਪੜਾਸੀ ਦੇ ਨਾਲ ਮੁੜ ਪਿਆ। ਤਿੰਨ ਸਾਲ ਪਹਿਲਾਂ ਖ਼ਾਦ ਲਈ ਕੋਆਪ੍ਰੇਟਿਵ ਸੁਸਾਇਟੀ ਤੋਂ ਕਰਜ਼ਾ ਲਿਆ ਸੀ। ਇੱਧਰ ਅਜਿਹਾ ਖ਼ਰਚੇ ਦਾ ਸਿਲਸਿਲਾ ਚੱਲਿਆ ਕਿ ਮੋੜਣ ਦੀ ਨੌਬਤ ਨਾ ਆ ਸਕੀ।

ਉਹੀ ਭਲਵਾਨ ਜੋ ਕਦੀ ਹਿੱਕ ਠੋਕ ਕੇ ਪੂਰੇ ਇਲਾਕੇ ’ਚ ਲਲਕਾਰਦਾ ਸੀ ਤੇ ਕੋਈ ਹੱਥ ਮਿਲਾਉਣ ਦੀ ਹਿੰਮਤ ਨਹੀਂ ਸੀ ਕਰਦਾ, ਆਪਣੇ ਤੋਂ ਇਕ ਹੱਥ ਛੋਟੇ ਮਰੀਅਲ ਜਿਹੇ ਅਧੇੜ ਚਪੜਾਸੀ ਵੱਲੋਂ ਸ਼ਰ੍ਹੇ-ਬਾਜ਼ਾਰ ’ਚ ਰਾਹ ਰੋਕ ਕੇ ਫੜ ਲਿਆ ਗਿਆ ਸੀ। ਭਲਵਾਨ ਦੇ ਆਪਣੇ ਖੱਬੇ ਪੰਜੇ ’ਚ ਆਪਣਾ ਸੱਜਾ ਪੰਜਾ ਫਸਾਉਂਦੇ ਹੋਏ, ਉਹ ਉਹਨੂੰ ਲੈ ਕੇ ਬਾਣੀਏ ਦੀ ਚੱਕੀ ਵੱਲ ਲੈ ਤੁਰਿਆ। ਭਲਵਾਨ ਉਸ ਨਾਲ ਇੰਜ ਤੁਰ ਰਿਹਾ ਸੀ ਜਿੱਦਾਂ ਰੱਸੇ ’ਚ ਬੰਨਿਆ ਬੱਕਰਾ ਕਸਾਈ ਦੇ ਪਿੱਛੇ-ਪਿੱਛੇ ਘਸੀਟਿਆ ਤੁਰਿਆ ਆਉਂਦਾ ਏ। ਮਮਿਆਉਂਦਾ ਨਹੀਂ। ਚਪੜਾਸੀ ਨੇ ਰਸਤੇ ’ਚ ਹੀ ਦੱਸ ਦਿੱਤਾ ਸੀ ਕਿ ਬਿਨਾਂ ਭੁਗਤਾਨ ਕੀਤਿਆਂ ਅੱਜ ਛੁਟਣਾ ਮੁਸ਼ਕਿਲ ਏ। ਅਮੀਨ ਸਾਹਬ ਉਂਜ ਤਾਂ ਚੰਗੇ ਇਨਸਾਨ ਨੇ ਪਰ ਬੇਬਸ ਨੇ। ਜਦੋਂ ਤੋਂ ਨਵਾਂ ਤਹਿਸੀਲਦਾਰ ਆਇਆ ਏ ਸਾਰੇ ਵਸੂਲੀ ਸਟਾਫ਼ ਨੂੰ ਡੰਡਾ ਚੜ੍ਹਾਇਆ ਹੋਇਆ ਏ।

ਲੋਕਾਂ ਨੇ ਭਲਵਾਨ ਨੂੰ ਕੁਸ਼ਤੀ ਦਾ ਜੋੜਾ ਲੱਭਣ ਲਈ ਲਾਲ ਲੰਗੋਟ ਦੀ ਪੱਟੀ ਨੂੰ ਗੋਡਿਆਂ ਤੱਕ ਲਟਕਾਈ ਅਖ਼ਾੜੇ ਦਾ ਚੱਕਰ ਲਾਉਂਦੇ ਵੇਖਿਆ ਸੀ। ਵਿਰੋਧੀ ਨੂੰ ਚਿੱਤ ਕਰਨ ਦੇ ਬਾਅਦ ਦੋਵੇਂ ਹੱਥ ਜੋੜ ਕੇ ਪਬਲਿਕ ਦੀ ਵਾਹਵਾ ਸਵੀਕਾਰ ਕਰਦਿਆਂ ਵੇਖਿਆ ਸੀ। ਲੰਮੀ ਛਾਲ ਦਾ ਚੈਂਪੀਅਨ ਬਣਕੇ ਪ੍ਰਸ਼ੰਸਕਾਂ ਦੇ ਮੋਢੇ ’ਤੇ ਬੈਠ ਕੇ ਲਾਲੇ ਬਾਣੀਏ ਦੀ ਇਸੇ ਚੱਕੀ ’ਤੇ ਇਨਾਮ ਲੈਣ ਲਈ ਆਉਂਦੇ ਵੇਖਿਆ ਸੀ। ਫੜ ਕੇ ਬਿਠਾਏ ਬੇਵਸ ਮਾਣਹੀਣ ਭਲਵਾਨ ਨੂੰ ਦੇਖਣ ਦਾ ਪਹਿਲਾਂ ਕੋਈ ਮੌਕਾ ਨਹੀਂ ਸੀ ਮਿਲਿਆ। ਤੇ ਬੈਠਾਇਆ ਵੀ ਕਿੱਥੇ ਗਿਆ ਸੀ ? ਉਸੇ ਬਾਣੀਏ ਦੀ ਚੱਕੀ ਦੇ ਬਾਹਰ ਬਣੇ ਸ਼ੈੱਡ ਦੇ ਹੇਠਾਂ। ਜ਼ਮੀਨ ’ਤੇ ਉਕੜੂ। ਬੈਠਣ ਲਈ ਕੋਈ ਬੈਂਚ ਪਟੜਾ ਪੱਥਰ ਤੱਕ ਨਹੀਂ। ਕਿੱਦਾਂ ਲੱਗਦਾ ਹੋਵੇਗਾ ? ਦੇਖਣ ਲਈ ਲੋਕਾਂ ਦੀ ਭੀੜ ਆ ਰਹੀ ਸੀ।

ਬਾਣੀਏ ਦੇ ਚੌਕੀਦਾਰ ਦੁਆਰਾ ਲਿਆਂਦੀ ਮੰਜੀ ’ਤੇ ਅਮੀਨ ਬੈਠਾ ਸੀ। ਤਹਿਸੀਲ ਦੇ ਉੱਤਰੀ ਹਲਕੇ ਤੋਂ ਬਦਲ ਕੇ ਉਹ ਛੇਤੀ ਹੀ ਇੱਧਰ ਆਇਆ ਸੀ। ਉਸਦੀ ਨਿਯੁਕਤੀ ਸੀਜ਼ਨਲ ਅਮੀਨ ਦੇ ਤੌਰ ’ਤੇ ਸੀ। ਪੂਰੀ ਤਰ੍ਹਾਂ ਅਸਥਾਈ। ਤਹਿਸੀਲ ਪੱਧਰ ਤੇ ਹਰ ਮਹੀਨੇ ਦੀ ਵਸੂਲੀ ਦਾ ਟਾਰਗੇਟ ਫ਼ਿਕਸ ਸੀ। ਟਾਰਗੇਟ ਨਾ ਪੂਰਾ ਕਰਨ ਵਾਲੇ ਅਮੀਨਾਂ ਨੂੰ ਸਿੱਧਾ ਘਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਸੀ।

ਇਸ ਬਾਜ਼ਾਰ ਦੇ ਨੇੜੇ-ਤੇੜੇ ਦਸ-ਬਾਰਾਂ ਪਿੰਡਾਂ ਦੇ ਲੋਕ ਬਾਜ਼ਾਰ ਖ਼ਰੀਦੋ-ਫਰੋਖ਼ਤ ਕਰਨ ਆਉਂਦੇ ਹਨ। ਇਸ ਹੀ ਥਾਂ ਬੈਠ ਕੇ ਕਈ ਪਿੰਡ ਦੇ ਦੇਣਦਾਰਾਂ ਨੂੰ ਫੜਿਆ ਜਾ ਸਕਦਾ ਹੈ। ਘਰ ਤੋਂ ਤੁਰਦੇ ਸਮੇਂ ਹੀ ਉਸਨੇ ਦੇਣਦਾਰਾਂ ਦੀ ਇਕ ਸੂਚੀ ਬਣਾ ਕੇ ਜੇਬ ’ਚ ਰੱਖ ਲਈ ਸੀ, ਤਾਂ ਕਿ ਵਾਰ-ਵਾਰ ਰਜਿਸਟਰਾਰ ਨਾ ਖੋਲ੍ਹਣਾ ਪਵੇ। ਭੁਗਤਾਨ ਨਾ ਕਰਨ ਵਾਲੇ ਘੱਟ-ਤੋਂ ਘੱਟ ਪੰਜ ਦੇਣਦਾਰਾਂ ਦੀ ਗ੍ਰਿਫ਼ਤਾਰੀ ਕਰਨੀ ਸੀ। ਤਹਿਸੀਲਦਾਰ ਨੇ ਕਿਹਾ ਸੀ ਕਿ ਗ੍ਰਿਫ਼ਤਾਰ ਲੋਕਾਂ ਨੂੰ ਹਵਾਲਾਤ ਤੱਕ ਲਿਆਉਣ ਲਈ ਉਹ ਖ਼ੁਦ ਆਪਣੀ ਜੀਪ ਲੈ ਕੇ ਬਾਜ਼ਾਰ ਪਹੁੰਚਣਗੇ। ਫ਼ੋਨ ’ਤੇ

ਉਹਨਾਂ ਨੂੰ ਖ਼ਬਰ ਕਰਨ ਦੀ ਜ਼ਰੂਰਤ ਏ...ਪਰ ਇਕ ਆਦਮੀ ਦੀ ਗ੍ਰਿਫ਼ਤਾਰੀ 'ਤੇ ਹੀ ਇੰਨੀ ਭੀੜ।

ਭਲਵਾਨ ਸਿਰ ਝੁਕਾਈ ਬੈਠਾ ਸੀ।

ਸਾਰੇ ਬਾਜ਼ਾਰ 'ਚ ਉਹਦੇ ਫੜੇ ਜਾਣ ਦੀ ਚਰਚਾ ਹੋ ਗਈ ਸੀ, ਸਿਰਫ਼ ਏਹੀ ਸੋਚਕੇ ਉਹ ਗੁੰਮਸੁੰਮ ਹੋ ਗਿਆ। ਹੁਣੇ-ਹੁਣੇ ਉਹਨੇ ਚਾਰੇ ਪਾਸਿਆਂ ਤੋਂ ਜੋੜ-ਤੋੜ ਕਰਕੇ ਪੁੱਤਰ ਦੀ ਫ਼ੀਸ ਦਾ ਇੰਤਜ਼ਾਮ ਕੀਤਾ ਸੀ। ਅੱਜ ਦੇ ਦਿਨ ਤਾਂ ਸ਼ਾਇਦ ਘਰੋਂ ਇਕ ਰੁਪਈਆ ਵੀ ਨਾ ਨਿਕਲੇ। ਦਸ ਕਿੱਲੋ ਆਲੂ ਵੇਚਕੇ ਲੂਣ-ਤੇਲ ਜੇਹੀਆਂ ਜ਼ਰੂਰੀ ਚੀਜ਼ਾਂ ਖ਼ਰੀਦਣ ਆਇਆ ਸੀ। ਬੱਤੀ ਸੌ ਰੁਪਈਆ ਬਕਾਇਆ ਉਹਨੂੰ ਬੱਤੀ ਲੱਖ ਲੱਗ ਰਿਹਾ ਸੀ। ਕਿਧਰੇ ਇਸਨੇ ਲਿਜਾ ਕੇ ਹਵਾਲਾਤ 'ਚ ਬੰਦ ਕਰ ਦਿੱਤਾ ਤਾਂ ਨਾਤੇ-ਰਿਸ਼ਤੇਦਾਰਾਂ ਤੱਕ 'ਚ ਬੇਇੱਜ਼ਤ ਹੋ ਜਾਵਾਂਗਾ।

ਭੀੜ 'ਚ ਕੌਣ ਕੀ ਪੁੱਛ ਰਿਹਾ ਏ, ਕੁਝ ਸੁਣਾਈ ਨਹੀਂ ਪੈ ਰਿਹਾ। ਉਦੋਂ ਤੱਕ ਭੀੜ ਨੂੰ ਚੀਰਕੇ ਸਫ਼ੈਦ ਲੂੰਗੀ ਲਪੇਟੀ ਇਕ ਛੇ-ਫੁੱਟਾ ਨੌਜਵਾਨ ਪ੍ਰਗਟ ਹੋਇਆ। ਉਸਦੇ ਪਿੱਛੇ ਆਪਣੀ ਭਾਰੀ ਗੱਦੇਦਾਰ ਕੁਰਸੀ ਨੂੰ ਲਿਜਾ ਕੇ, ਦੋਹਾਂ ਹੱਥਾਂ ਨਾਲ ਸਿਰ ਦੇ 'ਤੇ ਚੱਕੀ ਨਾਲ ਦੇ ਹੇਅਰ ਕਟਿੰਗ ਸੈਲੂਨ ਦਾ ਨਾਈ ਸੀ।

ਭਲਵਾਨ ਨੇ ਪਹਿਚਾਣਿਆ-ਨਾਲ ਦੇ ਪਿੰਡ ਦਾ ਲੱਲਨ ਭਲਵਾਨ, ਜਿਹਨੂੰ ਬਚਪਨ 'ਚ ਉਹਨੇ ਕੁਸ਼ਤੀ ਦੇ ਦਾਅ ਸਿਖਾਏ ਸੀ।

ਅੱਗੇ ਵਧਕੇ ਭਲਵਾਨ ਦੇ ਪੈਰੀਂ ਹੱਥ ਲਾ ਕੇ ਨੌਜਵਾਨ ਨੇ ਕਿਹਾ-ਸਾਡੇ ਲੋਕਾਂ ਦੇ ਰਹਿੰਦਿਆਂ, ਤੁਹਾਡੇ ਜੇਹੇ ਉਸਤਾਦ ਨੂੰ ਜ਼ਮੀਨ 'ਤੇ ਬੈਠਣਾ ਪੂਰੇ ਇਲਾਕੇ ਦੀ ਹਤਕ ਏ। ਅਮੀਨ ਨੂੰ ਸ਼ਾਇਦ ਪਤਾ ਨਹੀਂ ਏ ਕਿ ਤੁਹਾਡੀ ਹਸਤੀ ਕੀ ਏ!

ਉਹਨੇ ਆਪਣੇ ਪਰਨੇ ਨਾਲ ਕੁਰਸੀ ਝਾੜਦੇ ਹੋਏ ਕਿਹਾ-ਆਓ ਬੈਠੋ ਜੀ। ਤੇ ਭਲਵਾਨ ਦੇ 'ਨਾ-ਨਾ' ਕਰਦੇ ਹੋਏ ਵੀ ਕਈ ਹੱਥਾਂ ਨੇ ਉਹਨੂੰ ਚੁੱਕ ਕੇ ਕੁਰਸੀ 'ਤੇ ਬਿਠਾ ਦਿੱਤਾ।

ਭੀੜ 'ਚ ਜ਼ੋਰਦਾਰ ਤਾੜੀਆਂ ਵੱਜੀਆਂ।

ਅਮੀਨ ਨੂੰ ਇਹ ਗੱਲ ਚੰਗੀ ਨਾ ਲੱਗੀ। ਉਸਨੇ ਲੱਲਨ ਭਲਵਾਨ ਨੂੰ ਦੱਸਿਆ-ਇਹ ਆਦਮੀ ਸਰਕਾਰੀ ਦੇਣਦਾਰ ਏ। ਸਰਕਾਰੀ ਹਿਰਾਸਤ 'ਚ ਏ। ਹਿਰਾਸਤ ਦੇ ਆਦਮੀ ਨੂੰ ਜਿੱਥੇ ਬਿਠਾਇਆ ਜਾਏਗਾ ਉੱਥੇ ਹੀ ਬੈਠਣਾ ਪਵੇਗਾ। ਜਿਸਨੂੰ ਕੁਰਸੀ ਜਾਂ ਸਿੰਘਾਸਨ 'ਤੇ ਬੈਠਣਾ ਹੋਵੇ ਉਹ ਬਕਾਇਆ ਦੇ ਕੇ ਆਪਣੇ ਘਰ ਲਿਜਾ ਕੇ ਬਿਠਾਏ।

-ਕੀ ਗੱਲ ਕਰਦੇ ਹੋ ਅਮੀਨ ਸਾਹਬ! ਦੇਣਦਾਰ ਕੋਈ ਚੋਰ-ਡਕੈਤ ਹੁੰਦਾ ਏ ਕਿ ਤੁਸੀਂ ਉਸਦੀ ਬੇਇੱਜ਼ਤੀ ਕਰੋਗੇ? ਤੁਹਾਨੂੰ ਸਿਰਫ਼ ਬਕਾਇਆ ਵਸੂਲਣ ਦਾ ਅਧਿਕਾਰ ਏ, ਬੇਇੱਜ਼ਤੀ ਕਰਨ ਦਾ ਨਹੀਂ। ਸਾਨੂੰ ਨਹੀਂ ਪਤਾ ਕਿ ਭਲਵਾਨ ਕਿੰਨੇ ਦਾ ਕਰਜ਼ਦਾਰ ਏ ਪਰ ਇਹ ਇਜਾਜ਼ਤ ਦੇਣ ਤਾਂ ਹੁਣੇ ਇਸੇ ਬਾਜ਼ਾਰ 'ਚ ਇਹਨਾਂ ਦੇ ਨਾਂ ਤੇ ਚਾਰ-ਛੇ ਹਜ਼ਾਰ ਮਿੰਟਾਂ 'ਚ ਝੜ ਜਾਣਗੇ।

-ਓਏ ਅਜਿਹੀ ਗੱਲ ਕਿਉਂ ਕਰ ਰਿਹਾ ਏ ਲੱਲਨ ਬਾਬੂ! ਭਲਵਾਨ ਉਹਨੂੰ ਰੋਕਦਾ ਹੋਇਆ ਬੋਲਿਆ-ਪਬਲਿਕ ਤੋਂ ਇਨਾਮ-ਇਕਰਾਮ ਲੈਣਾ ਦੂਸਰੀ ਗੱਲ ਏ ਪਰ ਕਰਜ਼ਾ ਮੋੜਨ ਲਈ ਚੰਦਾ ਮੰਗਣਾ ਤਾਂ ਕਫ਼ਨ ਲਈ ਚੰਦਾ ਲੈਣ ਜੇਹਾ ਹੋਵੇਗਾ।

-ਨਹੀਂ, ਇਕ ਗੱਲ ਕਹਿ ਰਹੇ ਨੇ। ਫਿਰ ਅਮੀਨ ਵੱਲ ਦੇਖਕੇ ਕਿਹਾ-ਜਿਸਨੂੰ ਫੜਕੇ ਗਾਮਾ ਭਲਵਾਨ ਬਣ ਰਹੇ ਹੋ ਉਹ ਹੁਣੇ ਫੂਕ ਮਾਰੇ ਤਾਂ ਉੱਡ ਜਾਓਗੇ। ਮੂਤਰ ਦੇਵੇ ਤਾਂ ਉਸੇ ਧਾਰ 'ਚ ਵਹਿ ਜਾਓਗੇ। ਕਿਧਰੇ ਹੱਥ ਪਾਉਣ ਤੋਂ ਪਹਿਲਾਂ ਸਮਝਾਇਆ-ਬੁਝਾਇਆ ਜਾਂਦਾ ਏ।

ਅਮੀਨ ਨੂੰ ਸਮਝ 'ਚ ਨਹੀਂ ਆਇਆ ਕਿ ਕੀ ਬੋਲੇ!



ਦੇਣਦਾਰ ਨੂੰ ਜ਼ਮੀਨ 'ਤੇ ਬੈਠਣ ਦਾ ਉਦੇਸ਼ ਉਸਨੂੰ ਉਸਦੀ ਹੀਣ-ਦਸ਼ਾ ਮਹਿਸੂਸ ਕਰਾਉਣਾ ਹੋਵੇਗਾ। ਜ਼ਿਮੀਂਦਾਰੀ ਦੇ ਜ਼ਮਾਨੇ 'ਚ ਤਾਂ ਉਸਨੂੰ ਜੇਠ ਦੀ ਧੁੱਪ 'ਚ ਮੁਰਗਾ ਬਣਾਇਆ ਜਾਂਦਾ ਸੀ। ਕੋੜੇ ਨਾਲ ਕੁੱਟਿਆ ਜਾਂਦਾ ਸੀ। ਦੇਣਦਾਰ ਨੂੰ ਕੁਰਸੀ 'ਤੇ ਬਿਠਾਣਾ ਜਦ ਕਿ ਖ਼ੁਦ ਅਮੀਨ ਨੂੰ ਮਾਮੂਲੀ ਜੇਹੀ ਮੰਜੀ 'ਤੇ ਬੈਠਕੇ ਆਪਣੀ ਅਮੀਨਗੀਰੀ ਦੀ ਇੱਜ਼ਤ ਬਚਾਉਣੀ ਪੈ ਰਹੀ ਹੋਵੇ ਤੇ ਉੱਤੋਂ ਅਜੇਹੀ ਚੋਭ ਵਾਲੀ ਗੱਲ! ਬਰਦਾਸ਼ਤ ਤੋਂ ਬਾਹਰ ਏ। ਅਮੀਨ ਦੀ ਸਮਝ 'ਚ ਨਹੀਂ ਆ ਰਿਹਾ ਸੀ ਕਿ ਕੀ ਕਰਨਾ ਚਾਹੀਦਾ ਏ।

ਪੱਪੂ ਦੀ ਮਾਂ ਨੂੰ ਖ਼ਬਰ ਹੋਈ ਤਾਂ ਉਹ ਪਰੇਸ਼ਾਨ ਹੋ ਗਈ। ਦੌੜ ਕੇ ਖੇਲਾਵਨ ਦੇ ਘਰ ਗਈ। ਪਰ ਉਹ ਡਿਊਟੀ 'ਤੇ ਗਿਆ ਹੋਇਆ ਸੀ। ਹੁਣ ਕਿਸਦੇ ਕੋਲ ਜਾਵੇ? ਕੌਣ ਏ ਜੋ ਭਲਵਾਨ ਨੂੰ ਛੁਡਾ ਸਕੇ? ਸਾਹਮਣੇ ਪੀ.ਸੀ.ਐੱਸ. ਆਉਂਦਾ ਹੋਇਆ ਦਿੱਸਿਆ। ਪੱਪੂ ਦੀ ਮਾਂ ਨੇ ਆਵਾਜ਼ ਦੇ ਕੇ ਉਸਨੂੰ ਰੋਕਿਆ। ਦੱਸਿਆ।

ਪੀ.ਸੀ.ਐੱਸ. ਨੇ ਦਿਲਾਸਾ ਦਿੱਤਾ-ਮੈਂ ਹੁਣੇ ਜਾ ਕੇ ਦੇਖਦਾ ਹਾਂ।

-ਕੀ ਜ਼ਰੂਰਤ ਏ?

-ਮਨ ਨਹੀਂ ਮੰਨ ਰਿਹਾ ਏ। ਚੰਗਾ, ਪੱਪੂ ਦੇ ਬਾਬੂ ਦੇ ਕੰਨ 'ਚ ਹੌਲੀ ਜਿਹੇ ਕਹਿਣਾ ਕਿ ਮੇਰੇ ਕੋਲ ਸੱਤ ਸੌ ਰੁਪਏ ਰੱਖੇ ਨੇ। ਚਾਹੋ ਤਾਂ ਕਿਸੇ ਨੂੰ ਭੇਜਕੇ ਮੰਗਵਾ ਲਵੇ।

ਭੀੜ ਨੇ ਚਾਰੇ ਪਾਸਿਓਂ ਅਮੀਨ ਦੀ ਮੰਜੀ ਨੂੰ ਘੇਰ ਲਿਆ ਏ। ਇਕ ਆਦਮੀ ਕਹਿੰਦਾ ਏ-ਫੜਕੇ ਬਿਠਾਉਣ ਨਾਲ ਕੀ ਹੋਵੇਗਾ? ਕਿਸਾਨ ਕਿਹੜਾ ਸੇਠ ਸ਼ਾਹੂਕਾਰ ਏ ਕਿ ਤਜੋਰੀ 'ਚੋਂ ਨੋਟ ਕੱਢ ਕੇ ਦੇ ਦੇਵੇਗਾ!

ਪਿੰਡ-ਪਿੰਡ ਪੈਦਲ ਘੁੰਮਕੇ ਨਿੱਕ-ਸੁੱਕ ਵੇਚਣ ਵਾਲਾ, ਨਾਲ ਦੇ ਪਿੰਡ ਦਾ ਬੁੱਢਾ ਸੰਮਤ ਭੀੜ 'ਚੋਂ ਨਿਕਲ ਕੇ ਇਕਦਮ ਅਮੀਨ ਦੇ ਮੂੰਹ 'ਤੇ ਪਹਿਲੀ ਉਂਗਲੀ ਕਰਕੇ ਭਬਕੀ ਮਾਰਦਾ ਏ-ਵੱਡੀਆਂ-ਵੱਡੀਆਂ ਮਿੱਲਾਂ, ਫ਼ੈਕਟਰੀਆਂ 'ਤੇ ਸਿਰਫ਼ ਬਿਜਲੀ ਦਾ ਹੀ ਲੱਖਾਂ ਦਾ ਬਕਾਇਆ ਏ, ਉਹਨਾਂ ਤੋਂ ਵਸੂਲਣ ਦੀ ਹਿੰਮਤ ਤੁਹਾਡੇ ਪਿਉ ਕੋਲ ਨਹੀਂ ਏ। ਸਾਰਾ ਕਾਨੂੰਨ ਸਿਰਫ਼ ਕਿਸਾਨਾਂ, ਮਜਦੂਰਾਂ ਲਈ ਏ?

ਫਿਰ ਇਕ ਹੱਥ ਨਾਲ ਕੰਨ ਖੁਰਕ ਕੇ ਤੇ ਦੂਜੀ ਉਂਗਲੀ ਅਮੀਨ ਵੱਲ ਚੁੱਕ ਕੇ ਗਾਉਣ ਲੱਗਦਾ ਏ-

ਜੇਕਰ ਲੱਖ ਰੁਪਈਆ ਬਾਕੀ
ਓਕਰ ਤਲੂਆ ਅਮਿਨਵਾ ਚਾਟੀ
ਸੌ-ਸੌ ਸਬਕੈ ਮਾ ਪਰਾ।

ਜੇਕਰ ਲੱਖ ਰੁਪਈਆ ਬਾਕੀ ਭੀੜ 'ਚ ਹਾਸੇ ਦੀ ਲਹਿਰ ਦੌੜ ਜਾਂਦੀ ਏ। ਅਜਿਹਾ ਇਲਜ਼ਾਮ! ਅਜਿਹੀ ਗਾਲ੍ਹ! ਅਮੀਨ ਨੂੰ ਲੱਗਾ ਕਿ ਉਸਨੂੰ ਨੰਗਾ ਕਰ ਦਿੱਤਾ ਗਿਆ ਏ। ਉਸਨੇ ਡਾਂਟਣਾ ਸ਼ੁਰੂ ਕਰ ਦਿੱਤਾ-ਕੀ ਚਾਹੁੰਦੇ ਹੋ ਤੁਸੀਂ ਲੋਕ? ਦੰਗਾ-ਫ਼ਸਾਦ ਕਰਨ ਦਾ ਇਰਾਦਾ ਏ? ਕਾਨੂੰਨ ਆਪਣੇ ਹੱਥ 'ਚ ਲਵੋਗੇ? ਲੈਣ ਸਮੇਂ ਮਿੱਠਾ ਲੱਗਦਾ ਏ, ਮੋੜਣ ਸਮੇਂ ਕੌੜਾ? ਹੁਣੇ ਤਹਿਸੀਲਦਾਰ ਸਾਹਬ ਫ਼ੋਰਸ ਲੈ ਕੇ ਆ ਰਹੇ ਨੇ। ਉਹਨਾਂ ਨੂੰ ਦਿਖਾਣੀ ਇਹ ਤਾਕਤ।

ਪਰ ਅੰਦਰ ਹੀ ਅੰਦਰ ਉਹ ਡਰ ਗਿਆ। ਬਕਾਏ ਦਾ ਰਜਿਸਟਰ ਮੋੜ ਕੇ ਝੋਲੇ 'ਚ ਪਾਇਆ। ਭੀੜ ਦਾ ਕੀ ਭਰੋਸਾ। ਰਜਿਸਟਰ ਹੀ ਖੋਹ ਕੇ ਸਾੜ ਦੇਵੇ। ਉਹ ਆਪਣੇ ਚਪੜਾਸੀ ਨੂੰ

ਲੱਭ ਰਿਹਾ ਏ। ਪਤਾ ਨਹੀਂ ਕਿੱਥੇ ਗ਼ਾਇਬ ਹੋ ਗਿਆ ਏ! ਅੱਜ ਕੁਝ ਹੋਇਆ ਤਾਂ ਇਸਨੂੰ ਖੜ੍ਹੇ-ਖਲੋਤੇ ਬਰਖ਼ਾਸਤ ਕਰਵਾ ਦਿਆਂਗਾ।

ਅਮੀਨ ਨੂੰ ਕੀ ਪਤਾ ਸੀ ਜਿਸ ਗੀਤ ਦੀ ਚੋਭ ਨਾਲ ਉਹ ਇੰਨਾ ਤਿਲਮਿਲਾ ਗਿਆ ਏ ਉਸਦੇ ਅਸਲੀ ਕਰਨ ਵਾਲੇ ਪੁਰਸ਼ ਜਨਨਾਂਗ ਦੇ ਫ਼ੜਕਣ ਦੇ ਸਮਾਨਾਰਥਕ ਦੀ ਥਾਂ 'ਤਾਲੂਆ' ਰੱਖ ਕੇ ਬੁੱਢਾ ਇਸਦੀ ਧਾਰ ਨੂੰ ਪਹਿਲਾਂ ਹੀ ਕਿੰਨਾ ਖੁੰਢਾ ਕਰ ਚੁੱਕਿਆ ਏ।

ਭਲਵਾਨ ਦੀ ਬੇਇੱਜ਼ਤੀ ਇਲਾਕੇ ਦੀ ਬੇਇੱਜ਼ਤੀ ਏ। ਭੀੜ 'ਚੋਂ ਆਵਾਜ਼ ਆਉਂਦੀ ਏ।

ਭਲਵਾਨ ਕੁਰਸੀ ਤੋਂ ਉਤਰਦਾ ਹੈ ਤੇ ਹੱਥ ਜੋੜ ਕੇ ਭੀੜ ਨੂੰ ਕਹਿੰਦਾ ਹੈ-ਇਸ 'ਚ ਕੇਹੀ ਬੇਇੱਜ਼ਤੀ ਭਰਾਓ! ਖਾਧੇ ਨੇ ਤਾਂ ਮੋੜਨੇ ਤਾਂ ਪੈਣਗੇ। ਗੱਲਾਂ ਕਰਨ ਨਾਲ ਕੀ ਹੋਵੇਗਾ? ਤੁਸੀਂ ਲੋਕ ਆਪਣੇ ਆਪਣੇ ਘਰ ਜਾਓ।

ਸਾਹਮਣੇ ਆਉਣ ਤੋਂ ਪਹਿਲਾਂ ਇਕ ਮਿੰਟ ਤੱਕ ਪਿੱਛੇ ਰੁਕ ਕੇ ਹਾਲਾਤ ਦਾ ਜਾਇਜ਼ਾ ਲੈਂਦਾ ਏ ਪੀ.ਸੀ.ਐੱਸ.।

ਖ਼ੁਦ ਪਹਿਲੀ ਸ਼੍ਰੇਣੀ 'ਚ ਪਾਸ ਹੋਣ ਵਾਲਾ ਮੁੰਡਾ ਆ ਰਿਹਾ ਹੈ। ਰਾਜੇਸ਼ਵਰ ਉਰਫ਼ ਪੀ.ਸੀ.ਐੱਸ.। ਐੱਮ.ਏ. ਫ਼ਿਲਾਸਫ਼ੀ 'ਚ ਟੌਪ ਕੀਤਾ ਹੈ। ਉਸਦੇ ਪਿਤਾ ਰਘੁਨੰਦਨ ਰਾਏ ਦਾ ਅਰਮਾਨ ਸੀ ਕਿ ਆਈ.ਏ.ਐੱਸ. ਨਹੀਂ ਤਾਂ ਪਿੰਡ ਦੇ ਦੂਸਰੇ ਮੁੰਡਿਆਂ ਵਾਂਗੂੰ ਪੀ.ਸੀ.ਐੱਸ. ਤਾਂ ਬਣੇ ਉਸਦਾ ਪੁੱਤਰ। ਪਰ ਪਤਾ ਨਹੀਂ ਕਿਸ ਮਾੜੀ ਘੜੀ 'ਚ ਉਸਨੂੰ ਵਿਦਿਆਰਥੀ ਰਾਜਨੀਤੀ ਦਾ ਰੋਗ ਲੱਗ ਗਿਆ। ਹੁਣ ਉਸਦਾ ਇਕ ਪੈਰ ਪਿੰਡ 'ਚ ਰਹਿੰਦਾ ਹੈ ਤਾਂ ਦੂਸਰਾ ਦਿੱਲੀ, ਲਖਨਊ ਜਾਂ ਇਲਾਹਾਬਾਦ। ਸ਼ੁਰੂ 'ਚ ਮਜ਼ਾਕ 'ਚ ਲੋਕਾਂ ਨੇ ਉਸਨੂੰ ਪੀ.ਸੀ.ਐੱਸ. ਕਹਿਣਾ ਕੀ ਸ਼ੁਰੂ ਕੀਤਾ, ਹੁਣ ਪਿੰਡ 'ਚ ਏਹੀ ਉਸਦਾ ਨਾਂ ਚੱਲ ਪਿਆ ਹੈ।

ਮਿਡਲ ਸਕੂਲ ਦੇ ਰੀਟਾਇਰਡ ਤਿਵਾੜੀ 'ਪੰਡਿਤ ਜੀ' ਕਹਿੰਦੇ ਨੇ-ਇਹ, ਇਸ ਪਿੰਡ ਦੀ ਤੇ ਰਘੁਨੰਦਨ ਦੀ ਮਾੜੀ ਕਿਸਮਤ ਏ ਕਿ ਇੰਨਾ ਹੋਣਹਾਰ ਲੜਕਾ ਕੁਸੰਗਤ 'ਚ ਪੈ ਕੇ ਕੁਰਾਹੇ ਪੈ ਗਿਆ ਏ। ਨਹੀਂ ਤਾਂ ਉਸ ਜਿਹਾ ਦਲੀਲ ਵਾਲਾ, ਉਸ ਵਰਗਾ ਸਿਆਣਾ ਭਾਸ਼ਣ ਦੇਣ ਵਾਲਾ ਵਕਤਾ ਕਿਹੜਾ ਏ ਪਿੰਡ 'ਚ?

ਭਲਵਾਨ ਤਾਂ ਪੂਰੇ ਪਿੰਡ ਦਾ 'ਨੱਕ' ਏ। ਅਜਿਹੇ ਪਿੰਡ ਦਾ ਜਿਸ 'ਚ ਡੀ. ਐੱਮ., ਐੱਸ. ਡੀ .ਐੱਮ., ਡਾਕਟਰ, ਇੰਜੀਨਿਅਰ ਤੇ ਜੱਜ ਤੋਂ ਲੈ ਕੇ ਦਰਜਨਾਂ ਲੈਕਚਰਾਰ, ਵਕੀਲ, ਥਾਣੇਦਾਰ ਤੱਕ ਪੈਦਾ ਹੋਏ ਹਨ। ਉਸ ਪਿੰਡ ਦੀ ਇੱਜ਼ਤ ਦੋ ਪੈਸੇ ਦੇ ਅਮੀਨ ਦੇ ਹੱਥੋਂ ਨੀਲਾਮ ਹੋਵੇਗੀ।

-ਹਟੋ ਸਾਰੇ ਲੋਕ, ਇਕ ਪਾਸੇ। ਕੀ ਗੱਲ ਏ? ਉਹ ਧੜਾਧੜ ਕਰਕੇ ਭੀੜ ਦੇ 'ਚਕਾਰ 'ਚ ਅਪੜਦਾ ਏ ਤੇ ਅਮੀਨ ਦੀਆਂ ਅੱਖਾਂ 'ਚ ਅੱਖ ਪਾ ਕੇ ਪੁੱਛਦਾ ਏ-ਲੈਂਡ ਰੇਵਨਿਊ ਦੀ ਵਸੂਲੀ ਦਾ ਪ੍ਰੋਸੀਜ਼ਰ ਤਾਂ ਪੜ੍ਹਿਆ ਹੋਵੇਗਾ ਟ੍ਰੇਨਿੰਗ 'ਚ? ਕਿ ਬਿਨਾਂ ਟ੍ਰੇਨਿੰਗ ਦੇ ਹੀ ਬਸਤਾ ਫੜਾ ਦਿੱਤਾ ਗਿਆ ਏ? ਇਕਵਾਰਗੀ ਕਿੱਦਾਂ ਫੜੋਗੇ? ਪਹਿਲਾਂ ਸਾਈਟੇਸ਼ਨ ਨੋਟਿਸ ਜਾਰੀ ਕਰੋਗੇ ਕਿ ਨਹੀਂ? ਹਫ਼ਤੇ ਦਸ ਦਿਨ ਦੀ ਮੋਹਲਤ ਦਿਓਗੇ ਕਿ ਨਹੀਂ? ਕਦੋਂ ਦਿੱਤਾ ਨੋਟਿਸ? ਕਿਸਨੂੰ ਦਿੱਤਾ? ਚਾਚਾ, ਤੁਹਾਨੂੰ ਕੋਈ ਨੋਟਿਸ ਮਿਲਿਆ ਏ?

ਭਲਵਾਨ ਤਾਂ ਕੁਝ ਬੋਲਦਾ ਨਹੀਂ। ਉਹਨੇ ਹੌਲੀ ਜਿਹੇ ਸਿਰ ਨਾਂਹ 'ਚ ਹਿਲਾਇਆ। -ਪਹਿਲਾਂ ਸਾਈਟੇਸ਼ਨ ਨੋਟਿਸ ਵਿਖਾਓ। ਫਿਰ ਅਰੈਸਟ ਵਾਰੰਟ ਵਿਖਾਓ। ਤਾਂ ਫੜਨ ਦੀ ਗੱਲ ਸੋਚਣਾ।



ਅਮੀਨ ਭੀੜ ਦੇਖਕੇ ਹੀ ਡਰ ਰਿਹਾ ਸੀ। ਹੁਣ ਇਹ ਕਾਨੂੰਨੀ ਭਤੀਜਾ ਵੀ ਆ ਗਿਆ। ਨੋਟਿਸ ਜਾਰੀ ਕਰਨ ਦਾ ਕਾਨੂੰਨ ਤਾਂ ਬਣਾ ਦਿੱਤਾ ਗਿਆ ਅਫ਼ਸਰਾਂ ਵੱਲੋਂ ਪਰ ਨੋਟਿਸ ਦੇਣ ਦੀ ਕਾਰਵਾਈ ਕਿੱਥੋਂ ਤੱਕ ਕਰ ਸਕਦਾ ਏ ਕੋਈ? ਬੜੀ ਮੁਸ਼ਕਿਲ ਨਾਲ ਤਾਂ ਦੇਣਦਾਰ ਪਕੜ 'ਚ ਆਉਂਦਾ ਏ। ਕਦੋਂ ਕਿੱਥੇ ਕੌਣ ਪਕੜ 'ਚ ਆ ਜਾਏ ਤਾਂ ਉਸਨੂੰ ਫੜਣਗੇ ਕਿ ਨੋਟਿਸ ਜਾਰੀ ਕਰਾਉਂਦੇ ਫਿਰਨਗੇ। ਪਰ ਗੱਲ ਫਸਦੀ ਏ ਤਾਂ ਉੱਤੋਂ ਅਧਿਕਾਰੀ ਸਾਰੀ ਗ਼ਲਤੀ ਮਾਤਹਿੱਤਾਂ ਦੀ ਹੀ ਕੱਢਦੇ ਨੇ। ਸਮੇਂ ਦੀ ਨਜ਼ਾਕਤ ਦੇਖਕੇ ਉਹ ਹਾਲਾਤ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਾ ਏ-ਤੁਸੀਂ ਤਾਂ ਪੜ੍ਹੇ ਲਿਖੇ ਆਦਮੀ ਲੱਗਦੇ ਹੋ। ਤੁਸੀਂ ਹੀ ਦੱਸੋ।

-ਦੱਸ ਤਾਂ ਰਿਹਾ ਹਾਂ। ਰਾਜੇਸ਼ਵਰ ਰੁੱਖੇਪਣ ਨਾਲ ਬੋਲਦਾ ਏ, ਹਿੰਦੁਸਤਾਨ ਸੰਨ '47 'ਚ ਆਜ਼ਾਦ ਹੋ ਚੁੱਕਿਆ ਏ। ਸੱਠ ਸਾਲ ਪਹਿਲਾਂ। ਤੁਸੀਂ ਅੰਗ੍ਰੇਜ਼ਾਂ ਦੇ ਨਹੀਂ, ਹਿੰਦੁਸਤਾਨੀ ਜਨਤਾ ਦੇ ਨੌਕਰ ਹੋ। ਜਨਤਾ ਦੇ ਨੌਕਰ ਹੋ ਕੇ ਜਨਤਾ ਨੂੰ, ਗ਼ੈਰਕਾਨੂੰਨੀ ਢੰਗ ਨਾਲ ਪਰੇਸ਼ਾਨ ਕਰੋਗੇ?

-ਇਸ 'ਚ ਗ਼ੈਰਕਾਨੂੰਨੀ ਕੀ ਏ ? ਕਰਜ਼ਾ ਲਿਆ ਏ ਇਹ ਸੱਚ ਏ ਕਿ ਝੂਠ? ਸਾਡਾ ਹਰਕਾਰਾ ਇਕ ਦਰਜਨ ਵਾਰ ਦਰਵਾਜ਼ੇ 'ਤੇ ਜਾ ਕੇ ਤਾਕੀਦ ਕਰ ਚੁੱਕਿਆ ਏ। ਇਹ ਸਹੀ ਏ ਕਿ ਝੂਠ? ਫਿਰ ਵੀ ਅਸੀਂ ਕਹਿੰਦੇ ਹਾਂ ਕਿ ਹਵਾਲਾਤ 'ਚ ਬੰਦ ਕਰਨ ਦਾ ਸਾਨੂੰ ਕੋਈ ਸ਼ੌਕ ਨਹੀਂ ਏ। ਅੱਜ ਭੁਗਤਾਨ ਨਹੀਂ ਕਰ ਸਕਦੇ ਤਾਂ ਹੁਣੇ ਤਹਿਸੀਲਦਾਰ ਸਾਹਬ ਖ਼ੁਦ ਆ ਰਹੇ ਨੇ। ਉਹਨਾਂ ਦੇ ਸਾਹਮਣੇ ਦੋ ਆਦਮੀ ਜ਼ਮਾਨਤ ਲੈ ਲੈਣ ਕਿ ਹਫ਼ਤੇ ਦਸ ਦਿਨ 'ਚ ਮੂਲ-ਵਿਆਜ ਅਦਾ ਹੋ ਜਾਏਗਾ ਤਾਂ ਛੱਡ ਦੇਣਗੇ।

-ਓਏ ਹੁਣ ਫੜਿਆ ਹੀ ਗ਼ੈਰਕਾਨੂੰਨੀ ਏ ਤਾਂ ਜ਼ਮਾਨਤ ਦੇਣ ਤੇ ਛੱਡਣ ਦੀ ਗੱਲ ਕਿੱਥੋਂ 'ਚ ਆ ਗਈ? ਪੀ.ਸੀ.ਐੱਸ. ਨੇ ਭਲਵਾਨ ਦੀ ਬਾਂਹ ਫੜਕੇ ਉਠਾਉਂਦੇ ਹੋਏ ਕਿਹਾ-ਚੱਲੋ ਚਾਚਾ ਜੀ।

ਭਲਵਾਨ ਸੁਣਦਾ ਆਇਆ ਸੀ ਕਿ ਕਾਨੂੰਨੀ ਜ਼ੋਰ ਦੇ ਸਾਹਮਣੇ ਸਰੀਰਕ ਤਾਕਤ ਘੱਟ ਨਹੀਂ ਹੁੰਦੀ। ਕਾਨੂੰਨ ਦੀ ਮਾਇਆ ਬੇਅੰਤ ਹੁੰਦੀ ਏ। ਇਸ ਲਈ ਡਰ ਰਿਹਾ ਸੀ। ਪਰ ਪੀ.ਸੀ.ਐੱਸ. ਦੇ ਕਾਨੂੰਨ ਨਾਲ ਹੀ ਅਮੀਨ ਨੂੰ ਹਾਰਦਾ ਹੋਇਆ ਦੇਖ ਕੇ ਉੱਠ ਖਲੋਤਾ। ਜਾਂਦੇ-ਜਾਂਦੇ ਅਮੀਨ ਨੂੰ ਕਿਹਾ-ਬਕਾਇਆ ਤਾਂ ਦੇਣਾ ਹੀ ਏ ਅਮੀਨ ਸਾਹੇਬ। ਜੁਗਾੜ ਨਹੀਂ ਬਣਿਆ। ਖ਼ਰਚੇ 'ਤੇ ਖ਼ਰਚਾ ਆ ਗਿਆ। ਇਸ ਲਈ ਅਦਾ ਨਹੀਂ ਕਰ ਸਕੇ। ਹੁਣ ਅੱਗੇ ਤੋਂ ਕਹਿਣਾ ਨਹੀਂ ਪਵੇਗਾ। ਜਿੰਦਾਂ ਹੀ ਹੋਵੇਗਾ ਪਹਿਲਾਂ ਸਰਕਾਰੀ ਕਰਜ਼ਾ ਮੋੜਾਂਗੇ।

ਭਲਵਾਨ ਤੁਰਿਆ ਤਾਂ ਪਬਲਿਕ ਨੇ ਖ਼ੁਸ਼ੀ ਨਾਲ ਕਿਹਾ, ਬੋਲੋ,

ਸਿਆਵਰ ਰਾਮ ਚੰਦ੍ਰ ਕੀ ਜੈ।

ਭਲਵਾਨ ਨੂੰ ਆਪਣੇ ਸਰੀਰ 'ਚ ਇੰਨੀ ਤਾਕਤ ਮਹਿਸੂਸ ਨਹੀਂ ਹੋ ਰਹੀ ਸੀ ਕਿ ਸਾਈਕਲ 'ਤੇ ਚੜ੍ਹ ਜਾਵੇ। ਪੈਦਲ ਹੀ ਪੈਰ ਘਸੀਟਦਾ, ਸਾਈਕਲ ਦਾ ਸਹਾਰਾ ਲਈ ਪਿੰਡ ਤੱਕ ਪਹੁੰਚਿਆ। ਪਹਿਲਵਾਨਣ ਸੜਕ ਦੇ ਮੋੜ 'ਤੇ ਹੀ ਇੰਤਜ਼ਾਰ ਕਰਦੀ ਖਲੋਤੀ ਸੀ। ਭਲਵਾਨ ਦਾ ਚਿਹਰਾ ਕਾਲਾ ਸਿਆਹ ਤੇ ਵੀਰਾਨ ਜਿਹਾ ਸੀ। ਪਾਣੀ ਪੀਣ ਦੀ ਪੱਪੂ ਦੀ ਮਾਂ ਦੀ ਬੇਨਤੀ ਨੂੰ ਅਣਸੁਣਿਆ ਕਰਕੇ ਉਹ ਢਾਰੇ 'ਚ ਪਈ ਮੰਜੀ 'ਤੇ ਡਿੱਗ ਪਿਆ ਸੀ।

ਪੱਪੂ ਦੀ ਮਾਂ ਨੂੰ ਉਹਨੇ ਇਸ਼ਾਰੇ ਨਾਲ ਦੱਸਿਆ ਕਿ ਉਹਨੂੰ ਚੁੱਪਚਾਪ ਪਿਆ ਰਹਿਣ ਦੇਵੇ। ਉਹ ਜਾਣਦਾ ਕਿ ਇਸ ਤਰ੍ਹਾਂ ਬੇਇੱਜ਼ਤ ਹੋਣ ਦੀ ਨੌਬਤ ਆ ਜਾਏਗੀ ਤਾਂ ਘਰਵਾਲੀ ਦਾ ਇਕ-ਅੱਧਾ ਗਹਿਣਾ ਵੇਚ ਕੇ ਹੀ ਅਦਾ ਕਰ ਦਿੰਦਾ। ਇੱਧਰ ਤਿੰਨ ਚਾਰ ਸਾਲ 'ਚ ਅਜਿਹਾ ਕੋਈ ਸਾਲ ਨਹੀਂ ਲੰਘਿਆ ਜਦੋਂ ਉਹ ਵੱਡੇ ਖ਼ਰਚ ਦੀ ਲਪੇਟ 'ਚ ਨਾ ਆਇਆ ਹੋਵੇ। ਹੁਣੇ-ਹੁਣੇ ਹੀ

ਪੁੱਤਰ ਦੀ ਇੰਜੀਨਿਅਰਿੰਗ ਦੀ ਫ਼ੀਸ ਜ਼ਮਾਂ ਕਰਾਉਣ ਲਈ ਘਰ ਦੀ ਸਾਰੀ ਬਚਾਈ ਪੂੰਜੀ ਸਾਫ਼ ਹੋ ਗਈ। ਪਿਛਲੇ ਸਾਲ ਧੀ ਵਿਆਹੁਣ ਲਈ ਪੈਲੀ ਗਹਿਣੇ ਰੱਖਣੀ ਪਈ। ਉਸਤੋਂ ਪਿਛਲੇ ਸਾਲ ਟਿਊਬਵੈੱਲ ਦੀਆਂ ਬਾਕੀ ਰਹਿ ਗਈਆਂ ਕਿਸ਼ਤਾਂ ਦੇ ਹੁੰਦਿਆਂ ਬੈਂਕ ਵਾਲੇ ਮੋਟਰ ਤੇ ਪੱਖਾ ਚੁੱਕ ਕੇ ਲੈ ਜਾਣ ਦੀ ਧਮਕੀ ਦੇ ਗਏ ਤਾਂ ਵਿਆਜ ਸਮੇਤ ਅੱਠ ਬਕਾਇਆ ਕਿਸ਼ਤਾਂ ਇਕਦਮ ਦੇਣੀਆਂ ਪਈਆਂ। ਖ਼ਾਦ ਦਾ ਇਹ ਕਰਜ਼ਾ ਉਸ ਤੋਂ ਵੀ ਇਕ ਸਾਲ ਪਹਿਲਾਂ ਦਾ ਏ। ਸੋਚਿਆ ਹੀ ਨਹੀਂ ਸੀ ਕਿ ਵੀਹ-ਬਾਈ ਸੌ ਦਾ ਇਹ ਕਰਜ਼ਾ ਇੰਨਾ ਭਾਰੀ ਪਵੇਗਾ ਕਿ ਜੇਲ੍ਹ ਜਾਣ ਦੀ ਨੌਬਤ ਆ ਜਾਏਗੀ।

ਉਸਦਾ ਭਾਪਾ ਆਪਣੇ ਬਾਪੂ ਬਾਰੇ ਦੱਸਦਾ ਸੀ। ਪੰਜਾਹ-ਸੱਠ ਸਾਲ ਪਹਿਲਾਂ ਦੀ ਘਟਨਾ ਏ ਕਿ ਇਕ ਵਾਰ ਬਾਬਾ ਘਰ ਦੇ ਵਰਾਂਡੇ 'ਚ ਬਹਿ ਕੇ ਦੁਪਹਿਰ ਦਾ ਖਾਣਾ ਖਾ ਰਿਹਾ ਸੀ ਤਾਂ ਦਾਦੀ ਦੇ ਮਨਾ ਕਰਦਿਆਂ-ਕਰਦਿਆਂ ਭਾਪੇ ਦੇ ਛੋਟੇ ਭਰਾ ਨੇ ਅੰਦਰ ਆ ਕੇ ਦੱਸਿਆ ਕਿ ਮਾਲ ਗੁਜ਼ਾਰੀ ਵਸੂਲਣ ਵਾਲੇ ਆਏ ਨੇ। ਸੁਣ ਕੇ ਬਾਬੇ ਦੇ ਹੱਥੋਂ ਗਰਾਹੀ ਛੁਟ ਕੇ ਥਾਲੀ 'ਚ ਡਿੱਗ ਪਈ। ਬਾਬੇ ਤੋਂ ਅੱਗੇ ਖਾਣਾ ਨਾ ਖਾਧਾ ਗਿਆ। ਉਹ ਉੱਠ ਪਿਆ। ਹੱਥ ਮੂੰਹ ਧੋਤਾ ਤੇ ਕੋਠੜੀ 'ਚ ਪਈ ਮੰਜੀ 'ਤੇ ਜਾ ਲੇਟਿਆ।

ਦਾਦੀ ਨੇ ਪਹਿਲਾਂ ਪੁੱਤਰ ਨੂੰ ਡਾਂਟਿਆ-ਏਹੀ ਸਮਾਂ ਸੀ ਅਜਿਹੀ ਖ਼ਬਰ ਦੇਣ ਲਈ। ਦੋ ਗਰਾਹੀਆਂ ਚੈਨ ਨਾਲ ਖਾ ਲੈਣ ਦੇਂਦਾ।

ਫਿਰ ਕਿਹਾ-ਕੋਈ ਪੁੱਛਣ ਆਏ ਤਾਂ ਕਹਿਣਾ, ਘਰ ਨਹੀਂ। ਰਿਸ਼ਤੇਦਾਰੀ 'ਚ ਗਏ ਨੇ। ਕਦੋਂ ਆਉਣਗੇ, ਪਤਾ ਨਹੀਂ।

ਬਾਬਾ ਸ਼ਾਮ ਤੱਕ, ਜਦੋਂ ਤੱਕ ਪਤਾ ਨਾ ਲੱਗਾ ਕਿ ਜ਼ਿਲ੍ਹੇਦਾਰ ਵਾਪਸ ਚਲਾ ਗਿਆ, ਬਾਹਰ ਨਹੀਂ ਨਿਕਲਿਆ।

ਭਾਪਾ ਦੱਸਦਾ ਸੀ ਕਿ ਦੱਸ-ਪੰਜ ਰੁਪਏ ਈ ਦੇਣੇ ਹੁੰਦੇ ਸਨ ਪਰ ਇੰਨੀ ਛੋਟੀ ਰਕਮ ਵੀ ਨਹੀਂ ਜੁੜਦੀ ਸੀ। ਗਾਲ੍ਹ-ਗਲੋਚ ਸੁਣਨਾ ਪੈਂਦਾ, ਮਾਰਕੁੱਟ ਸਹਿਣੀ ਪੈਂਦੀ ਸੀ। ਉਹ ਜ਼ਿਮੀਂਦਾਰੀ ਦਾ ਜ਼ਮਾਨਾ ਸੀ। ਅੱਜ ਏਨੇ ਦਿਨਾਂ ਮਗਰੋਂ ਵੀ ਕਿਸਾਨਾਂ ਦੀ ਜ਼ਿੰਦਗੀ 'ਚ ਬਹੁਤਾ ਕੁਝ ਨਹੀਂ ਬਦਲਿਆ, ਜਿੰਨਾ ਬਦਲਣਾ ਚਾਹੀਦਾ ਸੀ।

ਮੂਧੇ ਮੂੰਹ ਪਏ ਭਲਵਾਨ ਨੇ ਪਾਸਾ ਪਰਤਿਆ ਤਾਂ ਸਾਹਮਣੇ ਕਿੱਲੀ 'ਤੇ ਰੱਖੀ ਟੰਗੀ ਆਪਣੀ ਫ਼ੋਟੋ 'ਤੇ ਨਜ਼ਰ ਪਈ। ਰਾਮਨਗਰ ਮੇਲੇ 'ਚ ਦੰਗਲ 'ਚ ਹਰਿਆਣਵੀ ਭਲਵਾਨ ਨੂੰ ਚਿੱਤ ਕਰਨ 'ਤੇ ਐਮ. ਐਲ. ਏ. ਜੀ ਨੇ ਉਹਨੂੰ ਚਾਂਦੀ ਦੀ ਇਹ ਗਦਾ, ਭੇਂਟ ਕੀਤੀ ਸੀ। ਉਸੇ ਗਦਾ ਨੂੰ ਐਮ. ਐਲ. ਏ. ਜੀ ਦੇ ਹੱਥ ਤੋਂ ਪ੍ਰਾਪਤ ਕਰਦਿਆਂ ਦੀ ਖਿੱਚੀ ਗਈ ਫ਼ੋਟੋ। ਉਹਦੀਆਂ ਬਾਹਵਾਂ, ਜਾਂਘਾਂ, ਕਿੰਨੀਆਂ ਮਜਬੂਤ ਸਨ। ਸੀਨਾ ਕਿੰਨਾ ਚੌੜਾ ਸੀ। ਅੱਜ ਉਹਨੂੰ ਉਸ ਤੋਂ ਇਕ ਹੱਥ ਛੋਟੇ ਮਰਿਅਲ ਜਿਹੇ ਅਮੀਨ ਨੇ ਅਜਿਹਾ ਚਿੱਤ ਕੀਤਾ ਕਿ ਉਹ ਕਰਾਹ ਵੀ ਨਹੀਂ ਸਕਿਆ ਸੀ। ਅਖਾੜੇ 'ਚ ਸਿੱਖੇ ਸਾਰੇ ਦਾਅ ਜ਼ਿੰਦਗੀ ਦੇ ਇਸ ਰਣਖੇਤਰ 'ਚ ਬੇਕਾਰ ਸਾਬਤ ਹੋ ਗਏ ਨੇ।

ਪਏ ਪਏ ਸ਼ਾਮ ਹੋ ਗਈ। ਚਿੜੀਆਂ ਦੀ ਚਹਿਕ ਘੱਟ ਗਈ। ਹਨੇਰਾ ਫੈਲ ਗਿਆ। ਭਲਵਾਨ ਦੇ ਮਨ 'ਚ ਫੈਲਿਆ ਹਨੇਰਾ ਬਾਹਰ ਦੇ ਹਨੇਰੇ ਤੋਂ ਵੀ ਜ਼ਿਆਦਾ ਸੰਘਣਾ ਸੀ। ਉਹਨੂੰ ਲੱਗਿਆ ਕਿ ਮੰਜੀ ਕਿਸ਼ਤੀ ਬਣ ਗਈ ਏ ਤੇ ਹੌਲੀ-ਹੌਲੀ ਡੋਲ ਰਹੀ ਏ। ਮੰਜੀ ਹੀ ਡੋਲ ਰਹੀ ਏ ਜਾਂ ਢਾਰਾ ਵੀ?

ਜੋਗੀ ਦੀ ਮਾਂ ਨੂੰ ਲੱਗਿਆ ਕਿ ਸਦਮਾ ਡੂੰਘਾ ਏ। ਸਾਰੀ ਰਾਤ ਪਿਆ ਹੀ ਰਹੇਗਾ।



ਉੱਠਣ ਦੇ ਲੱਛਣ ਨਹੀਂ ਦਿੱਸਦੇ। ਤਾਂ ਉਹ ਖੇਲਾਵਨ ਨੂੰ ਬੁਲਾ ਲਿਆਈ। ਖ਼ਬਰ ਸੁਣਕੇ ਹੋਰ ਵੀ ਚਾਰ-ਛੇ-ਲੋਕ ਆ ਗਏ।

ਸਾਰੇ ਲੋਕ ਦੇਰ ਤੱਕ ਭਲਵਾਨ ਨੂੰ ਊਚ-ਨੀਚ ਸਮਝਾਉਂਦੇ ਰਹੇ। ਕਿਸਾਨ ਦੇ ਘਰ 'ਚ ਜਨਮ ਲੈ ਕੇ ਨਾ ਪਹਿਲਾਂ ਕੋਈ ਸੁਖੀ ਰਿਹਾ ਏ, ਨਾ ਅੱਗੇ ਕੋਈ ਰਹੇਗਾ। ਇਹਨਾਂ ਹਾਲਾਤਾਂ 'ਚ ਜ਼ਿੰਦਗੀ ਦੀ ਬੇੜੀ ਚੱਲਦੀ ਰਹਿਣੀ ਏ।

ਭਲਵਾਨ ਕੁਝ ਬੋਲ ਨਹੀਂ ਰਿਹਾ ਸੀ। ਸਿਰਫ਼ ਸੁਣ ਰਿਹਾ ਸੀ।

-ਜਿਹਨਾਂ ਕਿਸਾਨਾਂ ਦਾ ਸਭ ਕੁਝ ਬਣਿਆ-ਸੰਭਾਲਿਆ ਦੇਖਦੇ ਹੋ ਉਹ ਵੀ ਝੂਠ ਏ। ਉਹਨਾਂ ਦੇ ਘਰ 'ਚ ਜ਼ਰੂਰ-ਬਾਹਰ ਤੋਂ ਚਾਰ ਪੈਸੇ ਭੇਜਣ ਵਾਲਾ ਕੋਈ ਹੋਵੇਗਾ। ਖੇਤੀ ਦੀ ਕਮਾਈ ਨਾਲ ਖੇਤੀ ਦਾ ਹੀ ਖ਼ਰਚਾ ਪੂਰਾ ਨਹੀਂ ਕਰ ਸਕਦਾ, ਕੋਈ ਮਾਈ ਦਾ ਲਾਲ।

-ਦੂਸਰੇ ਦੇਸ਼ਾਂ ਦੀ ਕੀ ਹਾਲਤ ਏ, ਭਾਈ? ਕੀ ਪੂਰੀ ਦੁਨੀਆ ਦੇ ਕਿਸਾਨ ਇਸੇ ਤਰ੍ਹਾਂ ਨੇ? ਨਾ ਮਰਨ 'ਚ ਨਾ ਜੀਣ 'ਚ। ਕੋਈ ਖੇਲਾਵਨ ਤੋਂ ਪੁੱਛਦਾ ਏ।

-ਅਜਿਹਾ ਨਹੀਂ ਏ। ਪੱਛਮ ਦੇ ਦੇਸ਼ਾਂ 'ਚ ਕਿਸਾਨਾਂ ਨੂੰ ਵੀ ਭਾਰੀ ਸਬਸਿਡੀ ਦਿੱਤੀ ਜਾਂਦੀ ਏ। ਸਸਤੇ ਦਰ ਤੇ ਖ਼ਾਦ, ਬਿਜਲੀ, ਬੀਜ, ਦਵਾਈ ਵਗ਼ੈਰਾ। ਮੈਂ ਕਿਧਰੇ ਪੜ੍ਹਿਆ ਸੀ, ਅਮਰੀਕਾ ਆਪਣੇ ਪਿੰਡਾਂ ਨੂੰ ਰੋਜ਼ ਚੌਵੀ ਡਾਲਰ ਦੀ ਸਬਸਿਡੀ ਦੇਂਦਾ ਏ।

-ਇਕ ਡਾਲਰ ਕਿੰਨੇ ਦਾ ਹੁੰਦਾ ਏ?

-ਪੰਜਾਹ ਦੇ ਨੋਟ ਮੰਨੋ ਤਾਂ ਹਜ਼ਾਰ ਰੁਪਏ ਤੋਂ 'ਤੇ ।

-ਚੌਵੀ ਡਾਲਰ ਰੁਪਏ? ਅਜਿਹਾ ਕਿਧਰੇ ਹੋ ਸਕਦਾ ਏ ?

-ਬਿਲਕੁਲ, ਅਜਿਹਾ ਹੀ। ਖੇਲਾਵਨ ਜ਼ੋਰ ਦੇ ਕੇ ਕਹਿੰਦਾ ਹੈ-ਤਾਂ ਜਾਂ ਕੇ ਉੱਥੋਂ ਦੇ ਕਿਸਾਨਾਂ ਨੂੰ ਪਲੋਸਦਾ ਏ। ਸਾਡੇ ਏਥੇ ਕਿਸਾਨਾਂ ਦੇ ਬਾਰੇ 'ਚ ਇਸ ਤਰ੍ਹਾਂ ਸੋਚਣ ਵਾਲਾ ਕੌਣ ਏ?

ਸਾਡੇ ਏਥੇ ਕਿਉਂ ਨਹੀਂ ਸੋਚਿਆ ਜਾਂਦਾ ?

-ਸਾਡੇ ਏਥੇ ਉਸਦੇ ਦੇ ਬਾਰੇ 'ਚ ਸੋਚਿਆ ਜਾਂਦਾ ਏ ਜੋ ਸੋਚਵਾਉਣ 'ਚ ਸਮਰੱਥ ਹੋਵੇ। ਉਦਯੋਗਪਤੀ ਲੋਕ ਸਮਰੱਥ ਨੇ ਕਿਉਂਕਿ ਉਹ ਚੋਣਾਂ ਦੇ ਸਮੇਂ ਨੋਟ ਦੇਂਦੇ ਨੇ।

-ਅਸੀਂ ਵੀ ਤਾਂ ਵੋਟ ਦੇਂਦੇ ਆਂ।

-ਵੋਟ ਨਹੀਂ ਦੇਵਾਂਗੂੰ ਤਾਂ ਕੀ ਉਸਦਾ ਅਚਾਰ ਪਾਵਾਂਗੂੰ। ਓਏ ਜਾਨ ਬਚਾਉਣੀ ਏ ਤਾਂ ਇਸ ਤਰ੍ਹਾਂ ਦਾ ਕਾਨੂੰਨ ਪਾਸ ਕਰਾਉਣਾ ਹੋਵੇਗਾ ਜਿੱਦਾਂ ਕਾਰਖ਼ਾਨੇਦਾਰਾਂ ਨੇ ਆਪਣੇ ਲਈ ਪਾਸ ਕਰਵਾਇਆ ਏ।

-ਉਹਨਾਂ ਲਈ ਕੀ ਕਾਨੂੰਨ ਏ ਭਾਈ?

-ਉਹਨਾਂ ਲਈ ਕਾਨੂੰਨ ਬਣਾਉਣ 'ਚ ਉੱਚ ਦਰਜੇ ਦਾ ਦਿਮਾਗ਼ ਲੱਗਿਆ ਏ। ਉਹ ਲਿਮਟਿਡ ਕੰਪਨੀ ਬਣਾਉਂਦੇ ਨੇ। ਕਰੋੜਾਂ ਨਹੀਂ, ਅਰਬਾਂ ਦਾ ਲੋਨ ਲੈਂਦੇ ਨੇ। ਸਬਸਿਡੀ ਲੈਂਦੇ ਨੇ। ਫਿਰ ਵੀ ਜੇਕਰ ਉਹਨਾਂ ਦੀ ਕੰਪਨੀ 'ਸਿੱਕ' ਹੋ ਜਾਏ ਭਾਵ ਡੁੱਬਣ ਲੱਗੇ ਤਾਂ ਉਹਦੀ ਸਿਹਤ ਸੁਧਾਰਨ ਲਈ ਬੀ ਆਈ ਐੱਫ਼ ਆਰ ਏ, ਡਿਫ਼ਰਮੈਂਟ ਏ।

-ਕੰਪਨੀ ਵੀ ਬਿਮਾਰ ਹੁੰਦੀ ਏ?

-ਅਕਸਰ, ਪਰ ਉਹਨਾਂ ਦੇ ਕਾਨੂੰਨ ਦੀ ਖ਼ੂਬੀ ਦੇਖੋ ਕਿ ਕੰਪਨੀ ਦੀ ਬਿਮਾਰੀ ਦਾ ਅਸਰ ਉਸਦੇ ਡਾਇਰੈਕਟਰਾਂ ਦੀ ਸਿਹਤ 'ਤੇ ਨਹੀਂ ਪੈਂਦਾ। ਉਸੇ ਬੋਰਡ 'ਚ ਤਾਂ ਮੇਰੇ ਕੁੜਮ ਵੱਡੇ ਅਫ਼ਸਰ ਨੇ। ਉਹ ਦੱਸਦੇ ਨੇ ਕਿ ਕੰਪਨੀ ਭਾਵੇਂ ਅਰਬਾਂ-ਖਰਬਾਂ ਦੀ ਬਕਾਏਦਾਰ ਹੋ ਜਾਏ ਪਰ ਡਾਇਰੈਕਟਰ

ਨੂੰ ਤੁਸੀਂ ਇਸ ਲਈ ਨਹੀਂ ਫੜ ਸਕਦੇ। ਉਹਨਾਂ ਦਾ ਕਾਨੂੰਨ ਕਹਿੰਦਾ ਏ ਕਿ ਡਾਇਰੈਕਟਰ ਸਿਰਫ਼ ਲਾਭ ਦਾ ਹੀ ਹੱਕਦਾਰ ਹੁੰਦਾ ਏ। ਕੰਪਨੀ ਦੀ ਦੇਣਦਾਰੀ ਉਸਦੀ ਨਿੱਜੀ ਜ਼ਿੰਮੇਵਾਰੀ ਨਹੀਂ।

–ਓਏ ਭਾਈ, ਉਹ ਪਿੰਡ ਦਾ ਮਾੜਾ-ਧੀੜਾ ਥੋੜ੍ਹਾ ਏ, ਜਿਹਨੂੰ ਚਾਹੇ ਸੌ-ਦੌ ਸੌ ਦੇ ਬਕਾਏ ਲਈ ਧੌਣ ਤੋਂ ਫੜ ਕੇ ਅੰਦਰ ਕਰ ਦੇਣ? ਉਹ ਸਾਰੇ ਅਰਬਪਤੀ ਹੁੰਦੇ ਨੇ।

–ਤਾਂ ਹੀ ਤਾਂ ਕਹਿ ਰਿਹਾਂ ਕਿ ਮਾੜੇ-ਧੀੜੇ ਨੂੰ ਬਚਾਉਣਾ ਏ ਤਾਂ ਉਸੇ ਤਰ੍ਹਾਂ ਦਾ ਕਾਨੂੰਨ ਪਾਸ ਕਰਾਉਣਾ ਹੋਵੇਗਾ।

–ਇਹ ਦੇਸ਼ ਕਰੋੜਪਤੀਆਂ ਨਾਲ ਨਹੀਂ, ਮਾੜੇ-ਧੀੜੇ ਲੋਕਾਂ ਨਾਲ ਹੀ ਜ਼ਿੰਦਾ ਏ ਖੇਲਾਵਨ। ਬੜੀ ਦੇਰ ਤੋਂ ਚੁੱਪ ਬੈਠਾ ਫ਼ੌਜ ਤੋਂ ਰੀਟਾਇਰ ਸੂਬੇਦਾਰ ਹਰਦਿਆਲ ਕਹਿੰਦਾ ਏ-ਮਾੜੇ-ਧੀੜੇ ਨਹੀਂ ਬਚਣਗੇ ਤਾਂ ਦਸ ਵੀਹ ਸਾਲ 'ਚ ਪੂਰਾ ਦੇਸ਼ ਬਾਟਾ ਲੈ ਕੇ ਭੀਖ ਮੰਗਦਾ ਨਜ਼ਰ ਆਏਗਾ। ਮੇਰੀ ਗੱਲ ਗ਼ਲਤ ਸਾਬਤ ਹੋ ਜਾਏ ਤਾਂ ਗਧੇ ਦੇ ਮੂਤਰ ਨਾਲ ਮੁੱਛ ਮੰਨਵਾ ਦਿਆਂਗਾ।

ਪੱਪੂ ਇਕ ਥਾਲੀ 'ਚ ਪੰਜ-ਛੇ ਕੱਪ ਚਾਹ ਲੈ ਕੇ ਆਇਆ।

ਖੇਲਾਵਨ ਬੋਲਿਆ-ਉੱਠੋ ਚਾਹ ਪੀਵੀਏ। ਕਿਸਾਨ ਦੇ ਘਰ 'ਚ ਜਨਮ ਲਿਆ ਏ ਤਾਂ ਕਲੇਜਾ ਲੱਕੜ ਦਾ ਕਰਨਾ ਪਵੇਗਾ। ਪਤਾ ਨਹੀਂ ਕਦੋਂ-ਕਦੋਂ ਕਿੱਦਾਂ-ਕਿੱਦਾਂ ਝੋਰੇ ਲੱਗਣਗੇ!

ਉਹਨਾਂ ਨੇ ਭਲਵਾਨ ਦਾ ਹੱਥ ਫੜ ਕੇ ਖਿੱਚਿਆ ਤਾਂ ਉਹ ਉੱਠ ਕੇ ਬੈਠ ਗਿਆ। ਪੱਪੂ ਦੀ ਮਾਂ ਨੇ ਉਹਨਾਂ ਦਾ ਪਰਨਾ ਲੈ ਕੇ ਉਸਦਾ ਇਕ ਲੜ ਗੜਵੀ ਦੇ ਪਾਣੀ ਨਾਲ ਗਿੱਲਾ ਕੀਤਾ ਤੇ ਉਹਨਾਂ ਦਾ ਚਿਹਰਾ ਪੂੰਝਣ ਲੱਗੀ। ਢਾਰੇ 'ਚ ਦੀਵੇ ਦੀ ਕੰਬਦੀ ਲੋਅ ਹਨੇਰੇ 'ਚ ਡਾਵਾਂ-ਡੋਲ ਲੜਖੜਾ ਰਹੀ ਸੀ।

–ਇੱਜ਼ਤ ਚਲੀ ਗਈ ਖੇਲਾਵਨ ਭਾ। ਇੰਨੀ ਦੇਰ ਬਾਅਦ ਭਲਵਾਨ ਨੇ ਮੂੰਹ 'ਚ ਬੋਲ ਆਏ।

–ਪਾਗਲ ਨਾ ਬਣ। ਇੱਜ਼ਤ ਜਾਂਦੀ ਏ ਘਟੀਆ ਕੰਮ ਕਰਨ ਨਾਲ। ਕਿਸੇ ਦੀ ਧੀ-ਭੈਣ ਨੂੰ ਗਲਤ ਨਿਗਾਹ ਨਾਲ ਦੇਖਣ 'ਤੇ। ਲੈਣ-ਦੇਣ ਤਾਂ ਸਾਰੀ ਦੁਨੀਆਂ ਕਰਦੀ ਏ। ਸਮਝੋ ਇਕ ਝੂਠਾ ਸੁਪਨਾ ਸੀ ਜੋ ਬੀਤ ਗਿਆ।

–ਬਹੁਤ ਕਮਜ਼ੋਰੀ ਲੱਗ ਰਹੀ ਏ। ਲੱਗਦਾ ਏ ਪੈਰਾਂ 'ਚ ਜਾਨ ਹੀ ਨਹੀਂ। ਜ਼ਰਾ ਮੈਨੂੰ ਖੜਾ ਕਰ ਤਾਂ।

ਖੇਲਾਵਨ ਤੇ ਪੱਪੂ ਨੇ ਬਾਂਹੋਂ ਫੜ ਕੇ ਭਲਵਾਨ ਨੂੰ ਮੰਜੀ ਦੇ ਨਾਲ ਖੜਾ ਕੀਤਾ। ਭਲਵਾਨ ਹੌਲੀ ਜਿਹੇ ਕਦਮਾਂ ਨਾਲ ਤੁਰਦਾ ਹੋਇਆ ਬਾਹਰ ਹਨੇਰੇ 'ਚ ਗੁੰਮ ਹੋ ਗਿਆ। ਜੰਗਲ-ਪਾਣੀ ਤੋਂ ਫ਼ਾਰਗ ਹੋਣ ਦੇ ਬਾਅਦ ਉੱਠਣ ਤੋਂ ਪਹਿਲਾਂ ਉਹਨੇ ਕੁਝ ਦੇਰ ਤੱਕ ਤਾਕਤ ਪੈਦਾ ਕਰਨੀ ਪਈ।

(4)

ਏਥੋਂ ਨਹਿਰ ਦੀ ਪੱਟੜੀ ਛੱਡ ਕੇ ਖੜੰਜੇ 'ਤੇ ਲਹਿਣਾ ਪਵੇਗਾ। ਆਪਣੀ ਪਕੜ ਯਾਦ ਕਰਦੇ-ਕਰਦੇ ਕਦੋਂ ਇੰਨੀ ਦੂਰ ਨਿਕਲ ਆਇਆ, ਪਤਾ ਹੀ ਨਹੀਂ ਲੱਗਿਆ। ਤੀਰਥ ਦਾ ਘਰ ਨੇੜੇ ਆਉਣ ਦੇ ਨਾਲ-ਨਾਲ ਉਹਦਾ ਮਨ ਫਿਰ ਘਬਰਾ ਰਿਹਾ ਏ। ਪਤਾ ਨਹੀਂ ਕਿੱਦਾਂ ਲੱਗੇ ਹੋਣਗੇ ਮੁੰਡੇ ਵਾਲੇ ਕਿਹੋ ਜਿਹਾ ਵਿਵਹਾਰ ਕਰਨ! ਘਰਵਾਲੀ ਨੂੰ ਉਹਦੀ ਗੱਲਬਾਤ ਤੇ ਵਿਵਹਾਰ ਦੀ ਯੋਗਤਾ 'ਤੇ ਵਿਸ਼ਵਾਸ ਨਹੀਂ। ਇਸ ਲਈ ਆਉਂਦੇ ਹੋਏ ਸੁਝਾਇਆ ਕਿ ਤੀਰਥ ਭਰਾ ਨੂੰ ਹੀ ਬੋਲਣ ਦੇਵਾਂ। ਪਿਛਲੀ ਵਾਰ ਦੀ ਨਾਂਹ ਨਾਲ ਵੀ ਉਹਦਾ ਭਰੋਸਾ ਉੱਠ ਗਿਆ ਹੋਵੇਗਾ। ਪਰ ਪਿਛਲੀ ਵਾਰ ਤਾਂ ਆਪਣੀ ਪਕੜ ਦੀ ਘਟਨਾ ਨਾਲ ਉਹਦਾ ਮਨ ਇੰਨਾ ਦਬ ਗਿਆ ਸੀ ਕਿ ਉਹਨੇ ਆਪਣੇ ਵੱਲੋਂ



ਜ਼ੁਬਾਨ ਤੱਕ ਨਹੀਂ ਸੀ ਖੋਲ੍ਹੀ। ਜੋ ਕੁਝ ਮੁੰਡੇ ਵਾਲੇ ਪੁੱਛਦੇ ਰਹੇ, ਉਹ ਦੱਸਦਾ ਗਿਆ। ਪਤਾ ਲੱਗਾ ਕਿ ਮੁੰਡੇ ਵਾਲਿਆਂ ਦਾ ਸਾਂਝਾ ਪਰਿਵਾਰ ਏ। ਭੱਠਾ ਏ, ਟ੍ਰੈਕਟਰ ਏ। ਖਾਂਦੇ-ਪੀਂਦੇ ਲੋਕ ਨੇ। ਮੁੰਡਾ ਵੀ ਪਰਿਵਾਰ ਦੇ ਕਾਰੋਬਾਰ 'ਚ ਹੱਥ ਵਟਾਉਂਦਾ ਏ। ਧੀ ਸੁੱਖੀ ਰਹੇਗੀ। ਜਾਣ ਵੇਲੇ ਸਾਰੇ ਲੋਕ ਬੜੇ ਪਿਆਰ ਨਾਲ ਮਿਲੇ। ਖ਼ੂਬ ਸਵਾਗਤ ਸਤਿਕਾਰ ਵੀ ਹੋਇਆ, ਪਰ ਰਾਤ ਨੂੰ ਗੱਲਬਾਤ ਦੌਰਾਨ ਜਦੋਂ ਮੁੰਡੇ ਵਾਲਿਆਂ ਨੇ ਉਹਨਾਂ ਦੀ ਮਾਲੀ ਹਾਲਤ ਦਾ ਅਨੁਮਾਨ ਲਾਇਆ ਤਾਂ ਸਵੇਰੇ-ਸਵੇਰੇ ਫ਼ੈਸਲਾ ਸੁਣਾ ਦਿੱਤਾ। ਬਲਕਿ ਸਿੱਧੇ-ਸਿੱਧੇ ਫ਼ੈਸਲਾ ਵੀ ਕਹਿ ਸੁਣਾਇਆ, ਮੁੰਡੇ ਦੇ ਚਾਚੇ ਤੇ ਵੱਡੇ ਭਰਾਵਾਂ ਦੇ ਝਗੜੇ ਦੇ ਦੌਰਾਨ ਕੰਨ ਪਾੜਵੇਂ ਬੋਲਾਂ ਨਾਲ ਹੀ ਉਹਨਾਂ ਦੇ ਫ਼ੈਸਲੇ ਦੀ ਜਾਣਕਾਰੀ ਹੋ ਗਈ।

–ਕੀ ਏ ਇਹਨਾਂ ਦੇ ਕੋਲ ਜੋ ਬਾਬੂ ਜੀ ਇਸ ਤਰ੍ਹਾਂ ਮੋਹਿਤ ਹੁੰਦੇ ਜਾ ਰਹੇ ਨੇ। ਨਾ ਕੋਈ ਕੋਟਾ ਪ੍ਰਮਿਟ, ਨਾ ਕੋਈ ਕਾਲਿਜ-ਭੱਠਾ, ਨਾ ਕੋਈ ਟਰੱਕ-ਟ੍ਰੈਕਟਰ, ਨਾ ਕੋਈ ਠੇਕਾ-ਪਟਾ। ਕਿੱਦਾਂ ਸੰਭਾਲਣਗੇ ਸਾਡੀ ਹਜ਼ਾਰ ਬੰਦਿਆਂ ਦੀ ਬਾਰਾਤ? ਸ਼ਾਦੀ ਦਾ ਬਜਟ ਕਿੰਨਾ ਏ? ਕਿਹੜੀ ਗੱਡੀ ਦੇਣਗੇ? ਸਾਫ਼-ਸਾਫ਼ ਗੱਲ ਹੋਣੀ ਚਾਹੀਦੀ ਏ।

ਸੁਣਕੇ ਉਹ ਬਿਨਾਂ ਮੂੰਹ ਧੋਤੇ ਹੀ ਤੁਰ ਪਿਆ। ਚਾਹ ਦੀ ਦੁਕਾਨ 'ਤੇ ਰੁਕਿਆ ਤਾਂ ਪਤਾ ਲੱਗਾ ਕਿ ਭੱਠਾ ਤਾਂ ਦੋ ਸਾਲ ਤੋਂ ਬੰਦ ਏ। ਟ੍ਰੈਕਟਰ ਵਿਕ ਗਿਆ ਏ। ਬਸ ਪੱਕਾ ਮਕਾਨ ਹੀ ਦੇਖ ਲਓ। ਕਈ ਸਾਲ ਤੋਂ ਕੋਈ ਮੋਟੀ ਮੁਰਗੀ ਤਲਾਸ਼ ਰਹੇ ਨੇ ਕਿ ਫ਼ਸ ਜਾਏ ਤਾਂ ਹਲਾਲ ਕਰ ਲਈਏ।

ਸੁਣਕੇ ਉਹਦਾ ਮਲਾਲ ਕੁਝ ਘੱਟ ਹੋ ਗਿਆ ਸੀ।

(5)

ਇਹ ਰਿਹਾ ਸਾਹਮਣੇ ਭੂਆ ਦਾ ਪਿੰਡ। ਘਰ ਦੇ ਪਿਛਵਾੜੇ ਵਾਲਾ ਗੂਲਰ ਦਾ ਦਰਖ਼ਤ ਅਜੇ ਉਵੇਂ ਤਾਂ ਉਵੇਂ ਖਲੋਤਾ ਏ। ਨਾਲ ਵਾਲੇ ਘਰ ਦੀ ਲੜਕੀ ਸਤਵਨੀ ਗਲਹੈਰੀ ਵਾਂਗੂੰ ਇਸ 'ਤੇ ਚੜ੍ਹ ਕੇ ਗੋਲਾਂ ਤੋੜਦੀ ਸੀ। ਗੋਲਾਂ ਤੋੜਨ ਨਾਲ ਉਸ 'ਚੋਂ ਸੈਂਕੜੇ ਮੱਛਰ ਨਿਕਲਦੇ ਜਿਹਨਾਂ ਨੂੰ ਉਹ ਫੂਕ ਮਾਰ ਕੇ ਉਡਾਂਦੀ ਤੇ ਆਪਣੇ ਹੱਥ ਨਾਲ ਉਹਨਾਂ ਨੂੰ ਪੱਕੀ ਗੁਲਾਬੀ ਗੂਰ ਖਿਲਾਂਦੀ ਸੀ। ਪਤਾ ਨਹੀਂ ਹੁਣ ਕਿੱਥੇ ਤੇ ਕਿੱਦਾਂ ਹੋਵੇਗੀ! ਕਿੰਨੇ ਮੋਹ ਲੈਣ ਵਾਲਾ ਹਾਸਾ ਸੀ ਉਸਦਾ! ਮੌਕਾ ਮਿਲਿਆ ਤਾਂ ਉਸਦੇ ਦਰਵਾਜ਼ੇ ਤੱਕ ਜਾਵਾਂਗੂੰਾ। ਕੀ ਪਤਾ ਪੇਕੇ ਆਈ ਹੋਵੇ ਤਾਂ ਮੁਲਾਕਾਤ ਹੋ ਸਕਦੀ ਏ!

ਇਹ ਆ ਗਿਆ ਭੂਆ ਦਾ ਘਰ। ਤੀਰਥ ਭਰਾ ਨੇ ਢਾਰੇ ਦੀ ਥਾਂ ਪੱਕਾ ਦਲਾਨ ਬਣਾ ਲਿਆ ਹੋਇਆ ਏ। ਬਲਦਾਂ ਦੀ ਖੁਰਲੀ ਪੱਕੀ ਕਰ ਲਈ ਹੋਈ ਏ। ਬਲਦ ਸ਼ਾਇਦ ਖੇਤ ਹੋਣ ਗਏ ਹੋਣਗੇ। ਇਕ ਛੋਟੀ ਜਿਹੀ ਵੱਛੀ ਬੰਨੀ ਹੋਈ ਏ ਭਾਵ ਘਰ 'ਚ ਦੁੱਧ ਹੁੰਦਾ ਏ। ਦੁਆਰ ਲੰਬਾ ਚੌੜਾ ਸਾਫ਼ ਸੁਥਰਾ ਏ। ਨਿੰਮ ਹੇਠਾਂ ਸੂਤਰ ਦੇ ਬੁਣੇ ਦੋ ਪਲੰਘ ਪਏ ਨੇ। ਕੋਈ ਦਿੱਸ ਨਹੀਂ ਰਿਹਾ। ਉਹ ਸਾਈਕਲ ਖੜਾ ਕਰਕੇ ਪਲੰਘ 'ਤੇ ਬੈਠ ਗਿਆ।

ਛੋਟਾ ਭਰਾ ਕਈ ਸਾਲ ਪਹਿਲਾਂ ਮਿਲਟਰੀ 'ਚ ਭਰਤੀ ਹੋ ਗਿਆ ਸੀ। ਤੀਰਥ ਖੇਤੀ-ਬਾੜੀ ਸੰਭਾਲਦਾ ਏ। ਦੋਵੇਂ ਭਰਾਵਾਂ 'ਚ ਸਹਿਮਤੀ ਏ ਇਸ ਲਈ ਪਰਿਵਾਰ ਦੀ 'ਇੱਜ਼ਤ' ਬਣੀ ਹੋਈ ਏ। ਜਿਸ ਦਿਨ ਖੜਕੀ, ਭਰਾ-ਭਰਾ 'ਚ ਫੁੱਟ ਪਈ, ਸਭ ਢਹਿ ਢੇਰੀ ਹੋ ਜਾਏਗਾ। ਇਹੀ ਘਰ-ਘਰ ਦਾ ਲੇਖਾ ਏ।

ਤੀਰਥ ਦਾ ਪੁੱਤਰ ਅੰਦਰੋਂ ਨਿਕਲਿਆ। ਪਛਾਣ ਕੇ ਪੈਰੀਂ ਹੱਥ ਲਾਇਆ ਤੇ ਅੰਦਰ ਜਾ ਕੇ ਮਾਂ ਨੂੰ ਦੱਸਿਆ। ਫਿਰ ਤੀਰਥ ਦੀ ਵਹੁਟੀ ਨਿਕਲੀ। ਇਕ ਹੱਥ 'ਚ ਭੁੱਜੇ ਦਾਣਿਆਂ ਦਾ ਛਿੱਕੂ ਤੇ

ਦੂਸਰੇ ਹੱਥ 'ਚ ਗੜਵੀ ਲੈ ਕੇ। ਲੜਕਾ ਬਾਲਟੀ 'ਚ ਪਾਣੀ ਭਰ ਲਿਆਇਆ। ਮੁੜ ਅੰਦਰ ਜਾ ਕੇ ਤੀਰਥ ਦੀ ਵਹੁਟੀ ਜੱਗ 'ਚ ਦਹੀ ਦੀ ਮਿੱਠੀ ਲੱਸੀ ਲਿਆਈ। ਹੱਥ-ਮੂੰਹ ਧੋ ਕੇ ਭੁੱਜੇ ਦਾਣੇ ਚੱਬ ਕੇ ਉਹਨੇ ਇਕ ਗੜਵੀ ਪਾਣੀ ਤੇ ਦਹੀ ਦੀ ਮਿੱਠੀ ਲੱਸੀ ਪੀਤੀ ਤਾਂ ਅੱਧੀ ਥਕਾਵਟ ਲਹਿ ਗਈ। ਖਾਣ-ਪੀਣ ਤੋਂ ਬਾਅਦ ਰਾਤ ਨੂੰ ਦੋਵੇਂ ਭਰਾ ਘਰ-ਗ੍ਰਿਹਿਸਥੀ ਦੇ ਝਮੇਲਿਆਂ ਦੀ ਚਰਚਾ ਕਰਦੇ ਰਹੇ। ਤੀਰਥ ਨੇ ਦੱਸਿਆ ਕਿ ਉਹਨਾਂ ਦੇ ਏਥੇ ਇਸ ਸਮੇਂ ਨਾ ਡਾਇਆ ਮਿਲ ਰਹੀ ਏ, ਨਾ ਯੂਰੀਆ। ਭਾਦੋਂ ਤੋਂ ਹੀ ਏਹੀ ਹਾਲ ਏ। ਆਏ ਦਿਨ ਰੌਲਾ ਪੈਂਦਾ ਏ ਕਿ ਅੱਜ ਆ ਰਹੀ ਏ, ਕੱਲ੍ਹ ਆ ਰਹੀ ਏ। ਸੈਂਕੜੇ ਲੋਕ ਸਵੇਰੇ ਤੋਂ ਹੀ ਕੋਆਪ੍ਰੇਟਿਵ ਸੁਸਾਇਟੀ ਦੇ ਗੁਦਾਮ ਦੇ ਸਾਹਮਣੇ ਖਲੋਤੇ ਇੰਤਜ਼ਾਰ ਕਰਦੇ ਨੇ ਤੇ ਸ਼ਾਮ ਨੂੰ ਖਾਲੀ ਹੱਥ ਮੁੜ ਆਉਂਦੇ ਨੇ। ਬਿਨਾਂ ਖ਼ਾਦ ਪਾਏ ਬਿਜਾਈ ਕਰਨੀ ਪਈ ਤਾਂ ਪੈਦਾਵਾਰ ਘਟ ਕੇ ਅੱਧੀ ਰਹਿ ਜਾਏਗੀ।

ਲੜਕੇ ਵਾਲਿਆਂ ਦੇ ਬਾਰੇ 'ਚ ਦੱਸਿਆ ਕਿ ਆਦਮੀ ਤਾਂ ਠੀਕ-ਠਾਕ ਨੇ। ਖ਼ੁਦ ਹੀ ਇਕ ਵਾਰ ਮਿਲਣ 'ਤੇ ਕਿਹਾ ਸੀ ਕਿ ਕੋਈ ਚੰਗੇ ਖ਼ਾਨਦਾਨ ਦੀ ਲੜਕੀ ਹੋਵੇ ਤਾਂ ਰਿਸ਼ਤਾ ਕਰਾਓ। ਪਤਾ ਚੱਲਿਆ ਕਿ ਇੱਧਰ ਕਈ ਪਾਰਟੀਆਂ ਗੱਲਬਾਤ ਕਰਨ ਗਈਆਂ ਪਰ ਗੱਲ ਅੱਗੇ ਨਹੀਂ ਵਧ ਸਕੀ। ਲੜਕੇ ਦੇ ਪਿਉ ਬਾਰੇ ਕੋਈ ਨਹੀਂ ਕਹਿ ਸਕਦਾ ਕਿ ਕਿਸ ਕਰਵਟ ਬੈਠਣਗੇ ?

### (6)

ਸਵੇਰੇ ਪਹਿਲੀ ਮੁਲਾਕਾਤ 'ਚ ਤਾਂ ਲੜਕੇ ਦੇ ਪਿਉ ਝੁੰਨੂ ਬਾਬੂ ਭਲਵਾਨ ਨੂੰ ਅਖ਼ਲਾਕੀ ਆਦਮੀ ਲੱਗੇ। ਹੱਥ ਜੋੜ ਕੇ ਸਵਾਗਤ ਕੀਤਾ। ਹਾਲਚਾਲ ਪੁੱਛਿਆ, ਲੜਕੇ ਦੇ ਮਾਮੇ ਨਾਲ ਜਾਣ-ਪਛਾਣ ਕਰਾਈ। 'ਤੁਹਾਡੇ ਆਉਣ ਦੀ ਖ਼ਬਰ ਸੁਣਕੇ ਇਹ ਵੀ ਦਰਸ਼ਨ ਕਰਨ ਆ ਗਏ। ਕਚਹਿਰੀ 'ਚ ਪੇਸ਼ਕਰ ਨੇ। ਇਹ ਨੇ ਸਾਡੇ ਪੁੱਤਰ ਰਾਜੇਸ਼ ਕੁਮਾਰ'। ਝੁੰਨੂ ਬਾਬੂ ਨੇ ਦੱਸਿਆ। ਭਲਵਾਨ ਮਨ ਹੀ ਮਨ ਆਪਣੀ ਧੀ ਨਾਲ ਇਸ ਲੜਕੇ ਦਾ ਜੋੜ ਮਿਲਾਣ ਲੱਗੇ।

ਅੰਦਰੋਂ ਹਰੇ ਧਨੀਏ ਦੀ ਮਹਿਕ ਆਉਣ ਲੱਗੀ। ਥੋੜ੍ਹੀ ਦੇਰ 'ਚ ਪੁੱਤਰ ਇਕ ਥਾਲੀ 'ਚ ਪਿਆਜ ਦੀਆਂ ਪਕੌੜੀਆਂ ਤੇ ਤਿੰਨ ਕੌਲੀਆਂ 'ਚ ਧਨੀਏ-ਟਮਾਟਰ ਦੀ ਚਟਨੀ ਲੈ ਆਇਆ। ਪਕੌੜੀਆਂ ਖਾਂਦੇ ਹੋਏ ਝੁੰਨੂ ਬਾਬੂ ਨੇ ਦੱਸਿਆ, ਇਹਨਾਂ ਪੇਸ਼ਕਾਰ ਸਾਹਬ ਦੀ ਪੈਰਵੀ, ਗੰਗਾ ਮਾਈ ਦੇ ਆਸ਼ੀਰਵਾਦ ਤੇ ਲਕਸ਼ਮੀ ਜੀ ਦੀ ਕ੍ਰਿਪਾ ਨਾਲ ਅਸੀਂ ਵੀ ਇਕ ਵੱਡਾ ਕੰਮ ਕਰ ਲਿਆ। ਪੁੱਤਰ ਨੂੰ ਨੌਕਰੀ 'ਤੇ ਲਵਾ ਦਿੱਤਾ।

-ਹਾਂ, ਤੀਰਥ ਭਰਾ ਦੱਸ ਰਿਹਾ ਸੀ। ਸਭ ਦੇ ਬੁੱਤੇ ਦੀ ਗੱਲ ਨਹੀਂ ਏ ਅੱਜ-ਕੱਲ੍ਹ ਬਾਲ-ਬੱਚਿਆਂ ਨੂੰ ਨੌਕਰੀ 'ਤੇ ਲਵਾਉਣਾ। ਸੁਣਿਆ ਕਿਧਰਿਓਂ ਵੱਡਾ ਜੁਗਾੜ ਲੜਾਇਆ।

-ਜੁਗਾੜ ਤਾਂ ਸਭ ਇਸਦਾ ਏ। ਝੁੰਨੂ ਨੇ ਅੰਗੂਠੇ ਤੇ ਪਹਿਲੀ ਉਂਗਲੀ ਨਾਲ ਸਿੱਕਾ ਖਣਕਾਉਣ ਦਾ ਇਸ਼ਾਰਾ ਕਰਦੇ ਹੋਏ ਕਿਹਾ-ਦੋ ਸਾਲ ਤੋਂ ਡੇਲੀ ਵੇਜਿਜ 'ਚ ਕਮਾ ਰਹੇ ਸਨ। ਥੱਕ ਕੇ ਭੱਜਣ ਲੱਗੇ ਸਨ। ਇਹਨਾਂ ਦੇ ਮਾਮਾ ਸਮਝਦੇ ਸਨ ਕਿ ਲੱਗੇ ਰਹੋ। ਏਥੇ ਹੀ ਕੰਮ ਬਣੇਗਾ। ਤੇ ਕੰਮ ਬਣ ਗਿਆ। ਰੈਗੂਲਰ ਹੋਣ ਦਾ ਚਾਂਸ ਆਇਆ ਤਾਂ ਤੈ ਹੋਇਆ ਕਿ ਪੈਸੇ ਦਾ ਮੋਹ ਨਹੀਂ ਕਰਨਾ ਏ। ਲੱਗ ਤਾਂ ਗਏ ਪੂਰੇ ਇਕ। ਉਹਨਾਂ ਨੇ ਪਹਿਲੀ ਉਂਗਲੀ ਚੁੱਕ ਕੇ ਕਿਹਾ-ਪਰ ਜ਼ਿੰਦਗੀ ਭਰ ਦਾ ਬੰਦੋਬਸਤ ਹੋ ਗਿਆ।

ਲੜਕੇ ਦਾ ਮਾਮਾ ਬੋਲਿਆ-ਅੱਜ ਦੇ ਜ਼ਮਾਨੇ 'ਚ ਸਰਕਾਰੀ ਨੌਕਰੀ ਮਿਲ ਗਈ ਤਾਂ ਸਮਝੋ ਜਾਗੀਰ ਮਿਲ ਗਈ।



-ਬਿਲਕੁਲ ਸਹੀ। ਤੀਰਥ ਭਰਾ ਨੇ ਹਾਂ 'ਚ ਸਿਰ ਹਿਲਾਇਆ।

-ਪੰਜ ਹਜ਼ਾਰ ਰੁਪਏ ਮਹੀਨਾ ਤਾਂ ਤਨਖ਼ਾਹ ਹੀ ਏ। ਨਾਲ ਹੀ ਅਜਿਹੀ ਸੀਟ ਮਿਲ ਗਈ ਏ ਕਿ ਸੌ-ਦੋ ਸੌ ਰੁਪਏ ਰੋਜ਼ ਉਪਰੋਂ ਬਣ ਜਾਇਆ ਕਰਨਗੇ। ਜਿਸਦੀ ਧੀ ਬਹੂ ਬਣ ਕੇ ਆਏਗੀ, ਸਮਝੋ ਰਾਜ ਕਰੇਗੀ। ਝੁੰਨੂ ਬਾਬੂ ਨੇ ਖੁਲਾਸਾ ਕੀਤਾ।

ਤੀਰਥ ਭਰਾ ਨੇ ਦੇਰ ਤੱਕ ਹਾਮੀ 'ਚ ਸਿਰ ਹਿਲਾਇਆ। ਫਿਰ ਬੋਲੇ-ਉਹ ਤਾਂ ਹੈ ਈ। ਇਹ ਸਭ ਤਾਂ ਮੈਂ ਭਲਵਾਨ ਭਰਾ ਨੂੰ ਦੱਸਿਆ। ਜਿੱਦਾਂ ਤੁਹਾਡਾ ਪੁੱਤਰ ਕਮਾਊ ਤੇ ਸੰਸਕਾਰੀ ਏ, ਉਵੇਂ ਹੀ ਇਹਨਾਂ ਦੀ ਧੀ ਵੀ ਰੂਪ-ਗੁਣ ਸੰਪੰਨ ਏ। ਇੰਟਰ ਫਾਈਨਲ ਕਰ ਰਹੀ ਏ ਇਸ ਸਾਲ। ਹਾਈ ਸਕੂਲ ਫ਼ਸਟ ਡਿਵੀਜਨ ਪਾਸ ਹੋਈ ਏ। ਕੁੱਲ-ਪਰਿਵਾਰ, ਕੱਦ-ਕਾਠ, ਸ਼ੀਲ-ਸੰਸਕਾਰ ਹਰ ਲਿਹਾਜ ਨਾਲ ਹਜ਼ਾਰਾਂ 'ਚ ਇਕ ਹੋਵੇਗੀ। ਵੱਡੇ-ਛੋਟੇ ਦਾ ਆਦਰ, ਪਿਆਰ ਕਰਨ ਦੀ ਸਿੱਖਿਆ ਦਿੱਤੀ ਏ। ਤੁਹਾਡੇ ਜਿਹੇ ਸੰਸਕਾਰੀ ਘਰ 'ਚ ਆਏਗੀ ਤਾਂ ਸੁਖੀ ਰਹੇਗੀ ਤੇ ਸੁਖੀ ਰੱਖੇਗੀ। ਇਹੀ ਸਭ ਸੋਚਕੇ ਭਲਵਾਨ ਭਰਾ ਆਏ ਨੇ ਤੁਹਾਡੇ ਦਰਵਾਜ਼ੇ ਤੇ ਆਪਣੀ ਅਰਦਾਸ ਲੈ ਕੇ।

ਝੁੰਨੂ ਬਾਬੂ ਭਲਵਾਨ ਵੱਲ ਦੇਖਦਾ ਹੋਇਆ ਬੋਲਿਆ-ਅਸੀਂ ਤਾਂ ਜੋ ਹਾਂ ਤੀਰਥ ਜੀ ਨੇ ਦੱਸਿਆ ਹੀ ਹੋਵੇਗਾ। ਖੇਤੀ-ਬਾੜੀ, ਬਾਗ਼-ਬਗੀਚਾ, ਮਾਨ-ਸਨਮਾਨ, ਘਰ-ਬਾਹਰ ਕਿਸੇ ਤੋਂ ਲੁਕਿਆ ਤਾਂ ਏ ਨਹੀਂ। ਰਹੀ ਗੱਲ ਰਿਸ਼ਤੇ ਦੀ, ਉਸਦੇ ਬਾਰੇ 'ਚ ਅਸੀਂ ਤਾਂ ਕੀ ਕੋਈ ਵੀ ਕੁਝ ਨਹੀਂ ਕਹਿ ਸਕਦਾ। ਉਹ ਤਾਂ ਜਿੱਥੇ ਬੰਨਿਆ ਹੋਵੇਗਾ, ਜਿੱਥੇ ਵਿਧਾਤਾ ਨੇ ਲਿਖਿਆ ਹੋਵੇਗਾ ਉੱਥੇ ਹੀ ਹੋਵੇਗਾ।

ਭਲਵਾਨ ਦੇਖ ਰਿਹਾ ਸੀ, ਨਾ ਘਰ ਜਿਹਾ ਘਰ, ਨਾ ਬਾਹਰ ਜਿਹਾ ਬਾਹਰ ਏ। ਸੌ ਸਾਲ ਪੁਰਾਣੀਆਂ ਕੱਚੀਆਂ ਕੰਧਾਂ 'ਚ ਥਾਂ-ਥਾਂ ਮਘੋਰੇ ਪੈ ਰਹੇ ਨੇ। ਸਾਹਮਣੇ ਖੇਤ 'ਚ ਜਿੰਨੇ ਕੁ ਦਰਖ਼ਤ ਨੇ, ਉਹਨਾਂ ਤੋਂ ਪਤਾ ਲੱਗਦਾ ਏ ਕਿ ਮੁਸ਼ਕਿਲ ਨਾਲ ਸਾਲ ਭਰ ਖਾਣ ਲਈ ਝੋਨਾ ਪੈਦਾ ਹੁੰਦਾ ਹੋਵੇਗਾ। ਦੋ ਬਲਦ ਜ਼ਰੂਰ ਸਾਹਮਣੇ ਕਿੱਲੇ 'ਤੇ ਬੰਨੇ ਹੋਏ ਨੇ ਪਰ ਉਹਨਾਂ ਹੇਠਲੀ ਜ਼ਮੀਨ ਨੂੰ ਦੇਖ ਕੇ ਤੇ ਜਿਸ ਤਰ੍ਹਾਂ ਉਹ ਕਿੱਲੇ ਦੇ ਆਲੇ-ਦੁਆਲੇ ਘੁੰਮ-ਘੁੰਮ ਕੇ ਆਪਣੀ ਬੇਚੈਨੀ ਤੇ ਓਪਰਾਪਣ ਦਿਖਾ ਰਹੇ ਨੇ ਉਸ ਤੋਂ ਤਾਂ ਲੱਗਦਾ ਏ ਕਿ ਕਿਸੇ ਦੂਸਰੇ ਦੇ ਕਿੱਲੇ ਤੋਂ ਲਿਆ ਕੇ ਅੱਜ ਹੀ ਬੰਨੇ ਗਏ ਨੇ। ਅਜੇ ਇਕ ਵਾਰੀ ਵੀ ਗੋਹਾ ਇਸ ਕਿੱਲੇ 'ਤੇ ਨਹੀਂ ਕੀਤਾ। ਲੜਕਾ ਵੀ ਉਹਨਾਂ ਦੀ ਧੀ ਤੋਂ ਹਰ ਲਿਹਾਜ ਨਾਲ ਉੱਨੀ ਏ, ਪਰ ਸੱਚਮੁੱਚ ਜੇਕਰ ਨੌਕਰੀ 'ਤੇ ਲੱਗ ਗਿਆ ਤਾਂ ਸਮਝੋ ਸਭ ਠੀਕ ਏ।

-ਕਿਸਮਤ 'ਚ ਲਿਖੀ ਗੱਲ ਤਾਂ ਆਖ਼ਿਰੀ ਏ ਪਰ ਆਪਣੇ ਮਨ ਨੂੰ ਤਾਂ ਖੋਲ੍ਹੋ। ਕਿੱਦਾਂ ਸ਼ਾਦੀ ਚਾਹੁੰਦੇ ਨੇ ? ਕੁਝ ਪਤਾ ਤਾਂ ਲੱਗੇ ਤਾਂ ਭਲਵਾਨ ਵੀ ਆਪਣੇ ਆਪ ਨੂੰ ਤੋਲੇ।

ਇਸੇ ਸਮੇਂ ਲੜਕੇ ਦਾ ਮਾਮਾ ਇਕ ਥਾਲੀ 'ਚ ਤਿੰਨ ਕੱਪ ਚਾਹ ਲੈ ਆਇਆ। ਸਾਰੇ ਲੋਕ ਚਾਹ ਪੀਣ ਲੱਗੇ। ਚਾਹ ਪੀਂਦੇ ਹੋਏ ਝੁੰਨੂ ਬਾਬੂ ਨੇ ਆਪਣੇ ਸਾਲੇ ਵੱਲ ਵੇਖਿਆ ਤੇ ਫਿਰ ਕੁਝ ਸੋਚਣ ਲੱਗਾ। ਫਿਰ ਖੰਗੂਰਨ ਲੱਗਾ।

ਤੀਰਥ ਨੇ ਫਿਰ ਪ੍ਰਸ਼ਨਾਤਮਕ ਨਜ਼ਰ ਨਾਲ ਝੁੰਨੂ ਬਾਬੂ ਨੂੰ ਦੇਖਿਆ ਤਾਂ ਝੁੰਨੂ ਬਾਬੂ ਬੋਲਿਆ-ਪਹਿਲੀ ਗੱਲ ਤਾਂ ਇਹ ਏ ਕਿ ਲੜਕੀ ਪਸੰਦ ਆ ਜਾਏ।

-ਮਨ ਲਓ ਲੜਕੀ ਪਸੰਦ ਆ ਗਈ। ਇਸ ਤੋਂ ਅੱਗੇ ਬੋਲੋ ? ਕੁਝ ਦਾਜ-ਦਹੇਜ ਲੈਣ ਦਾ ਮਨਸੂਬਾ ਬਣਾਇਆ ਹੋਵੇ ਤਾਂ ਉਹ ਵੀ ਸਾਫ-ਸਾਫ ਦੱਸੋ।

ਅਚਾਨਕ ਬਹੁਤ ਗੰਭੀਰ ਹੋ ਗਿਆ ਝੁੰਨੂ ਬਾਬੂ। ਜਿੱਦਾਂ ਸ਼ਤਰੰਜ ਦਾ ਖਿਲਾੜੀ ਅਗਲੀ

ਚਾਲ ਚਲਣ ਤੋਂ ਪਹਿਲਾਂ ਘੰਟਾ ਭਰ ਸੋਚਦਾ ਏ, ਕੁਝ ਉਸੇ ਤਰ੍ਹਾਂ ਦੀ ਅਵਸਥਾ ਬਣ ਗਈ। ਸਿਰ ਝੁਕ ਗਿਆ। ਸਾਰੇ ਉਹਦੇ ਸਿਰ ਚੁੱਕਣ ਦਾ ਇੰਤਜ਼ਾਰ ਕਰਨ ਲੱਗੇ।

ਹੌਲੀ-ਹੌਲੀ ਸਿਰ ਉਤਾਂਹ ਉੱਠਿਆ-ਦੇਖੋ, ਅਸੀਂ ਆਪਣੇ ਲਈ ਕੁਝ ਨਹੀਂ ਚਾਹੁੰਦੇ। ਸਾਡੇ ਲਈ ਤਾਂ ਲੜਕੀ ਦੇ ਮਾਪਿਆਂ ਦਾ ਇਕ ਪੈਸਾ ਵੀ ਹਰਾਮ ਏ। ਹਾਂ, ਲੜਕੇ ਦੀਆਂ ਜ਼ਿੰਮੇਵਾਰੀਆਂ ਮੌਜੂਦ ਨੇ। ਲੜਕੇ ਦਾ ਮਾਮਾ ਵੀ ਸੰਯੋਗ ਵੱਸ ਆਇਆ ਜਿਹਦੀ ਬਦੌਲਤ ਹੀਲੇ ਤੇ ਲੱਗਿਆ। ਇਹਨਾਂ ਲੋਕਾਂ ਦਾ ਕੋਈ ਅਰਮਾਨ ਹੋਵੇ ਤਾਂ ਇਹ ਲੋਕ ਦੱਸਣ।

-ਮਾਮਾ ਜੀ ਹੀ ਦੱਸਣ। ਤੀਰਥ ਨੇ ਉਸ ਵੱਲ ਦੇਖਦੇ ਹੋਏ ਕਿਹਾ।

ਮਾਮਾ ਜੀ ਬੋਲਿਆ-ਤੁਹਾਡਾ ਵੀ ਤਾਂ ਕੁਝ ਬਜਟ ਹੋਵੇਗਾ। ਤੁਸੀਂ ਹੀ ਦੱਸੋ।

-ਸਾਡਾ ਬਜਟ ਗਿਆਰਾਂ ਹਜ਼ਾਰ ਦਾ ਏ ਤਾਂ ਕੀ ਤੁਸੀਂ ਮੰਨ ਜਾਓਗੇ? ਇਸ ਲਈ ਤੁਹਾਡਾ ਖੁਲਾਸਾ ਕਰਨਾ ਜ਼ਰੂਰੀ ਏ। ਵਾਰਾ ਖਾਏਗਾ ਤਾਂ ਸੋਚਾਂਗੇ, ਨਹੀਂ ਤਾਂ ਆਪਣਾ ਰਾਹ ਫੜਾਂਗੇ।

ਮਾਮੇ ਨੇ ਸਿਰ ਝੁਕਾ ਲਿਆ। ਫਿਰ ਹੌਲੀ-ਹੌਲੀ ’ਤੇ ਉੱਠਦਾ ਹੋਇਆ ਬੋਲਿਆ। ਇਹ ਤਾਂ ਜੀਜਾ ਜੀ ਦਾ ਵਡਪਣ ਏ ਜੋ ਸਾਨੂੰ ’ਚ ਰੱਖ ਰਹੇ ਨੇ। ਤੁਹਾਡੇ ਲੋਕਾਂ ’ਚ ਮੇਰਾ ਕੁਝ ਬੋਲਣਾ ਸ਼ੋਭਾ ਨਹੀਂ ਦੇਂਦਾ। ਪਰ ਤੁਹਾਡਾ ਹੁਕਮ ਏ ਤਾਂ ਬਿਨਾਂ ਬੋਲੇ ਵੀ ਨਹੀਂ ਰਹਿ ਸਕਦਾ।

ਮਾਮਾ ਫਿਰ ਚੁੱਪ ਹੋ ਗਿਆ। ਫਿਰ ਉੱਠਿਆ। ਆ ਕੇ ਤੀਰਥ ਦਾ ਹੱਥ ਫੜਿਆ ਤੇ ਇਸ਼ਾਰੇ ਨਾਲ ਇਕ ਪਾਸੇ ਲਿਜਾਂਦਾ ਹੋਇਆ ਬੋਲਿਆ-ਅਸੀਂ ਸਾਰੇ ਇਸੇ ਸਮਾਜ ’ਚ ਰਹਿੰਦੇ ਹਾਂ। ਸਾਰਿਆਂ ਨੂੰ ਸਭ ਕੁਝ ਪਤਾ ਏ। ਜੀਜਾ ਜੀ ਦੀ ਗੱਲ ਇਸ ਲਈ ਥੋੜ੍ਹੀ ਵੱਖਰੀ ਏ ਕਿ ਪੁੱਤਰ ਦੇ ਪਿੱਛੇ ਜਿਹੇ ਹੋਏ ਖ਼ਰਚ ਦੇ ਕਾਰਨ ਥੋੜ੍ਹਾ ਜਿਹਾ ਦੱਬ ’ਚ ਆ ਗਏ ਨੇ। ਅਚਾਨਕ ਇਕ ਲੱਖ ਦਾ ਨਿਕਲਣਾ ਬਹੁਤ ਹੁੰਦਾ ਏ। ਉਹੀ ਤੁਸੀਂ ਲੋਕ ਸਮਝ ਲਓਗੇ ਤਾਂ ਇਹਨਾਂ ਦਾ ਥੋੜ੍ਹਾ ਭਾਰ ਘਟ ਹੋ ਜਾਏਗਾ। ਲੜਕੇ ਨੂੰ ਮੋਟਰ ਸਾਇਕਲ ਤਾਂ ਅੱਜ ਕੱਲ੍ਹ ਸਾਰੇ ਹੀ ਦੇ ਰਹੇ ਨੇ। ਰਹੀ ਜੀਜਾ ਜੀ ਦੀ ਗੱਲ ਤਾਂ ਆਪਣੇ ਮੂੰਹ ਨਾਲ ਤਾਂ ਕਦੀ ਕੁਝ ਮੰਗ ਹੀ ਨਹੀਂ ਸਕਦੇ।

ਤੀਰਥ ਮੁੜਿਆ ਤੇ ਭਲਵਾਨ ਨੂੰ ਕੁਝ ਥੋੜ੍ਹੀ ਦੂਰ ਲਿਜਾਕੇ ਬੋਲਿਆ-ਇਕ ਲੱਖ ਰੁਪਏ ਤਿਲਕ ਤੇ ਮੋਟਰ ਸਾਈਕਲ ਦੀ ਮੰਗ ਏ, ਸਮਝ ਲਓ।

ਸੁਣ ਕੇ ਭਲਵਾਨ ਦਾ ਮੂੰਹ ਲਟਕ ਗਿਆ। ਦੋਵੇਂ ਲੋਕ ਮੁੜ ਕੇ ਮੰਜੀ ’ਤੇ ਬੈਠ ਗਏ।

ਥੋੜ੍ਹੀ ਦੇਰ ਤੱਕ ਚੁੱਪ ਵਰਤੀ ਰਹੀ। ਸਾਰੇ ਇਕ ਦੂਜੇ ਦਾ ਮੂੰਹ ਦੇਖਦੇ ਰਹੇ। ਫਿਰ ਮਾਮਾ ਹੀ ਬੋਲਿਆ-ਅੱਜ ਕੱਲ੍ਹ ਤਾਂ ਸੜੇ ਗਲੇ ਵਿਹਲੇ ਲੜਕਿਆਂ ਦਾ ਤਿਲਕ ਵੀ ਇਕਵੰਜਾ ਹਜ਼ਾਰ ਤੋਂ ਸ਼ੁਰੂ ਹੋ ਰਿਹਾ ਏ ਭਾਈ ਸਾਹਬ! ਮੋਟਰ ਸਾਈਕਲ ਦੇ ਬਿਨਾਂ ਤਾਂ ਗੱਲ ਹੀ ਅੱਗੇ ਨਹੀਂ ਵਧਦੀ। ਉਹ ਗਾਣਾ ਤਾਂ ਤੁਸੀਂ ਸੁਣਿਆ ਹੀ ਹੋਵੇਗਾ। ਦੁਲੇ ਦਾ ਮੂੰਹ ਜਿੰਦਾਂ ਫੈਜਾਬਾਦੀ ਬੰਡਾ/ਚੜੈ ਨਾ ਮਾਂਗੈ ਹੀਰੋ ਹੰਡਾ। ਜਦੋਂ ਬੰਡਾ ਜਿਹੇ ਮੂੰਹ ਵਾਲੇ ਲੜਕੇ ਹੀਰੋ ਹੰਡਾ ਮੰਗ ਰਹੇ ਨੇ ਤਾਂ ਸਾਡਾ ਭਾਣਜਾ ਤਾਂ ਲੱਖਾਂ ’ਚੋਂ ਇਕ ਏ। ਜੀਜਾ ਜੀ ਦੇ ਮੂੰਹ ਖੋਲ੍ਹਣ ਦੀ ਦੇਰ ਏ, ਜੋ ਮੰਗਾਂਗੇ ਉਹੀ ਮਿਲੇਗਾ। ਰੋਜ਼ ਹੀ ਤਾਂ ਕੋਈ ਨਾ ਕੋਈ ਆ ਕੇ ਘਰ ਘੇਰ ਰਿਹਾ ਏ।

ਭਲਵਾਨ ਨੂੰ ਘਰ ਘੇਰਨ ਵਾਲੀ ਗੱਲ ਅੱਖੜ ਗਈ। ਅਸੀਂ ਇਹਨਾਂ ਦਾ ਘਰ ਘੇਰਨ ਆਏ ਹਾਂ? ਗੱਲਬਾਤ ’ਚ ਭੋਰਾ ਲਿਹਾਜ ਨਹੀਂ। ਮੂੰਹ ਅੱਡੀ ਇੰਤਜ਼ਾਰ ’ਚ ਬੈਠੇ ਨੇ ਕਿ ਕੌਣ ਆ ਕੇ ਕਿੰਨੀ ਬੋਲੀ ਲਾਉਂਦਾ ਏ। ਸਮਝ ਗਏ ਕਿ ਇਹ ਦਾਣਾ ਉਹਨਾਂ ਦੇ ਦੰਦ ਨਾਲ ਚੱਬਣ ਵਾਲਾ ਨਹੀਂ ਏ। ਤਾਂ ਕਿਉਂ ਨਾ ਥੋੜ੍ਹਾ ਖੁੱਲ੍ਹਮ-ਖੁੱਲ੍ਹੀ ਗੱਲ ਕਰ ਲਈ ਜਾਏ! ਤੀਰਥ ਦੱਸ ਰਿਹਾ ਸੀ ਕਿ ਪਿਛਲੇ



ਸਾਲ ਹੀ ਇਹਨਾਂ ਨੇ ਵੀ ਆਪਣੀ ਧੀ ਵਿਆਹੀ ਏ। ਘਰ-ਬਾਰ ਦੇਖ ਕੇ ਤਾਂ ਨਹੀਂ ਲੱਗਦਾ ਕਿ ਇੱਕੀ ਹਜ਼ਾਰ ਵੀ ਤਿਲਕ ਦਿੱਤੇ ਹੋਣਗੇ। ਉਹਨਾਂ ਨੇ ਖੰਘੂਰਾ ਮਾਰ ਕੇ ਗੱਲ ਸ਼ੁਰੂ ਕੀਤੀ-ਸੁਣਿਆ ਏ ਤੁਸੀਂ ਵੀ ਪਿਛਲੇ ਸਾਲ ਹੀ ਧੀ ਵਿਆਹੀ ਏ। ਲੱਗਦਾ ਏ ਲੜਕੇ ਵਾਲਿਆਂ ਨੇ ਤੁਹਾਨੂੰ ਵੀ ਕਾਫ਼ੀ ਦਬਾਇਆ ਏ।

-ਚੰਗਾ ਰਿਸ਼ਤਾ ਲੈਣ ਲਈ ਲਿਫਣਾ ਤਾਂ ਪੈਂਦਾ ਹੀ ਏ।

ਮਾਮਾ ਬੋਲਿਆ-ਇਕਲੌਤੀ ਧੀ ਸੀ। ਇਸ ਨੂੰ ਐਸੇ-ਵੈਸੇ ਘਰ ਤਾਂ ਨਹੀਂ ਨਾ ਭੇਜ ਸਕਦੇ ਸੀ। ਤਾਂ ਹੀ ਤਾਂ ਲੱਭਦਿਆਂ-ਲੱਭਦਿਆਂ ਪੰਜ ਸਾਲ ਲੱਗ ਗਏ।

ਥੋੜ੍ਹੀ ਦੇਰ ਤੱਕ ਚੁੱਪ ਚਾਪ ਸਿਰ ਹਿਲਾਉਂਦੇ ਰਹਿਣ ਪਿੱਛੋਂ ਭਲਵਾਨ ਨੇ ਫਿਰ ਪੁੱਛਿਆ-ਕੀ ਕਰਦੇ ਨੇ ਜੁਆਈ ਜੀ? ਕਿਧਰੇ ਸੂਬੇ ਦੇ ਸਾਹਬ ਨੇ?

-ਉਹੀ ਤਾਂ ਨਹੀਂ ਨੇ ਪਰ ਹੋ ਸਕਦੇ ਸਨ। ਝੁੰਨੂ ਬਾਬੂ ਬੋਲ ਪਏ-ਕਿਸੇ ਦੀ ਨੌਕਰੀ ਕਰਨਾ ਉਹਨਾਂ ਦੇ ਖ਼ਾਨਦਾਨ ’ਚ ਕਿਸੇ ਨੂੰ ਪਸੰਦ ਨਹੀਂ। ਆਪਣਾ ਹੀ ਕਾਰੋਬਾਰ ਏ। ਠੇਕੇਦਾਰੀ ਕਰਦੇ ਨੇ। ਦੱਸ-ਪੰਦਰਾਂ ਸਾਲ ਦੀ ਜਮੀ-ਜਮਾਈ ਠੇਕੇਦਾਰੀ ਏ। ਅਗਲੇ ਸਾਲ ਇਲੈਕਸ਼ਨ ’ਚ ਐਮ. ਐਲ. ਏ. ਦੀ ਚੋਣ ਲੜਣ ਵਾਲੇ ਨੇ। ਝੁੰਨੂ ਬਾਬੂ ਨੇ ਇਕਦਮ ਕਈ ਰੱਦੇ ਜੋੜੇ। ਜਿੰਦਾਂ ਕਹਿ ਰਿਹਾ ਹੋਵੇ-ਪੁੱਛੋ ਕੀ ਪੁੱਛਣਾ ਚਾਹੁੰਦੇ ਹੋ।

-ਕਿਸ ਪਾਰਟੀ ਤੋਂ? ਭਲਵਾਨ ਨੇ ਜਾਣਨਾ ਚਾਹਿਆ।

-ਕਿਸੇ ਵੀ ਪਾਰਟੀ ਤੋਂ। ਸਾਰੀਆਂ ਪਾਰਟੀਆਂ ’ਚ ਆਪਣੇ ਹੀ ਆਦਮੀ ਨੇ। ਉਸ ਸਮੇਂ ਜਿਸ ਦੀ ਹਵਾ ਗਰਮ ਹੋਵੇਗੀ, ਉਸੇ ਤੋਂ ਹੀ ਲੜ ਲੈਣਗੇ। ਉਹ ਤਾਂ ਆਜ਼ਾਦ ਵੀ ਲੜ ਲੈਣ ਤਾਂ ਸੀਟ ਜਿੱਤ ਜਾਣਗੇ। ਦੱਸ-ਵੀਹ ਲੋਕ ਤਾਂ ਹਮੇਸ਼ਾ ਅੱਗੇ-ਪਿੱਛੇ ਤੁਰਦੇ ਨੇ। ਕਹਿ ਕੇ ਝੁੰਨੂ ਬਾਬੂ ਭਲਵਾਨ ਦੀਆਂ ਅੱਖਾਂ ’ਚ ਸਿੱਧਾ ਦੇਖਦੇ ਹੋਏ ਗੱਦ-ਗੱਦ ਹੋ ਮੁਸਕਾਣ ਲੱਗਾ।

-ਕੀ ਗੱਲ ਏ? ਦੱਸ-ਪੰਦਰਾਂ ਸਾਲ ਤੋਂ ਠੇਕੇਦਾਰੀ! ਤਾਂ ਤੇ ਉਮਰ ਵੀ ਠੀਕ-ਠਾਕ ਹੀ ਹੋਵੇਗੀ? ਭਲਵਾਨ ਨੇ ਦਾਅ ਮਾਰਿਆ।

-ਜ਼ਿਆਦਾ ਨਹੀਂ। ਝੁੰਨੂ ਬਾਬੂ ਥੋੜ੍ਹਾ ਜਿਹਾ ਝੇਪਿਆ-ਚਾਲੀ ਦੇ ਅੰਦਰ ਹੀ ਨੇ।

-ਪਰ ਤੁਹਾਡੀ ਧੀ ਤਾਂ ਤੁਹਾਡੇ ਪੁੱਤਰ ਤੋਂ ਛੋਟੀ ਏ। ਉੱਨੀ-ਵੀਹ ਤੋਂ ਜ਼ਿਆਦਾ ਕੀ ਹੋਵੇਗੀ! ਭਲਵਾਨ ਹਲਕਾ-ਹਲਕਾ ਅੱਗੇ ਪਿੱਛੇ ਸਿਰ ਹਿਲਾਂਦਾ ਹੋਇਆ ਬੋਲਿਆ।

ਝੁੰਨੂ ਬਾਬੂ ਝਿੜਕ ਜੇਹੀ ਦੇਂਦਿਆਂ ਹੋਇਆਂ ਬੋਲਿਆ-ਓ ਮੁਰਦੇ ਦੀ ਉਮਰ ਨਹੀਂ ਦੇਖੀ ਜਾਂਦੀ ਏ! ਸਿਰ ਦੇ ਵਾਲ ਨਾ ਝੜੇ ਹੁੰਦੇ ਤਾਂ ਪੱਚੀ ਦੇ ਵੀ ਨਾ ਲੱਗਦੇ। ਫਿਰ ਆਵਾਜ਼ ਨੂੰ ਥੋੜ੍ਹਾ ਜੇਹਾ ਨਰਮ ਕਰਦਿਆਂ ਹੋਏ ਬੋਲਿਆ-ਸ਼ਹਿਰ ਗਏ ਸੀ ਆਪਣੇ ਕਿਸੇ ਦੋਸਤ ਦੇ ਘਰ। ਨਹਾਉਂਦੇ ਹੋਏ ਵਾਲਾਂ ’ਚ ਸ਼ੈਂਪੂ ਦੀ ਥਾਂ ਭੁੱਲ ਕੇ ਵਾਲ-ਸਫਾ ਲੋਸ਼ਨ ਲਾਇਆ ਤੇ ਇਸ ਲਈ ਅੱਗੇ ਦੇ ਅੱਧੇ ਵਾਲ ਝੜ ਗਏ।

-ਵਾਲ ਤਾਂ ਝੂਠੇ ਹੁੰਦੇ ਨੇ ਝੁੰਨੂ ਬਾਬੂ। ਭਲਵਾਨ ਹੌਸਲਾ ਦੇਣ ਵਾਲੇ ਸੁਰ ’ਚ ਬੋਲਿਆ-ਛੋਟੇ-ਛੋਟੇ ਬੱਚਿਆਂ ਦੇ ਝੜ ਰਹੇ ਨੇ। ਸਹੀ ਚੀਜ਼ ਏ ਕਮਾਈ-ਧਮਾਈ। ਉਹ ਏ ਹੀ। ਪਰ ਦੱਸ-ਵੀਹ ਲੋਕ ਤਾਂ ਨਾਲ ਲੈ ਕੇ ਕਿਉਂ ਚਲਣਾ ਪੈਂਦਾ ਏ? ਕੋਈ ਖ਼ਤਰੇ ਵਾਲੀ ਗੱਲ?

-ਓ ਨਹੀਂ ਭਾਈ। ਝੁੰਨੂ ਬਾਬੂ ਪ੍ਰਸ਼ਨ ਦੇ ਭੋਲੇਪਣ ’ਤੇ ਤਰਸ ਖਾਂਦਿਆਂ ਹੋਇਆਂ ਹੱਸਦਿਆਂ ਬੋਲਿਆ-ਦੱਸ ਵੀਹ ਲੋਕ ਪਿੱਛੇ ਹੋਣ ਨਾਲ ਰੋਅਬ-ਦਾਬ ਪੈਂਦਾ ਏ। ਲੱਗਦਾ ਏ ਕਿ ਆਦਮੀ ਪਾਵਰ ਵਾਲਾ ਏ। ਕੋਈ ਛੇਤੀ ਨਾਲ ਉਲਝਦਾ ਨਹੀਂ। ਦਫ਼ਤਰਾਂ ’ਚ ਕੰਮ ਜਲਦੀ ਹੋ ਜਾਂਦਾ ਏ। ਫੀਲਡ ’ਚ ਰਹਿਣਾ ਏ ਤਾਂ ਇਹ ਸਭ ਕੁਝ ਕਰਨਾ ਈ ਪੈਂਦਾ ਏ।

–ਤਾਂ ਤੇ ਰਾਈਫਲ-ਬੰਦੂਕ ਲੈ ਕੇ ਜਾਂਦੇ ਹੋਣਗੇ? ਗੋਲੀ-ਸਿੱਕੇ ਵਾਲਿਆਂ ਲਈ ਤਾਂ ਲੋਕ ਦੂਰੋਂ ਹੀ ਰਾਹ ਛੱਡ ਦੇਂਦੇ ਨੇ।

ਗੱਲ ਨੂੰ ਉਲਝਦਿਆਂ ਦੇਖ ਲੜਕੇ ਦਾ ਮਾਮਾ ਉੱਠ ਕੇ ਘਰ ਦੇ ਅੰਦਰ ਚਲਾ ਗਿਆ।

–ਉਹ ਤਾਂ ਜਦੋਂ ਚਾਹੋ ਖਰੀਦ ਲਈਏ ਪਰ ਉਹਨਾਂ ਦੇ ਪਿਤਾ ਜੀ ਖਰੀਦਣ ਦੀ ਇਜਾਜ਼ਤ ਦੇਣ ਤਾਂ ਹੀ। ਕਹਿੰਦੇ ਨੇ ਖ਼ਤਰੇ ਵਾਲਾ ਸਾਮਾਨ ਨਾਲ ਲੈ ਕੇ ਨਹੀਂ ਤੁਰਨਾ ਚਾਹੀਦਾ। ਪਰ ਇਧਰ ਡੀ. ਐੱਮ. ਸਾਹਬ ਨੇ ਖ਼ੁਦ ਬੁਲਾ ਕੇ ਲਾਇਸੈਂਸ ਦੇ ਦਿੱਤਾ ਏ। ਜਿੰਦਾਂ ਹੀ ਪਿਤਾ ਜੀ ਦੀ ਇਜਾਜ਼ਤ ਮਿਲੀ ਖਰੀਦ ਲਵਾਂਗੂੰ।

ਲੜਕੇ ਦਾ ਮਾਮਾ ਥੋੜ੍ਹੀ ਦੇਰ ਬਾਅਦ ਘਰ 'ਚੋਂ ਬਾਲਟੀ ਲੈ ਕੇ ਨਿਕਲਿਆ ਤੇ ਖੂਹ 'ਤੇ ਨਹਾਉਣ ਚਲਾ ਗਿਆ।

ਭਲਵਾਨ ਸਮਝ ਗਿਆ ਕਿ ਮਾਮਾ ਮੈਦਾਨ ਛੱਡ ਗਿਆ ਏ। ਸਿਆਣੇ ਕਿੰਨੀ ਦੇਰ ਅਜਿਹੀਆਂ ਊਲ-ਜਲੂਲ ਗੱਲਾਂ ਸਹਿਣ ਕਰਦੇ ਹਨ।

–ਉਂਜ ਜਵਾਈ ਬਾਬੂ ਦੇ ਪਿਤਾ ਜੀ ਠੀਕ ਸੋਚਦੇ ਨੇ। ਅੱਜਕੱਲ ਇੱਜ਼ਤਦਾਰ ਲੋਕ ਬੰਦੂਕ ਰਾਈਫਲ ਰੱਖਣ 'ਤੇ ਜ਼ੋਰ ਨਹੀਂ ਦੇ ਰਹੇ ਨੇ। ਹਾਂ ਦਿਨ ਚੰਗੇ ਹੁੰਦੇ ਨੇ ਤਾਂ ਆਦਮੀ ਪਹਿਲਾਂ ਪੱਕਾ ਘਰ ਜ਼ਰੂਰ ਬਣਾਉਂਦਾ ਏ। ਦੱਸ-ਪੰਦਰਾਂ ਸਾਲ 'ਚ ਪੱਕੀ ਹਵੇਲੀ ਤਾਂ ਬਣਾ ਹੀ ਲਈ ਹੋਵੇਗੀ।

ਲੱਗਦਾ ਏ ਇਸ ਤਰ੍ਹਾਂ ਦੇ ਸਵਾਲਾਂ ਨਾਲ ਝੁੰਨੂ ਬਾਬੂ ਦੀ ਬੇਚੈਨੀ ਵੱਧਦੀ ਜਾ ਰਹੀ ਏ। ਪਰ ਉਹਨੇ ਆਪਣੇ ਆਪ ਨੂੰ ਸੰਭਾਲਿਆ ਤੇ ਸ਼ਾਂਤ ਸੁਰ 'ਚ ਬੋਲਿਆ–ਦੋ ਲੱਖ ਇੱਟ ਦਾ ਚੱਠਾ ਪਿਛਲੇ ਸਾਲ ਲਵਾ ਲਿਆ ਸੀ। ਜਦੋਂ ਚਾਹੁਣਗੇ ਬਣਵਾਉਣਾ ਸ਼ੁਰੂ ਕਰ ਦੇਵਾਂਗੂੰ। ਗੱਲ ਇਹ ਏ ਕਿ ਠੇਕੇਦਾਰੀ ਦਾ ਕੰਮ ਇੰਨਾ ਫੈਲਾਇਆ ਹੋਇਆ ਏ ਕਿ ਹੋਰ ਕਿਸੇ ਕੰਮ ਲਈ ਵਿਹਲ ਹੀ ਨਹੀਂ ਮਿਲਦੀ।

–ਤੁਸੀਂ ਦੱਸ ਰਹੇ ਸੀ ਕਿ ਖੇਤੀ-ਬਾੜੀ ਵੀ ਕਾਫ਼ੀ ਫੈਲੀ ਹੋਈ ਏ। ਹਾਲੀਆਂ-ਪਾਲੀਆਂ ਦੀ ਕਾਫ਼ੀ ਕਿੱਲਤ ਰਹਿੰਦੀ ਏ ਉਹਨਾਂ ਨੂੰ ਦੇਖਦਿਆਂ ਹੋਇਆਂ ਟਿਊਬਵੈੱਲ, ਟ੍ਰੈਕਟਰ ਦਾ ਇੰਤਜ਼ਾਮ ਬਹੁਤ ਪਹਿਲਾਂ ਹੀ ਕਰਨਾ ਪਵੇਗਾ।

–ਟਿਊਬਵੈੱਲ ਦੀ ਜ਼ਰੂਰਤ ਤਾਂ ਇਸ ਲਈ ਨਹੀਂ ਏ ਕਿ ਸਾਰੇ ਖੇਤ ਨਹਿਰ ਦੇ ਕੰਢੇ 'ਤੇ ਨੇ, ਰਹੀ ਟ੍ਰੈਕਟਰ ਦੀ ਗੱਲ ਤਾਂ ਉਹਨਾਂ ਦੇ ਪਿਤਾ ਜੀ ਲੋਨ ਲੈ ਕੇ ਖਰੀਦਣ ਦੇ ਪੱਖ 'ਚ ਨਹੀਂ ਤੇ ਖਰੀਦ ਵੀ ਲੈਣ ਤਾਂ ਉਸ ਦੀ ਦੇਖ-ਭਾਲ ਕਰਨ ਵਾਲਾ ਕੋਈ ਨਹੀਂ ਏ। ਦਾਮਾਦ ਦਾ ਠੇਕਾ-ਪੱਟਾ ਸਭ ਸ਼ਹਿਰ 'ਚ ਏ। ਕਹਿੰਦਿਆਂ ਹੀ ਝੁੰਨੂ ਬਾਬੂ ਉੱਠ ਖੜ੍ਹਾ ਹੋਇਆ। ਬੋਲਿਆ–ਮੈਂ ਘੰਟੇ ਕੁ ਦੀ ਮੋਹਲਤ ਦੇਂਦਾ ਹਾਂ। ਆਲੂ ਦਾ ਬੀਜ ਖਰੀਦਣ ਬਾਜ਼ਾਰ ਜਾਣਾ ਜ਼ਰੂਰੀ ਏ। ਉਦੋਂ ਤੱਕ ਤੁਸੀਂ ਲੋਕ ਰਾਜੇਸ਼ ਦੇ ਮਾਮਾ ਜੀ ਨਾਲ ਗੱਲਬਾਤ ਕਰੋ।

ਭਲਵਾਨ ਸਮਝ ਗਿਆ ਕਿ ਉਹਨਾਂ ਦੀਆਂ ਗੱਲਾਂ ਸੁਣ ਕੇ ਬੁੱਢਾ ਮੈਦਾਨ ਛੱਡ ਕੇ ਭੱਜ ਰਿਹਾ ਏ।

ਉਹ ਵੀ ਉੱਠ ਕੇ ਖਲੋ ਗਿਆ ਤੇ ਹੱਥ ਜੋੜ ਕੇ ਬੋਲਿਆ–ਤੁਸੀਂ ਸਹਿਜੇ ਹੀ ਬਾਜ਼ਾਰ ਦਾ ਕੰਮ ਕਰੋ। ਮਾਮਾ ਜੀ ਇਸ਼ਨਾਨ ਕਰ ਲੈਣ। ਗੱਲਬਾਤ ਜੋ ਹੋਣੀ ਸੀ, ਹੋ ਹੀ ਗਈ ਏ। ਸਾਨੂੰ ਵੀ ਜਾਣ ਦੀ ਆਗਿਆ ਦਿਓ। ਰਾਜੇਸ਼ ਦੀ ਮਾਤਾ ਜੀ ਨੂੰ ਬੁਲਾ ਦਿਓ ਤਾਂ ਉਹਨਾਂ ਤੋਂ ਵੀ ਇਜਾਜ਼ਤ ਲੈ ਲਈਏ। ਲੜਕੇ ਦੀ ਮਾਤਾ ਸਿਰ ਦੀ ਚੁੰਨੀ ਥੋੜ੍ਹੀ ਜਿਹੀ ਅੱਗੇ ਖਿਸਕਾ ਕੇ ਤੇ ਚੁੰਨੀ ਦੀ ਇਕ ਕੰਨੀ ਮੂੰਹ 'ਚ ਦੱਬੀ ਇਕ ਹੱਥ 'ਚ ਪੀੜੀ ਲੈ ਆਈ ਤੇ ਭਲਵਾਨ ਦੀ ਮੰਜੀ ਦੇ ਅੱਗੇ ਕੁਝ ਦੂਰੀ 'ਤੇ ਪੀੜੀ ਰੱਖ ਬਹਿ ਗਈ।



ਭਲਵਾਨ ਬੋਲਿਆ–ਤੁਹਾਡੇ ਦਰਵਾਜ਼ੇ ਰਿਸ਼ਤਾ ਲੈ ਕੇ ਆਏ ਆਂ। ਚਾਹੁੰਦੇ ਹਾਂ ਕਿ ਤੁਸੀਂ ਵੀ ਆਪਣਾ ਫ਼ੈਸਲਾ ਸੁਣਾਓ। ਕੁਝ ਸੁਣਕੇ ਜਾਣਾ ਚਾਹੁੰਦੇ ਹਾਂ।

–ਜੀ ਪੁੱਤਰ ਤੁਹਾਡਾ ਏ। ਤੁਸੀਂ ਉਹਨੂੰ ਜਨਮ ਦਿੱਤਾ ਏ। ਸੇਵਾ-ਕੀਤੀ ਏ। ਸਾਰਾ ਟੱਬਰ ਦੇਖ ਕੇ ਨੂੰਹ ਲਿਆਓਗੀ ਤਾਂ ਹੱਥ-ਪੈਰ ਘੁਟੇਗੀ। ਸੇਵਾ ਕਰੇਗੀ। ਸਿਰ ਦੀਆਂ ਜੂੰਆਂ ਕੱਢੇਗੀ। ਬਿਨਾਂ ਤੁਹਾਡੇ ਬੋਲਿਆਂ ਕਿੱਦਾਂ ਕੰਮ ਚੱਲੇਗਾ! ਬਹੁਤ ਲੈਣ-ਦੇਣ ਕਰਨ ਦੀ ਹੈਸੀਅਤ 'ਚ ਤਾਂ ਅਸੀਂ ਨਹੀਂ ਹਾਂ, ਪਰ ਲੜਕੀ ਤੁਹਾਨੂੰ ਗੁਣਾਂ ਦੀ ਗੁੱਥਲੀ ਦੇ ਸਕਦੇ ਹਾਂ।

–ਗੁਣ-ਸੰਪੰਨ, ਰੂਪ-ਰੰਗ, ਕੱਦ-ਕਾਠੀ, ਖ਼ਾਨਦਾਨੀ ਤਾਂ ਚਾਹੀਦੀ ਹੀ ਏ ਭਾਈ ਸਾਹਬ। ਉਸ 'ਚ ਕਿਸੇ ਤਰ੍ਹਾਂ ਦੀ ਕੁਤਾਹੀ ਕਿੱਦਾਂ ਹੋ ਸਕਦੀ ਏ! ਪਰ ਇਸਦੇ ਨਾਲ-ਨਾਲ ਇਹ ਵੀ ਤਾਂ ਦੇਖਿਆ ਜਾਂਦਾ ਏ ਕਿ ਕਿਹੋ ਜੇਹੀ ਗੱਡੀ ਲੈ ਕੇ ਡਿਓਢੀ 'ਚ ਪੈਰ ਪਾਉਂਦੀ ਏ। ਰੁਪਏ-ਪੈਸਿਆਂ ਦਾ ਸਾਨੂੰ ਕੋਈ ਲਾਲਚ ਨਹੀਂ ਏ। ਰੱਬ ਦਾ ਬਹੁਤ ਕੁਝ ਦਿੱਤਾ ਹੋਇਆ ਏ। ਪਰ ਕਿਸੇ ਅਮੀਰ ਦੇ ਘਰ ਤੋਂ ਆਏਗੀ ਤਾਂ ਉਸਦੇ ਨਾਲ ਘਰ 'ਚ ਅਮੀਰੀ ਆਏਗੀ। ਕਿਸੇ ਦਰਿਦਰੀ ਦੇ ਘਰੋਂ ਆਏਗੀ ਤਾਂ ਇਸ ਘਰ 'ਚ ਵੀ ਉਸਦੇ ਨਾਲ-ਨਾਲ ਦਲਿਦਰ ਦਾ ਪਸਾਰਾ ਹੋ ਜਾਏਗਾ। ਬਸ ਏਹੀ ਬਚਾਉਣਾ ਹੋਵੇਗਾ। ਬਾਕੀ ਤਾਂ ਸਾਰੀਆਂ ਧੀਆਂ ਲਕਸ਼ਮੀ ਦਾ ਅਵਤਾਰ ਹੁੰਦੀਆਂ ਨੇ।

ਓ, ਇਹ ਤਾਂ ਆਪਣੇ ਭਰਾ-ਭਾਈ ਤੋਂ ਵੀ ਦੋ ਕਦਮ ਅੱਗੇ ਹੈ। ਭਲਵਾਨ ਦਾ ਰੋਮ-ਰੋਮ ਸੁਲਗਣ ਲੱਗਾ। ਚਿੜ ਕੇ ਬੋਲਿਆ–ਹੁਕਮ ਹੋਵੇ ਤਾਂ ਘਰ ਦਾ ਦੁੱਖ-ਦਲਿਦਰ ਦੂਰ ਭਜਾਣ ਦਾ ਇਕ ਤਰੀਕਾ ਅਸੀਂ ਵੀ ਦੱਸ ਸਕਦੇ ਆਂ। ਸਿੱਧਾ-ਸਿੱਧਾ ਡਮਰੂ ਲੈ ਕੇ ਢੰਡੋਰਾ ਪਿਟਵਾ ਕੇ ਬਾਜ਼ਾਰ ਵਾਲੇ ਦਿਨ ਲੜਕੇ ਨੂੰ ਨੀਲਾਮੀ ਲਈ ਕਿਉਂ ਨਹੀਂ ਖਲਾਰ ਦੇਂਦੇ? ਝੁੰਨੂ ਬਾਬੂ ਦੇ ਪਿਤਾ ਤਾਂ ਆਪਣੇ ਨੰਗੇ ਪੈਰ ਡਿਓਢੀ ਅੰਦਰ ਧਰਨ ਤੋਂ ਨਹੀਂ ਬਚਾ ਸਕੇ। ਦਲਿਦਰ ਦਾ ਪਸਾਰਾ ਹੋ ਹੀ ਗਿਆ, ਜਿਸਦੇ ਚੱਲਦਿਆਂ ਤੁਹਾਡੀ ਧੀ ਅਧੇੜ ਉਮਰ ਦੇ ਦਾਮਾਦ ਦੇ ਪੱਲੇ ਬੰਨਣੀ ਪਈ। ਕੱਚੇ ਘਰ 'ਚ ਗੁਜ਼ਾਰਾ ਕਰਨਾ ਪੈ ਰਿਹਾ ਏ। ਦਰਵਾਜ਼ੇ 'ਤੇ ਪੂਰੇ ਬਲਦ ਤੱਕ ਨਹੀਂ। ਘਰ ਦੀਆਂ ਕੰਧਾਂ 'ਚ ਦਰਾਰਾਂ ਪਈਆਂ ਹੋਈਆਂ ਨੇ, ਪਲਸਤਰ ਦੇ ਖਰੇਪੜ ਲੱਥੇ ਹੋਏ ਨੇ, ਛੱਤ ਢਹਿਣ ਆਲੀ ਏ। ਤਿੰਨ ਲੜਕੇ ਨੇ। ਤਿੰਨਾਂ ਦੀ ਨੀਲਾਮੀ ਕਰਾ ਦਿਓ ਤਾਂ ਘਰੋਂ ਸੱਤ ਪੁਸ਼ਤਾਂ ਤੋਂ ਵੱਸਿਆ ਦਲਿਦਰ ਖ਼ਤਮ ਹੋ ਜਾਏਗਾ ਤੇ ਪੱਕੀ ਕੋਠੀ ਵੀ ਉਸਰ ਜਾਏਗੀ।

–ਵਾਹ ਭਾਈ! ਤੁਸੀਂ ਤਾਂ ਕੁਫ਼ਰ ਬੋਲਣ ਲੱਗੇ। ਉਹ ਸ਼ੁਰੂ ਹੋਵੇਗਾ ਤਾਂ ਕੋਠੀ ਵੀ ਬਣ ਜਾਏਗੀ। ਬਾਕੀ ਤੁਸੀਂ ਤਾਂ ਅਜਿਹਾ ਬੋਲ ਰਹੇ ਓ ਜਿੱਦਾਂ ਦੀਨ-ਦੁਨੀਆਂ 'ਚ ਰਹਿੰਦੇ ਈ ਨਹੀਂ। ਜੋ ਹੀਰਾ ਖ਼ਰੀਦਣ ਆਏਗਾ ਉਸਨੂੰ ਹੀਰੇ ਦੀ ਕੀਮਤ ਵੀ ਦੇਣੀ ਪਵੇਗੀ। ਸਾਡਾ ਪੁੱਤਰ ਹੇਠੋਂ-ਉੱਤੋਂ ਸੱਤ-ਅੱਠ ਹਜ਼ਾਰ ਬਣਾ ਹੀ ਰਿਹਾ ਏ ਤਾਂ ਇਹ ਕਿਸ ਦੇ ਹੱਥ 'ਚ ਹੋਣਗੇ! ਜੋ ਵਹੁਟੀ ਬਣ ਕੇ ਇਸ ਘਰ ਦੀ ਡਿਓਢੀ ਲੰਘੇਗੀ ਉਸਦੇ ਹੀ ਹੱਥ 'ਚ ਤਾਂ! ਇਸ 'ਚ ਨਾਰਾਜ਼ ਹੋਣ ਜਾਂ ਬੋਲੀ ਬੋਲਣ ਦੀ ਕੀ ਗੱਲ ਏ? ਅਸੀਂ ਵੀ ਉਹੀ ਕਰਾਂਗੇ ਜੋ ਦੁਨੀਆਂ ਦਾ ਦਸਤੂਰ ਏ।

ਭਲਵਾਨ ਹੱਥ ਜੋੜ ਕੇ ਤੁਰ ਪਿਆ। ਤੀਰਥ ਪਿੱਛੇ-ਪਿੱਛੇ। ਭਲਵਾਨ ਬਹੁਤ ਰੰਜ 'ਚ ਸੀ। ਨੌਂ ਵਜੇ ਆਏ ਸਨ। ਹੁਣ ਦੋ ਵੱਜਣ ਵਾਲੇ ਸਨ। ਇਕ ਕੱਪ ਚਾਹ ਪਿਆਉਣ ਤੋਂ ਇਲਾਵਾ ਦੁਬਾਰਾ ਪਾਣੀ ਲਈ ਵੀ ਨਹੀਂ ਪੁੱਛਿਆ ਮੱਖੀ-ਚੂਸਾਂ ਨੇ। ਗਾਂ ਬੈਠੀ ਸੀ ਇਕ ਇਕ ਗਲਾਸ ਮਿੱਠਾ ਹੀ ਪਿਆ ਦੇਂਦਾ ਸਹੁਰਾ। ਆਪਣੀ ਧੀ ਦਾ ਵਿਆਹ ਦੂਣੀ ਉਮਰ ਦੇ ਲੜਕੇ ਨਾਲ ਕੀਤਾ ਏ।

ਜਵਾਈ ਦੀ ਹੈਸੀਅਤ ਕੀ ਏ, ਇਹ ਵੀ ਸਾਫ਼ ਹੋ ਗਿਆ ਏ। ਇਸਦੇ ਬਾਵਜੂਦ ਦਿਮਾਗ਼ ਸੱਤਵੇਂ ਅਸਮਾਨ ’ਤੇ ਏ।

ਭੁੱਖ ਬਹੁਤ ਤੇਜ਼ ਲੱਗੀ ਸੀ। ਖਾਣਾ-ਖਾਂਦਿਆਂ ਹੀ ਸੁਸਤੀ ਨੇ ਘੇਰ ਲਿਆ। ਬਿਨਾਂ ਕੁਝ ਬੋਲੇ-ਚਾਲੇ ਸੌਂ ਗਿਆ। ਜਾਗਿਆ ਤਾਂ ਸ਼ਾਮ ਪੈ ਰਹੀ ਸੀ। ਜਾਣ ਲਈ ਤਿਆਰ ਹੋਣ ਲੱਗਾ ਤਾਂ ਤੀਰਥ ਰੋਕਣ ਲੱਗਾ-ਦੇਰ ਹੋ ਗਈ ਏ। ਸਵੇਰੇ ਜਾਣਾ। ਪਰ ਭਲਵਾਨ ਨਾ ਮੰਨਿਆ। ਬੋਲਿਆ-ਘੰਟਾ-ਡੇਢ ਰਾਤ ਪੈਂਦਿਆਂ-ਪੈਂਦਿਆਂ ਆਰਾਮ ਨਾਲ ਪਹੁੰਚ ਜਾਵਾਂਗਾ।

ਸਤਨੀ ਦੇ ਘਰ ਕੋਲ ਅੱਪੜਿਆ ਤਾਂ ਮਨ ਕੀਤਾ ਕਿ ਉਸਦੇ ਘਰ ਵੱਲ ਮੁੜ ਜਾਵੇ। ਕੀ ਪਤਾ ਆਈ ਹੋਵੇ ਤਾਂ ਦੇਖਾ-ਦੇਖੀ ਹੋ ਜਾਏ। ਮਨ ਥੋੜ੍ਹਾ ਸ਼ਾਂਤ ਹੋ ਜਾਏ। ਪਰ ਦੁਬਿਧਾ ’ਚ ਪਿਆ ਹੀ ਸਾਈਕਲ ਅੱਗੇ ਲੰਘ ਗਿਆ।

ਫਿਰ ਮਨ ਨੂੰ ਸਮਝਾਇਆ ਕਿ ਸਤਨੀ ਵੀ ਹੁਣ ਉਹਨਾਂ ਵਾਂਗੂੰ ਹੀ ਬਿਨਾਂ ਫੁੱਲ-ਪਾਤ ਦੀ ਹੋ ਗਈ ਹੋਵੇਗੀ। ਉਹ ਮੁਸਕਰਾਂਦਾ ਹਾਸਾ ਤੇ ਅੱਖਾਂ ਦੀ ਚਮਕ ਕਦੋਂ ਦੀ ਗ਼ਾਇਬ ਹੋ ਚੁੱਕੀ ਹੋਵੇਗੀ। ਨਾ ਮਿਲਣਾ ਹੀ ਚੰਗਾ।

ਅੱਧਾ ਰਾਹ ਆਉਂਦੇ-ਆਉਂਦੇ ਉਹਨੂੰ ਡਰ ਲੱਗਣ ਲੱਗਾ। ਘਰਵਾਲੀ ਨੇ ਤੁਰਦੇ ਸਮੇਂ ਸੁਚੇਤ ਕੀਤਾ ਸੀ ਕਿ ਅੱਗੇ ਵਧ ਕੇ ਨਾ ਬੋਲਣਾ। ਤੀਰਥ ਭਰਾ ਨੂੰ ਬੋਲਣ ਦਾ ਮੌਕਾ ਦੇਣਾ। ਪਰ ਉਹ ਆਪਣੀ ਆਦਤ ਤੋਂ ਬਾਜ ਨਾ ਆਇਆ। ਬੋਲ ਕੇ ਕੰਮ ਵਿਗਾੜ ਦਿੱਤਾ। ਘਰਵਾਲੀ ਠੀਕ ਕਹਿੰਦੀ ਏ ਕਿ ਆਪਣੀ ਜ਼ੁਬਾਨ ’ਤੇ ਕਾਬੂ ਨਹੀਂ ਰਹਿੰਦਾ। ਪਹੁੰਚਦਿਆਂ ਹੀ ਪੁੱਛੇਗੀ। ਕੀ ਦੱਸਾਂਗਾ?

ਘਰ ਅੱਪੜਦਿਆਂ-ਅੱਪੜਦਿਆਂ ਰੋਟੀ-ਪਾਣੀ ਦਾ ਵੇਲਾ ਲੰਘ ਗਿਆ ਸੀ। ਮਾਂਵਾਂ-ਧੀਆਂ ਸੌਣ ਦੀ ਤਿਆਰੀ ਕਰ ਰਹੀਆਂ ਸਨ। ਅੱਜ ਹੀ ਵਾਪਸ ਆ ਜਾਣਗੇ, ਅਜਿਹਾ ਤਾਂ ਸੋਚਿਆ ਹੀ ਨਹੀਂ ਸੀ। ਉਹਨੂੰ ਦੇਖ ਕੇ ਘਰਵਾਲੀ ਨੇ ਧੀ ਨੂੰ ਰਸੋਈ ਦਾ ਕੰਮ ਸੌਂਪਿਆ ਤੇ ਖ਼ੁਦ ਆਪ ਇਕ ਬਾਲਟੀ ਪਾਣੀ ਤੇ ਗੜਵੀ ਲੈ ਆਈ। ਜਦੋਂ ਤੱਕ ਭਲਵਾਨ ਨੇ ਹੱਥ-ਪੈਰ ਧੋਤੇ, ਉਹ ਚਾਹ ਬਣਾ ਲਿਆਈ। ਭਲਵਾਨ ਡਰ ਰਿਹਾ ਸੀ ਕਿ ਹੁਣ ਕਿਸੇ ਵੀ ਸਮੇਂ ਘਰਵਾਲੀ ਲੜਕੇ ਵਾਲਿਆਂ ਦੀ ਚਰਚਾ ਛੇੜੇਗੀ, ਪਰ ਘਰਵਾਲੀ ਨੇ ਅਜਿਹਾ ਨਾ ਕੀਤਾ। ਉਹ ਤੀਰਥ ਤੇ ਉਹਨਾਂ ਦੇ ਟੱਬਰ ਦਾ ਹਾਲ-ਚਾਲ ਹੀ ਪੁੱਛਦੀ ਰਹੀ। ਖਾਣ-ਪੀਣ ਦੇ ਬਾਅਦ ਘਰਵਾਲੀ ਨੇ ਧੀ ਨੂੰ ਅੰਦਰੋਂ ਦਰਵਾਜ਼ਾ ਬੰਦ ਕਰਨ ਲਈ ਆਖਿਆ ਤੇ ਗਰਮ ਤੇਲ ਦੀ ਕੌਲੀ ਲੈ ਕੇ ਬਰਾਂਡੇ ’ਚ ਪਏ ਪਹਿਲਵਚਾਨ ਦੇ ਕੋਲ ਆਈ। ਪੈਰਾਂ ਦੀਆਂ ਤਲੀਆਂ ਤੇ ਅੱਡੀਆਂ, ਗਿੱਟਿਆਂ ’ਤੇ ਚੰਗੀ ਤਰ੍ਹਾਂ ਦੇਰ ਤੱਕ ਮਾਲਸ਼ ਕਰਦੀ ਰਹੀ। ਪਰ ਲੜਕੇ ਵਾਲਿਆਂ ਦੇ ਬਾਰੇ ’ਚ ਕੋਈ ਗੱਲ ਨਾ ਛੇੜੀ। ਉਹ ਜਾਣਦੀ ਸੀ ਕਿ ਕੋਈ ਉਮੀਦ ਦੀ ਗੱਲ ਹੁੰਦੀ ਤਾਂ ਭਲਵਾਨ ਤੋਂ ਬਿਨਾਂ ਪੁੱਛਿਆਂ-ਦੱਸਿਆਂ ਵੀ ਨਹੀਂ ਰਿਹਾ ਜਾਂਦਾ। ਕੁਝ ਨਹੀਂ ਦੱਸ ਰਿਹਾ ਤਾਂ ਇਸਦਾ ਮਤਲਬ ਏ ਕਿ ਦੱਸਣ ਲਈ ਕੁਝ ਨਹੀਂ ਏ। ਅਜਿਹੇ ’ਚ ਪੁੱਛ-ਗਿੱਛ ਉਹਦੇ ਅੰਦਰ ਝੁੰਜਲਾਹਟ ਪੈਦਾ ਕਰ ਸਕਦੀ ਏ। ਭਲਵਾਨ ਦਾ ਨੱਕ ਵੱਜਣ ਲੱਗਾ ਤਾਂ ਉਹ ਹੇਠਾਂ ਉੱਤਰਣ ਲੱਗੀ। ਇਸੇ ’ਚ ਨੱਕ ਦੀ ਆਵਾਜ਼ ਬੰਦ ਹੋ ਗਈ ਤੇ ਭਲਵਾਨ ਨੇ ਉਹਦੀ ਬਾਂਹ ਫੜ ਕੇ ਆਪਣੇ ਵੱਲ ਖਿੱਚਿਆ ਤੇ ਕੌਲੀ ਆਲੇ ’ਚ ਰੱਖ, ਆਰਾਮ ਨਾਲ ਉਸ ਨਾਲ ਲੇਟ ਗਈ। ਬਿਨਾਂ ਕੁਝ ਬੋਲਿਆਂ ਦੋਵੇਂ ਜੀਅ ਕੁਝ ਸਮਾਂ ਘਰਵਾਲੀ-ਪਤੀ ਵਾਲੇ ਸਰੀਰਕ ਆਨੰਦ ’ਚ ਮਸਤੀ ਕਰਦੇ ਰਹੇ। ਫਿਰ ਘਰਵਾਲੀ ਉੱਠੀ। ਪੁਆਂਦੀ ਪਏ ਕੰਬਲ ਨੂੰ ਚੁੱਕ ਕੇ ਭਲਵਾਨ ਦੇ ਸਰੀਰ ਨੂੰ ਚੰਗੀ ਤਰ੍ਹਾਂ ਕੱਜਿਆ ਤੇ ਹੌਲੀ ਜਿਹੀ ਉਹਦਾ ਨੱਕ ਹਿਲਾ ਕੇ ਬਾਹਰ ਨਿਕਲ ਗਈ।



**(7)**

ਭਲਵਾਨ ਦੀ ਨੀਂਦਰ ਸਵੇਰੇ ਹੀ ਖੁੱਲ੍ਹ ਗਈ। ਪਰ ਪਤਾ ਨਹੀਂ ਕਿੰਨੀ ਥਕਾਵਟ ਸੀ ਕਿ ਉੱਠਣ ਦੀ ਹਿੰਮਤ ਨਹੀਂ ਹੋ ਰਹੀ ਸੀ। ਮਨ ਕਰ ਰਿਹਾ ਸੀ ਕਿ ਇਸੇ ਤਰ੍ਹਾਂ ਹੀ ਪਿਆ ਰਹੇ। ਕੀ ਇਹ ਸਾਈਕਲ ਚਲਾਉਣ ਦੀ ਥਕਾਵਟ ਸੀ? ਜਾਂ ਬੁਢਾਪੇ ਦੇ ਅਹਿਸਾਸ ਦੀ? ਜਾਂ ਝੁੰਨੂ ਬਾਬੂ ਦੇ ਘਰੋਂ ਟਕੇ ਵਰਗਾ ਜਵਾਬ ਮਿਲਣ ਦੇ ਚੱਲਦਿਆਂ। ਜਾਂ ਪਹਿਲਾਂ ਦੀਆਂ ਬਹੁਤ ਸਾਰੀਆਂ ਅਸਫ਼ਲਤਾਵਾਂ ਤੇ ਨਿਰਾਸ਼ਾਵਾਂ ਦੇ ਜੋ ਇਕਦਮ ਦਿਲ ਨੂੰ ਲੱਗਣ ਦੇ ਕਾਰਨ?

ਦਿਨ ’ਚ ਰਾਈ ਵਰਗੀ ਲੱਗਣ ਵਾਲੀ ਸਮੱਸਿਆ ਵੀ ਹੁਣ ਸਵੇਰੇ ਵੇਲੇ ਦਿਮਾਗ਼ ’ਚ ਘੁੰਮਦੀ ਹੈ ਤਾਂ ਪਹਾੜ ਜਿਹੀ ਲੱਗਣ ਲੱਗਦੀ ਹੈ।

ਕਿਉਂ ਕਰ ਗਿਆ ਉਹ ਇੰਨੀਆਂ ਕੌੜੀਆਂ ਗੱਲਾਂ ਝੁੰਨੂ ਬਾਬੂ ਦੇ ਘਰ ’ਚ? ਕੀ ਥਾਂ-ਥਾਂ ਮਿਲਣ ਵਾਲੀ ਨਿਰਾਸ਼ਾ ਉਹਨੂੰ ਚਿੜਚਿੜਾ ਬਣਾ ਰਹੀ ਏ? ਆਖ਼ੀਰ ਕੁਝ ਦੇਖਕੇ ਹੀ ਤਾਂ ਪੱਪੂ ਦੀ ਮਾਂ ਨੂੰ ਇਕ ਸ਼ੱਕ ਹੁੰਦਾ ਹੈ ਕਿ ਮੈਂ ਬੋਲ ਕੇ ਆਪਣਾ ਕੰਮ ਵਿਗਾੜ ਲੈਨਾਂ।

ਘਰੋਂ ਉਹ ਦਿਸ਼ਾ ਗਰਾਉਂਡ ਤੁਰਿਆ ਤੇ ਪਹੁੰਚ ਗਿਆ ਖੇਲਾਵਨ ਦੇ ਦਰਵਾਜ਼ੇ ’ਤੇ। ਖੇਲਾਵਨ ਸੈਕਟਰੀ ਉਸ ਲਈ ਆਧੁਨਿਕ ਦੁਨੀਆਂ ਵੱਲ ਖੁੱਲ੍ਹਣ ਵਾਲੀ ਖਿੜਕੀ ਵਾਂਗੂੰ ਏ। ਇਕ ਤਾਂ ਗਵਾਂਢੀ, ਦੂਸਰਾ ਮਿਲਣਸਾਰ। ਤੀਸਰਾ, ਹਫ਼ਤੇ ’ਚ ਇਕ ਦੋ ਦਿਨ ਘਰ ’ਚ ਵਿਹਲੇ ਦਿੱਸਦੇ ਹਨ। ਉਹ ਖੇਲਵਾਨ ਨੂੰ ਵਿਵਹਾਰਕ ਤੇ ਦੁਨਿਆਵੀ ਸੂਝ-ਬੂਝ ਵਾਲਾ ਆਦਮੀ ਮੰਨਦਾ ਹੈ। ਬਾਹਰ ਦੀ ਦੁਨੀਆ ਦਾ ਹਾਲਚਾਲ ਜਾਣਨ ਤੇ ਕਿਸੇ ਸਮੱਸਿਆ ਦਾ ਨਿਵਾਰਨ ਜਾਣਨ ਲਈ ਉਹ ਖੇਲਾਵਨ ਦੇ ਕੋਲ ਹੀ ਆਉਂਦਾ ਹੈ। ਖੇਲਾਵਨ ਅੱਜਕੱਲ੍ਹ ਅਖ਼ਬਾਰ ਵੀ ਮੰਗਵਾਉਣ ਲੱਗਾ ਹੈ। ਭਲਵਾਨ ਨੂੰ ਅਖ਼ਬਾਰ ਪੜ੍ਹਣ ਦਾ ਚਸਕਾ ਏ। ਪਹਿਲਾਂ ਉਹ ਅਖ਼ਬਾਰ ਪੜ੍ਹਣ ਲਈ ਬਾਜ਼ਾਰ ਦੇ ਮੋੜ ’ਤੇ ਗਊਦੀਨ ਦੀ ਚਾਹ ਦੀ ਦੁਕਾਨ ’ਤੇ ਜਾਂਦਾ ਸੀ। ਉਹਨਾਂ ਲਈ ਸਮਾਂ ਵੀ ਕੱਢਣਾ ਪੈਂਦਾ ਸੀ ਤੇ ਚਾਹ ਵੀ ਪੀਣੀ ਪੈਂਦੀ ਸੀ। ਹੁਣ ਅਖ਼ਬਾਰ ਪੜ੍ਹਣ ਲਈ ਵੀ ਖੇਲਾਵਨ ਦੇ ਦਰਵਾਜ਼ੇ ’ਤੇ ਚਲਾ ਜਾਂਦਾ ਹੈ। ਨਾ ਰੋਜ਼ ਸਹੀ, ਐਤਵਾਰ ਨੂੰ ਤਾਂ ਜ਼ਰੂਰ ਜਾਂਦਾ ਸੀ। ਅਖ਼ਬਾਰ ’ਚ ਪੜ੍ਹਕੇ ਖੇਤੀ ਕਿਸਾਨੀ ’ਚ ਕੰਮ ਆਉਣ ਵਾਲੀ ਜਾਣਕਾਰੀ ਉਹ ਆਪਣੀ ਡਾਇਰੀ ’ਚ ਨੋਟ ਕਰ ਲੈਂਦਾ ਹੈ। ਸੈਕਟਰੀ ਦੀ ਕੀ ਤਨਖ਼ਾਹ ਤੇ ਕੀ ਰੁਤਬਾ! ਫੇਰ ਉਸ ’ਚ ਖੇਲਾਵਨ ਇਸ ਤਰ੍ਹਾਂ ਰਹਿੰਦਾ ਹੈ ਕਿ ਪਿੰਡ ਦੇ ਚੁਣੀਂਦਾ ਲੋਕਾਂ ’ਚ ਗਿਣਿਆ ਜਾਂਦਾ ਹੈ।

ਪੱਪੂ ਨੇ ਜਦੋਂ ਪਿਛਲੇ ਸਾਲ ਇੰਜੀਨੀਅਰਿੰਗ ਦੀ ਪੜ੍ਹਾਈ ਵਾਲਾ ਇਮਤਿਹਾਨ ਪਾਸ ਕੀਤਾ ਤਾਂ ਚਾਰੇ ਪਾਸਿਓਂ ਮਿਲਣ ਵਾਲੀਆਂ ਵਧਾਈਆਂ ਦੀ ਖ਼ੁਸ਼ੀ ’ਚ ਉਹ ਵੀ ਮਸਤ ਹੋ ਗਿਆ ਸੀ, ਪਰ ਜਦੋਂ ਸਾਲ ਭਰ ਦੀ ਇਕੱਠੀ ਜਮਾਂ ਕੀਤੀ ਜਾਣ ਵਾਲੀ ਫ਼ੀਸ ਦੀ ਰਕਮ ਸੁਣੀ ਤਾਂ ਉਹਦੀ ਘਿੱਗੀ ਬੱਝ ਗਈ। ਉਸ ਜਿਹਾ ਚਾਰ ਏਕੜ ਦੀ ਵਾਹੀ ਵਾਲਾ ਕਿਸਾਨ ਜੇਕਰ ਸਾਲ ਦੀਆਂ ਦੋਵੇਂ ਫ਼ਸਲਾਂ ਦੀ ਕੁੱਲ ਪੈਦਾਵਾਰ ਵੇਚ ਦੇਵੇ ਤਾਂ ਵੀ ਖ਼ਾਦ, ਬੀਜ-ਸਿੰਚਾਈ, ਮਜ਼ਦੂਰੀ ਦਾ ਖ਼ਰਚ ਕਰਨ ਦੇ ਬਾਅਦ ਜੋ ਕੁਝ ਹੱਥ ਲੱਗੇਗਾ ਉਸ ਨਾਲ ਇਕ ਸਾਲ ਦੀ ਫ਼ੀਸ ਦਾ ਇੰਤਜ਼ਾਮ ਹੋਣਾ ਬਹੁਤ ਹੀ ਮੁਸ਼ਕਿਲ ਏ। ਚਾਰ ਸਾਲ ਤੱਕ ਇਸ ਤਰ੍ਹਾਂ ਦੀ ਫ਼ੀਸ ਭਰੀਏ ਤਾਂ ਕਿਧਰੇ ਜਾ ਕੇ ਪੁੱਤਰ ਇੰਜੀਨੀਅਰ ਅਖਵਾਉਣ ਵਾਲਾ ਹੋਵੇਗਾ। ਜੇਕਰ ਲਗਾਤਾਰ ਪਾਸ ਕਰਦਾ ਰਹੇ। ਲਗਭਗ ਸਾਰਿਆਂ ਨੇ ਮੰਨਿਆ ਕਿ ਅੱਜ ਦੇ ਜ਼ਮਾਨੇ ’ਚ ਸਿਰਫ਼ ਖੇਤੀ ਦੇ ਭਰੋਸੇ ਕਿਸੇ ਵੀ ਕਿਸਾਨ ਦੇ ਲਈ ਪੁੱਤਰ ਨੂੰ ਇੰਜੀਨੀਅਰਿੰਗ ਦੀ ਪੜ੍ਹਾਈ ਕਰਾਉਣਾ ਸੰਭਵ ਨਹੀਂ ਏ। ਬਹੁਤ ਤੇਜ਼ ਏ ਪੜ੍ਹਣ ’ਚ, ਫ਼ਸਟ ਆਇਆ ਏ ਤਾਂ ਬੀ. ਐੱਸ.ਸੀ. ਕਰਵਾ ਦਿਓ ਤੇ ਹਿੰਮਤ ਪਵੇ ਤਾਂ ਐੱਮ. ਐੱਸ. ਸੀ. ਕਰਵਾ ਦਿਓ, ਕਿਧਰੇ ਪ੍ਰਾਈਵੇਟ

ਕਾਲਜ 'ਚ ਰੋਟੀ ਦਾਲ ਦਾ ਜੁਗਾੜ ਹੋ ਜਾਏਗਾ। ਉਦੋਂ ਖੇਲਾਵਨ ਨੇ ਹੀ ਹੌਸਲਾ ਦਿੱਤਾ ਸੀ ਕਿ ਕਿਸੇ ਤਰ੍ਹਾਂ ਕਰਜ਼ ਲੈ ਕੇ ਜੋੜ ਜਮਾਂ ਕਰ ਦਾਖ਼ਲ ਕਰਾ ਦਿਓ, ਫਿਰ ਸਮੇਂ ਨਾਲ-ਨਾਲ ਕੋਈ ਨਾ ਕੋਈ ਰਾਹ ਨਿਕਲਦਾ ਰਹੇਗਾ। ਕਿਸਾਨ ਦਾ ਕੰਮ ਇਸੇ ਤਰ੍ਹਾਂ ਹੀ ਚੱਲ ਸਕਦਾ ਏ।

ਖੇਲਾਵਨ ਬੂਹੇ ਤੇ ਹੀ ਮਿਲ ਗਿਆ। ਮੋਟਰ ਸਾਈਕਲ ਦੀ ਸਫ਼ਾਈ ਕਰ ਰਿਹਾ ਸੀ। ਭਲਵਾਨ ਨੂੰ ਦੇਖਦਿਆਂ ਹੀ ਹੱਥ ਜੋੜ ਕੇ ਜੀ ਆਇਆਂ ਨੂੰ ਆਖਿਆ ਤੇ ਪੁੱਤਰ ਨੂੰ ਆਵਾਜ਼ ਮਾਰ ਕੇ ਕੁਰਸੀ ਲਿਆਉਣ ਲਈ ਆਖਿਆ। ਪੁੱਤਰ ਨੇ ਕੁਰਸੀ ਭਲਵਾਨ ਦੇ ਕੋਲ ਰੱਖ ਕੇ ਨਮਸਕਾਰ ਕੀਤੀ ਤੇ ਉਸਨੂੰ ਧਿਆਨ ਨਾਲ ਦੇਖਦਿਆਂ ਹੋਇਆਂ ਬੋਲਿਆ-ਤੁਸੀਂ ਕਦੋਂ ਆਏ ਬਾਬੂ?

-ਕੱਲ੍ਹ ਚਾਚਾ।

ਭਲਵਾਨ ਨੇ ਦੇਖਿਆ-ਖੇਲਾਵਨ ਦੇ ਪੁੱਤਰ ਦਾ ਸਰੀਰ ਪੰਜ-ਛੇ ਮਹੀਨਿਆਂ 'ਚ ਹੀ ਗੱਭਰੂ ਜਵਾਨ ਜਿਹਾ ਨਿਖਰ ਆਇਆ ਸੀ। ਪੰਜ-ਛੇ ਮਹੀਨੇ ਪਹਿਲਾਂ ਖੇਲਾਵਨ ਨੇ ਜੁਗਾੜ ਲਾ ਕੇ ਉਸਨੂੰ ਪੀ.ਏ.ਪੀ. 'ਚ ਭਰਤੀ ਕਰਵਾ ਦਿੱਤਾ। ਲੋਕਾਂ ਦਾ ਕਹਿਣਾ ਸੀ ਕਿ ਰਿਸ਼ਵਤ ਦਾ ਰੇਟ ਵਧ ਕੇ ਇਕ ਤੋਂ ਸਵਾ ਲੱਖ ਦੇ 'ਚਕਾਰ ਚੱਲ ਰਿਹਾ ਸੀ, ਪਰ ਖੇਲਾਵਨ ਨੇ ਜੁਗਾੜ ਲਾ ਕੇ ਸੱਤਰ-ਅੱਸੀ ਹਜ਼ਾਰ 'ਚ ਹੀ ਕੰਮ ਬਣਾ ਲਿਆ। ਉਹੀ ਮੁੰਡਾ ਪੰਜ-ਛੇ ਮਹੀਨਿਆਂ ਤੱਕ ਸਰਕਾਰ ਦੀ ਰੋਟੀ ਖਾ ਕੇ ਉਹਨਾਂ ਦੇ ਸਾਹਮਣੇ ਖਲੋਤਾ ਸੀ ਤੇ ਪਹਿਲਾਂ ਨਾਲੋਂ ਜ਼ਿਆਦਾ ਤੰਦਰੁਸਤ ਲੱਗ ਰਿਹਾ ਸੀ।

-ਕੱਲ੍ਹ ਸਵੇਰੇ ਸਗਰੇ ਤੋਂ ਮੁੜਣ ਬਾਅਦ ਦਿੱਸਿਆ ਨਹੀਂ ਭਾਈ। ਕਿਧਰੇ ਚਲੇ ਗਿਆ ਸੀ?

-ਕੱਲ੍ਹ ਸਵੇਰੇ ਭੂਆ ਦੇ ਪਿੰਡ ਚਲਾ ਗਿਆ ਸੀ। ਧੀ ਲਈ ਇਕ ਰਿਸ਼ਤੇ ਦੀ ਗੱਲਬਾਤ ਕਰਨ। ਪਰ ਗੱਲਬਾਤ ਨਹੀਂ ਬਣੀ। ਆਣਾ ਜਾਣਾ ਡਾਢਢਾ ਪਿਆ।

ਭਲਵਾਨ ਸਾਰੀ ਗੱਲ ਵੇਰਵਿਆਂ ਨਾਲ ਦੱਸਦਾ ਰਿਹਾ। ਫਿਰ ਬੋਲਿਆ-ਜੋ ਕੰਮ ਲਾਇਕ ਨੇ ਉਹ ਲੜਕੇ ਘੱਟ ਨੇ, ਉਹਨਾਂ ਦਾ ਮੁੱਲ ਵੀ ਸੱਤਵੇਂ ਅਸਮਾਨ ਤੇ ਏ, ਜੋ ਕਿਸੇ ਕੰਮ ਦੇ ਨਹੀਂ ਨੇ ਉਹਨਾਂ ਦੇ ਮਾਂ-ਬਾਪ ਵੀ ਸਿੱਧੇ ਮੂੰਹ ਗੱਲ ਕਰਨ ਨੂੰ ਵੀ ਤਿਆਰ ਨਹੀਂ ਦਿੱਸਦੇ।

-ਦੇਖ ਭਾਈ! ਲੜਕੇ ਦੇ ਬਾਰੇ 'ਚ ਜੋ ਕੁਝ ਤੁਸੀਂ ਦੱਸਿਆ ਏ, ਉਸਨੂੰ ਸੁਣ ਕੇ ਤਾਂ ਏਹੀ ਕਹਾਂਗੇ ਕਿ ਲੜਕਾ ਹੱਥੋਂ ਜਾਣ ਦੇ ਲਾਈਕ ਨਹੀਂ ਏ। ਹੁਣ ਰਹੀ ਗੱਲ ਕਿ ਮਿਲੇਗਾ ਕਿੱਦਾਂ! ਤਾਂ ਇਸਦੇ ਲਈ ਦੋ ਉਪਾਅ ਕਰਨੇ ਪੈਣਗੇ। ਇਕ ਤਾਂ ਇਹ ਕਿ ਲੜਕੇ ਦੇ ਘਰ ਇਕ ਡੰਮੀ ਉਮੀਦਵਾਰ ਭੇਜਿਆ ਜਾਵੇ ਜੋ ਲੜਕੇ ਵਾਲਿਆਂ ਦੇ ਘਰ ਦੋ ਦਿਨ ਤੱਕ ਠਹਿਰਾਓ ਕਰਕੇ ਉਸਦੇ ਪਿਉ ਨੂੰ ਰਗੜੇ, ਫਿਰ ਗਿਆਰਾਂ ਹਜ਼ਾਰ ਰੁਪਏ ਤਿਲਕ ਤੇ ਇਕ ਸਕੂਟਰ ਦੀ ਪੇਸ਼ਕਸ਼ ਕਰਕੇ ਮੁੜੇ। ਦੂਸਰੇ ਹਫ਼ਤੇ ਦੂਸਰਾ ਡੰਮੀ ਜਾਵੇ ਜੋ ਗੱਲਬਾਤ ਦੇ ਦੌਰਾਨ ਇਸ ਅਫ਼ਵਾਹ ਦੀ ਚਰਚਾ ਕਰੇ ਕਿ ਇੱਧਰ ਸਾਲ 'ਚ ਜਿੰਨੇ ਵੀ ਡੇਲੀ ਵੇਜਿਜ਼ ਵਾਲੇ ਨੇ, ਉਹਨਾਂ ਨੂੰ ਰੈਗੂਲਰ ਕੀਤਾ ਗਿਆ ਏ। ਉਹਨਾਂ ਦਾ ਮਾਮਲਾ ਹਾਈਕੋਰਟ 'ਚ ਚੈਲਿੰਜ ਕੀਤਾ ਗਿਆ ਏ ਤੇ ਕਿਸੇ ਵੀ ਸਮੇਂ ਕੋਰਟ ਦਾ ਫ਼ੈਸਲਾ ਖ਼ਿਲਾਫ਼ ਆ ਸਕਦਾ ਏ। ਫੇਰ ਤਾਂ ਤੁਹਾਡਾ ਪੁੱਤਰ ਦੋ ਪੈਸਿਆਂ 'ਚ ਵੀ ਮਹਿੰਗਾ ਹੋ ਜਾਏਗਾ। ਅਸੀਂ ਤਾਂ ਇਹ ਜਾਣ ਕੇ ਆਏ ਸਾਂ ਕਿ ਰੈਗੂਲਰ ਸਿਲੈਕਸ਼ਨ ਦੇ ਥਰੂ ਆਏ ਨੇ। ਇਹ ਮੁੱਲ ਦਿਖਾਵੇ ਕਿ ਸਾਨੂੰ ਅਜਿਹਾ ਰਿਸਕੀ ਰਿਸ਼ਤਾ ਨਹੀਂ ਕਰਨਾ ਏ ਕਿ ਕੱਲ੍ਹ ਨੂੰ ਸਾਡੀ ਧੀ-ਜਵਾਈ ਦੋਵਾਂ ਨੂੰ ਬਹਿ ਕੇ ਖਵਾਣਾ ਪਵੇ। ਤੀਸਰੇ ਹਫ਼ਤੇ ਅਸੀਂ ਲੋਕ ਚੱਲਾਂਗੇ। ਫਿਰ ਇਕ ਮੋਟਰ ਸਾਈਕਲ ਤੇ ਪੰਜਾਹ ਹਜ਼ਾਰ ਤਿਲਕ 'ਤੇ ਆਰਾਮ ਨਾਲ ਸੌਦਾ ਹੋ ਜਾਏਗਾ।

-ਤੁਸੀਂ ਸ਼ਾਇਦ ਮੇਰੀ ਗੱਲ ਵੱਲ ਧਿਆਨ ਨਹੀਂ ਦਿੱਤਾ। ਮੈਂ ਆਪਣੀ ਗੱਲ ਨਾਲ ਲੜਕੇ ਦੇ ਮਾਂ-ਪਿਉ ਤੇ ਮਾਮੇ ਨੂੰ ਚਿੜਾ ਦਿੱਤਾ ਏ।



-ਦਹੇਜ ਲਈ ਕਿਆ ਚਿੜਾਉਣਾ ਤੇ ਕਿੱਦਾਂ ਚਿੜਾਉਣਾ? ਬਸ ਉਸਦੀ ਡੀਮਾਂਡ ਦਾ ਇੰਤਜ਼ਾਮ ਕਰਨਾ ਹੋਵੇਗਾ। ਤਦ ਜੇਕਰ ਪੰਜ ਜੁੱਤੀਆਂ ਵੀ ਮਾਰਨਾ ਚਾਹੋਗੇ ਤਾਂ ਹੀ ਝੁੰਨੂ ਬਾਬੂ ਜਿਹੇ ਸਿਰ ਨੀਵਾਂ ਕਰਨਗੇ।

-ਉਸ ਲਈ ਸੋਚ ਲਿਆ ਏ। ਉਹ ਜਿਹੜਾ ਪੱਛਮੀ ਪਾਸੇ ਉੱਚਾਈ ਵਾਲਾ ਚੱਕ ਏ ਜੋ ਪੌਣੇ ਏਕੜ ਦੇ ਰਕਬੇ ਵਾਲਾ ਏ, ਉਸਨੂੰ ਹੀ ਵੇਚ ਦਿਆਂਗੇ। ਇਕ ਤਾਂ ਘਰ ਤੋਂ ਬਹੁਤ ਦੂਰ ਏ, ਦੂਸਰੇ ਉਸ 'ਚ ਨਹਿਰ ਦਾ ਪਾਣੀ ਵੀ ਨਹੀਂ ਚੜ੍ਹਦਾ। ਤੀਸਰਾ ਕਿਰਾਏ ਦੇ ਟਿਊਬਵੈੱਲ ਨਾਲ ਸੰਚਾਈ ਕਰਨ 'ਚ ਇੰਨਾ ਖ਼ਰਚ ਆਉਂਦਾ ਏ ਕਿ ਕੋਈ ਬੱਚਤ ਨਹੀਂ ਹੁੰਦੀ। ਗੌੜ ਦਾ ਗਹਿਣੇ ਪਿਆ ਖੇਤ ਵੀ ਛੁਡਾਉਣਾ ਏ। ਪੱਪੂ ਦੀ ਪਚਵੰਜਾ ਹਜ਼ਾਰ ਫ਼ੀਸ ਵੀ ਭਰਨੀ ਏ ਇਸ ਸਾਲ ਦੀ। ਦੋ ਲੱਖ ਵੀ ਮਿਲ ਜਾਣ ਤਾਂ ਫ਼ੀਸ ਤੇ ਵਿਆਹ ਦਾ ਕੰਮ ਚੱਲ ਸਕਦਾ ਏ। ਗਹਿਣੇ ਵਾਲਾ ਅਗਲੇ ਸਾਲ ਤੱਕ ਛੁਡਾਉਣ ਦੀ ਸੋਚਾਂਗੇ। ਪਰ ਡਮੀ ਕਿੱਥੋਂ ਮਿਲਣਗੇ?

-ਉਸਦੀ ਜ਼ਿੰਮੇਵਾਰੀ ਮੇਰੇ 'ਤੇ ਛੱਡੋ।

ਖੇਲਵਾਨ ਦਾ ਪੁੱਤਰ ਭਲਵਾਨ ਨੂੰ ਹੱਥ-ਮੂੰਹ ਧੋਣ ਲਈ ਗੜਵੀ 'ਚ ਪਾਣੀ ਦੇ ਗਿਆ। ਉਹ ਦਾਤਨ ਚੀਰ ਕੇ ਜੀਭ ਸਾਫ਼ ਕਰਕੇ ਕੁਰਲੀ ਕਰਨ ਲੱਗਾ।

-ਪਰ ਗਹਿਣੇ ਪਾਈ ਜ਼ਮੀਨ ਤਾਂ ਪਹਿਲਾਂ ਹੀ ਨਿਕਲ ਗਈ। ਇਹ ਪੌਣੀ ਏਕੜ ਵੀ ਨਿਕਲ ਗਈ ਤਾਂ ਵਾਹੀ ਘੱਟ ਕੇ ਤਿੰਨ ਤੋਂ ਵੀ ਘੱਟ ਰਹਿ ਜਾਏਗੀ। ਤਾਂ ਸਾਲ ਭਰ ਦੀ ਰੋਟੀ ਦਾ ਕੀ ਬਣੇਗਾ?

-ਤੁਸੀਂ ਕੀ ਸੋਚਦੇ ਹੋ, ਮੈਂ ਇਸ ਬਾਰੇ ਕਦੀ ਸੋਚਿਆ ਨਹੀਂ ? ਹਜ਼ਾਰ ਦਫ਼ਾ ਸੋਚਿਆ ਏ ਪਰ ਜਿੰਨਾ ਸੋਚੀਏ ਓਨਾ ਹੀ ਅੱਖਾਂ ਦੇ ਅੱਗੇ ਹਨੇਰਾ ਆਉਣ ਲੱਗਦਾ ਏ। ਕੋਈ ਕਿਸਾਨ ਆਪਣੀ ਜ਼ਮੀਨ ਵੇਚਣ ਲਈ ਕੀ ਇੰਨੀ ਆਸਾਨੀ ਨਾਲ ਤਿਆਰ ਹੋ ਜਾਂਦਾ ਏ! ਪਰ ਦੂਸਰਾ ਰਾਹ ਵੀ ਤਾਂ ਨਹੀਂ ਦਿੱਸਦਾ। ਧੀ ਕਿੱਦਾਂ ਨਾ ਕਿੱਦਾਂ ਆਪਣੇ ਘਰ ਘੱਲ ਦੇਈਏ? ਆਏ ਦਿਨ ਰੋਂਦੇ-ਕਲਪਦੇ ਦਰਵਾਜ਼ੇ ਆ ਬਹਿਣ ਤਾਂ ਵੀ ਤਾਂ ਨਹੀਂ ਸਹਿਣ ਹੋਵੇਗਾ।

-ਭਰਜਾਈ ਨਾਲ ਸਲਾਹ ਕੀਤੀ ਏ?

-ਅਜੇ ਨਹੀਂ। ਸੋਚਿਆ ਪਹਿਲਾਂ ਤੁਹਾਡੇ ਨਾਲ ਗੱਲ ਕਰ ਲਵਾਂ। ਤਾਂ ਹੀ ਉਹਨਾਂ ਨਾਲ ਗੱਲ ਕਰਾਂ।

ਖੇਲਾਵਨ ਦਾ ਪੁੱਤਰ ਚਾਹ ਦੇ ਗਿਆ। ਫਿਰ ਇਕ ਕੁਰਸੀ ਹੋਰ ਲਿਆਇਆ। ਦੋਵੇਂ ਜਣੇ ਆਹਮਣੇ-ਸਾਹਮਣੇ ਬਹਿ ਕੇ ਚਾਹ ਪੀਣ ਲੱਗੇ।

-ਭਾਈ ਖੇਲਾਵਨ, ਇਕ ਗੱਲ ਪੁੱਛਾਂ? ਭਲਵਾਨ ਚਾਹ ਦਾ ਗੁੱਟ ਭਰਨ ਦੇ ਬਾਅਦ ਕਹਿੰਦਾ ਏ-ਇਸ ਇਲਾਕੇ 'ਚ ਦੱਸ-ਪੰਦਰਾਂ ਏਕੜ ਜ਼ਮੀਨ ਵਾਲੇ ਕਿਸਾਨ ਤਾਂ ਚਾਰ-ਛੇ ਪਿੰਡ 'ਚ ਲੱਭਣ ਤੇ ਸ਼ਾਇਦ ਇਕ-ਅੱਧ ਹੀ ਮਿਲੇਗਾ। ਸੌ 'ਚ ਪੱਚੀ-ਤੀਹ ਘਰ ਇਕਦਮ ਭੂਮੀ-ਹੀਣ ਨੇ। ਚਾਲੀ-ਪੰਜਾਹ ਘਰਾਂ ਕੋਲ ਅੱਧੇ ਤੋਂ ਇਕ ਏਕੜ ਤੱਕ ਜ਼ਮੀਨ ਏ। ਸਾਡੇ ਜਿਹੇ ਚਾਰ-ਪੰਜ ਏਕੜ ਵਾਲੇ ਕਿਸਾਨਾਂ ਦੀ ਗਿਣਤੀ ਹੀ ਇੱਥੇ ਵੱਡੇ ਕਿਸਾਨਾਂ 'ਚ ਹੁੰਦੀ ਏ। ਸੋਚਦਾ ਹਾਂ ਕਿ ਜਦੋਂ ਸਾਨੂੰ ਆਪਣਾ ਪੰਜ-ਛੇ ਲੋਕਾਂ ਦਾ ਟੱਬਰ ਪਾਲਣਾ ਔਖਾ ਹੋ ਰਿਹਾ ਏ ਤਾਂ ਬਾਕੀ ਲੋਕਾਂ ਦਾ ਗੁਜ਼ਾਰਾ ਕਿੱਦਾਂ ਹੁੰਦਾ ਏ? ਅਸੀਂ ਪੈਦਾ ਹੋਣ ਵਾਲੇ ਦਿਨ ਤੋਂ ਲੈ ਕੇ ਮਰਨ ਵਾਲੇ ਦਿਨ ਤੱਕ ਕਿਉਂ ਪਰੇਸ਼ਾਨ ਰਹਿੰਦੇ ਹਾਂ? ਸਾਡੇ ਸੰਕਟ ਦਾ ਕਾਰਨ ਕੀ ਏ?

-ਭਲਵਾਨ ਭਾਈ! ਜੋ ਬਿਲਕੁਲ ਆਜ਼ਾਦ ਪੰਛੀ ਨੇ, ਜਿਹਨਾਂ ਦੇ ਕੋਲ ਆਪਣੀ

ਕਹਿਣ ਨੂੰ ਇਕ ਗਿੱਠ ਜ਼ਮੀਨ ਨਹੀਂ ਏ, ਜਿਹਨਾਂ ਦੇ ਹੇਠਾਂ ਧਰਤੀ ਤੇ ਉੱਪਰ ਆਸਮਾਨ ਏ, ਉਹਨਾਂ ਦੇ ਦੁੱਖਾਂ ਦਾ ਭਲਾ ਕੀ ਅਤਾ-ਪਤਾ? ਫਿਰ ਜੋ ਜਗਾਹ-ਜ਼ਮੀਨ ਵਾਲੇ ਨੇ, ਉਹਨਾਂ ਦੇ ਦੁੱਖਾਂ ਦਾ ਵੀ ਕੋਈ ਇਕ ਕਾਰਨ ਨਹੀਂ ਏ ਕਿ ਝੱਟ ਹੀ ਦੱਸ ਦੇਣ ।

-ਇਸਦੇ ਲਈ ਜ਼ਿੰਮੇਵਾਰ ਕੌਣ ਏ ਭਾਈ?

-ਬਾਕੀ ਜਿਹੜੇ ਲੋਕ ਜ਼ਿੰਮੇਵਾਰ ਨੇ ਉਹਨਾਂ ਦੀ ਚਰਚਾ ਤਾਂ ਬਾਅਦ 'ਚ। ਸਭ ਤੋਂ ਜ਼ਿਆਦਾ ਤਾਂ ਅਸੀਂ ਖ਼ੁਦ ਜ਼ਿੰਮੇਵਾਰ ਹਾਂ। ਪੁੱਛੋ ਕਿੱਦਾਂ? ਸਰਕਾਰ ਵੱਲੋਂ ਪਿੰਡਾਂ ਨੂੰ ਬਿਜਲੀ ਦੇਣ ਲਈ ਚੌਦਾਂ ਘੰਟੇ ਦਾ ਰੋਸਟਰ ਬਣਿਆ ਹੋਇਆ ਏ। ਅਖ਼ਬਾਰ ਤੇ ਰੇਡੀਓ ਹਰ ਰੋਜ਼ ਇਸਦੀ ਖ਼ਬਰ ਦੇਂਦੇ ਰਹਿੰਦੇ ਨੇ। ਇਸ ਸਾਲ ਖ਼ਰੀਫ਼ ਦੀ ਫ਼ਸਲ ਸੁੱਕੇ ਨਾਲ ਅੱਧੀ ਹੋ ਗਈ ਭਾਦੋਂ ਦੇ ਸੁੱਕੇ ਦੇ ਦਿਨਾਂ 'ਚ ਵੀ ਕਦੀ ਚਾਰ-ਪੰਜ ਘੰਟੇ ਤੋਂ ਵੱਧ ਬਿਜਲੀ ਨਹੀਂ ਆਈ। ਉਸ 'ਚ ਵੀ ਹਰ ਅੱਧੇ ਘੰਟੇ 'ਚ ਕੱਟ ਲੱਗ ਜਾਂਦਾ ਰਿਹਾ। ਕਿੰਨੀ ਵਾਰ ਕੋਸ਼ਿਸ਼ ਕੀਤੀ ਗਈ ਕਿ ਚਾਰ-ਛੇ ਪਿੰਡਾਂ ਦੇ ਲੋਕ ਇਸ ਲਈ ਬਾਹਰ ਆਉਣ? ਸਬ-ਸਟੇਸ਼ਨ ਦੇ ਨੇੜੇ-ਤੇੜੇ ਦੇ ਪਿੰਡਾਂ ਦੀ ਆਬਾਦੀ ਅੱਠ-ਦੱਸ ਹਜ਼ਾਰ ਤੋਂ ਵੱਧ ਏ ਪਰ ਬਹੁਤ ਕੋਸ਼ਿਸ਼ ਕਰਨ 'ਤੇ ਵੀ ਇਕ ਵਾਰ ਲੋਕੀ ਇਕੱਠੇ ਨਹੀਂ ਹੋਵੇ, ਜੇ ਹੋਏ ਤਾਂ ਕਿੰਨੇ? ਢਾਈ-ਤਿੰਨ ਸੌ। ਨਹਿਰੀ ਮਹਿਕਮੇ ਦੇ ਮੁਕੱਦਮੇ ਦੇ ਵਿਰੁੱਧ ਧਰਨਾ ਦੇਣ ਲਈ ਪਰਸੋਂ ਕਿੰਨੇ ਲੋਕ ਸਗਰੇ 'ਤੇ ਜੁੜੇ, ਇਹ ਤੁਸੀਂ ਖ਼ੁਦ ਹੀ ਦੇਖ ਲਿਆ। ਖੰਡ ਮਿੱਲ ਮਾਲਕ ਨੇ ਗੰਨਾ ਲੈ ਲਿਆ ਪਰ ਪਿਛਲੇ ਤਿੰਨ ਸਾਲ ਤੋਂ ਭੁਗਤਾਨ ਨਹੀਂ ਕਰ ਰਿਹਾ ਏ। ਇਕ ਵਾਰ ਸਾਰੇ ਲੋਕ ਬੜੇ ਯਤਨ ਦੇ ਬਾਅਦ ਧਰਨੇ ਲਈ ਰਾਜ਼ੀ ਹੋਏ। ਪੁਲਿਸ ਨੇ ਗੋਲੀ ਕੀ ਚਲਾਈ ਕਿ ਲੋਕ ਭੁੱਲ ਗਏ ਕਿ ਉਹਨਾਂ ਦਾ ਕੋਈ ਬਕਾਇਆ ਵੀ ਏ! ਬਲਾਕ ਦੇ ਕਰਮਚਾਰੀਆਂ ਨੇ ਪਿੰਡ 'ਚ ਘੱਟ ਤੋਂ ਘੱਟ ਅੱਠ ਲੋਕਾਂ ਦੇ ਨਾਂ ਬੈਂਕ ਵਾਲਿਆਂ ਨਾਲ ਮਿਲਕੇ ਫ਼ਰਜ਼ੀ ਲੋਨ ਕਰਾਇਆ ਏ। ਤਹਿਸੀਲ 'ਚ ਵਸੂਲੀ ਗਈ ਹੋਈ ਏ। ਦਿਨ ਪ੍ਰਤੀ ਦਿਨ ਕੋਈ ਨਾ ਕੋਈ ਫੜ ਕੇ ਹਵਾਲਾਤ 'ਚ ਬੰਦ ਕੀਤਾ ਜਾ ਰਿਹਾ ਏ। ਜੋ ਫੜਿਆ ਜਾਂਦਾ ਏ ਕਿ ਉਹ ਆਪਣੀ ਬੇਕਸੂਰੀ ਦਾ ਰੋਣਾ ਰੋਂਦਾ ਏ, ਪਰ ਇਹ ਨਹੀਂ ਹੁੰਦਾ ਕਿ ਸਾਰਾ ਪਿੰਡ ਮਿਲਕੇ ਧਰਨਾ-ਪ੍ਰਦਰਸ਼ਨ ਲਈ ਨਿਕਲੇ। ਬਾਜ਼ਾਰ ਦਾ ਦੁਕਾਨਦਾਰ ਮਿਲਾਵਟੀ ਯੂਰੀਆ ਤੇ ਡਾਇਆ ਵੇਚਦਾ ਏ। ਇਹ ਸਾਰਿਆਂ ਨੂੰ ਪਤਾ ਏ। ਪਰ  ਉਸਦੇ ਵਿਰੁੱਧ ਰਪਟ ਲਿਖਾਉਣ, ਇੱਥੋਂ ਤੱਕ ਕਿ ਖੇਤੀ ਅਧਿਕਾਰੀ ਦੇ ਦਫ਼ਤਰ 'ਚ ਕੀਤੀ ਜਾਣ ਵਾਲੀ ਸ਼ਿਕਾਇਤ ਤੇ ਦਸਤਖ਼ਤ ਕਰਨ ਤੱਕ ਲਈ ਕੋਈ ਛੇਤੀ ਤਿਆਰ ਨਹੀਂ ਹੁੰਦਾ। ਇਸ ਤੋਂ ਸਾਰੇ ਜਾਣ ਜਾਂਦੇ ਨੇ ਕਿ ਬਿਨਾਂ ਰੀੜ ਦੀ ਹੱਡੀ ਦੇ ਨੇ। ਕੀੜੇ-ਮਕੌੜੇ ਨੇ। ਇਹਨਾਂ ਤੋਂ ਡਰਨ ਦੀ ਕੋਈ ਲੋੜ ਨਹੀਂ।

-ਗੱਲ ਤਾਂ ਤੁਸੀਂ ਠੀਕ ਆਖਦੇ ਹੋ ਪਰ ਆਦਮੀ ਖੇਤੀ ਕਿਸਾਨੀ ਦੇਖੇ ਕਿ ਲੜਾਈ ਕਰਨ ਨਿਕਲੇ? ਕਿਸ ਕਿਸ ਨਾਲ ਲੜੇ?

-ਨਹੀਂ ਲੜੇਗਾ ਤਾਂ ਮਰੇਗਾ, ਮਰ ਤਾਂ ਰਿਹਾ ਏ ਤੇ ਛੇਤੀ ਮਰੇਗਾ। ਦੇਸ਼-ਦੁਨੀਆਂ ਦੇ ਨਕਸ਼ੇ ਤੋਂ ਲੁਪਤ ਹੋ ਜਾਏਗਾ। ਕੋਈ ਰੋਕ ਨਹੀਂ ਸਕਦਾ। ਬਹੁਤ ਸਾਰੇ ਮੁੱਦੇ ਨੇ ਜਿਹਨਾਂ ਨਾਲ ਲੜਨਾ ਜ਼ਰੂਰੀ ਏ। ਜਿੱਦਾਂ ਸਰਕਾਰ ਦੀਆਂ ਨੀਤੀਆਂ। ਕਣਕ ਪੈਦਾ ਕਰਨ 'ਚ ਲਾਗਤ ਬਾਰਾਂ ਰੁਪਏ ਕਿੱਲੋ ਆਉਂਦੀ ਏ ਪਰ ਕਣਕ ਵਿਕਦੀ ਏ ਸੱਤ ਰੁਪਏ ਕਿੱਲੋ, ਆਲੂ ਤੇ ਪਿਆਜ ਕਿਸਾਨ ਦੇ ਘਰ ਪੈਦਾ ਹੁੰਦਾ ਏ ਤਾਂ ਦੋ ਰੁਪਏ ਕਿੱਲੋ ਵਿਕਣ ਲੱਗਦਾ ਏ। ਦੋ ਮਹੀਨਿਆਂ ਬਾਅਦ ਜਿਉਂ ਹੀ ਕਿਸਾਨ ਦੇ ਘਰੋਂ ਬਾਹਰ ਨਿਕਲਿਆ, ਦੱਸ ਰੁਪਏ ਕਿੱਲੋ ਹੋ ਜਾਂਦਾ ਏ। ਪਿਛਲੇ ਪੈਂਤੀ ਸਾਲ 'ਚ ਜ਼ਮੀਨ ਸੌ ਗੁਣਾ ਮਹਿੰਗੀ ਹੋ ਗਈ। ਸੋਨਾ ਪਚੱਤਰ ਗੁਣਾ, ਡੀਜ਼ਲ ਪੰਜਾਹ ਗੁਣਾ, ਜਦੋਂਕਿ ਕਣਕ ਸਿਰਫ਼ ਸੱਤ ਗੁਣਾ। ਸਾਰੀ ਮੰਦੀ ਕਿਸਾਨਾਂ ਲਈ ਹੀ ਏ। ਪਿਛਲੇ ਦਿਨੀਂ ਬਜਟ ਦੀ ਖ਼ਬਰ ਅਖ਼ਬਾਰ



'ਚ ਛਪੀ ਸੀ, ਉਸ 'ਚ ਜਿਹੜੀਆਂ ਚੀਜ਼ਾਂ ਸਸਤੀਆਂ ਕੀਤੀਆਂ ਗਈਆਂ, ਉਸ 'ਚ ਸਨ ਕਾਰ, ਕਮਪਿਊਟਰ, ਕਾਲੀਨ ਤੇ ਕੋਕਾ ਕੋਲਾ; ਤੇ ਜਿਹੜੀਆਂ ਚੀਜ਼ਾਂ ਮਹਿੰਗੀਆਂ ਕੀਤੀਆਂ ਗਈਆਂ ਸਨ ਉਹਨਾਂ 'ਚ ਬੀੜੀ-ਮਾਚਸ, ਚਾਹ-ਬਿਸਕੁਟ, ਪੋਸਟਕਾਰਡ। ਵੱਡੇ ਪੂੰਜੀਪਤੀਆਂ ਦੇ ਕਾਰਖ਼ਾਨੇ 'ਚ ਬਣਨ ਵਾਲੀਆਂ ਤੇ ਅਮੀਰ ਲੋਕਾਂ ਦੀ ਵਰਤੋਂ ਦੀਆਂ ਚੀਜ਼ਾਂ ਸਸਤੀਆਂ ਹੋ ਗਈਆਂ ਤੇ ਛੋਟੇ-ਉਦਯੋਗ 'ਚ ਬਣਨ ਵਾਲੀਆਂ ਜਾਂ ਗਰੀਬ ਦੇ ਕੰਮ ਆਣ ਵਾਲੀਆਂ ਚੀਜ਼ਾਂ ਮਹਿੰਗੀਆਂ। ਜਿਸ ਸਰਕਾਰ ਦੀ ਨੀਅਤ ਅਜਿਹੀ ਗਰੀਬ ਵਿਰੋਧੀ, ਕਿਸਾਨ ਵਿਰੋਧੀ ਹੋਵੇ, ਉਸਦੇ ਖ਼ਿਲਾਫ਼ ਗਰੀਬ ਨਹੀਂ ਉੱਠੇਗਾ ਤਾਂ ਕੌਣ ਉੱਠੇਗਾ?

-ਖੇਲਾਵਨ ਭਾਈ, ਸਾਡੇ 'ਚੋਂ ਕਿੰਨਿਆਂ ਨੂੰ ਪਤਾ ਏ ਕਿ ਬਜਟ ਕਿਸ ਚਿੜੀ ਦਾ ਨਾਂ ਏ ਤੇ ਉਹ ਕਿੱਦਾਂ ਸਾਡੇ ਲੋਕਾਂ ਦਾ ਜੀਵਨ ਮੁਹਾਲ ਕਰਦਾ ਏ?

-ਗੱਲ ਫਿਰ ਘੁੰਮ ਘੁਮਾ ਕੇ ਉਸੇ ਥਾਂ ਅੱਪੜ ਰਹੀ ਏ । ਭਾਈ, ਬਾਜ਼ਾਰ ਦੇ ਮਿਲਾਵਟੀ ਦੁਕਾਨਦਾਰ ਦਾ ਪਤਾ ਤਾਂ ਏ? ਖੰਡ ਮਿੱਲ ਦੇ ਮਾਲਕ ਦਾ ਪਤਾ ਤਾਂ ਏ। ਫ਼ਰਜੀ ਮੁਕਦਮਾ ਲਿਖਣ ਵਾਲੇ ਓਵਰਸੀਅਰ ਦਾ ਪਤਾ ਤਾਂ ਏ? ਬਿਨਾਂ ਰੋਸਟਰ ਦੇ ਬਿਜਲੀ ਕੱਟ ਦੇਣ ਵਾਲੇ ਇੰਜੀਨੀਅਰ ਦਾ ਵੀ ਪਤਾ ਏ? ਹਫ਼ਤੇ 'ਚ ਸਿਰਫ਼ ਇਕ ਦਿਨ ਸਕੂਲ ਆਉਣ ਵਾਲੇ ਪ੍ਰਾਇਮਰੀ ਸਕੂਲ ਦੇ ਮਾਸਟਰ ਦਾ ਪਤਾ ਤਾਂ ਏ? ਇਹਨਾਂ ਦਾ ਤੁਸੀਂ ਕੀ ਵਿਗਾੜ ਲਓਗੇ?

ਇਹਨਾਂ ਬਾਰੇ ਭਲਵਾਨ ਕੁਝ ਨਾ ਕਹਿ ਸਕਿਆ। ਸਿਰਫ਼ ਸਿਰ ਹਿਲਾਂਦਾ ਰਹਿ ਗਿਆ।

-ਜਾਗਣਾ ਪਵੇਗਾ। ਲੜਨਾ ਤਾਂ ਪਵੇਗਾ। ਜਿਉਂਦਾ ਰਹਿਣਾ ਏ ਤਾਂ ਆਪਣੇ ਮਾਰਨ ਵਾਲਿਆਂ ਦੇ ਸਾਹਮਣੇ ਡਟਣਾ ਤਾਂ ਪਵੇਗਾ। ਨਹੀਂ ਤਾਂ ਹਜ਼ਾਰਾਂ ਜਾਤੀਆਂ, ਜਨ-ਜਾਤੀਆਂ, ਪਸ਼ੂ-ਪੰਛੀਆਂ ਦੀ ਪਰਜਾਤੀਆਂ ਇਸ ਦੁਨੀਆ ਤੋਂ ਓਝਲ ਹੋ ਗਈਆਂ, ਉਸੇ ਤਰ੍ਹਾਂ ਹੀ ਕਿਸਾਨ ਨਾਂ ਦੀ ਪ੍ਰਜਾਤੀ ਵੀ ਅਲੋਪ ਹੋ ਜਾਏਗੀ।

ਉਸੇ ਵੇਲੇ ਹੀ ਭਲਵਾਨ ਨੂੰ ਘਰੋਂ ਧੀ ਦੇ ਬੁਲਾਉਣ ਦੀ ਆਵਾਜ਼ ਆਈ-ਬਾਬੂ, ਊ ਊਅੰਮਾ ਬੁਲਾ ਰਹੀ ਏ।

ਖੇਲਾਵਨ ਦੇ ਘਰੋਂ ਮੁੜਦਿਆਂ ਭਲਵਾਨ ਨੇ ਇੰਨੀ ਹਿੰਮਤ ਕਰ ਲਈ ਸੀ ਕਿ ਸਾਰੇ ਮੁੱਦੇ 'ਤੇ ਇਤਮੀਨਾਨ ਨਾਲ ਘਰਵਾਲੀ ਨਾਲ ਸਲਾਹ-ਮਸ਼ਵਰਾ ਕਰ ਸਕੇ। ਪਰ ਪੱਪੂ ਦੀ ਮਾਂ ਨੂੰ ਗੱਲ ਸ਼ੁਰੂ ਕਰਨ ਦਾ ਮੌਕਾ ਉਦੋਂ ਮਿਲਿਆ, ਜਦੋਂ ਨਹਾ ਤੇ ਖਾ ਕੇ ਭਲਵਾਨ ਆਰਾਮ ਕਰਨ ਲਈ ਢਾਰੇ 'ਚ ਜਾ ਲੇਟਿਆ। ਹੁੱਕਾ ਭਲਵਾਨ ਦੇ ਹੱਥ 'ਚ ਦੇ ਕੇ ਉਹ ਕੁਝ ਦੇਰ ਖਲੋਤੀ ਰਹੀ, ਫਿਰ ਪੁਆਂਦੀ ਬਹਿ ਕੇ ਪੈਰ ਘੁਟਦਿਆਂ ਗੱਲ ਸ਼ੁਰੂ ਕੀਤੀ:

-ਕੱਲ੍ਹ ਜਾਣ ਦਾ ਕੋਈ ਫ਼ਾਇਦਾ ਵੀ ਹੋਇਆ ਕਿ ਬੇਕਾਰ ਹੀ ਰਿਹਾ ਇੰਨੀ ਦੂਰ ਲੱਤਾਂ ਘੜੀਸ ਕੇ ਜਾਣ ਦਾ?

-ਲੜਕਾ ਤਾਂ ਠੀਕ ਏ। ਨੌਕਰੀ ਤੇ ਵੀ ਲੱਗਾ ਹੋਇਆ ਏ, ਪਰ ਉਹ ਲੋਕ ਲਾਲਚੀ ਬਹੁਤ ਨੇ। ਇਕ ਮੋਟਰ ਸਾਈਕਲ ਤੇ ਇਕਵੰਜਾ ਹਜ਼ਾਰ ਤਿਲਕ ਲਈ ਮੂੰਹੋਂ ਕਹਿੰਦੇ ਨੇ।

-ਛੱਡ। ਕਿਧਰੇ ਹੋਰ ਪਤਾ ਕਰ ਲੈ।

-ਪਰ ਰਿਸ਼ਤਾ ਚੰਗਾ ਏ। ਇਹ ਦੱਸ, ਉਚਾਈ ਵਾਲਾ ਖੇਤ ਜੇਕਰ ਵੇਚ ਦਿੱਤਾ ਜਾਏ ਤਾਂ ਕਿੱਦਾਂ ਰਹੇਗਾ? ਦੋ ਲੱਖ ਦੇ ਕਰੀਬ ਮਿਲ ਸਕਦਾ ਏ।

-ਕੀ ਕਹਿ ਰਿਹਾਂ ? ਤੇਰੇ ਦੋ ਪੁੱਤਰ ਵੀ ਨੇ। ਕੱਲ੍ਹ ਨੂੰ ਸਮਝਦਾਰ ਹੋਣਗੇ ਤਾਂ ਕੀ ਹੋਏਗਾ? ਉਹਨਾਂ ਦੇ ਮੂੰਹੋਂ ਖੋਹਣਾ ਤਾਂ ਉਵੇਂ ਹੀ ਏ ਜਿੱਦਾਂ ਖੇਤ ਵੇਚਣਾ ਹੋਵੇਗਾ।

–ਕੁਝ ਪੈਦਾ ਤਾਂ ਕਰ ਨਹੀਂ ਸਕਦੇ ਉਸ 'ਚੋਂ। ਨਹਿਰ ਦਾ ਪਾਣੀ ਚੜ੍ਹਦਾ ਨਹੀਂ ਤੇ ਪੰਪ ਸੈੱਟ ਨਾਲ ਬਿਜਾਈ ਨਾਲੋਂ ਆਮਦਨ ਤੋਂ ਖ਼ਰਚ ਵੱਧ ਜਾਂਦਾ ਏ।

–ਤਾਂ ਵੀ ਨਹੀਂ। ਹੁਣੇ ਤਾਂ ਇਕ ਵਿਘਾ ਗਹਿਣੇ ਰੱਖਿਆ ਗਿਆ। ਦੋ ਸਾਲ ਹੋ ਗਏ। ਛੁਡਾਉਣ ਦੀ ਨੌਬਤ ਨਹੀਂ ਆ ਰਹੀ ਏ। ਉੱਤੋਂ ਇਹ ਸਵਾ ਵਿਘਾ ਵੀ ਚਲਾ ਜਾਏਗਾ।

–ਪੁੱਤਰਾਂ ਲਈ ਇੰਨੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਪਏਗੀ। ਇੰਜੀਅਰਿੰਗ ਕਰ ਲੈਣ ਦੇ ਬਾਅਦ ਉਸਨੂੰ ਇੰਨੀ ਤਨਖ਼ਾਹ ਮਿਲੇਗੀ ਕਿ ਸਭ ਕੁਝ ਫਿਰ ਖ਼ਰੀਦਿਆ ਜਾ ਸਕਦਾ ਏ। ਧੀ ਲਈ ਚੰਗਾ ਘਰ-ਵਰ ਲੱਭਣਾ ਵੀ ਤਾਂ ਆਪਣੀ ਜ਼ਿੰਮੇਵਾਰੀ ਏ!

–ਪ੍ਰਮਾਤਮਾ ਕੋਈ ਰਾਹ ਸੁਝਾਉਣਗੇ। ਦੁਨੀਆ 'ਚ ਸਾਰੇ ਲਾਲਚੀ ਹੀ ਨਹੀਂ ਨੇ। ਲੱਭਣ ਤੇ ਭਲੇ ਲੋਕ ਵੀ ਮਿਲਣਗੇ। ਰੱਬ ਦੇ ਘਰ ਦੇਰ ਏ ਹਨੇਰ ਨਹੀਂ। ਦੁਨੀਆਂ 'ਚੋਂ ਸਬਰ-ਸੰਤੋਖ ਅਜੇ ਖ਼ਤਮ ਨਹੀਂ ਹੋਏ।

ਜਿੰਨੀ ਛੇਤੀ ਘਰਵਾਲੀ ਦੇ ਮੰਨ ਜਾਣ ਦੀ ਉਮੀਦ ਸੀ ਓਨਾ ਆਸਾਨ ਨਹੀਂ ਏ- ਭਲਵਾਨ ਨੇ ਸੋਚਿਆ। ਹੋ ਸਕਦਾ ਏ ਘਰ ਵਾਲੀ ਦਾ ਸੋਚਣਾ ਹੀ ਠੀਕ ਹੋਵੇ। ਭਲਵਾਨ ਨੂੰ ਆਪਣੇ ਅਨੁਭਵ ਤੋਂ ਪਤਾ ਏ ਕਿ ਜਿੱਤ ਹਮੇਸ਼ਾ ਭਲਵਾਨ ਦੀ ਹੁੰਦੀ ਏ। ਘਰ-ਗ੍ਰਿਹਿਸਥੀ ਦੇ ਮਾਮਲੇ 'ਚ ਅਸਲੀ ਭਲਵਾਨ ਭਲਵਾਨਣ ਹੀ ਏ। ਇਸ ਲਈ ਉਹ ਚੁੱਪ ਹੋ ਗਿਆ। ਉਹਨੂੰ ਇਸ ਗੱਲ ਦਾ ਅੰਦਰ-ਹੀ-ਅੰਦਰ ਸਕੂਨ ਮਿਲ ਰਿਹਾ ਸੀ ਕਿ ਝੁੰਨੂ ਬਾਬੂ ਤੇ ਉਹਦੀ ਘਰਵਾਲੀ ਨਾਲ ਹੋਈ ਨੋਕ-ਝੋਂਕ ਦੀ ਚਰਚਾ ਤੋਂ ਉਹ ਬਚ ਗਿਆ। ਘਰਵਾਲੀ ਨੂੰ ਜੇਕਰ ਝੁੰਨੂ ਬਾਬੂ ਦੇ ਘਰ ਹੋਈ ਗੱਲਬਾਤ ਦਾ ਪਤਾ ਲੱਗ ਜਾਏ ਤਾਂ ਸ਼ਾਇਦ ਉਹਦੀ ਇਕ ਵੀ ਗਤ ਹੁੰਦੀ।

**(8)**

ਕੱਤਕ ਦੀ ਗਿਆਰਵੀਂ।

ਯਾਨੀ ਦਲਿੱਦਰ ਭਜਾਉਣ ਦੀ ਰਾਤ।

ਸੂਰਜ ਅਸਤ ਤੋਂ ਪਹਿਲਾਂ ਕਮਾਦ ਦੀ ਪੂਜਾ।

ਭਲਵਾਨ ਪਿੱਤਲ ਦੀ ਥਾਲੀ 'ਚ ਅੱਗ, ਅੰਗਿਆਰ, ਹੰਸੁਲੀ, ਤੇਲ ਤੇ ਸੰਦੂਰ ਲੈ ਕੇ ਕਮਾਦ ਦੀ ਪੂਜਾ ਲਈ ਖੇਤ ਵੱਲ ਜਾ ਰਿਹਾ ਹੈ। ਪਿੱਛੇ-ਪਿੱਛੇ ਅੱਧੀ ਬਾਲਟੀ ਪਾਣੀ, ਗੜਵੀ ਤੇ ਗੰਡਾਸਾ ਲੈ ਕੇ ਪੱਪੂ।

ਘਰ 'ਚ ਹਜ਼ਾਰਾਂ ਸਾਲਾਂ ਤੋਂ ਵੜੇ ਦਲਿੱਦਰ ਨੂੰ ਭਜਾਉਣ ਲਈ ਉਂਜ ਤਾਂ ਹਰ ਕਿਸਾਨ ਦਾ ਪੂਰਾ ਪਰਿਵਾਰ ਸਾਲ ਭਰ ਬਲਦ ਦੀ ਤਰ੍ਹਾਂ ਖੇਤ ਖਲਿਆਨ 'ਚ ਜੂਝਦਾ ਏ ਪਰ ਕੱਤਕ ਦੀ ਗਿਆਰਵੀਂ ਨੂੰ ਹਰ ਪਰਿਵਾਰ ਇਸਨੂੰ ਭਜਾਉਣ ਤੇ ਐਸ਼ੋ-ਆਰਾਮ ਨੂੰ ਆਪਣੀ ਜ਼ਿੰਦਗੀ 'ਚ ਪ੍ਰਤਿਸ਼ਠਾ ਲਈ ਅਨਿਸ਼ਠਾਮਾਨ ਉੱਦਮ ਕਰਦਾ ਹੈ। ਸਾਉਣ-ਭਾਦੋਂ ਦੀ ਮੁਫ਼ਲਿਸੀ ਨੂੰ ਪੂਰਾ ਟੱਬਰ ਸੁੰਗੜਕੇ, ਧੀਰਜ ਨਾਲ ਕੱਟਦਾ ਹੈ। ਇਹ ਉਹ ਸਮਾਂ ਏ ਜਿਸ 'ਚ ਪੰਛੀ ਵੀ ਵਰਤ ਰੱਖਦੇ ਨੇ ਜਦੋਂ ਕਿ ਉਹਨਾਂ ਦੇ ਖੰਭ ਹੁੰਦੇ ਹਨ ਤੇ ਉਹ ਦੂਰ-ਦੂਰ ਤੱਕ ਉੱਡ ਸਕਦੇ ਹਨ। ਨਾ ਕੋਈ ਫਲ, ਨਾ ਫੁੱਲ ਤੇ ਨਾ ਫ਼ਸਲ।

ਕਵਾਰ ਕੱਤਕ 'ਚ ਝੋਨਾ ਤਿਆਰ ਹੋ ਗਿਆ। ਬਾਜਰਾ, ਸਾਂਵਾ, ਕੱਦੂ, ਮਕਈ ਵੀ। ਹੁਣ ਕੁਝ ਸਮੇਂ ਲਈ ਬੁਰੇ ਦਿਨ ਖ਼ਤਮ। ਰੋਟੀ ਪੱਕੀ। ਪਰ ਨਗਦੀ ਤਾਂ ਕਮਾਦ ਤੋਂ ਹੀ ਹਾਸਿਲ ਹੋਵੇਗੀ। ਤੇ ਦਲਿੱਦਰ ਨਗਦੀ ਨਾਲ ਦੂਰ ਹੋਵੇਗਾ। ਇਸ ਲਈ ਏ ਕਮਾਦ 'ਚ ਰਸ ਭਰਨ ਵਾਲੀ ਲਕਸ਼ਮੀ,



ਇੰਨੀ ਨਗਦੀ ਦਿਓ ਕਿ ਇਸ ਸਾਲ ਗ੍ਰਹਿ ਲਕਸ਼ਮੀ ਨੂੰ ਨਵੀਂ ਹੰਸੁਲੀ ਬਣਾ ਕੇ ਦਿੱਤੀ ਜਾ ਸਕੇ।

ਇਸ ਕਾਮਨਾ ਦੇ ਨਾਲ ਭਲਵਾਨ ਕਮਾਦ ਦੇ ਇਕ ਮੋਟੇ ਪੋਨੇ ਨੂੰ ਪਹਿਲਵਾਣਨ ਦੀ ਹੰਸੁਲੀ ਪਹਿਨ ਕੇ ਸੰਦੂਰ ਤੇਲ ਦਾ ਟਿੱਕਾ ਕਰਕੇ ਕੰਡੇ ਦੀ ਅੱਗ 'ਤੇ ਗੁੜ ਤੇ ਅੰਗਿਆਰ ਕਰਕੇ ਮੱਥਾ ਟੇਕਦਾ ਹੈ। ਇਹ ਹੋਰ ਗੱਲ ਏ ਕਿ ਪਿਛਲੇ ਸਾਲਾਂ ਦੇ ਗੰਨੇ ਦਾ ਬਕਾਇਆ ਚੀਨੀ ਮਿੱਲਾਂ ਦੁਆਰਾ ਭੁਗਤਾਨ ਨਹੀਂ ਕੀਤੇ ਜਾਣ ਕਾਰਨ ਗੰਨਾ ਪੂਜਾ 'ਚ ਪਹਿਲਾਂ ਜਿਹਾ ਉਤਸ਼ਾਹ ਨਹੀਂ ਰਹਿ ਗਿਆ । ਖ਼ੁਦ ਭਲਵਾਨ ਨੇ ਗੰਨੇ ਦੀ ਖੇਤੀ ਬਹੁਤ ਘੱਟ ਕਰ ਦਿੱਤੀ ਹੈ। ਆਪਣੀ ਜ਼ਰੂਰਤ ਦਾ ਗੁੜ ਤਿਆਰ ਹੋ ਜਾਵੇ, ਇੰਨਾ ਹੀ ਸਹੀ।

ਪੂਜਾ ਦੇ ਬਾਅਦ ਭਲਵਾਨ ਨੇ ਕਮਾਦ ਦੇ ਚਾਰ-ਪੰਜ ਗੰਨੇ ਭੰਨੇ। ਪੱਪੂ ਨੇ ਉਹਨਾਂ ਉੱਤੋਂ ਸੁੱਕੇ ਆਗ ਨੂੰ ਛਿੱਲ ਕੇ ਵੱਖ ਕੀਤਾ। ਇਸ 'ਚ ਅੰਗਿਆਰ ਸੁਲਗ ਕੇ ਖ਼ਤਮ ਹੋ ਗਈ ਤਾਂ ਅੱਗ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਬੁਝਾ ਕੇ ਗੰਨੇ ਦਾ ਭਾਰ ਲੈ ਕੇ ਪਿਉ-ਪੁੱਤ ਵਾਪਸ ਮੁੜੇ।

ਅੱਜ ਦੇ ਦਿਨ ਤੋਂ ਗੰਨਾ ਚੂਪਣ ਜਾਂ ਪੀੜਣ ਦੀ ਪਰੰਪਰਿਕ ਸ਼ੁਰੂਆਤ ਹੁੰਦੀ ਏ। ਦਲਿੱਦਰ ਨੂੰ ਵੀ ਗੰਨੇ ਨਾਲ ਕੁੱਟ ਕੇ ਭਜਾਉਂਦੇ ਹਨ। ਇਸ ਲਈ ਹਰ ਗ੍ਰਹਿਣੀ ਨੂੰ ਅੱਜ ਦੇ ਦਿਨ ਗੰਨੇ ਦੀ ਜ਼ਰੂਰਤ ਪੈਂਦੀ ਹੈ। ਜ਼ਰੂਰੀ ਨਹੀਂ ਕਿ ਹਰ ਕਿਸਾਨ ਹਰ ਸਾਲ ਗੰਨਾ ਬੀਜੇ। ਮੂੰਹ ਸਾਰਿਆਂ ਦਾ ਮਿੱਠਾ ਹੋਣਾ ਹੁੰਦਾ ਹੈ। ਇਸ ਲਈ ਹਰ ਗੰਨਾ-ਕਿਸਾਨ ਆਪਣੇ ਅਜਿਹੇ ਗਵਾਂਢੀਆਂ ਦੇ ਘਰ ਗੰਨਾ ਭੇਜਣਾ ਆਪਣਾ ਧਰਮ ਸਮਝਦਾ ਹੈ। ਸਹਾਈ ਸਿੰਘ ਜਦੋਂ ਤੱਕ ਜ਼ਿੰਦਾ ਰਿਹਾ, ਪੂਰੇ ਪਿੰਡ ਦੇ ਗੰਨਾ-ਹੀਣ ਪਰਿਵਾਰਾਂ ਦੇ ਘਰ-ਪਰਿਵਾਰ ਦੇ ਜੀਆਂ ਦੀ ਗਿਣਤੀ ਬਰਾਬਰ ਗੰਨਾ ਭਿਜਵਾਉਂਦੇ ਰਹੇ ਸਨ।

ਭਲਵਾਨ ਨੇ ਆਪਣੇ ਆਂਢ-ਗਵਾਂਢ ਦੇ ਗੰਨਾ-ਹੀਣ ਪਰਿਵਾਰਾਂ ਦੀ ਗਿਣਤੀ ਕਰਕੇ ਪੱਪੂ ਦੇ ਹੱਥ ਉਹਨਾਂ ਲੋਕਾਂ ਦੇ ਘਰ ਦੋ-ਦੋ ਗੰਨੇ ਭਿਜਵਾਉਣ ਦਾ ਹੀਲਾ ਕੀਤਾ। ਭਲਵਾਨ ਚਾਹੁੰਦਾ ਹੈ ਕਿ ਉਹਨਾਂ ਦੇ ਜੀਵਨ ਕਾਲ ਤੱਕ ਤਾਂ ਇਹ ਪਰੰਪਰਾ ਚਲਦੀ ਰਹੇ। ਅੱਗੇ ਦੀ ਰੱਬ ਜਾਣੇ।

ਕੱਤਕ ਦੀ ਗਿਆਰਵੀਂ ਦੀ ਸ਼ਾਮ ਪਹਿਲਵਾਣਨ ਛੋਲਿਆਂ ਦੀ ਦਾਲ ਦੀ ਪੂੜੀ 'ਤੇ ਜਿਮੀਕੰਦ ਦੀ ਸਬਜ਼ੀ ਬਣਾਉਂਦੀ ਹੈ। ਨਾਲ ਹੀ ਮਿੱਠੇ-ਚੌਲ। ਉਸ ਦੀ ਸੱਸ ਦੇ ਜ਼ਮਾਨੇ ਤੋਂ ਤੁਰੀ ਆ ਰਹੀ ਏ ਇਹ ਪਰੰਪਰਾ।

ਭਲਵਾਨ ਨੇ ਦਾਲ ਦੀਆਂ ਪੂੜੀਆਂ ਢਿੱਡ ਭਰ ਕੇ ਖਾਧੀਆਂ। ਖ਼ਾਸ ਕਰ ਇਸ 'ਚ ਪਿਆ ਜ਼ੀਰਾ ਉਸ ਨੂੰ ਬਹੁਤ ਪਸੰਦ ਏ। ਢਾਰੇ 'ਚ ਸੁੱਤਾ ਤਾਂ ਤੜਕੇ ਚਾਰੇ ਪਾਸਿਓਂ ਆਉਂਦੀ ਠੱਪ-ਠੱਪ ਦੀ ਆਵਾਜ਼ ਨਾਲ ਹੀ ਉਹਨੂੰ ਜਾਗ ਆ ਗਈ। ਉਹ ਉੱਠ ਕੇ ਬਹਿ ਗਿਆ। ਹੁੱਕਾ ਮਿਲਣਾ ਏਨੇ ਸਵੇਰੇ ਸੰਭਵ ਨਹੀਂ ਸੀ। ਉਹਨੇ ਸਿਰਹਾਣੇ ਤੋਂ ਜ਼ਰਦੇ ਦੀ ਪੁੜੀ ਕੱਢੀ ਤੇ ਥੋੜ੍ਹੀ ਜਿਹੀ ਸੁਰਤੀ ਤਲੀ 'ਤੇ ਰੱਖੀ ਤੇ ਚੂਨਾ ਮਿਲਾ ਕੇ ਰਗੜਣ ਲੱਗਾ।

ਉਹਦੇ ਘਰ ਦਾ ਦਰਵਾਜ਼ਾ ਖੁੱਲ੍ਹਾ ਤੇ ਪਹਿਲਵਾਣਨ ਗੰਨੇ ਦੇ ਆਗ ਨਾਲ ਬਣਾਈ ਪੂਲੀ ਨਾਲ ਦਲਿੱਦਰ ਦੇ ਪ੍ਰਤੀਕ ਫੂਸ ਦੇ ਬਣਾਏ ਗੁੱਡੇ ਨੂੰ ਕੱਟਦੀ ਹੋਈ ਬਾਹਰ ਨਿਕਲੀ। ਠੱਪ-ਠੱਪ ਦੇ ਨਾਲ ਤੁਰਦੀ ਦੇ ਬੋਲ-ਇੱਸਰ ਆਵੈ, ਦਲਿੱਦਰ ਜਾਵੈ। ਇਕ-ਇਕ ਕੋਠੜੀ, ਰਸੋਈ, ਭੰਡਾਰ-ਘਰ, ਕੋਠੇ, ਜਾਨਵਰਾਂ ਦੀ ਰੱਸਿਆਂ ਦੇ ਕੋਨੇ-ਅੰਤਰੇ ਨਾਲ ਕੁੱਟਦਿਆਂ ਦਲਿੱਦਰ ਨੂੰ ਬਾਹਰ ਭਜਾਂਦੀ ਹੋਈ।

ਗੁੱਡੇ 'ਤੇ ਪੈਂਦੀ ਗੰਨੇ ਦੀ ਸੱਟ ਨਾਲ ਸਾਰਾ ਇਲਾਕਾ ਗੂੰਜ ਰਿਹਾ ਏ। ਹਰ ਪਿੰਡ ਤੋਂ,

ਪਿੰਡ ਦੇ ਹਰ ਘਰ 'ਚੋਂ ਨਿਕਲਦੀ ਠੱਪ-ਠੱਪ ਦੀ ਆਵਾਜ਼ ਤੇ ਨਾਲ ਹੀ ਗ੍ਰਹਿਣੀਆਂ ਦੇ ਬੋਲ-ਇੱਸਰ ਆਵੈ ਦਲਿੱਦਰ ਜਾਵੈ।

ਦਲਿੱਦਰ ਦੇ ਪ੍ਰਤੀਕ ਪੁਰਾਣੇ ਗੁੱਡੇ ਦੇ ਹੱਥ ਪੈਰ ਤੋੜਕੇ ਉਸਨੂੰ ਅਜਿਹੇ ਡੂੰਘੇ ਟੋਏ 'ਚ ਸੁੱਟਣਾ ਹੈ ਜਿੱਥੋਂ ਉਹ ਵਾਪਸ ਨਾ ਆ ਸਕੇ।

ਭਲਵਾਨ ਸੋਚਣ ਲੱਗਾ ਕਿ ਪਤਾ ਨਹੀਂ ਕਿੰਨੇ ਯੁੱਗ ਲੰਘ ਗਏ ਕਿਸਾਨਾਂ ਨੂੰ ਆਪਣੇ ਘਰ 'ਚੋਂ ਦਲਿੱਦਰ ਭਜਾਉਣ ਦਾ ਯਤਨ ਕਰਦਿਆਂ ਹੋਇਆਂ। ਪਰ ਦਲਿੱਦਰ ਏ ਕਿ ਜਾਣ ਦਾ ਨਾਂ ਨਹੀਂ ਲੈ ਰਿਹਾ। ਐਸ਼ੋ-ਆਰਾਮ ਆਣ ਦੀ ਗੱਲ ਤਾਂ ਦੂਰ ਰਹੀ। ਹੱਥ ਦੀ ਸੁਰਤੀ ਨੂੰ ਦੂਸਰੇ ਹੱਥ ਨਾਲ ਕੁੱਟਦੇ ਹੋਏ ਉਹਨੇ ਵੀ ਗੁੱਡਿਆਂ ਦੀ ਠੱਪ-ਠੱਪ 'ਚ ਆਪਣਾ ਸੁਰ ਮਿਲਾਇਆ ਤੇ ਉਦਾਸ ਹੋ ਗਿਆ। ਪਿਛਲੇ ਕਈ ਸਾਲਾਂ 'ਚ ਦਰਿਦਰਤਾ ਤੋਂ ਛੁਟਕਾਰਾ ਪਾਉਣ ਲਈ ਕੀਤੇ ਗਏ ਆਪਣੇ ਅਸਫ਼ਲ ਯਤਨਾਂ ਨੂੰ ਯਾਦ ਕਰਦਿਆਂ ਹੋਇਆਂ ਉਹਨੇ ਸੋਚਿਆ ਕਿ ਕਿਸਾਨ ਤੇ ਦਰਿਦਰਤਾ ਦਾ ਜਨਮ-ਜਨਮ ਦਾ ਇਹ ਸਾਥ ਕੀ ਕਦੀ ਖ਼ਤਮ ਹੋ ਸਕੇਗਾ? ਇਹ ਗਠਬੰਧਨ ਕਦੀ ਟੁੱਟ ਸਕੇਗਾ? ਸੱਚਮੁੱਚ, ਕੀ ਏ ਕਿਸਾਨ ਦੀ ਜ਼ਿੰਦਗੀ? ਇਕ ਪਾਸਾ ਕੱਜੋ ਤੇ ਦੂਜਾ ਨੰਗਾ ਹੋ ਜਾਂਦਾ ਏ। ਬਚਪਨ 'ਚ, ਸਕੂਲ ਦੇ ਦਿਨਾਂ 'ਚ ਕੀ ਪਤਾ ਸੀ ਕਿ ਕਿੰਨੇ ਸੰਘਣੇਪਣ 'ਚ ਜ਼ਿੰਦਗੀ ਕੱਟਣ ਵਾਲੀ ਏ!

ਉਹਨੂੰ ਆਪਣੇ ਸਕੂਲ ਦੇ ਦਿਨ ਯਾਦ ਆਉਣ ਲੱਗੇ। ਉਸ ਸਮੇਂ 'ਜੈ ਜਵਾਨ ਜੈ ਕਿਸਾਨ' ਦਾ ਨਾਰਾ ਬਹੁਤ ਚਰਚਿਤ ਸੀ। ਭਲਵਾਨ ਦਾ ਮਨ ਵੀ ਲਲਕਦਾ ਸੀ ਕਿ ਉਹ ਵੀ ਫ਼ੌਜ 'ਚ ਭਰਤੀ ਹੋਵੇ। ਸੰਨ '62 ਦੀ ਲੜਾਈ ਹੋ ਚੁੱਕੀ ਸੀ। ਸੰਨ 65 ਦੀ ਲੜਾਈ ਹੋ ਚੁੱਕੀ ਸੀ। ਪਿੰਡ-ਦਿਹਾਤ 'ਚ ਫ਼ੌਜ, ਸਰਹੱਦ, ਚੀਨ-ਪਾਕਿਸਤਾਨ, ਪੈਟਨ ਟੈਂਕ ਆਦਿ ਦੀ ਬੜੀ ਚਰਚਾ ਸੀ। '71 ਦੀ ਲੜਾਈ ਸ਼ੁਰੂ ਹੋਈ ਤਾਂ ਭਲਵਾਨ ਸੱਤਵੀਂ ਕਲਾਸ 'ਚ ਸੀ। ਮਿਡਲ ਸਕੂਲ 'ਚ ਆਉਣ ਵਾਲੀਆਂ ਪੱਤ੍ਰਿਕਾਵਾਂ 'ਚ ਉਦੋਂ 'ਧਰਮ ਯੁਗ' ਦਾ ਮਹੱਤਵ ਬਹੁਤ ਵੱਧ ਗਿਆ ਸੀ। ਉਸ 'ਚ ਬੰਗਲਾ ਦੇਸ਼ ਦੀ ਲੜਾਈਆਂ ਦੀਆਂ ਫ਼ੋਟੋਆਂ ਤੇ ਰਿਪੋਰਟਾਂ ਛਪ ਰਹੀਆਂ ਸਨ। ਪੱਤ੍ਰਿਕਾਵਾਂ ਘਰ ਲੈ ਜਾਣ ਦੀ ਆਗਿਆ ਨਹੀਂ ਸੀ। ਉਹ ਰਸੈਸ ਤੇ ਖ਼ਾਲੀ ਪੀਰੀਅਡਾਂ 'ਚ ਬੜੀ ਉਤਸੁਕਤਾ ਨਾਲ ਉਹਨਾਂ ਨੂੰ ਬੜੇ ਧਿਆਨ ਨਾਲ ਪੜਦਾ ਸੀ। ਉਹਨੂੰ ਪਤਾ ਸੀ ਕਿ ਪਰਿਵਾਰ ਦੇ ਇਕੱਲੇ ਪੁੱਤਰ ਹੋਣ ਦੇ ਕਾਰਨ ਉਹਨੂੰ ਪਿੰਡ 'ਚ ਰਹਿਣਾ ਪਵੇਗਾ ਤੇ ਖੇਤੀਬਾੜੀ ਸੰਭਾਲਣੀ ਪਵੇਗੀ। ਤਦ ਅਜਿਹਾ ਸੋਚਣ ਦਾ ਵਰਤਾਰਾ ਸੀ। ਭਾਪਾ ਜੀ ਪੂਰੇ ਹੋ ਜਾਣ ਮਗਰੋਂ ਇਸ ਭਵਿੱਖਬਾਣੀ 'ਤੇ ਮੋਹਰ ਲੱਗ ਗਈ। ਪਰ ਚੰਗਾ ਕਿਸਾਨ ਬਣਨ ਦੀ ਲੱਲਕ ਸਦਾ ਲੱਗੀ ਰਹੀ। ਆਪਣੇ ਜ਼ਿੰਮੇ ਖੇਤੀਬਾੜੀ ਦਾ ਕੰਮ ਲੈਣ ਤੋਂ ਬਾਅਦ ਉਹਨੇ ਸ਼ੁਰੂ-ਸ਼ੁਰੂ 'ਚ ਪਿੰਡ 'ਚ ਸਭ ਤੋਂ ਵਧੀਆ ਖੇਤੀਬਾੜੀ ਕਰਕੇ ਵਿਖਾਈ। ਜਿਸ ਸਾਲ ਪਿੰਡ ਦੇ ਕਿਸਾਨ ਰਾਮਸੁੱਖ ਨੂੰ ਸਭ ਤੋਂ ਵੱਡੇ ਆਕਾਰ ਦੀ ਗੋਭੀ ਪੈਦਾ ਕਰਨ ਦਾ ਇਨਾਮ ਦਿੱਤਾ ਗਿਆ ਸੀ, ਉਸਦੇ ਅਗਲੇ ਸਾਲ ਉਹ ਸਭ ਤੋਂ ਵੱਡਾ ਆਲੂ ਪੈਦਾ ਕਰਨ ਲਈ ਸਨਮਾਨਿਆ ਗਿਆ ਸੀ। ਚਾਰ-ਪੰਜ ਸਾਲ ਤੱਕ ਉਹ ਆਪਣੇ ਪਿੰਡ ਦਾ ਪ੍ਰਤੀ ਏਕੜ ਸਭ ਤੋਂ ਜ਼ਿਆਦਾ ਗੰਨਾ ਪੈਦਾ ਕਰਨ ਵਾਲਾ ਕਿਸਾਨ ਰਿਹਾ ਪਰ ਗੰਨੇ ਦਾ ਭੁਗਤਾਨ ਸਾਲ-ਦਰ-ਸਾਲ ਲਟਕਦਾ ਜਾਂਦਾ ਰਿਹਾ ਤੇ ਗੰਨੇ ਦੀ ਖੇਤੀ ਤੋਂ ਉਹਦਾ ਮਨ ਉਚਾਟ ਹੋ ਗਿਆ। ਅਗੇਤੀ ਆਲੂ ਦੀ ਬਿਜਾਈ ਤੇ ਪੈਦਾਵਾਰ ਨਾਲ ਤਿੰਨ ਸਾਲ ਤਾਂ ਠੀਕ-ਠੀਕ ਕਮਾਈ ਹੋਈ ਸੀ, ਪਰ ਚੌਥੇ ਸਾਲ ਪਤਾ ਨਹੀਂ ਇਸ ਇਲਾਕੇ 'ਚ ਜ਼ਿਆਦਾ ਆਲੂ ਪੈਦਾ ਹੋਣ ਕਾਰਨ ਜਾਂ ਦਲਾਲਾਂ ਦੀ ਸਾਜ਼ਿਸ਼ ਦੇ ਕਾਰਨ ਆਲੂਆਂ ਦਾ ਭਾਅ ਡਿੱਗ ਕੇ ਚਾਲੀ-ਪੰਜਾਹ ਪੈਸੇ ਕਿੱਲੋ ਹੋ ਗਿਆ। ਆਲੂਆਂ ਦੀ ਗੁਡਾਈ ਕਰਨ 'ਚ ਜੋ ਮਜ਼ਦੂਰੀ ਦੇਣੀ ਪੈਂਦੀ ਸੀ, ਓਨੀ ਵੀ ਕੀਮਤ ਮਿਲਣ ਦੀ ਉਮੀਦ ਨਹੀਂ ਸੀ। ਕੋਈ ਆਲੂਆਂ ਦੀ ਪਟਾਈ ਲਈ ਤਿਆਰ ਹੀ ਨਾ ਹੋਇਆ। ਲਿਹਾਜਾ ਪੱਛਮ ਦੇ ਜ਼ਿਲ੍ਹਿਆਂ 'ਚ ਪਤਾ ਨਹੀਂ ਕਿੰਨੇ ਹੀ ਕਿਸਾਨਾਂ ਨੇ ਆਲੂ ਦੀ ਪਟਾਈ ਹੀ ਨਹੀਂ ਕੀਤੀ। ਖੇਤਾਂ 'ਚ ਹੀ ਸੜ-ਬਲ ਗਿਆ। ਪਿੰਡ ਦੇ ਭੂਮੀਹੀਣ ਮਜ਼ਦੂਰ ਚੇਤਰ-ਵਿਸਾਖ ਤੱਕ ਪੁੱਟ-ਪੁੱਟ ਕੇ ਖਾਂਦੇ ਰਹੇ।

ਅਜੇ ਤਿੰਨ ਸਾਲ ਪਹਿਲਾਂ ਸ਼ੰਕਰ ਧਾਨ-6444 ਦੀ 130 ਰੁਪਏ ਕੁਇੰਟਲ ਪ੍ਰਤੀ ਹੈਕਟਰ ਦੀ ਪੈਦਾਵਾਰ ਕਰਕੇ ਰਾਜ ਸਰਕਾਰ ਤੋਂ ਕ੍ਰਿਸ਼ੀ ਰਤਨ ਦਾ ਪੁਰਸਕਾਰ ਪ੍ਰਾਪਤ ਕੀਤੇ, ਪਰ ਜਦੋਂ ਭਲਵਾਨ ਇਸ ਪੈਦਾਵਾਰ ਦਾ ਖ਼ਰਚ ਤੇ ਮਿਹਨਤ ਦੀ ਤੁਲਨਾ 'ਚ ਪੈਦਾਵਾਰ ਦੀ ਕੀਮਤ ਜੋੜਦਾ ਹੈ ਤਾਂ ਉਹੀ 'ਢਾਕ ਦੇ ਤਿੰਨ ਪੱਤਿਆਂ' ਵਾਲੀ ਗੱਲ ਹੁੰਦੀ। ਮਿਹਨਤ ਕਰਕੇ, ਯਤਨ ਕਰਕੇ ਜ਼ੋਰ-ਜੁਗਾੜ ਕਰਦਾ ਥੱਕ ਗਿਆ ਭਲਵਾਨ, ਪਰ ਦਲਿੱਦਰ ਅਜਿਹਾ ਘਰ ਵੜਿਆ ਕਿ ਨਿਕਲਣ ਦਾ ਨਾਂ ਨਹੀਂ ਲੈਂਦਾ। ਉਹਨੂੰ ਲੱਗਦਾ ਏ ਕਿ ਸ਼ਾਇਦ ਗੋਸਾਈ ਜੀ ਨੇ ਉਹਨਾਂ ਨੂੰ ਲਿਖਿਆ-ਸਕਲ ਕਰਮ ਕਰਿ ਥਕੇਉਂ ਗੁਸਾਈ।

ਕਦੀ-ਕਦੀ ਭਲਵਾਨ ਨੂੰ ਬਹੁਤ ਤੇਜ਼ ਗੁੱਸਾ ਆਉਂਦਾ ਏ, ਮਨ ਕਰਦਾ ਏ ਕਿ ਲਾਠੀ ਚੁੱਕ ਕੇ ਸਾਰਿਆਂ ਨੂੰ ਕੁੱਟ ਦੇਵਾਂ। ਪਿੰਡ ਦੇ ਹਿੱਸੇ ਦੀ ਬਿਜਲੀ, ਸ਼ਹਿਰ ਦੇ ਪਾਰਕਾਂ ਤੇ ਸੜਕਾਂ 'ਤੇ ਰਾਤ-ਰਾਤ ਭਰ ਬਾਲ ਕੇ ਖ਼ਤਮ ਕਰ ਦੇਣ ਵਾਲਿਆਂ ਨੂੰ ਕੁੱਟਾਂ। ਪਿੰਡ ਦੇ ਵਿਕਾਸ ਦਾ ਹਿੱਤ, ਪੈਸਾ 'ਚ ਹੀ ਹੜਪ ਜਾਣ ਵਾਲਿਆਂ ਨੂੰ ਕੁੱਟਾਂ। ਮਿਲਾਵਟੀ ਖ਼ਾਦ ਤੇ ਨਕਲੀ ਕੀਟਨਾਸ਼ਕ ਵੇਚਣ ਵਾਲਿਆਂ ਨੂੰ ਕੁੱਟੇ। ਫ਼ਰਜ਼ੀ ਮੁਕਦਮੇ 'ਚ ਫਸਾਉਣ ਵਾਲਿਆਂ ਨੂੰ ਕੁੱਟੀਏ। ਡਾਂਗ ਲੈ ਕੇ ਦੌੜਦੇ ਹੋਏ ਜਾਵੇ ਤੇ ਪਾਰਕਾਂ ਤੇ ਸੜਕਾਂ ਦੇ ਕਿਨਾਰੇ ਲੱਗੇ ਹਜ਼ਾਰਾਂ ਵਾਟ ਦੇ ਬਲਬਾਂ ਤੇ ਟਿਊਬਾਂ ਨੂੰ ਤੋੜ ਦੇਵੇ। ਇਹੀ ਬਲਬ ਤਾਂ ਉਹਨਾਂ ਦੇ ਹਿੱਸਿਆਂ ਦੀ ਸਾਰੀ ਬਿਜਲੀ ਸੋਖ ਲੈ ਰਹੇ ਨੇ। 15-16 ਰੁਪਏ ਦੀ ਲਾਗਤ ਨਾਲ ਪੈਦਾ ਹੋਣ ਵਾਲੀ ਕਣਕ ਦਾ ਸਮਰਥਨ ਮੁੱਲ 8-10 ਰੁਪਏ ਤੈ ਕਰਨ ਵਾਲਿਆਂ ਨੂੰ ਕੁੱਟੇ। ਫਿਰ ਇਹਨਾਂ ਸਾਰਿਆਂ ਕੰਮਾਂ ਲਈ ਉਹਨਾਂ ਦੀ ਡਾਂਗ ਬਹੁਤ ਛੋਟੀ ਏ।

ਕਦੀ-ਕਦੀ ਭਲਵਾਨ ਸੋਚਦਾ ਹੈ ਕਿ ਕਾਸ਼! ਉਹਨੂੰ ਸਹੀ ਸਮੇਂ 'ਤੇ ਕਿਸੇ ਨੇ ਸਮਝਾ ਦਿੱਤਾ ਹੁੰਦਾ ਕਿ ਖੇਤੀਬਾੜੀ ਨਾਲ ਢਿੱਡ ਭਰਨ ਦਾ ਸਹਾਰਾ ਛੱਡ ਕੇ ਪੜ੍ਹਾਈ-ਲਿਖਾਈ ਦਾ ਵਿਸ਼ਵਾਸ ਕਰੇ। ਮਾਮੂਲੀ ਚਪੜਾਸੀ ਦੀ ਜ਼ਿੰਦਗੀ ਵੀ ਔਸਤ ਕਿਸਾਨ ਦੀ ਜ਼ਿੰਦਗੀ ਤੋਂ ਬਿਹਤਰ ਹੁੰਦੀ ਏ-ਇਹ ਉਦੋਂ ਪਤਾ ਲੱਗ ਗਿਆ ਹੁੰਦਾ ਤਾਂ ਮਿਡਲ, ਹਾਈ ਸਕੂਲ ਤੇ ਇੰਟਰਮੀਡੀਏਟ ਤਿੰਨਾਂ ਸ਼੍ਰੇਣੀਆਂ 'ਚ ਪਹਿਲੇ ਦਰਜੇ 'ਚ ਪਾਸ ਕਰਨ ਦੇ ਬਾਵਜੂਦ ਉਹ ਇਸ ਖਾਨਦਾਨੀ ਦਲਦਲ 'ਚ ਕਿਉਂ ਫਸਦਾ? ਪਿੰਡ ਛੱਡ ਕੇ ਉਹ ਵੀ ਕਿਸੇ ਪਾਸੇ ਭੱਜ ਜਾਂਦਾ।

ਦੱਸ-ਪੰਦਰਾਂ ਸਾਲ ਪਹਿਲਾਂ ਤੱਕ ਬੁੱਢੇ-ਬਜ਼ੁਰਗਾਂ ਦੀ ਗੱਲ 'ਚ ਨਿਰਾਸ਼ਾ ਤੇ ਉਦਾਸੀ ਦਾ ਕਟੋਰਾ ਮਿਲਣ ਕਰਕੇ ਭਲਵਾਨ ਨੂੰ ਬੜੀ ਕੋਫ਼ਤ ਹੁੰਦੀ ਸੀ। ਪਰ ਏਨੇ ਦਿਨਾਂ ਦੇ ਅਨੁਭਵ ਤੇ ਨਤੀਜਿਆਂ ਨੂੰ ਦੇਖਦੇ-ਦੇਖਦੇ ਹੁਣ ਉਹਨਾਂ 'ਤੇ ਵੀ ਨਿਰਾਸ਼ਾ ਛਾਣ ਲੱਗੀ ਏ। ਉਹ ਵੀ ਮੰਨਣ ਲੱਗੇ ਨੇ ਕਿ ਕਿਸਾਨੀ ਦੇ ਪੇਸ਼ੇ 'ਚ ਬਰਕਤ ਨਹੀਂ ਹੋਣ ਵਾਲੀ। ਆਪਣੇ ਲਈ ਪੂੰਜੀ ਲਾ ਕੇ ਜੋ ਫ਼ਸਲ ਉਹ ਘਰ ਲਿਆਉਂਦਾ ਏ, ਉਸਨੂੰ ਅਣਜਾਣੇ 'ਚ ਲਾਭ ਸਮਝ ਕੇ ਥੋੜ੍ਹੀ ਦੇਰ ਲਈ ਖ਼ੁਸ਼ ਹੋ ਜਾਂਦਾ ਏ। ਇਸ ਲਈ ਕਿ ਉਸਨੂੰ ਲਾਗਤ ਤੇ ਲਾਭ ਦੀ ਪਰਿਭਾਸ਼ਾ ਦਾ ਪਤਾ ਨਹੀਂ । ਹਾਈ ਸਕੂਲ 'ਚ ਪਾਈਥਾਗੋਰਸ ਦੀ ਇਕ ਪ੍ਰਮੇਯ ਸੀ-ਕਰਨ ਤੇ ਬਣਿਆ ਵਰਗ। ਉਸਨੂੰ ਸਿੱਧ ਕਰਨ 'ਚ ਬੜਾ ਦਿਮਾਗ਼ ਲਾਉਣਾ ਪੈਂਦਾ ਸੀ। ਭਲਵਾਨ ਨੂੰ ਲੱਗਦਾ ਏ ਕਿ ਕਿਸਾਨ ਦੀ ਗ੍ਰਹਿਸਥੀ ਦੀ ਪ੍ਰਮੇਯ ਪਾਈਥਾਗੋਰਸ ਦੀ ਉਸ ਪ੍ਰਮੇਯ ਨਾਲੋਂ ਵੀ ਔਖੀ ਏ। ਕੌਣ ਜਾਣੇ ਇਸਦਾ ਹੱਲ ਕਦੋਂ ਨਿਕਲੇਗਾ!

## (9)

ਸੂਰਜ ਡੁੱਬਦਿਆਂ ਈ ਦੋ ਮੋਟਰ ਸਾਈਕਲ, ਸਵਾਰਾਂ ਸਮੇਤ ਗੂੰਜ ਪਾਉਂਦੇ ਹੋਏ ਆਏ ਤੇ ਭਲਵਾਨ ਦੇ ਦਰਵਾਜ਼ੇ 'ਤੇ ਆ ਰੁਕੇ। ਭਲਵਾਨਣ ਯਾਨੀ ਪੱਪੂ ਦੀ ਮਾਂ ਸੁੱਕਣ ਲਈ ਧੁੱਪੇ ਪਾਇਆ ਸੁਖਵਨ ਚੁੱਕ ਰਹੀ ਸੀ। ਇਕ ਤਰ੍ਹਾਂ ਨਾਲ ਉਹਨੇ ਦੇ ਨੇੜੇ ਹੀ ਆ ਰੁਕੇ। ਪੈਟ੍ਰੋਲ ਦੀ ਗੰਧ ਉਹਦੇ ਨੱਕ 'ਚ ਭਰ ਗਈ। ਭਲਵਾਨ ਬਲਦਾਂ ਦੀ ਖੁਰਲੀ 'ਚ ਗਤਾਵਾ ਰਲਾ ਰਿਹਾ ਸੀ। ਚਾਰ ਲੋਕਾਂ ਨੂੰ ਮੋਟਰ ਸਾਈਕਲ ਤੋਂ ਉੱਤਰਦਿਆਂ ਦੇਖ ਕੇ ਥੋੜ੍ਹਾ ਜਿਹਾ ਝੌਂਕ ਉੱਠਿਆ। ਇਕ ਨੇ ਵਧ ਕੇ ਪੱਪੂ ਦੀ ਮਾਂ ਦੇ ਪੈਰੀਂ ਹੱਥ ਲਾਏ। ਫਿਰ ਦੂਜੇ, ਫਿਰ ਤੀਜੇ ਨੇ। ਚੌਥਾ ਜੋ ਬਜ਼ੁਰਗ ਸੀ, ਆਪਣੀ ਥਾਂ 'ਤੇ ਖਲੋਤੇ-ਖਲੋਤੇ ਹੀ ਹੱਥ ਜੋੜ ਰਿਹਾ ਸੀ।

ਪੱਪੂ ਦੀ ਮਾਂ ਨੇ ਆਪਣੇ ਭਰਾ ਨੂੰ ਪਛਾਣ ਲਿਆ। ਤਿੰਨੇ ਪੈਰ ਛੂਹਣ ਵਾਲਿਆਂ ਨੇ ਭਲਵਾਨ ਦੇ ਕੋਲ ਜਾ ਕੇ ਉਹਦੇ ਪੈਰ ਛੂਹੇ। ਹੁਣ ਭਲਵਾਨ ਨੇ ਪਹਿਚਾਣ ਲਿਆ। ਇਕ ਤਾਂ ਪੱਪੂ ਦਾ ਮਾਮਾ ਸੀ। ਦੂਜਾ ਡੁੰਨੂ ਬਾਬੂ ਦਾ ਸਾਲਾ ਸੀ ਜੋ ਉਸ ਦਿਨ ਡੁੰਨੂ ਬਾਬੂ ਦੇ ਘਰ ਮਿਲਿਆ ਸੀ। ਹੱਥਾਂ ਨੂੰ ਚਿੰਬੜੀ ਤੂੜੀ ਝਾੜਦੇ ਹੋਏ ਉਹਨਾਂ ਦੇ ਕੋਲ ਆ ਕੇ ਭਲਵਾਨ ਨੇ ਚੌਥੇ ਬਜ਼ੁਰਗ ਸੱਜਣ ਨੂੰ ਨਮਸਕਾਰ ਕੀਤਾ। ਪੱਪੂ ਦੇ ਮਾਮਾ ਤੇ ਤੀਸਰੇ ਪੈਰ ਛੂਹਣ ਵਾਲੇ ਨੇ ਵਧ ਕੇ ਢਾਰੇ 'ਚੋਂ ਦੋ ਮੰਜੀਆਂ ਕੱਢ ਲਿਆਂਦੀਆਂ ਤੇ ਦਰਵਾਜ਼ੇ 'ਤੇ ਡਾਹ ਦਿੱਤੀਆਂ। ਭਲਵਾਨ ਨੇ ਬਜ਼ੁਰਗ ਸੱਜਣ ਨੂੰ ਸੰਬੋਧਨ ਹੁੰਦਿਆਂ ਕਿਹਾ -ਬੈਠੋ ਜੀ।

ਬਜ਼ੁਰਗ ਸੱਜਣ ਤੇ ਡੁੰਨੂ ਬਾਬੂ ਦੇ ਸਾਲੇ ਇਕ ਮੰਜੀ 'ਤੇ ਬਹਿ ਗਏ। ਭਲਵਾਨ ਦੂਸਰੀ ਮੰਜੀ 'ਤੇ ਬਹਿ ਗਿਆ। ਪੱਪੂ ਦੇ ਮਾਮੇ ਨੇ ਭਲਵਾਨ ਨੂੰ ਉਸ ਬਾਰੇ ਜਾਣੂ ਕਰਾਇਆ-ਇਹ ਲਾਲ ਬਾਬੂ ਨੇ। ਰੇਲਵੇ 'ਚ ਬਾਬੂ ਨੇ। ਹਾਵੜਾ 'ਚ ਨੌਕਰੀ ਕਰਦੇ ਨੇ। ਡੁੰਨੂ ਬਾਬੂ ਦੇ ਸਾਲੇ ਸਾਹਬ ਦੇ ਰਿਸ਼ਤੇ 'ਚੋਂ ਨੇ। ਤੇ ਇਹਨਾਂ ਨੂੰ ਪਛਾਣਦੇ ਹੀ ਹੋ। ਡੁੰਨੂ ਬਾਬੂ ਦੇ ਸਾਲਾ ਸਾਹਬ। ਉਸ ਦਿਨ ਡੁੰਨੂ ਬਾਬੂ ਦੇ ਘਰ ਤੁਹਾਡੀ ਮੁਲਾਕਾਤ ਹੋਈ ਸੀ। ਅਸੀਂ ਹਾਈ ਸਕੂਲ 'ਚ ਕਲਾਸ-ਫ਼ੈਲੋ ਸੀ।

ਇਸ ਦੌਰਾਨ ਚੌਥਾ ਆਦਮੀ ਮਾਲ ਬਾਬੂ ਦੇ ਪੈਰੋਂ ਜੁੱਤੀ ਕੱਢ ਕੇ ਚੀਥੜੇ ਨਾਲ ਸਾਫ਼ ਕਰਨ ਲੱਗਾ।

ਪੱਪੂ ਦੀ ਮਾਂ ਕੁਝ ਦੇਰ ਤੱਕ ਉਡੀਕ ਕਰਦੀ ਰਹੀ ਕਿ ਉਹਦੇ ਭਰਾ ਉਸ ਕੋਲ ਆਵੇ ਤਾਂ ਜੋ ਉਹ ਆਪਣੇ ਪੇਕਿਆਂ ਦਾ ਹਾਲਚਾਲ ਜਾਣ ਸਕੇ। ਜਦੋਂ ਉਸਦੇ ਭਰਾ ਦਾ ਧਿਆਨ ਉਸ ਵੱਲ ਨਾ ਗਿਆ ਤਾਂ ਉਹ ਆਪ ਉਹਨਾਂ ਕੋਲ ਆ ਗਈ। ਧੀ ਨੂੰ ਗੁੜ-ਚਬੈਨਾ ਕੱਢਣ ਤੇ ਗੜਵੀ ਮਾਂਜਣ ਲਈ ਆਖਿਆ।

ਪੱਪੂ ਦਾ ਪਿਉ ਸਮਝ ਗਿਆ ਕਿ ਉਹਨਾਂ ਦੇ ਦਰਵਾਜ਼ੇ 'ਤੇ ਆਉਣ ਵਾਲੇ ਨਾਲ ਬਾਬੂ ਰਈਸ ਤੇ ਮੰਨੇ-ਪ੍ਰਮੰਨੇ ਆਦਮੀ ਹਨ। ਪਰ ਆਏ ਕਿਉਂ ਨੇ ? ਨਾਲ ਹੀ ਡੁੰਨੂ ਬਾਬੂ ਦੇ ਸਾਲੇ ਤੇ ਖ਼ੁਦ ਉਹਦੇ ਸਾਲੇ। ਕੀ ਡੁੰਨੂ ਬਾਬੂ ਨੇ ਰਿਸ਼ਤਾ ਸਵੀਕਾਰ ਕਰਨ ਦਾ ਸੁਨੇਹਾ ਭੇਜਿਆ ਏ ? ਹੋ ਸਕਦਾ ਏ ਉਹਦੀ ਬੇਟੀ ਦੇ ਰੂਪ-ਗੁਣ ਦੀ ਚਰਚਾ ਸੁਣੀ ਹੋਵੇ। ਖ਼ੁਦ ਉਹਦੀ ਸ਼ੋਹਰਤ ਵੀ ਇਲਾਕੇ 'ਚ ਸਿਰਫ਼ ਭਲਵਾਨ ਹੋਣ ਦੇ ਨਾਤੇ ਹੀ ਨਹੀਂ, ਮੰਨੇ-ਪ੍ਰਮੰਨੇ ਆਦਮੀ ਦੇ ਰੂਪ 'ਚ ਵੀ ਏ। ਪਰ ਲੜਕੇ ਦਾ ਪਿਉ ਖ਼ੁਦ ਸੁਨੇਹਾ ਘੱਲ ਕੇ ਰਿਸ਼ਤਾ ਸਵੀਕਾਰ ਕਰੇ, ਅਜਿਹਾ ਕੀ ਇਸ ਦੁਨੀਆ 'ਚ ਸੰਭਵ ਏ ? ਖ਼ਾਸ ਕਰਕੇ ਅਜਿਹੀਆਂ ਖ਼ਰਵੀਆਂ ਤੇ ਤਿੱਖੀਆਂ ਗੱਲਾਂ ਬੋਲ ਕੇ ਉਹ ਆਇਆ ਹੈ, ਅਜਿਹਾ ਕਿਸੇ ਵੀ ਹਾਲਤ 'ਚ ਨਹੀਂ ਹੋ ਸਕਦਾ। ਪੱਪੂ ਇਕ ਬਾਲਟੀ 'ਚ ਪਾਣੀ ਤੇ ਗੜਵੀ ਲੈ ਕੇ ਆਇਆ ਤੇ



ਪ੍ਰਾਹੁਣਿਆਂ ਦੇ ਪੈਰੀਂ ਹੱਥ ਲਾ ਕੇ ਚਲਾ ਗਿਆ। ਫਿਰ ਇਕ ਛਿੱਕੂ 'ਚ ਚਬੈਨਾ ਤੇ ਗੁੜ ਰੱਖ ਗਿਆ। ਪਾਣੀ ਪੀਣ ਦੀ ਬੇਨਤੀ ਦੇ ਨਾਲ-ਨਾਲ ਭਲਵਾਨ ਸੁਖ-ਸਾਂਦ ਪੁੱਛਣ ਲੱਗਾ।

ਮਹਿਮਾਨਾਂ 'ਚ ਇੰਨੀ ਸਹਿਜਤਾ ਦਿੱਸ ਰਹੀ ਸੀ ਕਿ ਲੱਗਾ ਜਿੱਦਾਂ ਇਹ ਲੋਕ ਚਾਹ-ਪਾਣੀ ਪੀਣ ਦੇ ਬਾਅਦ ਵਿਦਾ ਹੋਣ ਵਾਲੇ ਨਹੀਂ ਨੇ। ਫੇਰ ਸੌਣ ਲਈ ਚਾਰ ਹੋਰ ਮੰਜੀਆਂ ਦੀ ਲੋੜ ਪਏਗੀ। ਦੋ ਹੀ ਵਾਧੂ ਨੇ। ਗਵਾਂਢ 'ਚੋਂ ਮੰਗਣੀਆਂ ਪੈਣਗੀਆਂ। ਫਿਰ ਯਾਦ ਆਇਆ ਕਿ ਰਜ਼ਾਈਆਂ ਵੀ ਮੰਗਣੀਆਂ ਪੈਣਗੀਆਂ। ਗਰਮੀ ਲੰਘ ਰਹੀ ਸੀ ਤੇ ਪਾਲਾ ਸ਼ੁਰੂ ਹੋ ਚੁੱਕਿਆ ਸੀ। ਦੋ ਰਜ਼ਾਈਆਂ ਉਹਨਾਂ ਦੇ ਘਰ ਸਨ ਮਹਿਮਾਨਾਂ ਲਈ। ਪਰ ਇਸ ਸਾਲ ਇਕ ਰਜ਼ਾਈ ਵੱਡਾ ਪੁੱਤਰ ਲੈ ਕੇ ਚਲਾ ਗਿਆ ਸੀ। ਛੋਟਾ ਪੁੱਤਰ ਪਿਛਲੇ ਸਾਲ ਠੰਢ 'ਚ ਉਹਦੇ ਨਾਲ ਹੀ ਸੌਂਦਾ ਸੀ। ਇਕ ਹੀ ਰਜ਼ਾਈ ਨਾਲ ਕੰਮ ਚੱਲ ਰਿਹਾ ਸੀ। ਇਸ ਸਾਲ ਦੂਸਰੀ ਰਜ਼ਾਈ ਉਹ ਵੱਖ ਲੈ ਕੇ ਸੌਣ ਲੱਗਾ ਏ। ਉਹ ਕੰਬਲ ਲੈ ਲਵੇਗਾ। ਇਸ ਤਰ੍ਹਾਂ ਇਕ ਰਜ਼ਾਈ ਵਾਧੂ ਹੋ ਜਾਏਗੀ। ਪੱਪੂ ਦੀ ਮਾਂ ਖ਼ੁਦ ਦੋਗੜੀ ਲੈ ਕੇ ਇਕ ਰਜ਼ਾਈ ਖ਼ਾਲੀ ਕਰ ਦੇਵੇਗੀ। ਫਿਰ ਵੀ ਦੋ ਰਜ਼ਾਈਆਂ ਦੀ ਲੋੜ ਪਏਗੀ।

ਪਹਿਲਾਂ ਉਹ ਖ਼ੁਦ ਆਪ ਅੰਦਰ ਗਿਆ ਤੇ ਫਿਰ ਆਵਾਜ਼ ਮਾਰ ਕੇ ਆਪਣੇ ਪੁੱਤਰ ਨੂੰ ਵੀ ਅੰਦਰ ਬੁਲਾ ਲਿਆ। ਬੋਲਿਆ-ਉਂਜ ਤਾਂ ਮੋਟਰ ਸਾਈਕਲ 'ਤੇ ਆਏ ਨੇ। ਚਾਹ-ਪਾਣੀ ਕਰਕੇ ਆਰਾਮ ਨਾਲ ਅੱਧੇ ਘੰਟੇ 'ਚ ਆਪਣੇ-ਆਪਣੇ ਘਰ ਜਾ ਸਕਦੇ ਨੇਓ ਹਾਂ ਚਾਹ! ਚਾਹ ਪਿਆਉਣੀ ਹੋਵੇਗੀ। ਅੱਜ ਕੱਲ੍ਹ ਦਰਵਾਜ਼ੇ 'ਤੇ ਆਏ ਮਹਿਮਾਨ ਨੂੰ ਜੇਕਰ ਚਾਹ ਨਾ ਪੁੱਛੀ ਜਾਏ ਤਾਂ ਸਮਝੋ ਕੋਈ ਸਤਿਕਾਰ ਹੀ ਨਹੀਂ ਕੀਤਾ। ਉਹ ਵੀ ਚੀਨੀ ਦੀ ਚਾਹ। ਤਿੰਨ ਕੱਪ ਤਾਂ ਅਜੇ ਟੁੱਟਣ ਤੋਂ ਬਚੇ ਹੋਏ ਨੇਂ ਨਾ! ਮੇਰੀ ਚਾਹ ਗਲਾਸ 'ਚ ਪਾ ਸਕਦੇ ਹੋ। ਜੋ ਜੋ ਸਾਮਾਨ ਨਾ ਹੋਵੇ ਉਹ ਭੱਜ ਕੇ ਦੁਕਾਨ ਤੋਂ ਲੈ ਆ ਤੇ ਹਾਂ, ਜੋ ਕਹਿਣ ਆਇਆ ਹਾਂ ਉਹ ਤਾਂ ਕਿਹਾ ਹੀ ਨਹੀਂ। ਚਾਹ ਪੀਣ ਤੋਂ ਬਾਅਦ ਜੇਕਰ ਉਹ ਜਾਣ ਦਾ ਨਾਂ ਨਾ ਲੈਣ ਤਾਂ ਜਿਸ ਸਮੇਂ ਮੈਂ ਇਹਨਾਂ ਨੂੰ ਜੰਗਲ-ਪਾਣੀ ਲਈ ਬਾਹਰ ਲੈ ਕੇ ਜਾਵਾਂ, ਤੂੰ ਜਾ ਕੇ ਕਿਸੇ ਦੇ ਘਰੋਂ ਦੋ ਮੰਜੀਆਂ ਤੇ ਦੋ ਰਜ਼ਾਈਆਂ ਮੰਗ ਲਿਆਈਂ ਤੇ ਦਾਲਾਨ 'ਚ ਪੰਜ ਬਿਸਤਰੇ ਲਾ ਦੇਈਂ। ਕਹਿ ਕੇ ਭਲਵਾਨ ਬਾਹਰ ਨਿਕਲ ਗਿਆ।

ਪੱਪੂ ਦੀ ਮਾਂ ਨੇ ਮਹਿਮਾਨਾਂ ਦੇ ਰੰਗ-ਢੰਗ ਤੋਂ ਪਹਿਲਾਂ ਹੀ ਅੰਦਾਜ਼ਾ ਲਾ ਲਿਆ ਸੀ ਕਿ ਉਹ ਟਲਣ ਵਾਲੇ ਮਹਿਮਾਨ ਨਹੀਂ ਨੇ। ਪਰ ਉਹ ਇਹ ਅੰਦਾਜ਼ਾ ਨਹੀਂ ਲਾ ਰਹੀ ਸੀ ਕਿ ਉਹ ਸਾਰੇ ਆਏ ਕਿਉਂ ਨੇ ? ਉਹਦਾ ਭਰਾ ਅਜੇ ਤੱਕ ਅੰਦਰ ਨਹੀਂ ਆਇਆ। ਆਉਂਦਾ ਤਾਂ ਸਭ ਤੋਂ ਪਹਿਲਾਂ ਏਹੀ ਪੁੱਛਦੀ। ਉਹਨੇ ਧੀ ਨੂੰ ਪਰਾਤ 'ਚ ਆਟਾ ਪਾਉਣ ਲਈ ਆਖਿਆ ਤੇ ਪੁੱਤਰ ਨੂੰ ਪੈਸੇ ਦੇਂਦਿਆਂ ਬੋਲੀ-ਚੀਨੀ ਚਾਹ-ਪੱਤੀ ਦੇ ਨਾਲ-ਨਾਲ ਇਕ ਕਿੱਲੋ ਆਲੂ ਵੀ ਲਿਆਈਂ । ਤੇ ਹਾਂ, ਜਾਣ ਤੋਂ ਪਹਿਲਾਂ ਖੇਤ 'ਚੋਂ ਦੋ ਗੋਭੀ ਦੇ ਫੁੱਲ ਵੱਢ ਕੇ ਦੇ ਜਾਈਂ।

ਉਹ ਜਾਣਦੀ ਏ ਕਿ ਪੁੱਤਰ ਰਜ਼ਾਈ ਤੇ ਮੰਜੀ ਮੰਗਣ ਸੈਕਟਰੀ ਦੇ ਘਰ ਹੀ ਜਾਏਗਾ। ਸੈਕਟਰੀ ਦੀ ਗੱਲਬਾਤ-ਵਿਵਹਾਰ 'ਚ ਠੀਕ ਏ। ਪੱਪੂ ਦੇ ਬਾਬੂ ਨਾਲ ਮੇਲਜੋਲ ਏ ਪਰ ਉਹਦੀ ਘਰਵਾਲੀ ਨਾਲ ਪੱਪੂ ਦੀ ਮਾਂ ਦੀ ਨਹੀਂ ਬਣਦੀ। ਉਹ ਕਾਫ਼ੀ ਘੁਮੰਡ 'ਚ ਰਹਿੰਦੀ ਏ। ਫ਼ੋਨ ਲੱਗਿਆ ਹੋਇਆ ਹੈ। ਰੋਜ਼ ਅਖ਼ਬਾਰ ਆਉਂਦਾ ਏ। ਪੁੱਤਰ ਨੂੰ ਦਹੇਜ਼ 'ਚ ਮੋਟਰ ਸਾਈਕਲ ਮਿਲ ਗਿਆ ਏ। ਰਿਸ਼ਵਤ ਦੇ ਕੇ ਪੁੱਤਰ ਨੂੰ ਪੁਲਿਸ 'ਚ ਸਿਪਾਹੀ ਭਰਤੀ ਕਰਵਾ ਲਿਆ ਏ ਤੇ ਸ਼ਾਦੀ ਕਰਕੇ ਰਿਸ਼ਵਤ ਦਾ ਦੁਗਣਾ ਵਸੂਲ ਕਰ ਲਿਆ ਏ, ਘੁਮੰਡ 'ਚ ਨਹੀਂ ਆਨਗੇ ਤਾਂ ਹੋਰ ਕੀ ਹੋਵੇਗਾ। ਵਿਆਹੁਣ ਲਈ ਕੋਈ ਧੀ ਹੈ ਨਹੀਂ ਤਾਂ ਜ਼ਮੀਨ 'ਤੇ ਪੈਰ ਕਿੱਦਾਂ ਪੈਣਗੇ!

ਇਕ ਦਿਨ ਦਲਾਨ 'ਚ ਬੈਠੇ-ਬੈਠੇ ਉਹਨੂੰ ਸੁਣਾ ਕੇ ਹਵਾ-ਬਤਾਸ ਨਾਲ ਕਹਿ ਰਹੀ ਸੀ

ਕਿ ਇੰਜੀਨੀਅਰ ਬਣ ਜਾਣ 'ਚ ਹੀ ਵਾਧਾ ਨਹੀਂ। ਨੌਕਰੀ ਵੀ ਮਿਲਣੀ ਚਾਹੀਦੀ ਏ। ਅਖ਼ਬਾਰ 'ਚ ਛਪਿਆ ਸੀ ਕਿ ਦਿੱਲੀ ਬੰਬਈ 'ਚ ਹਜ਼ਾਰਾਂ ਬੇਰੁਜ਼ਗਾਰ ਇੰਜੀਨੀਅਰ ਪੈਟ੍ਰੋਲ ਪੰਪਾਂ 'ਤੇ ਹਜ਼ਾਰ ਡੇਢ ਹਜ਼ਾਰ ਦੀ ਨੌਕਰੀ ਕਰਕੇ ਢਿੱਡ ਪਾਲ ਰਹੇ ਹਨ। ਉਹਨੂੰ ਪਤਾ ਏ, ਅਜੇ ਪੁੱਤਰ ਮੰਜੀਆਂ ਰਜ਼ਾਈਆਂ ਮੰਗਣ ਜਾਏਗਾ ਤਾਂ ਬਿਨਾਂ ਬੋਲੇ ਨਹੀਂ ਰਹੇਗੀ-ਅਰੇ ਹੁਣ ਇੰਜੀਨੀਅਰ ਦਾ ਘਰ ਹੋ ਗਿਆ ਪੱਪੂ। ਆਪਣੀ ਮਾਂ ਨੂੰ ਕਹਿਣਾ ਹਜ਼ਾਰ-ਦੋ ਹਜ਼ਾਰ ਗੱਦੇ ਰਜ਼ਾਈ ਲਈ ਵੀ ਖ਼ਰਚ ਕਰ ਲਵੇ।

ਉਹਦਾ ਵੱਸ ਚੱਲੇ ਤਾਂ ਉਸ ਘਰੋਂ ਕਦੀ ਕੋਈ ਚੀਜ਼ ਹੀ ਨਾ ਮੰਗੀ ਜਾਏ। ਪਰ ਗਵਾਂਢ 'ਚ ਕੋਈ ਦੂਜਾ ਘਰ ਵੀ ਤਾਂ ਨਹੀਂ, ਜਿੱਥੋਂ ਲੋੜ ਪੈਣ 'ਤੇ ਇਹ ਚੀਜ਼ਾਂ ਮੰਗੀਆਂ ਜਾ ਸਕਣ। ਤੇ ਹੁਣ ਤਾਂ ਵੱਡਾ ਪੁੱਤਰ ਵੀ ਕਦੀ-ਕਦਾਈ ਉਹਨਾਂ ਦੇ ਘਰ ਫ਼ੋਨ ਕਰਕੇ ਕਹਿੰਦਾ ਏ-ਜ਼ਰਾ ਮੇਰੀ ਮਾਂ ਨੂੰ ਬੁਲਾ ਦੇਣਾ ਚਾਚੀ! ਗੱਲ ਕਰਨੀ ਏ। ਝਖ ਮਾਰ ਕੇ ਜਾਣਾ ਪੈਂਦਾ ਏ। ਤੇ ਗਈ ਤਾਂ ਬਿਨਾਂ ਉਸਦਾ ਭਾਸ਼ਣ ਸੁਣੇ ਮੁੜਨਾ ਮੁਸ਼ਕਿਲ! ਖ਼ੈਰ ਕਿਸੇ ਦਾ ਗਰਬ-ਗੁਮਾਨ ਜ਼ਿਆਦਾ ਦਿਨ ਨਹੀਂ ਚਲਦਾ। ਗਰਬ-ਗੁਮਾਨ ਹੀ ਤਾਂ ਰੱਬ ਦਾ ਭੋਜਨ ਏ। ਸੋਚਦੇ-ਸੋਚਦੇ ਪੱਪੂ ਦੀ ਮਾਂ ਉਦਾਸ ਹੋ ਗਈ।

ਪੁੱਤਰ ਚੀਨੀ ਚਾਹ-ਪੱਤੀ ਲੈ ਆਇਆ ਤਾਂ ਉਹਨੇ ਧੀ ਨੂੰ ਛੇਤੀ ਚਾਹ ਬਣਾਉਣ ਲਈ ਕਿਹਾ, ਫਿਰ ਰਿੰਨਣ ਲਈ ਭੰਡਾਰੇ 'ਚੋਂ ਚੌਲ-ਦਾਲ ਕੱਢ ਲਿਆਈ। ਪੁੱਤਰ ਚਾਹ ਲੈ ਕੇ ਗਿਆ ਤਾਂ ਧੀ ਨੂੰ ਵਲਟੋਹੀ 'ਚ ਪਾਣੀ ਪਾ ਕੇ ਅੱਗ 'ਤੇ ਚੜ੍ਹਾਉਣ ਲਈ ਕਹਿ ਕੇ ਆਪ ਖ਼ੁਦ ਵੀ ਧੂੰਏਂ ਨਾਲ ਲਾਲ ਹੋਈਆਂ ਅੱਖਾਂ ਨੂੰ ਮਲਦੀ ਹੋਈ ਬਾਹਰ ਨਿਕਲ ਗਈ। ਅੱਜ ਕੱਲ੍ਹ ਉਹਦੀਆਂ ਅੱਖਾਂ 'ਚ ਧੂੰਆਂ ਲੱਗਣ ਨਾਲ ਜ਼ਿਆਦਾ ਪਾਣੀ ਆਉਣ ਲੱਗਦਾ ਏ। ਧੀ ਦੀ ਵਿਦਾਈ ਦੇ ਬਾਅਦ ਰਸੋਈ ਕਿੱਦਾਂ ਪਕਾਏਗੀ! ਕਈ ਵਾਰ ਮਨ 'ਚ ਆਇਆ ਕਿ ਪੱਪੂ ਦੇ ਬਾਬੂ ਨੂੰ ਆਖੇ ਕਿ ਕਿਧਰੇ ਜਾ ਕੇ ਕਿਸੇ ਡਾਕਟਰ ਨੂੰ ਦਿਖਾਈਏ ਪਰ ਇਸ ਡਰ ਨਾਲ ਕਿ ਕਿਧਰੇ ਡਾਕਟਰ ਭਾਰੀ ਖ਼ਰਚੇ ਦਾ ਕੋਈ ਇਲਾਜ ਹੀ ਨਾ ਆਖ ਦੇਵੇ, ਉਹ ਚੁੱਪ ਰਹਿ ਜਾਂਦੀ ਏ।

ਬਾਹਰ ਜੋ ਅਧੇੜ ਸੱਜਣ ਸਨ, ਉਹਨਾਂ ਦਾ ਸਿਰ ਚੌਥਾ ਆਦਮੀ ਦਬਾ ਰਿਹਾ ਸੀ। ਜੇਬ 'ਚੋਂ ਛੋਟੀ-ਜੇਹੀ ਸ਼ੀਸ਼ੀ ਕੱਢ ਕੇ ਥੋੜ੍ਹਾ ਜਿਹਾ ਤੇਲ ਤਲੀ 'ਤੇ ਪਾਉਂਦਾ ਸੀ, ਫਿਰ ਸਿਰ ਤੇ ਮੁੱਛਾਂ 'ਚ ਲਾਉਂਦਾ ਸੀ।

ਇਸ ਤੋਂ ਪਹਿਲਾਂ ਕਿ ਰਾਸ਼ਨ ਪਕਾਇਆ ਜਾਏ, ਪੱਪੂ ਦੀ ਮਾਂ ਖ਼ੁਦ ਆਪਣੇ ਕੰਨਾਂ ਨਾਲ ਸੁਣ ਕੇ ਆਸਵੰਦ ਹੋ ਜਾਣਾ ਚਾਹੁੰਦੀ ਸੀ ਕਿ ਮਹਿਮਾਨਾਂ ਨੇ ਰਾਤ ਉਹਨਾਂ ਦੇ ਘਰ ਗੁਜ਼ਾਰਨ ਦਾ ਨਿਰਣਾ ਲੈ ਲਿਆ ਏ।

ਜਦੋਂ ਸਿਰ ਦਬਾਉਣ ਵਾਲੇ ਆਦਮੀ ਨੇ ਖ਼ੈਨੀ ਠੋਂਕ ਕੇ ਬਜ਼ੁਰਗ ਮਹਿਮਾਨ ਦੇ ਅੱਗੇ ਤਲੀ ਕੀਤੀ ਤੇ ਉਹਨੇ ਇਕ ਚੁਟਕੀ ਖ਼ੈਨੀ ਚੁੱਕ ਕੇ ਮੂੰਹ 'ਚ ਖੱਬੇ ਪਾਸੇ ਦੱਬ ਲਈ ਤਾਂ ਜੰਗਲ-ਪਾਣੀ ਜਾਣਾ ਨਿਸ਼ਚਿਤ ਹੋ ਗਿਆ। ਪੱਪੂ ਦੇ ਬਾਬੂ ਨੇ ਦੱਸਿਆ ਕਿ ਕੋਲ ਹੀ ਇਕ ਬਹੁਤ ਵੱਡਾ ਤਲਾਅ ਏ, ਉਹਨਾਂ ਦੇ ਨੇੜੇ ਦੀਆਂ ਝਾੜੀਆਂ ਜੰਗਲ-ਪਾਣੀ ਜਾਣ ਲਈ ਬੇਹਤਰ ਨੇ, ਇਸ ਲਈ ਲੋਟੇ 'ਚ ਪਾਣੀ ਲੈ ਕੇ ਚੱਲਣ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਉਹਨੇ ਇਹ ਵੀ ਸੁਝਾਅ ਰੱਖਿਆ ਕਿਉਂਕਿ ਘਰ 'ਚ ਕੁੱਲ ਤਿੰਨ ਲੋਟੇ ਸਨ। ਪੰਜ ਲੋਕਾਂ ਦੇ ਇਕ ਸਾਥ ਜਾਣ 'ਤੇ ਦੋ ਲੋਟੇ ਘੱਟ ਪੈਂਦੇ ਸਨ। ਬਜ਼ੁਰਗ ਸੱਜਣ ਨੂੰ ਛੱਡ ਕੇ ਬਾਕੀ ਲੋਕ ਬਿਨਾਂ ਲੋਟੇ ਚਲਣ 'ਤੇ ਸਹਿਮਤ ਹੋਏ। ਹੱਥ-ਪੈਰ ਦਬਾਉਣ ਵਾਲੇ ਨੇ ਉਸ ਲਈ ਲੋਟਾ ਫੜ ਲਿਆ ਤੇ ਉਹਦੇ ਪਿੱਛੇ-ਪਿੱਛੇ ਤੁਰਨ ਲੱਗਾ। ਬਾਕੀ ਲੋਕ ਖ਼ਾਲੀ ਹੱਥ।

ਪੱਪੂ ਦੀ ਮਾਂ ਦੇ ਸਾਹਮਣੇ ਸਪੱਸ਼ਟ ਹੋ ਗਿਆ ਕਿ ਮਹਿਮਾਨਾਂ ਦਾ ਠਹਿਰਣਾ ਪੱਕਾ ਏ।



ਮਹਿਮਾਨਾਂ ਦੇ ਮੁੜਨ ਤੋਂ ਪਹਿਲਾਂ ਪੱਪੂ ਮੰਜੀਆਂ ਤੇ ਰਜ਼ਾਈਆਂ ਮੰਗ ਲਿਆਇਆ। ਦਾਲਾਨ 'ਚ ਬਹੁਕਰ ਫੇਰ ਕੇ ਬਿਸਤਰੇ ਲਾ ਦਿੱਤੇ ਗਏ। ਫਿਰ ਦਾਲਾਨ ਦੇ ਇਕ ਕੋਨੇ 'ਚ ਕੌੜੇ ਤੇਲ ਦਾ ਦੀਵਾ ਬਲਣ ਲੱਗਾ। ਪੱਪੂ ਦੀ ਮਾਂ ਨੇ ਬਾਹਰ ਨਿਕਲ ਕੇ ਦੀਵੇ ਦੇ ਚਾਰੇ ਪਾਸੇ ਬਹਿਣ ਲਈ ਪੀੜ੍ਹੇ ਰੱਖਣ ਲਈ ਕਿਹਾ ਤੇ ਇਹ ਵੀ ਕਿ ਮੁੜਦੇ ਹੀ ਆਪਣੇ ਮਾਮੇ ਨੂੰ ਅੰਦਰ ਭੇਜ ਦੇਵੇ।

ਜਦੋਂ ਸਾਰੇ ਬਾਹਰੋਂ ਹੋ ਕੇ ਆਏ ਤਾਂ ਉਹ ਕੌੜੇ ਤੇਲ ਦੇ ਲੈਂਪ ਦੁਆਲੇ ਬਹਿ ਗਏ ਤਾਂ ਪੱਪੂ ਦਾ ਮਾਮਾ ਅੰਦਰ ਆਇਆ। ਮਾਂ-ਪਿਉ ਦੇ ਹਾਲਚਾਲ ਪੁੱਛਣ-ਜਾਨਣ ਤੋਂ ਛੇਤੀ ਮਗਰੋਂ ਭਰਾ ਤੋਂ ਪੱਪੂ ਦੀ ਮਾਂ ਨੇ ਮਹਿਮਾਨਾਂ ਦੇ ਬਾਰੇ 'ਚ ਪੁੱਛਿਆ-ਕਿੱਥੋਂ ਆਏ ਨੇ ਏਨੇ ਸਾਰੇ ਲੋਕ? ਕਿੱਥੇ ਜਾਣਾ ਏ? ਕਿਸ ਕੰਮ ਲਈ ਨਿਕਲੇ ਨੇ? ਤੈਨੂੰ ਤਾਂ ਬਿਨਾਂ ਬੁਲਾਏ ਮੇਰੇ ਕੋਲ ਆਣ ਦੀ ਵਿਹਲ ਹੀ ਨਹੀਂ ਮਿਲੀ।

ਪੱਪੂ ਦੇ ਮਾਮੇ ਨੇ ਦੱਸਣਾ ਸ਼ੁਰੂ ਕੀਤਾ-ਉਹ ਜਿਹੜੇ ਸਾਂਵਲੇ ਰੰਗ ਦੇ ਮੁੱਛਾਂ ਵਾਲੇ ਅਧਖੜ ਉਮਰ ਦੇ ਸੱਜਣ ਨੇ, ਝੁੰਨੂ ਦੇ ਸਾਲਾ ਸਾਹਬ ਦੇ ਦੂਰ ਦੇ ਰਿਸ਼ਤੇ 'ਚੋਂ ਨੇ। ਰੇਲਵੇ 'ਚ ਮਾਲ ਬਾਬੂ ਨੇ। ਪੈਸੇ ਤੇ ਰਸੂਖ਼ ਵਾਲੇ ਆਦਮੀ ਨੇ। ਪਿੰਡ ਤੇ ਸ਼ਹਿਰ 'ਚ ਦੋਵਾਂ ਥਾਵਾਂ 'ਤੇ ਕੋਠੀਆਂ ਨੇ। ਉਹ ਲੰਮੇ ਕੱਦ ਦੇ ਚੇਚਕ ਦੇ ਦਾਗ਼ ਵਾਲੇ, ਜੋ ਮੇਰੀ ਉਮਰ ਦੇ ਨੇ, ਉਹ ਝੁੰਨੂ ਬਾਬੂ ਦੇ ਸਾਲੇ ਨੇ। ਉਹੀ ਝੁੰਨੂ ਬਾਬੂ ਜਿਹਨਾਂ ਦੇ ਘਰ ਜੀਜਾ ਜੀ ਪਿਛਲੇ ਦਿਨੀਂ ਭਾਣਜੀ ਲਈ ਵਰ ਦੇਖਣ ਗਏ ਸੀ। ਤੀਸਰਾ ਆਦਮੀ ਮਾਲ ਬਾਬੂ ਦਾ ਘਰੇਲੂ ਨੌਕਰ ਏ। ਨਾਲ ਲੈ ਕੇ ਚੱਲਦੇ ਨੇ। ਸੌਣ ਵੇਲੇ ਹੱਥ-ਪੈਰ ਘੁੱਟਦਾ ਏ, ਉਂਗਲੀਆਂ ਚਟਕਾਂਦਾ ਏ। ਨਹਾਉਣ ਤੋਂ ਪਹਿਲਾਂ ਸਰੀਰ 'ਤੇ ਤੇਲ ਦੀ ਮਾਲਸ਼ ਕਰਦਾ ਏ। ਨਹਾਉਣ ਦੇ ਬਾਅਦ ਗਿੱਲੀ ਧੋਤੀ ਸੁਕਾਂਦਾ ਏ। ਪਾਣੀ ਵੀ ਪੀਣਾ ਹੁੰਦਾ ਏ ਤਾਂ ਮਾਲ ਬਾਬੂ ਨੂੰ ਤਾਂ ਉਹੀ ਪਾ ਕੇ ਦੇਂਦਾ ਏ। ਕਾਫ਼ੀ ਠਾਠ-ਬਾਠ ਨਾਲ ਰਹਿੰਦੇ ਨੇ ਮਾਲ ਬਾਬੂ। ਪੈਸੇ ਵਾਲੀ ਪਾਰਟੀ ਏ।

ਫਿਰ ਅੱਗੇ ਦੱਸਣ ਲੱਗਾ, ਆਪਣੀ ਇਕਲੌਤੀ ਧੀ ਲਈ ਲੜਕਾ ਦੇਖਣ ਆਏ ਨੇ। ਹਮੇਸ਼ਾ ਬਾਹਰ ਹੀ ਬਾਹਰ ਰਹੇ ਇਸ ਲਈ ਇਲਾਕੇ 'ਚ ਜ਼ਿਆਦਾ ਲੋਕਾਂ ਨੂੰ ਜਾਣਦੇ ਨਹੀਂ। ਜਾਣ-ਪਛਾਣ ਲਈ ਝੁੰਨੂ ਬਾਬੂ ਦੇ ਸਾਲੇ ਨੂੰ ਬੁਲਾਇਆ ਸੀ। ਝੁੰਨੂ ਬਾਬਾ ਦਾ ਸਾਲਾ ਮੇਰੇ ਨਾਲ ਪੜ੍ਹਿਆ ਏ। ਮੇਰੇ ਕੋਲ ਮੋਟਰ ਸਾਈਕਲ ਸੀ ਤਾਂ ਸੌਖ ਲਈ ਮੈਨੂੰ ਹੀ ਨਾਲ ਲੈ ਲਿਆ। ਗਏ ਤਾਂ ਅਸੀਂ ਦੋ-ਤਿੰਨ ਥਾਵਾਂ 'ਤੇ ਪਰ ਕੋਈ ਰਿਸ਼ਤਾ ਮਾਲ ਬਾਬੂ ਨੂੰ ਆਪਣੀ ਹੈਸੀਅਤ ਦੇ ਅਨੁਸਾਰ ਨਹੀਂ ਲੱਗਿਆ। ਵਾਪਸੀ 'ਤੇ ਮੈਂ ਕਿਹਾ ਕਿ ਮੇਰੇ ਜੀਜਾ ਜੀ ਦਾ ਘਰ ਰਸਤੇ 'ਚ ਪੈਂਦਾ ਏ ਜ਼ਰਾ ਹਾਲਚਾਲ ਪੁੱਛਦੇ ਚੱਲੀਏ। ਜੀਜਾ ਜੀ ਦੇ ਬਾਰੇ 'ਚ ਦੱਸਿਆ ਤਾਂ ਬੋਲੇ-ਹਾਂ ਹਾਂ ਭਲਵਾਨ ਦਾ ਨਾਂ ਤਾਂ ਸੁਣਿਆ ਹੋਇਆ ਏ। ਭਲਵਾਨੀ 'ਚ ਦੂਰ-ਦੂਰ ਤੱਕ ਨਾਂ ਕੀਤਾ। ਮੈਂ ਦੱਸਿਆ ਕਿ ਪੁੱਤਰ ਵੀ ਕਾਬਲ ਨਿਕਲਿਆ ਏ। ਇੰਜੀਨੀਅਰਿੰਗ ਦਾ ਇਮਤਿਹਾਨ ਪਾਸ ਕਰ ਲਿਆ ਏ। ਲਖਨਊ 'ਚ ਪੜ੍ਹਦਾ ਏ ਤਾਂ ਹੋਰ ਵੀ ਖ਼ੁਸ਼ ਹੋਏ। ਬੋਲੇ-ਚੱਲੋ ਮੈਂ ਵੀ ਦਰਸ਼ਨ ਕਰਦਾ ਚਲਾਂ। ਫਿਰ ਕਿੱਥੇ ਵਾਰ-ਵਾਰ ਆਉਣਾ ਹੋਵੇਗਾ।

ਸੁਣ ਕੇ ਖ਼ੁਸ਼ ਹੋਈ ਪੱਪੂ ਦੀ ਮਾਂ-ਪਰ ਝੁੰਨੂ ਬਾਬੂ ਦੇ ਸਾਲੇ ਨੇ, ਤੇਰੇ ਨਾਲ ਪੜ੍ਹੇ ਨੇ? ਇਹਨਾਂ ਦੇ ਹੁੰਦਿਆਂ ਤਾਂ ਉਸ ਦਿਨ ਝੁੰਨੂ ਬਾਬੂ ਦੇ ਘਰ ਗੱਲ ਨਹੀਂ ਬਣ ਸਕੀ। ਇਹਨਾਂ ਦੀ ਤਾਂ ਲੰਮੀ ਚੌੜੀ ਬੋਲਬਾਣੀ ਨਾਲ ਮਾਮਲਾ ਹੀ ਉਲਝ ਗਿਆ ਸੀ।

-ਚੰਗਾ! ਮੈਨੂੰ ਤਾਂ ਜੀਜਾ ਜੀ ਨੇ ਦੱਸਿਆ ਹੀ ਨਹੀਂ। ਨਾ ਜਾਣ ਤੋਂ ਪਹਿਲਾਂ, ਨਾ ਆਣ ਮਗਰੋਂ।

ਉਦੋਂ ਮਾਲ ਬਾਬੂ ਦਾ ਨੌਕਰ ਅੰਦਰ ਆਇਆ ਤੇ ਇਕ ਵਾਰੀ ਫਿਰ ਪੱਪੂ ਦੀ ਮਾਂ ਦੇ ਪੈਰ ਛੂਹ ਕੇ ਹੱਥ ਜੋੜਦਾ ਬੋਲਿਆ-ਮੇਰੇ ਲਈ ਵੀ ਕੋਈ ਕੰਮ ਦੱਸੋ ਮਾਲਕਿਨ। ਤੇ ਧੀ ਨੂੰ ਲੱਸਣ ਛਿੱਲਦਿਆਂ ਦੇਖ ਕੇ, ਲੱਸਣ ਦੀ ਟੋਕਰੀ ਆਪਣੇ ਵੱਲ ਖਿੱਚ ਕੇ ਬਹਿ ਗਿਆ-ਲਿਆਓ ਇਹ ਕੰਮ ਤਾਂ ਮੈਂ ਹੀ ਕਰ ਦੇਨਾਂ।

-ਅਰੇ ਤੁਸੀਂ ਰਹਿਣ ਦਿਓ ਭਾਈ। ਅਸੀਂ ਸਭ ਕਰ ਲਵਾਂਗੂੰ। ਪੱਪੂ ਦੀ ਮਾਂ ਖ਼ੁਸ਼ ਹੋ ਕੇ ਬੋਲੀ।

ਪੱਪੂ ਦਾ ਮਾਮਾ ਬਾਹਰ ਨਿਕਲ ਗਿਆ। ਧੀ ਚੁੱਲੇ ਦੀ ਘੱਟ ਹੋ ਰਹੀ ਅੱਗ ਤੇਜ਼ ਕਰਨ ਚਲੀ ਗਈ। ਮੁੜੀ ਤਾਂ ਉਸ ਵੱਲ ਪ੍ਰਸ਼ੰਸਾ ਭਰੀਆਂ ਨਜ਼ਰਾਂ ਨਾਲ ਦੇਖਦੇ ਹੋਏ ਨੌਕਰ ਬੋਲਿਆ-ਰਸੋਈ ਦਾ ਸਾਰਾ ਕੰਮ ਪੂਰਾ ਕਰ ਰਹੀ ਏ ਬੇਟੀ। ਵਾਹ,ਵਾਹ! ਜਿੰਦਾਂ ਰੂਪ ਏ ਉਸੇ ਤਰ੍ਹਾਂ ਹੀ ਸੁਗੜ ਸਿਆਣੀ ਵੀ। ਸੋਚਦੀ ਹੋਵੇਗੀ ਜਿੰਨੇ ਦਿਨ ਰਹੇ ਮਾਂ ਨੂੰ ਤੀਲਾ ਵੀ ਨਾ ਛੂਹਣਾ ਪਵੇ। ਅਜਿਹੀ ਕੁਲਵੰਤੀ ਬੇਟੀਆਂ ਜ਼ਿਆਦਾ ਦਿਨ ਘੱਟ ਹੀ ਰਹਿਣ ਵਾਲੀਆਂ ਨੇ ਪੇਕਿਆਂ 'ਚ। ਕਿਸੇ ਪਾਰਖੀ ਦੀ ਨਜ਼ਰ 'ਚ ਪੈਣ ਦੀ ਦੇਰ ਏ, ਲੈ ਜਾਏਗਾ ਕੋਈ ਰਤਨ ਦਾ ਪਾਰਖੂ ਵਿਆਹ ਕੇ।

ਮਾਵਾਂ-ਧੀਆਂ ਦੋਵੇਂ ਖ਼ੁਸ਼ ਹੋ ਗਈਆਂ। ਮਾਂ ਸੋਚਣ ਲੱਗੀ ਕਿਧਰੇ ਝੁੰਨੂ ਬਾਬੂ ਨੇ ਹੀ ਤਾਂ ਨਹੀਂ ਭੇਜਿਆ ਏ ਇਹਨਾਂ ਲੋਕਾਂ ਨੂੰ ਕਿ ਜਾ ਕੇ ਚੁੱਪ-ਚਾਪ ਲੜਕੀ ਦਾ ਰੂਪ-ਰੰਗ, ਗੁਣ-ਵਿਵਹਾਰ ਦੇਖ ਆ। ਹੋ ਸਕਦਾ ਏ ਉਸ ਦਿਨ ਬੇਹੁਰਮਤੀ ਨਾਲ ਬੋਲ ਕੇ ਬਾਅਦ 'ਚ ਪਛਤਾਂਦੇ ਹੋਣ।

-ਲੱਸਣ ਚਟਨੀ 'ਚ ਕੀ ਪਾਓਗੀ ਬੇਟੀ? ਅਜੇ ਹੋਰ ਵੀ ਛਿੱਲਣਾ ਪਵੇਗਾ? ਕਿਸ ਚੀਜ਼ ਦੀ ਚਟਨੀ ਬਣਾ ਰਹੀ ਓ? ਸਾਡੇ ਮਾਲਕ ਦੀ ਬੇਟੀ ਵੀ ਇਸ ਤਰ੍ਹਾਂ ਦੀ ਚਟਨੀ ਸਵਾਦੀ ਬਣਾਉਂਦੀ ਏ ਕਿ ਹੱਥ ਚੱਟਦੇ ਰਹਿ ਜਾਂਦੇ ਨੇ। ਪਿਉ ਨੂੰ ਅਜਿਹਾ ਚਟਨੀ ਦਾ ਚਸਕਾ ਪਾ ਦਿੱਤਾ ਏ ਕਿ ਮਾਲਕ ਨੂੰ ਚਟਨੀ ਨਾ ਮਿਲੇ ਤਾਂ ਸਮਝੋ ਕੁਝ ਮਿਲਿਆ ਹੀ ਨਹੀਂ। ਜਿੰਨਾ ਰੂਪ ਓਨਾ ਹੀ ਗੁਣ। ਚਾਹੇ ਰੋਟੀ ਪਾਣੀ ਕਰਾ ਲਓ, ਚਾਹੇ ਸਿਲਾਈ-ਕਢਾਈ। ਆਪਣੀ ਮਾਂ ਦੀ ਤਾਂ ਅਜਿਹੀ ਆਦਤ ਖ਼ਰਾਬ ਕਰ ਦਿੱਤੀ ਏ ਕਿ ਬਿਨਾਂ ਸਿਰ 'ਚ ਚੰਪੀ-ਮਾਲਿਸ਼ ਕਰਵਾਏ ਉਹਨਾਂ ਨੂੰ ਨੀਂਦ ਹੀ ਨਹੀਂ ਆਉਂਦੀ।

-ਇਹਨਾਂ ਦੀ ਬੇਟੀ ਏ? ਪੱਪੂ ਦੀ ਮਾਂ ਨੇ ਉਸਦਾ ਬੋਲਣਾ ਰੋਕਣ ਲਈ ਪੁੱਛਿਆ।

-ਹਾਂ ਮਾਲਕਿਨ। ਦੇਖੋ ਤਾਂ ਦੇਖਦੇ ਹੀ ਰਹਿ ਜਾਓ। ਹੱਸਦੀ ਏ ਤਾਂ ਲੱਗਦਾ ਏ ਫੁੱਲ ਝੜਦੇ ਨੇ। ਚਿੱਟੇ ਦੰਦਾਂ ਦੀ ਬਤੀਸੀ ਖਿੜ ਜਾਂਦੀ ਏ। ਜਿਸ ਘਰ ਜਾਵੇਗੀ ਉਜਾਲਾ ਕਰ ਦੇਵੇਗੀ। ਘੁਮੰਡ ਤਾਂ ਛੂਹ ਤੱਕ ਨਹੀਂ ਗਿਆ। ਜਿੰਦਾਂ ਆਪਣੀ ਇਹ ਬੇਟੀ ਏ। ਦੇਖਕੇ ਅੱਖ ਜੁੜਦੀ ਏ।

ਇੰਨੀ ਵਡਿਆਈ! ਆਪਣੇ ਮਾਲਕ ਦੀ ਬੇਟੀ ਦੇ ਨਾਲ-ਨਾਲ ਉਹਦੀ ਬੇਟੀ ਦੀ ਵੀ। ਉਹਦੇ ਬੋਲਣ ਲਈ ਕੁਝ ਛੱਡ ਹੀ ਨਹੀਂ ਰਿਹਾ ਏ।

ਸਬਜ਼ੀ ਲਈ ਮਸਾਲਾ ਸਿਲ 'ਤੇ ਰੱਖਿਆ ਬੇਟੀ ਨੇ ਤਾਂ ਉਹ ਉੱਠ ਕੇ ਸਿਲ ਦੇ ਸਾਹਮਣੇ ਬੈਠ ਗਿਆ-ਲਿਆਓ, ਮੈਂ ਪੀਹ ਦੇਂਦਾ ਹਾਂ।

-ਅਰੇ ਨਹੀਂ ਭਾਈ ਤੁਸੀਂ ਬਾਹਰ ਜਾਓ। ਬੰਦਿਆਂ 'ਚ ਬੈਠੋ। ਇੱਥੇ ਅਸੀਂ ਮਾਵਾਂ-ਧੀਆਂ ਆਰਾਮ ਨਾਲ ਸਭ ਕੁਝ ਕਰ ਲਵਾਂਗੂੰਈਆਂ।

-ਬੈਠਕੇ ਖਾਣ ਲਈ ਥੋੜ੍ਹੇ ਆਇਆ ਹਾਂ ਮਾਲਕਿਨ! ਸਿਲ 'ਤੇ ਪੱਥਰ ਰਗੜਦੇ ਹੋਏ ਹੱਸਣ ਲੱਗਾ-ਵੱਡੇ ਵਾਲੇ ਭਾਈ ਕਿੱਥੇ ਨੇਂ? ਦਿੱਸੇ ਨਹੀਂ ਕਿਧਰੇ? ਕਿੱਥੇ ਨੇ?

-ਸਕੂਲ 'ਚ ਨੇ, ਬਾਹਰ। ਛੁੱਟੀਆਂ 'ਚ ਆਉਂਦੇ ਨੇ।



-ਮਾਸਟਰ ਸਾਹਬ ਬਹੁਤ ਤਾਰੀਫ਼ ਕਰ ਰਹੇ ਸਨ ਸਾਡੇ ਮਾਲਕ ਨਾਲ। ਰਸਤੇ 'ਚ ਭਾਈ ਦੀਆਂ ਗੱਲਾਂ ਹੀ ਕਰਦੇ ਰਹੇ। ਜਿੰਨੇ ਸਰੀਰ ਦੇ ਲੰਮੇ-ਚੌੜੇ ਓਨੇ ਹੀ ਬੁੱਧੀ ਦੇ ਵੀ ਤੇਜ਼। ਇੰਜੀਨੀਅਰੀ ਵਾਲੀ ਪੜ੍ਹਾਈ ਪੜ੍ਹ ਰਹੇ ਨੇ ਕਿ ਡਾਕਟਰੀ ਵਾਲੀ?

-ਇੰਜੀਨੀਅਰਿੰਗ ਵਾਲੀ। ਮਾਂ ਨੇ ਮਾਣ ਨਾਲ ਦੱਸਿਆ ਤੇ ਪੀੜ੍ਹੀ ਅੱਗੇ ਖਿਸਕਾ ਕੇ ਦਾਲ 'ਚ ਕੜਛੀ ਫੇਰਨ ਲੱਗੀ।

-ਬਹੁਤ ਕੰਮ ਦੀ ਪੜ੍ਹਾਈ ਏ ਇਹ ਤਾਂ! ਇਕਦਮ ਨਗਦ ਨਰਾਇਣ ਵਾਲੀ ਪੜ੍ਹਾਈ। ਕਿਸਮਤ ਤੇਜ਼ ਏ ਭਾਈ, ਸਮਝ ਲਓ। ਸਾਡੇ ਪਿੰਡ 'ਚ ਇਕ ਇੰਜੀਨੀਅਰ ਹੋਏ ਨੇ। ਇਕ ਵਿਘੇ 'ਚ ਤਾਂ ਪੱਕਾ ਮਕਾਨ ਹੀ ਬਣਾ ਲਿਆ ਏ। ਪਿੰਡ 'ਚ ਟਿਊਬਵੈੱਲ, ਟ੍ਰੈਕਟਰ ਵੱਖਰਾ। ਸੈਂਕੜੇ ਕੀਲਿਆਂ ਦੇ ਖੇਤ ਹੀ ਖਰੀਦ ਲਏ ਨੇ। ਸ਼ਹਿਰ 'ਚ ਵੀ ਬਹੁਤ ਵੱਡੀ ਕੋਠੀ, ਮੋਟਰ ਗੱਡੀ। ਕਿੰਨਾ ਪੈਸਾ ਕਮਾਉਂਦੇ ਨੇ, ਕੋਈ ਥਾਹ ਹੀ ਨਹੀਂ।

-ਉਹ ਤਾਂ ਉਦੋਂ ਹੋਵੇਗਾ ਜਦੋਂ ਹੋਵੇਗਾ ਭਾਈ, ਪਰ ਅਜੇ ਜਿੰਨੀ ਨਗਦ ਨਰਾਇਣ ਫ਼ੀਸ ਦੇਣੀ ਪੈ ਰਹੀ ਏ ਉਸੇ ਨਾਲ ਤਿੱਲਾ-ਤੌਂਬਾ ਮਚਿਆ ਹੋਇਆ ਏ। ਕਹਿਣ ਨੂੰ ਤਾਂ ਇਕ ਝਟਕੇ 'ਚ ਹੀ ਕਹਿ ਗਈ, ਤੁਰੰਤ ਹੀ ਉਹਨੂੰ ਲੱਗਿਆ ਕਿ ਓਪਰੇ ਆਦਮੀ ਦੇ ਸਾਹਮਣੇ ਇਹ ਗੱਲ ਮੂੰਹੋਂ ਬਾਹਰ ਨਹੀਂ ਸੀ ਨਿਕਲਣੀ ਚਾਹੀਦੀ। ਉਹਨੇ ਤੁਰੰਤ ਗੱਲ ਬਦਲਦੇ ਹੋਏ ਪੁੱਛ ਲਿਆ-ਕਿਸ ਚੀਜ਼ ਦੀ ਚਟਨੀ ਪਸੰਦ ਏ ਤੁਹਾਡੇ ਮਾਲਿਕ ਨੂੰ?

-ਕਿਸੇ ਵੀ ਚੀਜ਼ ਦੀ। ਟਮਾਟਰ, ਆਂਵਲਾ, ਕਰੌਂਦਾ ਸਭ ਕੁਝ ਤਾਂ ਰੱਖਿਆ ਪਿਆ ਏ ਤੁਹਾਡੇ ਭੰਡਾਰੇ 'ਚ।

ਦਰਅਸਲ ਚਟਨੀ ਬਾਰੇ ਤਾਂ ਉਹਨੇ ਸੋਚਿਆ ਹੀ ਨਹੀਂ ਸੀ। ਚੰਗਾ ਹੋਇਆ ਇਸਨੇ ਦੱਸ ਦਿੱਤਾ। ਉਸਦਾ ਮਨ ਹੋਇਆ ਪੁੱਛੇ ਕਿ ਖਾਣੇ 'ਚ ਕੀ ਕੀ ਪਸੰਦ ਹੈ ਉਸਦੇ ਮਾਲਕ ਨੂੰ। ਪਰ ਇਹ ਸੋਚ ਕੇ ਪਿਛਾਂਹ ਹਟ ਗਈ ਕਿ ਕੀ ਪਤਾ ਕਿਸੇ ਅਜਿਹੀ ਚੀਜ਼ ਦਾ ਨਾਂ ਲੈ ਦੇਵੇ ਜਿਸਦਾ ਪ੍ਰਬੰਧ ਹੀ ਨਾ ਹੋ ਸਕੇ।

ਪੱਕਦੇ ਚੌਲਾਂ ਦੀ ਮਹਿਕ ਦਾ ਲੰਬਾ ਸਾਹ ਲੈ ਕੇ ਅੰਦਰ ਖਿੱਚਦਿਆਂ ਨੌਕਰ ਫਿਰ ਬੋਲਿਆ-ਬਹੁਤ ਖ਼ੁਸ਼ਬੂ ਵਾਲੇ ਚੌਲ ਪਕਾਏ ਨੇ ਤੁਸੀਂ। ਕੀ ਨਾਂ ਏ ਇਸ ਕਿਸਮ ਦੇ ਚੌਲਾਂ ਦਾ? ਆਪਣੀ ਪੈਲੀ ਦੀ ਫ਼ਸਲ ਏ ਇਹ? ਗਜ਼ਬ! ਪ੍ਰੀਤੀ-ਭੋਜ? ਸੱਚਮੁੱਚ ਪ੍ਰੀਤੀ-ਭੋਜ ਹੀ ਏ। ਅਰਹਰ ਦੀ ਤੜਕਾ ਲੱਗੀ ਦਾਲ, ਤੇ ਇਸਦਾ ਕੀ ਸਵਾਦ? ਹੁਕਮ ਹੋਵੇ ਤਾਂ ਕੁਝ ਕਹਾਂ ਮਾਲਕਿਨ ਜੀ? ਇਸਦੇ ਨਾਲ ਜੇਕਰ ਆਲੂ-ਬੈਂਗਨ ਦਾ ਭੜਥਾ ਵੀ ਬਣ ਜਾਏ। ਆਲੂ ਏ ਹੀ। ਬੈਂਗਨ ਪੈਲੀ 'ਚ ਦੇਖ ਆਇਆਂ ਹਾਂ। ਆਲੂ-ਗੋਭੀ ਦੀ ਸਬਜ਼ੀ ਤਾਂ ਏ ਹੀ, ਪਰ ਚੰਗਾ ਇੰਨਾ ਚੰਗਾ ਚੋਖਾ ਬਣਾਵਾਂਗੂੰਾ ਅਦਰਕ, ਲੱਸਨ, ਪਿਆਜ, ਖਟਿਆਈ ਵਾਲਾ ਮਸਾਲਾ ਤੇ ਸਰ੍ਹੋਂ ਦੇ ਤੇਲ 'ਚ ਪਾ ਕੇ ਕਿ ਸਾਨੂੰ ਉਮਰ ਭਰ ਯਾਦ ਕਰੋਗੇ।

ਹੱਸਣ ਲੱਗੀ ਮਾਲਕਿਨ-ਬਣਾਓ ਮਸਾਲਾ ਭਾਈ। ਅਸੀਂ ਕਿਉਂ ਮਨਾਂ ਕਰਾਂਗੇ! ਸਭ ਕੁਝ ਤਾਂ ਏ ਘਰ 'ਚ।

-ਮੈਂ ਬੈਂਗਨ ਲੈ ਕੇ ਆਉਣਾਂ। ਕਹਿ ਕੇ ਉਹ ਬਾਹਰ ਨਿਕਲ ਗਿਆ।

ਉਸਦੇ ਜਾਣ ਦੇ ਬਾਅਦ ਬੜੀ ਦੇਰ ਤੱਕ ਮਾਂ-ਧੀ ਚੁੱਲੇ ਕੋਲ ਬੈਠ ਕੇ ਹੱਸਦੀਆਂ ਰਹੀਆਂ। ਅਚਾਨਕ ਪੱਪੂ ਦੀ ਮਾਂ ਚੁੱਪ ਹੋ ਗਈ। ਦੋ-ਤਿੰਨ ਵਾਰ ਲੰਬੇ-ਲੰਬੇ ਸਾਹ ਖਿੱਚੇ। ਧੀ ਨੇ ਪੁੱਛਿਆ-ਕੀ ਹੋਇਆ ਮਾਂ?

–ਗਜ਼ਬ ਦਾ ਤੇਜ਼ ਆਦਮੀ ਏ ਮੋਇਆ। ਗਜ਼ਬ ਦਾ ਨੱਕ ਏ ਇਸਦਾ। ਖ਼ੁਫ਼ੀਆਗੀਰੀ ਕਰਨ ਵੜਿਆ ਏ ਅੰਦਰ ? ਚੰਗੀ ਤਰ੍ਹਾਂ ਬੈਠ। ਤੇਰੇ ਪੈਰ ਗਿਟਿਆਂ ਤੱਕ ਨਿਕਲੇ ਹੋਏ ਸਨ। ਦੰਦ ਕੱਢ ਕੇ ਨਾ ਹੱਸਣਾ। ਕਿਸੇ ਤਰ੍ਹਾਂ ਦੰਦਾਂ ਦੀ ਤਾਰੀਫ਼ ਕਰ ਰਿਹਾ ਸੀ। ਦੰਦਾਂ ਦੀ ਗੱਲ ਉਸਦੇ ਦਿਮਾਗ਼ 'ਚ ਆਈ ਕਿੱਦਾਂ ? ਕੀੜੇ ਨਾਲ ਕਾਲੇ ਹੋਏ ਦੰਦਾਂ 'ਤੇ ਕਿਧਰੇ ਨਜ਼ਰ ਤਾਂ ਨਹੀਂ ਪੈ ਗਈ ?

ਧੀ ਨੇ ਹੱਥ–ਪੈਰ ਜੋੜ ਲਏ। ਮੂੰਹ ਬੰਦ ਕਰ ਲਿਆ।

ਹਨੇਰੇ 'ਚ ਭਾਲ ਕੇ ਪੈਲੀ 'ਚੋਂ ਬੈਂਗਨ ਤੋੜਣ ਬਾਅਦ ਵਾਪਸ ਆਏ ਲਘੁਸ਼ੰਕਾ ਲਈ ਬਾਹਰ ਨਿਕਲੇ ਮਾਲਕ ਨਾਲ ਰਾਹ 'ਚ ਮੇਲ ਹੋਇਆ ਤਾਂ ਉਸਨੇ ਕਿਹਾ–ਇਹ ਹੀ ਮਤਲਬ ਦੀ ਗੱਲ ਨਿਕਲ ਸਕੀ ਏ ਮਾਲਕ। ਪੁੱਤਰ ਦੀ ਪੜ੍ਹਾਈ ਦੀ ਫ਼ੀਸ ਭਰਨਾ ਇਹਨਾਂ ਲੋਕਾਂ 'ਤੇ ਭਾਰੂ ਪੈ ਰਿਹਾ ਏ। ਬਾਕੀ ਤਾਂ ਸਭ ਵਧੀਆ ਏ।

ਖਾਣਾ ਖਾਣ ਦੇ ਬਾਅਦ ਸਾਰੇ ਲੋਕ ਰਜ਼ਾਈ 'ਚ ਪੈਰ ਰੱਖ ਕੇ ਹੁੱਕਾ ਗੁੜਗੁੜਾਉਣ ਲੱਗੇ ਤਾਂ ਪੱਪੂ ਦੇ ਮਾਮਾ ਨੇ ਗੱਲ ਛੇੜੀ–ਜੀਜਾ ਜੀ ! ਮੈਂ ਦੱਸ ਰਿਹਾ ਸੀ ਕਿ ਮਾਲ ਬਾਬੂ ਆਪਣੀ ਧੀ ਦਾ ਰਿਸ਼ਤਾ ਲੱਭਣ ਲਈ ਨਿਕਲੇ ਨੇ। ਦੋ–ਤਿੰਨ ਥਾਵਾਂ 'ਤੇ ਬਾਤਚੀਤ ਸ਼ੁਰੂ ਹੋਈ ਪਰ ਜਦੋਂ ਇੱਥੇ ਆਏ ਆਂ, ਸਭ ਨਾਲ ਮੇਲ ਮੁਲਾਕਾਤ ਹੋਈ ਏ ਤਾਂ ਉਦੋਂ ਤੋਂ ਤੁਹਾਡਾ ਪਰਿਵਾਰ ਇਹਨਾਂ ਦੀ ਨਜ਼ਰ 'ਚ ਆ ਗਿਆ ਏ। ਇਹ ਜੋਗੀ ਦੇ ਨਾਲ ਆਪਣੀ ਧੀ ਦੇ ਰਿਸ਼ਤੇ ਦਾ ਪ੍ਰਸਤਾਵ ਰੱਖ ਰਹੇ ਨੇ।

–ਜੋਗੀ ਲਈ ? ਭਲਵਾਨ ਚੌਂਕਿਆ।

–ਹਾਂ ! ਇਹਨਾਂ ਦੀ ਇਕ ਹੀ ਧੀ ਏ। ਰੂਪਵਾਨ, ਗੁਣਵਾਨ। ਮੈਂ ਤਾਂ ਖ਼ੁਦ ਆਪਣੀਆਂ ਅੱਖਾਂ ਨਾਲ ਦੇਖਿਆ ਹੋਇਆ ਏ। ਜੋਗੀ ਭਾਈ ਦੇ ਨਾਲ ਬਹੁਤ ਚੰਗੀ ਜੋੜੀ ਰਹੇਗੀ।

–ਉਹ ਤਾਂ ਠੀਕ ਏ ਮਾਸਟਰ ਸਾਹਬ, ਪਰ ਜੋਗੀ ਦੇ ਤਾਂ ਚਾਰ ਸਾਲ ਪਏ ਨੇ ਪਾਸ ਹੋਣ 'ਚ। ਫਿਰ ਕਿਧਰੇ ਰੋਟੀ–ਰੋਜ਼ੀ 'ਤੇ ਲੱਗੇ, ਫੇਰ ਹੀ ਨਾ ਸ਼ਾਦੀ ਦੀ ਗੱਲ ਸੋਚੀ ਜਾਏਗੀ।

–ਜੀਜਾ ਜੀ। ਜੋਗੀ ਕੋਈ ਲਾਲਾ, ਬਣਿਆ ਥੋੜ੍ਹੇ ਏ ਕਿ ਕਮਾਏਗਾ ਨਹੀਂ ਤਾਂ ਖਾਣ ਦਾ ਹੀਲਾ ਨਹੀਂ ਰਹੇਗਾ। ਪਰਮਾਤਮਾ ਨੇ ਬਹੁਤ ਕੁਝ ਦਿੱਤਾ ਇੰਨਾ ਸੀਰ–ਸਾਂਝ.....

–ਕੀ ਪਾਗ਼ਲਾਂ ਆਲੀ ਗੱਲ ਕਰ ਰਿਹੈਂ ਰਾਜਪਤ ! ਇੰਜੀਨੀਅਰਿੰਗ ਦੀ ਪੜ੍ਹਾਈ ਨੂੰ ਮਾਮੂਲੀ ਸਮਝਦੈਂ ! ਬੱਚੇ ਬਾਰਾਂ–ਬਾਰਾਂ ਘੰਟੇ ਅੱਖਾਂ ਪਾੜ–ਪਾੜ ਪੜ੍ਹਦੇ ਨੇ ਤਾਂ ਵੀ ਬੈਕ ਆ ਜਾਂਦੀ ਏ। ਮੰਨੋ ਕਿਸੇ ਪਰਚੇ 'ਚ ਲਟਕ ਵੀ ਜਾਂਦੇ ਨੇ। ਫਿਰ ਇਮਤਿਹਾਨ ਦੇਣਾ ਪੈਂਦਾ ਏ। ਆਪਣੀ ਪੜ੍ਹਾਈ ਕਰਨਗੇ ਕਿ ਜੋਰੂ ਦੀ ਦਿਲਜੋਈ ਕਰਨ ਲਈ ਭੱਜ–ਭੱਜ ਕੇ ਘਰ ਆਉਣਗੇ ? ਵਿਆਹ ਦੀ ਅਜੇ ਕਿਹੜੀ ਕਾਹਲੀ ਏ। ਜਦੋਂ ਵੇਲਾ ਆਏਗਾ ਤਾਂ ਵਿਆਹ ਵੀ ਹੋ ਜਾਏਗਾ।

–ਵਿਆਹ ਤਾਂ ਇਕ ਰਸਮ ਏ। ਲਾਲ ਬਾਬੂ ਨੇ ਗੱਲ ਦਾ ਸੂਤਰ ਆਪਣੇ ਹੱਥ ਲੈਂਦਿਆਂ ਕਿਹਾ–ਪੂਰੀ ਹੋ ਜਾਂਦੀ ਏ ਤਾਂ ਲੜਕੀ ਦੇ ਬਾਪ ਨੂੰ ਚੈਨ ਆ ਜਾਂਦਾ ਏ, ਨਹੀਂ ਤਾਂ ਸੁੱਤੇ–ਜਾਗਦੇ, ਉੱਠਦੇ–ਬੈਠਦੇ ਬੇਚੈਨੀ ਲੱਗੀ ਰਹਿੰਦੀ ਏ। ਬਾਕੀ, ਮੁਕਲਾਵਾ ਤਾਂ ਤਿੰਨ ਜਾਂ ਚਾਰ ਸਾਲਾਂ ਮਗਰੋਂ ਹੀ ਹੁੰਦਾ ਏ, ਜਿੱਦਾਂ ਦੀ ਲੋੜ ਹੋਵੇ। ਉਦੋਂ ਤੱਕ ਤਾਂ ਕਾਕਾ ਪੜ੍ਹਾਈ ਵੀ ਪੂਰੀ ਕਰ ਲਵੇਗਾ ਤੇ ਕਿਧਰੇ ਨੌਕਰੀ 'ਤੇ ਵੀ ਲੱਗ ਜਾਏਗਾ। ਸਾਡੇ ਰੇਲਵੇ ਦੇ ਮਹਿਕਮੇ 'ਚ ਆਸਾਮੀਆਂ ਨਿਕਲਦੀਆਂ ਹੀ ਰਹਿੰਦੀਆਂ ਨੇ। ਸਾਹਬ ਨੇ ਸੂਬੇ ਨਾਲ ਇੰਨੀ ਜਾਣ–ਪਛਾਣ ਬਣਾਈ ਹੋਈ ਏ, ਕਿਸ ਦਿਨ ਕੰਮ ਆਵੇਗੀ ? ਕਿਧਰੇ ਨਾ ਕਿਧਰੇ ਹੀਲਾ ਬਣਾ ਲਵਾਂਗੂੰ। ਅਜੇ ਇਕੱਲੇ ਹੀ ਤੁਸੀਂ ਉਸਦੇ ਮਾਂ–ਬਾਪ ਹੋ, ਫੇਰ ਅਸੀਂ ਵੀ ਹੋ ਜਾਵਾਂਗੂੰ। ਨੌਕਰੀ ਚਾਕਰੀ ਲੈਣ ਲਈ ਵੀ ਅੱਜ ਕੱਲ੍ਹ, ਵਸੀਲਾ, ਸਿਫ਼ਾਰਿਸ਼ ਤੇ ਲੈਣ–ਦੇਣ ਜ਼ਰੂਰੀ ਹੋ ਗਿਆ ਏ।



ਭਲਵਾਨ ਸਮਝ ਗਿਆ ਕਿ ਇਹ ਲੋਕ ਪਹਿਲਾਂ ਹੀ ਤਹਿ ਕਰ ਕੇ ਇਸੇ ਮਤਲਬ ਨਾਲ ਆਏ ਨੇ। ਪੱਪੂ ਦੇ ਮਾਮੇ ਨੂੰ ਦਬਾਉ ਬਣਾਉਣ ਲਈ ਹੀ ਨਾਲ ਲਿਆਏ ਹਨ। ਪੱਪੂ ਦੇ ਮਾਮੇ ਨੂੰ ਵੀ ਦੇਖੋ, ਰਿਸ਼ਤੇਦਾਰ ਸਾਡਾ ਤੇ ਵਕੀਲ ਉਹਨਾਂ ਦਾ ਬਣ ਕੇ ਆਇਆ ਹੈ। ਪਹਿਲਾਂ ਕਦੀ ਜ਼ਿਕਰ ਤੱਕ ਨਹੀਂ ਕੀਤਾ।

ਉਹਨੇ ਗੱਲ ਨੂੰ ਟਾਲਦੇ ਹੋਏ ਕਿਹਾ–ਸਾਡੇ ਘਰ ਖ਼ੁਦ ਸਿਆਣੀ ਧੀ ਬੈਠੀ ਏ। ਸਿਆਣੀ ਧੀ ਦੇ ਹੁੰਦਿਆਂ ਪਿਉ ਦੀ ਚਿੰਤਾ ਅਸੀਂ ਵੀ ਝੱਲ ਰਹੇ ਆਂ ! ਤੁਸੀਂ ਸਾਡੇ ਦਰਵਾਜ਼ੇ 'ਤੇ ਆਏ ਹੋ ਤਾਂ ਅਸੀਂ ਘਰ 'ਚ ਸਲਾਹ–ਮਸ਼ਵਰਾ ਕਰਾਂਗੇ, ਪਰ ਹਰ ਚੀਜ਼ ਦਾ ਇਕ ਸਮਾਂ ਹੁੰਦਾ ਏ। ਫਿਰ ਸਾਲੇ ਨੂੰ ਸੰਬੋਧਿਤ ਹੋਇਆ–ਮੇਰੇ ਨਾਲ ਗੱਲ ਕਰਨ ਤੋਂ ਪਹਿਲਾਂ ਤੈਨੂੰ ਆਪਣੀ ਭੈਣ ਨਾਲ ਗੱਲ ਕਰਨੀ ਚਾਹੀਦੀ ਏ ਰਾਜਪਤ।

–ਤੁਸੀਂ ਆਪਣੀ ਸਹਿਮਤੀ ਦਿਓ। ਭੈਣ ਨੂੰ ਮੈਂ ਆਪੇ ਮਨਾ ਲਵਾਂਗੂੰਾ।

–ਰਜ਼ਾਮੰਦੀ ਕੋਈ ਅੱਡ–ਅੱਡ ਥੋੜ੍ਹੇ ਹੋਵੇਗੀ। ਜੋ ਵੀ ਫ਼ੈਸਲਾ ਹੋਵੇਗਾ ਉਸ 'ਚ ਦੋਹਾਂ ਦੀ, ਬਲਕਿ ਤਿੰਨਾਂ ਦੀ ਸਹਿਮਤੀ ਹੋਵੇਗੀ। ਜਿਸਦੇ ਵਿਆਹ ਦੀ ਗੱਲ ਕਰ ਰਹੇ ਹਾਂ ਉਸਨੂੰ ਵੀ ਤਾਂ ਪੁੱਛੇਂਗਾ ਕਿ ਨਹੀਂ ?

ਹੁੱਕੇ ਦਾ ਤਮਾਕੂ ਪੂਰੀ ਤਰ੍ਹਾਂ ਸਵਾਹ ਹੋ ਗਿਆ ਸੀ। ਸਾਰੇ ਚੁੱਪ ਹੋ ਗਏ।

ਸਵੇਰੇ ਚਾਹ–ਪਾਣੀ ਤੋਂ ਲੈ ਕੇ ਖਾਣਾ ਤਿਆਰ ਹੋਣ ਤੱਕ ਪੱਪੂ ਦਾ ਮਾਮਾ ਆਪਣੀ ਭੈਣ ਨੂੰ ਸਮਝਾਉਂਦਾ ਰਿਹਾ। ਤਿਲਕ 'ਚ ਨਗਦ ਪੰਜਾਹ ਹਜ਼ਾਰ ਨਗਦੀ ਤੇ ਇਕ ਮੋਟਰ ਸਾਈਕਲ ਤਾਂ ਲਾਲ ਬਾਬੂ ਖ਼ੁਦ ਆਪਣੇ ਮੂੰਹੋਂ ਦੇਣ ਲਈ ਰਾਜ਼ੀ ਨੇ। ਜ਼ੋਰ ਪਾਵਾਂਗੂੰ ਤਾਂ ਇਕ ਲੱਖ ਤੱਕ ਦੇ ਸਕਦੇ ਨੇ। ਮੇਰੇ ਮਨ 'ਚ ਇਕ ਗੱਲ ਆ ਰਹੀ ਏ ਕਿ ਇੱਧਰੋਂ ਨਗਦੀ ਤੇ ਮੋਟਰ ਸਾਈਕਲ ਲਓ ਤੇ ਉੱਧਰ ਝੁੰਨੂ ਬਾਬੂ ਨੂੰ ਦੇ ਕੇ ਧੀ ਦਾ ਕਰ ਦਿਓ। ਮੁਕਲਾਵਾ ਦੋ–ਚਾਰ ਸਾਲ ਮਗਰੋਂ ਜਦੋਂ ਮਰਜ਼ੀ ਹੋਵੇ ਤੋਰ ਦਿਓ। ਪੈਸਾ ਤੇ ਪਹੁੰਚ ਦੋਵਾਂ 'ਚ ਅਸੀਂ ਲੋਕਾਂ ਨਾਲੋਂ ਬਹੁਤ ਜ਼ਿਆਦਾ ਵਧ–ਚੜ੍ਹ ਕੇ ਕਰ ਰਹੇ ਨੇ ਲਾਲ ਬਾਬੂ। ਅਜਿਹੇ ਸਮਰੱਥ ਰਿਸ਼ਤੇਦਾਰ ਹੁੰਦੇ ਨੇ ਤਾਂ ਵੇਲੇ ਸਿਰ ਲੋੜ ਪੈਣ 'ਤੇ ਕੰਮ ਵੀ ਆਉਂਦੇ ਨੇ। ਦੁਨੀਆਂ ਦੇ ਕਾਰ–ਵਿਹਾਰ 'ਚ ਇਹ ਸਾਰਾ ਕੁਝ ਦੇਖਿਆ ਜਾਂਦਾ ਏ। ਅਜਿਹਾ ਮੌਕਾ ਕਿਸਮਤ ਨਾਲ ਮਿਲਦਾ ਏ। ਜਵਾਈ ਬਣਾ ਲਿਆ ਤਾਂ ਨੌਕਰੀ ਦਾ ਜੁਗਾੜ ਵੀ ਉਹ ਖ਼ੁਦ ਹੀ ਕਰਾ ਦੇਣਗੇ। ਤੁਸੀਂ ਇਕੱਲਿਆਂ ਜੀਜੇ ਨੂੰ ਸਮਝਾਉਣਾ। ਝੁੰਨੂ ਬਾਬੂ ਦੇ ਸਾਲੇ ਨੂੰ 'ਚ ਪਾ ਕੇ ਮੈਂ ਨੌਕਰੀ ਲਵਾਉਣ ਵਾਲੀ ਸ਼ਰਤ ਵੀ ਹੁਣੇ ਹੀ ਪੱਕੀ ਕਰ ਲਵਾਂਗੂੰਾ।

ਅਜਿਹਾ ਪਾਸਾ ਸੁੱਟਿਆ ਕਿ ਉਹਦੇ ਭਰਾ ਨੇ ਕਿ ਮਾਲਕਿਨ ਸੋਚ 'ਚ ਪੈ ਗਈ। ਬਿਨਾਂ ਖੇਤੀ ਬਾੜੀ ਵੇਚਿਆਂ ਧੀ ਦੇ ਹੱਥ ਪੀਲੇ ਹੋ ਸਕਦੇ ਨੇ। ਇਕ ਲੱਖ ਮਿਲ ਗਏ ਤਾਂ ਉਸੇ 'ਚ ਵਿਆਹ ਦਾ ਬਾਕੀ ਖ਼ਰਚਾ ਵੀ ਨਿਬੜ ਜਾਏਗਾ। ਕੁਝ ਜੋਗੀ ਦੀ ਫ਼ੀਸ ਲਈ ਵੀ ਬਚ ਸਕਦਾ ਏ। ਉਹਨੇ ਆਪਣੇ ਭਾਪਾ ਨੂੰ ਕਿਹਾ–ਤੂੰ ਜਾ ਕੇ ਜੋਗੀ ਦੇ ਮਨ ਦੀ ਸੁਣਨ ਦੀ ਕੋਸ਼ਿਸ਼ ਕਰ। ਮੈਨੂੰ ਨਹੀਂ ਲੱਗਦਾ ਕਿ ਉਹ ਛੇਤੀ ਮੰਨ ਜਾਏਗਾ। ਤੂੰ ਉਹਨੂੰ ਤਿਆਰ ਕਰ ਲੈ ਤਾਂ ਸਾਨੂੰ ਕੀ ਇਤਰਾਜ਼ ਏ !

ਮਹਿਮਾਨਾਂ ਦੇ ਜਾਣ ਦੇ ਬਾਅਦ ਪੱਪੂ ਦੀ ਮਾਂ ਨੂੰ ਪਛਤਾਵਾ ਹੋਣ ਲੱਗਾ ਕਿ ਜਦੋਂ ਲਾਲ ਬਾਬੂ ਦੇ ਨੌਕਰ ਨੇ ਉਹਨਾਂ ਦੇ ਪੈਰਾਂ ਨੂੰ ਛੁਹਿਆ ਤਾਂ ਉਸਦੇ ਹੱਥ 'ਤੇ ਰੁਪਈਆ–ਦੋ ਰੁਪਈਏ ਰੱਖਣੇ ਚਾਹੀਦੇ ਸਨ। ਰੁਤਬਾ ਬਣਦਾ ਪਰ ਉਹ ਭੁੱਲ ਗਈ। 'ਚਾਰਾ ਕੀ ਸੋਚਦਾ ਹੋਵੇਗਾ ਜਾਂਦਾ ਹੋਇਆ।

ਮਹਿਮਾਨਾਂ ਦੇ ਜਾਣ ਮਗਰੋਂ ਪੱਪੂ ਦੀ ਮਾਂ ਤੇ ਭਲਵਾਨ ਨੇ ਇਕ ਦੂਸਰੇ ਨੂੰ ਦੇਖਿਆ। ਦੋਹਾਂ ਦੇ ਹੀ ਕੋਲ ਇਕ ਦੂਜੇ ਨੂੰ ਕਹਿਣ–ਸੁਣਨ ਲਈ ਬਹੁਤ ਕੁਝ ਸੀ ਪਰ ਪਹਿਲ ਕੌਣ ਕਰੇ। ਪੱਪੂ

ਸਕੂਲ ਚਲਾ ਗਿਆ ਸੀ ਤੇ ਧੀ ਖੇਲਾਵਨ ਦੇ ਘਰ ਰਜ਼ਾਈਆਂ ਵਾਪਸ ਕਰਨ ਗਈ ਹੋਈ ਸੀ। ਮਾਲਕਿਨ ਬਿਨਾਂ ਆਖੇ ਹੀ ਚਿਲਮ ਭਰ ਲਿਆਈ। ਭਲਵਾਨ ਹੁੱਕਾ ਖਿੱਚਦਾ ਹੋਇਆ ਮੂੜੇ 'ਤੇ ਬੈਠਾ ਤਾਂ ਮਾਲਕਿਨ ਵੀ ਇਕ ਪੀੜੀ ਖਿੱਚ ਕੇ ਸਾਹਮਣੇ ਬੈਠ ਗਈ। ਜ਼ਰੂਰੀ ਗੱਲਬਾਤ ਕਰਨ ਲਈ ਜਿੰਦਾਂ ਇਤਮੀਨਾਨ ਤੇ ਏਕਾਂਤ ਚਾਹੀਦਾ ਹੋਵੇ ਉਹ ਮੌਕਾ ਮਿਲਿਆ ਤਾਂ ਮਾਲਕਿਨ ਨੇ ਹੀ ਗੱਲ ਦੀ ਸ਼ੁਰੂਆਤ ਕੀਤੀ-ਇਹ ਲੋਕ ਹੋਰ ਕਿਧਰੇ ਨਹੀਂ ਗਏ ਸੀ। ਸਿੱਧੇ ਆਪਣੇ ਘਰ ਹੀ ਆਏ ਸਨ।

-ਇਹ ਦੋਵੇਂ ਕਿੱਥੇ 'ਕੱਠੇ ਹੋਏ ਹੋਣਗੇ? ਝੁੰਨੂ ਬਾਬੂ ਦੇ ਸਾਲਾ ਤੇ ਤੇਰਾ ਭਾਈ?

-ਅਜੇ ਤਾਂ ਜੋਗੀ ਵੀਹ ਦਾ ਵੀ ਪੂਰਾ ਨਹੀਂ ਹੋਇਆ ਏ।

-ਵੀਹ ਕੁਝ ਘੱਟ ਥੋੜ੍ਹਾ ਹੁੰਦਾ ਏ। ਮੰਗਣਾ ਹੋਇਆ ਤਾਂ ਤੂੰ ਵੀ ਵੀਹ ਦਾ ਨਹੀਂ ਸੀ।

-ਉਦੋਂ ਦੀ ਗੱਲ ਹੋਰ ਸੀ ਭਾਈ! ਫਿਰ ਵੀ ਦੇਖ ਤੇਰੇ ਆਉਂਦਿਆਂ ਹੀ ਮੇਰੀ ਪੜ੍ਹਾਈ ਛੁੱਟੀ ਸੀ ਕਿ ਨਹੀਂ?

-ਤਾਂ ਮੇਰੀ ਵਜ੍ਹਾ ਨਾਲ ਛੁਟੀ ?

-ਅਰੇ, ਇਸ ਗੱਲ 'ਚ ਨਾਰਾਜ਼ ਹੋਣ ਦੀ ਕੀ ਗੱਲ ਏ? ਸੋਚਣ ਦੀ ਗੱਲ ਇਹ ਏ ਕਿ ਤੂੰ ਹੀ ਤਾਂ ਰਾਤ ਵੇਲੇ ਹੱਥੋਂ ਕਿਤਾਬ ਖੋਹ ਕੇ ਦੀਵਾ ਬੁਝਾ ਦੇਂਦੀ ਸੈਂ?

-ਅੱਛਾ! ਮੇਰਾ ਮੂੰਹ ਨਾ ਖੁੱਲਵਾ। ਪੜ੍ਹਾਈ 'ਚ ਮਨ ਲੱਗਦਾ ਸੀ ਤੇਰਾ?

-ਤੇਰੀ ਵਜਾ ਨਾਲ ਹੀ ਤਾਂ ਨਹੀਂ ਲੱਗਦਾ ਸੀ।

-ਛੱਡ! ਕਹਿ ਰਹੇ ਸੀ ਰਾਜਪਤ ਕਿ ਜੋਗੀ ਨੂੰ ਵੀ ਉਹ ਰਾਜ਼ੀ ਕਰ ਲੈਣਗੇ। ਜੋ ਪੈਸਾ ਤੇ ਮੋਟਰ ਸਾਈਕਲ ਲਾਲ ਬਾਬੂ ਤੋਂ ਮਿਲੇਗਾ, ਓਹੀ ਝੁੰਨੂ ਬਾਬੂ ਨੂੰ ਦੇ ਕੇ ਧੀ ਵਿਆਹ ਸਕਦੇ ਆਂ। ਜ਼ਮੀਨ ਵਿਕਣ ਤੋਂ ਬਚ ਜਾਏਗੀ।

-ਪੈਸਾ ਤਾਂ ਉਦੋਂ ਹੀ ਮਿਲੇਗਾ ਜਦੋਂ ਪੁੱਤਰ ਵਿਆਏਂਗੀ ਫੇਰ ਵੀ ਮਿਲੇਗਾ। ਬਲਕਿ ਜ਼ਿਆਦਾ ਹੀ ਮਿਲੇਗਾ।

-ਉਦੋਂ ਤੱਕ ਬੇਟੀ ਨੂੰ ਤਾਂ ਘਰ 'ਚ ਬਿਠਾ ਕੇ ਨਹੀਂ ਰੱਖਿਆ ਜਾ ਸਕਦਾ। ਤੇ ਬਿਠਾ ਕੇ ਰੱਖਿਆ ਵੀ ਜਾਏ ਤਾਂ ਵੀ ਕੀ ਪਤਾ ਝੁੰਨੂ ਬਾਬੂ ਦੇ ਲੜਕੇ ਜਿਹਾ ਕਮਾਊ ਲੜਕਾ ਫਿਰ ਮਿਲੇ ਕਿ ਨਾ! ਚੰਗਾ ਇਕ ਗੱਲ ਦੱਸ। ਝੁੰਨੂ ਬਾਬੂ ਦਾ ਬੇਟਾ ਕਮਾਊ ਏ ਤਾਂ ਤੇ ਉਹ ਇਕ ਲੱਖ ਦੀ ਮੰਗ ਕਰ ਰਹੇ ਨੇ, ਆਪਣੇ 'ਜੋਗੀ' ਤਾਂ ਇੰਜੀਨੀਅਰ ਏ, ਤਾਂ ਲਾਲ ਬਾਬੂ ਸਿਰਫ਼ ਪੰਜਾਹ ਹਜ਼ਾਰ ਕਿਉਂ ਦੇਣਗੇ?

-ਤੇਰਾ ਬੇਟਾ ਇੰਜੀਨੀਅਰ ਨਹੀਂ, ਹੋਵੇਗਾ। ਤਿੰਨ-ਚਾਰ ਸਾਲ ਬਾਅਦ ਤੇ ਦੋ-ਢਾਈ ਲੱਖ ਫ਼ੀਸ ਖ਼ੁਰਾਕੀ ਦੇ ਭਰਨ ਬਾਅਦ। ਝੁੰਨੂ ਬਾਬੂ ਦਾ ਪੁੱਤਰ ਤਾਂ ਹਰ ਮਹੀਨੇ ਚਾਰ-ਪੰਜ ਹਜ਼ਾਰ ਤਨਖ਼ਾਹ ਲੈ ਰਿਹਾ ਏ। ਇੰਨੀ ਹੀ ਉਪਰ ਦੀ ਕਮਾਈ ਕਰ ਰਿਹਾ ਏ।

-ਉਪਰਲੀ ਕਮਾਈ ਕਿੰਦਾਂ?

-ਅਰੇ ਕਚਹਿਰੀ 'ਚ ਕਿਸੇ ਮੁਵਕਿੱਲ ਦੀ ਨਕਲ ਕੱਢਵਾ ਦਿੱਤੀ, ਅਰਜ਼ੀ ਲਿਖ ਦਿੱਤੀ। ਫ਼ਾਈਲ ਇੱਧਰ ਤੋਂ ਉੱਧਰ ਕਰਾ ਦਿੱਤੀ। ਅਸੀਂ ਕੀ ਓਨੀ ਅੰਦਰ ਦੀ ਗੱਲ ਜਾਣਦੇ ਆਂ! ਓਨਾ ਜਾਣਦੇ ਨੇ ਕਿ ਸਭ ਨੂੰ ਜੀਣ-ਖਾਣ ਦਾ ਰਾਹ ਬਣਿਆ ਰਹਿੰਦਾ ਏ ਸਰਕਾਰੀ ਦਫ਼ਤਰਾਂ 'ਚ।

-ਇਹ ਗੱਲ ਏ ਕਿ ਲਾਲ ਬਾਬੂ ਵਾਲਾ ਰਿਸ਼ਤਾ ਮੰਨ ਲੈਣ 'ਤੇ ਖੇਤ ਵੀ ਨਹੀਂ ਵੇਚਣਾ ਪੈਂਦਾ ਤੇ ਧੀ ਵੀ ਖਾਂਦੇ-ਪੀਂਦੇ ਘਰ 'ਚ ਪਹੁੰਚ ਜਾਂਦੀ। ਮੇਰਾ ਮਨ ਕਹਿੰਦਾ ਏ ਕਿ ਜੇਕਰ ਪੱਪੂ ਦੇ ਮਾਮੇ ਨੂੰ ਕਿਹਾ ਜਾਏ ਤਾਂ ਉਹ ਲਾਲ ਬਾਬੂ ਨੂੰ ਜੋਗੀ ਦੀ ਤਿੰਨ ਚਾਰ ਸਾਲ ਦੀ ਫ਼ੀਸ ਭਰਨ ਲਈ ਵੀ ਤਿਆਰ ਕਰ ਲਵੇਗਾ।



-ਯਾਨੀ ਤੂੰ ਪੁੱਤਰ ਦੀ ਉੱਚੀ ਤੋਂ ਉੱਚੀ ਕੀਮਤ ਲਗਵਾਉਣ ਦਾ ਮਨਸੂਬਾ ਬਣਾ ਰਹੀ ਏਂ? ਭਲਵਾਨ ਵਿਅੰਗ ਨਾਲ ਮੁਸਕਰਾਇਆ।

ਪੱਪੂ ਦੀ ਮਾਂ ਚਿੜ ਗਈ-ਆਖ਼ਿਰ ਕੋਈ ਰਾਹ ਤਾਂ ਕੱਢਣਾ ਹੀ ਪਏਗਾ ਕਿ ਹਰਿਸ਼ਚੰਦ੍ਰ ਬਣਨ ਨਾਲ ਕੰਮ ਚਲੇਗਾ।

-ਤੇਰੇ ਸੁਝਾਏ ਰਾਹ ਨਾਲ ਸਾਨੂੰ ਸਾਰਿਆਂ ਨੂੰ ਰਾਹਤ ਮਿਲੇਗੀ ਪਰ ਪਹਿਲਾਂ ਸਾਡਾ ਪੁੱਤਰ ਤਾਂ ਮੰਨੇ।

-ਪੁੱਤਰ ਕਿਉਂ ਨਹੀਂ ਮੰਨੇਗਾ? ਉਹ ਨਹੀਂ ਦੇਖ ਰਿਹਾ ਕਿ ਕਿੰਦਾਂ ਅਸੀਂ ਲੋਕ ਢਿੱਡ ਵੱਢ ਕੇ, ਸਾਰੇ ਸ਼ੌਕ-ਸ਼ਿੰਗਾਰ ਤਿਆਗ ਕੇ ਉਸਦਾ ਖ਼ਰਚਾ ਪੂਰਾ ਕਰ ਰਹੇ ਆਂ!

-ਕੀ ਗੱਲ ਏ ਭਰਜਾਈ ਜੀ, ਭਾਈ ਨੂੰ ਇਕੱਲੀ ਦੇਖ ਕੇ ਦਿਨ ਦਿਹਾੜੇ ਭਜਾ ਰਹੀ ਏਂ? ਖੇਲਾਵਨ ਦੀ ਆਵਾਜ਼ ਆਈ। ਉਹ ਕਦੋਂ ਆ ਕੇ ਸਾਹਮਣੇ ਖਲੋ ਗਿਆ, ਪਤਾ ਹੀ ਨਹੀਂ ਲੱਗਾ।

-ਆ ਆ ਖੇਲਾਵਨ ਭਾਈ। ਅਸੀਂ ਲੋਕ ਫਿਰ ਇਕ ਸਸ਼ੋਪੰਜ 'ਚ ਪੈ ਗਏ ਆਂ।

ਖੇਲਾਵਨ ਅੰਦਰ ਆ ਕੇ ਦੂਸਰੇ ਮੂੜੇ 'ਤੇ ਬਹਿੰਦਾ ਹੋਇਆ ਬੋਲਿਆ-ਵਿੱਦਿਆ ਦੱਸ ਰਹੀ ਸੀ ਕਿ ਕੱਲ੍ਹ ਥੋਕ ਦੇ ਭਾਅ ਮਹਿਮਾਨ ਆ ਗਏ ਸਨ।

-ਓਹੀ ਤਾਂ। ਭਲਵਾਨ ਮਹਿਮਾਨਾਂ ਦੇ ਆਉਣ ਦਾ ਕਾਰਨ ਦੱਸਣ ਲੱਗਾ। ਫਿਰ ਬੋਲਿਆ-ਕੀ ਕਰੀਏ? ਘਰ ਦੀ ਹਾਲਤ ਤੂੰ ਜਾਣਦਾ ਹੀ ਏਂ।

-ਲੜਕੀ ਕੀ ਕਰਦੀ ਏ?

-ਇਸੇ ਸਾਲ ਇੰਟਰ ਕੀਤਾ ਏ।

-ਜੋਗੀ ਦੀ ਕੀ ਰਾਏ ਏ?

-ਅਜੇ ਉਸ ਨਾਲ ਕਿੱਥੇ ਗੱਲ ਹੋਈ ਏ? ਖ਼ੁਦ ਹੀ ਸੋਚ-'ਚਾਰ ਕਰ ਰਹੇ ਆਂ।

-ਦੇਖ, ਜੇਕਰ ਨੂੰਹ ਤੋਂ ਆਪਣੀ ਸੇਵਾ ਕਰਾਣੀ ਹੋਵੇ ਤੇ ਉਸ ਨਾਲ ਸੱਸ ਦੇ ਪੈਰ ਦਬਾਉਣੇ ਹੋਣ, ਤਾਂ ਅਜਿਹੀ ਨੂੰਹ ਠੀਕ ਏ ਪਰ ਜੇਕਰ ਜੋਗੀ ਦਾ ਸਹੀ ਜੋੜ-ਮੇਲ ਲਾਉਣਾ ਹੋਵੇ ਤਾਂ ਉਸਦਾ ਹਿੱਤ ਦੇਖਣਾ ਹੋਵੇ ਤਾਂ ਠੀਕ ਨਹੀਂ।

-ਇਸ ਬਹੂ ਨਾਲ ਕੀ ਪੁੱਤਰ ਨੂੰ ਸੁੱਖ ਮਿਲੇਗਾ ਭਾਈ? ਪੱਪੂ ਦੀ ਮਾਂ ਨੇ ਪੁੱਛਿਆ। ਇਸ 'ਚ ਖੇਲਾਵਨ ਦੀ ਬਹੂ ਵੀ ਉਹਨਾਂ ਨੂੰ ਭਾਲਦਿਆਂ ਅੰਦਰ ਆ ਗਈ। ਸਾਡੇ ਲੋਕਾਂ ਨੂੰ ਮਿਲ ਰਿਹਾ ਏ। ਚੁੱਲਾ-ਚੌਂਕਾ ਸੰਭਾਲਣ, ਹੱਥ-ਪੈਰ ਘੁੱਟਣ, ਚੰਗਾ-ਮੰਦਾ ਸੋਚਣ ਤੱਕ ਦਾ। ਤੇ ਪੜ੍ਹਾਈ ਲਿਖਾਈ ਪੂਰੀ ਹੋਣ, ਨੌਕਰੀ-ਚਾਕਰੀ 'ਚ ਆਉਣ ਦੇ ਬਾਅਦ ਜੋਗੀ ਦੀ ਤਰ੍ਹਾਂ ਤਕਨੀਕੀ ਪੜ੍ਹਾਈ ਵਾਲੀ ਕੋਈ ਵੀ ਕੁੜੀ ਬਹੂ ਬਣੇਗੀ ਤਾਂ ਪੁੱਤਰ ਦੇ ਬਰਾਬਰ ਹੀ ਹਰ ਮਹੀਨੇ ਮੋਟੀ ਰਕਮ ਲਿਆਏਗੀ। ਅੱਜ ਦੇ ਜ਼ਮਾਨੇ 'ਚ ਤਾਂ ਪੁੱਤਰ ਲਈ ਅਜਿਹੀ ਹੀ ਬਹੂ ਠੀਕ ਮੰਨੀ ਜਾਂਦੀ ਏ।

-ਤਾਂ ਤੁਸੀਂ ਲੋਕ ਵੀ ਹੁਣ ਸਾਡੇ ਲੋਕਾਂ ਨੂੰ ਘਰੋਂ ਕੱਢਕੇ ਤਕਨੀਕੀ ਬਹੂ ਲਿਆਓ ਭਾਈ। ਪੱਪੂ ਦੀ ਮਾਂ ਨੇ ਹੱਸਦੇ ਹੋਏ ਕਿਹਾ। ਖੇਲਾਵਨ ਦੀ ਵਹੁਟੀ ਵੀ ਹੱਸਣ ਲੱਗੀ।

-ਦੇਖੋ, ਪਿਉ ਨੂੰ ਕਿਸ ਪੁੱਤਰ ਤੋਂ ਸੁੱਖ ਮਿਲਦਾ ਏ? ਆਪਣੇ ਪਿੰਡ 'ਚ ਪੀ. ਸੀ. ਐੱਸ., ਜੱਜ, ਡਾਕਟਰ, ਇੰਜੀਨੀਅਰ, ਪ੍ਰੋਫ਼ੈਸਰ, ਲੈਕਚਰਾਰ ਮਿਲਾਕੇ ਲਗਭਗ ਦਰਜਨ ਕੁ ਨੇ। ਉਹ ਸਾਲ 'ਚ ਕਿੰਨੀ ਵਾਰੀ ਪਿੰਡ ਆਉਂਦੇ ਨੇ? ਮੁਸ਼ਕਿਲ ਨਾਲ ਇਕ ਵਾਰ। ਕਿੰਨਿਆਂ ਦੇ ਮਾਂ-ਪਿਉ ਉਹਨਾਂ ਦੇ ਨਾਲ ਨੇ? ਇਕ ਦੇ ਵੀ ਨਹੀਂ। ਫਿਰ ਲੇਖਾਪਾਲ, ਪਿੰਡ, ਸੇਵਕ, ਪੰਚਾਇਤ ਸੈਕਟਰੀ, ਪ੍ਰਾਇਮਰੀ ਤੇ ਮਿਡਲ ਸਕੂਲ ਦੇ ਅਧਿਆਪਕ, ਲਾਈਨਮੈਨ, ਪੋਸਟਮੈਨ, ਪੈਟਰੋਲ ਮੈਨ, ਕਲਰਕ ਤੇ

ਐੱਲ.ਆਈ.ਸੀ., ਸਹਾਰਾ ਦੇ ਏਜੰਟਾਂ ਦੀ ਗਿਣਤੀ ਕਰੋ। ਇਹ ਵੀ ਦਰਜਨ ਤੋਂ ਵੱਧ ਨੇ ਤੇ ਸਾਰਾ ਦਿਨ ਕੰਮ ਕਰਕੇ ਸ਼ਾਮ ਨੂੰ ਪਿੰਡ ਆ ਜਾਂਦੇ ਨੇ। ਉਹਨਾਂ ਦੀਆਂ ਤੀਵੀਆਂ ਘਰ ਦਾ ਕੰਮ ਸੰਭਾਲਦੀਆਂ ਨੇ। ਮਾਂ-ਪਿਉ ਦੀ ਸੇਵਾ-ਸੰਭਾਲ ਕਰਦੀਆਂ ਨੇ। ਪੱਕਾ ਏ ਤਾਂ ਜੋਗੀ ਵੀ ਪੜ੍ਹ ਲਿਖ ਲੈਣ ਤੋਂ ਬਾਅਦ ਤੁਹਾਡੇ ਤੋਂ ਦੂਰ ਚਲਾ ਜਾਏਗਾ। ਫਿਰ ਵੀ ਕੀ ਇਹ ਸੋਚਕੇ ਤੁਸੀਂ ਇਕ ਵਾਰ ਵੀ ਉਹਨੂੰ ਇੰਜੀਨੀਅਰਿੰਗ ਪੜ੍ਹਾਉਣ ਤੋਂ ਪਿੱਛੇ ਰਹਿਣ ਲਈ ਸੋਚੋਗੇ ? ਹਰੇਕ ਮਾਂ-ਬਾਪ ਦਾ ਸੁਪਨਾ ਹੁੰਦਾ ਏ ਕਿ ਉਸਦਾ ਪੁੱਤਰ ਦੂਰ-ਦੂਰ ਤੱਕ ਜਾ ਕੇ ਕੰਮ ਕਰੇ। ਸਿਰਫ਼ ਅਰਥੀ ਨੂੰ ਮੋਢਾ ਦੇਣ ਲਈ ਪਿੰਡ 'ਚ ਨਾ ਪਿਆ ਰਹੇ। ਤਾਂ ਬਹੂ ਦੇ ਬਾਰੇ 'ਚ ਇੰਨੀ ਦੱਕਿਆਨੂਸੀ ਢੰਗ ਨਾਲ ਕਿਉਂ ਸੋਚਿਆ ਜਾਵੇ ? ਅਸੀਂ ਤਾਂ ਕਹਿੰਦੇ ਆਂ ਕਿ ਲੜਕਾ ਨੌਕਰੀ-ਚਾਕਰੀ ਕਰਨ ਇਟਲੀ, ਜਰਮਨੀ, ਅਸਟ੍ਰੇਲੀਆ ਜਾਵੇ ਤੇ ਉੱਥੋਂ ਦੀ ਚਿੱਟੀ ਚਮੜੀ ਵਾਲੀ ਬਹੂ ਲਿਆਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਸੁਧਰ ਜਾਣ। ਪਰ ਅਸੀਂ ਕਰਾਂਗੇ ! ਖੇਤੀਬਾੜੀ ਵੇਚਣ ਤੋਂ ਬਚਾਵਾਂਗੂੰ ਤਾਂ ਲਾਲ ਬਾਬੂ ਦੀ ਇੰਟਰ ਪਾਸ ਧੀ ਨਾਲ ਸਬਰ-ਸੰਤੋਸ਼ ਕਰਨਾ ਪਵੇਗਾ। ਜੋਗੀ ਵੀ ਦੋ-ਚਾਰ ਦਿਨ ਹੱਥ ਪੈਰ ਮਾਰੇਗਾ ਫਿਰ ਚੁੱਪ ਹੋ ਜਾਏਗਾ।

-ਇੰਟਰ ਪਾਸ ਨੂੰਹ 'ਚ ਕੀ ਖ਼ਰਾਬੀ ਏ ?....ਭਲਵਾਨ ਦੀ ਘਰਵਾਲੀ ਵੀ ਗੱਲਬਾਤ 'ਚ ਸ਼ਾਮਿਲ ਹੋ ਗਈ। ਸਾਡੀ ਨੂੰਹ ਵੀ ਤਾਂ ਇੰਟਰ ਪਾਸ ਏ। ਕੀ ਕਮੀ ਏ ? ਲੜਕੇ ਨੂੰ ਕੰਵਾਰਾ ਤਾਂ ਰੱਖਣਾ ਨਹੀਂ ਨਾ। ਵਿਆਹ ਦੇ ਤਿੰਨ ਜਾਂ ਪੰਜ ਸਾਲ ਬਾਅਦ ਮੁਕਲਾਵਾ ਆਏਗਾ। ਇਸ 'ਚ ਜਿੰਨਾ ਚਾਹੋ ਨੂੰਹ ਨੂੰ ਹੋਰ ਪੜ੍ਹਾ ਲਓ। ਪੁੱਤਰ ਦੀ ਕਮਾਈ ਨਾਲ ਪੂਰਾ ਨਾ ਪਵੇ ਤਾਂ ਨੂੰਹ ਦੀ ਕਮਾਈ ਨਾਲ ਪੂਰਾ ਪਵੇਗਾ ? ਉਹੀ ਨਿਹਾਦ ਏ ਕਿ ਜੇਕਰ ਮਾਂ ਦੇ ਦੁੱਧ ਨਾਲ ਢਿੱਡ ਨਹੀਂ ਭਰਿਆ ਤਾਂ ਪਿਉ ਦਾ.... ਚੁੰਘਣ ਨਾਲ ਭਰੇਗਾ ? ਨਹੀਂ ਨਾ ! ਮੈਂ ਤਾਂ ਕਹਾਂਗੀ ਕਿ ਜੇਕਰ ਲੜਕੀ ਗੁਣਵਤੀ ਏ ਤਾਂ ਵਿਆਹ ਮੰਨਣ 'ਚ ਕੋਈ ਖ਼ਰਾਬੀ ਨਹੀਂ। ਪੁੱਤਰ ਦਾ ਵਿਆਹ ਮੰਨਣ ਨਾਲ ਧੀ ਨੂੰ ਵੀ ਚੰਗਾ ਘਰ-ਵਰ ਮਿਲ ਰਿਹਾ ਏ। ਖੇਤੀਬਾੜੀ ਵਿਕਣ ਤੋਂ ਬਚ ਜਾਏਗੀ। ਇਸ ਤੋਂ ਚੰਗਾ ਕੀ ਹੋਵੇਗਾ ?

ਖੇਲਾਵਨ ਉੱਠਦਿਆਂ ਹੋਇਆਂ ਮੁਸਕਰਾ ਕੇ ਬੋਲਿਆ-ਚੱਲੋ ! ਜੱਜ ਸਾਹਬ ਨੇ ਫ਼ੈਸਲਾ ਸੁਣਾ ਦਿੱਤਾ ਏ। ਫਿਰ ਮੁੜ ਕੇ ਬੋਲਿਆ-ਜਿਸ ਕੰਮ ਲਈ ਤੁਸੀਂ ਆਏ ਸੀ ਉਹ ਤਾਂ ਦੱਸਿਆ ਹੀ ਨਹੀਂ। ਪਾਂਡੇ ਬਾਬੇ ਦੀ ਬਰਸੀ ਅਗਲੇ ਐਤਵਾਰ ਨੂੰ ਏ। ਨੇੜੇ-ਤੇੜੇ ਦੇ ਦਸ-ਬਾਰਾਂ ਪਿੰਡਾਂ ਦੇ ਲੋਕਾਂ ਦਾ ਇਕੱਠ ਹੋਵੇਗਾ। ਬਾਹਰ ਤੋਂ ਵੀ ਵਿਦਵਾਨ-'ਚਾਰਕ ਆ ਰਹੇ ਨੇ। ਇਸ ਲੋਟੂ ਸੰਸਾਰ 'ਚ ਕਿਸਾਨ ਕਿੱਦਾਂ ਜ਼ਿੰਦਾ ਰਹੇ ਇਸਦਾ ਹੱਲ ਲੱਭਣਾ ਏ। ਕੁਝ ਬੋਲਣਾ ਚਾਹੇਂਗਾ, ਦੁੱਖ-ਦਰਦ ਸੁਣਾਉਣਾ ਚਾਹੇਂ ਤਾਂ ਤੂੰ ਵੀ ਹੁਣ ਤੋਂ ਤਿਆਰੀ ਕਰ ਲੈ। ਚਲਣਾ ਜ਼ਰੂਰੀ ਏ।

-ਅਸੀਂ ਕੀ ਬੋਲਾਂਗੇ, ਵੱਡੇ-ਵੱਡੇ ਵਿਦਵਾਨਾਂ 'ਚ। ਪਰ ਚੱਲਾਂਗੇ ਜ਼ਰੂਰ।

ਪਾਂਡੇ ਬਾਬੇ ਦੀ ਯਾਦ ਆਉਣ ਨਾਲ ਭਲਵਾਨ ਦਾ ਮਨ ਲਟਕ ਗਿਆ।

ਖੇਲਵਾਨ ਦੇ ਪਤੀ-ਘਰਵਾਲੀ ਦੇ ਜਾਣ ਦੇ ਬਾਅਦ ਉਹ ਦਾਲਾਨ 'ਚ ਆ ਕੇ ਮੰਜੀ 'ਤੇ ਲੇਟ ਗਿਆ।

ਥੋੜ੍ਹੀ ਦੇਰ ਬਾਅਦ ਪੱਪੂ ਦੀ ਮਾਂ ਵੀ ਆ ਕੇ ਪੁਆਂਦੀ ਬੈਠ ਗਈ। ਕੁਝ ਦੇਰ ਤੱਕ ਭਲਵਾਨ ਨੂੰ ਅੱਖਾਂ ਬੰਦ ਕੀਤੀ ਪਏ ਨੂੰ ਦੇਖਦੀ ਰਹੀ। ਫਿਰ ਬੋਲੀ-ਸਾਨੂੰ ਤਾਂ ਲੱਗਦਾ ਏ ਕਿ ਖੇਲਾਵਨ ਨੂੰ ਇਹ ਦੇਖ ਕੇ ਹੌਲ ਪੈ ਰਹੇ ਨੇ ਕਿ ਕਿੱਦਾਂ ਬਿਨਾਂ ਖੇਤੀਬਾੜੀ ਵੇਚਿਆਂ ਇਹਨਾਂ ਦੀ ਧੀ ਇਕ ਚੰਗੇ ਘਰ ਪਹੁੰਚ ਰਹੀ ਏ। ਇਸ ਲਈ ਪੁੱਠੀ ਸਲਾਹ ਦੇ ਰਹੇ ਨੇ। ਅਸੀਂ ਕਹਿੰਦੇ ਹਾਂ ਕਿ ਕਿਸੇ ਨੂੰ ਪੁੱਛਣ-ਗਿੱਛਣ ਦੀ ਕੀ ਲੋੜ ਏ ? ਜੋ ਸਾਨੂੰ ਚੰਗਾ ਤੇ ਸਹੀ ਲੱਗੇਗਾ, ਉਹੀ ਕਰਾਂਗੇ।

ਭਲਵਾਨ ਕੁਝ ਨਾ ਬੋਲਿਆ। ਪੱਪੂ ਦੀ ਮਾਂ ਨੂੰ ਲੱਗਿਆ ਕਿ ਸ਼ਾਇਦ ਉਹਨੇ ਸੁਣਿਆ ਵੀ ਨਹੀਂ। ਕਿਸੇ ਸੋਚ 'ਚ ਡੁੱਬਿਆ ਹੋਇਆ ਹੈ। ਉਹ ਹੌਲੀ ਜੇਹੀ ਉੱਠ ਕੇ ਬਾਹਰ ਚਲੀ ਗਈ।



(10)

ਇਕਦਮ ਸਾਹਮਣੇ ਵਾਲੇ ਪਿੰਡ 'ਚ ਘਰ ਏ ਪਾਂਡੇ ਬਾਬੇ ਦਾ। ਉੱਤਰ ਵਾਲੇ ਪਾਸੇ ਉਸਦਾ ਸਾਢੇ ਤਿੰਨ ਏਕੜ ਦਾ ਇਕ ਚੱਕ ਸੀ। ਖਾਂਦਾ-ਪੀਂਦਾ ਮੰਨਿਆ ਜਾਂਦਾ ਸੀ। ਆਂਢ-ਗਵਾਢ 'ਚ ਮਾਨਤਾ ਸੀ। ਪਚਵੰਜਾ-ਸੱਠ ਦੀ ਉਮਰ। ਚਿੱਟੀਆਂ ਮੁੱਛਾਂ, ਚੌੜਾ ਮੱਥਾ, ਹੱਸਮੁੱਖ ਚਿਹਰਾ। ਇਕਲੌਤੇ ਪੁੱਤਰ ਨੂੰ ਦਲਾਲ ਨੇ ਟ੍ਰੈਕਟਰ ਦਾ ਲੋਨ ਲੈਣ ਲਈ ਲਲਕਾਰਿਆ। ਜ਼ਮੀਨੀ ਹਕੀਕਤ ਸਮਝਦਾ ਨਹੀਂ ਸੀ ਆਦਮੀ ਪਾਂਡੇ। ਫੂਕ-ਫੂਕ ਕੇ ਪੈਰ ਧਰਨ ਵਾਲਾ। ਉਹਦਾ ਮੰਨਣਾ ਸੀ ਕਿ ਖੇਤੀ ਕਿਸਾਨੀ 'ਚੋਂ ਇੰਨੀ ਕਮਾਈ ਨਹੀਂ ਕੀਤੀ ਜਾ ਸਕਦੀ ਕਿ ਟ੍ਰੈਕਟਰ ਦੀਆਂ ਕਿਸ਼ਤਾਂ ਮੋੜੀਆਂ ਜਾ ਸਕਣ। ਪਰ ਦਲਾਲਾਂ ਨੇ ਸਮਝਾਇਆ ਕਿ ਜਵਾਨ ਬੇਰੁਜ਼ਗਾਰ ਪੜ੍ਹਿਆ-ਲਿਖਿਆ ਪੁੱਤਰ ਏ। ਟ੍ਰੈਕਟਰ ਖ਼ੁਦ ਚਲਾਏਗਾ ਤਾਂ ਕੰਮ ਦੀ ਘਾਟ ਨਹੀਂ ਹੋਵੇਗੀ। ਇਕ ਵਾਰ ਬਾਜ਼ਾਰ 'ਚ ਮਿਲਣ 'ਤੇ ਬੈਂਕ ਮੈਨੇਜਰ ਨੇ ਵੀ ਉਤਸਾਹਿਤ ਕੀਤਾ। ਬਸ ਫਸ ਗਿਆ। ਡੇਢ ਦੋ ਮਹੀਨੇ ਕਤਕ ਤੇ ਇੰਨਾ ਹੀ ਹਾੜ। ਇਸਦੇ ਇਲਾਵਾ ਟ੍ਰੈਕਟਰ ਲਈ ਖੇਤੀ 'ਚ ਕਿਹੜਾ ਕੰਮ ਹੁੰਦਾ ਏ। ਤਾਂ ਸੋਚਿਆ ਕਿ ਕਿਸ਼ਤ ਕੱਢਣ ਲਈ ਭੱਠੇ 'ਤੇ ਇੱਟਾਂ ਢੋਣ ਦੇ ਕੰਮ 'ਚ ਲਾ ਦਿੱਤਾ ਜਾਏ। ਇਸ ਲਈ ਟਰਾਲੀ ਦੀ ਜ਼ਰੂਰਤ ਸੀ। ਤਾਂ ਦੂਸਰੇ ਬੈਂਕ ਤੋਂ ਪੈਂਤੀ ਹਜ਼ਾਰ ਟਰਾਲੀ ਲਈ ਸੋਚ ਕੇ ਲੋਨ ਲਿਆ। ਦੋ ਸਾਲ ਤੱਕ, ਜਦ ਤੱਕ ਟ੍ਰੈਕਟਰ ਦੀ ਮੁਰੰਮਤ 'ਚ ਖ਼ਰਚ ਨਹੀਂ ਆ ਰਿਹਾ ਸੀ, ਕਿਸ਼ਤ ਦੀ ਰਕਮ ਨਿਕਲਦੀ ਰਹੀ। ਪਰ ਮਗਰੋਂ ਨਾ ਹੋ ਸਕਿਆ। ਇਕ ਵਾਰੀ ਟਰਾਲੀ ਪਲਟ ਗਈ। ਪੰਦਰਾਂ ਵੀਹ ਦਿਨ ਪੁੱਤਰ ਬੀਮਾਰ ਰਿਹਾ। ਕਈ ਕਿਸ਼ਤਾਂ ਰੁਕ ਗਈਆਂ। ਵਿਆਜ ਸੁਸਰੀ ਵਾਂਗੂੰ ਵਧਣ ਲੱਗਾ। ਜ਼ਮੀਨ ਗਿਰਵੀ ਸੀ। ਅਚਾਨਕ ਬੈਂਕ ਵਾਲਿਆਂ ਨੇ ਪਿੱਛੇ ਦੀ ਤਾਰੀਕ 'ਚ ਕਾਗ਼ਜ਼ੀ ਖਾਨਾ-ਪੂਰਤੀ ਕਰਕੇ ਜ਼ਮੀਨ ਨੀਲਾਮੀ 'ਤੇ ਚੜ੍ਹਾ ਦਿੱਤੀ। ਸਾਰੀ ਜ਼ਮੀਨ ਅਸਲ ਦੀ ਇਕ ਚੌਥਾਈ ਕੀਮਤ 'ਚ ਨੀਲਾਮ ਹੋ ਗਈ। ਹੁਣ ਕੀ ਹੋਵੇਗਾ ! ਨਾ ਕੋਈ ਦੂਸਰਾ ਰੋਜ਼ੀ-ਰੁਜ਼ਗਾਰ, ਨਾ ਕੋਈ ਧੰਦਾ। ਤੜਪ ਕੇ ਰਹਿ ਗਿਆ। ਸਦਮਾ ਇੰਨਾ ਤੇਜ਼ ਸੀ ਕਿ ਨੀਮ-ਪਾਗ਼ਲ ਹੋ ਗਿਆ। ਜੋ ਵੀ ਮਿਲਦਾ ਉਸਨੂੰ ਫੜ ਕੇ ਰੋਣ ਲੱਗ ਪੈਂਦਾ। ਪੁੱਛਦਾ-ਹੁਣ ਮੇਰੇ ਬੱਚਿਆਂ ਨੂੰ ਰੋਟੀ ਕਿੱਦਾਂ ਮਿਲੇਗੀ ? ਫਿਰ ਇਕੱਲਾ ਬੁੜਬੁੜਾਉਣ ਲੱਗਾ। ਅੱਖਾਂ 'ਚ ਸੁੰਨਾਪਣ ਭਰ ਗਿਆ ਤੇ ਇਕ ਦਿਨ ਫਾਹੇ ਤੇ ਲਟਕਿਆ ਪਾਂਡੇ ਬਾਬੇ ਦਾ ਦ੍ਰਿਸ਼ ਭਲਵਾਨ ਦੀਆਂ ਅੱਖਾਂ 'ਚ ਵਸ ਗਿਆ। ਉਹਦੇ ਚੱਕ ਦੇ ਪੂਰਬੀ ਪਾਸੇ ਪਿੱਪਲ ਦਾ ਇਕ ਪੁਰਾਣਾ ਦਰਖ਼ਤ ਏ। ਸਾਰੇ ਮੁਰਦਿਆਂ ਦੇ ਫੁੱਲ ਇਸੇ ਨਾਲ ਬੰਨੇ ਜਾਂਦੇ ਨੇ। ਵੱਖ-ਵੱਖ ਟਾਹਣਾਂ ਨਾਲ ਲੰਬੀ ਰੱਸੀ ਨਾਲ ਲਟਕਦੇ ਪਾਣੀ ਨਾਲ ਭਰੇ ਘੜੇ। ਇਹਨਾਂ ਘੜਿਆਂ ਦੇ 'ਚ ਹੀ ਤੜਕੇ ਕਿਸੇ ਸਮੇਂ ਆਕੜਿਆ ਪਾਂਡੇ ਬਾਬਾ ਵੀ, ਇਕ ਟਾਹਣ ਨਾਲ ਫ਼ਾਹਾ ਪਾ ਕੇ ਲਟਕ ਗਿਆ। ਰੌਲਾ ਸੁਣਕੇ ਉਹ ਦੌੜ ਵੀ ਗਿਆ ਸੀ। ਕਈ ਪਿੰਡਾਂ ਦੇ ਲੋਕ ਇਕੱਠੇ ਹੋ ਗਏ ਸਨ। ਧੌਣ ਖਿੱਚੀ ਗਈ ਸੀ। ਸਿਰ ਇਕ ਪਾਸੇ ਲਟਕ ਗਿਆ ਸੀ ਤੇ ਜੀਭ ਥੋੜ੍ਹੀ ਜੇਹੀ ਬਾਹਰ ਨਿਕਲ ਆਈ ਸੀ। ਬੁੱਲ੍ਹ ਦੇ ਹੇਠਲੀ ਵਰਾਛ 'ਚੋਂ ਵਗਦੀ ਲਾਰ ਦਾ ਪਤਲਾ ਤਾਰ ਹੇਠਾਂ ਤੱਕ ਆ ਕੇ ਟੁੱਟ ਰਿਹਾ ਸੀ।

ਸਾਰਾ ਇਲਾਕਾ ਭੈਭੀਤ ਸੀ। ਸਿਰਫ਼ ਪਾਂਡੇ ਦੇ ਫਾਹੇ ਲੈਣ ਨਾਲ ਲਈ ਨਹੀਂ। ਇਹ ਸੋਚਕੇ ਵੀ ਕਿ ਟ੍ਰੈਕਟਰ-ਟਿਊਬਵੈੱਲ ਦਾ ਲੋਨ ਲੈਣ ਵਾਲੇ ਅੱਧੇ ਕਿਸਾਨਾਂ ਦੀਆਂ ਕਿਸ਼ਤਾਂ ਟੁੱਟੀਆਂ ਹੋਈਆਂ ਸਨ। ਕਿਸੇ ਦਿਨ ਉਹਨਾਂ ਦੀ ਵੀ ਨੀਲਾਮੀ ਹੋ ਸਕਦੀ ਏ। ਪੀ.ਸੀ.ਐੱਸ. ਨੇ ਪਤਾ ਨਹੀਂ ਕਿੱਥੇ-ਕਿੱਥੇ ਚਿੱਠੀਆਂ ਪਾਈਆਂ। ਰਿਪੋਰਟ ਭੇਜੀ। ਪਤਾ ਨਹੀਂ ਕਿੱਥੋਂ ਦੇ ਲੋਕਾਂ ਨੇ ਪਾਂਡੇ ਬਾਬੇ ਦੇ ਪਿੰਡ ਦਾ ਦੌਰਾ ਕੀਤਾ। ਕਈ ਮਹੀਨੇ ਬੜਾ ਸ਼ੋਰ-ਸ਼ਰਾਬਾ ਹੁੰਦਾ ਰਿਹਾ। ਅਖ਼ਬਾਰਾਂ ਤੇ ਟੀ.ਵੀ. ਚੈਨਲਾਂ 'ਤੇ ਪਾਂਡੇ ਬਾਬੇ ਦੀ ਆਤਮ-ਕਥਾ ਦਾ ਮਾਮਲਾ ਚਲਦਾ ਰਿਹਾ। ਮੰਗ ਉੱਠੀ ਕਿ ਕਿਸਾਨਾਂ

ਦੇ ਕਰਜ਼ਾ ਨੀਤੀ ਦੀ ਪੜਤਾਲ ਹੋਣੀ ਚਾਹੀਦੀ ਏ। ਜਿਹੜਾ ਕਰਜ਼ਾ ਕਿਸਾਨ ਦੇ ਭਲੇ ਲਈ ਦਿੱਤਾ ਜਾਂਦਾ ਏ ਉਹੀ ਉਸਦੇ ਗਲ਼ੇ ਦੀ ਹੱਡੀ ਬਣ ਜਾਂਦਾ ਏ ? ਜਦੋਂ ਖੇਤੀ ਦੀ ਆਮਦਨੀ ਨਾਲ ਇੰਨੀ ਭਾਰੀ ਰਕਮ ਦੀ ਵਾਪਸੀ ਹੋ ਹੀ ਨਹੀਂ ਸਕਦੀ ਤਾਂ ਉਸਨੂੰ ਕਿਸਾਨਾਂ ਨੂੰ ਆਪਣੇ ਗਲ਼ ’ਚ ਬੰਨਣ ਲਈ ਪ੍ਰੇਰਿਤ ਕਿਉਂ ਕੀਤਾ ਜਾਂਦਾ ਏ ?

ਪਰ ਸਮਾਂ ਬੀਤਣ ਦੇ ਨਾਲ ਹੌਲੀ-ਹੌਲੀ ਸਾਰਾ ਰੌਲਾ-ਰੱਪਾ ਖ਼ਤਮ ਹੋ ਗਿਆ। ਹੁਣ ਉਹਦੀ ਬਰਸੀ ’ਤੇ ਫਿਰ ਇਕੱਠ ਹੋ ਰਿਹਾ ਏ। ਫਿਰ ਸੋਚ-’ਚਾਰ ਹੋਵੇਗਾ। ਕੀ ਪਤਾ ਜਿਉਂਦੇ ਰਹਿਣ ਦੀ ਕੋਈ ਹਾਲਤ ਨਿਕਲ ਹੀ ਆਵੇ।

### (11)

ਭਲਵਾਨ ਤੇ ਘਰਵਾਲੀ ’ਚ ਤਕਰਾਰ ਹੋ ਰਹੀ ਏ।

ਚਰਾਸੀ ਸੌ ਰੁਪਏ ਕੀਮਤ ਵਧਾ ਕੇ ਚਾਰਖ਼ਾਨੇ ਦੀ ਲੁੰਗੀ ਲਪੇਟੇ ਨਿੰਮ ਦੇ ਹੇਠਾਂ ਚਬੂਤਰੇ ’ਤੇ ਬੈਠਾ ਬੀੜੀ ਫੂਕਦਾ ਬਕਰੀਦੀ ਪਤੀ-ਘਰਵਾਲੀ ਦੇ ਇਕ ਮੱਤ ਹੋਣ ਦਾ ਇੰਤਜ਼ਾਰ ਕਰ ਰਿਹਾ ਏ।

ਭਲਵਾਨ ਦਾ ਕਹਿਣਾ ਏ-ਸਭ ਕੁਝ ਜਾਣਦੇ-ਬੁਝਦੇ ਵੱਢਣ ਲਈ ਕਸਾਈ ਦੇ ਹੱਥ ਨਹੀਂ ਵੇਚਾਂਗੇ। ਕੋਈ ਕਿਸਾਨ ਜੋਤਨ ਲਈ ਲੈ ਜਾਣਾ ਚਾਹੇ ਤਾਂ ਪੰਜ ਸੌ ਤੋਂ ਘੱਟ ਵੀ ਦੇ ਸਕਦੇ ਨੇ।

ਜੋਗੀ ਦੀ ਮਾਂ ਦਾ ਕਹਿਣਾ ਏ-ਛੇ ਮਹੀਨੇ ਤੋਂ ਤਾਂ ਇੰਤਜ਼ਾਰ ਕਰ ਰਹੇ ਹਾਂ, ਕੋਈ ਆਇਆ ? ਇਕ ਆਇਆ ਵੀ ਸੀ ਤਾਂ ਪੈਂਤੀ ਸੌ ਤੋਂ ਅੱਗੇ ਨਾ ਵਧਿਆ। ਦੁਬਾਰਾ ਉਹ ਵੀ ਦੇਖਣ ਨਹੀਂ ਆਇਆ।

ਬਕਰੀਦੀ ਧੂੰਆਂ ਛੱਡਦਾ ਹੋਇਆ ਸਾਹਮਣੇ ਬੰਨੇ ਹੋਏ ਵੱਛੇ ਨੂੰ ਤੋਲ ਰਿਹਾ ਏ-ਵੱਡੀਆਂ ਵੱਡੀਆਂ ਚਮਕਦੀਆਂ ਕਾਲੀਆਂ ਅੱਖਾਂ। ਨੁਕੀਲੀ ਗੱਠੀ ਹੋਈ ਕਾਲੀ ਮੋਟੀ ਜੜ ਵਾਲੀ ਧੌਣ, ਚੱਪਾ-ਚੱਪਾ ਭਰ ਦੇ ਸਿੰਙ। ਵੱਖੀਆਂ ’ਚ ਮੋਟੀ ਚਰਬੀ ਦੀ ਪਰਤ। ਗਲ਼ ’ਚ ਹੇਠਾਂ ਲਟਕਦੀ ਝਾਲਰ। ਮੋਟੇ ਸੰਘਣੇ ਵਾਲਾਂ ਵਾਲੀ ਕਾਲੀ ਲੰਮੀ ਪੂਛ। ਮੋਢੇ ਭਰਦੇ ਆਕਾਰ ਬਣਾਉਂਦੀ ਡੀਲ ਤੇ ਹੇਠਾਂ ਲਟਕਦੇ ਗੁਲਾਬੀ ਅੰਡਕੋਸ਼। ਕੀ ਸਰੀਰ ਏ ! ਪੂਰੇ ਪੰਜ ਹਜ਼ਾਰ ਗਿਣਨੇ ਪੈਣ ਤਾਂ ਵੀ ਘਾਟੇ ਦਾ ਸੌਦਾ ਨਹੀਂ ਏ। ਬਕਰੀਦੀ ਅੱਜ ਤੀਸਰੀ ਵਾਰ ਆਇਆ ਏ। ਇਸ ਸੌਦੇ ਲਈ। ਆਦਮੀ ਗਾਂ-ਗੋਰੂ ਪਾਲਦਾ ਕਿਉਂ ਏ ? ਮੌਕੇ ’ਤੇ ਵੇਚ-ਵੱਟ ਕੇ ਗਰਜ਼ ਪੂਰੀ ਕਰਨ ਲਈ ਹੀ ਤਾਂ। ਗਰਜ਼ ਪਾਗ਼ਲ ਹੁੰਦੀ ਏ। ਪੁੱਤਰ ਨੂੰ ਮਕਾਨ ਦਾ ਕਿਰਾਇਆ ਤੇ ਖ਼ੁਰਾਕ ਭੇਜਣ ਬਗ਼ੈਰ ਕੰਮ ਚਲਦਾ ਹੋਵੇ ਤਾਂ ਨਾ ਵੇਚੀਏ। ਖ਼ਾਦ ਖ਼ਰੀਦਣੀ ਤਾਂ ਹੋਰ ਵੀ ਜ਼ਰੂਰੀ ਏ। ਬਿਜਾਈ ਵੇਲੇ ਨਹੀਂ ਪਾ ਸਕੇ ਤਾਂ ਪਹਿਲੀ ਸਿੰਚਾਈ ਵੇਲੇ ਤਾਂ ਪੈ ਜਾਏ।

ਬੀੜੀ ਖ਼ਤਮ ਕਰਕੇ ਬਕਰੀਦੀ ਨੇ ਸਿਰ ਚੁੱਕਿਆ ਤੇ ਬੜੀ ਹਲੀਮੀ ਨਾਲ ਬੋਲਿਆ-ਚੰਗਾ ਚਾਚਾ, ਕੋਈ ਕਿਸਾਨ ਤੁਹਾਡੇ ਤੋਂ ਪੰਜ ਸੌ ਸਸਤੇ ’ਚ ਖ਼ਰੀਦ ਲੈ ਜਾਏ ਅਗਲੇ ਦਿਨ ਮੇਰੇ ਹੱਥ ਪੰਜ ਸੌ ਦਾ ਨਫ਼ਾ ਲੈ ਕੇ ਵੇਚ ਦੇਵੇ ਤਾਂ ਤੁਸੀਂ ਕੀ ਕਰ ਲਓਗੇ ?

ਬਕਰੀਦੀ ਨਾਲੋਂ ਜ਼ਿਆਦਾ ਜੋਗੀ ਦੀ ਮਾਂ ਭਲਵਾਨ ਦੇ ਉੱਤਰ ਦੀ ਉਡੀਕ ਕਰਨ ਲੱਗੀ। ਪਰ ਭਲਵਾਨ ਬਿਨਾਂ ਕੋਈ ਉੱਤਰ ਦਿੱਤਿਆਂ ਮੋਢੇ ’ਤੇ ਧੋਤੀ ਰੱਖ ਕੇ ਨਹਾਉਣ ਚਲਾ ਗਿਆ। ਉਹਨੂੰ ਨਹਾਉਣ ਜਾਂਦੇ ਦੇਖ ਜੋਗੀ ਦੀ ਮਾਂ ਵੀ ਖਾਣ-ਪਕਾਣ ਦਾ ਇੰਤਜ਼ਾਮ ਕਰਨ ਘਰ ਦੇ ਅੰਦਰ ਚਲੀ ਗਈ।



ਬਕਰੀਦੀ ਨੇ ਦੂਸਰੀ ਬੀੜੀ ਲਾ ਲਈ।

ਦੋ ਘੰਟੇ ਬਾਅਦ ਜਦੋਂ ਭਲਵਾਨ ਖਾਣ ਖਾ ਕੇ ਢਾਰੇ ’ਚ ਲੇਟ ਗਿਆ ਤਾਂ ਜੋਗੀ ਦੀ ਮਾਂ ਚਿਲਮ ਭਰ ਕੇ ਉਹਨੂੰ ਦੇਣ ਗਈ ਤਾਂ ਬਕਰੀਦੀ ਫਿਰ ਆ ਕੇ ਬੂਹੇ ’ਤੇ ਖਲੋ ਗਿਆ।

-ਕੀ ਹੁਕਮ ਏ ਚਾਚਾ ? ਆਖ਼ਿਰੀ ਵਾਰ ਬੋਲ ਦਿਓ। ਭਲਵਾਨ ਮੈਦਾਨ ’ਚ ਆਉਣ ਤੋਂ ਡਰ ਰਿਹਾ ਸੀ ਕਿਉਂਕਿ ਭਲਵਾਨਨ ਵਿਰੋਧੀ ਪੱਖ ’ਚ ਸੀ। ਦੋਹਾਂ ਦੀਆਂ ਦਲੀਲਾਂ ਦਾ ਭਲਵਾਨ ਕੋਲ ਕਈ ਉੱਤਰ ਨਹੀਂ ਸੀ।

-ਚਾਚਾ, ਸਾਰੇ ਵੱਛੇ ਕੱਟਣ ਲਈ ਹੀ ਨਹੀਂ ਜਾਂਦੇ। ਲੋਕ ਬੈਲ-ਗੱਡੀ ’ਚ ਜੋਤਣ ਲਈ ਵੀ ਲੈ ਜਾਂਦੇ ਨੇ। ਹਲ਼ ’ਚ ਜੋਤਣ ਲਈ ਵੀ। ਵੱਢੇ ਤਾਂ ਉਹ ਜਾਂਦੇ ਨੇਂ ਜੋ ਕਿਸੇ ਦੇ ਕੰਮ ਦੇ ਨਹੀਂ ਹੁੰਦੇ। ਤੇ ਜੇਕਰ ਉਸਦੀ ਕਿਸਮਤ ’ਚ ਵੱਢਣਾ ਹੀ ਲਿਖਿਆ ਹੋਵੇਗਾ ਤਾਂ ਕੀ ਅਸੀਂ ਰੋਕ ਸਕਾਂਗੇ ?

ਕੁਝ ਦੇਰ ਚੁੱਪ ! ਫਿਰ ਬਕਰੀਦੀ ਬੋਲਿਆ-ਆਖ਼ਿਰੀ ਬੋਲੀ ਲਾ ਰਿਹਾਂ-ਪੂਰੇ ਪੰਤਾਲੀ ਸੌ। ਇਸ ਤੋਂ ਜ਼ਿਆਦਾ ਕੋਈ ਨਹੀਂ ਜੇ ਦੇ ਸਕਦਾ। ਭਾਵੇਂ ਛੇ ਮਹੀਨੇ ਹੋਰ ਬੰਨ ਕੇ ਖਵਾਓ।

ਭਲਵਾਨ ਕੁਝ ਨਾ ਬੋਲਿਆ। ਹੁੱਕਾ, ਜੋਗੀ ਦੀ ਮਾਂ ਨੂੰ ਫੜਾ ਕੇ ਪਾਸਾ ਵੱਟ ਲਿਆ।

ਬਕਰੀਦੀ ਨੇ ਅੱਖਾਂ ਹੀ ਅੱਖਾਂ ’ਚ ਜੋਗੀ ਦੀ ਮਾਂ ਤੋਂ ਕੁਝ ਪੁੱਛਿਆ। ਕੁਝ ਸਮਝਿਆ। ਫਿਰ ਡੱਬ ’ਚੋਂ ਰੁਪਈਆਂ ਦੀ ਥੈਲੀ ਕੱਢ ਕੇ ਗਿਣਨ ਲੱਗਾ-ਸਰਰ-ਸਰਰ-ਸਰਰ।

-ਲਓ, ਗਿਣ ਲਓ।

ਲੇਕਿਨ ਭਲਵਾਨ ਨੇ ਅੱਖਾਂ ਨਹੀਂ ਖੋਲ੍ਹੀਆਂ ਤਾਂ ਉਸਨੇ ਜੋਗੀ ਦੀ ਮਾਂ ਵੱਲ ਹੱਥ ਵਧਾਇਆ। ਜੋਗੀ ਦੀ ਮਾਂ ਨੇ ਇਸ਼ਾਰੇ ਨਾਲ ਸਮਝਾਇਆ ਕਿ ਮੇਰਾ ਫੜਨਾ ਠੀਕ ਨਹੀਂ। ਇਹਨੂੰ ਦੇ।

ਬਕਰੀਦੀ ਨੇ ਮੰਜੀ ’ਤੇ ਭਲਵਾਨ ਦੇ ਲੱਕ ਕੋਲ ਨੋਟ ਰੱਖਦੇ ਹੋਏ ਕਿਹਾ-ਪੂਰੇ ਪੰਤਾਲੀ ਸੌ ਰੱਖਿਆ ਏ ਚਾਚਾ ! ਗਿਣ ਲਓ ਤੇ ਹੁਕਮ ਕਰੋ।

ਥੋੜ੍ਹੀ ਦੇਰ ਤੱਕ ਭਲਵਾਨ ਦੇ ਬੋਲਣ ਦਾ ਇੰਤਜ਼ਾਰ ਕਰਨ ਬਾਅਦ ਉਹ ਬਾਹਰ ਨਿਕਲ ਗਿਆ।

-ਕੀ ਕਰ ਰਿਹਾਂ ? ਰੁਪਏ ਮੰਜੀ ’ਤੇ ਰੱਖੇ ਨੇ।

-ਜੋ ਚਾਹੇ ਕਰ।

-ਮਾਲਿਕ ਮੁਖ਼ਤਿਆਰ ਤੂੰ ਏਂ। ਮੈਂ ਕੀ ਕਹਾਂਗੀ ?

ਕਹਿਣ ਦੇ ਨਾਲ ਪੱਪੂ ਦੀ ਮਾਂ ਰੁਪਏ ਚੁੱਕ ਕੇ ਗਿਣਨ ਲੱਗੀ। ਦੁਬਾਰਾ ਗਿਣੇ। ਫਿਰ ਚੁੰਨੀ ਦੇ ਲੜ ਬੰਨ ਕੇ ਬੋਲੀ-ਕਹਿ ਦੇਨੀ ਆਂ, ਲੈ ਜਾਏ।

ਫਿਰ ਬਾਹਰ ਨਿਕਲ ਕੇ ਬਕਰੀਦੀ ਨੂੰ ਕਿਹਾ-ਗਲ਼ੇ ’ਚ ਬੰਨਿਆ ਘੁਗਰੂਆਂ ਦਾ ਪਟਾ ਖੋਲ੍ਹਕੇ ਰੱਖ ਦੇ ਤੇ ਲੈ ਜਾ।

ਕੀਲੇ ਤੋਂ ਮੁਕਤ ਹੋਣ ਦੀ ਖ਼ੁਸ਼ੀ ’ਚ ਵੱਛਾ ਪੰਜ-ਚਾਰ ਕਦਮਾਂ ਤਾਂ ਤੇਜ਼ੀ ਨਾਲ ਤੁਰਿਆ ਪਰ ਜਦੋਂ ਪਿੱਛੋਂ ਗਾਂ ਦੇ ਹੜਿੰਗਣ ਦੀ ਆਵਾਜ਼ ਆਈ ਤਾਂ ਉਸਨੂੰ ਕੁਝ ਗੜਬੜ ਹੋਣ ਦਾ ਸ਼ੱਕ ਹੋਇਆ। ਉਸਨੇ ਪੈਰ ਰੋਕ ਲਏ। ਖਿੱਚਕੇ ਇਕ ਕਦਮ ਵਧਾਂਦਾ ਫਿਰ ਅੜ ਜਾਂਦਾ। ਪਹਿਲਾਂ ਉਹ ਪੇਸ਼ਾਬ ਦੇ ਬਹਾਨੇ ਰੁਕਿਆ, ਫਿਰ ਗੋਹਾ ਕਰਨ ਦੇ ਬਹਾਨੇ। ਪੱਪੂ ਦੀ ਮਾਂ ਤੋਂ ਦੇਖਿਆ ਨਾ ਗਿਆ ਤੇ ਉਹ ਰੁਪਏ ਰੱਖਣ ਦੇ ਬਹਾਨੇ ਅੰਦਰ ਚਲੀ ਗਈ।

ਭਲਵਾਨ ਪਿਆ ਰਿਹਾ। ਇੰਤਜ਼ਾਰ ਕਰਦਾ ਸੀ ਕਿ ਵੱਛਾ ਕੁਝ ਦੂਰ ਨਿਕਲ ਜਾਏ ਤਾਂ ਉੱਠੇ।

ਜੰਮਦਿਆਂ ਸਾਰ ਹੀ ਇਹ ਭਲਵਾਨ ਨਾਲ ਪਰਚ ਗਿਆ ਸੀ। ਉਸਦੇ ਅੱਗੇ-ਪਿੱਛੇ ਦੌੜਦਾ-ਕੁੱਦਦਾ ਖੇਤਾਂ ਤੱਕ ਚਲਾ ਜਾਂਦਾ ਸੀ। ਪੱਪੂ ਨਾਲ ਵੀ ਖ਼ੂਬ ਹਿਲਿਆ ਹੋਇਆ ਸੀ। ਪੱਪੂ ਨੇ ਰਾਮਗੰਜ ਦੇ ਮੇਲੇ ਤੋਂ ਖਰੀਦ ਕੇ ਇਸਨੂੰ ਘੁੰਗਰੂਆਂ ਦਾ ਇਕ ਪਟਾ ਪਾ ਦਿੱਤਾ ਸੀ। ਦੌੜਦਾ ਤਾਂ ਘੁੰਗਰੂਆਂ ਦੀ ਛਣਕਾਰ ਮਨ ਮੋਹ ਲੈਂਦੀ। ਸਿੱਧੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਦਾ ਸੀ। ਵੱਡੀਆਂ-ਵੱਡੀਆਂ ਕਾਲੀਆਂ ਅੱਖਾਂ।

ਅਚਾਨਕ ਦੌੜਣ ਦੀ ਆਵਾਜ਼ ਆਈ। ਭਲਵਾਨ ਨੇ ਸਿਰ ਚੁੱਕ ਕੇ ਵੇਖਿਆ-ਅੱਗੇ ਅੱਗੇ ਦੌੜਦਾ ਵੱਛਾ, ਪਿੱਛੇ-ਪਿੱਛੇ ਮੋਟਾ ਡੰਡਾ ਲਈ ਬਕਰੀਦੀ। ਭਲਵਾਨ ਉੱਠ ਕੇ ਬੈਠ ਗਿਆ।

-ਪਤਾ ਨਹੀਂ ਕਿੰਨਾ ਜ਼ੋਰ ਏ ਇਸਦੇ ਸਰੀਰ 'ਚ। ਇੰਨਾ ਤਗੜਾ ਝਟਕਾ ਦਿੱਤਾ ਕਿ ਮੈਂ ਅੰਨੇ ਮੂੰਹ ਡਿੱਗ ਪਿਆ। ਤੁਸੀਂ ਆਪ ਇਸਦਾ ਰੱਸਾ ਮੇਰੇ ਹੱਥ ਫੜਾਓ ਤੇ ਥੋੜ੍ਹੀ ਦੂਰ ਤੱਕ ਹਿੱਕ ਦਿਓ। ਇਸ ਨਾਲ ਜਾਨਵਰ ਸਮਝ ਜਾਏਗਾ ਕਿ ਮਾਲਿਕ ਨੇ ਆਪਣੀ ਮਰਜ਼ੀ ਨਾਲ ਉਸਨੂੰ ਸੌਂਪਿਆ ਏ। ਤਦ ਉਸਦਾ ਜ਼ੋਰ ਆਪਣੇ ਆਪ ਅੱਧਾ ਹੋ ਜਾਏਗਾ। ਫਿਰ ਜਾਣ 'ਚ ਆਨਾ-ਕਾਨੀ ਨਹੀਂ ਕਰੇਗਾ।

ਭਲਵਾਨ ਬਾਂਸ ਦਾ ਡੰਡਾ ਲੈ ਕੇ ਹਿੱਕਣ ਲੱਗਾ। ਦੋ-ਤਿੰਨ ਠੋਕਰਾਂ ਖਾਣ ਬਾਅਦ ਜ਼ਮੀਨ ਵੱਲ ਮੂੰਹ ਸੁੱਟ ਕੇ ਉਹ ਤਿੰਨ ਵਾਰ ਹੌਂਕਿਆ ਤੇ ਫਿਰ ਪਿੰਡਾ ਝਟਕ ਕੇ ਸੁਸਤ ਪੈਰ ਪੁੱਟਣ ਲੱਗਾ। ਇਸਦੇ ਬਦਲੇ 'ਚ ਗਾਂ ਤੇ ਬਲਦਾਂ ਦੀ ਆਵਾਜ਼ ਆਈ। ਉਹਨਾਂ ਨੂੰ ਕੀ ਪਤਾ ਲੱਗਾ ? ਵੱਛੇ ਨੇ ਕੀ ਦੱਸਿਆ ? ਦੱਸਿਆ ਕਿ ਸਦਾ-ਸਦਾ ਲਈ ਜਾ ਰਿਹਾਂ ? ਫਿਰ ਇਸ ਜਨਮ 'ਚ ਮਿਲਣਾ ਨਹੀਂ ਹੋਵੇਗਾ ?

ਪੱਪੂ ਸਕੂਲ ਗਿਆ ਹੋਇਆ ਸੀ। ਸਕੂਲੋਂ ਮੁੜਿਆ ਤੇ ਖ਼ੁਰਲੀ 'ਚ ਪਏ ਘੁੰਗਰੂਆਂ ਦੇ ਪਟੇ ਨੂੰ ਦੇਖ ਕੇ ਮਾਂ ਨੂੰ ਲੱਭਣ ਦੌੜਿਆ।

ਸ਼ਾਮ ਨੂੰ ਚੁੱਲਾ ਬਾਲਣ ਦਾ ਮਨ ਨਹੀਂ ਸੀ ਕਰ ਰਿਹਾ ਪੱਪੂ ਦੀ ਮਾਂ ਦਾ।

## (12)

ਬਹੁਤ ਦਿਨਾਂ ਬਾਅਦ ਅੱਜ ਫਿਰ ਭਲਵਾਨ ਦੇ ਸੁਪਨੇ 'ਚ ਆਇਆ ਪਾਂਡੇ ਬਾਬਾ।

ਪਹਿਲੀ ਵਾਰ ਆਇਆ ਸੀ ਫਾਹੇ ਲਾਉਣ ਤੋਂ ਤਿੰਨ-ਚਾਰ ਦਿਨ ਬਾਅਦ। ਉਸੇ ਰੂਪ 'ਚ ਜਿਸ ਰੂਪ 'ਚ ਭਲਵਾਨ ਨੇ ਉਸਨੂੰ ਫਾਹੇ ਲਟਕਿਆ ਦੇਖਿਆ ਸੀ। ਵੱਖ-ਵੱਖ ਘੰਟਿਆਂ 'ਚ। ਕੁਝ ਸਰਕਾਰੀ ਅਮਲਾ, ਜਿਹਨਾਂ ਦੇ ਚਿਹਰੇ ਸ਼ਿਕਾਰੀ ਜਾਨਵਰਾਂ ਜੇਹੇ ਸੀ, ਪਾਂਡੇ ਬਾਬੇ ਨੂੰ ਹੇਠਾਂ ਲਾਹਣ ਲਈ ਉਹਦੇ ਲਟਕਦੇ ਪੈਰਾਂ ਨੂੰ ਫੜਨ ਲਈ ਵਾਰ-ਵਾਰ ਕੁੱਦ ਰਹੇ ਸਨ। ਪਾਂਡੇ ਬਾਬਾ ਫੇਰ ਉਤਾਂਹ ਕਰਕੇ ਬਚਣ ਦਾ ਯਤਨ ਕਰ ਰਿਹਾ ਸੀ ਤੇ ਗੰਦੀਆਂ-ਗੰਦੀਆਂ ਗਾਹਲਾਂ ਦੇ ਰਿਹਾ ਸੀ।

ਉਹਨੂੰ ਦੂਰ ਖਲੋਤਾ ਦੇਖ ਕੇ ਲਲਕਾਰਿਆ ਸੀ-ਓਏ ਭਲਵਾਨ। ਇਕ ਦੋ ਡਾਂਗਾਂ ਲਿਆ ਕੇ ਕਿਉਂ ਨਹੀਂ ਇਹਨਾਂ ਹਰਾਮਜ਼ਾਦਿਆਂ ਨੂੰ ਭਜਾਉਂਦਾ ?

ਨਹਾਉਂਦੇ ਹੋਏ ਖੂਹ ਦੀ ਮੰਡ 'ਤੇ ਬੈਠਾ-ਬੈਠਾ ਭਲਵਾਨ ਯਾਦਾਂ 'ਚ ਗਵਾਚ ਗਿਆ। ਆਪਣੇ ਪਿਤਾ ਵਾਂਗੂੰ ਨਿੱਡਰ ਤੇ ਸਪੱਸ਼ਟ ਬੁਲਾਰਾ ਸੀ 'ਬਾਊਰ' ਉਪਨਾਮ ਨਾਲ ਲਿਖਦਾ ਸੀ। ਸੰਨ 1942 'ਚ 'ਭਾਰਤ ਛੱਡੋ ਅੰਦੋਲਨ' ਦੇ ਸਮੇਂ ਨੌਜਵਾਨ ਸੀ। ਉਸ ਵੇਲੇ ਅੰਗ੍ਰੇਜ਼ਾਂ ਤੇ ਜ਼ਿਮੀਂਦਾਰਾਂ ਦੇ ਬਰ-ਖ਼ਿਲਾਫ਼ ਲਿਖਦਾ ਸੀ। ਆਜ਼ਾਦੀ ਮਗਰੋਂ ਕਿਸਾਨਾਂ ਦੀ ਦੁਰਦਸ਼ਾ ਤੇ ਸਵਦੇਸ਼ੀ ਹਕੂਮਤ ਦੀਆਂ ਗਰੀਬ ਵਿਰੋਧੀ ਨੀਤੀਆਂ ਖ਼ਿਲਾਫ਼ ਲਿਖਣ ਲੱਗਾ। ਨਾਲ ਲੱਗਦੇ ਪਿੰਡ ਗੰਜਹੜੀ ਦੇ ਮਸ਼ਹੂਰ ਸ਼ਾਇਰ ਮਜ਼ਰੂਹ ਸੁਲਤਾਨਪੁਰੀ ਨੂੰ ਜਦੋਂ 'ਮਾਰ ਲੇ ਸਾਥੀ ਜਾਨੇ ਨਾ ਪਾਏ' ਗੀਤ ਲਈ ਜੇਲ੍ਹ



ਹੋਈ ਤਾਂ ਉਸ ਨਾਲ ਆਪਣਾ ਸਮਰਥਨ ਪ੍ਰਗਟਾਉਣ ਲਈ ਬੰਬਈ ਤੱਕ ਗਿਆ ਸੀ। ਭਲਵਾਨ ਦੇ ਪਿਤਾ ਜੀ ਸਮੇਂ ਸਮੇਂ 'ਤੇ ਉਸ ਬਾਰੇ ਦੱਸਦੇ ਰਹਿੰਦੇ ਸਨ 'ਬਊਰ ਜੀ' ਨੇ ਆਪਣੇ ਦਾਲਾਨ 'ਚ ਇਕ ਲਾਇਬਰੇਰੀ ਖੋਲ੍ਹੀ ਹੋਈ ਸੀ। ਉਸਦਾ ਉਦਘਾਟਨ ਕਰਨ ਲਈ ਡੁੰਮਰਾਓ ਦੇ ਪੰਡਿਤ ਸ਼ਿਆਮ ਨਾਰਾਇਣ ਪਾਂਡੇ ਆਏ ਸਨ। ਬਹੁਤ ਜ਼ਿਆਦਾ ਮੀਂਹ ਪੈ ਰਿਹਾ ਸੀ। ਦੁਰਗਾਪੁਰ ਬਾਜ਼ਾਰ 'ਚ ਬਾਊਰ ਜੀ ਦੇ ਪਿੰਡ ਹੋ ਕੇ ਜਾਣ ਵਾਲੀ ਕੱਚੀ ਸੜਕ 'ਤੇ ਹੱਥ-ਹੱਥ ਪਾਣੀ ਭਰਿਆ ਹੋਇਆ ਸੀ। ਕਵੀਰਾਜ ਨੂੰ ਬਾਜ਼ਾਰ ਤੋਂ ਪਿੰਡ ਤੱਕ ਲਿਆਉਣ ਲਈ ਭਾਦਰ ਦੇ ਇਕ ਠਾਕੁਰ ਜੀ ਦਾ ਹਾਥੀ ਮੰਗਿਆ ਗਿਆ ਸੀ। ਭਲਵਾਨ ਦੇ ਪਿਤਾ ਜੀ ਕਵੀਰਾਜ ਨੂੰ ਹਾਥੀ 'ਤੇ ਬਿਠਾਕੇ ਲਿਆਏ ਸਨ। ਰਾਤ ਨੂੰ ਕਵੀ ਸੰਮੇਲਨ ਸੀ। ਬੱਦਲਾਂ ਦੀ ਗਰਜ ਤੇ ਬਿਜਲੀ ਦੀ ਚਮਕ ਤੇ ਗੜਕ ਦੀ ਪਰਵਾਹ ਨਾਲ ਕਰਦੇ ਹੋਏ ਇਸ ਛੋਟੇ ਜੇਹੇ ਪਿੰਡ 'ਚ ਡੇਢ-ਦੋ ਹਜ਼ਾਰ ਸਰੋਤੇ ਦਾ ਇਕੱਠੇ ਹੋਏ ਹੋਏ ਸੀ।

ਕੀ ਸਮਝ ਸੀ ! ਕੀ ਪਸੰਦ ਸੀ ! ਕੀ ਜੀਵਨ ਸੀ !

ਅਜੇਹੀ ਸਿੱਖਿਆ ਪੇਂਡੂਆਂ ਦਾ ਜੀਵਨ ਤੇ ਬਿਹਤਰ ਹੋਣ ਦੀ ਗੱਲ ਕੌਣ ਕਰੇ, ਹੋਰ ਔਖਾ ਹੁੰਦਾ ਜਾ ਰਿਹਾ ਏ।

ਪੱਪੂ ਦੀ ਮਾਂ ਦੋ ਵਾਰ ਅੰਦਰੋਂ-ਬਾਹਰ ਆ ਕੇ ਦੇਖ ਚੁੱਕੀ ਸੀ। ਭਲਵਾਨ ਘੰਟਿਆਂਬੱਧੀ ਮੰਡ ਤੋਂ ਹੇਠਾਂ ਪੈਰ ਲਟਕਾਈ ਬੈਠਾ ਹੈ। ਧੋਤੀ ਮੋਢੇ 'ਤੇ ਪਈ ਹੈ। ਸਾਹਮਣੇ ਪਤਾ ਨਹੀਂ ਕੀ ਦੇਖ ਰਿਹਾ ਹੈ ! ਕਦੀ ਸੱਜਾ ਹੱਥ 'ਤੇ ਉੱਠਦਾ ਹੈ ਤੇ ਕਦੀ ਉਸਦੀਆਂ ਉਂਗਲੀਆਂ ਹਵਾ 'ਚ ਕੁਝ ਲਿਖਦੀਆਂ ਮਹਿਸੂਸ ਹੋ ਰਹੀਆਂ ਹਨ।

ਹਾਕੇ ਆਉਂਦਾ ਕਿਉਂ ਨਹੀਂ ? ਬੇਟੀ ਕਦੋਂ ਦਾ ਖਾਣਾ ਤਿਆਰ ਕਰਕੇ ਰਾਹ ਦੇਖ ਰਹੀ ਏ।

ਭਲਵਾਨ ਨੂੰ ਸਵੇਰ ਤੋਂ ਦੋ ਵਾਰ ਯਾਦ ਕਰਾ ਚੁੱਕੀ ਸੀ ਕਿ ਵੱਛਾ ਵਿਕ ਗਿਆ ਏ। ਜਾ ਕੇ ਜੋਗੀ ਨੂੰ ਦੋ ਮਹੀਨਿਆਂ ਦਾ ਖ਼ਰਚਾ ਦੇ ਆ। ਬਿਜਾਈ ਦੇ ਸਮੇਂ ਖ਼ਾਦ ਦਾ ਇੰਤਜ਼ਾਮ ਨਹੀਂ ਸੀ ਹੋ ਸਕਿਆ ਤਾਂ ਸਿੰਚਾਈ ਦੇ ਵੇਲੇ ਤਾਂ ਪੈ ਜਾਏ। ਇਸਤੋਂ ਪਹਿਲੋਂ ਕਿ ਕੋਈ ਤੀਸਰਾ ਨਾ ਟਾਲਿਆ ਜਾ ਸਕਣ ਵਾਲਾ ਖ਼ਰਚਾ ਨਾ ਪੈਦਾ ਹੋ ਜਾਏ। ਇਸ ਲਈ ਜਾ ਕੇ ਦੋ ਬੋਰੀਆਂ ਯੂਰੀਆ ਲੈ ਆ।

ਪਰ ਭਲਵਾਨ ਵੱਲੋਂ ਕੋਈ ਜਵਾਬ ਨਾ ਆਉਣ ਕਾਰਨ ਉਹਨੇ ਪੱਪੂ ਨੂੰ ਪੈਸੇ ਦੇ ਕੇ ਬਾਜ਼ਾਰ ਭੇਜ ਦਿੱਤਾ। ਯੂਰੀਏ ਦਾ ਕੀ ! ਇਕ ਵਾਰ ਬਾਜ਼ਾਰ 'ਚੋਂ ਗਾਇਬ ਹੋ ਗਈ ਤਾਂ ਕਈ ਮਹੀਨੇ ਨਾ ਆਏ। ਭਲਵਾਨਨ ਨੂੰ ਲੱਗਦਾ ਸੀ ਕਿ ਪਿਛਲੀਆਂ ਦੋ ਰਾਤਾਂ ਤੋਂ ਜਾਗ ਕੇ ਸਿੰਚਾਈ ਕਰਨ ਦੇ ਕਾਰਨ ਹੀ ਭਲਵਾਨ ਦਾ ਸਰੀਰ ਭਾਰੀ ਹੋਇਆ ਪਿਆ ਏ। ਸ਼ੁਰੂਆਤੀ ਠੰਢ ਦਾ ਕੀ ਪਤਾ ਕਦੋਂ ਲੱਗ ਗਈ। ਹਾੜੀ ਦੀ ਸਿੰਚਾਈ ਲਈ ਦਿਨ ਵੇਲੇ ਬਿਜਲੀ ਆਉਣੀ ਚਾਹੀਦੀ ਏ ਪਰ ਆ ਰਹੀ ਏ ਅੱਧੀ ਰਾਤ ਨੂੰ। ਤੇ ਸਵੇਰੇ ਸੱਤ ਵਜੇ ਗਾਇਬ। ਇਸਤੋਂ ਪਹਿਲੀਆਂ ਦੋ ਰਾਤਾਂ ਮਹਾਦੇਵ ਨੇ ਸਿੰਚਾਈ ਕੀਤੀ ਤੇ ਸਰਦੀ ਖਾ ਕੇ ਲੇਟ ਗਿਆ। ਠੰਢ ਦੀ ਰਾਤ 'ਚ ਟਾਰਚ ਦੀ ਰੋਸ਼ਨੀ 'ਚ ਖੇਤ ਬੇਰਾਨਾ। ਛੇ-ਸੱਤ ਘੰਟੇ ਠੰਢੇ ਪਾਣੀ ਤੇ ਚਿੱਕੜ 'ਚ ਹੱਥ-ਪੈਰ ਰਹਿਣੇ। ਜਵਾਨ ਆਦਮੀ ਦਾ ਸਰੀਰ ਵੀ ਆਕੜ ਜਾਏਗਾ। ਅੱਜ ਦੀ ਰਾਤ ਪੱਪੂ ਨੂੰ ਲਾਉਣੀ ਪੈਣੀ ਪਾਣੀ ਦੀ ਡਿਊਟੀ।

ਦੁਪਹਿਰ ਦਾ ਖਾਣਾ ਭਲਵਾਨ ਨੇ ਵੈਂਗਣ ਨਾਲ ਖਾਧਾ ਤੇ ਹੁੱਕਾ ਲੈ ਕੇ ਸਿੱਧਾ ਮੰਨੇ 'ਤੇ ਲੇਟ ਗਿਆ।

ਸਾਹਮਣੇ ਖੇਤ 'ਚ ਇਸ ਸਾਉਣੀ 'ਚ ਮੱਕੀ ਦੇ ਨਾਲ ਨਾਲ ਫੁੱਟ (ਕੱਕੜੀ ਦੀ ਇਕ ਮਿੱਠੀ ਪਰਜਾਤੀ) ਬੀਜੀ ਹੋਈ ਸੀ। ਪੱਕੀਆਂ ਫੁੱਟਾਂ ਦੀ ਮਹਿਕ ਭਾਦੋਂ ਦੀ ਸੁਰ-ਸਰਾਤੀ ਹਵਾ ਦੇ ਨਾਲ ਦੂਰ-ਦੂਰ ਤੱਕ ਫੈਲ ਕੇ ਖਾਣ ਵਾਲਿਆਂ ਨੂੰ ਸੱਦਾ ਦੇਂਦੀ ਹੈ। ਪੰਦਰਾਂ ਵੀਹ ਦਿਨ ਰਾਤਾਂ ਨੂੰ

ਰਾਖੀ ਕਰਨੀ ਪੈਂਦੀ ਏ। ਇਸ ਲਈ ਮੰਨਾ ਉਸ ਖੇਤ 'ਚ ਬਣਾਇਆ ਗਿਆ। ਮੱਕੀ ਕਦੋਂ ਦੀ ਵੱਢ ਲਈ ਗਈ ਪਰ ਮੰਨਾ ਅਜੇ ਵੀ ਉੱਥੇ ਪੈਲੀ 'ਚ, ਇਕ ਕਿਨਾਰੇ 'ਤੇ ਹੈ।

ਪਤਾ ਨਹੀਂ ਤੁਸੀਂ ਮੰਨਾ ਦੇਖਿਆ ਏ ਕਿ ਨਹੀਂ? ਇਹ ਇਕ ਕਿਸਮ ਦੀ ਵੱਡੀ ਮੰਜੀ ਹੀ ਹੁੰਦੀ ਏ। ਪਤਲੇ ਛੋਟੇ ਪਾਵਿਆਂ ਦੀ ਥਾਂ ਉੱਚੇ ਮੋਟੇ ਪਾਵੇ ਲਾਏ ਜਾਂਦੇ ਹਨ। ਮੋਢੇ ਦੀ ਉਚਾਈ 'ਤੇ ਇਹ ਬੁਣਿਆ ਹੁੰਦਾ ਹੈ। ਮੀਂਹ ਤੇ ਧੁੱਪ ਤੋਂ ਬਚਣ ਲਈ ਅੱਠ ਨੌਂ ਫੁੱਟ ਦੀ ਉਚਾਈ 'ਤੇ ਘਾਹ-ਫੂਸ ਦੀ ਛੱਤ ਪਾ ਲਈ ਜਾਂਦੀ ਹੈ। ਭਾਦੋਂ ਦੇ ਮਹੀਨੇ 'ਚ ਗੋਦੜੀ ਦੇ ਨਿੱਘ 'ਚ ਮੰਨੇ 'ਤੇ ਬਹਿ ਕੇ ਦੂਰ-ਦੂਰ ਤੱਕ ਪੈਂਦੇ ਮੀਂਹ ਨੂੰ ਦੇਖਦਿਆਂ ਤੇ ਤੇਜ਼ ਹਵਾ ਨਾਲ ਮੂੰਹ 'ਤੇ ਪੈਂਦੀ ਫੁਹਾਰ ਨੂੰ ਮਹਿਸੂਸ ਕਰਦੇ ਹੋਏ ਮਨ ਵੈਰਾਗੀ ਹੋਣ ਲੱਗਦਾ ਹੈ।

ਜਦੋਂ-ਜਦੋਂ ਕੋਈ ਘਰ-ਗ੍ਰਹਿਸਥੀ ਵਾਲਾ ਭ੍ਰਮ ਜਾਲ ਤੋਂ ਬੇਜ਼ਾਰ ਹੁੰਦਾ ਏ ਤਾਂ ਧੀ-ਪੁੱਤ ਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦੀ ਸੰਗਤ 'ਚ ਚੈਨ ਨਹੀਂ ਮਿਲਦਾ, ਤਾਂ ਉਹ ਸਕੂਨ ਦੀ ਭਾਲ 'ਚ ਮੰਨੇ ਦੀ ਸ਼ਰਨ 'ਚ ਚਲਾ ਜਾਂਦਾ ਹੈ। ਮੰਨੇ ਦੀ ਬੁੱਕਲ 'ਚ ਲੇਟਿਆਂ ਕੋਈ ਏਕਾਂਤਕ ਸੋਚ ਭੰਗ ਨਹੀਂ ਹੁੰਦੀ। ਮੰਨੇ 'ਤੇ ਲੇਟਿਆਂ ਦੁੱਖੀ, ਨਿਰਾਸ਼ ਉਦਾਸ ਮਨ ਨੂੰ ਆਪਣੇ ਅੰਤ੍ਰਿਮ 'ਚ ਉਤਾਰਨ ਦਾ ਮੌਕਾ ਮਿਲਦਾ ਹੈ।

ਪੱਪੂ ਦੀ ਮਾਂ ਜਾਣਦੀ ਏ ਕਿ ਘਰਵਾਲਾ ਮੰਨੇ 'ਤੇ ਚਲਾ ਗਿਆ ਤਾਂ ਘਰਵਾਲੀ-ਪਰਿਵਾਰ ਹੀ ਨਹੀਂ ਦੇਸ਼-ਦੁਨੀਆਂ ਦੀ ਪਹੁੰਚ ਤੋਂ ਬਾਹਰ ਹੋ ਗਿਆ। ਏਨੇ ਲੰਮੇ ਪਰਿਵਾਰਕ ਜੀਵਨ ਦੇ ਸ਼ੁਰੂਆਤੀ ਦਿਨਾਂ ਦੇ ਹੀ ਇਕ-ਦੋ ਮੌਕੇ ਹੋਣਗੇ ਜਦੋਂ ਪਤੀ ਦੇ ਉਤੇਜਿਤ ਹੋ ਕੇ ਰਾਤ ਦਾ ਖਾਣਾ ਅਪੜਾਣ ਦੇ ਬਹਾਨੇ ਉਹ ਮੰਨੇ ਤੱਕ ਆਈ ਹੋਵੇ ਤੇ ਪਤੀ ਨੇ ਸਰੀਰਕ ਸੁੱਖ ਲਈ ਫੜਕੇ ਮੰਨੇ 'ਤੇ ਚੜ੍ਹਾ ਲਿਆ ਹੋਏ।

ਬਹੁਤ ਦਿਨ ਹੋਏ ਇਕ ਚੁਟਕੀ (ਭਿੱਖਿਆ) ਲੈਣ ਆਇਆ ਬਾਬਾ ਜੋਖੂ ਦਾਸ ਨੇ ਭਲਵਾਨ ਨੂੰ ਦੱਸਿਆ ਸੀ-ਮੰਨਾ ਗ੍ਰਹਿਸਥ ਆਸ਼ਰਮ ਤੇ ਸੰਨਿਆਸ ਨੂੰ ਜੋੜਣ ਵਾਲਾ ਪੁਲ ਹੈ। ਗ੍ਰਹਿਸਥ-ਆਸ਼ਰਮ ਦੀਆਂ ਜ਼ਿੰਮੇਵਾਰੀਆਂ ਤੋਂ ਭੱਜਣਾ ਸੰਭਵ ਨਹੀਂ, ਪਰ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਵੀ ਮਨ ਨੂੰ ਮੋਹ-ਮਾਇਆ ਦੇ ਜਾਲ 'ਚ ਫਸਣ ਤੋਂ ਬਚਾਣ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਏ।

ਮੰਨਾ ਪ੍ਰਣ-ਕੁਟੀ ਦਾ ਹੀ ਚਲਾਇਮਾਨ ਰੂਪ ਏ। ਇਸ ਲਈ ਇਹ ਘਰ ਤੇ ਵਣ ਦੇ 'ਚਕਾਰ ਖੇਤਾਂ 'ਚ ਰਹਿੰਦਾ ਏ।

ਮੰਨੇ 'ਤੇ ਲੇਟੇ-ਲੇਟੇ ਭਲਵਾਨ ਯਾਦ ਕਰਦਾ ਹੈ-ਅੱਜ ਦੇ ਸੁਪਨੇ 'ਚ ਪਾਂਡੇ ਬਾਬਾ ਹੱਸ ਰਿਹਾ ਸੀ। ਉਹਦੇ ਨਾਲ ਵੱਖ-ਵੱਖ ਰੱਸੀਆਂ 'ਚ ਟੰਗੇ ਵੀਹ ਫੁੱਲਾਂ ਵਾਲੇ ਕੁੱਜੇ ਵੀ ਹੱਸ ਰਹੇ ਸੀ। ਵਿਅੰਗ ਭਰਿਆ ਹਾਸਾ। ਕਿਸੇ ਦੇ ਸਿਰ 'ਤੇ ਮਹਾ-ਰਾਸ਼ਟਰੀ ਪੱਗੜੀ ਸੀ। ਕਿਸੇ ਦੇ ਸਿਰ 'ਤੇ ਕਾਠੀਆਵਾੜੀ। ਕੋਈ ਉੜੀਆ ਬੋਲ ਰਿਹਾ ਸੀ ਤੇ ਕੋਈ ਕੰਨੜ।

-ਇਹ ਲੋਕ ਕੌਣ ਨੇ ਬਾਬਾ? ਤੁਸੀਂ ਲੋਕ ਇਸ ਤਰ੍ਹਾਂ ਮੈਨੂੰ ਦੇਖਦੇ ਕਿਉਂ ਹੱਸ ਰਹੇ ਹੋ?

-ਅਸੀਂ ਵੱਖ-ਵੱਖ ਪ੍ਰਾਂਤਾਂ ਦੀਆਂ ਆਤਮ-ਹੱਤਿਆ ਕਰਨ ਵਾਲੇ ਕਿਸਾਨ ਆਂ ਬੱਚਾ! ਇਕ ਕੁੱਜੇ 'ਚੋਂ ਆਵਾਜ਼ ਆਈ-ਹੱਸ ਰਹੇ ਆਂ ਤੇਰੀ ਇਸ ਬਚਕਾਨੀ ਸੋਚ 'ਤੇ ਕਿ ਹਿੰਦੁਸਤਾਨ 'ਚ ਰਹਿ ਕੇ ਕਿਸਾਨੀ ਜੀਵਨ ਦੇ ਦੁੱਖ ਤੇ ਦਰਿਦਰਤਾ ਤੋਂ ਮੁਕਤ ਹੋਣ ਦਾ ਸੁਪਨਾ ਦੇਖ ਰਿਹਾ ਏਂ। ਇਹ ਸੁਪਨਾ ਕਦੇ ਵੀ ਪੂਰਾ ਨਹੀਂ ਹੋਣ ਵਾਲਾ ਬੱਚੇ! ਬਿਨਾਂ ਭਵ-ਸਾਗਰ ਪਾਰ ਕਰਨਾ ਪਵੇਗਾ।

ਭਲਵਾਨ ਅਵਾਕ ਸੁਣ ਰਿਹਾ ਸੀ।



ਪਾਂਡੇ ਬਾਬਾ ਫਿਰ ਬੋਲਿਆ-ਮ੍ਰਿਤਕ ਲੋਕ ਭ੍ਰਮ-ਜਾਲ ਕਿਉਂ ਪੈ ਰਹੇ ਹੋ ਬੱਚਾ? ਛੱਡੋ ਸਾਰਾ ਜੰਜਾਲ। ਸਾਡੇ ਕੋਲ ਆ ਜਾਓ। ਕਹਿਣ ਦੇ ਨਾਲ ਪਾਂਡੇ ਬਾਬਾ ਨੇ ਆਪਣੀਆਂ ਦੋਵੇਂ ਬਾਹਵਾਂ ਫੈਲਾ ਦਿੱਤੀਆਂ।

ਭਲਵਾਨ ਡਰ ਗਿਆ। ਮੁੜ ਕੇ ਭੱਜਿਆ। ਪਰ ਇਹ ਕਿਉਂ? ਕਿੰਨਾ ਵੀ ਭੱਜਦਾ, ਮੁੜ ਕੇ ਦੇਖਦੇ ਤਾਂ ਪਾਂਡੇ ਬਾਬੇ ਦੇ ਦੋਵੇਂ ਹੱਥ ਇਕਦਮ ਪਿੱਛੇ ਲੱਗੇ ਦਿੱਸਦੇ। ਉਹ ਭੱਜਦਾ-ਭੱਜਦਾ ਹਫ਼ਣ ਲੱਗਾ। ਅੱਖ ਖੁੱਲੀ ਤਾਂ ਸਾਹ ਬਹੁਤ ਤੇਜ਼ ਚੱਲ ਰਿਹਾ ਸੀ। ਤਾਂ ਕੀ ਪਾਂਡੇ ਬਾਬਾ ਉਹਨੂੰ ਆਤਮ-ਹੱਤਿਆ ਲਈ ਉਕਸਾ ਰਿਹਾ ਹੈ?

ਅੱਖਾਂ ਮੀਟ ਕੇ ਲੇਟੇ ਭਲਵਾਨ ਦੇ ਮਨ 'ਚ ਸੋਗ ਦੀ ਇਕ ਮੱਧਮ ਜੇਹੀ ਧੁੰਨ ਵੱਜ ਰਹੀ ਏ। ਸਵੇਰੇ ਜਾਗਣ ਦੇ ਨਾਲ ਵੱਜਣੀ ਸ਼ੁਰੂ ਹੋਈ ਏ। ਪਹਿਲਾਂ ਵੀ ਕਈ ਵਾਰ ਇਹ ਧੁੰਨ ਵੱਜੀ ਏ, ਜਦ ਬਹੁਤ ਉਦਾਸ ਨਿਰਾਸ਼ ਹੋਇਆ ਹੈ। ਬਹੁਤ ਪਹਿਲਾਂ ਕਿਸੇ ਨੇਤਾ ਦੀ ਮੌਤ ਤੇ ਉਹਨੇ ਰੇਡੀਓ 'ਤੇ ਸ਼ਹਿਨਾਈ ਦੀ ਅਜੇਹੀ ਧੁੰਨ ਸੁਣੀ ਸੀ। ਇੱਧਰ ਇਸ ਧੁਨ ਨਾਲ ਉਹਨੂੰ ਡਰ ਲੱਗਣ ਲੱਗਾ ਹੈ। ਡਰ ਲੱਗਦਾ ਹੈ ਕਿ ਕਿਸੇ ਦਿਨ ਅਕਲ ਉਸਦਾ ਸਾਥ ਨਾ ਛੱਡ ਦੇਵੇ। ਉਹ ਇਸ ਧੁੰਨ ਦੇ ਪ੍ਰਭਾਵ 'ਚ ਨਾ ਆ ਜਾਏ। ਇਕ ਵਾਰ ਅਖ਼ਬਾਰ 'ਚ ਉਹਨੇ ਅੰਗ੍ਰੇਜ਼ੀ ਦਾ ਇਕ ਸ਼ਬਦ ਪੜ੍ਹਿਆ ਸੀ-ਡਿਪਰੈਸ਼ਨ। ਇਹ ਸ਼ਬਦ ਵੀ ਕਦੀ-ਕਦੀ ਉਹਨੂੰ ਡਰਾਉਂਦਾ ਹੈ।

ਪਿੰਡ 'ਚ ਆਤਮ-ਹੱਤਿਆ ਦੀ ਪ੍ਰਵਿਰਤੀ ਨਵੀਂ ਲੱਗ ਸਕਦੀ ਏ ਪਰ ਭਲਵਾਨ ਨੂੰ ਲੱਗਦਾ ਏ ਕਿ ਇਹ ਇੰਨੀ ਨਵੀਂ ਵੀ ਨਹੀਂ ਹੈ। ਬਦਲੇ ਰੂਪ 'ਚ ਇਹ ਲੰਬੇ ਸਮੇਂ ਤੋਂ ਮੌਜੂਦ ਹੈ। ਆਸਪਾਸ ਦੇ ਦੱਸ-ਪੰਦਰਾਂ ਪਿੰਡਾਂ ਦਾ ਚਾਲੀ-ਪੰਜਾਹ ਸਾਲ ਦਾ ਹਿਸਾਬ ਲਾਇਆ ਜਾਏ ਤਾਂ ਪਤਾ ਲੱਗੇਗਾ ਕਿ ਹਰ ਪਿੰਡ ਦੇ ਦੱਸ-ਪੰਜ ਲੋਕ ਘਰ-ਗ੍ਰਹਿਸਥੀ ਦੀਆਂ ਮੁਸੀਬਤਾਂ ਤੋਂ ਹਾਰ ਮੰਨ ਕੇ ਸਾਧੂ ਬਣਦੇ ਰਹੇ ਹਨ। ਬਾਬਾ ਤੁਲਸੀ ਦਾਸ ਵੀ ਆਪਣੇ ਸਮੇਂ 'ਚ ਇਸਦਾ ਇਕ ਕਾਰਨ ਜਾਇਦਾਦ ਦਾ ਨਸ਼ਟ ਹੋਣਾ ਦੱਸ ਗਏ ਹਨ।

ਪਰ ਸਾਰੇ ਦੁੱਖਾਂ ਤੇ ਮੁਸੀਬਤਾਂ ਦੇ ਬਾਵਜੂਦ ਉਹ ਆਤਮ-ਹੱਤਿਆ ਦੀ ਜ਼ਮੀਨ ਤਿਆਰ ਕਰ ਰਿਹਾ ਹੈ, ਉਹਨਾਂ ਨਾਲ ਦੋ-ਦੋ ਹੱਥ ਕੀਤੇ ਜਾਣ। ਪਿਛਲੇ ਸਾਲ ਜਦੋਂ ਪਾਂਡੇ ਬਾਬਾ ਦੀ ਆਤਮ-ਹੱਤਿਆ ਦਾ ਮਾਮਲਾ ਟੀ.ਵੀ. ਤੇ ਅਖ਼ਬਾਰਾਂ 'ਚ ਗਰਮਾਇਆ ਤਾਂ ਕਿਸੇ ਵੱਡੇ ਨੇਤਾ ਦਾ ਬਿਆਨ ਸੀ। ਉਹ ਹੈਰਾਨ ਸੀ ਕਿ ਕਿਸਾਨ ਦੀ ਭਲਾਈ ਲਈ ਇੰਨੀਆਂ ਯੋਜਨਾਵਾਂ ਲਾਗੂ ਕਰਨ ਦੇ ਬਾਵਜੂਦ ਉਹ ਆਤਮ-ਹੱਤਿਆ ਕਿਉਂ ਕਰ ਰਹੇ ਹਨ? ਕੀ ਇਹਨਾਂ ਨੂੰ ਕੋਈ ਦਿਮਾਗ਼ੀ ਬੀਮਾਰੀ ਹੋ ਗਈ ਏ? ਜਿੰਦਾਂ ਸ਼ਿਕਾਰੀ ਕੁੱਤੇ ਪਾਗ਼ਲ ਹੋ ਕੇ ਭੱਜਣ ਲੱਗਦੇ ਹਨ, ਜਿੰਦਾਂ ਕੁੱਕੜੀਆਂ ਫਟਾਫਟ ਮਰਨ ਲੱਗਦੀਆਂ ਨੇ। ਡਿਪਰੈਸ਼ਨ ਦੀ ਇਸ ਲਹਿਰ ਪਿੱਛੇ ਕੋਈ ਵਿਦੇਸ਼ੀ ਸਾਜ਼ਿਸ਼ ਤਾਂ ਨਹੀਂ ਹੈ? ਜਾਂਚ ਕਰਵਾਉਣੀ ਪਵੇਗੀ।

ਲੋੜ ਏ ਅਜੇਹੇ ਨਾ-ਸਮਝਾਂ ਨੂੰ ਇਹ ਸਮਝਾਉਣ ਦੀ ਕਿ ਦਿਮਾਗ਼ੀ ਬੀਮਾਰੀ ਦੀ ਜਾਂਚ ਕਿਸਾਨਾਂ ਦੀ ਨਹੀਂ, ਕਿਸਾਨਾਂ ਲਈ ਯੋਜਨਾ ਬਣਾਉਣ ਵਾਲੇ ਉਹਨਾਂ ਯੋਜਨਾਕਾਰਾਂ ਦੀ ਦਿਮਾਗ਼ੀ ਜਾਂਚ ਕਰਾਉਣ ਦੀ, ਖੇਲਾਵਨ ਸੈਕਟਰੀ ਦੀ ਮੰਨੀਏ ਤਾਂ ਬਹੁਤਿਆਂ ਨੂੰ ਇਹ ਵੀ ਪਤਾ ਨਹੀਂ ਹੋਵੇਗਾ ਕਿ ਛੋਲਿਆਂ ਦਾ ਦਰਖ਼ਤ ਕਿੱਡਾ ਵੱਡਾ ਹੁੰਦਾ ਹੈ ਜਾਂ ਅਰਹਰ ਦਾਲ ਦਾ? ਆਲੂ ਜ਼ਮੀਨ ਦੇ ਹੇਠਾਂ ਪਲਦਾ ਹੈ ਜਾਂ 'ਤੇ? ਜ਼ਰੂਰਤ ਹੈ ਅਜਿਹੇ ਵਿਸ਼ੇਸ਼ਗਾਂ ਨੂੰ ਹਟਾ ਕੇ ਉੱਥੇ ਜ਼ਮੀਨੀ ਆਦਮੀ ਬਿਠਾਉਣ ਲਈ ਆਵਾਜ਼ ਬੁਲੰਦ ਕਰਨ ਦੀ। ਏਹੀ ਤੇ ਖੇਲਾਵਨ ਭਾਈ ਬਹੁਤ ਦਿਨਾਂ ਤੋਂ ਕਹਿ ਰਹੇ ਹਨ। ਇਸ 'ਚ ਜੋ ਸਬਰ-ਸੰਤੋਖ ਮਿਲੇਗਾ, ਉਹ ਜਾਨ ਦੇਣ 'ਚ ਕਿੱਦਾਂ ਮਿਲ ਸਕਦਾ ਹੈ?

*****

ਉਸ ਦਿਨ ਸ਼ਾਮ ਨੂੰ ਜੋਗੀ ਦੀ ਮਾਂ ਭੱਠੀ ਤੋਂ ਸੱਤੂ ਭੁਨਵਾ ਕੇ ਮੁੜ ਰਹੀ ਸੀ। ਸੈਕਟਰੀ ਜੀ ਦੇ ਘਰ ਦੇ ਸਾਹਮਣੇ ਅੱਪੜੀ ਹੀ ਸੀ ਕਿ ਉਹਦੇ ਛੋਟੇ ਪੁੱਤਰ ਨੇ ਆਵਾਜ਼ ਮਾਰੀ-ਚਾਚੀ ਜੋਗੀ ਭਾਈ ਦਾ ਫ਼ੋਨ ਆਇਆ ਏ। ਉਸਦੇ ਪੈਰ ਆਪਣੇ ਆਪ ਤੇਜ਼ ਹੋ ਗਏ। ਇਸ ਵਾਰ ਰਾਸ਼ਨ ਦਾ ਖ਼ਰਚ ਭੇਜਣ 'ਚ ਦੇਰ ਹੋ ਗਈ। ਪੁੱਤਰ ਪ੍ਰੇਸ਼ਾਨ ਹੋ ਗਿਆ ਹੋਵੇਗਾ।

ਆਖਦੀ ਹਾਂ ਕੱਲ੍ਹ ਹੀ ਤੇਰੇ ਭਾਪਾ ਆਉਣਗੇ।

ਫ਼ੋਨ 'ਹੋਲਡ' ਰੱਖਿਆ ਹੋਇਆ ਸੀ। ਉਹਨੇ ਸੱਤੂ ਦੀ ਦੌਰੀ ਹੇਠਾਂ ਰੱਖੀ ਤਾਂ ਲੜਕੇ ਨੇ ਫ਼ੋਨ ਦਾ ਚੋਗਾ ਉਹਦੇ ਕੰਨ ਨੂੰ ਲਾ ਦਿੱਤਾ।

-ਹਾਂ ਬੇਟਾ। ਕਿੱਦਾਂ ਏਂ? ਖਾਣਾ-ਪੀਣਾ ਸਮੇਂ ਸਿਰ ਲੈ ਰਿਹੈਂ? ਰਾਸ਼ਨ ਖ਼ਤਮ ਹੋ ਗਿਆ ਹੋਵੇਗਾ? ਵੱਛਾ ਵਿਕ ਗਿਆ ਏ। ਕੱਲ੍ਹ ਹੀ ਤੇਰੇ ਭਾਪਾ ਆ ਰਹੇ ਨੇ। ਚੰਗਾ। ਤੈਨੂੰ ਮਾਮਾ ਦੇ ਗਏ? ਕਦੋਂ? ਤੇ ਕੁਝ ਹੋਰ ਨਹੀਂ ਕਹਿ ਰਹੇ ਸੀ?

-ਮਾਂ, ਅਜੇ ਮੇਰੀ ਸ਼ਾਦੀ-ਵਿਆਹ ਦੀ ਗੱਲ ਹਰਗਿਜ਼ ਨਾ ਕਰੋ। ਮਾਮਾ ਬਹੁਤ ਜ਼ੋਰ ਦੇ ਰਹੇ ਸਨ।

-ਹਾਂ ਬੇਟਾ। ਆਏ ਤਾਂ ਸੀ ਏਥੇ ਵੀ। ਇੰਜ ਕਰ, ਤੇਰੇ ਬਾਬਾ ਨੂੰ ਬੁਲਾ ਲੈਂਦੇ ਆਂ। ਉਹਨੇ ਉਂਗਲੀ ਨਾਲ ਖੇਲਾਵਨ ਦੇ ਪੁੱਤ ਨੂੰ ਇਸ਼ਾਰਾ ਕੀਤਾ-ਉਹਨੂੰ ਹੀ ਜੋ ਕੁਝ ਕਹਿਣਾ ਹੋਵੇਗਾ ਕਹਿ ਦੇਈਂ।

-ਮਾਂ, ਭਾਪਾ ਨੂੰ ਨਾ ਬੁਲਾਓ। ਮੈਂ ਉਹਨਾਂ ਨੂੰ ਨਹੀਂ ਆਖ ਸਕਾਂਗਾ। ਤੁਹਾਨੂੰ ਦੱਸ ਦਿੱਤਾ ਏ। ਫ਼ੋਨ ਕੱਟ ਰਿਹਾ ਹਾਂ। ਬਿੱਲ ਵਧ ਰਿਹਾ ਏ।

-ਅਜੇਹਾ ਏ ਬੇਟਾ, ਮਾਲਿਕ ਮੁਖ਼ਤਿਆਰ ਤਾਂ ਤੇਰਾ ਭਾਪਾ ਈ ਏ ਨਾ! ਜਿੱਦਾਂ ਉਹਨੂੰ ਠੀਕ ਲੱਗੇ, ਉਵੇਂ ਕਰਨ 'ਚ ਸਾਰਿਆਂ ਦਾ ਭਲਾ ਹੋਵੇਗਾ, ਉਹੀ ਤਾਂ ਕਰਨ 'ਚ ਠੀਕ ਰਹੇਗਾ ਬੇਟਾ। ਆਏਂ ਬੋਲ? ਬੋਲਦਾ ਕਿਉਂ ਨਹੀਂ?

ਫ਼ੋਨ 'ਚੋਂ ਟੂੰ-ਟੂੰ ਦੀ ਆਵਾਜ਼ ਆਉਣ ਲੱਗੀ।

-ਆਵਾਜ਼ ਨਹੀਂ ਆਉਂਦੀ।

ਖੇਲਾਵਨ ਦੀ ਬਹੂ ਨੇ ਫ਼ੋਨ ਦਾ ਚੋਗਾ ਉਹਦੇ ਹੱਥੋਂ ਲੈ ਕੇ ਆਪਣੇ ਕੰਨ ਨੂੰ ਲਾਇਆ ਤੇ ਬੋਲੀ-ਕੱਟ ਗਿਆ। ਟੂੰ-ਟੂੰ ਹੋਵੇ ਤਾਂ ਸਮਝੋ ਕੱਟ ਗਿਆ।.....ਤੇ ਚੋਗਾ ਫ਼ੋਨ 'ਤੇ ਰੱਖ ਦਿੱਤਾ।

ਲਵਾਨ ਦੇ ਨਾਲ ਖੇਲਾਵਨ ਛੱਪਰ 'ਚ ਆ ਗਿਆ। ਖੇਲਾਵਨ ਦੀ ਬਹੂ ਨੇ ਦੱਸਿਆ-ਜੋਗੀ ਦਾ ਫ਼ੋਨ ਆਇਆ ਸੀ। ਹੁਣੇ-ਹੁਣੇ ਕੱਟਿਆ ਏ।

-ਕੀ ਕਹਿ ਰਿਹਾ ਸੀ? ਭਲਵਾਨ ਨੇ ਘਰਵਾਲੀ ਨੂੰ ਪੁੱਛਿਆ।

-ਕਹਿ ਰਿਹਾ ਸੀ ਕਿ ਮਾਮਾ ਆਏ ਸਨ। ਰਾਸ਼ਨ ਤੇ ਕਿਰਾਇਆ ਦੇ ਗਏ ਨੇ। ਵਿਆਹ-ਸ਼ਾਦੀ ਕਰਨ ਲਈ ਆਖ ਰਹੇ ਸੀ। ਉਸਨੇ ਇਨਕਾਰ ਕਰ ਦਿੱਤਾ। ਕਹਿ ਰਿਹਾ ਸੀ ਕਿ ਬਾਬਾ ਨੂੰ ਬੁਲਾਓ, ਮੇਰੀ ਸ਼ਾਦੀ ਵਿਆਹ ਦੀ ਗੱਲ ਅਜੇ ਹਰਗਿਜ਼ ਨਾ ਕਰਨਾ।

ਪਾਂਡੇ ਬਾਬੇ ਦੀ ਬਰਸੀ 'ਤੇ ਇਕੱਠੀ ਹੋਈ ਭੀੜ ਦੇਖ ਕੇ ਖੇਲਾਵਨ ਨੂੰ ਰਾਹਤ ਮਹਿਸੂਸ ਹੋ ਰਹੀ ਹੈ ਕਿ ਕਿਸਾਨਾਂ ਨੂੰ ਆਪਣੇ 'ਤੇ ਮੰਡਰਾਉਂਦੇ ਖ਼ਤਰੇ ਦੀ ਆਣ ਭਿਣਕ ਪੈ ਗਈ ਏ, ਆਸਪਾਸ ਦੇ ਦੱਸ-ਬਾਰਾਂ ਪਿੰਡਾਂ ਤੋਂ ਹੀ ਚਾਰ-ਪੰਜ ਹਜ਼ਾਰ ਦੀ ਭੀੜ ਇਕੱਠੀ ਹੋ ਗਈ। ਖੇਲਾਵਨ ਨੇ ਇਸ ਲਈ ਘੱਟ ਮਿਹਨਤ ਨਹੀਂ ਸੀ ਕੀਤੀ। ਪੁਰਾਣੇ ਅਨੁਭਵ ਤੋਂ ਸਬਕ ਲੈਂਦਿਆਂ ਹੋਇਆਂ ਉਹਨੇ ਪਾਂਡੇ ਬਾਬਾ ਦੇ ਪਿੰਡ ਦੇ ਲੋਕਾਂ ਨਾਲ ਬਹਿ ਕੇ ਨੇੜੇ-ਤੇੜੇ ਦੇ ਪਿੰਡਾਂ ਦੇ ਹਰ ਬਰਾਦਰੀ ਦੇ



ਮੋਹਤਬਰ ਲੋਕਾਂ ਦੀ ਸੂਚੀ ਬਣਾਈ ਤੇ ਆਦਮੀ ਘੱਲ ਕੇ ਸੱਦਾ ਪੱਤਰ ਪਹੁੰਚਾਏ। ਇਹ ਸੱਚਮੁੱਚ ਸੰਤੋਸ਼ ਕਰਨ ਵਾਲੀ ਗੱਲ ਸੀ ਕਿ ਸਾਰੀਆਂ ਜਾਤੀਆਂ ਦੇ ਲੋਕ ਇਕ ਮੰਚ 'ਤੇ ਇਕੱਠੇ ਹੋਏ।

ਲੋਕ ਗਾਇਕ ਪਰਵਾਨਾ ਦੇ ਗੀਤਾਂ ਦਾ ਪ੍ਰਭਾਵ ਵੀ ਇੰਨਾ ਸੀ ਕਿ ਬਹੁਤ ਜ਼ਿਆਦਾ ਭੀੜ ਹੋ ਗਈ ਸੀ। ਪਰਵਾਨੇ ਦੇ ਢੋਲ ਦੀ ਗੂੰਜ ਸਵੇਰ ਤੋਂ ਹੀ ਪੈਣ ਲੱਗੀ ਸੀ। ਪਾਂਡੇ ਬਾਬੇ ਦੇ ਪਿੰਡ ਦੇ ਤਲਾਅ ਦੇ ਸਾਹਮਣੇ ਵਾਲੀ ਇੰਨੀ ਵੱਡੀ ਬਾਗ਼ ਵਾਲੀ ਥਾਂ ਨਾ ਹੁੰਦੀ ਤਾਂ ਇਹ ਭੀੜ ਕਿੱਥੇ ਸਮਾਉਂਦੀ? ਲੋਕ ਤਲਾਅ 'ਚ ਨਹਾ ਕੇ ਤਿਲਾਂਜਲੀ ਦੇਣ ਦਾ ਕੰਮ ਤਿੰਨ ਵਜੇ ਤੱਕ ਕਰਦੇ ਰਹੇ। ਭਾਸ਼ਣਾਂ ਦਾ ਸਿਲਸਿਲਾ ਤਾਂ ਸੂਰਜ ਡੁੱਬਣ ਤੱਕ ਚੱਲਦਾ ਰਿਹਾ। ਪੂਰੀਆਂ ਛੋਲੇ ਵੰਡਾਉਣ ਤੇ ਸ਼ਰਬਤ ਤਿਆਰ ਕਰਾਉਂਦੇ ਹੋਏ ਵੀ ਭਲਵਾਨ ਦੇ ਕੰਨ ਭਾਸ਼ਣ ਵੱਲ ਹੀ ਲੱਗੇ ਰਹੇ। ਕਿੰਨੀਆਂ ਨਵੀਆਂ-ਨਵੀਆਂ ਜਾਣਕਾਰੀਆਂ ਹੋਈਆਂ!

ਭਲਵਾਨ ਨੂੰ ਉਸ ਵਕਤਾ ਦਾ ਭਾਸ਼ਣ ਬਹੁਤ ਚੰਗਾ ਲੱਗਾ ਜਿਸਨੇ ਕਿਸਾਨਾਂ ਦੀਆਂ ਸਮੱਸਿਆਵਾਂ ਲਈ ਸੰਘਰਸ਼ ਕਰਨ ਲਈ ਆਪਣਾ ਸੰਗਠਨ ਬਣਾਇਆ ਹੈ। ਸੰਗਠਨ 'ਚ ਸ਼ਾਮਿਲ ਹੋਣ ਲਈ ਕੀਤਾ ਗਿਆ, ਉਸਦਾ ਉਪਰਾਲਾ ਕਿੰਨਾ ਜ਼ੋਰਦਾਰ ਸੀ-ਜਿੱਦਾਂ ਸਵਰਾਜੀਆਂ 'ਚ ਨਾਂ ਲਿਖਵਾਉਣ ਲਈ ਗਾਂਧੀ ਜੀ ਨੇ ਉਪਰਾਲਾ ਕੀਤਾ ਸੀ। ਜਿੱਦਾਂ ਆਜ਼ਾਦ ਹਿੰਦ ਫ਼ੌਜ 'ਚ ਭਰਤੀ ਹੋਣ ਲਈ ਨੇਤਾ ਜੀ ਨੇ ਆਵਾਜ਼ ਦਿੱਤੀ ਸੀ। ਜਿੱਦਾਂ ਜ਼ਿਮੀਂਦਾਰਾਂ ਦੇ ਵਿਰੁੱਧ ਲਾਮਬੰਦ ਹੋਣ ਲਈ ਇਸੇ ਧਰਤੀ ਤੋਂ ਬਾਬਾ ਰਾਮ ਚੰਦ੍ਰ ਨੇ ਪੁਕਾਇਆ ਸੀ, ਉਸੇ ਤਰ੍ਹਾਂ ਕਿਸਾਨਾਂ ਦੇ ਨਾਲ ਬੇਇਨਸਾਫ਼ੀ ਕਰਨ ਵਾਲਿਆਂ ਦੇ ਖ਼ਿਲਾਫ਼ ਹੋਣ ਲਈ ਅਸੀਂ ਆਵਾਜ਼ ਦੇਣ ਆਏ ਹਾਂ।

ਜਦੋਂ ਉਸਨੇ ਦੋਵੇਂ ਹੱਥ ਖੜੇ ਕਰਕੇ ਅਵਧੀ ਭਾਸ਼ਾ 'ਚ ਪੁੱਛਿਆ-ਬੋਲਾ ਕੇ ਤੈਆਰ ਬਾ?

ਤਾਂ ਹਜ਼ਾਰਾਂ ਮੂੰਹਾਂ 'ਚੋਂ ਆਵਾਜ਼ ਨਿਕਲੀ-ਸਬ ਕੇਹੂ ਤੈਆਰ ਬਾ।

ਆਵਾਜ਼ ਦੇ ਨਾਲ ਹਜ਼ਾਰਾਂ ਹੱਥ ਹਵਾ 'ਚ ਉੱਠ ਗਏ ਸਨ। ਭਲਵਾਨ ਨੂੰ ਯਾਦ ਆਉਂਦਾ ਏ, ਇਕ ਵਕਤਾ ਕਹਿ ਰਿਹਾ ਸੀ ਕਿ ਦੇਵਤਾ ਪਿੱਤਰ ਨੂੰ ਮਿਠਾਈਆਂ ਖਵਾਉਣ ਤੇ ਜਲ ਚੜ੍ਹਾਉਣ ਨਾਲ ਜਾਨ ਨਹੀਂ ਬਚਣ ਵਾਲੀ। ਜਾਨ ਬਚੇਗੀ ਤਾਂ ਸਿਰਫ਼ ਕਮਰ-ਕੱਸਾ ਕਰ ਕੇ ਜੂਝਣ ਨਾਲ। ਭਲਵਾਨ ਨੂੰ ਲੱਗਦਾ ਹੈ, ਜਿੱਦਾਂ ਉਹ ਵਕਤਾ ਖ਼ਾਸ ਉਹਨਾਂ 'ਤੇ ਵਿਅੰਗ ਕਰ ਰਿਹਾ ਸੀ।

ਬਰਸੀ ਤੋਂ ਪੈਦਲ ਪਿੰਡ ਮੁੜਨ ਵਾਲਿਆਂ ਦਾ ਦਲ ਸਿੱਧੇ ਖੇਤਾਂ ਦੀਆਂ ਵੱਟਾਂ ਤੋਂ ਹੋ ਕੇ ਮੁੜ ਰਿਹਾ ਹੈ। ਪੰਦਰਾਂ ਵੀਹ ਲੋਕਾਂ ਦਾ ਦਲ। ਪੈਦਲ ਵਾਲਿਆਂ ਦੀ ਅਗਵਾਈ ਭਲਵਾਨ ਕਰ ਰਿਹਾ ਹੈ। ਹਨੇਰਾ ਵਧਣ ਦੇ ਨਾਲ-ਨਾਲ ਹਵਾ 'ਚ ਠੰਢ ਉਤਰ ਆਈ ਹੈ।

ਬੋਲਿਆ ਤਾਂ ਆਪਣੇ ਪੀ.ਸੀ.ਐੱਸ. ਬੇਟਾ ਵੀ ਪਰ ਉਹਦੇ ਭਾਸ਼ਣ 'ਤੇ ਓਨੀਆਂ ਤਾੜੀਆਂ ਨਹੀਂ ਵੱਜੀਆਂ। ਪਿੱਛੇ-ਪਿੱਛੇ ਆ ਰਿਹਾ ਸੂਬੇਦਾਰ ਹਰਦਿਆਲ ਕਹਿੰਦਾ ਹੈ।

-ਤਾੜੀਆਂ ਤਾਂ ਵੱਜਦੀਆਂ ਜੇਕਰ ਕਿਸੇ ਨੂੰ ਸਮਝ ਆਉਂਦਾ।

ਬੀ.ਐੱਸ.ਸੀ. ਬੀ. ਐੱਡ. ਕਰਕੇ ਪੰਜ ਸਾਲ ਤੋਂ ਪ੍ਰਾਈਵੇਟ ਸਕੂਲ 'ਚ ਪੰਜ ਸੌ ਰੁਪਏ 'ਤੇ ਮਾਸਟਰੀ ਕਰਨ ਵਾਲੇ ਰਾਧੇ ਸ਼ਿਆਮ ਕਹਿੰਦੇ ਨੇ-ਕਿੰਨੀ ਤਰ੍ਹਾਂ ਦੇ ਖ਼ਤਰਿਆਂ ਤੋਂ ਸੁਚੇਤ ਕੀਤਾ ਪੀ.ਸੀ.ਐੱਸ. ਨੇ। ਕੋਈ ਸਮਝ ਸਕਿਆ ਬਹੁ-ਰਾਸ਼ਟਰੀ ਕੰਪਨੀਆਂ ਦੁਆਰਾ ਬੀਜ ਪੇਟੈਂਟ ਕਰਾਉਣ ਨਾਲ ਪੈਦਾ ਹੋਇਆ ਖ਼ਤਰਾ। ਕਿਸਾਨਾਂ ਦੀ ਜ਼ਮੀਨ ਹੜਪ ਕੇ ਉਦਯੋਗ ਪਤੀਆਂ ਨੂੰ ਦੇਣ ਦਾ ਖ਼ਤਰਾ। ਸੜਕਾਂ ਦਾ ਜਾਲ ਵਿਛਾਣ 'ਚ ਕਿਸਾਨਾਂ ਦੀ ਜ਼ਮੀਨ ਮਿੱਟੀ ਦੇ ਭਾਅ ਕਬਜ਼ਾ ਕਰਨ ਦਾ ਖ਼ਤਰਾ। ਕਿਸਾਨਾਂ ਲਈ ਜ਼ਰੂਰੀ ਵਸਤੂਆਂ 'ਤੇ ਸਬਸਿੱਡੀ ਵਧਾਉਣ ਦੀ ਬਜਾਏ ਘਟਾਏ ਜਾਣ ਦਾ

ਖ਼ਤਰਾ। ਕਿੰਨੀਆਂ ਅੱਖਾਂ ਖੋਲ੍ਹਣ ਵਾਲੀਆਂ ਗੱਲਾਂ ਦੱਸੀਆਂ ਕਿ ਦੂਸਰੇ ਉਤਪਾਦਕਾਂ ਦੇ ਉਤਪਾਦ ਲਈ ਐਮ. ਆਰ. ਪੀ. ਤਹਿ ਹੁੰਦਾ ਹੈ ਯਾਨੀ ਮੈਕਸੀਮਮ ਰੀਟੇਲ ਪ੍ਰਾਈਸ। ਜਦੋਂਕਿ ਕਿਸਾਨ ਦੇ ਉਤਪਾਦ ਲਈ ਮਿਨੀਮਮ ਸੋਪੋਰਟਿੰਗ ਪ੍ਰਾਈਸ ਯਾਨੀ ਨਿਊਨਤਮ ਸਮਰਥਨ ਮੁੱਲ। ਬਾਕੀ ਦੇ ਹਿੱਸਿਆਂ 'ਚ ਮੈਕਸੀਮਮ ਤੇ ਕਿਸਾਨ। ਇੰਨਾ ਮਿਨਿਮਮ ਕਿ ਲਾਗਤ ਦਾ ਅੱਧਾ ਮਿਲਣਾ ਵੀ ਪਹਾੜ। ਇਹਨਾਂ ਗੱਲਾਂ ਦੀ ਤਹਿ ਤੱਕ ਜੋ ਅਪੜੇਗਾ ਉਹੀ ਤਾਂ ਤਾੜੀ ਮਾਰੇਗਾ?

ਸਾਰੇ ਚੁੱਪ ਹੋ ਗਏ।

ਸੱਚਮੁੱਚ ਰਾਜੇਸ਼ਵਰ ਦੀ ਜਾਣਕਾਰੀ ਹੈਰਾਨ ਕਰਨ ਵਾਲੀ ਹੈ। ਭਲਵਾਨ ਸੋਚਦਾ ਹੈ। ਜਾਣਕਾਰ ਵੀ ਤੇ ਜੁਝਾਰੂ ਵੀ। ਉਹਨੂੰ ਉਸਦੀ ਉਸ ਦਿਨ ਦੀ ਦਲੇਰੀ ਯਾਦ ਆਉਂਦੀ ਹੈ ਜਦੋਂ ਇਕੱਲੇ ਦਮ 'ਤੇ ਉਸਨੇ ਉਸਨੂੰ ਅਮੀਨ ਦੇ ਚੁੰਗਲ 'ਚੋਂ ਛੁਡਵਾਇਆ ਸੀ। ਜਿੱਥੇ ਪਿੰਡ ਦੇ ਜ਼ਿਆਦਾਤਰ ਲੜਕੇ ਕਾਲਜ ਤੇ ਬਾਜ਼ਾਰ 'ਚ ਕੁੜੀਆਂ ਦੇ ਦੁਪੱਟੇ ਖਿੱਚਦੇ ਤੇ ਹਾ-ਹਾ ਠੀ-ਠੀ ਕਰਨ 'ਚ ਲੱਗੇ ਹਨ; ਝੋਂਪੜੀ ਜੇਹੇ ਆਪਣੇ ਘਰਾਂ 'ਚ ਏਸ਼ਵਰਿਆ ਰਾਏ ਤੇ ਸ਼ਾਹਰੁਖ ਖ਼ਾਨ ਦਾ ਪੋਸਟਰ ਚਿਪਕਾਉਣ 'ਚ ਮਸਤ ਹਨ, ਉੱਥੇ ਹੀ ਰਾਜੇਸ਼ਵਰ ਜੇਹਾ ਲੜਕਾ ਵੀ ਉਹਦੇ ਪਿੰਡ 'ਚ ਪੈਦਾ ਹੋਇਆ ਹੈ-ਇਸ 'ਤੇ ਉਹਨੂੰ ਮਾਣ ਏ। ਉਹ ਖ਼ੁਦ ਕਿਸੇ ਦਿਨ ਵਿਹਲ 'ਚ ਉਸਦੇ ਕੋਲ ਬਹਿਕੇ ਸਾਰੀਆਂ ਗੱਲਾਂ ਸਾਂਝੀਆਂ ਕਰੇਗਾ ਤੇ ਸਮਝੇਗਾ।

ਤਾਂ ਹੀ ਫ਼ਕੀਰਾ ਪੁੱਛਦਾ ਏ-ਕਾਕਾ, ਤੁਸੀਂ ਕਿਉਂ ਨਹੀਂ ਬੋਲੇ?

ਭਲਵਾਨ ਹੱਸਿਆ-ਵੱਡੇ-ਵੱਡੇ ਵਿਦਵਾਨਾਂ 'ਚ ਮੈਂ ਕੀ ਬੋਲਦਾ ਫ਼ਕੀਰੇ ਭਾਈ!

ਪਰ ਅਜੇਹਾ ਨਹੀਂ ਸੀ। ਭਾਸ਼ਣ ਸੁਣਦੇ ਹੋਏ ਭਲਵਾਨ ਦੇ ਮਨ 'ਚ ਵੀ ਬੋਲਣ ਦੀ ਲਲਕ ਉੱਠੀ ਸੀ। ਕਈ ਵਾਰ ਪਾਸੇ ਜਾ ਕੇ ਉਹਨੇ ਬੋਲਣ ਵਾਲੀਆਂ ਗੱਲਾਂ ਨੂੰ ਮਨ ਹੀ ਮਨ 'ਚ ਦੁਹਰਾਇਆ ਸੀ। ਉਸ ਸਮੇਂ ਕੋਈ ਕਹਿੰਦਾ ਤਾਂ ਜ਼ਰੂਰ ਬੋਲਦਾ। ਬੋਲਦਾ ਕਿ ਜੋ ਬਾਹਰੀ ਲੋਕ ਲੁੱਟ ਰਹੇ ਹਨ, ਚੂਸ ਰਹੇ ਹਨ, ਉਹਨਾਂ ਤੋਂ ਬਚਾਣ ਲਈ ਤਾਂ ਏਨੇ ਏਨੇ ਲੋਕ ਤਿਆਰ ਹਨ ਪਰ ਜਿੱਥੇ ਭਰਾ-ਭਰਾ ਨੂੰ ਲੁੱਟ ਰਿਹਾ ਹੈ, ਉਸਤੋਂ ਕੌਣ ਬਚਾਏਗਾ? ਕਹਿੰਦੇ ਕਿ ਸਾਰੇ ਲੜਕਿਆਂ ਦੇ ਪਿਉ ਇਸੇ ਮੀਟਿੰਗ 'ਚ ਹੱਥ 'ਚ ਗੰਗਾ ਜਲ ਲੈ ਕੇ ਕਸਮ ਖਾਣ ਕਿ ਦਾਜ ਲੈਣਾ ਹਰਾਮ ਹੈ। ਦਾਜ ਲੈ ਲਓ ਤਾਂ ਸਮਝੋ ਆਪਣੀ ਬੇਟੀ ਦਾ....ਖੋਲੋ। ਬੋਲਦੇ ਤਾਂ ਬੋਲਣ ਦੇ ਬਾਅਦ ਸਭ ਤੋਂ ਪਹਿਲਾਂ ਖ਼ੁਦ ਕਸਮ ਖਾਂਦੇ।

ਉਸੇ ਵੇਲੇ ਥੋੜ੍ਹੀ ਦੂਰ ਤੋਂ ਹੋ ਕੇ ਲੰਘ ਰਹੇ ਦੂਸਰੇ ਪਿੰਡ ਦੇ ਦਲ ਦਾ ਕੋਈ ਨੌਜਵਾਨ ਉੱਚੇ ਸੁਰ 'ਚ ਗਾਣਾ ਸ਼ੁਰੂ ਕਰਦਾ ਹੈ-ਹੁਣੇ ਹੁਣੇ ਮੀਟਿੰਗ 'ਚ ਸੁਣਿਆ ਹੋਇਆ ਲੋਕ ਗੀਤ:

ਦੇਸਵਾ ਹੋਈ ਗਵਾ ਸੁਖਾਰੀ ਹਮ ਭਿਖਾਈ ਰਹਿ ਗਏ। ਸਾਰੇ ਚੁੱਪ ਹੋ ਕੇ ਸੁਣਨ ਲੱਗਦੇ ਨੇ। ਆਪਣੇ ਭਿਖਾਰੀ ਹੋਣ ਦਾ ਬੋਧ ਉਹਨਾਂ ਨੂੰ ਨਿਰਵਾਕ ਕਰ ਦੇਂਦਾ ਹੈ। ਭਲਵਾਨ ਸੋਚਦਾ ਹੈ-ਸੱਚਮੁੱਚ ਅਸੀਂ ਉਸ ਸਮੇਂ ਵੀ ਭਿਖਾਰੀ ਸੀ ਜਦੋਂ ਅੰਗ੍ਰੇਜ਼ ਦਾ, ਨਵਾਬਾਂ ਦਾ, ਜ਼ਿਮੀਂਦਾਰਾਂ ਦਾ ਰਾਜ ਸੀ ਤੇ ਅੱਜ ਵੀ ਭਿਖਾਰੀ ਆ, ਇਸ ਰਾਜ 'ਚ ਜਿਸਨੂੰ ਸਾਰੇ ਸਵਰਾਜ ਕਹਿੰਦੇ ਹਨ।

(13)

ਭਲਵਾਨ ਨੂੰ ਇਕੱਲੇ ਨੂੰ ਦੇਖ ਕੇ ਪੱਪੂ ਦੀ ਮਾਂ ਨੇ ਪੁੱਛਿਆ-ਜੋਗੀ ਪੱਪੂ ਦੇ ਮਾਮਾ ਕਿੱਥੇ ਨੇ?

-ਜੋਗੀ ਦੇ ਮਾਮਾ ਮੇਰੇ ਨਾਲ ਕਿੱਥੇ ਸੀ?

-ਉੱਧਰ ਸਵੇਰੇ ਤੂੰ ਪਾਂਡੇ ਬਾਬੇ ਦੇ ਪਿੰਡ ਜਾਣ ਲਈ ਨਿਕਲਿਆ ਇੱਧਰ ਉਹ ਆ ਗਿਆ। ਫਿਰ ਦੁਪਹਿਰ ਨੂੰ ਖਾਣਾ ਖਾਣ ਦੇ ਬਾਅਦ ਬੋਲਿਆ-ਮੈਂ ਵੀ ਬਰਸੀ 'ਚ ਜਾਣਾ ਏ। ਉੱਥੇ ਹੀ ਜੀਜੇ ਨਾਲ ਮੁਲਾਕਾਤ ਹੋ ਜਾਏਗੀ।



-ਭੀੜ 'ਚ ਲੱਭ ਨਹੀਂ ਸਕਿਆ ਹੋਵੇਗਾ। ਕਿਸ ਲਈ ਆਇਆ ਸੀ?

-ਦੱਸਣ ਲਈ ਆਇਆ ਸੀ ਕਿ ਲਾਲ ਬਾਬੂ ਜੋਗੀ ਦੀ ਪੜ੍ਹਾਈ ਦਾ ਸਾਰਾ ਖ਼ਰਚਾ ਚੁੱਕਣ ਲਈ ਤਿਆਰ ਨੇ। ਇਹ ਵੀ ਕਹਿ ਰਿਹਾ ਸੀ ਕਿ ਜੋਗੀ ਦੀ ਪੜਾਈ ਪੂਰੀ ਹੋਣ ਤੱਕ ਉਹ ਇੰਤਜ਼ਾਰ ਕਰਨ ਲਈ ਵੀ ਤਿਆਰ ਨੇ। ਬਸ ਕੁਝ ਪੱਕਾ ਹੋ ਜਾਏ, ਤਿਲਕ ਦੀ ਰਸਮ ਕਰ ਲਈਏ।

-ਤਾਂ ਤੂੰ ਕੀ ਕਿਹਾ? ਭਲਵਾਨ ਨੇ ਮੰਜੀ 'ਤੇ ਬਹਿੰਦਿਆਂ ਹੋਇਆਂ ਪੁੱਛਿਆ।

ਪੱਪੂ ਦੀ ਮਾਂ ਨੇ ਬੇਟੀ ਨੂੰ ਗੁੜ-ਪਾਣੀ ਤੇ ਹੁੱਕਾ ਭਰਕੇ ਲਿਆਉਣ ਲਈ 'ਵਾਜ ਮਾਰੀ।

-ਮੈਂ ਕੀ ਕਹਿੰਦੀ। ਛੋਟਾ ਭਰਾ ਏ। ਪਰ ਪਿਛਲੀ ਵਾਰੀ ਜੋਗੀ ਕੋਲ ਜਾ ਕੇ ਮੁੜ ਕੇ ਤੂੰ ਆਪ ਹੀ ਤਾਂ ਦੱਸਦਾ ਸੀ ਕਿ ਕਿੰਨੀ ਔਖੀ ਪੜ੍ਹਾਈ ਏ ਇੰਜੀਨੀਅਰਿੰਗ ਦੀ। ਮੋਟੀਆਂ-ਮੋਟੀਆਂ ਕਿਤਾਬਾਂ ਪੜ੍ਹਨੀਆਂ ਪੈਂਦੀਆਂ ਨੇ। ਇਕ ਦੋ ਨਹੀਂ ਦਰਜਨਾਂ। ਅੱਠ-ਦੱਸ ਘੰਟੇ ਰੋਜ਼ ਦੀ ਪੜ੍ਹਾਈ। ਇੰਨੀ ਕਿ ਅੱਖਾਂ ਦੀ ਨਿਗਾਹ ਕਮਜ਼ੋਰ ਹੋ ਗਈ ਏ। ਐਨਕ ਲੱਗ ਗਈ ਏ। ਖ਼ੁਦ ਪਕਾਂਦਾ, ਖ਼ੁਦ ਭਾਂਡੇ ਧੋਂਦਾ। ਫਿਰ ਸਾਈਕਲ 'ਤੇ ਰੋਜ਼ ਅੱਠ ਮੀਲ ਕਾਲਜ ਆਣਾ-ਜਾਣਾ; ਪੂਰੇ ਕਾਲਜ 'ਚ ਦੱਸ-ਬਾਰਾਂ ਲੜਕੇ ਹੀ ਨੇ ਜੋ ਸਾਈਕਲਾਂ 'ਤੇ ਆਉਂਦੇ ਜਾਂਦੇ ਨੇ। ਬਾਕੀ ਬੱਸ ਜਾਂ ਮੋਟਰ ਸਾਈਕਲਾਂ 'ਤੇ। ਪੂਰੀ ਤਪੱਸਿਆ ਏ। ਇਹੀ ਗੱਲਾਂ ਮੈਂ ਉਸ ਦੇ ਮਾਮੇ ਨੂੰ ਦੱਸੀਆਂ। ਇਹ ਸਾਰੀਆਂ ਗੱਲਾਂ। ਜਦੋਂ ਇੰਨੀ ਤਪੱਸਿਆ 'ਚ ਲੱਗਿਆ ਏ ਮੇਰਾ ਪੁੱਤ ਤਾਂ ਉਸਦੀ ਮਰਜ਼ੀ ਦੇ ਬਗ਼ੈਰ ਕਿੱਦਾਂ 'ਹਾਂ' ਕਰ ਦਈਏ? ਪਤਾ ਨਹੀਂ ਉਸਦਾ ਕੀ ਸੁਪਨਾ ਏ? ਉਹ ਕੀ ਸੋਚਦਾ ਏ?

-ਫਿਰ?

-ਫਿਰ ਧੀ ਦੇ ਵਿਆਹ ਦੀ ਸਹੂਲੀਅਤ ਦੀ ਗੱਲ ਕਰਨ ਲੱਗੇ ਕਿ ਜੋਗੀ ਦੀ ਫ਼ੀਸ ਦਾ ਜੋ ਪੈਸਾ ਬਚੇਗਾ ਉਸ ਨਾਲ ਝੁੰਨੂ ਬਾਬੂ ਦੇ ਲੜਕੇ ਨੂੰ ਰੋਕ ਲਵਾਂਗੂੰ। ਪੈਲੀ ਵੇਚਣ ਦੀ ਨੌਬਤ ਨਹੀਂ ਆਏਗੀ।

-ਫਿਰ?

-ਮੈਂ ਕਿਹਾ ਕਿ ਕੀ ਜਿਹਨਾਂ ਕੋਲ ਦੇਣ ਲਈ ਲੱਖ-ਪੰਜਾਹ ਹਜ਼ਾਰ ਨਹੀਂ ਕੀ ਉਹਨਾਂ ਦੀਆਂ ਧੀਆਂ ਕਵਾਰੀਆਂ ਰਹਿ ਜਾਂਦੀਆਂ ਨੇ? ਨਹੀਂ ਮਿਲੇਗਾ ਤਾਂ ਉਪਰ ਦੀ ਕਮਾਈ ਵਾਲਾ ਲੜਕਾ, ਨਾ ਸਹੀ। ਸਾਡੇ ਜੇਹੇ ਹਰ ਹਲਵਾਹਕ ਕਿਸਾਨ ਦੇ ਘਰ ਵੀ ਤਾਂ ਲੜਕੇ ਪੈਦਾ ਹੋਏ ਹੋਣਗੇ! ਉਹਨਾਂ ਦੀ ਭਾਲ ਕਰ ਲਵਾਂਗੂੰ।

-ਵਾਹ ਭਾਈ ਵਾਹ! ਭਲਵਾਨ ਹੇਠਾਂ 'ਤੇ ਕਰਕੇ ਹੱਥ-ਪੈਰ ਧੋਂਦਾ ਹੋਇਆ ਬੋਲਿਆ-ਫਿਰ ਕੀ ਬੋਲਿਆ?

-ਮੇਰੇ ਭਰਾ ਦਾ ਮੂੰਹ ਇਕਦਮ ਲਟਕ ਗਿਆ। ਕਹਿਣ ਲੱਗਾ ਕਿ ਆਉਂਦੀ ਲਕਸ਼ਮੀ ਨੂੰ ਠੋਕਰ ਨਹੀਂ ਮਾਰੀ ਜਾਂਦੀ। ਮੈਂ ਕਿਹਾ ਕਿ ਉਮਰ ਭਰ ਲਈ ਕਮਾਈ ਕਰਕੇ ਕੋਈ ਨਹੀਂ ਰੱਖ ਸਕਦਾ। ਕਮਾਂਦੇ-ਖਾਂਦੇ ਹੀ ਸਭਨਾਂ ਦਾ ਬੇੜਾ ਪਾਰ ਹੁੰਦਾ ਏ। ਸਮਾਂ ਆਉਣ 'ਤੇ ਬੇਟੇ ਦੀ ਫ਼ੀਸ ਵੀ ਭਰੀ ਜਾਏਗੀ। ਧੀ ਦਾ ਵਿਆਹ ਵੀ ਹੋ ਜਾਏਗਾ। ਕੀ ਪਤਾ ਜੋਗੀ ਤੇ ਵਿੱਦਿਆ ਬੇਟੀ ਦੇ ਭਾਗਾਂ 'ਚ ਇਸ ਤੋਂ ਵੀ ਚੰਗਾ ਰਿਸ਼ਤਾ ਲਿਖਿਆ ਹੋਵੇ।

ਫੇਰ ਗੁੜ ਦੀ ਰੋੜੀ ਮੂੰਹ 'ਚ ਪਾਂਦਾ ਹੋਇਆ ਭਲਵਾਨ ਉਤਸੁਕ ਹੋਇਆ।

-ਤਦ ਮੇਰੇ ਭਰਾ ਨੇ ਇਕ ਅਜਿਹੀ ਗੱਲ ਆਖੀ ਕਿ ਮੇਰੀ ਬੋਲਦੀ ਬੰਦ ਹੋ ਗਈ।

-ਰਾਜਪਤ ਦੀ ਵੱਡੀ ਬੇਟੀ ਏ ਨਾ, ਸ਼ਸ਼ੀ। ਪੰਦਰਾਂ-ਸੋਲਾਂ ਸਾਲ ਦੀ ਹੋ ਗਈ ਏ। ਲਾਲ ਬਾਬੂ ਹੀ ਦੇ ਸਾਂਢੂ ਦਾ ਇਕ ਲੜਕਾ ਏ, ਅਠਾਰਾਂ-ਵੀਹ ਸਾਲਾਂ ਦਾ। ਲਾਲ ਬਾਬੂ ਹੀ ਆਪਣੇ ਕੋਲ ਰੱਖ ਕੇ ਉਸਨੂੰ

ਪੜ੍ਹਾ-ਲਿਖਾ ਰਹੇ ਨੇ। ਸ਼ਸ਼ੀ ਲਈ ਰਾਜਪਤ ਦੀ ਨਜ਼ਰ ਉਸ ਮੁੰਡੇ ’ਤੇ ਐ। ਫਿਰ ਕੁਝ ਰੁਕ ਕੇ ਬੋਲੀ- ਰਾਜਪਤ ਦੇ ਵੀ ਤਾਂ ਤਿੰਨ ਧੀਆਂ ਹੋ ਗਈਆਂ ਨੇ। ਹੁਣੇ ਤੋਂ ਫ਼ਿਕਰਾਂ ’ਚ ਪਏ ਹੋਏ ਨੇ ਕਿ ਕਿੱਦਾਂ ਨਿਬੇੜਾਂਗੇ? ਬੋਲਿਆ ਕਿ ਭੈਣੇ! ਜੇਕਰ ਜੋਗੀ ਦਾ ਰਿਸ਼ਤਾ ਲਾਲ ਬਾਬੂ ਦੇ ਘਰ ਪੱਕਾ ਕਰ ਲਈਏ ਤਾਂ ਸਮਝੀਏ ਵਿੱਦਿਆ ਬੇਟੀ ਦੇ ਨਾਲ-ਨਾਲ ਆਪਨੀ ਸ਼ਸ਼ੀ ਦਾ ਵੀ ਉਪਕਾਰ ਕਰ ਦਿੱਤਾ ਜਾਏ।

ਭਲਵਾਨ ਪਾਨੀ ਪੀ ਕੇ ਦੇਰ ਤੀਕ ਸਿਰ ਹਿਲਾਂਦਾ ਰਿਹਾ। ਫਿਰ ਪੁੱਛਿਆ-ਕੀ ਲਾਲ ਬਾਬੂ ਨੇ ਇਸ ਲਈ ਹਾਮੀ ਭਰ ਲਈ ਏ?

-ਅਜੇ ਕਿੱਦਾਂ ਗੱਲ ਚਲਾ ਸਕਦੇ ਆਂ? ਪਰ ਉਮੀਦ ਕਰਦੇ ਆਂ ਕਿ ਹੌਲੀ-ਹੌਲੀ ਨੇੜਤਾ ਵਧੇਗੀ ਤਾਂ ਗੱਲ ਬਣ ਸਕਦੀ ਏ।

-ਇਸ ਲਈ ਤੇਰਾ ਭਰਾ ਇੰਨਾ ਪਿੱਛੇ ਪਿਆ ਹੋਇਆ ਏ!

ਕੁਝ ਚਿਰ ਤੱਕ ਦੋਵੇਂ ਚੁੱਪ ਰਹੇ। ਫਿਰ ਭਲਵਾਨ ਹੀ ਬੋਲਿਆ-ਫੇਰ ਤੂੰ ਕੀ ਆਖਿਆ?

-ਉਦੋਂ ਮੈਂ ਕੀ ਕਹਿੰਦੀ? ਤੇਰੇ ’ਤੇ ਗੱਲ ਛੱਡ ਦਿੱਤੀ ਕਿ ਆਪਨੇ ਜੀਜੇ ਨਾਲ ਗੱਲ ਕਰ ਲੈ। ਜਿੱਦਾਂ ਉਹ ਠੀਕ ਸਮਝੇ। ਪਰ ਤੈਨੂੰ ਤਾਂ ਉਹ ਮਿਲੇ ਈ ਨਹੀਂ। ਇੱਥੇ ਵੀ ਮੁੜ ਕੇ ਨਹੀਂ ਆਇਆ। ਲੱਗਦਾ ਏ, ਨਾਰਾਜ਼ ਹੋ ਕੇ ਚਲਾ ਗਿਆ ਏ।

ਭਲਵਾਨ ਕੁਝ ਨਾ ਬੋਲਿਆ। ਉਸਨੂੰ ਹੁੱਕਾ ਫੜਾ ਕੇ ਲੇਟ ਗਿਆ ਤਾਂ ਪੱਪੂ ਦੀ ਮਾਂ ਵੀ ਖਾਣ-ਪਕਾਣ ਦਾ ਇੰਤਜ਼ਾਮ ਕਰਨ ਲਈ ਅੰਦਰ ਚਲੀ ਗਈ। ਭਲਵਾਨ ਨੇ ਆਉਂਦਿਆਂ ਹੀ ਦੱਸਿਆ ਕਿ ਦਿਨ ਭਰ ਖਲੋਤੇ-ਖਲੋਤੇ ਪੈਰ ਦੁਖਣ ਲੱਗ ਪਏ। ਇਸ ਲਈ ਖਾਣ-ਪੀਣ ਮਗਰੋਂ ਉਹ ਗਰਮ ਤੇਲ ਦੀ ਕੌਲੀ ਲੈ ਕੇ ਮਾਲਿਸ਼ ਕਰਨ ਆਈ।

-ਬਰਸੀ ਦਾ ਹਾਲਚਾਲ ਸੁਣਾਓ। ਕਿੱਦਾਂ ਰਹੀ?

-ਬਹੁਤ ਚੰਗਾ ਜੁਗਾੜ ਸੀ ਪੱਪੂ ਦੀ ਮਾਂ। ਬਹੁਤ ਚੰਗੀਆਂ-ਚੰਗੀਆਂ ਗੱਲਾਂ ਜਾਨਣ-ਸੁਣਨ ਨੂੰ ਮਿਲੀਆਂ। ਕਿਸਾਨਾਂ ਦੀ ਕਬਰ ਲਈ ਟੋਏ ਪੁੱਟਣ ਆਲੇ ਬਹੁਤ ਨੇ ਪਰ ਉਹਨੂੰ ਜ਼ਿੰਦਾ ਰਹਿਣ ਦਾ ਰਾਹ ਲੱਭਣ ਤੇ ਦੱਸਣ ਵਾਲੇ ਵੀ ਘੱਟ ਨਹੀਂ।

ਪੱਪੂ ਦੀ ਮਾਂ ਕੁਝ ਸਮਝ ਨਹੀਂ ਸਕੀ, ਫਿਰ ਵੀ ‘ਹਾਂ ਹੂੰ’ ਕਰਦੀ ਰਹੀ। ਹੁਣੇ ਇਹਦਾ ਨੱਕ ਵੱਜਣ ਲੱਗ ਪਵੇਗਾ। ਇਹ ਸੋਚ ਕੇ ਬੋਲੀ- ਭਾਈ ਨਾਰਾਜ਼ ਹੋ ਕੇ ਮੁੜ ਗਿਆ ਏ, ਇਹ ਸੋਚ ਕੇ ਮਨ ਉਦਾਸ ਹੋ ਗਿਆ ਏ, ਪੱਪੂ ਦੇ ਬਾਬੂ। ਜੇਕਰ ਇਕ ਦੇ ਮੰਨਣ ਨਾਲ ਤਿੰਨ ਘਰਾਂ ’ਚ ਖ਼ੁਸ਼ੀ ਆਉਂਦੀ ਏ ਤਾਂ ਜੋਗੀ ਨੂੰ ਜਾ ਕੇ ਸਮਝਾ।

-ਪਰ ਮੈਂ ਤਾਂ ਕੱਲ੍ਹ ਬਰਸੀ ਤੋਂ ਮੁੜਦਿਆਂ ਹੋਏ ਕੁਝ ਹੋਰ ਈ ਸੋਚਿਆ ਏ?

-ਕੀ?

-ਮੈਂ ਸੋਚਿਆ ਏ ਕਿ ਮੁੰਡਿਆਂ ਦੇ ਸ਼ਾਦੀ-ਵਿਆਹ ’ਚ ਕੋਈ ਦਾਜ-ਦਹੇਜ ਨਹੀਂ ਲਵਾਂਗੂੰ। -ਇਹ ਸਾਰੀਆਂ ਗੱਲਾਂ ਵੀ ਉੱਥੇ ਹੋਈਆਂ ਸੀ ਕੀ?

-ਹੋਈ ਤਾਂ ਨਹੀਂ ਪਰ ਹੋਣੀ ਚਾਹੀਦੀ ਸੀ। ਧੀ ਦਾ ਪਿਉ ਬਣਕੇ ਜਿੰਨੀ ਵਾਰ ਕੋਈ ਕਿਸੇ ਲੜਕੇ ਦੇ ਪਿਉ ਦੇ ਦਰਵਾਜ਼ੇ ਜਾਂਦਾ ਏ ਓਨੀ ਵਾਰ ਉਸਦਾ ਚੁੱਲੂ ਭਰ ਖ਼ੂਨ ਘਟਦਾ ਏ। ਮੈਂ ਚਾਹੁੰਦਾਂ ਕਿ ਮੇਰੇ ਦਰਵਾਜ਼ੇ ’ਤੇ ਆ ਕੇ ਕਿਸੇ ਧੀ ਦੇ ਪਿਉ ਦਾ ਖ਼ੂਨ ਨਾ ਘਟੇ।

ਪੱਪੂ ਦੀ ਮਾਂ ਤੁਰੰਤ ਨਹੀਂ ਸਮਝ ਸਕੀ ਕਿ ਉਹ ਇਹ ਗੱਲ ਇਸ ਵੇਲੇ ਕਿਉਂ ਕਹਿ ਰਿਹਾ ਏ? ਪਰ ਇਹ ਗੱਲ ਸੁਣ ਕੇ ਉਸਦੇ ਦਿਲ ਦੀ ਧੜਕਣ ਥੋੜ੍ਹੀ ਤੇਜ਼ ਹੋ ਗਈ।

-ਲਓ ਚਾਹੇ ਨਾ ਲਓ, ਪਰ ਦੇਣਾ ਤਾਂ ਪਵੇਗਾ ਈ। ਚਾਹੇ ਥੋੜ੍ਹਾ, ਚਾਹੇ ਬਹੁਤਾ।



-ਦੇਣ ਦਾ ਮਾਮਲਾ ਤਾਂ ਪੂਰੀ ਤਰ੍ਹਾਂ ਆਪਨੇ ਹੱਥ ’ਚ ਨਹੀਂ ਪਰ ਲੈਣ ਦਾ ਤਾਂ ਸੋਲਾਂ ਆਨੇ ਆਪਨੇ ਹੱਥ ’ਚ ਏ।

-ਜਦ ਤੀਕ ਦੇਣਾ ਨਹੀਂ ਰੁਕਦਾ ਉਦੋਂ ਤੀਕ ਲੈਣਾ ਨਹੀਂ ਰੁਕ ਸਕਦਾ ਪੱਪੂ ਦੇ ਬਾਬੂ। ਰੋਕਣਾ ਏ ਤਾਂ ਪਹਿਲਾਂ ਦੇਣਾ ਰੋਕਣ ਦੀ ਹਿੰਮਤ ਕਰੀਏ।

ਇੰਜ, ਭਲਵਾਨ ਉਹਦਾ ਮੂੰਹ ਦੇਖਣ ਲੱਗਾ। ਕਿਧਰੇ ਗੱਲ ਅਜਿਹੇ ਮੋੜ ’ਤੇ ਨਾ ਪਹੁੰਚ ਜਾਏ ਕਿ ਵਾਪਸੀ ਸੰਭਵ ਨਾ ਰਹੇ, ਇਸ ਆਸ਼ੰਕਾ ਨਾਲ ਭਲਵਾਨਨ ਤੇਲ ਦੀ ਖ਼ਾਲੀ ਕੌਲੀ ਲੇ ਕੇ ਪਲੰਘ ਤੋਂ ਹੇਠਾਂ ਉਤਰ ਗਈ। ਭਲਵਾਨ ਦਾ ਮਨ ਹੋਇਆ ਕਿ ਹੱਥ ਫੜ ਕੇ ਭਲਵਾਨਨ ਨੂੰ ਰੋਕੇ ਤੇ ਜਗਦੀ ਹੋਈ ਬੱਤੀ ਬੁਝਾ ਦੇਵੇ। ਬੱਤੀ ਤਾਂ ਬੁਝ ਗਈ ਪਰ ਭਲਵਾਨਨ ਦੇ ਜਾਣ ਤੋਂ ਬਾਅਦ।

ਆਪਨੀ ਮੰਜੀ ਤੇ ਪਈ ਪਈ ਭਲਵਾਨਨ ਸੋਚ ਰਹੀ ਏ ਕਿ ਜਦੋਂ ਤੋਂ ਬਰਸੀ ਦੀ ਸਭਾ ਤੋਂ ਮੁੜਿਆ ਏ, ਭਲਵਾਨ ਦਾ ਰੰਗ-ਢੰਗ ਕੁਝ ਜ਼ਿਆਦਾ ਈ ਉਤਸੁਕ ਲੱਗ ਰਿਹਾ ਏ। ਜ਼ਿਆਦਾ ਬਹਿਸ ਕਰਕੇ ਇਸ ਉਤਸੁਕਤਾ ਨੂੰ ਗ੍ਰਹਿਣ ਲਾਉਣਾ ਠੀਕ ਨਹੀਂ ਏ।

**(14)**

ਮੂੰਹ ਹਨੇਰੇ ਉੱਠਕੇ ਭਲਵਾਨ ਨੇ ਡੰਗਰਾਂ ਦੀ ਖੁਰਲੀ ’ਚ ਪੱਠੇ ਪਾਏ ਤੇ ਜੰਗਲ-ਪਾਨੀ ਲਈ ਬਾਹਰ ਨਿਕਲ ਗਿਆ ਤਾਂ ਉੱਧਰੋਂ ਹੀ ਮਹਾਦੇਵ ਨੂੰ ਬੁਲਾਉਣ ਚਲਾ ਗਿਆ। ਅੱਜ ਆਲੂਆਂ ਦੀ ਗੋਡੀ ਹੋਣੀ ਸੀ। ਮਹਾਦੇਵ ਪਤੀ-ਘਰਵਾਲੀ ਦੇ ਨਾਲ ਹੀ ਉਹ ਵੀ ਖੇਤ ਵੱਲ ਚਲਾ ਗਿਆ। ਧੁੱਪ ਹੋਣ ਤੋਂ ਪਹਿਲਾਂ ਜਿੰਨਾ ਕੰਮ ਨਿਪਟ ਜਾਏ ਓਨਾ ਚੰਗਾ। ਖੇਤ ’ਚੋਂ ਗਿਆਰਾਂ ਵਜੇ ਦੇ ਬਾਅਦ ਮੁੜਿਆ ਤਾਂ ਘਰਵਾਲੀ ਨੇ ਕਿਹਾ-ਬਹੁਤ ਦੇਰ ਲਾ ਦਿੱਤੀ। ਛੇਤੀ ਨਾਲ ਨਹਾ ਕੇ ਮੂੰਹ ’ਚ ਕੁਝ ਪਾ ਲੈ।

-ਨਹਾਵਾਂਗਾ ਬਾਅਦ ’ਚ। ਮੂੰਹ ’ਚ ਪਾਉਣ ਲਈ ਜੋ ਕੁਝ ਏ ਲੈ ਆ।

ਇਹ ਸੁਣ ਕੇ ਘਰਵਾਲੀ ਨੂੰ ਹੈਰਾਨੀ ਹੋਈ। ਇੱਧਰ ਜਦੋਂ ਤੋਂ ਸ਼ੰਕਰ ਜੀ ਦੀ ਸਥਾਪਨਾ ਕੀਤੀ, ਬਿਨਾਂ ਨਹਾਤੇ ਜਲ ਚੜ੍ਹਾਏ ਮੂੰਹ ’ਚ ਪਾਨੀ ਦੀ ਬੂੰਦ ਮਾਤਰ ਤੱਕ ਨਹੀਂ ਪਾਂਦਾ ਸੀ ਤੇ ਅੱਜ ਸੂਰਜ ਪੱਛਮ ਵੱਲੋਂ ਕਿੱਦਾਂ ਨਿਕਲ ਰਿਹਾ ਏ!

ਉਹ ਛੇਤੀ ਨਾਲ ਅੰਦਰ ਗਈ ਤੇ ਇਕ ਪਿਆਲੀ ’ਚ ਭਿੱਜੇ ਛੋਲੇ ਤੇ ਲੂਣ ਮਿਰਚ ਦੇ ਗਈ। ਫਿਰ ਜਦੋਂ ਤੱਕ ਭਲਵਾਨ ਨੇ ਹੱਥ-ਪੈਰ ਧੋਤੇ, ਇਕ ਗਲਾਸ ਚਾਹ ਦੇ ਗਈ।

ਚਾਹ ਖ਼ਤਮ ਕਰਕੇ ਭਲਵਾਨ ਨੇ ਜਾਨਵਰਾਂ ਨੂੰ ਪਾਨੀ ਡਾਹਿਆ, ਫਿਰ ਧੋਤੀ ਮੋਢੇ ’ਤੇ ਰੱਖੀ ਤੇ ਬਾਹਰ ਵੱਲ ਚਲਾ ਗਿਆ।

ਪੱਪੂ ਦੀ ਮਾਂ ਉਹਨੂੰ ਤਲਾਅ ਵੱਲ ਜਾਂਦੇ ਨੂੰ ਦੇਖ ਕੇ ਹੋਰ ਖ਼ੁਸ਼ ਹੋਈ। ਪਤਾ ਨਹੀਂ ਕਿੰਨੇ ਦਿਨਾਂ ਬਾਅਦ ਉਹਦਾ ਨਹਾਣ ਪੂਰਾ ਨਹੀਂ ਹੁੰਦਾ ਸੀ। ਉਹਨੇ ਬੇਟੀ ਨੂੰ ਜਲਦੀ ਖਾਣਾ ਤਿਆਰ ਕਰਨ ਲਈ ਆਖਿਆ।

ਖਾਣਾ ਖਾਂਦੇ ਹੋਏ ਭਲਵਾਨ ਨੇ ਇਕ ਰੋਟੀ ਹੋਰ ਮੰਗੀ। ਖਾਣਾ ਖਾਂਦੇ ਸਮੇਂ ਨਾ ਬੋਲਣ ਦੀ ਸਹੁੰ ਵੀ ਤੋੜ ਦਿੱਤੀ।

ਭਲਵਾਨਨ ਨੂੰ ਲੱਗਿਆ ਕਿ ਉਹਦੇ ਮਰਦ ਦੀ ਛਾਇਆ ’ਚ, ਉਹਦਾ ਮਰਦ ਵਾਪਿਸ ਮੁੜ ਰਿਹਾ ਹੈ, ਜਿੱਦਾਂ ਬਨਵਾਸ ਦੇ ਦੌਰਾਨ ਅੱਗ ’ਚ ਸੀਤਾ ਲੰਕਾ ਜਿੱਤਣ ਦੇ ਬਾਅਦ ਆਪਨੀ ਛਾਇਆ ’ਚ ਵਾਪਿਸ ਆ ਗਈ ਸੀ। ਉਸ ਦਿਨ ਪਾਂਡੇ ਬਾਬੇ ਦੀ ਬਰਸੀ ਦੀ ਸਭਾ ’ਚ ਅਜਿਹਾ ਕੀ ਹੋਇਆ?

ਕੁੱਤੇ ਨੂੰ ਕੌੜਾ ਦੇਖ ਕੇ ਜਾਨਵਰਾਂ ਦੇ ਮੂੰਹ 'ਚ ਥੋੜ੍ਹੀ-ਥੋੜ੍ਹੀ ਰੋਟੀ ਪਾ ਕੇ ਦੰਦ ਖੁਰਚਦੇ ਹੋਏ ਭਲਵਾਨ ਦਲਾਨ ਵੱਲ ਵਧਿਆ ਤਾਂ ਪਿੱਛੋਂ ਪੱਪੂ ਦੀ ਮਾਂ ਵੀ ਹੁੱਕਾ ਲੈ ਕੇ ਪਹੁੰਚ ਗਈ। ਭਲਵਾਨ ਅੱਧਲੇਟਿਆ ਹੀ ਹੁੱਕਾ ਗੁੜਗੁੜਾਉਣ ਲੱਗਾ ਤਾਂ ਬੋਲੀ-ਆਰਾਮ ਕਰ ਲੈ ਤੇ ਫਿਰ ਜ਼ਰਾ ਕੁ ਬਾਜ਼ਾਰ ਜਾਣਾ ਏ। ਮਿੱਟੀ ਦਾ ਤੇਲ ਖ਼ਤਮ ਏ। ਲੂਣ ਵੀ ਨਹੀਂ। ਪੈਰਾਂ 'ਚ ਲਾਉਣ ਲਈ ਥੋੜ੍ਹਾ ਗੇਰੂ ਲਿਆਣਾ ਏ। ਥੋੜ੍ਹਾ ਚੂਨਾ-ਪਾਨ ਵੀ ਲੈਂਦੇ ਆਣਾ।

-ਇਨਾ ਸਾਮਾਨ? ਤੂੰ ਆਪ ਈ ਚਲੀ ਜਾ।

-ਮੈਂ ਕੀ ਕਰਾਂਗੀ? ਜਾ ਕੇ!

-ਚੱਲ! ਅੱਜ ਮੈਂ ਆਪਣੇ ਹੱਥੀਂ ਤੈਨੂੰ ਪਾਨ ਖਵਾਕੇ ਲਿਆਂਵਾਂ।

-ਉਹ ਕਿਸ ਖ਼ੁਸ਼ੀ 'ਚ?

-ਮੇਰੀ ਸੋਚ 'ਚ ਆਪਣੀ ਸੋਚ ਮਿਲਾਣ ਲਈ, ਸਦਾ ਤਿਆਰ ਰਹਿੰਦੀ ਏਂ ਇਸ ਲਈ।

-ਹੂੰਹ। ਉਹ ਮੁਸਕਰਾਈ-ਪਾਨ ਖਵਾਉਣ ਚੱਲਿਆ ਏਂ। ਉਹ ਵੀ ਬਾਜ਼ਾਰ ਦੇ 'ਚ। ਜਦੋਂ ਪਾਨ ਖਵਾਣ ਦੀ ਉਮਰ ਸੀ ਤਾਂ ਕਦੀ ਇਕਾਂਤ 'ਚ ਵੀ ਨਹੀਂ ਸੀ ਖਵਾਇਆ।

-ਉਦੋਂ ਅਕਲ ਨਹੀਂ ਸੀ ਕਿ ਕਿਸੇ ਦੀ ਕਦਰ ਪਾ ਸਕਾਂ।

ਭਲਵਾਨ ਘਰਵਾਲੀ ਦੀ ਠੋਡੀ ਉਤਾਂਹ ਕਰਦਿਆਂ ਹੋਇਆਂ ਮੁਸਕਰਾ ਕੇ ਬੋਲਿਆ-ਛਾਲ ਮਾਰਕੇ ਸਾਈਕਲ ਦੇ ਕੈਰੀਅਰ 'ਤੇ ਬੈਠ ਜਾਈਂ, ਫਿਰ ਦੇਖਣਾ ਕਿੱਦਾਂ ਫਰਾਟੇ ਨਾਲ ਲੈ ਜਾਂਦਾ ਆਂ।

-ਜੇ ਨਾਂਹ ਸੰਭਾਲਿਆ ਸਾਈਕਲ, ਡੇਗ ਦਿੱਤਾ ਤਾਂ?....ਉਹ ਮੁਸਕਰਾਈ।

-ਪੱਚੀ ਸਾਲ ਤੋਂ ਕੋਈ ਹੋਰ ਸੰਭਾਲ ਰਿਹੈ ਕੀ ਭਾਈ?

-ਹਟੋ, ਇੰਨੀ ਉਮਰ 'ਚ ਸਾਈਕਲ ਤੇ ਬੈਠਣ ਜਾ ਰਹੀ ਆਂ। ਕਹਿੰਦੇ ਹੋਏ ਸ਼ਰਮ ਵੀ ਨਹੀਂ ਆਉਂਦੀ।

-ਸ਼ਰਮ ਕਿਉਂ ਆਵੇਗੀ? ਲੋਕ ਤਾਂ ਦੂਸਰੀਆਂ ਨੂੰ ਬੈਠਾਂਦੇ ਨੇ। ਮੈਂ ਤਾਂ ਆਪਣੀ ਨੂੰ ਬਿਠਾਵਾਂਗੂੰਾ।

-ਦੂਸਰਿਆਂ ਨੂੰ ਬੈਠਾਣ ਲਈ ਤਾਂ ਸਾਰੇ ਈ ਕਾਹਲੇ ਹੁੰਦੇ ਨੇ ਆਪਣੀ ਲਈ ਕਿਸੇ ਕੋਲ ਵਿਹਲ ਨਹੀਂ ਹੁੰਦੀ। ਪੱਪੂ ਦੀ ਮਾਂ ਅੱਖਾਂ ਤਿੱਖੀਆਂ ਤੇ ਟੇਢੀਆਂ ਕਰਕੇ ਬੋਲੀ।

ਭਲਵਾਨ ਮੁਸਕਰਾਂਦੇ ਹੋਏ ਬੋਲਿਆ-ਇੰਨੀ ਮੋਟੀ ਨਾ ਹੋ ਗਈ ਹੁੰਦੀ ਤਾਂ ਅੱਗੇ ਬੈਠਾਣ ਲਾਈਕ ਸੀ।

-ਚੁੱਪ ਕਰ। ਅੱਜ ਕੀ ਹੋਇਆ ਏ ਤੈਨੂੰ? ਉਹ ਉੱਠ ਕੇ ਬਾਹਰ ਨਿਕਲਦਿਆਂ ਬੋਲ ਰਹੀ ਸੀ।

-ਤੇਰੀ ਮਰਜ਼ੀ। ਲਿਆ ਫੇਰ ਪੈਸੇ-ਵੈਸੇ ਤਾਂ ਦੇ ਦੇ।

ਪੱਪੂ ਦੀ ਮਾਂ ਨੇ ਮੁੜ ਕੇ ਭਲਵਾਨ ਦੀ ਜੇਬ 'ਚ ਕੁਝ ਰੁਪਏ ਤੇ ਨਾਲ ਈ ਚੂਨੇ ਵਾਲੀ ਡੱਬੀ ਵੀ ਪਾਈ। ਮਿੱਟੀ ਦਾ ਤੇਲ ਲਿਆਣ ਲਈ ਤੇਲ ਦੀ ਪੀਪੀ ਸਾਈਕਲ ਦੇ ਹੈਂਡਲ 'ਤੇ ਲਟਕਾ ਦਿੱਤੀ। ਇਕ ਵਾਰ ਫਿਰ ਸਾਮਾਨ ਦੀ ਸੂਚੀ ਗਿਣਾਈ ਤੇ ਫਿਰ ਬੋਲੀ-ਮੈਂ ਜਾ ਰਹੀ ਆਂ ਜ਼ਰਾ ਸੁਨਰੀ ਦੇ ਘਰ ਤੱਕ। ਕੱਲ੍ਹ ਉਸਦਾ ਸ਼ਗਨ ਏ। ਸਾਰਿਆਂ ਦੇ ਨਾਲ ਅੱਜ ਪਿੰਡ ਦੇ ਦੇਵਤੇ ਨੂੰ ਪੂਜਣ ਜਾਣਾ ਏ।

ਥੋੜ੍ਹੀ ਦੇਰ ਬਾਅਦ ਭਲਵਾਨ ਸਾਈਕਲ 'ਤੇ ਚੜ੍ਹ ਕੇ ਨਿਕਲਿਆ ਤਾਂ ਰਸਤੇ 'ਚ



ਜ਼ਨਾਨੀਆਂ ਦਾ ਇਕੱਠ ਗੀਤ ਗਾਂਦਾ ਹੋਇਆ ਜਾ ਰਿਹਾ ਸੀ। ਪੱਪੂ ਦੀ ਮਾਂ ਲਾਲ ਸਾੜ੍ਹੀ ਪਾਈ ਗਾਉਂਦੇ ਹੋਏ ਸਭ ਤੋਂ ਅੱਗੇ-ਅੱਗੇ ਚੱਲ ਰਹੀ ਸੀ।

'ਰੰਗ ਗਿੜਿ ਗਾ ਮੋਰ ਜਾਲਿਮਨ ਤੋਹਰੀ ਫ਼ਿਕਿਰ ਸੇ।'

ਭਲਵਾਨ ਸੋਚਣ ਲੱਗਾ ਕਿ ਕੀ ਸੱਚਮੁੱਚ ਮੇਰੀ, ਮੇਰੀ ਗ੍ਰਹਿਸਥੀ ਦੇ ਫ਼ਿਕਰ ਨਾਲ ਪੱਪੂ ਦੀ ਮਾਂ ਰੰਗ ਵਿਗੜ ਗਿਆ ਏ? ਅਜਿਹਾ ਨਹੀਂ ਏ। ਉਮਰ ਦੇ ਨਾਲ ਤਾਂ ਸਾਰਿਆਂ ਦੇ ਰੰਗ ਥੋੜ੍ਹੇ ਬਹੁਤੇ ਹਲਕੇ ਪੈ ਜਾਂਦੇ ਨੇ। ਪਰ ਵਿਗੜ ਗਿਆ ਏ, ਅਜਿਹਾ ਤਾਂ ਨਹੀਂ ਆਖ ਸਕਦੇ। ਪੱਪੂ ਦੀ ਮਾਂ ਦੀਆਂ ਅੱਖਾਂ, ਉਸਦਾ ਹਾਸਾ ਅਜੇ ਵੀ ਜਕੜ ਲੈਂਦੇ ਨੇ।

ਖ਼ਰੀਦਦਾਰੀ ਕਰਕੇ ਬਾਜ਼ਾਰ 'ਚੋਂ ਨਿਕਲ ਰਿਹਾ ਸੀ ਕਿ ਪਿੱਛੋਂ ਆਵਾਜ਼ ਆਈ-ਵਾਹ! ਭਲਵਾਨ ਭਾਈ ਕੀ ਹਾਲ ਏ?

ਉਹਨੇ ਮੁੜ ਕੇ ਵੇਖਿਆ। ਪਾਨ ਵਾਲੀ ਦੁਕਾਨ ਦੇ ਸਾਹਮਣੇ ਮਿਡਲ ਸਕੂਲ ਦਾ ਉਹਦਾ ਸਹਿਪਾਠੀ ਮੁਰਲੀ ਖਲੋਤਾ ਸੀ। ਉਸ ਹੱਸਦਿਆਂ ਹੋਇਆਂ ਸਾਈਕਲ ਮੋੜਿਆ ਤੇ ਮੁਰਲੀ ਕੋਲ ਆ ਗਿਆ। ਸਾਈਕਲ ਸਟੈਂਡ 'ਤੇ ਖੜਾ ਕੀਤਾ। ਦੋਵੇਂ ਮਿੱਤਰਾਂ ਵਧਕੇ ਇਕ ਦੂਜੇ ਨੂੰ ਜੱਫ਼ੀ 'ਚ ਲੈ ਲਿਆ। ਕਾਫ਼ੀ ਦੇਰ ਇਕ ਦੂਜੇ ਨੂੰ ਘੁਟਦੇ ਰਹੇ। ਅਖ਼ੀਰ ਜੱਫ਼ੀ ਢਿੱਲੀ ਹੋਈ ਤਾਂ ਇਕ ਦੂਜੇ ਦਾ ਹਾਲ-ਚਾਲ ਪੁੱਛਣ ਲੱਗੇ। ਭਲਵਾਨ ਨੂੰ ਯਾਦ ਆਇਆ ਕਿ ਮੁਰਲੀ ਬਹੁਤ ਚੰਗੀ ਕੱਬਡੀ ਖੇਡਦਾ ਹੁੰਦਾ ਸੀ।

-ਉਹੀ ਉਸਦਾ ਜੋੜ ਬਣ ਜਾਂਦਾ ਸੀ। ਮੁਰਲੀ ਨੇ ਸ਼ਿਕਾਇਤ ਕੀਤੀ-ਖਾਣ-ਪੀਣ 'ਚ ਕੰਜੂਸੀ ਕਦੋਂ ਤੋਂ ਕਰਨ ਲੱਗਾ ਏ ਭਾਈ? ਕੀ ਸਰੀਰ ਸੀ! ਗਾਲ਼ ਕੇ ਅੱਧਾ ਕਰ ਲਿਆ। ਮੁੱਛਾਂ ਵੀ ਛੋਟੀਆਂ ਹੋ ਗਈਆਂ। ਪਹਿਲਾਂ ਦੀ ਤਰ੍ਹਾਂ ਬਿੱਛੂ ਡੰਗ ਜੇਹੀਆਂ ਸੰਘਣੀਆਂ ਵੀ ਨਹੀਂ!

-ਨਹੀਂ ਭਾਈ, ਘਰ-ਗ੍ਰਹਿਸਥੀ ਦਾ ਭਾਰ ਤਾਂ ਤੂੰ ਵੀ ਜਾਣਦਾ ਏਂ। ਘਰ-ਗ੍ਰਹਿਸਥੀ ਚਲਾਉਣ ਦੇ ਫ਼ਿਕਰਾਂ 'ਚ ਸਮੇਂ ਨਾਲ ਖਾ-ਪੀ ਨਹੀਂ ਸਕਦਾ ਆਦਮੀ।

-ਜਵਾਨੀ ਦਾ ਖਾਧਾ-ਪੀਤਾ ਈ ਬੁਢਾਪੇ 'ਚ ਕੰਮ ਆਉਂਦਾ ਏ ਭਾਈ। ਕਹਿੰਦੇ ਨੇ ਕਿ ਘੋੜੇ ਦਾ, ਭਲਵਾਨ ਦਾ ਤੇ ਵੇਸਵਾ ਦਾ ਬੁਢਾਪਾ ਬਹੁਤ ਮਾੜਾ ਗੁਜ਼ਰਦਾ ਏ।

-ਭਲਵਾਨ ਨੂੰ ਵੇਸਵਾ ਨਾਲ ਤੁਲਨਾ ਕੀਤਾ ਜਾਣਾ ਚੰਗਾ ਨਾ ਲੱਗਿਆ। ਗੱਲ ਬਦਲਣ ਲਈ ਉਹਨੇ ਪੁੱਛਿਆ-ਆਪਣੀ ਸੁਣਾ ਕਿੱਥੇ ਰਹਿਨਾਂ ਏਂ ਅੱਜ ਕੱਲ੍ਹ?

-ਮੈਂ ਤਾਂ ਸੂਰਤ ਦੀ ਇਕ ਕੱਪੜਾ ਮਿਲ 'ਚ ਲੱਗਾ ਹੋਇਆ ਵਾਂ। ਦੋ ਸਾਲ ਮਗਰੋਂ ਪਿੰਡ ਆਇਆਂ। ਸੁਣਿਆ ਏ ਤੇਰਾ ਬੇਟਾ ਇੰਜੀਨੀਅਰਿੰਗ 'ਚ ਆ ਗਿਆ ਏ। ਰੂਹ ਖ਼ੁਸ਼ ਹੋ ਗਈ। ਪਰ ਮਠਿਆਈ ਖਾਣ ਨੂੰ ਨਹੀਂ ਮਿਲੀ। ਅੱਜ ਦਿੱਸੇ ਤਾਂ ਸੋਚਿਆ ਆਵਾਜ਼ ਮਾਰ ਕੇ ਇਕ ਬੀੜਾ ਪਾਨ ਈ ਖਾਧਾ ਜਾਏ।

-ਕਿਉਂ ਨਹੀਂ, ਕਿਉਂ ਨਹੀਂ, ਆ!

ਦੋਵੇਂ ਮੁੜ ਕੇ ਪਾਨ-ਬੀੜੀ ਵਾਲੇ ਖੋਖੇ ਦੇ ਸਾਹਮਣੇ ਖਲੋ ਗਏ। ਭਲਵਾਨ ਨੇ ਦੁਕਾਨ ਵਾਲੇ ਨੂੰ ਇਕ ਪਾਨ ਲਾਉਣ ਲਈ ਆਖਿਆ।

-ਇਕ ਕਿਉਂ?

-ਕੱਲਾ ਪਾਨ ਤਾਂ ਦੁਸ਼ਮਨ ਨੂੰ ਖਵਾਈਦਾ ਏ। ਮੁਰਲੀ ਹੱਸਣ ਲੱਗਾ। ਦੋ ਭਾਈ ਬਣਾ ਏ, ਭਲਵਾਨ ਨੂੰ ਵੀ ਇਕ ਜੋੜਾ।

ਫਿਰ ਹੈਂਡਲ 'ਚ ਟੰਗੇ ਭਲਵਾਨ ਦੇ ਝੋਲੇ 'ਤੇ ਮਹੂਏ ਦੇ ਪੱਤਿਆਂ 'ਚ ਵਲੇਟੇ ਪਾਨ ਦੇ ਬੰਡਲ ਨੂੰ ਦੇਖ ਕੇ ਬੋਲਿਆ-ਫਿਰ ਇਹ ਬੰਡਲ ਕਿਸ ਲਈ ਏ?

–ਤੇਰੀ ਭਾਬੀ ਲਈ ?

ਮੁਰਲੀ ਹੱਸਿਆ–ਹਾਂ, ਹੁਣ ਸੇਵਾ ਕਰਦਾ ਰਹੇਂਗਾ ਤਾਂ ਹੀ ਬੁਢਾਪੇ 'ਚ ਉਹਦਾ ਸਾਥ ਕੰਮ ਆਏਗਾ।

–ਅਜੇ ਕੀ ਕੋਈ ਦੂਸਰੀ ਕੰਮ ਆ ਰਹੀ ਏ ? ਭਲਵਾਨ ਵੀ ਹੱਸ ਪਿਆ। ਫਿਰ ਕਾਫ਼ੀ ਦੇਰ ਤੱਕ ਮੁਰਲੀ ਆਪਣੀਆਂ ਜਮਾਤਣ ਕੁੜੀਆਂ ਦੀ ਚਰਚਾ ਕਰਦਾ ਹੱਥੇਲੀ ਪੁੱਠੀ ਕਰਾ ਕੇ ਸੋਟੀਆਂ ਮਾਰਨ ਤੇ ਮੁਰਗਾ ਬਣਾਉਣ ਵਾਲੇ ਮੌਲਵੀ ਸਾਹਬ ਦੀਆਂ ਗੱਲਾਂ ਸੁਣਾਕੇ ਹੱਸਦਾ ਰਿਹਾ। ਮੂੰਹ 'ਚ ਭਰੇ ਪਾਨ ਦੀ ਥੁੱਕ 'ਤੇ ਕਰਕੇ ਡਿੱਗਣ ਤੋਂ ਬਚਾਂਦਿਆਂ ਹੋਇਆਂ ਵੀ ਦੋਵੇਂ ਹੱਸ ਰਹੇ ਸਨ ਤੇ ਫਿਰ ਵੀ ਭਲਵਾਨ ਦੇ ਕੁਰਤੇ ਤੇ ਕੁਝ-ਕੁ ਬੂੰਦਾਂ ਪੈ ਈ ਗਈਆਂ। ਮਨ ਉਤਸ਼ਾਹ ਤੇ ਖ਼ੁਸ਼ੀ ਨਾਲ ਭਰ ਗਿਆ।

ਪਰ ਭਲਵਾਨ ਦੇ ਮਨ 'ਚ ਇਕ ਸੰਸਾ ਵੀ ਪਲ ਰਿਹਾ ਸੀ। ਖ਼ਰੀਦਦਾਰੀ ਕਰਨ ਲੱਗਿਆਂ ਸਾਰੇ ਪੈਸੇ ਖ਼ਤਮ ਹੋ ਗਏ ਸੀ। ਮੁਰਲੀ ਜੇਕਰ ਜਾਣ ਤੋਂ ਪਹਿਲਾਂ ਤੁਰ ਪਿਆ ਤਾਂ ਤੇ ਉਹ ਬਾਅਦ 'ਚ ਪਾਨ ਵਾਲੇ ਨੂੰ ਪਾਨ ਦੇ ਪੈਸੇ ਉਧਾਰ ਰਹਿਣਗੇ, ਆਖ ਸਕਦਾ ਹੈ। ਮੁਰਲੀ ਨੂੰ ਲੱਗਦਾ ਹੈ ਕੋਈ ਕਾਹਲੀ ਨਹੀਂ ਸੀ। ਦੇਰ ਹੋਣ ਲੱਗੀ ਤਾਂ ਉਹਨੇ ਪਾਨ ਵਾਲੇ ਨੂੰ ਆਖ ਈ ਦਿੱਤਾ–ਪਾਨ ਦੇ ਪੈਸੇ ਲਿਖ ਲੈ ਰਾਧੇ ਭਾਈ। ਅਗਲੇ ਹਫ਼ਤੇ ਦੇ ਬਾਜ਼ਾਰ ਦੇ ਦਿਨ ਦੇ ਦਿਆਂਗੇ।

–ਕਿਉਂ ਮੈਂ ਦੇ ਦੇਨਾਂ ?

–ਤੂੰ ਕਿਉਂ ਦੇਵੇਂਗਾ ਭਾਈ ਮੁਰਲੀ ? ਮੁਰਲੀ ਦਾ ਹੱਥ ਫੜ ਕੇ ਉਹਨੇ ਜ਼ੋਰ ਨਾਲ ਮਨਾ ਕਰ ਦਿੱਤਾ–ਸਾਡੀ ਰਾਧੇ ਨਾਲ ਲਿਖਾ ਪੜ੍ਹੀ ਕਾਫ਼ੀ ਦੇਰ ਤੋਂ ਚੱਲਦੀ ਏ।

ਮੁਰਲੀ ਦੇ ਜਾਣ ਦੇ ਬਾਅਦ ਮਿੱਤਰ ਦੇ ਸਾਹਮਣੇ ਜੇਬ ਖ਼ਾਲੀ ਹੋਣ ਦੀ ਗੱਲ ਉਜਾਗਰ ਹੋਣ ਦਾ ਮਲਾਲ ਉਹਨੂੰ ਥੋੜ੍ਹੀ ਦੇਰ ਤੱਕ ਸੱਲਦਾ ਰਿਹਾ। ਫਿਰ ਉਹਨੇ ਇਸ ਮਲਾਲ ਨੂੰ ਝਟਕ ਦਿੱਤਾ। ਮੁਰਲੀ ਉਸਦੀ ਤੰਦਰੁਸਤੀ 'ਤੇ ਚਿੰਤਾ ਪ੍ਰਗਟਾ ਰਿਹਾ ਸੀ। ਉਹਨਾਂ ਨੇ ਵੀ ਇਹ ਕਹਾਵਤ ਸੁਣੀ ਹੋਈ ਸੀ ਕਿ 'ਚਿੰਤਾ ਤਾਂ ਮੁਰਦੇ ਨੂੰ ਵੀ ਸਾੜ ਦੇਂਦੀ ਏ। ਚਿੰਤਾ ਸਾਰੀਆਂ ਬੀਮਾਰੀਆਂ ਦੀ ਜੜ ਏ। ਇਸੇ ਤੋਂ ਹੀ ਗਠੀਆ ਜਕੜ ਲੈਂਦਾ ਏ ਬੰਦੇ ਨੂੰ। ਜੀਵਨ ਦੇ ਸਾਰੇ ਝਮੇਲੇ ਤਾਂ ਬੰਦੇ ਮਰਨ ਤੱਕ ਸਾਥ ਨਹੀਂ ਛੱਡਦੇ ਹੁੰਦੇ। ਉਹਦੇ ਮਨ 'ਚ ਕੱਲ੍ਹ ਤੋਂ ਬਰਸੀ ਵਾਲੇ ਨੇਤਾ ਜੀ ਦਾ ਭਾਸ਼ਣ, ਉਸਦਾ ਸੱਦਾ ਗੂੰਜ ਰਿਹਾ ਹੈ। ਉਹਨੇ ਫ਼ੈਸਲਾ ਕੀਤਾ ਕਿ ਉਹ ਵੀ ਨਵੇਂ ਸਵਰਾਜੀਆਂ 'ਚ ਆਪਣਾ ਨਾਂ ਲਿਖਵਾਏਗਾ। ਜੀਵਨ, ਦੇਸ਼ ਦੇ ਕੰਮ ਆਉਣ ਨਾਲ ਹੀ ਸਾਰਥਕ ਹੋਵੇਗਾ। ਇਸ ਵਾਸਤੇ ਮੁੜ ਤੋਂ ਜਵਾਨ ਹੋਣ ਦੀ ਲੋੜ ਹੈ। ਜਵਾਨੀ ਕਿਹੜੀ ਕਿਧਰੇ ਗਈ ਏ ! ਲੋੜ ਹੈ ਇਸਨੂੰ ਮਹਿਸੂਸ ਕਰਨ ਦੀ। ਮੁਰਲੀ ਕਹਿ ਰਿਹਾ ਸੀ–ਭਲਵਾਨ ਦਾ ਬੁਢਾਪਾ। ਕੇਹਾ ਬੁਢਾਪਾ ? ਇਕ ਵਾਰ ਪਹਿਲਵਾਨਨ ਨੇ ਹੱਸਦੇ ਹੋਏ ਉਹਨੂੰ ਜਵਾਬ ਦਿੱਤਾ ਸੀ–ਮੌਕਾ ਮਿਲੇ ਤਾਂ ਮੋਰ ਬੰਨ ਕੇ ਵਿਆਹ ਕਰਨ ਤੁਰ ਪਵੇਗਾ ਤੇ ਕਹਿੰਦਾ ਏ ਬੁੱਢਾ ਹੋ ਗਿਆਂ।

ਵਾਰੀ–ਵਾਰੀ ਨਾਲ ਉਹਨੇ ਦੋਹਾਂ ਹੱਥਾਂ ਨੂੰ, ਫਿਰ ਦੋਹਾਂ ਪੈਰਾਂ ਨੂੰ ਝਟਕਿਆ ਤੇ ਥੋੜ੍ਹਾ ਝੂਮਕੇ ਸਾਈਕਲ ਚਲਾਉਣ ਲੱਗਾ। ਪਿੰਡ ਪਹੁੰਚਣ ਤੋਂ ਪਹਿਲਾਂ ਸੜਕ ਦੇ ਇਕ ਪਾਸੇ ਉਹ ਬਾਗ਼ ਸੀ ਜਿਸ 'ਚ ਉਹਦੇ ਪਿੰਡ ਦਾ ਅਖਾੜਾ ਸੀ। ਨਾਗ–ਪੰਚਮੀ ਵਾਲੇ ਦਿਨ ਏਥੇ ਕੁਸ਼ਤੀ ਤੇ ਲੰਬੀ ਛਾਲ ਦੇ ਮੁਕਾਬਲੇ ਹੁੰਦੇ ਹਨ। ਅਖਾੜੇ ਦਾ ਡੇਢ ਫੁੱਟ ਉੱਚਾ ਲੰਬੀ ਢਾਲ ਦੇ ਅਖਾੜੇ ਦਾ ਮੁੱਢ ਦੂਰੋਂ ਦਿਖਾਈ ਦੇ ਰਿਹਾ ਸੀ। ਇਸ ਤੋਂ ਛਾਲ ਮਾਰ ਕੇ ਉਹ ਲਗਾਤਾਰ ਤਿੰਨ ਸਾਲ ਆਪਣੇ ਪਿੰਡ 'ਚ ਲੰਬੀ ਛਾਲ ਦਾ ਚੈਂਪੀਅਨ ਬਣਿਆ ਸੀ।

ਬਾਗ਼ ਸੁੰਨਸਾਨ ਸੀ। ਢਲਾਣ ਦੇ ਆਸਪਾਸ ਘਾਹ ਉੱਗ ਆਈ ਹੋਈ ਸੀ ਤੇ ਸੁੱਕੇ ਪੀਲੇ ਪੱਤੇ ਉਦਾਸੀ ਦਾ ਮਾਹੌਲ ਬਣਾ ਰਹੇ ਸੀ। ਇਸ ਅਖਾੜੇ ਤੋਂ ਨਾਪ ਕੇ ਉਹ ਚੌਦਾਂ ਹੱਥ ਲੰਬੀ ਛਾਲ ਲਾਉਂਦਾ ਸੀ। ਸਾਈਕਲ ਪੱਟੜੀ ਉੱਤੋਂ ਉਤਾਰ ਕੇ ਇਕ ਪੈਰ ਜ਼ਮੀਨ ਨਾਲ ਟਿਕਾ ਕੇ ਕੁਝ ਦੇਰ ਟਿਕਟਿਕੀ ਲਾ ਕੇ ਉਹ ਅਖਾੜੇ ਨੂੰ ਦੇਖਦਾ ਰਿਹਾ। ਉਹਨੂੰ ਲੱਗਾ ਕਿ ਅਖਾੜਾ ਵੀ ਉਹਨੂੰ ਦੇਖ ਕੇ ਉਦਾਸ ਹੋ ਗਿਆ ਹੈ। ਪੁੱਛ ਰਿਹਾ ਹੈ–ਭਾਈ ਬਹੁਤ ਦਿਨ ਹੋਏ ਦਰਸ਼ਨ ਨਹੀਂ ਹੋਏ। ਇਕਦਮ ਭੁੱਲ ਗਏ ਕੀ ? ਨਾਗ–ਪੰਚਮੀ ਦੇ ਬਾਅਦ ਅੱਜ ਤੱਕ ਕੋਈ ਉਸਦੇ ਕੋਲ ਨਹੀਂ ਗਿਆ ਹੋਵੇਗਾ।

ਉਸ ਦੀ ਸਾਈਕਲ ਦਾ ਹੈਂਡਲ ਆਪਣੇ ਆਪ ਬਾਗ਼ ਵੱਲ ਮੁੜ ਗਿਆ। ਸਾਈਕਲ ਸਟੈਂਡ 'ਤੇ ਖੜ੍ਹੀ ਕਰਕੇ ਥੋੜ੍ਹਾ ਝੁਕ ਕੇ, ਉਸ ਥਾਂ ਦੀ ਸ਼ਨਾਖ਼ਤ ਕੀਤੀ ਜਿੱਥੇ ਉਹਦੀ ਅੱਡੀ ਪੈਂਦੀ ਸੀ। ਫਿਰ ਟਹਿਲਦੇ ਹੋਏ ਅਖਾੜੇ ਦੇ ਕੋਲ ਆਇਆ ਤੇ ਉਸ 'ਤੇ ਡਿੱਗੇ ਪੱਤਿਆਂ ਨੂੰ ਪਰਨੇ ਨਾਲ ਉਡਾ ਦਿੱਤਾ। ਹੁਣ ਛਾਲ ਮਾਰਾਂ ਤਾਂ ਕਿੱਥੋਂ ਤੱਕ ਪਹੁੰਚਾਂਗਾ ?

ਉਸਨੇ ਆਲੇ–ਦੁਆਲੇ ਦੇਖਿਆ। ਕੋਈ ਹੋਵੇ ਵੀ ਤਾਂ ਕੀ ? ਸਾਰੀਆਂ ਚਿੰਤਾਵਾਂ ਜਾਣ ਭਾਂਡੇ 'ਚ। ਖੇਤ ਗਿਰਵੀ ਹੋਣ ਦੀ ਚਿੰਤਾ। ਧੀ ਦੇ ਵਿਆਹ ਦੀ ਚਿੰਤਾ। ਪੁੱਤਰ ਦੀ ਫ਼ੀਸ ਦੀ ਚਿੰਤਾ। ਟਿਊਬਵੈੱਲ ਦੇ ਬਿੱਲ ਦੀ ਚਿੰਤਾ। ਸਾਰੀਆਂ ਜਾਣ ਭਾਂਡੇ 'ਚ। ਬਾਹਵਾਂ ਨੂੰ ਤੋਲਦੇ ਹੋਏ ਉਹ ਸਾਹ ਖਿੱਚ ਕੇ ਫੇਫੜਿਆਂ 'ਚ ਹਵਾ ਭਰਦਾ ਹੈ। ਕਿੰਨੀ ਤਾਕਤ ਬਚੀ ਹੈ ਦੇਹ 'ਚ ? ਅੱਜ ਕੁੱਦ ਕੇ ਦੇਖ ਲੈਣਾ ਚਾਹੁੰਦਾ ਹੈ।

ਸੂਰਜ ਡੁੱਬਣ ਨਾਲ ਪਹਿਲਾਂ ਹੀ ਲਾਲ ਹੋ ਰਿਹਾ ਹੈ। ਉਹ ਧੋਤੀ ਦੀ ਲਾਂਗੜ ਖਿੱਚ ਕੇ ਪਿੱਛੇ ਟੁੰਗਦਾ ਹੈ। ਚਾਰ–ਪੰਜ ਵਾਰ ਬੈਠਕਾਂ ਲਾ ਕੇ ਦੋਹਾਂ ਪੈਰਾਂ ਨੂੰ ਝਟਕਦਾ ਹੈ। ਫਿਰ ਦੌੜ ਦੀ ਲੀਕ 'ਤੇ ਸੱਠ–ਸੱਤਰ ਫੁੱਟ ਪਿੱਛੇ ਜਾਂਦਾ ਹੈ। ਦੌੜਦਾ ਹੈ ਤਾਂ ਲੱਗਦਾ ਹੈ ਕਿ ਪੈਰ ਦੌੜਨਾ ਭੁੱਲ ਗਏ ਹਨ। ਪਰ ਜਲਦੀ ਹੀ ਰਫ਼ਤਾਰ ਫੜ ਲੈਂਦੇ ਹਨ। ਉਹਨੂੰ ਲੱਗਦਾ ਹੈ ਕਿ ਉਸ ਨਾਲ ਉਨੰਜਾ ਹਵਾਵਾਂ ਦੌੜ ਪਈਆਂ ਹਨ। ਅਖਾੜੇ ਤੋਂ ਹੁੱਭ ਕੇ ਹਵਾ 'ਚ ਛਾਲ ਮਾਰਦਾ ਹੈ ਤਾਂ ਉਹਨੂੰ ਲੰਕਾ ਲਈ ਛਾਲ ਲਾਉਂਦੇ ਹਨੂਮਾਨ ਜੀ ਯਾਦ ਆਉਂਦੇ ਹਨ।

ਪੀ.ਸੀ.ਐੱਸ. ਦੇਖਦਾ ਤੇ ਕਹਿੰਦਾ ਹੈ–ਜਿੰਦਾਂ ਜਾਲ ਪੈਣ 'ਤੇ ਮੱਛੀਆਂ ਉੱਛਲਦੀਆਂ ਹਨ....ਇਹ ਮੌਤ ਦੇ ਖ਼ਿਲਾਫ਼ ਲਾਈ ਗਈ ਛਾਲ ਹੈ।....ਆਖ਼ਿਰੀ ਛਾਲ !

# ਕੁਝ ਯਾਦਾਂ/ਅਨਵਰ ਅਲੀ

## ਲਿਪੀਅੰਤਰ-ਪਰਮਜੀਤ ਸਿੰਘ ਮੀਸ਼ਾ

-1-

ਫ਼ੀਲ ਗੰਜ ਦਾ ਸਰਕਾਰੀ ਨਾਂ ਵਿਕਫ਼ੀਲਡ ਗੰਜ ਏ। ਕਹਿੰਦੇ ਕਦੀ ਏਥੇ ਫ਼ੀਲਡ ਸਾਹਿਬ ਦੀ ਕੋਠੀ ਹੋਂਦੀ ਸੀ। ਓਹ ਅੰਗਰੇਜ਼ ਸੀ ਯਾ ਅਮਰੀਕੀ, ਕਿਸੇ ਨੂੰ ਨਾ ਪਤਾ, ਹੈ ਸੀ ਗੋਰਾ। ਤੇ ਗੋਰੇ ਤੋਂ ਡਰਦਿਆਂ ਚੋਰ ਉਚੱਕੇ ਓਹਦੀ ਕੋਠੀ ਤੋਂ ਵਲਾ ਪਾ ਕੇ ਲੰਘਦੇ ਸਨ। ਤੇ ਏਸ ਗੱਲੋਂ ਕਾਲੇ ਲੋਕਾਂ ਵੀ ਕੋਠੀ ਦੇ ਦਵਾਲੇ ਕੋਠੇ ਖੜ੍ਹੇ ਕਰ ਲਏ। ਜ਼ਮੀਨ ਵਾਲਿਆਂ ਜ਼ਮੀਨ ਦੇ ਮੁੱਲ ਵਧਾ ਦਿੱਤੇ, ਹੋਰ ਲੋਕਾਂ ਜ਼ਮੀਨ ਹੋਰ ਮਹਿੰਗੀ ਹੋਣ ਤੋਂ ਪਹਿਲੋਂ ਹੋਰ ਮਕਾਨ ਬਣਾ ਲਏ। ਕਮੇਟੀ ਵਾਲੇ ਏਨੇ ਨਵੇਂ ਕੋਠੇ ਦੇਖ ਕੇ ਆਪਣੀ ਚੁੰਗੀ ਚੱਕ ਕੇ ਲਾਇਨੋਂ ਪਾਰ ਲੈ ਗਏ ਤੇ ਏਸ ਆਬਾਦੀ ਨੂੰ ਆਪਣੇ ਖਾਤੇ ਪਾ ਕੇ ਏਹਦਾ ਨਾਂ ਵਿਕਫ਼ੀਲਡ ਗੰਜ ਰੱਖ ਦਿੱਤਾ। ਕਾਲੇ ਅਨਪੜ੍ਹ ਲੋਕ, ਏਹਨਾਂ ਏਸ ਅੰਗਰੇਜ਼ੀ ਨਾਂ ਨੂੰ ਸੌਖਿਆਂ ਕਰਕੇ ਫ਼ੀਲ ਗੰਜ ਬਣਾ ਲਿਆ ਤੇ ਆਪ ਫ਼ੀਲ ਗੰਜੀਏ ਹੋ ਗਏ।

ਫ਼ੀਲ ਗੰਜ ਵਧਦਾ ਨਾਲੇ ਦੇ ਉਲਾਰ ਅੱਪੜ ਕੇ ਰੁਕ ਗਿਆ। ਏਹ ਪੱਕਾ ਨਾਲਾ ਸਾਰਾ ਸਾਲ ਸੁੱਕਾ ਰਹਿੰਦਾ। ਮੀਂਹ ਵਰ੍ਹਦਾ ਤੇ ਥਾਂ ਕੁਥਾਂ ਦਾ ਪਾਣੀ ਇਕੱਠਾ ਕਰਕੇ ਬੁੱਢੇ ਦਰਿਆ ਵਿੱਚ ਡੋਲ੍ਹ ਆਂਦਾ ਤੇ ਮੁੜ ਸੁੱਕੇ ਦਾ ਸੁੱਕਾ। ਨਾਲਿਓਂ ਪਾਰ ਕਬਰਾਂ। ਕੁਝ ਪੱਕੀਆਂ ਬਹੁਤੀਆਂ ਕੱਚੀਆਂ। ਕੱਚੀਆਂ ਕਬਰਾਂ ਉੱਤੇ ਘਾਹ ਖੜ੍ਹੀ ਜਿਵੇਂ ਨਵੀਂ ਫੁੱਟੀ ਕਣਕ। ਕਬਰਾਂ ਪਿੱਛੇ ਕਬਰਾਂ ਓਹਨਾਂ ਪਿੱਛੇ ਹੋਰ। ਤੁਰੀਆਂ ਈ ਜਾਂਦੀਆਂ ਜੇ ਅੱਗੇ ਰੇਲ ਦੀ ਪਟੜੀ ਨਾ ਆ ਜਾਂਦੀ। ਲਾਈਨੋਂ ਪਾਰ ਹਿੰਦੂ ਸਿੱਖ ਰਹਿੰਦੇ। ਕਬਰਾਂ ਦੀ ਹੇਠਲੀ ਗੁੱਠ ਵਿੱਚ ਕੋਹੜਿਆਂ ਦੀਆਂ ਕੁੱਲੀਆਂ। ਕਬਰਾਂ, ਪਤਾ ਨਹੀਂ ਫ਼ੀਲ ਗੰਜੀਆਂ ਆਪਣੇ ਮੁਰਦਿਆਂ ਦੀ ਲੋੜ ਲਈ ਬਣਾਈਆਂ ਜਾਂ ਆਪਣੇ ਤੇ ਕੋਹੜਿਆਂ ਵਿੱਚ ਵਿੱਥ ਰੱਖਣ ਲਈ, ਰੱਬ ਈ ਜਾਣਦਾ। ਕੋਹੜੀ ਪਹਿਲੋਂ ਦੇ ਏਥੇ ਰਹਿੰਦੇ ਯਾ ਮਗਰੋਂ ਆਏ ਏਹ ਵੀ ਕਿਸੇ ਨੂੰ ਨਹੀਂ ਸੀ ਪਤਾ ਪਰ ਕੋਹੜੀ ਪੱਕੇ ਮੁਸਲਮਾਨ। ਓਹਨਾਂ ਦਾ ਆਪਣਾ ਖੂਹ, ਆਪਣੀ ਮਸੀਤ।

ਨਾਂ ਵੀ ਓਹਨਾਂ ਦੇ ਮੁਸਲਮਾਨਾਂ ਵਾਲੇ: ਦੀਨ ਮੁਹੰਮਦ, ਫ਼ਜ਼ਲਦੀਨ, ਨਜ਼ੀਰ, ਹਸਨ, ਮੁਹੰਮਦ, ਸਾਦਕ ਤੇ ਹੋਰ ਏਦਾਂ ਦੇ। ਫ਼ੀਲ ਗੰਜੀਏ ਓਹਨਾਂ ਨੂੰ ਵੀ ਆਪਣੀ ਤਰ੍ਹਾਂ ਦੀਨਾ, ਫੱਜਾ, ਜੀਰਾ ਕਹਿੰਦੇ, ਸਾਦਕ ਨੂੰ ਛੱਡ ਕੇ। ਸਾਦਕ ਆਪਣੇ ਆਪ ਨੂੰ ਸਾਦਕ ਕੋਹੜਾ ਕਹਿੰਦਾ।

ਓਹਨੂੰ ਏਸ ਉਮਰੇ ਵੀ ਕੋਹੜ ਨਹੀਂ ਸੀ ਫੁੱਟਿਆ ਤੇ ਸਿਆਣੇ ਕੋਹੜੀ ਕਹਿੰਦੇ ਦੇਰ ਨਾਲ ਫੁੱਟਿਆ ਕੋਹੜ ਬੜਾ ਕਰੂੰਡਿਆ ਹੋਂਦਾ। ਬੰਦੇ ਨੂੰ ਫੜਕਣ ਨਹੀਂ ਦੇਂਦਾ। ਸਾਦਕ ਕਿਸੇ ਪਾਸਿਓਂ ਕੋਹੜੀ ਨਹੀਂ ਸੀ ਲੱਗਦਾ, ਭਰਵੱਟਿਆਂ ਨੂੰ ਛੱਡ ਕੇ ਪਰ ਭਰਵੱਟੇ ਤੇ ਚੰਗੇ ਭਲੇ ਬੰਦਿਆਂ ਦੇ ਵੀ ਝੜ ਸਕਦੇ। ਸਾਦਕ ਏਸ ਡਰ ਤੋਂ ਯਾ ਸ਼ਾਇਦ ਕਦੀ ਕਿਸੇ ਓਹਨੂੰ ਕਹਿ ਵੀ ਦਿੱਤਾ ਹੋਵੇ: "ਚੰਗਾ ਭਲਾ ਮੁਸ਼ਟੰਡਾ, ਤੈਨੂੰ ਮੰਗਦਿਆਂ ਸ਼ਰਮ ਨਹੀਂ ਆਂਦੀ" ਆਪਣੇ ਨਾਂ ਦੇ ਨਾਲ ਕੋਹੜਾ ਲਾ ਲਿਆ। ਕਿਸੇ ਨੂੰ ਭੁਲੇਖਾ ਨਾ ਰਵ੍ਹੇ।

"ਸਾਦਕ ਕੋਹੜੇ ਨੂੰ ਪੈਸੇ, ਦੋ ਪੈਸੇ। ਚੁਟਕੀ ਆਟਾ ਏਧਰ ਦੇਣਾ। ਭਗਵਾਨ ਸ਼ਾਹਾਂ ਦੇ ਖ਼ਜਾਨੇ ਭਰੀ ਰੱਖੇ। ਸਾਦਕ ਕੋਹੜੇ ਨੂੰ ਵੀ ਪੈਸਾ, ਧੇਲਾ।

ਫ਼ੀਲ ਗੰਜੀਏ ਓਹਦੇ ਤਾਏ ਚਾਚੇ:

" ਚਾਚੀ ਨੂਰਾਂ ਇਕ ਰੋੜੀ ਗੁੜ ਦੀ ਪਾ। ਅੱਜ ਸਾਦਕ ਕੋਹੜੇ ਮਿੱਠੇ ਚੌਲ ਖਾਣੇ।"

ਕੋਹੜਿਆਂ ਦੀ ਫੇਰੀ ਸਾਰਾ ਸ਼ਹਿਰ। ਹਰ ਕੋਈ ਆਪਣੇ ਕੋਹੜ, ਆਪਣੀ ਸਦਾ ਮੁਤਾਬਕ



ਖ਼ੈਰ ਕਮਾ ਲਿਆਂਦਾ ਪਰ ਸਾਦਕ ਕੋਹੜੇ ਦਾ ਥੈਲਾ ਸਭ ਤੋਂ ਭਾਰਾ ਹੋਂਦਾ। ਫੇਰੀਓਂ ਮੁੜਦਿਆਂ ਕੋਹੜੀ ਆਪਣਾ ਵਾਧੂ ਆਟਾ ਫ਼ੀਲ ਗੰਜ ਦੇ ਦੁਕਾਨਦਾਰਾਂ ਕੋਲ ਵੇਚ ਆਂਦੇ। ਓਹਨਾਂ ਨੂੰ ਸਸਤਾ ਆਟਾ ਮਿਲ ਜਾਂਦਾ, ਗਾਹਕਾਂ ਨੂੰ ਕੀ ਪਤਾ। ਆਂਡਿਆਂ ਵਾਲੇ ਕੋਹੜੀਆਂ ਤੋਂ ਆਂਡੇ, ਕੁਕੜੀਆਂ ਲੈ ਜਾਂਦੇ ਲਗਦੇ ਦਾਅ, ਕੋਹੜੀਆਂ ਕਿਹੜਾ ਬਾਜ਼ਾਰ ਭਾਅ ਪੁੱਛਣ ਜਾਣਾ।

ਕੁਕੜੀਆਂ ਦੀ ਇਕ ਬਿਮਾਰੀ ਚੋਰੀ ਹੋ ਜਾਣ ਦੀ ਵੀ ਹੋਂਦੀ ਏ। ਏਹ ਬਿਮਾਰੀ ਕੁਕੜੀਆਂ ਰੱਖਣ ਵਾਲੇ ਈ ਜਾਣਦੇ। ਜਦ ਕਦੇ ਕੋਹੜੀਆਂ ਦੀ ਕੁਕੜੀ ਚੋਰੀ ਹੋ ਜਾਂਦੀ ਤੇ ਸਾਦਕ ਕੋਹੜਾ ਫ਼ੀਲ ਗੰਜ ਆ ਕੇ ਉਸ ਗਵਾਚੀ ਕੁਕੜੀ ਦੀ ਮਨਾਦੀ ਕਰਦਾ, ਪੈਸਾ ਪੈਸਾ, ਦੋ ਦੋ ਪੈਸੇ ਇਕੱਠੇ ਕਰਕੇ ਉਸ ਗ਼ਰੀਬ ਕੋਹੜਣ ਦੇ ਹੱਥ 'ਤੇ ਜਾ ਰੱਖਦਾ । ਰੋਜ਼ ਦਿਹਾੜੇ ਕੋਹੜੀਆਂ ਦੀਆਂ ਕੁਕੜੀਆਂ ਗਵਾਚਣ ਲੱਗੀਆਂ ਤੇ ਸਾਦਕ ਕੋਹੜੇ ਨੇ ਵੀ ਆਪਣੀ ਮਨਾਦੀ ਵਿੱਚ ਦੁਮਛੱਲੇ ਪਾਏ, ਨਾਲੇ ਇਸਲਾਮ ਵੀ:

" ਬਰਾਦਰਾਂ ਇਸਲਾਮ, ਅਸਲਾਮ ਅਲੇਕਮ। ਸਾਦਕ ਕੋਹੜੇ ਦੀ ਅਰਜ਼ ਏ, ਜ਼ਰਾ ਗ਼ੌਰ ਨਾਲ ਸੁਣਿਆਂ ਜੇ। ਇਕ ਕੁਕੜੀ ਗਵਾਚੀ ਕੋਹੜੀਆਂ ਦੀ। ਕੁਝ ਬੱਗੀ ਕੁਝ ਕਾਲੀ। ਕੁਝ ਨੀਲੀ ਕੁਝ ਪੀਲੀ। ਕਲਗੀ ਓਹਦੀ ਲਾਲ ਲਾਲ । ਪੈਰੋਂ ਨੰਗੀ, ਜਰਾਬਾਂ ਪੀਲੀਆਂ। ਜਿਸ ਕਿਸੇ ਨੂੰ ਮਿਲੀ ਹੋਵੇ, ਸਾਦਕ ਕੋਹੜੇ ਨੂੰ ਮੋੜ ਕੇ ਦੁਆਵਾਂ ਖੱਟੇ। ਅਸੀਂ ਸਾਰੇ ਕੋਹੜੇ ਓਹਨੂੰ ਢੇਰ ਦੁਆਵਾਂ ਦੇਵਾਂਗੇ। ਨਾ ਮੋੜੇ ਤਾਂ ਵੀ। ਬਰਾਦਰਾਂ ਇਸਲਾਮ ਦੇ ਐਮਕਾਨ ਸਲਾਮਤ ਰਹਿਣ।"

ਗਲੀ ਗਲੀ, ਕੂਚੇ ਕੂਚੇ ਸਾਦਕ ਕੋਹੜਾ ਏਹ ਮਨਾਦੀ ਕਰਦਾ ਤੇ ਬਰਾਦਰਾਂ ਇਸਲਾਮ ਹੱਸ ਕੇ ਗਵਾ ਦੇਂਦੇ।

"ਭਲਾ ਕੁਕੜੀ ਚੋਰ ਕਦੀ ਕੁਕੜੀ ਮੋੜੀ ਏ।" ਪਰ ਫ਼ੀਲ ਗੰਜ ਦੀਆਂ ਤੀਵੀਆਂ ਕੋਹੜੀ ਦੀ ਬਦ-ਦੁਆ ਤੋਂ ਬਹੁਤ ਡਰਦੀਆਂ। ਓਹਨਾਂ ਨੂੰ "ਨਾ ਮੋੜੇ ਤਾਂ ਵੀ" ਇਕ ਤਰ੍ਹਾਂ ਦੀ ਬਦ-ਦੁਆ ਲੱਗਦੀ। ਓਹ ਆਪਣੇ ਨਿਆਣਿਆਂ ਦੇ ਸਿਰ ਆਪਣੇ ਪੱਲਿਆਂ ਨਾਲ ਢੱਕ ਕੇ ਸਾਦਕ ਕੋਹੜੇ ਨੂੰ ਵਾਜਾਂ ਮਾਰਦੀਆਂ:

"ਵੇ ਸਾਦਕਾ, ਲੈ ਪੈਸੇ।"

"ਵੇ ਸਾਦਕਾ, ਲੈ ਦੋ ਪੈਸੇ।"

ਗਲੀ ਗਲੀ, ਕੂਚੇ ਕੂਚੇ, ਪੈਸਾ ਪੈਸਾ, ਦੋ ਦੋ ਪੈਸੇ ਇਕੱਠੇ ਕਰਦਾ ਸਾਦਕ ਕੋਹੜਾ ਕੁਕੜੀ ਤੋਂ ਵੀ ਵੱਧ ਉਗਰਾਈ ਕਰ ਲੈਂਦਾ। ਕੁਕੜੀ ਦੇ ਪੈਸੇ ਪਾਸੇ ਕਰਕੇ ਉਤਲੇ ਪੈਸਿਆਂ ਦੀਆਂ ਗੰਢੇਰੀਆਂ, ਰੇਓੜੀਆਂ ਖਾ ਲੈਂਦਾ। ਦੋ ਤਿੰਨ ਆਨੇ ਹੋ ਜਾਂਦੇ ਤੇ ਫ਼ੀਲ ਗੰਜ ਦੇ ਮੁੰਡਿਆਂ ਨਾਲ ਮੰਗ ਪੱਤਾ ਖੇਡ ਆਂਦਾ।

ਕੋਹੜੀਆਂ ਲਈ ਕੋਈ ਖੇਡ ਨਾ ਤਮਾਸ਼ਾ। ਮੰਗਤਿਆਂ ਤੋਂ ਕੌਣ ਮੰਗੇ। ਓਹਨਾਂ ਦੀਆਂ ਕੁੱਲੀਆਂ ਨਾ ਬਾਂਦਰਾਂ ਵਾਲੇ ਆਂਦੇ, ਨਾ ਬਾਜ਼ੀਗਰ, ਨਾ ਮਦਾਰੀ। ਨਿਆਣੇ ਓਹਨਾਂ ਦੇ ਕੁਲੀਓਂ ਬਾਹਰ ਰੜੇ 'ਤੇ ਗੁੱਲੀ ਡੰਡਾ ਖੇਡਦੇ ਯਾ ਕਬਰਾਂ ਦੀਆਂ ਟਾਹਲੀਆਂ 'ਤੇ ਚੜ੍ਹ ਉੱਤਰ ਲੈਂਦੇ। ਉਡੀਕਦੇ ਕਦ ਓਹਨਾਂ ਦਾ ਕੋਹੜ ਫੁੱਟੇ ਤੇ ਓਹ ਵੀ ਸ਼ਹਿਰ ਵੇਖਣ। ਦੂਜੀ ਉਡੀਕ ਓਹਨਾਂ ਨੂੰ ਮੇਮਾਂ ਦੀ ਹੋਂਦੀ।

ਮਿਸ਼ਨ ਦੀਆਂ ਮੇਮਾਂ ਮਹੀਨੇ ਪੰਦਰਵੀਂ ਕੁੱਲੀਆਂ ਆਂਦੀਆਂ। ਕੋਹੜੀਆਂ ਲਈ ਏਹੀ ਮੇਲਾ ਹੋਂਦਾ। ਟਾਹਲੀ ਤੇ ਚੜ੍ਹਿਆ ਕੋਈ ਮੁੰਡਾ ਓਹਨਾਂ ਨੂੰ ਦੂਰੋਂ ਵੇਖ ਕੇ ਵਾਜ ਲਾਂਦਾ:

"ਆਈਆਂ ਓਏ। ਮੇਮਾਂ ਆਈਆਂ ਓਏ।"

ਤੇ ਨਿਆਣੇ ਫੀਂ ਫੀਂ ਕਰਦੇ ਕੁੱਲੀਆਂ 'ਚੋਂ ਨਿਕਲ ਆਂਦੇ।

ਸਿਆਣੇ ਆਪਣੀਆਂ ਸੋਟੀਆਂ ਢੂੰਡਣ ਲੱਗ ਪੈਂਦੇ।

"ਐਥੇ ਬੂਹੇ ਪਿੱਛੇ ਖੜ੍ਹੀ ਕੀਤੀ ਸੀ। ਸੁਣੀਂ, ਪਤਾ ਨਹੀਂ ਕਿੱਥੇ ਗਈ।"

"ਕੋਲ ਖੜ੍ਹੀ ਮਹੀਂ ਤੇ ਨਜ਼ਰ ਨਹੀਂ ਆਂਦੀ ਤੈਨੂੰ, ਮੇਮਾਂ ਵੇਖਣ ਜ਼ਰੂਰ ਜਾਣਾ।"

ਮੇਮਾਂ ਹਮੇਸ਼ ਤਿੰਨ ਹੋਂਦੀਆਂ, ਦੋ ਕਾਲੀਆਂ ਇਕ ਚਿੱਟੀ। ਕਾਲੀਆਂ ਬਹੁਤੀਆਂ ਈ ਕਾਲੀਆਂ ਪਰ ਸਾੜ੍ਹੀਆਂ ਓਹਨਾਂ ਦੀਆਂ ਦੁੱਧ ਵਰਗੀਆਂ ਚਿੱਟੀਆਂ। ਚਿੱਟੇ ਬੂਟ ਕੱਪੜੇ ਦੇ, ਇਕ ਦੇ ਹੱਥ ਵਿੱਚ ਕੱਪੜੇ ਦਾ ਥੈਲਾ ਫੁੱਲਿਆ ਹੋਇਆ। ਦੂਜੀ ਨੇ ਗੋਲ ਕੀਤੀਆਂ ਤਸਵੀਰਾਂ ਦਾ ਗੋਲਾ ਫੜ੍ਹਿਆ। ਚਿੱਟੀ ਮੇਮ ਦੇ ਹੱਥ ਵਿੱਚ ਇਕ ਲੰਮੀ ਸੋਟੀ ਬੰਦੇ ਜਿੰਨੀ ਉੱਚੀ। ਇਕ ਸਿਰਾ ਓਹਦਾ ਮੋਟਾ, ਦੂਜਾ ਚੁੰਜਦਾਰ।

'ਪੋਆਇੰਟਰ' ਕਦੀ ਕਿਸੀ ਕਾਲੀ ਮੇਮ ਨੂੰ ਫੜਾਂਦਿਆਂ ਕਹਿੰਦੀ:

"ਇਧਰ ਹਮਾਰਾ ਪੋਆਇੰਟਰ ਪਕੜਨੇ ਕੋ।"

ਚਿੱਟੀ ਮੇਮ ਉੱਚੀ ਲੰਮੀ ਕਿਸੇ ਹੋਰ ਦੁਨੀਆਂ ਦੀ ਮਖ਼ਲੂਕ ਲੱਗਦੀ। ਸਿਰ 'ਤੇ ਚਿੱਟਾ ਸੋਲਰ-ਹੈਟ, ਚਿੱਟਾ ਕੋਟ, ਅੱਧੀਆਂ ਬਾਹਵਾਂ ਵਾਲਾ। ਚਿੱਟੀ ਸਕਰਟ, ਲੰਮੀਆਂ ਜਰਾਬਾਂ ਚਿੱਟੀਆਂ, ਗੋਡਿਆਂ ਤੀਕਰ ਬਰਾਊਨ ਬੂਟ ਮਰਦਾਨੇ। ਕੋਹੜੀ ਨੰਗੇ ਪੈਰੀਂ ਆ ਕੇ ਘੇਰਾ ਜੇਹਾ ਬਣਾ ਲੈਂਦੇ, ਆਪਣਿਆਂ ਸੋਟਿਆਂ 'ਤੇ ਭਾਰ ਪਾਈ ਦੋਵਾਂ ਹੱਥਾਂ ਨਾਲ । ਅੱਗੇ ਓਹਨਾਂ ਦੇ ਨਿਆਣੇ ਬੈਠੇ ਇਕ ਦੂਜੇ ਨੂੰ ਕੂਹਣੀਆਂ ਮਾਰਦੇ। ਕੋਈ ਉਂਗਲ ਨਾਲ ਮਿੱਟੀ ਵਿੱਚ ਤਸਵੀਰਾਂ ਲਿਖਦਾ।

"ਅਸਲਾਮ-ਆ-ਲੇਕਮ" ਚਿੱਟੀ ਮੇਮ ਕਹਿੰਦੀ ਤੇ ਨਿਆਣੇ ਏਨੀ ਉੱਚੀ "ਵਾ ਲੇਕਮ ਸਲਾਮ" ਕਹਿੰਦੇ ਕਿ ਟਾਹਣੀਆਂ ਵਿੱਚੋਂ ਕਾਂ, ਕਾਂ ਕਾਂ ਕਰਦੇ ਉੱਡ ਜਾਂਦੇ ਤੇ ਦੋ ਚਾਰ ਲੰਬੂਤਰੇ ਚੱਕਰ ਹਵਾ ਵਿੱਚ ਲਾ ਕੇ ਮੁੜ ਆਪਣੀਆਂ ਟਾਹਣੀਆਂ ਵਿੱਚ ਜਾ ਵੜਦੇ। ਕਾਲੀ ਮੇਮ ਕਿਸੇ ਕੁੱਲੀ ਦੀ ਕੰਧ ਵਿੱਚ ਲੱਕੜ ਦਾ ਗੁੱਲਾ ਗੱਡ ਕੇ ਓਹਦੇ ਉੱਤੇ ਤਸਵੀਰਾਂ ਦਾ ਗੋਲਾ ਖੋਲ੍ਹ ਕੇ ਟੰਗ ਦੇਂਦੀ ਤੇ ਚਿੱਟੀ ਮੇਮ ਓਹਨਾਂ ਵਿੱਚੋਂ ਕੋਈ ਤਸਵੀਰ ਫੜ੍ਹ ਕੇ ਓਹਦੀ ਕਹਾਣੀ ਸੁਨਾਣ ਲੱਗ ਪੈਂਦੀ, ਤਸਵੀਰਾਂ ਤੇ ਥਾਂ ਥਾਂ ਪੁਆਇੰਟਰ ਫੇਰਦਿਆਂ। ਕਹਾਣੀਆਂ ਭੇਡਾਂ ਬੱਕਰੀਆਂ ਦੀਆਂ ਹੋਂਦੀਆਂ ਯਾ ਖ਼ੁਦਾਵੰਦ ਯਸੂ ਮਸੀਹ ਕਿਸੇ ਨੂੰ ਸੁਜਾਖਾ ਕਰਦਿਆਂ, ਯਾ ਕਿਸੇ ਬਿਮਾਰ ਨੂੰ ਚੰਗਾ ਕਰਦਿਆਂ। ਫੇਰ ਚਿੱਟੀ ਮੇਮ ਅੱਖਾਂ ਮੀਟ ਕੇ ਆਪਣੇ ਆਸਮਾਨੀ ਬਾਪ ਨੂੰ ਦੁਆ ਕਰਦੀ, ਗਵਾਚੀਆਂ ਭੇਡਾਂ ਨੂੰ ਮੁੜ ਘਰ ਲਿਆਣ ਲਈ, ਬਿਮਾਰਾਂ ਨੂੰ ਚੰਗਿਆਂ ਕਰਨ ਲਈ, ਹਰ ਦੁਆ ਮਗਰੋਂ ਕਾਲੀਆਂ ਮੇਮਾਂ ਆਮੀਨ ਕਹਿੰਦੀਆਂ ਤੇ ਨਿਆਣੇ ਓਹਨਾਂ ਤੋਂ ਵੀ ਉੱਚੀ। ਮੇਮਾਂ ਨਿਆਣਿਆਂ ਦੀਆਂ ਆਮੀਨਾਂ ਮੁੱਕਣ ਦਾ ਇੰਤਜ਼ਾਰ ਕਰਦੀਆਂ। ਜਦ ਚੁੱਪ ਹੋ ਜਾਂਦੀ ਤੇ ਕਾਲੀ ਮੇਮ ਆਪਣਾ ਕੱਪੜੇ ਦਾ ਥੈਲਾ ਖੋਲ੍ਹ ਕੇ ਓਹਦੇ ਵਿੱਚੋਂ ਪੁਰਾਣੇ ਫ਼ਰਾਕ, ਸਕਰਟ, ਅੰਗੀਆਂ, ਵਾਸਕਟਾਂ, ਪਤਲੂਨਾਂ, ਜਰਾਬਾਂ ਕੱਢਦੀ ਤੇ ਚਿੱਟੀ ਮੇਮ ਏਹ ਕੱਪੜੇ ਕੋਹੜੀਆਂ ਨੂੰ ਵੰਡਦੀ ਜਾਂਦੀ। ਨਿਆਣਿਆਂ ਦੇ ਹਿੱਸੇ ਵਰਤੇ ਹੋਏ ਕ੍ਰਿਸਮਸ ਕਾਰਡ ਆਂਦੇ । ਜਾਂਦਿਆਂ ਮੇਮਾਂ ਕੋਹੜੀਆਂ ਲਈ ਦਵਾਈਆਂ, ਪੱਟੀਆਂ ਵੀ ਛੱਡ ਜਾਂਦੀਆਂ। ਤਸਵੀਰਾਂ ਦਾ ਗੋਲਾ ਤੇ ਖ਼ਾਲੀ ਥੈਲੀਆਂ ਨਾਲ ਲੈ ਜਾਂਦੀਆਂ। ਲੱਕੜ ਦਾ ਗੁੱਲਾ ਵੀ। ਜਦੋਂ ਤੋਂ ਫ਼ੀਲ ਗੰਜ ਆਬਾਦ ਹੋਇਆ ਯਾ ਕੋਹੜੀ ਏਹਨਾਂ ਕੁੱਲੀਆਂ ਵਿੱਚ ਰਹਿਣ ਲੱਗੇ ਯਾ ਮਿਸ਼ਨ ਵਾਲੇ ਵਲਾਇਤੋਂ ਆਏ, ਮੇਮਾਂ ਹਰ ਮਹੀਨੇ ਪੰਦਰਾਂ ਦਿਨਾਂ ਮਗਰੋਂ ਕੋਹੜੀਆਂ ਦੀਆਂ ਕੁੱਲੀਆਂ ਆਂਦੀਆਂ। ਓਹਨਾਂ ਨੂੰ ਤਸਵੀਰਾਂ ਵਿਖਾਂਦੀਆਂ, ਕਹਾਣੀਆਂ ਸੁਣਾਂਦੀਆਂ, ਓਹਨਾਂ ਨੂੰ ਪੁਰਾਣੇ ਕੱਪੜੇ ਤੇ ਦਵਾਈਆਂ ਦੇਂਦੀਆਂ ਤੇ ਨਿਆਣਿਆਂ ਨੂੰ ਵਰਤੇ ਹੋਏ ਕ੍ਰਿਸਮਸ ਕਾਰਡ ਪਰ ਕਦੀ ਵੀ ਕੋਈ ਕੋਹੜੀ ਮੁਸਲਮਾਨੋ



ਇਸਾਈ ਨਹੀਂ ਹੋਇਆ। ਅਖ਼ੀਰ ਤੀਕਰ ਯਾ ਕਹਿ ਲਓ ਪਾਕਿਸਤਾਨ ਬਨਣ ਤੀਕਰ। ਪਾਕਿਸਤਾਨ ਬਣਿਆਂ ਤੇ ਫ਼ੀਲ ਗੰਜ ਦੇ ਮੁਸਲਮਾਨ ਆਪਣਾ ਮੁਹੱਲਾ, ਸ਼ਹਿਰ ਛੱਡ ਕੇ ਪਾਕਿਸਤਾਨ ਚਲੇ ਗਏ। ਕੋਹੜੀਆਂ ਨੂੰ ਕਿਸੇ ਨਹੀਂ ਪੁੱਛਿਆ "ਤੁਸੀਂ ਵੀ ਪਾਕਿਸਤਾਨ ਚੱਲਣਾ?" ਕਿਸੇ ਨੂੰ ਨਾ ਪਤਾ ਕੋਹੜੀਆਂ ਦਾ ਕੀ ਬਣਿਆਂ।

ਜਦ ਅਮਨ ਅਮਾਨ ਹੋਇਆ ਲੋਕਾਂ ਨੂੰ ਸੁਰਤ ਆਈ ਤੇ ਓਹਨਾਂ ਨੂੰ ਆਪਣੇ ਘਰ ਯਾਦ ਆਏ। ਮਜ਼ਾਰਾਂ, ਮੰਦਰਾਂ, ਗੁਰਦਵਾਰਿਆਂ ਬਹਾਨੇ ਓਹ ਹਿੰਦੋਸਤਾਨ ਪਾਕਿਸਤਾਨ ਆਪਣੇ ਘਰ ਵੇਖਣ ਆਣ ਜਾਣ ਲੱਗੇ। ਫ਼ੀਲ ਗੰਜੀਏ ਵੀ। ਓਹਨਾਂ ਦੇ ਘਰਾਂ ਵਿੱਚ ਰਹਿੰਦੇ ਹਿੰਦੂ ਸਿੱਖ ਓਹਨਾਂ ਨੂੰ ਮਿਲੇ ਤੇ ਹਿੰਦੂ ਸਿੱਖਾਂ ਨੂੰ ਆਪਣੇ ਘਰ ਯਾਦ ਆਏ, ਜਿਹੜੇ ਓਹ ਪਾਕਿਸਤਾਨ ਛੱਡ ਆਏ ਸਨ। ਓਹ ਫ਼ੀਲ ਗੰਜੀਆਂ ਨੂੰ ਘੁੱਟ ਘੁੱਟ ਕੇ ਮਿਲੇ ਤੇ ਜਿੰਨਾ ਹੋ ਸਕਦਾ ਸੀ ਓਹਨਾਂ ਦੀ ਸੇਵਾ ਕੀਤੀ। ਓਹਨਾਂ ਲਈ ਆਪਣੇ ਘਰ ਖੋਲ੍ਹ ਦਿੱਤੇ। ਨਾਲਿਓਂ ਪਾਰ ਦੇ ਵੀ ਜਿੱਥੇ ਹੁਣ ਕਬਰਾਂ ਦੀ ਥਾਂ ਮਕਾਨ ਖੜ੍ਹੇ ਤੇ ਵਿੱਚ ਲੋਕੀ ਰਹਿੰਦੇ। "ਮਹਾਰਾਜ ਜੀਉਂਦਿਆਂ ਨੂੰ ਘਰਾਂ ਦੀ ਵੱਧ ਲੋੜ ਹੁੰਦੀ ਏ।" ਕੋਹੜੀ ਹਾਲੇ ਵੀ ਕੁੱਲੀਆਂ ਵਿੱਚ ਰਹਿੰਦੇ ਪਰ ਓਹਨਾਂ ਦੇ ਕੱਪੜੇ ਹੋਰ ਤਰ੍ਹਾਂ ਦੇ, ਧੋਤੀਆਂ ਹੋਰ ਤਰ੍ਹਾਂ ਵਲੇਟੀਆਂ ਤੇ ਨਾਲ ਪਰਨੇ। ਸਾਦਕ ਕੋਹੜਾ ਹੁਣ ਰਾਮ ਪ੍ਰਕਾਸ਼ ਸੀ ਪਰ ਸਾਰੇ ਓਹਨੂੰ ਰਾਮ ਪ੍ਰਕਾਸ਼ ਕਹਿੰਦੇ, ਨਿਰਾ ਪ੍ਰਕਾਸ਼। ਪ੍ਰਕਾਸ਼ ਕੋਹੜਾ ਨਹੀਂ। ਹੁਣ ਓਹਦਾ ਸਾਰਾ ਮੂੰਹ ਓਹਦੇ ਕੋਹੜ ਦਾ ਸਾਇਨ ਬੋਰਡ ਬਣਿਆਂ ਸੀ। ਪਾਕਿਸਤਾਨੋਂ ਆਏ ਫ਼ੀਲ ਗੰਜੀਆਂ ਨੂੰ ਪ੍ਰਕਾਸ਼ ਆਪਣੀ ਰਾਮ ਕਹਾਣੀ ਏਸ ਤਰ੍ਹਾਂ ਸੁਣਾਈ:

"ਜਦ ਫ਼ੀਲ ਗੰਜ ਤੇ ਹਮਲਾ ਹੋਇਆ ਤੇ ਅਸੀਂ ਆਪਣੀਆਂ ਕੁੱਲੀਆਂ ਵਿੱਚ ਵੜ ਗਏ। ਏਹ ਸੋਚਦਿਆਂ ਕਿ ਸ਼ਾਇਦ ਤੁਸੀਂ ਸਾਨੂੰ ਲੈਣ ਆਓ। ਫੇਰ ਅਸੀਂ ਏਹ ਵੀ ਸੋਚਿਆ ਸਾਨੂੰ ਕੌਣ ਲੈਣ ਆਏਗਾ, ਕੌਣ ਆਪਣੇ ਨਾਲ ਗੱਡੀ ਵਿੱਚ ਬਠਾਏਗਾ। ਜਦ ਅੱਲ੍ਹਾ ਅਕਬਰ ਦੇ ਨਾਅਰੇ ਆਣੇ ਬੰਦ ਹੋਏ ਤੇ ਅਸੀਂ ਹਿੰਦੂ ਸਿੱਖਾਂ ਨੂੰ ਉਡੀਕਣ ਲੱਗ ਪਏ। ਓਹ ਵੀ ਨਾ ਆਏ। ਸਾਡਾ ਦਾਣਾ ਫੱਕਾ ਮੁੱਕ ਗਿਆ ਤੇ ਨਿਆਣੇ ਬਿਲਕਣ ਲੱਗ ਪਏ। ਮਾਵਾਂ ਲੱਖ ਲੋਲੋ ਪੋਪੋ ਕਰਦੀਆਂ ਪਰ ਓਹ ਰੀਂ ਰੀਂ ਕਰਦੇ ਰਹਿੰਦੇ। ਫੇਰ ਮਾਵਾਂ ਨਿਆਣਿਆਂ ਨੂੰ ਨਾਲ ਲਾ ਕੇ ਆਪ ਵੀ ਰੋਣ ਲੱਗਦੀਆਂ ਤੇ ਅਸੀਂ ਗਲੀਆਂ 'ਚੋਂ ਨਿਕਲ ਕੇ ਕਬਰਾਂ ਦੇ ਥੜ੍ਹਿਆਂ 'ਤੇ ਜਾ ਬੈਠਦੇ। ਸੋਚਦੇ ਰਹਿੰਦੇ ਪਰ ਇਕ ਦੂਜੇ ਨਾਲ ਗੱਲ ਨਾ ਕਰਦੇ। ਇਕ ਰਾਤੀਂ ਅਸੀਂ ਇਕੱਠਿਆਂ ਹੋ ਕੇ ਗੱਲਾਂ ਕੀਤੀਆਂ, ਜੋ ਜਿਹਦੇ ਦਿਲ ਵਿੱਚ ਸੀ। ਰਾਤ ਦੇ ਨੇਰ੍ਹੇ ਵਿੱਚ ਇਕ ਦੂਜੇ ਦੀਆਂ ਅੱਖਾਂ ਨਹੀਂ ਦਿਖਾਈ ਦੇਂਦੀਆਂ ਤੇ ਬੰਦੇ ਸੱਚ ਬੋਲਣ ਤੋਂ ਨਹੀਂ ਡਰਦੇ।

ਅਗਲੇ ਦਿਨ ਫ਼ਜਰੇ ਫ਼ਜਰੇ ਅਸੀਂ ਲਾਇਨ ਦੇ ਨਾਲ ਇਕੱਠੇ ਹੋ ਗਏ। ਕੁੱਲ ਕੋਹੜੇ ਜਿਹੜੇ ਚੱਲ ਫਿਰ ਸਕਦੇ ਜਾਂ ਸੋਟੀਆਂ ਸਹਾਰੇ। ਮਾਵਾਂ ਰੋਂਦੇ ਨਿਆਣਿਆਂ ਨੂੰ ਕੁੱਛੜ ਚੁੱਕਿਆ। ਜਦ ਛੇ ਵਜੇ ਵਾਲੀ ਐਕਸਪ੍ਰੈਸ ਲੰਘ ਗਈ ਤੇ ਅਸੀਂ ਲਾਇਨ ਪਾਰ ਕਰ ਗਏ। ਅੱਗੇ ਸਾਡੇ ਮਾਈ ਫੌਜਾਂ ਸੀ। ਓਹਦੇ ਹੱਥ ਵਿੱਚ ਓਹਦੀ ਸੋਟੀ ਰੰਗ ਬਰੰਗੀਆਂ ਲੀਰਾਂ ਵਾਲੀ। ਮਾਈ ਫੌਜਾਂ ਨੱਕ ਵਿੱਚੋਂ ਵਾਜ ਕੱਢਦੀ,

"ਸਭ ਬੋਲੋ।"

"ਤੇ ਅਸੀਂ ਸਭ ਨਿਆਣੇ ਓਹਦੇ ਪਿੱਛੇ ਕਹਿੰਦੇ: "ਰਾਮ ਚੰਦਰ ਜੀ ਦੀ ਜੈ। ਰਾਮ ਚੰਦਰ ਜੀ ਦੀ ਜੈ।" ਲਾਇਨ ਦੀ ਘਾਟੀਓਂ ਉੱਤਰ ਕੇ ਅਸੀਂ ਹਿੰਦੂ ਸਿੱਖਾਂ ਦੇ ਘਰਾਂ ਵੱਲ ਤੁਰ ਪਏ ਓਹ ਸਾਨੂੰ ਵੇਖ ਕੇ ਆਪਣੇ ਘਰੀਂ ਜਾ ਵੜੇ ਤੇ ਕੋਠਿਆਂ ਤੋਂ ਸਾਨੂੰ ਤੱਕਣ ਲੱਗ ਪਏ। ਅਸੀਂ ਓਹਨਾਂ ਦੇ

ਘਰਾਂ ਤੋਂ ਉਰਾਂ ਕਰਕੇ ਰੁਕ ਗਏ ਤੇ " ਰਾਮ ਚੰਦਰ ਜੀ ਦੀ ਜੈ " ਲਾਂਦੇ ਰਹੇ। ਕੁਝ ਸਾਡੀਆਂ ਅਵਾਜ਼ਾਂ ਕੋਹੜੀ, ਵਿੱਚ ਨਿਆਣੇ ਰੂੰ ਰੂੰ ਕਰਦੇ । ਪਹਿਲੇ ਤੇ ਓਹਨਾਂ ਦੇ ਪੱਲੇ ਕੁਝ ਨਾ ਪਿਆ। ਜਦ ਸਾਡੀ ਗੱਲ ਓਹਨਾਂ ਦੀ ਸਮਝ ਆਈ ਤੇ ਓਹ ਕੋਠਿਓਂ ਉੱਤਰ ਕੇ ਆਪਣੇ ਘਰਾਂ ਅੱਗੇ ਰਾਤ ਦੀਆਂ ਰੋਟੀਆਂ, ਦਾਲ, ਚਾਵਲ ਰੱਖ ਕੇ ਮੁੜ ਆਪਣੇ ਘਰੀਂ ਜਾ ਵੜੇ। ਅਗਲੇ ਦਿਨ ਓਹ ਦਾਲ, ਚਾਵਲ, ਰੋਟੀਆਂ, ਗੁੜ ਤੇ ਲੂਣ, ਮਿਰਚਾਂ ਆਪੂੰ ਆ ਕੇ ਲਾਇਨ ਦੇ ਸਾਡੇ ਪਾਸੇ ਰੱਖ ਗਏ। ਕਦੀ ਤੀਲੀ ਸਾਬਣ ਵੀ। ਇਕ ਦਿਨ ਓਹ ਏਹਨਾਂ ਸ਼ੈਵਾਂ ਦੇ ਨਾਲ ਇਕ ਮੂਰਤੀ ਵੀ ਛੱਡ ਗਏ, ਚਿੱਟੀ ਦੁੱਧ ਵਰਗੀ ਮੂਰਤੀ, ਜੇਹੜੀ ਅਸੀਂ ਲਿਆ ਕੇ ਮਸੀਤ ਵਿੱਚ ਰੱਖ ਲਈ ਮਹਾਰਾਜ। ਓਥੇ ਲਾਇਨ ਦੇ ਨਾਲ ਪਈ ਏਹਦੇ ਉੱਤੇ ਮਿੱਟੀ, ਘੱਟਾ ਤੇ ਧੂੰਆਂ ਈ ਪੈਣਾ ਸੀ।"

–2–

ਏਹ ਨਿੰਮ ਮੈਥੋਂ ਪਹਿਲੋਂ ਦੀ ਸੀ। ਬੀਬੀ ਕਹਿੰਦੀ ਜਦ ਓਹਦਾ ਬਾਪ ਤੇ ਓਹਦਾ ਟੱਬਰ ਆ ਕੇ ਏਸ ਕੂਚੇ ਵਿੱਚ ਰਹਿਣ ਲਗੇ ਤੇ ਏਹ ਨਿੰਮ ਏਥੇ ਈ ਸੀ। ਬੀਬੀ ਕਹਿੰਦੀ: "ਮੇਰੇ ਬਾਪ ਨੇ ਇਕ ਹੋਰ ਮਹੱਲੇ ਇਕ ਮਕਾਨ ਦਾ ਤਿੰਨ ਸੌ ਪਚੱਤਰ ਵਿੱਚ ਸੌਦਾ ਕੀਤਾ ਪਰ ਓਹਨੇ ਤਿੰਨ ਸੌ ਪਚਾਸੀ ਤੇ ਕਿਸੇ ਹੋਰ ਨੂੰ ਦੇ ਦਿੱਤਾ ਤੇ ਮੇਰੇ ਬਾਪ ਨੇ ਫ਼ੀਲ ਗੰਜ ਜ਼ਮੀਨ ਖ਼ਰੀਦ ਕੇ ਐਥੇ ਆਪਣਾ ਮਕਾਨ ਬਣਾ ਲਿਆ।"

ਬੀਬੀ ਕਹਿੰਦੀ:

"ਜਦ ਅਸੀਂ ਆਪਣੇ ਏਸ ਨਵੇਂ ਘਰ ਆਏ ਤੇ ਨਿੰਮ ਤੇ "ਕੂਚਾ ਰੋਸ਼ਨ" ਦਾ ਬੋਰਡ ਲੱਗਾ ਸੀ। ਕਮੇਟੀ ਨੇ ਹਾਲੇ ਕੂਚਿਆਂ ਦੇ ਨੰਬਰ ਨਹੀਂ ਸਨ ਲਾਏ। ਜਿਸ ਕਿਸੇ ਨੇ ਜਿਸ ਕੂਚੇ ਵਿੱਚ ਪਹਿਲਾ ਮਕਾਨ ਬਣਾ ਲਿਆ, ਕੂਚਾ ਆਪਣੇ ਨਾਂ ਲਾ ਲਿਆ।"

ਏਸ "ਕੂਚਾ ਰੋਸ਼ਨ" ਦਾ "ਰੋਸ਼ਨ" ਮੇਰਾ ਪਰਦਾਦਾ ਸੀ। ਮੈਨੂੰ ਆਪਣਾ ਪਰਦਾਦਾ ਯਾਦ ਨਹੀਂ। ਓਹਦੇ ਮਗਰੋਂ ਇਕ ਦਿਨ ਓਹਦੇ ਬਕਸੇ ਕੱਢ ਕੇ ਗਲੀ ਵਿੱਚ ਖੋਲ੍ਹਦੇ ਸਨ ਤੇ ਓਹਨਾਂ ਵਿਚੋਂ ਕਾਗਜ਼ ਘੱਟ ਤੇ ਸਿਉਂਕ ਵੱਧ ਨਿਕਲੇ। ਕਹਿੰਦੇ, ਫ਼ਾਰਸੀ ਵਿੱਚ ਕਿਤਾਬਾਂ ਲਿਖਦਾ ਸੀ। ਮੈਨੂੰ ਝਓਲਾ ਜਿਹਾ ਪੈਂਦਾ ਮੈਂ ਆਪਣੇ ਬਲੇ ਨਾਲ ਸਿਉਂਕ ਨੂੰ ਮਾਰਦਾ ਸੀ ਪਰ ਸਿਉਂਕ ਨਹੀਂ ਸੀ ਮਰੀਆਂ ਲੱਤਾਂ ਉੱਤੇ ਚੜ੍ਹੀ ਜਾਵੇ ਤੇ ਕਿਸੇ ਨੇ ਮੈਨੂੰ ਬਾਹੋਂ ਫੜ੍ਹ ਕੇ ਉੱਤੇ ਨੂੰ ਚੱਕ ਲਿਆ। ਦੋ ਕਿਤਾਬਾਂ ਬਚੀਆਂ। ਓਹ ਅੱਬਾ ਬੜੀਆਂ ਸਾਂਭ ਕੇ ਰੱਖਦਾ ਪਰ 47 ਵਿੱਚ ਲੁਧਿਆਣੇ ਈ ਛੱਡ ਆਏ।

ਜਦ ਬੀਬੀ ਅੱਬਾ ਤੇ ਓਹਦਾ ਟੱਬਰ ਕੂਚਾ ਰੋਸ਼ਨ ਵਿੱਚ ਰਹਿਣ ਲੱਗ ਪਏ ਤੇ ਦੋਵੇਂ ਟੱਬਰ ਗੁਆਂਢੀ ਹੋਂਦਿਆਂ ਇਕ ਦੂਜੇ ਦੇ ਘਰੀਂ ਈਦ ਸ਼ਬਰਾਤੇ ਸੇਵੀਆਂ ਤੇ ਹਲਵਾ ਭੇਜਣ ਲੱਗੇ ਤੇ ਈਦ ਤੇ ਨਿਆਣਿਆਂ ਨੂੰ ਈਦੀ ਵੀ। ਨਿਆਣਿਆਂ ਨੂੰ ਸਿਆਣਿਆਂ ਹੋਂਦਿਆਂ ਦੇਰ ਨਹੀਂ ਲੱਗਦੀ। ਜਦ ਮੇਹਰ ਅਲੀ ਦੇ ਨਿਕੰਮੇ ਪੁੱਤਰ ਅਕਬਰ ਅਲੀ ਨੇ ਦਸਵੀਂ ਪਾਸ ਕਰਕੇ ਡਾਕਖ਼ਾਨੇ ਵਿੱਚ ਨੌਕਰੀ ਕਰ ਲਿੱਤੀ ਤੇ ਮੇਰੀ ਬੀਬੀ ਦੇ ਬਾਪ ਨੇ ਮੇਰੀ ਬੀਬੀ ਦਾ ਵਿਆਹ ਮੇਰੇ ਅੱਬੇ ਨਾਲ ਕਰ ਦਿੱਤਾ।

ਪਾਕਿਸਤਾਨ ਆ ਕੇ ਜਦ ਅੱਬੇ ਨੇ ਆਪਣੇ ਕਲੇਮ ਦੇ ਸਬੂਤ ਵਿੱਚ ਆਪਣੀ ਜ਼ਮੀਨ ਦੀ ਰਜਿਸਟਰੀ ਪੇਸ਼ ਕੀਤੀ ਤੇ ਓਹਦਾ ਸਾਲ ਖ਼ਰੀਦ 1922 ਸੀ ਤੇ ਮੇਰੀ ਤਾਰੀਖ਼ ਪੈਦਾਇਸ਼ 18 ਅਪ੍ਰੈਲ 1922 ਏ। ਏਸ ਜ਼ਮੀਨ ਤੇ ਅੱਬੇ ਨੇ ਆਪਣਾ ਮਕਾਨ ਖੜ੍ਹਾ ਕਰ ਲਿਆ। ਮਕਾਨ ਹੋਣ ਤੇ ਨਿਆਣਿਆਂ ਓਹਨਾਂ ਤੇ ਚੜ੍ਹਨਾ ਉੱਤਰਣਾ ਵੀ ਹੋਇਆ। ਮੈਂ ਇਕ ਦਿਨ ਏਹਦੀ ਛੱਤ ਤੋਂ ਗੁੱਡੀ ਉਡਾਂਦਾ ਡਿੱਗ ਪਿਆ। ਮੈਨੂੰ ਯਾਦ ਨਹੀਂ ਪਰ ਬੀਬੀ ਗੁਆਂਢੀਆਂ ਨੂੰ ਦੱਸਦੀ:



"ਐਨੇ ਜ਼ੋਰ ਨਾਲ ਉੱਤੋਂ ਡਿੱਗਿਆ ਹੇਠ ਪਏ ਲੋਟੇ ਦੀ ਟੂਟੀ ਲੋਟੇ ਦੇ ਵਿੱਚ ਵੜ ਗਈ।" ਏਹ ਕਦੀ ਨਹੀਂ ਦੱਸਿਆ ਸ਼ਾਮੀਂ ਘਰ ਆ ਕੇ ਅੱਬੇ ਨੇ ਕਿੰਨਾ ਕੁ ਖੌਰੂ ਪਾਇਆ। ਹੁਣ ਕੋਈ ਫ਼ਾਰਮ ਵਗ਼ੈਰਾ ਭਰਦਿਆਂ ਸ਼ਨਾਖ਼ਤੀ ਨਿਸ਼ਾਨ ਲਿਖਣਾ ਹੋਂਦਾ ਤੇ ਏਹ ਲੋਟੇ ਦੀ ਟੂਟੀ ਵਾਲਾ ਨਿਸ਼ਾਨ ਈ ਕੰਮ ਆਂਦਾ ਏ। ਮੇਰੇ ਸ਼ਨਾਖ਼ਤੀ ਕਾਰਡ ਤੇ ਵੀ ਏਹੀ ਲਿਖਿਆ ਏ:

"ਸਿਰ ਦੇ ਵਿਚਕਾਰ ਜ਼ਖ਼ਮ ਦਾ ਨਿਸ਼ਾਨ।"

ਵੇਹਲਾ ਬੈਠਾ ਹੋਰ ਏਧਰਲੀਆਂ ਓਧਰਲੀਆਂ ਦੇ ਨਾਲ ਕਦੀ ਏਹ ਵੀ ਸੋਚਦਾਂ ਕਿ ਜੇ ਮੇਰੀ ਬੀਬੀ ਦੇ ਬਾਪ ਨੂੰ ਓਹ ਹੋਰ ਮਹੱਲੇ ਵਾਲਾ ਮਕਾਨ ਮਿਲ ਗਿਆ ਹੋਂਦਾ ਤੇ ਓਹ "ਕੂਚਾ ਰੋਸ਼ਨ" ਆ ਕੇ ਨਾ ਰਹਿਣ ਲੱਗਦਾ ਤੇ ਅੱਜ ਮੈਂ ਕਿਥੇ ਹੋਂਦਾ?

ਕਿਆ ਹੋਂਦਾ?

–3–

ਅੱਜ ਛੇਵੇਂ ਕੂਚੇ ਦੇ ਚੌਕ ਵਿੱਚ ਸਿੱਖ ਖੜ੍ਹੇ ਬੜਕਾਂ ਮਾਰਦੇ। ਬਰਛੇ, ਬਲਮ ਘੁਮਾਂਦੇ। ਮੁਸਲਮਾਨ ਆਪਣੀਆਂ ਗਲੀਆਂ ਦੀਆਂ ਨੁੱਕਰਾਂ 'ਤੇ ਖੜ੍ਹੇ, ਬਿਟ ਬਿਟ ਤੱਕਦੇ। ਕੱਲ੍ਹ ਤੀਕਰ ਤੇ ਮੌਲਵੀ ਨਈਮ ਮੁਸਲਮਾਨਾਂ ਨੂੰ ਤਸੱਲੀ ਦੇਂਦਾ ਫਿਰਦਾ ਸੀ:

"ਅਪਣਾ ਹਿੰਦੋਸਤਾਨ ਬਣ ਗਿਆ ਏ।"

"ਫ਼ਿਕਰ ਦੀ ਕੋਈ ਗੱਲ ਨਹੀਂ।"

"ਆਪਣੇ ਕੰਮ ਲੱਗੇ ਰਹੋ।"

"ਫ਼ਿਕਰ ਦੀ ਕੋਈ ਗੱਲ ਨਹੀਂ।"

"ਅੱਜ ਤੇ ਓਹਦੀ ਕਾਰ ਵੀ ਨਹੀਂ ਆਈ।"

ਸਿੱਖ ਬੜ੍ਹਕਾਂ ਮਾਰਦੇ।

ਮੁਸਲਮਾਨ ਨੁੱਕਰਾਂ ਲੱਗੀ ਖੜ੍ਹੇ।

ਘਰਾਂ ਵਿੱਚ ਟੱਬਰ। ਨਿਆਣੇ। ਸਿਆਣੇ, ਜਵਾਨ ਧੀਆਂ।

ਇਕ ਇਕ ਕਰਦੇ ਆਪਣੇ ਆਪਣੇ ਘਰੀਂ ਜਾ ਵੜੇ ਤੇ ਦੇਖ ਲਵਾਂਗੇ। ਕੋਠਿਆਂ 'ਤੇ ਇੱਟਾਂ ਰੱਖ ਲਓ।

ਪੂਰੀ ਸਾਂਭੀ ਨਹੀਂ ਜਾਂਦੀ। ਅੱਧੀਆਂ ਅੱਧੀਆਂ ਕਰਕੇ।

ਡਾਂਗਾਂ, ਸੋਟੇ ਵੀ ਸਾਂਭ ਰੱਖੋ।

ਮਹੀਨਾ ਪਹਿਲੋਂ ਈ ਖ਼ਾਲੀ ਹੋ ਗਿਆ ਸੀ ਬਾਂਸਾਂ ਵਾਲਾ ਬਾਜ਼ਾਰ। ਸਾਰਾ ਹਿੰਦੂਆਂ ਦਾ। ਸਦਾ ਕਸੂਰੀਆ ਮਸੀਤੋਂ ਨਹਾ ਕੇ ਨਿਕਲਿਆ ਤੇ ਗਲੀਆਂ ਸੁੰਨੀਆਂ। ਛੇਵੇਂ ਕੂਚੇ ਦੇ ਪਿੱਪਲ ਹੇਠ ਕੱਠੇ ਹੋਏ। ਬੜਕਾਂ ਮਾਰਦੇ। ਸਦਾ ਕਸੂਰੀਆ ਸਿੱਖਾਂ ਨੂੰ ਵੇਖ ਕੇ ਖੜ੍ਹਾ ਹੋ ਗਿਆ ਤੇ ਮੁਸਲਮਾਨਾਂ ਨੂੰ ਉੱਚੀ ਉੱਚੀ ਗਾਲ੍ਹਾਂ ਕੱਢਣ ਲੱਗ ਪਿਆ:

"ਸਿੱਖ ਤੁਹਾਨੂੰ ਗਾਲ੍ਹਾਂ ਕੱਢਦੇ, ਤੁਹਾਡੀ ਗ਼ੈਰਤ ਨੂੰ ਕੀ ਹੋ ਗਿਆ ਬੇਗ਼ੈਰਤੋ। ਕਿੱਥੇ ਮਰ ਗਏ ਓ ਮੁਸਲਮਾਨੋ।"

ਸਦਾ ਕਸੂਰੀਆ ਦੱਸ ਬਾਰਾਂ ਵਰ੍ਹੇ ਪਹਿਲੋਂ ਲੁਧਿਆਣੇ ਆਇਆ ਸੀ। ਭਾਰੀ ਬੋਰੀ ਇਕ ਹੱਥ ਨਾਲ ਮੋਢਿਓਂ ਲਾਹ ਕੇ ਅਹਿਮੂ ਦੀ ਬੈਂਚ ਤੇ ਰੱਖ ਦਿੱਤੀ ਤੇ "ਸਲਾਮਾ ਲੇਕਮ ਭਾਈ ਜੀ" ਕਹਿ ਕੇ ਲੋਹੇ ਦੀ ਕੁਰਸੀ 'ਤੇ ਬੈਠ ਗਿਆ। ਕੜਾਹੀ ਮਾਂਜਦਿਆਂ ਅਹਿਮੂ ਨੇ ਵਾ ਲੇਕਮ ਕਹਿ ਕੇ

ਸਿਰ ਚੁੱਕਿਆ ਤੇ ਜਿੰਨਾ ਕੁ ਲੰਮਾ ਓਨਾ ਕੁ ਚੌੜਾ ਇਕ ਬੰਦਾ ਟੁੱਟੇ ਕੰਨ, ਮੂੰਹ ਮੱਥਾ ਗੋਭੀ ਦਾ ਵਾਹਵਾ ਨਿੱਖਰਿਆ ਫੁੱਲ। ਅਹਿਮੂ ਨੇ ਆਪਣੀ ਵਾ ਲੇਕਮ ਬਦਲ ਲਈ:

"ਵਾ ਲੇਕਮ ਪਹਿਲਵਾਨ ਜੀ, ਬਿਸਮਿਲਾਹ"

"ਹਾ ਅੱਧ ਸੇਰ ਦਹੀਂ ਦੀ ਲੱਸੀ ਤੇ ਬਣਾਈਂ ਭਾ।"

ਲੱਸੀ ਦੀ ਝੱਗ ਮੁੱਛਾਂ ਤੋਂ ਪੂੰਝਦਿਆਂ ਸਦੇ ਕਸੂਰੀਏ ਕਿਹਾ:

"ਐਥੇ ਕੋਈ 'ਖਾੜਾ ਏ, ਨੇੜੇ ? ਭਾ ਅਹਿਮੂ, ਆਪਾਂ ਸ਼ਾਮੀਂ ਪਗੜ ਮਾਰੀ ਦੀ।"

"ਏਹ ਔਖਾ ਕੰਮ ਦੱਸਿਆ।"

ਅਹਿਮੂ ਫੀਤੇ ਪਹਿਲਵਾਨ ਦੇ 'ਖਾੜੇ ਜ਼ੋਰ ਕਰਨ ਜਾਂਦਾ ਸੀ। ਇਕ ਦਿਨ ਸ਼ਮੂ ਨੇ ਫੀਤੇ ਪਹਿਲਵਾਨ ਦੀ ਕੰਢ ਵਿੱਚ ਚਾਕੂ ਮਾਰ ਦਿੱਤਾ। ਕਹਿੰਦੇ ਇਕ ਇੰਚ ਦਾ ਫ਼ਰਕ ਰਹਿ ਗਿਆ ਦਿਲ ਤੋਂ। ਸ਼ਮੂ ਅਹਿਮੂ ਦਾ ਤਾਏ ਦਾ ਪੁੱਤ ਭਾਈ ਸੀ। ਹੁਣ ਅਹਿਮੂ ਫੀਤੇ ਦੇ 'ਖਾੜੇ ਜਾਣਾ ਛੱਡ ਦਿੱਤਾ ਤੇ ਘਰ ਈ ਕਸਰਤ ਕਰੇਂਦਾ। ਉਸ ਸ਼ਾਮੀਂ ਅਹਿਮੂ ਸਦੇ ਕਸੂਰੀਏ ਨੂੰ ਅਹਿਮਦ ਦੀਨ ਪਹਿਲਵਾਨ ਦੇ 'ਖਾੜੇ ਛੱਡ ਆਇਆ।

ਤੇ ਸਦਾ ਕਸੂਰੀਆ ਲੁਧਿਆਣੇ ਦਾ ਈ ਹੋ ਕੇ ਰਹਿ ਗਿਆ। ਕਦੀਂ ਕਸੂਰ ਨਹੀਂ ਗਿਆ ਨਾ ਕੋਈ ਕਦੀਂ ਕਸੂਰੋਂ ਓਹਨੂੰ ਮਿਲਣ ਆਇਆ। ਦੋ ਕੁ ਦਿਨ ਭਾਂਡੇ ਕਲੀ ਕਰਦਾ ਫ਼ੇਰ ਅਹਿਮੂ ਦੀ ਬੈਂਚ ਤੇ ਬੈਠਾ ਰਹਿੰਦਾ ਜਦ ਤੀਕਰ ਪੈਸੇ ਮੁੱਕ ਨਾ ਜਾਂਦੇ। ਰਾਤੀਂ ਅਹਿਮਦ ਦੀਨ ਪਹਿਲਵਾਨ ਦੀ ਡਿਓੜੀ ਸੌਂ ਰਹਿੰਦਾ, ਆਪਣੇ ਕਲੀ ਦੇ ਸੰਦਾਂ ਕੋਲ। ਉੱਤੇ ਕੰਧ ਤੇ ਬਨਾਰਸੀ ਪੱਗ, ਦੋ ਘੋੜੇ ਬੋਸਕੀ ਦਾ ਕੁੜਤਾ ਤੇ ਮੁਲਤਾਨੀ ਲਾਚਾ ਟੰਗਿਆ, ਦੰਗਲ 'ਤੇ ਪਾਣ ਲਈ।

ਅੱਜ ਮਸੀਤੋਂ ਨਹਾ ਕੇ ਨਿਕਲਿਆ ਤੇ ਛੇਵੇਂ ਕੂਚੇ ਸਿੱਖ ਬੜ੍ਹਕਾਂ ਮਾਰਦੇ। ਸਦਾ ਕਸੂਰੀਆ ਫ਼ੀਲ ਗੰਜ ਦੇ ਚੌਕ ਖੜ੍ਹਾ ਹੋ ਮੁਸਲਮਾਨਾਂ ਨੂੰ ਗਾਲ੍ਹਾਂ ਕੱਢਦਾ ਅਹਿਮਦ ਦੀਨ ਪਹਿਲਵਾਨ ਦੀ ਡਿਓੜੀ ਜਾ ਵੜਿਆ ਤੇ ਆਪਣੇ ਕਲੀ ਦੇ ਸੰਦ ਤੇ ਦੰਗਲ ਕੱਪੜੇ ਇਕ ਬੋਰੀ ਵਿੱਚ ਪਾਣ ਲੱਗ ਪਿਆ।

ਸਿੱਖ ਸਵੇਰੇ ਦੇ ਛੇਵੇਂ ਕੂਚੇ ਦੇ ਪਿੱਪਲ ਹੇਠ ਇਕੱਠੇ ਹੋਏ ਮੁਸਲਮਾਨਾਂ ਨੂੰ ਲਲਕਾਰਦੇ ਪਰ ਓਹਨਾਂ ਦੀਆਂ ਬੜਕਾਂ ਭੰਗੜੇ ਓਹ ਕੰਮ ਨਾ ਕਰ ਸਕੇ ਜੋ ਕਸੂਰੀਏ ਦੀਆਂ ਗਾਲ੍ਹਾਂ ਨੇ ਮਿੰਟਾਂ ਵਿੱਚ ਕਰ ਦਿਖਾਇਆ। ਗ਼ੈਰਤਮੰਦਾਂ ਨੂੰ ਗ਼ੈਰਤ ਆ ਗਈ। ਓਹ "ਅਲੀ ਅਲੀ" ਕਰਦੇ ਆਪਣੇ ਘਰੋਂ ਨਿਕਲ ਆਏ। ਲੰਗੋਟੇ ਕੱਸੀ, ਬਲਮ, ਡਾਂਗਾਂ, ਸਰੀਏ ਜੋ ਕਿਸੇ ਦੇ ਹੱਥ ਆਇਆ। ਕਾਲੀਏ ਨੇ ਇਕ ਲੰਮੀ ਸੋਟੀ ਦੇ ਸਿਰੇ 'ਤੇ ਇਕ ਨਿੱਕਾ ਜਿਹਾ ਟਕੂਆ ਫ਼ਸਾਇਆ। "ਅਲੀ ਅਲੀ" ਕਰਦੇ ਮੁੰਡੇ ਛੇਵੇਂ ਕੂਚੇ ਵੱਲ ਵਧੇ, ਪੈਲਾਂ ਪਾਂਦੇ। ਮਹੀਉਲਦੀਨ ਸਭ ਤੋਂ ਅੱਗੇ। ਸਿੱਖ ਥੋੜ੍ਹਾ ਥੋੜ੍ਹਾ ਪਿੱਛੇ ਹਟਦੇ ਗਏ। ਫ਼ੇਰ ਓਹਨਾਂ ਵਿਚੋਂ ਤਿੰਨ ਸਿਪਾਹੀ ਨਿਕਲੇ, ਤਿੰਨ ਪੁਲਸੀਏ। ਓਹਨਾਂ ਨੇ ਜ਼ਮੀਨ 'ਤੇ ਗੋਡੇ ਟੇਕ ਲਏ ਤੇ ਆਪਣੀਆਂ ਰਫ਼ਲਾਂ ਸਿੱਧੀਆਂ ਕਰਕੇ ਪਹਿਲਾਂ ਦੀਆਂ ਕਾਕ ਕੀਤੀਆਂ, ਤਿੰਨ ਫ਼ਾਇਰ ਕੀਤੇ ਤੇ ਤਿੰਨ ਮੁਸਲਮਾਨ ਡੇਗ ਲਏ। ਸਭ ਤੋਂ ਅੱਗੇ ਮਹੀਉਲਦੀਨ ਸੀ, ਮੂਧਾ ਪਿਆ। ਸੱਜੀ ਬਾਂਹ ਅੱਗੇ ਖਿੱਲਰੀ ਬਲਮ ਚਾਰ ਕੁ ਫੁੱਟ ਹੱਥ ਤੋਂ ਅੱਗੇ, ਪਿਆ, ਆਡਾ। ਇਕ ਹੱਥ ਓਹਦਾ ਢਿੱਡ ਨੂੰ ਫੜ੍ਹੀ। ਕੰਡ ਤੇ ਚਿੱਟਾ ਕੁਰਤਾ ਤਾਜ਼ੇ ਲਹੂ ਨਾਲ ਰੰਗਿਆ, ਗੋਡੇ ਏਦਾਂ ਘਸਰਦੇ ਜਿਵੇਂ ਨਿਆਣਾ ਅੜੀ ਕਰਦਾ ਕਰਦਾ ਹੁਣ ਥੱਕ ਗਿਆ ਹੋਵੇ।

ਮਹੀਉਲਦੀਨ ਨੂੰ ਓਹਦੀ ਹੱਟੀਓਂ ਜੋਸ਼ਾਂਦਾ, ਅਰਕ, ਸ਼ਰਬਤ ਲੈਣ ਵਾਲੇ ਹਕੀਮ ਮਹੀਉਲਦੀਨ ਕਹਿੰਦੇ। ਓਹਦੀ ਹੱਟੀ ਵਿੱਚ ਬੈਠੇ ਕੈਰਮ, ਤਾਸ਼, ਖੇਡਣ ਵਾਲੇ ਓਹਨੂੰ ਮਹੀਉਲਦੀਨ



ਬੀਨੀ ਕਹਿੰਦੇ। ਓਹਨਾਂ ਮਹੀਉਲਦੀਨ ਨੂੰ ਫ਼ੀਲ ਗੰਜ ਦੀ ਕਬੱਡੀ ਟੀਮ ਦਾ ਕਪਤਾਨ ਏਸੀ ਲਈ ਬਣਾਇਆ ਸੀ ਕਿ ਓਹ ਬੀਨੀ ਬੜੀ ਪੱਕੀ ਫੜ੍ਹਦਾ ਸੀ ਤੇ ਕਹਿੰਦੇ ਓਹਦੀ ਫੜ੍ਹੀ ਬੀਨੀ ਕੋਈ ਨਹੀਂ ਤੋੜ ਸਕਦਾ। ਘਰ ਵਿੱਚ ਓਹ ਬਾਊ ਸੀ। "ਮੇਰੇ ਬਾਊ ਦੀ ਨੌਕਰੀ ਲੱਗੇਗੀ ਤੇ ਮੈਂ ਲੱਡੂ ਵੰਡਾਂਗੀ।" "ਮੇਰਾ ਬਾਊ ਤਨਖ਼ਾਹ ਲਿਆਵੇਗਾ,ਆਪਣੀਆਂ ਭੈਣਾਂ ਦਾ ਵਿਆਹ ਕਰੇਗਾ।"

ਓਹਦੀ ਮਾਂ ਦੂਜਿਆਂ ਨੂੰ ਕਹਿੰਦੀ। ਉਸਤਾਗਰ (ਹੁਨਰਮੰਦ) ਸ਼ੇਰ ਮੁਹੰਮਦ ਨੇ ਓਹਨੂੰ ਦਸਵੀਂ ਬਾਬੂ ਬਣਾਓਣ ਲਈ ਕਰਾਈ ਸੀ। ਦਰੀਆਂ ਬੁਣਨ ਲਈ ਨਹੀਂ। ਓਹਦੇ ਲਈ ਤੇ ਓਹਦੇ ਕੋਲ ਸੱਤ ਕਾਰੀਗਰ ਸਨ, ਅਠਵੀਂ ਖੱਡੀ 'ਤੇ ਆਪ ਜੋੜਾ ਲਾਹ ਲੈਂਦਾ ਸੀ। ਮਹੀਉਲਦੀਨ ਨੇ ਦਸਵੀਂ ਕਰਕੇ ਸੈਂਕੜਿਆਂ ਅਰਜ਼ੀਆਂ ਪਾਈਆਂ, ਇਕ ਜਵਾਬ ਨਾ ਆਇਆ। ਅਰਜ਼ੀਆਂ ਪਾਂਦਿਆਂ, ਜਵਾਬ ਉਡੀਕਦਿਆਂ ਪੰਞੀਆਂ ਵਰ੍ਹਿਆਂ ਦਾ ਹੋ ਕੇ ਨੌਕਰੀ ਦੀ ਉਮਰੋਂ ਉੱਤੇ ਹੋ ਗਿਆ ਤੇ ਓਹਦੇ ਸੌਹਰੇ, ਮਹੀਉਲਦੀਨ ਨੂੰ ਸ਼ਰਬਤ ਬਣਾਣੇ, ਅਰਕ ਕੱਢਣੇ ਸਿਖਾ ਕੇ ਹੱਟੀ ਪਾ ਦਿੱਤੀ। ਬਾਊ ਮਹੀਉਲਦੀਨ ਦੀਆਂ ਭੈਣਾਂ ਘਰ ਬੈਠੇ ਬੁੱਢੀਆਂ ਹੁੰਦੀਆਂ ਜਾਣ ਤੇ ਹਕੀਮ ਮਹੀਉਲਦੀਨ ਦੀਆਂ ਸ਼ਰਬਤ ਅਰਕ ਦੀਆਂ ਬੋਤਲਾਂ ਪਿੱਛੇ ਕੌਡੀ ਦੇ ਖਿਡਾਰੀ ਕੈਰਮ, ਤਾਸ਼ ਖੇਡਦੇ। ਮਗ਼ਰਬ ਵੇਲੇ ਬਾਬਾ ਫ਼ਰੀਦ ਨਮਾਜ਼ ਪੜ੍ਹਣ ਲੰਘਦਾ ਤੇ ਬੁੜ ਬੁੜ ਕਰਦਾ, "ਬੇ ਹਯਾਵਾਂ ਨੂੰ ਸ਼ਰਮ ਨਹੀਂ ਆਂਦੀ। ਦੋਵੇਂ ਵਕਤ ਮਿਲਦੇ। ਨਾ ਅੱਲ੍ਹਾ ਨਾ ਰਸੂਲ ਦਾ ਨਾਂ।"

ਮਹੀਉਲਦੀਨ ਨੇ ਦਸਵੀਂ ਓਦੋਂ ਕੀਤੀ ਜਦ ਐਨਾ ਮੰਦਾ, ਪਹਿਲੀ ਤੇ ਦੂਜੀ ਜੰਗ ਦੇ ਵਿਚਕਾਰਲੇ ਵੇਲੇ, ਗਲੀਆਂ ਵਿੱਚ ਮੁੰਡੇ ਫ਼ਿਲਮੀ ਗਾਣਾ ਗਾਂਦੇ ਫਿਰਦੇ:

"ਬੂਟ ਪਾਲਿਸ਼ ਕਰਤੇ ਗਰੈਜੁਏਟ ਹੈਂ"

ਚਾਚਾ ਨਜ਼ੀਰਦੀਨ ਕਿਸੇ ਆਰਡਰ ਸਪਲਾਈ ਵਾਲਿਆਂ ਲਈ ਆਰਡਰ ਲੈਣ ਸ਼ਹਿਰ ਸ਼ਹਿਰ ਧੱਕੇ ਖਾਂਦਾ ਫਿਰਦਾ ਤੇ ਬਾਬੂ ਇਲਮਦੀਨ ਇਕ ਹੌਜ਼ਰੀ ਵਾਲੇ ਦਾ ਹਿਸਾਬ ਕਿਤਾਬ ਕਰਦਾ। ਟਾਇਪ ਵੀ ਤੇ ਓਹਦੇ ਘਰ ਦੇ ਕੰਮ ਵੀ। ਸਈਅਦਾਂ ਦਾ ਮੁੰਡਾ ਐਫ.ਏ ਕਰਕੇ ਘਰ ਬੈਠਾ ਰਹਿਆ। ਦੂਜੀ ਜੰਗ ਲੱਗਣ ਤੇ ਫੌਜ ਵਿੱਚ ਭਰਤੀ ਹੋ ਕੇ ਚਲਾ ਗਿਆ। ਜੰਗ ਲੱਗਣ ਤੀਕਰ ਲਫ਼ਟੈਨ ਹੋ ਗਿਆ ਸੀ । ਪਰ ਘਰ ਮੁੜਦਿਆਂ ਓਹਦਾ ਜਹਾਜ਼ ਇਕ ਜਰਮਨ ਸੁਰੰਗ ਨਾਲ ਲੱਗ ਕੇ ਡੁੱਬ ਗਿਆ। ਫ਼ੀਲ ਗੰਜ ਵਿੱਚ ਕੱਲੀ ਓਹਦੀ ਬੀਵੀ ਸੀ, ਕਾਲਾ ਬੁਰਖਾ ਪਾਂਦੀ। ਬਾਕੀ ਦੀਆਂ ਤੀਵੀਆਂ ਚੱਦਰ ਨਾਲ ਈ ਵੇਲਾ ਲੰਘਾ ਲੈਂਦੀਆਂ ਤੇ ਕੋਈ ਕੋਈ ਲੰਮਾ ਚਿੱਟਾ ਬੁਰਖਾ। ਜਦ ਸਈਅਦ ਜ਼ਾਦਾ ਵੇਹਲਾ ਘਰ ਬੈਠਾ ਸੀ, ਓਹ ਬੁਰਖਾ ਪਾ ਕੇ ਸਕੂਲ ਪੜ੍ਹਾਣ ਜਾਂਦੀ ਸੀ। ਓਹਦੇ ਜੰਗ ਤੇ ਗਿਆਂ ਵੀ ਤੇ ਓਹਦੇ ਮਗਰੋਂ ਵੀ।

ਜਦ ਮੈਂ ਰਾਸ਼ਨਿੰਗ ਕੰਟਰੋਲਰ ਲਾਹੌਰ ਦੇ ਦਫ਼ਤਰ ਵਿੱਚ ਚੌਲ ਕਲਰਕ ਲੱਗਿਆ ਤੇ ਪਹਿਲਾ ਲੁਧਿਆਣੇ ਦਾ ਬੰਦਾ ਜਿਹੜਾ ਮੈਨੂੰ ਓਥੇ ਮਿਲਿਆ, ਉਹ ਆਗ਼ਾ ਫ਼ਾਰੂਕ ਸੀ। ਆਗ਼ਾ ਫ਼ੂਡ ਇੰਸਪੈਕਟਰ ਲੱਗਿਆ ਸੀ । ਦੂਜੀ ਜੰਗ ਵਿੱਚ ਸਰਕਾਰ ਉਮਰ ਦੀ ਬੰਦਿਸ਼ ਖ਼ਤਮ ਕਰਕੇ ਬੁੱਢਿਆਂ ਬੰਦਿਆਂ ਨੂੰ ਵੀ ਨੌਕਰੀਆਂ ਦੇਣ ਲੱਗੀ ਤੇ ਆਗ਼ਾ ਫ਼ਾਰੂਕ ਫ਼ੂਡ ਇੰਸਪੈਕਟਰ ਹੋ ਗਿਆ। ਆਗ਼ਾ ਨੇ ਕਈ ਵਾਰੀ ਬੀ.ਏ. ਦਾ ਇਮਤਿਹਾਨ ਦਿੱਤਾ। ਹਰ ਵਾਰ ਇਕ ਮਜ਼ਮੂਨ ਵਿੱਚ ਫੇਲ੍ਹ ਹੋ ਕੇ ਬਾਕੀ ਦੇ ਮਜ਼ਮੂਨਾਂ ਵਿੱਚ ਪਾਸ ਹੋ ਜਾਂਦਾ। ਇਸ ਤਰ੍ਹਾਂ ਓਹਨੇ ਸਾਰੇ ਮਜ਼ਮੂਨਾਂ ਵਿੱਚ ਬੀ.ਏ. ਪਾਸ ਕਰ ਲਿਆ ਪਰ ਯੂਨੀਵਰਸਟੀ ਓਹਨੂੰ ਡਿਗਰੀ ਨਾ ਦਿੱਤੀ ਤੇ ਆਗ਼ਾ ਫ਼ਾਰੂਕ ਵਕਤ ਲੰਘਾਣ ਲਈ ਹਰ ਸ਼ਾਮ ਖ਼ਾਕੀ ਜੀ ਦੀ ਬੈਠਕ ਆ ਬੈਠਦਾ, ਜਿੱਥੇ ਸ਼ਹਿਰ ਦੇ ਸਭ ਸ਼ਿਕਾਰੀ ਆਪਣੀ ਆਪਣੀ ਮੱਛੀ ਲੈ ਕੇ ਆਂਦੇ। ਦੂਜੀ ਵਾਰ ਓਹੀ ਮੱਛੀ ਪਹਿਲੇ ਤੋਂ ਦੁਗਣੀ ਜ਼ਰੂਰ ਹੋਈ ਹੋਂਦੀ ਤੇ ਬੈਠਕ ਵਾਲੇ ਸਭ

"ਜੀ" "ਬੇਸ਼ੱਕ" ਵਗ਼ੈਰਾ ਕਹਿੰਦੇ। ਕੌਣ ਕਿਸੇ ਨੂੰ ਟੋਕਦਾ। ਸਭ ਦੀਆਂ ਆਪਣੀਆਂ ਆਪਣੀਆਂ ਮੱਛੀਆਂ ਹੁੰਦੀਆਂ। ਆਗਾ ਫ਼ਾਰਕੂ ਨੇ ਇਕ ਵਾਰ ਇਕ ਰੋਹੂ ਫੜਿਆ ਜਿਹੜਾ ਵੇਖਣ ਵਾਲੇ ਕਹਿੰਦੇ, ਡੇਢ ਕੁ ਪਾ ਦਾ ਸੀ ਪਰ ਖ਼ਾਕੀ ਜੀ ਦੀ ਬੈਠਕ ਤੀਕਰ ਡੇਢ ਸੇਰ ਦਾ ਹੋ ਗਿਆ ਸੀ। ਆਖ਼ਰੀ ਵਾਰ ਮੈਂ ਸੁਣਿਆਂ ਤੇ ਓਹ ਸਾਢੇ ਤਿੰਨ ਸੇਰ ਦਾ ਸੀ। ਰਾਸ਼ਨਿੰਗ ਕੰਟਰੋਲਰ ਦੇ ਦਫ਼ਤਰੇ ਮੈਂ ਓਹਦਾ ਪੁੱਛਿਆ ਤੇ ਆਗ਼ਾ ਕਹਿੰਦਾ: "ਹੁਣ ਤੇ ਮਾਸਟਰ ਫਿਰੋਜ਼ ਦੇ ਰੋਹੂ ਦੇ ਮੁਕਾਬਲੇ ਦਾ ਹੋ ਗਿਆ ਏ।" ਮਾਸਟਰ ਫਿਰੋਜ਼ ਦਾ ਰੋਹੂ ਬੰਦੇ ਜਿੱਡਾ ਸੀ ਤੇ ਓਹਦੀ ਕਹਾਣੀ ਵੀ ਓਨੀ ਲੰਮੀ ਏ।

ਦੂਜਾ ਮਹੀਉਲਦੀਨ ਜਿਹੜਾ ਓਸ ਦਿਨ ਸ਼ਹੀਦ ਹੋਇਆ ਓਹਨੂੰ ਓਹਦਾ ਪਿਓ ਈ ਮਹੀਉਲਦੀਨ ਕਹਿੰਦਾ ਸੀ। ਹੋਰ ਸਭ "ਕਾਲੀਆ" ਕਹਿੰਦੇ। ਜਿਸ ਵੇਲੇ ਛੇਵੇਂ ਕੂਚੇ ਤੋਂ ਪੋਲੀਸ ਵਾਲਿਆਂ ਫ਼ਾਇਰ ਕਰ ਕੇ ਤਿੰਨ ਮੁਸਲਮਾਨ ਸ਼ਹੀਦ ਕਰ ਦਿੱਤੇ, ਹਕੀਮ ਮਹੀਉਲਦੀਨ ਸਣੇ, ਉਸ ਵੇਲੇ ਸਿੱਖ ਲਾਇਨ ਪਾਰ ਕਰ ਕੇ ਕਬਰਾਂ ਵਿੱਚ ਆ ਵੜੇ। "ਸਤਿ ਸ੍ਰੀ ਕਾਲ", ਸਤਿ ਸ੍ਰੀ ਕਾਲ ਕਰਦੇ। ਜਦ ਮੁਸਲਮਾਨ ਡਾਂਗਾਂ ਬਲਮ ਫੜੀ ਓਹਨਾਂ ਵੱਲ ਗਏ ਤੇ ਇਕ ਟਾਹਲੀ ਤੋਂ ਚੱਲੀ ਗੋਲੀ ਨੇ ਦੂਜੇ ਮਹੀਉਲਦੀਨ ਨੂੰ ਫੜਕਾ ਦਿੱਤਾ ਤੇ ਲੋਕੀ ਕਹਿੰਦੇ, "ਕਾਲੀਆ ਸ਼ਹੀਦ ਹੋ ਗਿਆ।"

-4-

ਮੀਆਂ ਮੇਰਾ ਦਾਦਾ ਸੀ। ਸਭ ਓਹਨੂੰ ਮੀਆਂ ਕਹਿੰਦੇ। ਮੈਂ ਵੀ, ਅੱਬਾ ਵੀ, ਬੀਬੀ, ਬੇਬੇ, ਤਾਇਆ ਸਭ। ਕਾਰਡ ਲਿਫ਼ਾਫ਼ੇ ਲੈਣ ਆਏ ਵੀ। ਬੇਬੇ ਤੇ ਮੇਰੀ ਸੁਰਤ ਤੋਂ ਪਹਿਲੋਂ ਦੀ ਸਾਡੇ ਘਰ ਰਹਿੰਦੀ ਸੀ। ਪਰਾਈਵੇਟ ਡਾਕਖ਼ਾਨੇ ਖੋਲ੍ਹਣ ਦੀ ਇਜਾਜ਼ਤ ਤੇ ਨਹੀਂ ਸੀ ਪਰ ਮੀਏਂ ਨੂੰ ਕਦੀਂ ਕਿਸੇ ਨਹੀਂ ਪੁੱਛਿਆ। ਉਹ ਜਿਸ ਮੁੱਲੀਂ ਕਾਰਡ ਲਿਫ਼ਾਫ਼ੇ ਡਾਕਖ਼ਾਨਿਓਂ ਲੈਂਦਾ ਓਸੀ ਭਾਅ ਲੋਕਾਂ ਨੂੰ ਦੇ ਦੇਂਦਾ। ਹਾਂ ਇਕ ਗੱਲੋਂ ਫੜਿਆ ਜਾ ਸਕਦਾ ਸੀ ਕਿ ਓਹਦਾ ਡਾਕਖ਼ਾਨਾ ਚੌਵੀ ਘੰਟੇ ਕਿਓਂ ਖੁੱਲ੍ਹਾ ਰਹਿੰਦਾ। ਦਿਨ, ਰਾਤ ਜਿਸ ਵੇਲੇ ਕਿਸੇ ਦਾ ਜੀ ਕਰਦਾ ਸਾਡੇ ਬੂਹੇ ਆ ਖੜਕਾਂਦਾ, ਕਾਰਡ ਲਿਫ਼ਾਫ਼ੇ ਲੈਣ। ਮੀਆਂ ਘਰ ਨਾ ਹੋਂਦਾ ਤੇ ਹੋਰ ਕੋਈ ਤੇ ਜ਼ਰੂਰ ਹੋਂਦਾ। ਮੀਏਂ ਦੇ ਡਾਕਖ਼ਾਨੇ ਆ ਕੇ ਕੋਈ ਜਿੰਨਾ ਚਿਰ ਜੀ ਕਰਦਾ ਡਾਕਖ਼ਾਨੇ ਦੀ ਚਟਾਈ 'ਤੇ ਬੈਠ ਰਹਿੰਦਾ। ਹੁੱਕਾ ਪੀਂਦਾ। ਗੱਲਾਂ ਜਿੰਨੀਆਂ, ਜਿੱਦਾਂ ਦੀਆਂ ਚਾਹੇ ਕਰ ਲੈਂਦਾ। ਧੀ ਦੇ ਸਹੁਰਿਆਂ ਦੀਆਂ, ਨੂੰਹਾਂ ਦੀਆਂ। ਸਰਕਾਰੀ ਡਾਕਖ਼ਾਨਾ ਚਿੱਠੀ ਪੜ੍ਹ ਕੇ ਨਾ ਸੁਣਾਂਦਾ ਨਾ ਜਵਾਬ ਲਿਖਦਾ। ਮੀਏਂ ਦੇ ਡਾਕਖ਼ਾਨੇ ਏਹ ਦੋਵੇਂ ਕੰਮ ਮੁਫ਼ਤ, ਮਸ਼ਵਰਾ ਵੀ ਮੁਫ਼ਤ। ਕਦੀਂ ਬਗ਼ੈਰ ਮੰਗਿਆਂ ਵੀ। ਮੀਆਂ ਕਿਸੇ ਦੀ ਚਿੱਠੀ ਲਿਖਦਾ ਤੇ ਨਾਲ ਆਪ ਵੀ ਸੋਚਦਾ ਜਾਂਦਾ।

ਫ਼ਿਰੋਜ਼ਦੀਨ ਲਿਖਾਂਦਾ:

"ਇਲਮਦੀਨ ਦੀ ਮਾਂ ਜਿਹਦੀ ਗਜ਼ ਭਰ ਲੰਮੀ ਜ਼ਬਾਨ ਏ ਤੇ ਜਿਸ ਤਰ੍ਹਾਂ ਓਹ ਸਾਡੀ ਧੀ ਨੂੰ ਗੱਲ ਗੱਲ ਤੇ ਵੱਢਣ ਨੂੰ ਪੈਂਦੀ ਏ।"

ਏਥੇ ਮੀਆਂ ਕਲਮ ਦੀ ਸਿਆਹੀ ਦਵਾਤ ਵਿੱਚ ਝਾੜ ਕੇ ਕਲਮ ਇਕ ਪਾਸੇ ਰੱਖ ਦੇਂਦਾ ਤੇ ਦੋ ਕੁ ਘੁੱਟ ਹੁੱਕੇ ਦੇ ਲਾ ਕੇ ਕਹਿੰਦਾ:

"ਨਾ ਫ਼ਿਰੋਜ਼ਦੀਨਾ ਨਾ, ਏਦਾਂ ਦੀਆਂ ਗੱਲਾਂ ਨਹੀਂ ਲਿਖੀ ਦੀਆਂ। ਨਾਲੇ ਅਸੀਂ ਝਗੜਾ ਲੰਮਾ ਤੇ ਨਹੀਂ ਕਰਨਾ । ਮੇਰੀ ਮੰਨੇ ਤੇ ਏਦਾਂ ਲਿਖਦੇ ਆਂ...."

"ਅਸੀਂ ਆਪਣੀ ਧੀ ਤੁਹਾਨੂੰ ਦਿੱਤੀ ਏ। ਏਹ ਹੁਣ ਤੁਹਾਡੀ ਧੀ ਏ। ਇਲਮਦੀਨ ਦੀ ਮਾਂ ਏਹਦੀ ਮਾਂ, ਏਹਨੇ ਓਹਦੀ ਖ਼ਿਦਮਤ ਕਰਨੀ ਏ, ਆਪਣੀ ਮਾਂ ਦੀ ਤਰ੍ਹਾਂ।"



ਕਦੀ ਤੇ ਫ਼ਿਰੋਜ਼ਦੀਨ ਕਹਿੰਦਾ:

"ਚੰਗਾ ਮੀਆਂ, ਜਿੱਦਾਂ ਤੂੰ ਠੀਕ ਸਮਝਦਾਂ । ਤੂੰ ਬਜ਼ੁਰਗ।"

ਕਦੀ ਫ਼ਿਰੋਜ਼ਦੀਨ ਕਹਿੰਦਾ:

"ਮੀਆਂ ਤੂੰ ਗੱਲ ਤੇ ਠੀਕ ਕਹਿਣਾ ਪਰ ਮੈਂ ਜ਼ਰਾ ਕੁ ਆਪਣੀ ਘਰਵਾਲੀ ਨਾਲ ਗੱਲ ਕਰ ਆਵਾਂ।"

ਤੇ ਕਦੀ ਕੋਈ ਫ਼ਿਰੋਜ਼ਦੀਨ ਪੁੱਛਣ ਗਿਆ ਮੁੜ ਕੇ ਨਾ ਆਂਦਾ। ਅਗਲੀ ਵਾਰ ਕਾਰਡ ਲਿਫ਼ਾਫ਼ਾ ਲੈਣ ਆਂਦਾ ਯਾ ਐਵੇਂ ਹੁੱਕਾ ਪੀਣ ਬੈਠ ਜਾਂਦਾ ਤੇ ਮੀਏਂ ਕਦੀ ਓਹਨੂੰ ਨਹੀਂ ਪੁੱਛਿਆ, "ਫਿਰੋਜ਼ਦੀਨਾ, ਪਿਛਲੀ ਵਾਰ ਤੂੰ ਮੁੜ ਕੇ ਕਿਓਂ ਨਹੀਂ ਸੀ ਆਇਆ।"

ਮੀਏਂ ਦੇ ਡਾਕਖ਼ਾਨੇ ਇਕ ਚੀਨੀ ਦਾ ਚਾਏ ਪੀਣ ਵਾਲਾ ਪਿਆਲਾ ਹੋਂਦਾ ਸੀ। ਕਸ਼ਮੀਰੀ ਚਾਏ ਪੀਣ ਵਾਲਾ, ਲਿਪਟਨ ਬਹੁਤ ਮਗਰੋਂ ਆਈ । ਏਸ ਪਿਆਲੇ ਉੱਤੇ ਓਹ ਮਨੀਆਡਰ ਫ਼ਾਰਮ, ਜੁਆਬੀ ਕਾਰਡ, ਕਾਰਡ ਤੇ ਸਭ ਤੋਂ ਉੱਤੇ ਲਿਫ਼ਾਫ਼ੇ ਰੱਖਦਾ। ਕੋਈ ਕਾਰਡ ਲਫ਼ਾਫਾ ਲੈ ਜਾਂਦਾ ਤੇ ਓਹਦੇ ਦੋ ਪੈਸੇ, ਆਨਾ ਪਿਆਲੇ ਵਿੱਚ ਪਾ ਦੇਂਦਾ।

ਜੁਆਬੀ ਕਾਰਡ ਤਿੰਨ ਪੈਸੇ ਦਾ ਹੋਂਦਾ। ਫੇਰ ਮੁੜ ਫ਼ਾਰਮ, ਜੁਆਬੀ ਕਾਰਡ, ਕਾਰਡ ਉੱਤੇ ਫੇਰ ਲਿਫ਼ਾਫ਼ੇ ਪਹਿਲੇ ਦੀ ਤਰ੍ਹਾਂ ਰੱਖ ਦੇਂਦਾ। ਬਾਹਰ ਜਾਣਾ ਹੋਂਦਾ ਤੇ ਆਪਣਾ ਡਾਕਖ਼ਾਨਾ ਚੱਕ ਕੇ ਅੰਗੀਠੀ ਤੇ ਰੱਖ ਜਾਂਦਾ ਪਰ ਏਹ ਅੰਗੀਠੀ ਏਨੀ ਉੱਚੀ ਨਹੀਂ ਸੀ ਕਿ ਸਟੂਲ ਖਿੱਚ ਕੇ ਓਹਦੇ ਉੱਤੇ ਸਾਡਾ ਹੱਥ ਨਾ ਅੱਪੜ ਸਕੇ। ਜਿੱਦਣ ਮੀਆਂ ਨਵਾਂ ਸਟਾਕ ਪਾਣ ਲਈ ਆਪਣੀ ਵਿੱਕਰੀ ਤੇ ਸਟਾਕ ਦਾ ਹਿਸਾਬ ਕਿਤਾਬ ਕਰਦਾ ਤੇ ਯਾ ਤੇ ਪੈਸੇ ਘੱਟ ਜਾਂਦੇ ਯਾ ਕਾਰਡ ਲਿਫ਼ਾਫ਼ੇ ਪੂਰੇ ਨਾ ਹੋਂਦੇ ਤੇ ਮੈਂ ਏਧਰ ਓਧਰ ਹੋ ਜਾਂਦਾ। ਘਰ ਵਿੱਚ ਹੋਰ ਨਿਆਣੇ ਵੀ ਤੇ ਸਨ ਨਾ। ਏਸ ਵੇਲੇ ਓਹ ਵੀ ਘਰ ਨਾ ਹੋਂਦੇ। ਮੀਆਂ ਆਪਣੇ ਡਾਕਖ਼ਾਨੇ ਦਾ ਘਾਟਾ ਪੱਲਿਓਂ ਪਾ ਕੇ ਮਾਲ ਲੈਣ ਤੁਰ ਪੈਂਦਾ।

ਜਦ ਬੇਬੇ ਦਾ ਆਪਣਾ ਘਰ ਬਣ ਗਿਆ ਤੇ ਮੀਆਂ ਵੀ ਓਹਦੇ ਨਾਲ ਓਸੇ ਘਰ ਚਲਾ ਗਿਆ। ਆਪਣਾ ਡਾਕਖ਼ਾਨਾ ਵੀ ਨਾਲ ਲੈ ਗਿਆ। ਕੁੜੀਆਂ ਦੇ ਵਿਆਹਣ ਮਗਰੋਂ ਹੁਣ ਬੇਬੇ 'ਕੱਲ੍ਹੀ ਰਹਿ ਗਈ ਸੀ। ਬੇਬੇ ਦੇ ਘਰ ਮੀਏਂ ਦੀ ਬੈਠਕ ਵਿੱਚ ਕੋਈ ਅੰਗੀਠੀ ਨਹੀਂ ਸੀ ਤੇ ਓਹ ਘਰੋਂ ਜਾਣ ਲੱਗਿਆਂ ਆਪਣਾ ਡਾਕਖ਼ਾਨਾ ਬੇਬੇ ਕੋਲ ਛੱਡ ਜਾਂਦਾ, ਜਿੱਥੇ ਸਾਡਾ ਹੱਥ ਨਾ ਪੈਂਦਾ। ਮੀਆਂ ਮਸੀਤੇ ਨਮਾਜ਼ ਪੜ੍ਹਨ ਨਹੀਂ ਸੀ ਜਾਂਦਾ। ਸ਼ਾਮੀਂ ਲੋਕੀਂ ਓਹਦੇ ਕੋਲ ਬੁੱਲ੍ਹੇ ਸ਼ਾਹ ਸੁਣਨ ਆ ਜਾਂਦੇ ਤੇ ਰਾਤੀਂ ਓਹ ਆਪਣੇ ਮੁਸੱਲੇ ਤੇ ਬੈਠ ਕੇ ਅੱਲ੍ਹਾ ਅੱਲ੍ਹਾ ਕਰਦਾ ਰਹਿੰਦਾ। ਇਕ ਵਾਰ ਕੋਈ ਹਿਰਨ ਦੀ ਖਲ ਦਾ ਇਕ ਮੁਸੱਲਾ ਦੇ ਗਿਆ, ਜਿਦ੍ਹੇ ਵਿੱਚੋਂ ਅਸੀਂ ਆਪਣੀਆਂ ਗੁਲੇਲਾਂ ਲਈ ਗੋਪੀਏ ਬਣਾਂਦੇ ਰਹੇ। ਅਖ਼ੀਰ ਵਿੱਚ ਏਹ ਮੁਸੱਲਾ ਛੋਟਾ ਹੋਂਦਾ ਹੋਂਦਾ ਪੀੜ੍ਹੀ ਤੇ ਪਾਣ ਜੋਗਾ ਈ ਰਹਿ ਗਿਆ।

ਦੂਜੀ ਸੋਸ਼ਲ ਸਰਵਸ ਵਿੱਚ ਮੀਆਂ ਆਪਣੀ ਖ਼ੁਸ਼ੀ ਨਾਲ ਪੈਸੇ ਪਾਂਦਾ। ਦੰਦ ਪੀੜ੍ਹ ਦੇ ਏਸ ਨੁਸਖ਼ੇ ਦਾ ਪੁੜਾ ਕਿੰਨੇ ਦਾ ਬਣਦਾ, ਮੀਆਂ ਜਾਣਦਾ ਜਾਂ ਪਨਸਾਰੀ, ਜਿਹਦੇ ਤੋਂ ਮੀਆਂ ਲਿਆਂਦਾ। ਏਸ ਨੁਸਖ਼ੇ ਦੀ ਕੁਟਾਈ ਦਾ ਮੀਏਂ ਨੇ ਇਕ ਆਨਾ ਲਾਇਆ ਹੋਂਦਾ, ਜਿਹਦੇ ਲਈ ਹਰ ਕੋਈ ਤਿਆਰ ਹੋ ਜਾਂਦਾ। ਨੁਸਖ਼ੇ ਦੀਆਂ ਬੂਟੀਆਂ , ਬੀ, ਲੂਣ ਜਿਹੇ ਤੇ ਆਰਾਮ ਨਾਲ ਕੁੱਟੇ ਜਾਂਦੇ ਪਰ ਜੜ੍ਹਾਂ ਕੁੱਟਦਿਆਂ ਕੁੱਟਦਿਆਂ ਬਾਹਾਂ ਥੱਕ ਜਾਂਦੀਆਂ ਤੇ ਲੋਹੇ ਦਾ ਚੱਟੂ ਟੁੱਟਣ ਨੂੰ ਆਂਦਾ। ਫ਼ੇਰ ਵੀ ਮੀਆਂ ਗੁਠਾ ਤੇ ਦੋ ਉਂਗਲਾਂ ਵਿੱਚ ਫ਼ੇਰ ਕੇ ਕਹਿੰਦਾ:

"ਨਹੀਂ ਬੀਬਾ, ਹਾਲੇ ਕੱਪੜ ਛਾਣ ਨਹੀਂ ਹੋਇਆ।"

ਕੱਪੜ ਛਾਣ ਹੋਣ ਤੀਕਰ ਆਨੇ ਵਾਲੇ ਦੇ ਹੱਥ ਛਾਲੇ ਛਾਲੇ ਹੋਏ ਹੋਂਦੇ ਤੇ ਪੁੜੀਆਂ ਮੀਏਂ ਨੂੰ ਆਪ ਈ ਬਨਾਨੀਆਂ ਪੈਂਦੀਆਂ। ਏਹ ਦੰਦ ਪੀੜ੍ਹ ਦੀ ਦਵਾਈ ਹਰ ਤਰ੍ਹਾਂ ਦੇ ਦੰਦ ਪੀੜਾਂ ਲਈ ਹੋਂਦੀ ਪਰ ਫ਼ੀਲ ਗੰਜ ਵਾਲਿਆਂ ਨੂੰ ਹਮੇਸ਼ ਅੱਧੀ ਰਾਤ ਮਗਰੋਂ ਹੋਣ ਵਾਲੀ ਦੰਦ ਪੀੜ ਹੋਂਦੀ, ਇਕ ਦੋ ਤਿੰਨ ਵਜੇ। ਤੇ ਫ਼ਜਰ ਦੀ ਬਾਂਗ ਨਾਲ ਆ ਬੂਹਾ ਖੜਕਾਂਦੇ:

"ਸੋਚਿਆ, ਕਾਹਨੂੰ ਮੀਏਂ ਨੂੰ ਰਾਤ ਵੇਲੇ ਜਗਾਣਾ।"

ਦਿਨ ਵੇਲੇ ਕਦੀ ਮਹੱਲੇ ਦੇ ਮੁੰਡੇ ਕਿਸੇ ਕੁੱਤੇ ਨੂੰ ਰੱਸੀ ਪਾਈ ਵਧੋ ਵਧੀ ਖਿੱਚੀ ਲਿਆਂਦੇ। ਕੁੱਤੇ ਦੀ ਚਾਂ ਚਾਂ ਨੇ ਮਹੱਲਾ ਸਿਰ ਤੇ ਚੱਕਿਆ ਹੋਂਦਾ ਤੇ ਮੀਏਂ ਨੂੰ ਕਈ ਗਲੀਆਂ ਪਹਿਲੇ ਤੋਂ ਈ ਪਤਾ ਲੱਗ ਜਾਂਦਾ ਪਈ ਮਰੀਜ਼ ਆ ਰਹਿਆ। ਖਰਸ ਦੀ ਏਹ ਦਵਾਈ ਐਨੀ ਬੂਦਾਰ ਸੀ ਕਿ ਮੁੰਡੇ ਜਿਹਨਾਂ ਕੁੱਤੇ ਦੀਆਂ ਲੱਤਾਂ ਬਾਹਾਂ ਫ਼ੜੀਆਂ ਹੋਂਦੀਆਂ ਆਪਣੇ ਮੂੰਹ ਮੀਏਂ ਦੀ ਲੀਰ ਵਲ੍ਹੇਟੀ ਦਾਤਣ ਤੋਂ ਪਰਲੇ ਪਾਸੇ ਰੱਖਦੇ ਤੇ ਆਂਦੇ ਜਾਂਦੇ ਤੇ ਪਿੱਛੇ ਮੁੜ ਕੇ ਦੂਜੀ ਗਲੀ ਰਾਹੀਂ ਆਪਣੇ ਘਰ ਚਲੇ ਜਾਂਦੇ ਯਾ ਹੋਰ ਜਿੱਥੇ ਕਿੱਥੇ ਵੀ ਜਾਣਾ ਹੋਂਦਾ ਪਰ ਮੀਆਂ ਆਪਣੇ ਮਰੀਜ਼ ਨੂੰ ਗੱਲੀਂ ਬਾਤੀਂ ਵੀ ਲਾਈ ਰੱਖਦਾ:

"ਚਾਂ ਚਾਂ ਚਾਂ।" "ਬਈਮਾਨਾ, ਦਵਾਈ ਲੱਗਦੀ ਹੋਂਦੀ।"

"ਚਾਂ ਚਾਂ ਚਾਂ।" "ਸਬਰ ਕਰ ਹੁਣ ਤੇ ਇਕੋ ਟੰਗ ਰਹਿ ਗਈ।"

ਵਿੱਚ ਵਿੱਚ ਕੁੱਤਾ ਆਪਣਾ ਸਿਰ ਛੁਡਾ ਕੇ ਮੀਏਂ ਦੇ ਹੱਥ ਨੂੰ ਮੂੰਹ ਮਾਰਣ ਨੂੰ ਕਰਦਾ ਪਰ ਮੀਏਂ ਨੇ ਜਦ ਤੀਕਰ ਓਹਦੀ ਇਕ ਇਕ ਝਰੀ ਵਿੱਚ ਦਵਾਈ ਨਾ ਭਰ ਦੇਣੀ ਓਹਨੂੰ ਛੱਡਣਾ ਨਾ। ਛੁੱਟਣ ਤੋਂ ਬਾਅਦ ਕੁੱਤੇ ਨੇ ਪਹਿਲਾ ਕੰਮ ਇਹ ਕਰਨਾ ਕਿ ਜਿਸ ਪਾਸੇ ਓਹਦਾ ਮੂੰਹ ਹੋਣਾ ਉਸ ਵੇਲੇ ਓਧਰ ਈ ਨੱਠ ਉੱਠਣਾ, ਕਦੀਂ ਤਾਂ ਕੰਧ ਵਿੱਚ ਈ ਜਾ ਵੱਜਣਾ। ਫੇਰ ਉੱਠ ਕੇ ਨੱਠਣਾ ਤੇ ਪਹਿਲੀ ਮਿੱਟੀ ਵਾਲੀ ਥਾਂ ਵਿੱਚ ਲੋਟ ਪੋਟ ਹੋਣ ਲੱਗ ਪੈਣਾ। ਫੇਰ ਪਤਾ ਨਹੀਂ ਮੁੜ ਕੇ ਫ਼ੜ੍ਹੇ ਜਾਣ ਦੇ ਡਰ ਤੋਂ ਉੱਠ ਕੇ ਨੱਠਣਾ ਤੇ ਗਲੀਓਂ ਨਿਕਲ ਮਹੱਲਾ ਵੀ ਛੱਡ ਜਾਣਾ। ਓਹਦੇ ਮਗਰੋਂ ਓਹ ਕੁੱਤਾ ਕਦੀਂ ਸਾਡੀ ਗਲੀ ਮਹੱਲੇ ਨਜ਼ਰ ਨਾ ਆਇਆ ਯਾ ਤੇ ਓਹ ਸ਼ਹਿਰ ਛੱਡ ਜਾਂਦਾ ਯਾ ਠੀਕ ਹੋਇਆ ਸਾਡੀ ਗਲੀ ਮਹੱਲੇ ਈ ਫਿਰਦਾ ਹੋਂਦਾ। ਪਛਾਣਿਆਂ ਨਾ ਜਾਂਦਾ।

ਪਰ ਏਹ ਡੰਗਰ ਡਾਕਟਰੀ ਮੀਏਂ ਨੂੰ ਬੜੀ ਮਹਿੰਗੀ ਪਈ। ਇਕ ਦਿਨ ਮੀਆਂ ਬਾਹਰੋਂ ਆਇਆ ਤੇ ਮੰਜੀ ਤੇ ਬੈਠ ਕੇ ਲੱਤਾਂ ਖੁਰਕਨ ਲੱਗ ਪਿਆ। ਕਹੇ " ਬੜੀ ਖਾਜ ਹੋਂਦੀ ਏ ਪਤਾ ਨਹੀਂ ਕਿਓਂ ?" ਮਗਰੋਂ ਦੋ ਦਿਨ ਬੇਬੇ ਦੇ ਘਰ ਮੰਜੀ ਤੇ ਪਿਆ ਰਹਿਆ। ਕੋਲ ਸਟੂਲ ਤੇ ਦਵਾਈ ਦੀ ਬੋਤਲ ਤੇ ਖ਼ਾਲੀ ਗਲਾਸ ਪਿਆ। ਹੇਠ ਸਫ਼ ਤੇ ਮਿਲਣ ਵਾਲੇ ਬੈਠੇ ਪੀੜ੍ਹ ਤੇ ਹੋਰ ਬਿਮਾਰੀਆਂ ਦੀਆਂ ਗੱਲਾਂ ਕਰਦੇ ਤੇ ਹੁੱਕਾ ਪੀਂਦੇ ਰਹਿੰਦੇ।

ਅਗਲੇ ਦਿਨ ਮੈਂ ਦੁਪਹਿਰ ਮਗਰੋਂ ਸਕੂਲੋਂ ਆਇਆ ਤੇ (ਯੁਇੰਗ ਕ੍ਰਿਸਚਨ ਹਾਈ ਸਕੂਲ) ਪੰਜਵੀਂ ਛੇਵੀਂ ਵਿੱਚ ਹੋਣਾਂ। ਭਰ ਗਰਮੀ, ਸਕੂਲ ਘਰੋਂ ਅੱਧਾ ਕੁ ਮੀਲ ਸੀ ਤੇ ਘਰ ਸਾਡਾ ਬੰਦਿਆਂ ਨਾਲ ਭਰਿਆ, ਮੀਆਂ ਵਰਾਂਡੇ ਵਿੱਚ ਮੰਜੀ ਤੇ ਪਿਆ ਤੇ ਦਵਾਲੇ ਓਹਦੇ ਲੋਕੀਂ ਬੈਠੇ। ਕੁਝ ਵੇਹੜੇ ਵਿੱਚ ਖੜ੍ਹੇ, ਬਾਹਰ ਗਲੀ ਵਿੱਚ ਦੀ ਤੇ ਅੰਦਰ ਤੀਵੀਆਂ ਨਿਆਣਿਆਂ ਨੇ ਹੁੱਸੜ ਕੀਤਾ ਹੋਇਆ ਤੇ ਮੀਆਂ ਕਹੀ ਜਾਵੇ:

"ਪਾਣੀ ਪੀਣ ਦੀ ਇਜਾਜ਼ਤ ਨਹੀਂ।"

ਮੈਂ ਧੁਪਿਓਂ ਭੁੱਖਾ ਪਿਆਸਾ ਆਇਆ ਤੇ ਘਰ ਵੜਦਿਆਂ ਈ ਪੰਪ ਗੇੜਣ ਲੱਗ ਪਿਆ। ਮੀਏਂ ਨੇ ਰੌਲਾ ਪਾ ਦਿੱਤਾ:



"ਫੜੋ ਓਏ, ਏਸ ਬਈਮਾਨ ਨੂੰ।"

ਅੱਬਾ ਮੈਨੂੰ ਫੜ੍ਹ ਕੇ ਮਾਮੇ ਦੇ ਘਰ ਪਾਣੀ ਪਿਆਣ ਲੈ ਗਿਆ। ਮੁੜ ਕੇ ਆਇਆ ਤੇ ਸੰਖੀ ਨਾਲ ਪੰਪ ਦਾ ਢੱਕਣਾ ਖੋਲ੍ਹ ਕੇ ਬੋਕੀ ਸਣੇ ਅੰਦਰ ਰੱਖ ਦਿੱਤਾ।

ਕੋਈ ਕਹੇ ਬਜ਼ੁਰਗ ਦਾ ਸਾਇਆ ਏ। ਮੀਆਂ ਬੇਚੈਨ ਕਦੀ ਵਰਾਂਡੇ ਤੋਂ ਉੱਠ ਕੇ ਬੈਠਕ ਵਿੱਚ ਜਾ ਪੈਂਦਾ, ਕਦੀ ਫ਼ੇਰ ਵਰਾਂਡੇ ਆ ਬੈਠਦਾ। ਸ਼ਾਮ ਤੀਕਰ ਏਹੀ ਕਰਦਾ ਰਹਿਆ ਤੇ ਲੋਕੀ ਆਂਦੇ ਰਹੇ। ਸੂਰਜ ਹਾਲੇ ਖੜ੍ਹਾ ਈ ਸੀ ਕਿ ਘਰ ਦੇ ਬੰਦਿਆਂ ਤੀਵੀਆਂ ਬੈਠਕ ਵਿੱਚ ਭੀੜ ਕਰ ਦਿੱਤੀ ਜਿੱਥੇ ਮੀਆਂ ਮੰਜੀ ਤੇ ਪਿਆ ਸੀ। ਮੈਂ ਓਹਨਾਂ ਦੀਆਂ ਲੱਤਾਂ ਵਿੱਚੋਂ ਦੀ ਲੰਘਦਾ ਮੰਜੀ ਕੋਲ ਆਇਆ ਤੇ ਅੱਬਾ ਮੇਰਾ ਇਕ ਗਲਾਸ ਵਿੱਚੋਂ ਚਮਚੇ ਨਾਲ ਮੀਏਂ ਦੇ ਮੂੰਹ ਵਿੱਚ ਪਾਣੀ ਪਾਂਦਾ ਸੀ। ਮੀਏਂ ਦਾ ਮੂੰਹ ਖੁੱਲ੍ਹਾ ਸੀ ਪਰ ਦੰਦ ਭੀੜੇ ਹੋਏ ਤੇ ਪਾਣੀ ਦੰਦਾਂ ਉੱਤੋਂ ਦੀ ਓਹਦੀ ਦਾੜ੍ਹੀ ਵਿੱਚ ਵਗ ਜਾਵੇ ਤੇ ਅੱਬਾ ਕਹੀ ਜਾਵੇ:

" ਇਕ ਘੁੱਟ ਤੇ ਪੀ ਲੈ ਮੀਆਂ, ਮਿੱਠਾ ਸ਼ਰਬਤ ਏ। ਇਕ ਘੁੱਟ।"

ਤੇ ਨਾਲ ਰੋਈ ਜਾਵੇ। ਮੈਂ ਪਹਿਲੀ ਵਾਰ ਆਪਣੇ ਅੱਬੇ ਨੂੰ ਰੋਂਦੇ ਵੇਖਿਆ। ਇਕ ਸਾਡੀ ਦੂਰ ਦੀ ਰਿਸ਼ਤੇਦਾਰਨੀ ਨੇ ਮੇਰੇ ਕੰਨ ਕੋਲ ਮੂੰਹ ਕਰ ਕੇ ਕਹਿਆ:

" ਅਨਵਰ, ਜਾ ਆਪਣੇ ਚਾਚੇ ਨੂੰ ਬੁਲਾ ਲਿਆ। ਕਹੀ ਮੀਆਂ ਮਰ ਗਿਆ।"

ਮੈਂ ਪਹਿਲੇ ਕਦੀ ਕਿਸੇ ਨੂੰ ਮਰਦਿਆਂ ਨਹੀਂ ਸੀ ਵੇਖਿਆ।

---

**ਬਾਕੀ ਪੰਨਾ ਨੰ. 125 ਦਾ**

ਅਜੋਕੇ ਸਮਿਆਂ ਵਿਚ ਮਨੁੱਖਤਾ ਦੇ ਰੱਜ ਸੁਚੱਜ ਭਰਪੂਰ ਜੀਵਨ ਦੀ ਜੁਸਤਜੂ ਲਈ ਇਸ ਸੰਗ੍ਰਹਿ ਵਿਚ ਉਹ ਮਹਿਕਾਂ ਦੇ ਸਿਰਨਾਵੇਂ ਤਲਾਸ਼ਦਾ ਨਜ਼ਰ ਆਉਂਦਾ ਹੈ। ਇਨ੍ਹਾਂ ਸਿਰਨਾਵਿਆਂ ਦੀ ਭਾਲ ਵਿਚ ਉਹ ਆਪਣੇ ਮੂਲਵਾਸ, ਮੂਲ ਸ਼ਨਾਖਤਾਂ, ਮੂਲ ਕਦਰਾਂ, ਮੂਲ ਯਾਦਾਂ ਦੀ ਬੁਚਕੀ ਵੀ ਫਰੋਲਦਾ ਹੈ ਅਤੇ ਸਮਕਾਲੀ ਯਥਾਰਥ ਵਿਚ ਸਾਮਰਾਜੀ ਚਾਲਾਂ, ਧਰਮ, ਰਾਜਨੀਤੀ, ਖ਼ਾਸਕਰ ਮੁਨਾਫਾਖੋਰ ਮੰਡੀ ਦੀਆਂ ਲੋਕ ਮਾਰੂ ਨੀਤੀਆਂ ਨੂੰ ਨਸ਼ਰ ਵੀ ਕਰਦਾ ਹੈ ਤੇ ਹਰ ਟੇਢ ਨੂੰ ਉਲਟਾਕੇ ਪਾਰਦਰਸ਼ਤਾ ਦੇ ਸੁਹਜ ਤੇ ਸੱਚ ਨੂੰ ਸਥਾਪਿਤ ਕਰਦਾ ਹੈ। ਪਾਠਕ ਨੂੰ ਇਸ ਸੱਚ ਤੇ ਸੁਹਜ ਦਾ ਪੱਲਾ ਫੜਾਉਣਾ ਉਸਦਾ ਕਾਵਿ ਮਨੋਰਥ ਬਣ ਜਾਂਦਾ ਹੈ। ਉਸਦੇ ਸਾਫ ਸ਼ਫਾਫ ਅਤੇ ਸੱਜਰੇ ਬਿੰਬ ਪਾਠਕ ਦੇ ਮਨ ਵਿਚ ਨਿੱਗਰ ਅਤੇ ਧੜਦੇ ਅਹਿਸਾਸ ਪੈਦਾ ਕਰਦੇ ਹਨ। ਜਜ਼ਬੇ ਦਾ ਜਲੌਅ ਪਾਠਕ ਨੂੰ ਵੀ ਆਪਣੀ ਮਾਨਵੀ, ਮੰਤਵੀ, ਮਾਸੂਮ ਤੇ ਮੋਹਖੋਰੀ ਫਿਤਰਤ ਨੂੰ ਮਹਿਸੂਸਣ ਦਾ ਵਲ ਦਿੰਦਾ ਹੈ। ਅੰਤ ਵਿਚ 'ਵੇਈ ਦਾ ਗੀਤ' ਵਿਚਲੀਆਂ ਨਿਮਨ ਪੰਕਤੀਆਂ ਉਸਦੇ ਅਜਿਹੇ ਸਰਲ ਸਰਸ ਕਾਵਿਕ ਸੁਹਜ ਦੇ ਪ੍ਰਮਾਣ ਵਜੋਂ ਪ੍ਰਸਤੁਤ ਹਨ:

ਉਹਦਾ ਨਿਰਮਲ ਪਾਣੀ ਸੀ<br>
ਸ਼ੀਸ਼ੇ ਦਾ ਹਾਣੀ ਸੀ<br>
ਜਦ ਚਾਨਣੀ ਘੁਲ ਜਾਂਦੀ<br>
ਅਸੀਂ ਚਾਂਦੀ ਛਾਣੀ ਸੀ<br>
ਉਹ ਵੇਈ ਤਾਂ ਮੇਰੇ ਅੰਦਰ ਅੱਜ ਵੀ ਕਲ ਕਲ ਕਰਦੀ ਏ,<br>
ਪਿੰਡ ਦੀਆਂ ਯਾਦਾਂ ਨੂੰ ਸਾਹਵਾਂ 'ਚ ਧਰਦੀ ਏ।

# ‘ਬਾਬਾ ਬੋਲਤੇ ਤੇ’ ਦਾ ਰਚੇਤਾ
# ਹਰਿੰਦਰ ਸਿੰਘ ਬਜਾਜ ਨੂੰ ਚੇਤੇ ਕਰਦਿਆਂ

**ਬਲਬੀਰ ਕੌਰ ਸੰਘੇੜਾ**

ਮੈਂ ਪਿੱਛਲੇ ਖ਼ਤ ਫਰੋਲ ਰਹੀ ਸਾਂ। ਉਨ੍ਹਾਂ ਵਿਚ ਕਈ ਖ਼ਤ ਮੀਸ਼ਾ ਜੀ ਦੇ, ਜਗੀਰ ਚੌਹਾਨ ਦੇ, ਗੁਰਨਾਮ ਗਿੱਲ ਦੇ, ਬਲਜੀਤ ਬੱਲੀ ਦੇ, ਬਚਿੰਤ ਕੌਰ ਦੇ, ਦਲਬੀਰ ਚੇਤਨ ਦੇ, ਹਰਿੰਦਰ ਸਿੰਘ ਬਜਾਜ ਦੇ, ਅਤੇ ਮੇਰੇ ਬਹੁਤ ਸਾਰੇ ਪਾਠਕਾਂ ਦੇ ਨਿੱਕਲੇ। ਉਨ੍ਹਾਂ ਪਾਠਕਾਂ ਵਿਚ ਕਈ ਅੱਜ ਦੇ ਵੱਡੇ ਲੇਖਕਾਂ ਦੇ ਨਾਂ ਵੀ ਲੱਭੇ। ਉਹ ਉਸ ਵੇਲੇ ਮੇਰੇ ਵਾਂਗ ਹੀ ਜੱਦੋਜਹਿਦ ਕਰ ਰਹੇ ਸਨ। ਤੇ ਹੁਣ ਉਹ ਨਾਮਵਰ ਲੇਖਕ/ਲੇਖਕਾ ਹਨ। ਸਾਰੇ ਖ਼ਤ ਪਾਸੇ ਰੱਖ ਕੇ, ਮੈਂ ਹਰਿੰਦਰ ਬਜਾਜ ਦਾ ਖ਼ਤ ਪੜ੍ਹਣ ਬੈਠ ਗਈ ਜਿਹੜਾ ਉਨ੍ਹਾਂ ਨੇ ਮੇਰੀ ਉਸ ਵੇਲੇ ਦੀ ਪੀੜ ਵੇਲੇ ਮੈਨੂੰ ਇੰਡੀਆ ਬੈਠੀ ਨੂੰ ਲਿਖਿਆ ਸੀ। ਇਹ ਗੱਲ 1982 ਦੀ ਸੀ। ਬਜਾਜ ਹੋਰੀਂ ਮੇਰੀ ਪੀੜ ’ਤੇ ਠੰਢੇ ਫੰਬੇ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਮੋਹ ਭਿੱਜਿਆ, ਮਾਣ ਨਾਲ਼ ਭਰਿਆ-ਭਕੁੰਨਿਆ, ਤੇ ਪਿਆਰ ਦੀ ਚਾਸ਼ਣੀ ਵਿਚ ਗੜੁੱਚ। ਮੈਂ ਕਈ ਵੇਰ ਖ਼ਤ ਪੜ੍ਹਿਆ। ਅੱਖਾਂ ਸਿੱਲੀਆਂ ਵੀ ਹੋਈਆਂ। ਮੈਂ ਉਸ ਵਕਤ ਦੇ ਦੁਆਲੇ ਸਿਮਟ ਗਈ ਜਿਸਨੇ ਮੇਰੇ ਕੋਲੋਂ ਬਹੁਤ ਕੁਝ ਖੋਹਿਆ ਸੀ।

ਬਜਾਜ ਨਾਲ਼ ਮੇਰੀ ਕਈ ਵਰ੍ਹੇ ਲੰਬੀ ਦੋਸਤੀ ਸੀ। ਫੇਰ ਝਟਕੇ ਜਿਹੇ ਨਾਲ਼ ਮਨ ਹਿੱਲਿਆ। ਤੇ ਕੈਨੇਡਾ ਆਉਣ ਤੋਂ ਪਹਿਲਾਂ ਉਸ ਨਾਲ਼ ਮੇਰੀ ਚੁੱਪ ਦੀ ਭਾਸ਼ਾ ਤੁਰ ਪਈ। ਚੁੱਪ ਬੜੀ ਘਾਤਕ ਹੁੰਦੀ ਹੈ। ਭਰਮ-ਭੁਲੇਖੇ ਮਨ ਵਿਚ ਜਗਾ ਦਿੰਦੀ ਹੈ। ਮੇਰੇ ਨਾਲ਼ ਵੀ ਇਹੋ ਹੋਇਆ ਸੀ। ਹੱਥਲਾ ਖ਼ਤ ਪੜ੍ਹਦਿਆਂ ਜਿਵੇਂ ਉਹ ਚੁੱਪ ਖੁੱਲ੍ਹਣ ਲੱਗ ਪਈ। ਮੁੜ ਪੁਰਾਣੇ ਦਿਨ ਮੇਰੇ ਸਾਮ੍ਹਣੇ ਆ ਖਲੋਏ। ਸ਼ਾਇਦ ਉਮਰ ਦਾ ਤਕਾਜ਼ਾ ਵੀ ਹੋ ਸਕਦੈ। ਬੰਦਾ ਕਈ ਵੇਰ ਨਿੱਕੀ ਜਿਹੀ ਗੱਲ ਨੂੰ ਖਿੱਚੀ ਜਾਂਦੈ। ਮੈਂ ਵੀ ਇਹੋ ਕੀਤਾ ਸੀ। ਮੈਂ ਜਾਣਦੀ ਵੀ ਸਾਂ ਪਰ ਕਬੂਲਦੀ ਨਹੀਂ ਸਾਂ। ਇਹ ਵੀ ਮੇਰੀ ਕਮਜ਼ੋਰੀ ਸਮਝੋ।

ਤੇ ਅੱਜ ਖ਼ਤ ਪੜ੍ਹਦਿਆਂ ਹੋਇਆਂ ਮਨ ਨੇ ਆਪਣੇ ਆਪ ਨੂੰ ਦੋਸ਼ੀ ਹੋਣ ਦਾ ਫਤਵਾ ਦਿੱਤਾ। ਮੈਂ ਸਾਰੇ ਗਿਲੇ ਸ਼ਿਕਵੇ ਭੁੱਲ ਕੇ ਵੱਡਾ ਸਾਰਾ ਸਾਹ ਖਿੱਚ ਕੇ, ਬਜਾਜ ਨੂੰ ਫੋਨ ਕਰਨ ਬੈਠ ਗਈ। ਅੱਗੋਂ ਉਸਦੇ ਛੋਟੇ ਪੁੱਤਰ ਸੰਨੀ ਨੇ ਫੋਨ ਚੁੱਕਿਆ। ਸਤਿ ਸ੍ਰੀ ਅਕਾਲ ਤੋਂ ਬਾਅਦ ਉਸਨੇ ਆਪਣੀ ਮੰਮੀ ਨੂੰ ਭਾਵ ਬਜਾਜ ਦੀ ਪਤਨੀ ਦਵਿੰਦਰ ਨੂੰ ਫੋਨ ਫੜਾ ਦਿੱਤਾ। ਦਵਿੰਦਰ ਦੀ ਆਵਾਜ਼ ਵਿਚ ਪਹਿਲਾਂ ਵਰਗੀ ਟੁਣਕਾਰ ਨਹੀਂ ਸੀ। ਤਿੱਖੀ-ਤਿੱਖੀ ਜਿਹੀ ਵੀਣਾਂ ਦੀ ਟੁਣਕਵੀਂ ਆਵਾਜ਼ ਵਰਗੀ। ਇਉਂ ਮਹਿਸੂਸ ਹੋਇਆ ਜਿਵੇਂ ਉਸਦੇ ਸਾਰੇ ਸੁਪਨੇ ਕਿੱਧਰੇ ਗੁੰਮ ਹੋ ਗਏ ਹੋਣ ਵਾਂਗ ਉਹ ਮਰਿਆ ਜਿਹਾ ਬੋਲੀ। ਵਰ੍ਹਿਆਂ ਬਾਅਦ ਸੁਣੀ ਮੇਰੀ ਆਵਾਜ਼ ਉਸ ਲਈ ਅਣਪਛਾਤੀ ਸੀ। ਮੇਰੇ ਆਪਣਾ ਨਾਂ ਦੱਸਣ ਤੇ ਉਸ ਵਿਚ ਜਿਵੇਂ ਜਾਨ ਆ ਗਈ ਹੋਵੇ। ਤੇ ਉਹ ਰੋਣੀ ਆਵਾਜ਼ ਵਿਚ ਬੋਲੀ, “ਬਲਬੀਰ! ਭੈੜੀਏ!! ਤੇਰੇ ਵੀਰ ਜੀ ਮੈਨੂੰ ਇਕੱਲਿਆਂ ਛੱਡ ਗਏ।” ਤੇ ਉਹ ਹੁਬਕੀਂ-ਹੁਬਕੀਂ ਰੋ ਪਈ। ਮੇਰੇ ਵਾਸਤੇ ਇਹ ਇਕ ਵੱਡਾ ਝਟਕਾ ਸੀ। ਮੈਂ ਕੀ ਸੋਚ ਕੇ ਫੋਨ ਕੀਤਾ ਸੀ ਤੇ ਅੱਗੋਂ ਮੈਨੂੰ ਕੀ ਸੁਨੇਹਾ ਮਿਲ ਰਿਹਾ ਸੀ। ਪਛਤਾਵਾ ਮੇਰੇ ਅੰਦਰ ਬਾਹਰ ਮੰਡਰਾ ਰਿਹਾ ਸੀ।

ਕਾਰਨ, ਬਜਾਜ ਨਾਲ ਮੈਂ ਕਈ ਵਰ੍ਹੇ ਪਹਿਲਾਂ ਰੁੱਸ ਗਈ ਸਾਂ। ਮਨੋਂ ਮਨੀਂ ਚੁੱਪ ਹੋ ਗਈ ਸਾਂ। ਇਹ ਮੇਰੀ ਕਮਜ਼ੋਰੀ ਹੈ। ਮੈਂ ਬਾਭਰ ਕੇ ਲੜ ਨਹੀਂ ਸਕਦੀ। ਬਸ ਚੁੱਪ ਕਰ ਜਾਂਦੀ ਹਾਂ। ਉਸਦੀ ਇਕ ਕਹਾਣੀ ਨੇ ਮੇਰੇ ਅੰਦਰ ਰੋਸਾ ਭਰ ਦਿੱਤਾ ਸੀ। ਸਮਾਂ ਬੀਤਦਾ ਗਿਆ, ਰੋਸਾ ਠੰਢਾ ਹੁੰਦਾ



ਗਿਆ। ਫੇਰ ਵੀ ਮੈਂ ਅੱਗੇ ਪੈਰ ਨਾ ਵਧਾ ਸਕੀ। ਕਈ ਵੇਰ ਅਸੀਂ ਗਰਮਜੋਸ਼ੀ ਵਿਚ ਕਈ ਗੱਲਾਂ ਦੇ ਗ਼ਲਤ ਮਤਲਬ ਕੱਢ ਲੈਂਦੇ ਹਾਂ। ਮੈਂ ਵੀ ਇਹੋ ਕੀਤਾ ਸੀ। ਸਾਡੀ ਵਰ੍ਹਿਆਂ ਤੋਂ ਚੱਲੀ ਆ ਰਹੀ ਪਰਿਵਾਰਕ ਸਾਂਝ ਚੁੱਪ ਦੀ ਭਾਸ਼ਾ ਬੋਲਣ ਲੱਗੀ। ਉਨ੍ਹਾਂ ਦੀ ਇਕ ਇੰਟਰਵਿਊ ਜੋ ਕੈਲਗਰੀ ਤੋਂ ਨਿਕਲਦੇ ਪਰਚੇ ਸਿੱਖ ਵਿਰਸਾ ਵਿਚ ਛਪੀ ਸੀ, ਜਿਸ ਵਿਚ ਬਜਾਜ ਨੇ ਮੈਨੂੰ ਤਾਨ੍ਹੇ ਜਿਹੇ ਮਾਰੇ ਸਨ। ਭਾਵੇਂ ਮੇਰਾ ਨਾਂ ਨਹੀਂ ਸੀ ਦਿੱਤਾ ਗਿਆ। ਪਰ ਮੈਂ ਸਮਝ ਗਈ ਸਾਂ। ਮੇਰੇ ਅੰਦਰ ਪਹਿਲਾਂ ਵਾਂਗ ਹੀ ਫੇਰ ਗੁੱਸੇ ਦੀ ਚਿਣਗ ਫੁੱਟ ਤੁਰੀ। ਉਸ ਵਿਚ ਬਜਾਜ ਦਾ ਕਹਿਣਾ ਸੀ, ‘ਜਿਸ ਕੁੜੀ ਨੂੰ ਮੈਂ ਲਿਖਣਾ ਸਿਖਾਇਆ। ਉਹ ਅੱਜ ਮੇਰੇ ਨਾਲ਼ ਕਲਾਮ ਨਹੀਂ ਕਰਦੀ।’ ਤੇ ਉਸਨੇ ਹੋਰ ਵੀ ਕਈ ਕੁਝ ਲਿਖਿਆ ਸੀ। ਭਾਵੇਂ ਗੱਲ ਨਿੱਕੀ ਜਿਹੀ ਸੀ। ਮੇਰੇ ਲਈ ਸਹਿਣੀ ਔਖੀ ਸੀ। ਬਜਾਜ ਨੂੰ ਮਿਲਣ ਤੋਂ ਪਹਿਲਾਂ ਮੇਰੀ ਕਿਤਾਬ ਛਪ ਚੁੱਕੀ ਸੀ। ਮੇਰਾ ਜੀਅ ਕੀਤਾ ਕਿ ਉੱਤਰ ਦੇਵਾਂ। ਪਰ ਟੀ.ਵੀ. ਅਤੇ ਰੇਡੀਓ ਸਟੇਸ਼ਨ ਦਾ ਪ੍ਰੋਗਰਾਮ ਕਰਦੇ ਸਮੇਂ ਮੇਜਰ ਮਾਂਗਟ ਨਾਲ਼ ਗੱਲ ਹੋਈ ਤਾਂ ਉਸਦਾ ਕਹਿਣਾ ਸੀ, “ਜਾਣ ਦਿਓ। ਕਈ ਬੰਦੇ ਚਾਹੁੰਦੇ ਹਨ ਕਿ ਇਸ ਤਰ੍ਹਾਂ ਦੀ ਕੰਟਰੋਵਰਸੀ ਖੜੀ ਹੋਵੇ।” ਤੇ ਮੈਂ ਚੁੱਪ ਰਹੀ।

ਜਦੋਂ ਮੈਂ ਬਜਾਜ ਅਤੇ ਉਸਦੀ ਪਤਨੀ ਦਵਿੰਦਰ ਨੂੰ ਮਿਲੀ ਸਾਂ, ਉਸ ਵੇਲੇ ਮੈਂ ਦੇਸ ਪਰਦੇਸ ਵਿਚ ਛਪ ਰਹੀ ਸਾਂ। ਅਕਾਲੀ ਪੱਤ੍ਰਿਕਾ ਵਿਚ ਛਪ ਰਹੀ ਸਾਂ। ਨਾਗਮਣੀ ਨੇ ਮੇਰੀ ਕਹਾਣੀ ਛਾਪੀ ਸੀ। ਅਤੇ ਮੇਰਾ ਪਹਿਲਾ ਨਾਵਲ “ਹੱਕ ਦੀ ਮੰਗ” ਲਾਹੌਰ ਬੁੱਕ ਸ਼ਾਪ ਵਾਲੇ ਭਾਪਾ ਜੀ ਛਾਪ ਚੁੱਕੇ ਸਨ। ਬਜਾਜ ਦੀ ਗੱਲ ਦਾ ਮੈਨੂੰ ਬੁਰਾ ਤਾਂ ਲੱਗਾ ਪਰ ਮੈਂ ਇਸ ਗੱਲ ਨੂੰ ਬਹੁਤਾ ਨਾ ਵਧਾਇਆ ਅਤੇ ਨਾ ਹੀ ਰਿਐਕਟ ਕੀਤਾ। ਸੋਚਿਆ ਕਈ ਵੇਰ ਦੋਸਤ ਆਪਣੀਆਂ ਸਿਫ਼ਤਾਂ ਵੱਧ ਕਰਕੇ ਰਾਜ਼ੀ ਹੁੰਦੇ ਹਨ ਤੇ ਕਰ ਲੈਣ ਦਿਓ। ਕਈ ਵੇਰ ਦੋਸਤਾਂ ਦੀਆਂ ਵੱਧ ਘੱਟ ਗੱਲਾਂ ਸੁਣਨੀਆਂ ਵੀ ਪੈ ਸਕਦੀਆਂ ਹਨ। ਮੈਂ ਜ਼ਿੰਦਗੀ ਵਿਚ ਹਰ ਤਰ੍ਹਾਂ ਦੇ ਬੰਦੇ ਨੂੰ ਜਾਣ ਸਮਝ ਲਿਆ ਸੀ। ਤੇ ਅੱਜ ਦੇ ਵੇਲੇ ਵੈਸੇ ਵੀ ਬੰਦੇ ਵਿਚ ਹਉਮੈਂ ਪ੍ਰਬਲ ਹੋ ਚੁੱਕੀ ਹੈ। ਮੈਨੂੰ ਮੇਰੇ ਭਾਈਆ ਜੀ ਦੀ ਗੱਲ ਚੇਤੇ ਆਉਂਦੀ। ਉਹ ਕਿਹਾ ਕਰਦੇ ਸਨ, “ਪੁੱਤ ਓਏ! ਦੋਸਤਾਂ-ਮਿੱਤਰਾਂ ਵਿਚ ਨਫੇ ਨੁਕਸਾਨ ਨਹੀਂ ਦੇਖੇ ਜਾਂਦੇ। ਦੇਖੀ ਜਾਂਦੀ ਹੈ ਭਾਈਵਾਲੀ ਦੀ ਸਾਂਝ। ਹਰ ਮਨੁੱਖ ਕਿਸੇ ਵੇਲੇ ਐਸੀ ਸਥਿਤੀ ਵਿਚ ਹੁੰਦਾ ਹੈ ਜਦੋਂ ਉਹ ਮਾਨਸਿਕ ਤਵਾਜਨ ਗੁਆ ਬੈਠਦਾ ਹੈ। ਚੰਗੇ ਦੋਸਤ ਦੀ ਨਿਸ਼ਾਨੀ ਹੁੰਦੀ ਹੈ ਕਿ ਉਹ ਸਮਝੇ ਅਤੇ ਕਿਸੇ ਮੁਨਾਸਿਬ ਸਮੇਂ ਦੋਸਤ ਨੂੰ ਗ਼ਲਤੀ ਦਾ ਅਹਿਸਾਸ ਵੀ ਕਰਵਾ ਦੇਵੇ।”

ਭਾਵੇਂ ਸਮਾਂ ਪਾ ਕੇ ਅਸੀਂ ਕਦੀ-ਕਦਾਈਂ ਗੱਲ ਵੀ ਕਰਨ ਲੱਗ ਪਏ। ਪਰ ਉਸ ਗੱਲ ਵਿਚ ਅਕਸਰ ਵਿੱਥ ਹੁੰਦੀ। ਜਿਸ ਤਰ੍ਹਾਂ ਅਸੀਂ ਆਮ ਜੌੜੇ ਭੈਣ-ਭਰਾ ਵਾਂਗ ਲੜ-ਝਗੜ ਲੈਂਦੇ ਸਾਂ, ਇਸ ਤਰ੍ਹਾਂ ਦਾ ਕੁੱਝ ਵੀ ਨਾ ਹੁੰਦਾ। ਇੰਗਲੈਂਡ ਅੱਧੀ ਜ਼ਿੰਦਗੀ ਕੱਢਣ ਕਾਰਨ ਮੇਰਾ ਇੰਗਲੈਂਡ ਨਾਲ਼ ਡੂੰਘਾ ਨਾਤਾ ਹੈ। ਇਕ ਵੇਰ ਮੈਂ ਇੰਗਲੈਂਡ ਗਈ। ਬਜਾਜ ਹੋਰਾਂ ਨੂੰ ਪਤਾ ਲੱਗਾ ਕਿ ਮੈਂ ਸਟੈਫੋਰਡ ਆਈ ਹੋਈ ਹਾਂ, ਬਜਾਜ ਅਤੇ ਦਵਿੰਦਰ ਦੋਨੋਂ ਮੈਨੂੰ ਮਿਲਣ ਸਟੈਫੋਰਡ ਪੁੱਜ ਗਏ। ਉਸ ਦਿਨ ਬਜਾਜ ਹੋਰੀਂ ਆਖਿਆ, “ਬੀਬੀ! ਜਿੰਨਾ ਮਰਜੀ ਮੇਰੇ ਕੋਲੋਂ ਭੱਜ ਲੈ। ਮੈਂ ਖਹਿੜਾ ਛੱਡਣ ਵਾਲਾ ਨਹੀਂ। ਆਪਣੀ ਭੈਣ ਦਾ ਥਾਂ ਤੈਨੂੰ ਦਿੱਤੈ। ਤੂੰ ਮੰਨ ਭਾਵੇਂ ਨਾ ਮੰਨ। ਉਹ ਤੇਰੀ ਮਰਜ਼ੀ।”

ਇਸੇ ਤਰ੍ਹਾਂ ਬਰਮਿੰਘਮ ਮੇਰੇ ਦਿਓਰ ਦੇ ਘਰੋਂ ਮੈਂ ਫੋਨ ਕਰ ਬੈਠੀ ਕਿ, ‘ਮੈਂ ਲੇਡੀਵੁਡ ਇਲਾਕੇ ਵਿਚ ਆਈ ਹੋਈ ਹਾਂ। ਜੋ ਬਜਾਜ ਦੇ ਘਰ ਤੋਂ ਦਸ ਕੁ ਮਿੰਟ ਦੀ ਡਰਾਈਵ ਹੀ ਸੀ। ਤੇ ਮੈਂ ਕਹਿ ਦਿੱਤਾ ਕਿ ਮੈਂ ਮਿਲਣ ਤੁਹਾਡੇ ਘਰ ਨਹੀਂ ਆ ਸਕਦੀ। ਮੇਰੇ ਕੋਲ ਰਾਈਡ ਨਹੀਂ ਹੈ। ਸੋਚਿਆ ਫੋਨ ਰਾਹੀਂ ਹੀ ਗੱਲ ਕਰ ਲਵਾਂ। ਬਜਾਜ ਹੋਰੀਂ ਘੰਟੇ ਕੁ ਵਿਚ ਮੇਰੇ ਦਿਓਰ ਦੇ ਘਰ ਆ ਖੜੇ ਹੋਏ। ਆਪਣੀਆਂ ਦੋ ਤਿੰਨ ਕਿਤਾਬਾਂ ਵੀ ਲਿਆਏ ਜਿਹੜੀਆਂ ਮੇਰੇ ਇੰਗਲੈਂਡ ਛੱਡਣ ਤੋਂ ਬਾਅਦ

ਛਪੀਆਂ ਸਨ। ਮੈਂ ਜਿਸ ਹਾਲ ਵੀ ਹੋਵਾਂ, ਜਿੱਥੇ ਵੀ ਹੋਵਾਂ, ਬਜਾਜ ਹੋਰੀਂ ਮੇਰਾ ਥਹੁ ਪਤਾ ਕੱਢ ਹੀ ਲੈਂਦੇ। ਬਹੁਤੇ ਰਿਸ਼ਤੇ ਉਹ ਗੰਢਦੇ ਨਹੀਂ ਸਨ। ਜਦੋਂ ਗੰਢਦੇ ਤਾਂ ਨਿਭਾਉਂਦੇ ਸਨ। ਮੇਰੇ ਨਾਲ਼ ਉਨ੍ਹਾਂ ਦਾ ਕੋਈ ਦਸ ਕੁ ਸਾਲ ਤਾਂ ਰਿਸ਼ਤਾ ਵਧੀਆ ਨਿਭਿਆ ਸੀ। ਬਾਅਦ ਵਿਚ ਐਵੇਂ ਭਰਮ-ਭੁਲੇਖੇ ਵਿਚ ਚੁੱਪ ਪਸਰ ਗਈ ਸੀ।

ਪਹਿਲੀ ਵੇਰ ਮੈਂ ਬਜਾਜ ਅਤੇ ਦਵਿੰਦਰ ਨੂੰ, ਆਪਣੇ ਹੈਦਰ ਰੋਡ, ਸਮਾਲਹੀਥ ਵਾਲੇ ਘਰ ਮਿਲੀ ਸਾਂ। ਕੈਲਾਸ਼ ਪੁਰੀ ਅਤੇ ਡਾ: ਗੋਪਾਲ ਸਿੰਘ ਪੁਰੀ ਨੂੰ ਮੈਂ ਆਪਣੇ ਘਰ ਸੱਦਿਆ ਸੀ। ਉਨ੍ਹਾਂ ਨਾਲ ਸੁਰਜੀਤ ਸਿੰਘ ਕਾਲੜਾ ਅਤੇ ਉਨ੍ਹਾਂ ਦੀ ਪਤਨੀ ਬਲਬੀਰ ਕੌਰ ਕਾਲੜਾ ਨੂੰ ਵੀ ਸੱਦਿਆ। ਗੱਲਾਂ ਕਰਦਿਆਂ ਕਾਲੜਾ ਹੋਰਾਂ ਨੇ ਮੈਨੂੰ ਪੁੱਛਿਆ ਸੀ, "ਕੀ ਤੁਸੀਂ ਹਰਿੰਦਰ ਸਿੰਘ ਬਜਾਜ ਨੂੰ ਜਾਣਦੇ ਹੋ?"

ਮੇਰਾ ਉੱਤਰ ਸੀ, "ਜਾਣਦੀ ਤਾਂ ਨਹੀਂ ਪਰ ਮੈਂ ਉਨ੍ਹਾਂ ਦੇ ਨਾਂ ਤੋਂ ਵਾਕਫ਼ ਹਾਂ। ਉਨ੍ਹਾਂ ਦਾ ਹੁਣੇ-ਹੁਣੇ ਨਾਵਲ 'ਦੀਪ-ਬਿੰਦੂ' ਛਪਿਆ ਹੈ। ਉਸਦੀ ਕਾਫ਼ੀ ਚਰਚਾ ਹੈ।"

"ਲਓ ਜੀ, ਹੁਣੇ ਮਿਲਾ ਦਿੰਦੇ ਹਾਂ।" ਕਾਲੜਾ ਹੋਰੀਂ ਫੋਨ ਕਰਨ ਦੀ ਇਜਾਜ਼ਤ ਮੰਗੀ।

ਉਨ੍ਹਾਂ ਨੇ ਬਜਾਜ ਹੋਰਾਂ ਨੂੰ ਮੇਰੇ ਘਰ ਬੈਠਿਆਂ ਹੀ ਫੋਨ ਕਰ ਦਿੱਤਾ ਕਿ, "ਤੁਸੀਂ ਦੋਨੋਂ ਮੀਆਂ-ਬੀਵੀ ਵੀ ਆ ਜਾਵੋ। ਅਸੀਂ ਸੰਘੇੜਾ ਦੇ ਘਰ ਇੱਕਠੇ ਬੈਠੇ ਹਾਂ। ਆਪਾਂ ਮਹਿਫ਼ਲ ਲਾਵਾਂਗੇ।"

ਦਵਿੰਦਰ ਅਤੇ ਬਜਾਜ ਕੋਈ ਅੱਧੇ ਕੁ ਘੰਟੇ ਵਿਚ 'ਮੋਜ਼ਲੇ' ਇਲਾਕੇ ਤੋਂ ਮੇਰੇ ਘਰ ਆ ਪਹੁੰਚੇ। ਉਨ੍ਹਾਂ ਦੇ ਪਹੁੰਚਣ ਸਾਰ ਜਿਵੇਂ ਮੇਰੇ ਨਿੱਕੇ ਜਿਹੇ ਲਿਵਿੰਗ ਰੂਮ ਵਿਚ ਵਾਹਵਾ ਰੌਣਕ ਲੱਗ ਗਈ। ਜਾਪਿਆ, ਬਜਾਜ ਹੋਰੀਂ ਵਾਹਵਾ ਗੱਲਾਂ ਕਰਨ ਦੇ ਸ਼ੌਕੀਨ, ਆਪਣੀਆਂ ਅਤੇ ਆਪਣੀਆਂ ਲਿਖਤਾਂ ਦੀਆਂ ਸਿਫਤਾਂ ਦੇ ਢੇਰ ਲਾਉਣ ਵਾਲੇ, ਤੇ ਬੋਲੀ ਪੱਖੋਂ ਬਹੁਤ ਹੀ ਮਿੱਠ ਬੋਲੜੇ। ਬੋਲੀ ਵਿਚ ਜਿੱਥੇ ਹਰਿਆਣਵੀ ਰਲ਼ੀ ਹੁੰਦੀ ਉੱਥੇ ਮਾੜੀ ਜਿਹੀ ਪੋਠੋਹਾਰੀ ਦਾ ਤੜਕਾ ਵੀ ਲੱਗਿਆ ਮਿਲਦਾ। ਦਵਿੰਦਰ ਗਾਇਕਾ ਅਤੇ ਕੋਇਲ ਵਰਗੀ ਆਵਾਜ਼। ਸੁਰਾਹੀ ਵਰਗੀ ਧੌਣ, ਗੋਰਾ ਚਿੱਟਾ ਰੰਗ ਤੇ ਪਤਲਾ ਸੁਬਕ ਜਿਹਾ ਸਰੀਰ, ਤਿੱਖੇ-ਤਿੱਖੇ ਨੈਣ ਨਕਸ਼। ਕੋਈ ਮੇਕ ਅੱਪ ਨਹੀਂ। ਹਲਕੇ ਰੰਗ ਦੀ ਸਾੜ੍ਹੀ ਵਿਚ, ਬਿਨਾਂ ਮੇਕ ਅੱਪ ਦੇ ਦਵਿੰਦਰ ਬੜੀ ਖ਼ੂਬਸੂਰਤ ਲੱਗਦੀ। ਬਾਅਦ ਵਿਚ ਪਤਾ ਲੱਗਾ ਕਿ ਦਵਿੰਦਰ ਸੂਟ ਨਹੀਂ ਸੀ ਪਹਿਨਦੀ। ਮੀਂਹ ਜਾਵੇ ਜਾਂ ਹਨ੍ਹੇਰੀ ਉਸਦੇ ਸਾੜ੍ਹੀ ਪਹਿਨੀ ਹੁੰਦੀ। ਬਜਾਜ ਇਸਦੇ ਬਿਲਕੁਲ ਉਲਟ ਪੱਕੇ ਰੰਗ ਦੇ। ਕੱਦ ਕਾਠ ਵੀ ਦਰਮਿਆਨਾ। ਅੱਖਾਂ ਦੀਆਂ ਐਨਕਾਂ ਮੋਟੀਆਂ ਠਿੱਬਲ਼ ਜਿਹੀਆਂ। ਦਸਤਾਰ ਸਣੇ ਸੂਟ-ਬੂਟ ਪਹਿਨੇ ਹੋਏ ਆਪਣੇ ਆਪ ਨੂੰ ਬਹੁਤ ਅੱਪ ਟੂ ਡੇਟ ਅਤੇ ਖ਼ੂਬਸੂਰਤ ਸਮਝਣ ਵਾਲੇ। ਗੱਲਾਂ ਦੇ ਬਹੁਤ ਸ਼ੌਕੀਨ। ਕਿਸੇ ਹੋਰ ਦੀ ਗੱਲ ਭੁੰਜੇ ਨਾ ਪੈਣ ਦਿੰਦੇ। ਹਰ ਗੱਲ ਦਾ ਜਵਾਬ ਉਨ੍ਹਾਂ ਕੋਲ ਤਿਆਰ ਰਹਿੰਦਾ।

ਇਹ ਮਹਿਫ਼ਲ ਜਿੱਥੇ ਲੇਖਕਾਂ ਦੀ ਸੀ ਉਸਦੇ ਨਾਲ਼ ਅਧਿਆਪਕਾਂ ਦੀ ਵੀ ਸੀ। ਕਾਲੜਾ ਜੀ ਅਤੇ ਉਨ੍ਹਾਂ ਦੀ ਪਤਨੀ ਦੋਨੋਂ ਅਧਿਆਪਕ। ਇੱਧਰ ਬਜਾਜ ਹੋਰੀਂ ਅਤੇ ਮੈਂ ਅਧਿਆਪਕ। ਦਵਿੰਦਰ ਲਾਇਬ੍ਰੇਰੀਅਨ। ਤੇ ਕੈਲਾਸ਼ ਜੀ ਦਾ ਫੀਲਡ ਸਭ ਤੋਂ ਵੱਖਰਾ ਹੈ ਹੀ ਸੀ। ਉਸ ਮਹਿਫ਼ਲ ਵਿਚ ਦਵਿੰਦਰ ਨੇ ਦੋ-ਤਿੰਨ ਗੀਤ ਵੀ ਗਾਏ। ਮੇਰੇ ਘਰ ਸਿਤਾਰ ਵੀ ਸੀ ਅਤੇ ਹਰਮੋਨੀਅਮ ਵੀ। ਤਬਲਾ ਨਾ ਹੋਣ ਕਾਰਨ ਬਜਾਜ ਹੋਰੀਂ ਮੇਰੇ ਕੌਫ਼ੀ ਟੇਬਲ ਨੂੰ ਹੀ ਤਬਲਾ ਬਣਾ ਲਿਆ। ਉਹ ਆਪ ਤਬਲਾ ਵਾਦਕ ਸਨ। ਦਵਿੰਦਰ ਜਿੱਥੇ ਹਰਮੋਨੀਅਮ ਵਜਾ ਲੈਂਦੀ ਸੀ ਉੱਥੇ ਸਿਤਾਰ ਦੀ ਵੀ ਚੰਗੀ ਮੁਹਾਰਤ ਸੀ ਉਸਨੂੰ। ਉਸ ਦਿਨ ਵਾਹਵਾ ਸੋਹਣਾ ਰੰਗ ਬੱਝਿਆ। ਡਾ: ਗੋਪਾਲ ਪੁਰੀ ਹੋਰੀਂ ਵੀ



ਆਪਣੀ ਗ਼ਜ਼ਲ ਸੁਣਾਈ। ਸ਼ਾਮ ਢਲ਼ਦੇ ਹੀ ਉਹ ਸਾਰੇ ਚਲੇ ਗਏ ਅਤੇ ਇਹੋ ਰੌਣਕ ਫੇਰ ਕਾਲੜਾ ਜੀ ਦੇ ਘਰ ਲੱਗੀ ਹੋਣੀ ਐ।

ਉਸਤੋਂ ਬਾਅਦ ਇਕ ਦਿਨ ਮੇਰੀ ਡੋਰ ਬੈੱਲ ਹੋਈ। ਮੈਂ ਦਰਵਾਜਾ ਖੋਲ੍ਹਿਆ, ਮੋਹਰੇ ਬਜਾਜ ਹੋਰੀਂ ਖੜ੍ਹੇ ਸਨ। ਹੱਥ ਵਿਚ ਚੰਗੀ ਮੋਟੀ ਫਾਈਲ। ਸਕੂਲ ਦੀ ਛੁੱਟੀ ਤੋਂ ਬਾਅਦ ਪਰਤਦੇ ਹੋਏ ਉਹ ਸਿੱਧੇ ਮੇਰੇ ਘਰ ਆ ਗਏ ਸਨ। ਮੈਂ ਅੰਦਰ ਆਉਣ ਦਾ ਸੱਦਾ ਦਿੱਤਾ। ਬਜਾਜ ਹੋਰੀਂ ਘੜੀ ਪਰ ਬੈਠੇ ਵੀ। ਉਸ ਘੜੀ ਵਿਚ ਉਨ੍ਹਾਂ ਨੇ ਆਪਣੀ ਅੱਧੀ ਜੀਵਨੀ ਮੈਨੂੰ ਸੁਣਾ ਧਰੀ। ਇਹ ਵੀ ਦੱਸਿਆ ਕਿ ਉਨ੍ਹਾਂ ਦੀ ਪਤਨੀ ਹਰ ਐਤਵਾਰ ਗੁਰਦੁਆਰੇ ਕੀਰਤਨ ਕਰਦੀ ਹੈ। ਤੇ ਮੈਂ ਨਾਲ਼ ਤਬਲਾ ਵਜਾਉਂਦਾ ਹਾਂ।

ਖ਼ੈਰ! ਗੱਲਾਂ ਬਾਤਾਂ ਤੋਂ ਬਾਅਦ ਬਜਾਜ ਹੋਰੀਂ ਮੈਨੂੰ ਹੱਥ ਫੜੀ ਫਾਈਲ ਆਪਣੇ ਨਾਵਲ 'ਸੱਜਣਾ ਬਾਝ ਹਨੇਰਾ' ਦਾ ਖਰੜਾ ਪੜ੍ਹਣ ਨੂੰ ਦੇ ਗਏ। ਦੀਪ-ਬਿੰਦੂ ਦੀ ਕਾਪੀ ਵੀ ਦਿੱਤੀ। ਤੇ ਮੈਂ ਵੀ ਆਪਣਾ ਦੂਜਾ ਨਾਵਲ 'ਇੱਕ ਖ਼ਤ ਨਾਂ ਸੱਜਣਾਂ ਦੇ' ਲਿਖੀ ਬੈਠੀ ਸਾਂ। ਉਸ ਨਾਵਲ ਦਾ ਖਰੜਾ ਮੈਂ ਵੀ ਉਨ੍ਹਾਂ ਨੂੰ ਪੜ੍ਹਣ ਨੂੰ ਦੇ ਦਿੱਤਾ।

ਇੱਥੋਂ ਸਾਡਾ ਰਾਬਤਾ ਬਣਨ ਲੱਗ ਪਿਆ। ਜਦੋਂ ਸਾਡੀ ਕਿਸੇ ਦੀ ਕਹਾਣੀ ਛਪਦੀ ਤਾਂ ਅਸੀਂ ਫੋਨ 'ਤੇ ਵਿਚਾਰ ਕਰਦੇ। ਹੋਰ ਲੇਖਕਾਂ ਦੀਆਂ ਕਹਾਣੀਆਂ ਦੀ ਵੀ ਚੀਰ ਫਾੜ ਕਰਦੇ। ਨਾਵਲਾਂ ਦੇ ਪਾਤਰਾਂ ਬਾਰੇ ਸੋਚਦੇ। ਬਜਾਜ ਹੋਰੀਂ ਅਕਸਰ ਆਖਦੇ, "ਬੀਬੀ! ਐਹ ਪਾਤਰ ਇਸ ਤਰ੍ਹਾਂ ਸੋਚ ਸਕਦਾ ਹੀ ਨਹੀਂ। ਤੈਨੂੰ ਮੁੱਢ ਤੋਂ ਸੋਚਕੇ ਦੇਖਣਾ ਪਵੇਗਾ ਕਿ ਤੇਰਾ ਪਾਤਰ ਇਸ ਤਰ੍ਹਾਂ ਕਰਦਾ-ਕਹਿੰਦਾ ਹੈ ਤਾਂ ਕਿਉਂ। ਉਸਦੀ ਮਾਨਸਿਕਤਾ ਨੂੰ ਸਮਝ।"

ਗੱਲ ਕੀ, ਅਸੀਂ ਆਪਣੇ ਪਾਤਰਾਂ ਦੀ ਸਾਇਕੀ ਅਨੁਸਾਰ ਕਹਾਣੀ ਘੜਦੇ। ਅਸੀਂ ਦੋਨੋਂ ਕਈ ਵੇਰ ਆਪਣੀ-ਆਪਣੀ ਗੱਲ ਉੱਤੇ ਅੜ ਜਾਂਦੇ। ਕਿੰਨਾ-ਕਿੰਨਾ ਚਿਰ ਬਹਿਸਦੇ। ਸਾਡੀ ਕਹਾਣੀਆਂ ਬਾਰੇ ਗੁਫ਼ਤਗੂ ਅਕਸਰ ਹੁੰਦੀ ਰਹਿੰਦੀ। ਜਿਸ ਤਰ੍ਹਾਂ ਜਦੋਂ ਮੈਂ ਦੀਪ-ਬਿੰਦੂ ਪੜ੍ਹਿਆ ਤਾਂ ਮੈਨੂੰ ਉਸ ਵਿਚ ਕੁੜੀ ਦੇ ਹੋ ਰਹੇ ਸ਼ੋਸ਼ਣ ਬਾਰੇ ਇਤਰਾਜ਼ ਸੀ ਜਦੋਂਕਿ ਬਜਾਜ ਹੋਰੀਂ ਆਪਣੀ ਗੱਲ ਉੱਤੇ ਅੜੇ ਹੋਏ ਸਨ ਕਿ ਇਸ ਉਮਰ ਵਿਚ ਕੁੜੀਆਂ ਅਕਸਰ ਧੋਖੇ ਖਾਂਦੀਆਂ ਹਨ। ਮੈਂ ਉਸਨੂੰ ਧੋਖਾ ਨਹੀਂ ਸ਼ੋਸ਼ਣ ਸਮਝਦੀ ਸਾਂ। ਤੇ ਇਸੇ ਤਰ੍ਹਾਂ 'ਸੱਜਣਾਂ ਬਾਝ ਹਨੇਰਾ' ਵਿਚ ਔਰਤ ਇਕ ਥਾਂ ਤੋਂ ਦੂਜੇ ਅਤੇ ਦੂਜੇ ਤੋਂ ਤੀਜੇ ਥਾਂ ਭਟਕਦੀ ਹੈ। ਮੇਰਾ ਕਹਿਣਾ ਸੀ ਕਿ ਔਰਤ ਐਨੀ ਕਮਜ਼ੋਰ ਨਹੀਂ ਹੈ ਕਿ ਉਸਨੂੰ ਹਰ ਵੇਲੇ ਆਦਮੀ ਦੀ ਮਦਦ ਦੀ ਲੋੜ ਪਵੇ। ਪਰ ਨਹੀਂ, ਬਜਾਜ ਹੋਰੀਂ ਆਪਣੀ ਗੱਲ 'ਤੇ ਅੜੇ ਰਹਿੰਦੇ। ਅਸੀਂ ਨਿੱਕੇ-ਨਿੱਕੇ ਨੁਕਤਿਆਂ 'ਤੇ ਬਹਿਸਦੇ। ਲੰਬਾ ਵਕਤ ਅਸੀਂ ਫੋਨ ਉੱਤੇ ਲਾ ਦਿੰਦੇ।

ਜਦੋਂ ਉਨ੍ਹਾਂ ਦਾ ਨਾਵਲ 'ਬਾਬਾ ਬੋਲਤੇ ਤੇ' ਛਪਿਆ ਤਾਂ ਉਨ੍ਹਾਂ ਨੂੰ ਬਹੁਤ ਆਸ ਸੀ ਕਿ ਉਸ ਉੱਤੇ ਗੱਲ ਚੱਲੇਗੀ। ਸੀ ਵੀ ਠੀਕ। ਪਰ ਸਾਡੇ ਸਾਹਿਤਕ ਮਹੌਲ ਨੇ ਉਹ ਗੱਲ ਨਾ ਚੱਲਣ ਦਿੱਤੀ ਜਿਸਦੀ ਬਜਾਜ ਹੋਰਾਂ ਨੂੰ ਆਸ ਸੀ ਜਾਂ ਉਨ੍ਹਾਂ ਨੇ ਮਿਹਨਤ ਕੀਤੀ ਸੀ। ਉਹ ਨਿਰਾਸ਼ ਤਾਂ ਹੋਏ ਪਰ ਉਸ ਬਾਰੇ ਬੋਲੇ ਕੁਝ ਨਾ। ਕਹਿਣ ਲੱਗੇ, "ਕੋਈ ਨਾ ਮੈਂ ਆਪਣਾ ਕੰਮ ਕਰ ਦਿੱਤੈ। ਅੱਗੋਂ ਵਾਹਿਗੁਰੂ ਜਾਣੇ।"

ਦਵਿੰਦਰ ਦੀ ਆਦਤ ਬਹੁਤ ਸਹਿਜ ਸੀ। ਅਸੀਂ ਜਿੰਨਾ ਮਰਜੀ ਗੱਲਾਂ ਬਾਤਾਂ ਕਰਦੇ ਰਹੀਏ, ਉਸਨੇ ਮੈਨੂੰ ਕਦੀ ਵੀ ਇਸ ਤਰ੍ਹਾਂ ਮਹਿਸੂਸ ਨਹੀਂ ਕਰਾਇਆ ਜਾਂ ਸੋਚਿਆ ਹੋਵੇ ਕਿ ਅਸੀਂ ਐਨਾ ਚਿਰ ਜਾਂ ਐਵੇਂ ਜੱਕੜ ਕਿਉਂ ਵੱਢੀ ਜਾਂਦੇ ਹਾਂ। ਉਸਨੇ ਮੇਰੇ ਨਾਲ ਕਦੀ ਕੋਈ ਰੋਸਾ ਜਾਂ ਇਸ

ਤਰ੍ਹਾਂ ਦਾ ਵਰਤਾ ਕੀਤਾ ਹੋਵੇ ਜਿਸਤੋਂ ਮੈਨੂੰ ਉਸਦੇ ਗੁੱਸੇ ਹੋਣ ਦਾ ਝਉਲਾ ਪਵੇ। ਉਹ ਹਮੇਸ਼ਾ ਆਖਦੀ, "ਬਲਬੀਰ! ਤੇਰੇ ਵੀਰ ਜੀ ਨੇ ਮੈਨੂੰ ਕਦੀ ਔਖੀ ਨਹੀਂ ਹੋਣ ਦਿੱਤਾ। ਮੈਨੂੰ ਕਿਚਨ ਦਾ ਕੰਮ ਨਹੀਂ ਆਉਂਦੈ। ਉਹ ਵੀ ਇਹ ਆਪ ਹੀ ਕਰ ਲੈਣਗੇ। ਭੈੜੀਏ! ਤੂੰ ਇਨ੍ਹਾਂ ਨਾਲ਼ ਲੜਿਆ ਨਾ ਕਰ।" ਮੈਨੂੰ ਲੱਗਦੈ ਜਿਵੇਂ ਦਵਿੰਦਰ ਦੀ ਦੁਨੀਆਂ ਬਜਾਜ ਹੋਰਾਂ ਦੇ ਦੁਆਲੇ ਸਿਮਟੀ ਪਈ ਹੋਵੇ।

ਇਸ ਤਰ੍ਹਾਂ ਸਾਡੀ ਪਰਿਵਾਰਕ ਦੋਸਤੀ ਗਹਿਰੀ ਹੁੰਦੀ ਗਈ। ਬੱਚਿਆਂ ਦੀ ਪੜ੍ਹਾਈ, ਕਹਾਣੀਆਂ ਦੇ ਪਾਤਰ, ਕਹਾਣੀਆਂ ਦੀ ਵਿਧਾ, ਰਚਨਾ, ਸਰੰਚਨਾ ਆਦਿ ਬਾਰੇ ਸਾਡੇ ਵਿਚਾਰ ਵਟਾਂਦਰੇ ਚੱਲਦੇ ਰਹਿੰਦੇ। ਬਜਾਜ ਦੇ ਬੱਚੇ ਅਵੱਲ ਨੰਬਰ 'ਤੇ ਪਾਸ ਹੁੰਦੇ। ਤੇ ਉਹ ਮੈਨੂੰ ਹਮੇਸ਼ਾ ਆਖਦੇ, "ਬਲਬੀਰ! ਤੇਰਾ ਬਿੱਲਾ (ਧੰਨਬੀਰ) ਆਪਣੇ ਡੈਡੀ ਵਾਂਗ ਸਾਊ ਐ। ਤੇ ਤੇਰਾ ਹੈਪੀ (ਬਲਰਾਜ) ਤਿੱਖੀ ਮਿਰਚ ਐ। ਪੜ੍ਹਨ ਨੂੰ ਤੇਜ਼। ਗੱਲੀਂ ਬਾਤੀਂ ਚੁਸਤ। ਉਸਦਾ ਤੇ ਤੈਨੂੰ ਫ਼ਿਕਰ ਕਰਨ ਦੀ ਲੋੜ ਨਹੀਂ। ਤੇਰਾ ਛੋਟਾ ਤੇ ਮੇਰਾ ਛੋਟਾ ਹਾਲੀਂ ਨਿਆਣੇ ਐ। ਦੇਖਦੇ ਹਾਂ ਕਿਹੋ ਜਿਹੇ ਚੱਲਣਗੇ? ਬੀਬੀ ਜੀ! ਇਨ੍ਹਾਂ ਨੂੰ ਹੁਣ ਤੋਂ ਹੀ ਕਾਬੂ ਕਰਨਾ ਹੋਵੇਗਾ। ਅੱਜ-ਕੱਲ੍ਹ ਪੜ੍ਹਿਆਂ ਬੱਚਿਆਂ ਨੂੰ ਕੰਮ ਨ੍ਹੀਂ ਮਿਲਦੇ ਤੇ ਜੇ ਇਹ ਘੱਟ ਨੰਬਰਾਂ 'ਤੇ ਰਹਿ ਗਏ ਤਾਂ ਆਪਣੀ ਪੜ੍ਹੀ-ਲਿਖੀ ਗਈ ਖੂਹ ਖਾਤੇ। ਆਪਣਾ ਮਕਸਦ ਬੱਚਿਆਂ ਨੂੰ ਪੜ੍ਹਾਉਣਾ ਤੇ ਅੱਗੇ ਵਧਾਉਣਾ ਐ।"

ਬਜਾਜ ਹੋਰਾਂ ਨੂੰ ਜਿੱਥੇ ਆਪਣੇ ਬੱਚਿਆਂ ਦੀ ਚਿੰਤਾ ਰਹਿੰਦੀ ਉੱਥੇ ਮੇਰੇ ਬੱਚਿਆਂ ਬਾਰੇ ਵੀ ਚਿੰਤਾ ਕਰਦੇ। ਉਨ੍ਹਾਂ ਨੂੰ ਮੇਰੀ ਵੀ ਉੱਨੀ ਹੀ ਚਿੰਤਾ ਹੁੰਦੀ। ਉਨ੍ਹਾਂ ਦੀ ਵੱਡੀ ਭੈਣ ਜਿਸਨੂੰ ਉਹ ਮਾਂਵਾਂ ਵਾਂਗ ਮੰਨਦੇ ਸਨ, ਉਹ ਗੁਜ਼ਰ ਗਈ ਸੀ। ਪਾਰਟੀਸ਼ਨ ਦਾ ਦਰਦ ਉਹ ਭੁੱਲੇ ਨਹੀਂ ਸਨ। ਵਟਵਾਰੇ ਵੇਲੇ ਉਹ ਕਾਫ਼ਿਲੇ ਨਾਲ਼ ਆ ਕੇ ਕਰਨਾਲ ਦੇ ਇਲਾਕੇ ਵਿਚ ਬੈਠ ਗਏ ਸਨ। ਉਸ ਵੇਲੇ ਉਨ੍ਹਾਂ ਦੀ ਉਮਰ ਦਸ ਕੁ ਵਰ੍ਹਿਆਂ ਦੀ ਹੋਵੇਗੀ। ਜਦੋਂ ਵੀ ਅਸੀਂ ਰਲ਼ ਬੈਠਦੇ ਤਾਂ ਉਸ ਵੇਲੇ ਬਜਾਜ ਹੋਰੀਂ ਪਾਰਟੀਸ਼ਨ ਦੇ ਦਰਦ ਦੀਆਂ ਕਹਾਣੀਆਂ ਛੇੜ ਲੈਂਦੇ। ਗੱਲਾਂ ਕਰਦਿਆਂ ਅੱਖਾਂ ਭਰ ਲੈਂਦੇ। ਇਹ ਕਹਾਣੀਆਂ ਉਨ੍ਹਾਂ ਦੇ ਨਾਵਲਾਂ ਵਿਚ ਵੀ ਸਿੱਧੇ-ਅਸਿੱਧੇ ਰੂਪ ਵਿਚ ਆ ਜਾਂਦੀਆਂ। ਵਟਵਾਰੇ ਦੀਆਂ ਗੱਲਾਂ ਕਰਦਿਆਂ ਉਹ ਸਿਰ ਸਿੱਟ ਕੇ ਬੈਠ ਰਹਿੰਦੇ ਤੇ ਉਨ੍ਹਾਂ ਦੀ ਨਜ਼ਰ ਧਰਤੀ ਵਿੱਚ ਗੱਡੀ ਜਾਂਦੀ। ਵੱਡੀ ਭੈਣ ਨਾਲ਼ ਉਨ੍ਹਾਂ ਦਾ ਮਾਵਾਂ ਵਾਲਾ ਰਿਸ਼ਤਾ ਸੀ ਤੇ ਉਨ੍ਹਾਂ ਦੇ ਪਹਿਲੇ ਨਾਵਲ 'ਦੀਪ ਬਿੰਦੂ' ਵੀ ਭੈਣ-ਭਰਾ ਦੀ ਗਾਥਾ ਹੈ। ਉਹ ਭੈਣ ਉਨ੍ਹਾਂ ਦੇ ਦਿਲ ਦੇ ਕੋਨਿਆਂ ਵਿਚ ਵਸੀ ਹੋਈ ਉਨ੍ਹਾਂ ਦੀਆਂ ਕਹਾਣੀਆਂ ਵਿਚ ਉੱਤਰ ਆਉਂਦੀ। ਦਵਿੰਦਰ ਮੈਨੂੰ ਆਖਦੀ, "ਬਲਬੀਰ! ਤੇਰੇ ਨਾਲ਼ ਮੋਹ ਵੀ ਤਾਹੀਓਂ ਕਰਦੇ ਨੇ। ਤੂੰ ਹੈ ਤਾਂ ਛੋਟੀ ਪਰ ਤੈਨੂੰ ਵੱਡੀ ਭੈਣ ਦਾ ਇਨ੍ਹਾਂ ਥਾਂ ਦਿੱਤਾ ਹੋਇਐ। ਤੂੰ ਝੱਲੀਏ! ਇਨ੍ਹਾਂ ਨਾਲ ਰੁੱਸਿਆ ਨਾ ਕਰ।"

ਮੈਨੂੰ ਕਈ ਵੇਰ ਦਵਿੰਦਰ ਦੀ ਗੱਲ ਓਪਰੀ ਲੱਗਦੀ। ਪਰ ਸੀ ਇਹ ਸੱਚ। ਮੈਂ ਰਿਸ਼ਤਿਆਂ ਦੇ ਉਸ ਜੰਗਲ ਵਿੱਚੋਂ ਲੰਘੀ ਸਾਂ ਜਿੱਥੇ ਮੇਰਾ ਯਕੀਨ ਡੋਲ ਜਾਂਦਾ ਸੀ। ਮੈਂ ਆਪਣੇ ਦੁਆਲ਼ੇ ਆਪਣੇ ਬਣਾਏ ਘੇਰੇ ਹੀ ਰੱਖਦੀ ਰਹੀ ਹਾਂ। ਮੈਂ ਅਕਸਰ ਫੋਨ ਨਾ ਕਰਦੀ। ਇਹ ਮੇਰੀ ਮਾੜੀ ਆਦਤ ਹੁਣ ਵੀ ਹੈ। ਮੈਂ ਸੋਚਦੀ ਹਾਂ ਅਗਲਾ ਕਹੂ ਕਿ ਕਿਉਂ ਫੋਨ ਕਰਕੇ ਤੰਗ ਕਰਦੀ ਹੈ। ਸ਼ਾਇਦ ਇਹ ਵੀ ਆਪਣੇ ਮਨ ਦੇ ਹਨ੍ਹੇਰਿਆਂ ਵਿਚ ਰਹਿਣ ਦੀ ਸਜ਼ਾ ਹੋਵੇ। ਪਰ ਬਜਾਜ ਹੋਰਾਂ ਦਾ ਫੋਨ ਫੇਰ ਵੀ ਆ ਜਾਂਦਾ। ਤੇ ਘੰਟਿਆਂ ਵੱਧੀ ਅਸੀਂ ਗੱਲਾਂ ਕਰਦੇ। ਸਾਰੇ ਦੁੱਖ-ਸੁੱਖ ਫਰੋਲ ਲੈਂਦੇ।

1980 ਵਿਚ ਲੰਡਨ ਵਾਲਿਆਂ ਵਿਸ਼ਵ ਕਾਨਫਰੰਸ ਕਰਵਾਈ। ਮਿੱਡਲੈਂਡ ਦੇ ਲੇਖਕਾਂ ਨੂੰ ਕੋਈ ਸੱਦਾ ਨਹੀਂ ਸੀ ਦਿੱਤਾ ਗਿਆ। ਅਸੀਂ, ਭਾਵ ਮੈਂ ਅਤੇ ਸੰਘੇੜਾ ਜੀ, ਜਗੀਰ ਚੌਹਾਨ, ਮੀਸ਼ਾ ਜੀ, ਗੁਲਜ਼ਾਰ ਸੰਧੂ ਇਕੱਠੇ ਇਕ ਦਿਨ ਲੰਡਨ ਕਾਨਫਰੰਸ 'ਤੇ ਚਲੇ ਗਏ ਸਾਂ। ਬਜਾਜ ਹੋਰੀਂ



ਮੇਰੇ ਨਾਲ਼ ਨਰਾਜ਼ ਸਨ ਕਿ ਮੈਂ ਕਿਉਂ ਗਈ। ਤੇ ਫੇਰ ਉਸੇ ਕਾਨਫਰੰਸ ਦੇ ਕਈ ਹਿੱਸੇ ਹੋਰ ਸ਼ਹਿਰਾਂ ਵਿਚ ਵੀ ਹੋਏ। ਉੱਥੇ ਬਜਾਜ ਜੋੜੀ ਆਪ ਵੀ ਗਏ ਤੇ ਅਸੀਂ ਵੀ ਗਏ। ਬਰਮਿੰਘਮ ਕਾਨਫਰੰਸ ਤਾਂ ਨਹੀਂ ਸੀ। ਪਰ ਰਾਮਗੜ੍ਹੀਆ ਗੁਰਦੁਆਰੇ ਲੇਖਕਾਂ ਨੂੰ ਸਨਮਾਨਿਤ ਜ਼ਰੂਰ ਕੀਤਾ ਜਾਣਾ ਸੀ। ਉੱਥੇ ਮੈਨੂੰ ਔਰਤਾਂ ਵੱਲੋਂ ਲੇਖਕਾਂ ਨੂੰ ਜੀ ਆਇਆਂ ਆਖਣ ਲਈ ਕਿਹਾ ਗਿਆ। ਸਾਡੇ ਲੰਡਨ ਦੇ ਇਕ ਲੇਖਕ ਨੇ ਐਸਾ ਰੌਲ਼ਾ ਪਾਇਆ ਕਿ, "ਬਲਬੀਰ ਸਾਡੇ ਬੱਚਿਆਂ ਦੀ ਮਾਂ-ਮਾਸੀ ਲੱਗਦੀ ਹੀ ਨਹੀਂ। ਇਸਦੇ ਵਾਲ਼ ਕੱਟੇ ਹੋਏ ਨੇ ਤੇ ਇਹ ਕਿਵੇਂ ਗੁਰਦੁਆਰੇ ਦੀ ਸਟੇਜ ਤੋਂ ਬੋਲ ਸਕਦੀ ਐ। ਵੈਸੇ ਵੀ ਇਹ ਆਪ ਤਾਂ ਲਿਖਦੀ ਨਹੀਂ ਹੋਣੀ। ਕਿਸੇ ਹੋਰ ਤੋਂ ਲਿਖਵਾਉਂਦੀ ਹੋਣੀ ਐ।"

ਬਜਾਜ ਹੋਰੀਂ ਘੰਟਾ ਭਰ ਉਸ ਲੇਖਕ ਨਾਲ਼ ਮੇਰੇ ਲਈ ਬਹਿਸਦੇ ਰਹੇ। ਨਤੀਜੇ ਵੱਜੋਂ ਮੈਂ "ਰੇਣੂ" ਕਹਾਣੀ ਲਿਖੀ। ਤੇ ਇਸ ਕਹਾਣੀ ਲਿਖਣ ਬਾਅਦ ਬਜਾਜ ਹੋਰੀਂ ਫੇਰ ਉਸ ਲੇਖਕ ਨੂੰ ਫੋਨ ਕਰਕੇ ਕਹਿਣ ਲੱਗੇ ਕਿ, "ਹੁਣ ਦੱਸ?" ਇਹੋ ਬਜਾਜ ਹੋਰਾਂ ਦੀ ਬਹਿਸ ਕਰਨ ਦੀ ਆਦਤ ਨੇ ਅਤੇ ਆਪਣੇ ਆਪ ਨੂੰ ਸਹੀ ਸਮਝਣ ਦੀ ਆਦਤ ਨੇ ਉਨ੍ਹਾਂ ਨੂੰ ਕਈ ਮੁਸੀਬਤਾਂ ਵਿਚ ਵੀ ਪਾਇਆ। ਤੇ ਬਰਤਾਨਵੀ ਸਾਹਿਤਕ ਮਹੌਲ ਤੋਂ ਵੀ ਅੱਡ ਰੱਖਿਆ।

1982 ਕੁ ਦਾ ਸਮਾਂ ਜਿੱਥੇ ਪੰਜਾਬ ਵਿਚ ਬਦਲਾਅ ਆ ਰਹੇ ਸੰਕੇਤਾਂ ਦਾ ਸਮਾਂ ਸੀ ਉੱਥੇ ਬਾਹਰ ਬੈਠੇ ਪੰਜਾਬੀਆਂ ਦੀ ਮਾਨਸਿਕਤਾ ਵੀ ਪੰਜਾਬ ਬਾਰੇ ਸੋਚਕੇ, ਪਿੱਛੇ ਰਹਿ ਗਏ ਪਰਿਵਾਰਾਂ ਬਾਰੇ ਸੋਚਕੇ, ਖੰਡਰ ਹੋ ਰਹੀ ਸੀ। ਅਖ਼ਬਾਰਾਂ ਦੀਆਂ ਸੁਰਖੀਆਂ ਹੋਰ ਚੁਆਤੀ ਲਾਈ ਰੱਖਦੀਆਂ। ਤੇ ਇਸੇ ਸਮੇਂ ਮੈਨੂੰ ਵੀ ਪੰਜਾਬ ਵਿਚ ਕੋਈ ਛੇ ਮਹੀਨੇ ਰਹਿਣਾ ਪਿਆ। ਪੰਜਾਬ ਮਾਂ ਦੀ ਦੇਖ ਭਾਲ਼ ਕਰਨ ਅਸੀਂ ਦੋਨੋਂ ਭੈਣ-ਭਰਾ ਗਏ ਸਾਂ ਅਤੇ ਉੱਥੇ ਗਿਆਂ ਮੇਰਾ ਵੀਰਾ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਮੇਰੇ ਉਸੇ ਦਰਦ ਵੇਲੇ ਦੀ ਚਿੱਠੀ ਜਿਹੜੀ ਬਜਾਜ ਹੋਰਾਂ ਨੇ ਮੈਨੂੰ ਇੰਡੀਆ ਬੈਠੀ ਨੂੰ ਲਿਖੀ ਸੀ, ਅੱਜ ਉਹੀ ਪੜ੍ਹ ਕੇ ਮੈਂ ਉਸ ਪਿੱਛਲੇ ਦਿਨਾਂ ਵਿਚ ਗੁਆਚ ਗਈ ਸਾਂ।

ਮੈਂ ਪੰਜਾਬ ਤੋਂ ਦਸਬੰਰ 1982 ਨੂੰ ਵਾਪਸ ਇੰਗਲੈਂਡ ਪਰਤੀ ਤੇ ਇਕ ਸਾੜ੍ਹ ਸਤੀ ਮੇਰੇ ਅੱਗੇ ਖੜੀ ਸੀ। ਮੇਰਾ ਧੰਨਬੀਰ ਮੋਟਰ ਸਾਈਕਲ ਨਾਲ਼ ਸਕੱਲ ਫਰੈਕਚਰ ਕਰਾ ਬੈਠਾ ਸੀ। ਉਸ ਨਾਲ਼ ਜੂਝਦਿਆਂ ਹੋਇਆਂ ਅੱਗੇ ਕੰਮ ਦੀ ਚਿੰਤਾ। ਨਾ ਸੰਘੇੜਾ ਕੋਲ ਕੰਮ ਅਤੇ ਨਾ ਮੇਰੇ ਕੋਲ ਕੰਮ। ਉਨ੍ਹਾਂ ਦਿਨਾਂ ਵਿਚ ਬਜਾਜ ਹੋਰਾਂ ਨੂੰ ਨੌਟੀਗਾਮ ਦੇ ਲੈਂਗੁਏਜ਼ ਡੀਪਾਰਮੈਂਟ ਵਿਚ ਬਤੌਰ ਅਧਿਆਪਕ ਦੀ ਨੌਕਰੀ ਮਿਲੀ ਹੋਈ ਸੀ। ਮੇਰੀ ਅਤੇ ਮੇਰੇ ਘਰ-ਬਾਰ ਦੀ ਚਿੰਤਾ ਕਰਦਿਆਂ ਉਨ੍ਹਾਂ ਨੇ ਆਪਣੇ ਸੀਨੀਅਰ ਮਿਸਟਰ ਸ਼ਰਮਾ ਨਾਲ਼ ਗੱਲ ਕੀਤੀ ਅਤੇ ਮੇਰੇ ਵਾਸਤੇ ਐਪਲੀਕੇਸ਼ਨ ਫਾਰਮ ਲੈ ਆਏ। ਐਪਲੀਕੇਸ਼ਨ ਫਾਰਮ ਅਤੇ ਮੇਰੀ ਇੰਟਰਵਿਊ ਸਭ ਖਾਨਾ ਪੂਰਤੀ ਸੀ। ਪਰ ਮੇਰੀ ਜੌਬ ਪੱਕੀ ਸੀ। ਭਾਵੇਂ ਮਿਸਟਰ ਸ਼ਰਮਾ ਨੇ ਮੈਨੂੰ ਪੰਜ ਦਿਨ ਦੀ ਥਾਂ ਤਿੰਨ ਦਿਨ ਵਾਸਤੇ ਹੀ ਰੱਖਿਆ ਸੀ ਕਿਉਂਕਿ ਮੈਨੂੰ ਉਰਦੂ ਨਹੀਂ ਸੀ ਆਉਂਦੀ। ਕਿੰਗਜ਼ਬਰੀ ਤੋਂ ਨੌਟੀਗਾਮ ਜਾਣਾ ਸੌਖਾ ਨਹੀਂ ਸੀ। ਇੰਗਲੈਂਡ ਦੀਆਂ ਕੰਟਰੀ ਸਾਈਡ ਸੜਕਾਂ ਤਾਂ ਅੱਲ੍ਹਾ ਜਾਣੇ। ਮੋਟਰਵੇਅ ਹੈ ਕੋਈ ਨਹੀਂ ਸੀ। ਉਸ ਵੇਲੇ ਸਿਰਫ਼ ਬਣ ਰਹੀ ਸੀ। ਬੱਸ 'ਤੇ ਜਾਵੋ ਤਾਂ ਸਿਰਫ਼ ਆ-ਜਾ ਹੀ ਸਕਦੇ ਹੋ। ਕੰਮ ਲਈ ਵਕਤ ਨਹੀਂ ਬਚੇਗਾ। ਤੇ ਇਹ ਜ਼ਿੰਮੇਵਾਰੀ ਵੀ ਬਜਾਜ ਹੋਰਾਂ ਨੇ ਆਪਣੇ ਸਿਰ ਲੈ ਲਈ। ਉਹ ਹਰ ਸੋਮਵਾਰ ਮੈਨੂੰ ਕਿੰਗਜ਼ਬਰੀ ਤੋਂ ਨਾਲ਼ ਲੈਂਦੇ ਅਤੇ ਅਸੀਂ ਨੌਟੀਗਾਮ ਦੇ ਰਾਹ ਪੈ ਜਾਂਦੇ। ਗਰਮੀਆਂ ਵਿਚ ਆਉਣਾ ਜਾਣਾ ਤਾਂ ਠੀਕ ਸੀ। ਤੇ ਬਿਪਤਾ ਉਦੋਂ ਪਈ ਜਦੋਂ ਮੌਸਮ ਬਦਲਿਆ। ਧੁੰਦ ਪੈਣੀ ਸ਼ੁਰੂ ਹੋਈ। ਉਨ੍ਹਾਂ ਦੀ ਕਮਜ਼ੋਰ ਨਿਗ੍ਹਾ ਹੋਣ ਕਾਰਨ ਅਸੀਂ ਆਪ ਹਰ ਸੋਮਵਾਰ ਸਵੇਰੇ ਉਨ੍ਹਾਂ ਦੇ ਘਰ ਜਾਣ ਲੱਗ ਪਏ। ਧੁੰਦ ਕੋਹਰੇ ਵਿਚ ਮੈਂ ਬਰਮਿੰਘਮ ਸੋਮਵਾਰ ਸਵੇਰੇ ਉਨ੍ਹਾਂ ਦੇ ਦਰ ਉੱਤੇ ਆਣ ਖੜੋਂਦੀ। ਸੰਘੇੜਾ ਜੀ

ਬਰਮਿੰਘਮ ਹੀ ਕੰਮ ਕਰਦੇ ਸਨ। ਤੇ ਸਾਡੇ ਵਾਸਤੇ ਬਰਮਿੰਘਮ ਆਉਣਾ ਬਹੁਤਾ ਮੁਸ਼ਕਿਲ ਵੀ ਨਹੀਂ ਸੀ। ਇਕ ਪੰਥ ਦੋ ਕਾਜ ਹੋ ਜਾਂਦੇ।

ਮੈਂ ਅਤੇ ਬਜਾਜ, ਨਾਲ਼ ਇਕ ਹੋਰ ਔਰਤ ਜੋ ਨੌਟੀਗਾਮ ਹੀ ਕੰਮ ਕਰਦੀ ਸੀ, ਗੱਲਾਂ ਬਾਤਾਂ ਮਾਰਦੇ, ਧੁੰਦ ਵਿਚ ਇੱਕ ਦੂਜੇ ਨੂੰ ਪੁੱਛਦੇ ਕਿ ਅੱਗੇ ਰਸਤਾ ਠੀਕ ਹੈ ਜਾਂ ਨਹੀਂ, ਨੌਟੀਗਾਮ ਪਹੁੰਚ ਜਾਂਦੇ। ਉੱਥੇ ਬਜਾਜ ਹੋਰੀਂ ਕਿਸੇ ਉਸ ਆਦਮੀ ਦੇ ਘਰ ਰਹਿੰਦੇ ਸਨ ਜਿਹੜਾ ਮੋਰਾਂਵਾਲੀ ਤੋਂ ਸੀ। ਪਹਿਲਾਂ ਮੈਂ ਸੰਘੇੜਾ ਹੋਰਾਂ ਦੇ ਚਾਚੇ ਦੇ ਘਰ ਮਹੀਨਾ ਕੁ ਰਹੀ ਪਰ ਉੱਥੇ ਮੈਨੂੰ ਮਹੌਲ ਰਾਸ ਨਾ ਆਇਆ। ਉਸਤੋਂ ਬਾਅਦ ਬਜਾਜ ਹੋਰੀਂ ਕਿਸੇ ਅਧਿਆਪਕ ਔਰਤ ਨੂੰ ਪੁੱਛ ਲਿਆ ਤੇ ਮੈਂ ਛੇ ਕੁ ਹਫ਼ਤੇ ਉਸਦੇ ਘਰ ਰਹੀ। ਮੇਰੀ ਰਿਹਾਇਸ਼ ਵਧੀਆ ਸੀ। ਪਰ ਉਸਦੇ ਘਰ ਦੋ ਖੋਤਿਆਂ ਵਰਗੇ ਕੁੱਤੇ ਅਤੇ ਇਕ ਝੱਕਰੀ ਜਿਹੀ ਬਿੱਲੀ ਮੈਨੂੰ ਰਾਸ ਨਾ ਆਏ। ਬਜਾਜ ਹੋਰੀਂ ਮੋਰਾਂਵਾਲੀ ਵਾਲੇ ਬੰਦੇ ਨੂੰ ਪੁੱਛ ਪੁਛਾਅ ਕੇ ਮੈਨੂੰ ਮਾਹਲ ਗਹਿਲਾਂ ਦੀ ਇਕ ਕੁੜੀ ਦੇ ਘਰ ਸੈੱਟ ਕਰਵਾ ਦਿੱਤਾ। ਪੂਰਾ ਸਾਲ ਸਾਡਾ ਇਸ ਤਰ੍ਹਾਂ ਇਕੱਠੇ ਸਫ਼ਰ ਕਰਦਿਆਂ ਗੁਜ਼ਰਿਆ। ਸਫ਼ਰ ਦੌਰਾਨ ਅਸੀਂ ਬਹੁਤ ਸਾਰੀਆਂ ਸਾਹਿਤਕ ਗੱਲਾਂ ਕਰਦੇ। ਲੰਡਨ ਦੇ ਲੇਖਕਾਂ ਬਾਰੇ ਵਿਚਾਰ ਵਟਾਂਦਰੇ ਕਰਦੇ। ਦੇਸ ਪ੍ਰਦੇਸ ਵਿਚ ਛਪੀਆਂ ਉਨ੍ਹਾਂ ਦੀਆਂ ਕਹਾਣੀਆਂ ਦੀ ਚੀਰ ਫਾੜ ਕਰਦੇ। ਮੈਂ ਤਾਂ ਅਕਸਰ ਕਿਸੇ ਵੀ ਲੇਖਕ ਨੂੰ ਫੋਨ ਕਰਕੇ ਕਹਾਣੀ ਬਾਰੇ ਗੱਲ ਨਾ ਕਰਦੀ ਪਰ ਬਜਾਜ ਹੋਰੀਂ ਕਦੀ ਵੀ ਫੋਨ ਕਰਨ ਬਿਨਾਂ ਰਹਿ ਨਾ ਸਕਦੇ। ਤੇ ਫੇਰ ਉਸੇ ਗੱਲ-ਬਾਤ ਦਾ ਟੌਪਿਕ ਸਾਡੇ ਅਗਲੇ ਹਫ਼ਤੇ ਦੇ ਸਫ਼ਰ ਦੌਰਾਨ ਹੁੰਦਾ।

1984 ਨੂੰ ਬਜਾਜ ਹੋਰੀਂ ਨੌਟੀਗਾਮ ਛੱਡ ਕੇ ਬਰਮਿੰਘਮ ਦੇ ਲੈਂਗੁਏਜ਼ ਸੈਂਟਰ ਆ ਰਹੇ ਸਨ। ਤੇ ਇੱਥੇ ਵੀ ਉਨ੍ਹਾਂ ਨੂੰ ਮੇਰੇ ਟਰੈਵਲ ਕਰਨ ਦੀ ਚਿੰਤਾ ਸੀ ਕਿ ਮੈਂ ਹੁਣ ਇੱਕਲੀ ਕੀ ਕਰਾਂਗੀ? ਉਨ੍ਹਾਂ ਨੇ ਬਰਮਿੰਘਮ ਆਪਣੇ ਬੋਰਡਜ਼ਲੇ ਸੈਂਟਰ ਬਰਮਿੰਘਮ ਦੇ ਸੀਨੀਅਰ ਗੁਰਪਾਲ ਸਿੰਘ ਨੂੰ ਮੇਰੇ ਬਾਰੇ ਸ਼ਾਇਦ ਦੱਸਿਆ ਹੋਵੇਗਾ। ਇਹ ਅੰਦਾਜ਼ਾ ਹੈ ਮੇਰਾ। ਸਕੂਲੀ ਛੁੱਟੀਆਂ ਹੋਣ ਦੇ ਆਖਰੀ ਦਿਨ ਗੁਰਪਾਲ ਜੀ ਨੌਟੀਗਾਮ ਗਏ ਅਤੇ ਮੈਨੂੰ ਉੱਥੋਂ ਆਪਣੇ ਬਰਮਿੰਘਮ ਦੇ ਲੈਂਗੁਏਜ਼ ਸੈਂਟਰ, ਕੰਮ ਕਰਨ ਵਾਸਤੇ ਲੈ ਆਏ। ਉਨ੍ਹਾਂ ਦਾ ਤਰਕ ਵੀ ਸਹੀ ਸੀ ਕਿ ਮੈਂ ਬਰਮਿੰਘਮ ਤੋਂ ਨੌਟੀਘਾਮ ਕੰਮ ਕਰਨ ਜਾ ਰਹੀ ਹਾਂ, ਕਿਉਂ ਨਹੀਂ ਅਸੀਂ ਤੈਨੂੰ ਬਰਮਿੰਘਮ ਹੀ ਰੱਖ ਲਈਏ। ਇੱਥੇ ਦੇ ਲੈਂਗੁਏਜ਼ ਸੈਂਟਰ ਵਿਚ ਹੋਰ ਵੀ ਕਈ ਲੇਖਕ ਸਨ। ਸੰਤੋਖ ਸਿੰਘ, ਸੁਰਜੀਤ ਸਿੰਘ ਕਾਲੜਾ, ਗੁਰਦਿਆਲ ਸਿੰਘ ਰਾਏ ਆਦਿ। ਬਜਾਜ ਹੋਰੀਂ ਵੀ ਆ ਰਲ਼ੇ ਸਨ ਤੇ ਮੈਨੂੰ ਵੀ ਗੁਰਪਾਲ ਜੀ ਲੈ ਆਏ ਸਨ। ਭਾਵੇਂ ਮੈਂ ਐਡਮਨਿਸਟਰੇਸ਼ਨ ਵਿਚ ਸਾਂ, ਫੇਰ ਵੀ ਇੱਥੇ ਅਸੀਂ ਸਾਰੇ ਇਕੱਠੇ ਰਲ਼ ਬੈਠਦੇ। ਸਾਹਿਤਕ ਗੱਪ ਸ਼ੱਪ ਮਾਰਦੇ। ਗੱਲ ਕੀ ਅਸੀਂ ਸਭ ਸੁਣਦੇ। ਗੱਲ ਸਿਰਫ਼ ਬਜਾਜ ਹੋਰੀਂ ਕਰਦੇ। ਹੋਰ ਕਿਸੇ ਨੂੰ ਗੱਲ ਕਰਨ ਦਾ ਮੌਕਾ ਘੱਟ-ਵੱਧ ਹੀ ਮਿਲਦਾ। ਜੇ ਬਜਾਜ ਹੋਰੀਂ ਨਾ ਹੋਣ ਤਾਂ ਕਾਲੜਾ ਜੀ ਦੀ ਚੜ੍ਹਤ ਹੁੰਦੀ। ਰਾਏ ਸਾਹਿਬ ਬਹੁਤ ਘੱਟ ਬੋਲਣ ਵਾਲੇ ਸਨ। ਬਹੁਤ ਸੰਜੀਦਾ ਇਨਸਾਨ। ਧਿਆਨ ਨਾਲ਼ ਸੁਣਦੇ।

ਇਸੇ ਸੈਂਟਰ ਵਾਲਿਆਂ ਮੇਰੀ ਕਹਾਣੀਆਂ ਦੀ ਕਿਤਾਬ, "ਆਪਣੇ ਹੀ ਓਹਲੇ" ਦੀ ਸੌ ਕਾਪੀ ਖਰੀਦ ਲਈ ਜਿਹੜੀ ਏ ਲੈਵਲ ਦੇ ਵਿਦਿਆਰਥੀਆਂ ਨੂੰ ਸਲੇਬਸ ਵਿਚ ਲਾਈ ਗਈ। ਬਜਾਜ ਹੋਰਾਂ ਦੇ ਨਾਵਲ ਹੀ ਛਪੇ ਸਨ ਇਸ ਵਾਸਤੇ ਖਰੀਦੇ ਨਾ ਗਏ। ਵੈਸੇ ਵੀ ਦੋਹਾਂ ਨਾਵਲਾਂ ਵਿਚ ਉਸ ਸਮੇਂ ਅਨੁਸਾਰ ਲੋੜ ਤੋਂ ਵੱਧ ਖੁੱਲ੍ਹ ਸੀ ਜੋ ਅਧਿਆਪਕ ਨੂੰ ਪੜ੍ਹਾਉਣ ਵੇਲੇ ਦਿੱਕਤ ਮਹਿਸੂਸ ਹੋ ਸਕਦੀ ਸੀ। ਦੂਜਾ ਬਜਾਜ ਹੋਰਾਂ ਦੇ ਨਾਵਲ ਦਾ ਨਾਂ, ਸੱਜਣਾਂ ਬਾਝ ਹਨ੍ਹੇਰਾ ਸੀ ਜੋ ਰਿਜੈਕਟ ਹੋ ਗਿਆ ਤੇ ਮੇਰਾ ਨਾਵਲ ਇੱਕ ਖ਼ਤ ਨਾਂ ਸੱਜਣਾਂ ਦੇ ਵੀ ਰਿਜੈਕਟ ਹੋ ਗਿਆ ਸੀ।

ਬਜਾਜ ਹੋਰੀਂ ਇਸ ਬਾਰੇ ਕਾਫ਼ੀ ਰੌਲ਼ਾ-ਰੱਪਾ ਪਾਇਆ ਕਿ ਉਨ੍ਹਾਂ ਦਾ 'ਦੀਪ ਬਿੰਦੂ'



ਕਿਉਂ ਨਹੀਂ ਚੁਣਿਆ ਗਿਆ? ਉਨ੍ਹਾਂ ਦਾ ਤਰਕ ਫੇਰ ਉਹੋ ਸੀ ਕਿ, 'ਮੇਰੇ ਨਾਲ਼ ਵਿਤਕਰਾ ਕੀਤਾ ਗਿਆ ਹੈ। ਚੋਣ ਕਮੇਟੀ ਦੇ ਬੰਦੇ ਮੈਨੂੰ ਪਸੰਦ ਨਹੀਂ ਕਰਦੇ ਕਿਉਂਕਿ ਮੈਂ ਉਨ੍ਹਾਂ ਤੋਂ ਬਿਹਤਰ ਹਾਂ।' ਉਹ ਮੈਨੂੰ ਵੀ ਆਖਣ, "ਬੀਬੀ! ਕੁੜੀਆਂ ਨਾਲ਼ ਬੰਦੇ ਇਸੇ ਤਰ੍ਹਾਂ ਵਰਤਦੇ ਹੁੰਦੇ ਐ। ਕੁੜੀਆਂ ਦੀ ਮਾੜੀ ਲਿਖਤ ਵੀ ਚਮਕਾ ਦਿੱਤੀ ਜਾਂਦੀ ਐ। ਕੁੜੀਆਂ ਨੂੰ ਗਰੇਸ ਮਾਰ ਦੇ ਦਿੱਤੇ ਜਾਂਦੇ ਐ। ਚੋਣ ਕਰਨ ਵਾਲਿਆਂ ਵੀ ਸੋਚਿਆ ਹੋਣੈ ਕਿ ਇਨ੍ਹਾਂ ਦੋਹਾਂ ਨੂੰ ਆਪੋ ਵਿੱਚੀ ਤੋੜੋ। ਇਸਦਾ ਇਹ ਮਤਲਬ ਨਹੀਂ ਕਿ ਤੇਰੀ ਕਹਾਣੀ ਮੇਰੇ ਦੀਪ-ਬਿੰਦੂ ਨਾਲ਼ੋਂ ਬਿਹਤਰ ਹੈ।"

ਮੈਨੂੰ ਗੁੱਸਾ ਆਇਆ। ਪਰ ਮੈਂ ਚੁੱਪ ਰਹੀ। ਬਜਾਜ ਦੀ ਆਦਤ ਦਾ ਭੇਤ ਮੈਂ ਪਾ ਚੁੱਕੀ ਸਾਂ। ਇਹ ਉਸਦਾ ਮੇਰੇ ਨਾਲ਼ ਹੀ ਨਹੀਂ ਹਰ ਉਸ ਲੇਖਕ ਨਾਲ਼ ਲੜਾਈ ਸੀ ਜਿਸ ਬਾਰੇ ਗੱਲ ਹੁੰਦੀ ਹੋਵੇ। ਕਈ ਇੰਗਲੈਂਡ ਦੇ ਲੇਖਕਾਂ ਨਾਲ਼ ਉਨ੍ਹਾਂ ਦਾ ਡੰਡਾ ਖੜਕਦਾ ਰਹਿੰਦਾ। ਅਗਲਾ ਬਜਾਜ ਨੂੰ ਫੋਨ ਕਰੇ ਜਾਂ ਨਾ ਕਰੇ ਪਰ ਬਜਾਜ ਹੋਰੀਂ ਆਪਣੇ ਵਿਚਾਰ ਅਗਲੇ ਦੀ ਕਹਾਣੀ ਉੱਤੇ ਦੇਣੇ ਹੀ ਹੁੰਦੇ ਤੇ ਆਪਣੀ ਕਹਾਣੀ ਨਾਲ਼ ਮਿਲਾ ਕੇ ਗੱਲ ਕਰਨੀ ਹੀ ਹੁੰਦੀ। ਮੈਂ ਕਈ ਵੇਰ ਆਖ ਦਿੰਦੀ, "ਭਲਾ ਕੀ ਲੋੜ ਸੀ ਅਗਲੇ ਨੂੰ ਫੋਨ ਕਰਨ ਦੀ? ਤੁਹਾਨੂੰ ਨਹੀਂ ਚੰਗੀ ਲੱਗੀ ਤਾਂ ਨਾ ਪੜ੍ਹੋ।" ਪਰ ਨਹੀਂ। ਬਜਾਜ ਨੇ ਆਪਣਾ ਮਨ ਹੌਲ਼ਾ ਕਰਨਾ ਹੀ ਹੁੰਦਾ ਸੀ।

ਜਿਵੇਂ ਮੈਂ ਦੱਸਿਆ ਕਿ ਲੰਡਨ ਦੇ ਲੇਖਕ ਬਜਾਜ ਹੋਰਾਂ ਨੂੰ ਪਸੰਦ ਨਹੀਂ ਸਨ ਕਰਦੇ। ਖਾਸ ਤੌਰ 'ਤੇ ਸਵਰਨ ਚੰਦਨ। ਇੱਥੇ ਦੋਹਾਂ ਵਿਚਾਲੇ ਈਗੋ ਦਾ ਮਸਲਾ ਵੀ ਸੀ। ਕੌਣ ਕਿਸਤੋਂ ਬਿਹਤਰ ਲੇਖਕ ਹੈ? ਇਹ ਹਉਮੈਂ ਦੋਹਾਂ ਵਿਚ ਸੀ। ਸਵਰਨ ਚੰਦਨ ਆਪਣੇ ਮੁਕਾਮ 'ਤੇ ਸੀ। ਬਜਾਜ ਹੋਰੀਂ ਵੀ ਹਾਰ ਮੰਨਣ ਵਾਲੇ ਨਹੀਂ ਸਨ। ਬਜਾਜ ਹੋਰਾਂ ਦੀ ਅਤੇ ਚੰਦਨ ਦੀ ਆਪੋ ਵਿੱਚੀਂ ਖਹਿ ਬਾਜੀ ਚਲਦੀ ਰਹਿੰਦੀ। ਕਿਸਦੀ ਕਹਾਣੀ ਦੇਸ ਪ੍ਰਦੇਸ ਨੇ ਮੋਹਰੇ ਛਾਪੀ ਤੇ ਕਿਸਦੀ ਪਿੱਛੇ ਛਾਪੀ ਝਗੜੇ ਦਾ ਕਾਰਨ ਅਕਸਰ ਬਣਦਾ ਹੀ ਰਹਿੰਦਾ।

ਬਜਾਜ ਹੋਰੀਂ ਸਾਹਿਤਕਾਰ ਸਨ। ਮਿੱਠ ਬੋਲੜੇ ਸਨ। ਪਰ ਉਨ੍ਹਾਂ ਤੋਂ ਆਪਣੀ ਆਲੋਚਨਾ ਨਹੀਂ ਸੀ ਸਹਿ ਹੁੰਦੀ। ਤੇ ਨਾ ਹੀ ਜੇ ਕੋਈ ਉਨ੍ਹਾਂ ਬਾਰੇ ਗੱਲ ਨਾ ਕਰੇ, ਉਨ੍ਹਾਂ ਨੂੰ ਇਗਨੋਰ ਕਰੇ ਸਹਿ ਸਕਦੇ ਸਨ। ਉਨ੍ਹਾਂ ਨੇ ਆਪਣੀ ਰਚਨਾ ਨੂੰ ਜਸਟੀਫਾਈ ਕਰਨਾ ਹੀ ਹੁੰਦਾ ਸੀ। ਇਸੇ ਕਾਰਨ ਕਈ ਵੇਰ ਉਹ ਗ਼ਲਤੀਆਂ ਵੀ ਕਰ ਦਿੰਦੇ। ਜਿਸਦਾ ਇਵਜਾਨਾ ਉਨ੍ਹਾਂ ਨੂੰ ਅਕਸਰ ਭੁਗਤਣਾ ਪੈਂਦਾ। ਭਾਵੇਂ ਬਾਅਦ ਵਿਚ ਪਛਤਾਉਂਦੇ ਵੀ।

ਇਕ ਵੇਰ ਹੋਇਆ ਇਸ ਤਰ੍ਹਾਂ, ਗੁਰਸ਼ਰਨ ਸਿੰਘ ਅਜੀਬ ਰਚਨਾ ਨਾਂ ਦਾ ਪਰਚਾ ਕੱਢਦੇ ਸਨ ਜਿਸਦੇ ਕਰਤਾ ਧਰਤਾ ਸਵਰਨ ਚੰਦਨ ਸਨ। ਬਜਾਜ ਹੋਰਾਂ ਦੀ ਕਹਾਣੀ ਰਚਨਾ ਵਿਚ ਛਪੀ। ਜਿਵੇਂ ਹੋਰ ਰਚਨਾਵਾਂ ਦੀ ਚਰਚਾ ਹੁੰਦੀ ਸੀ, ਬਜਾਜ ਹੋਰਾਂ ਦੀ ਕਹਾਣੀ ਬਾਰੇ ਗੱਲ ਨਾ ਹੋਈ। ਇਸਦਾ ਇਹ ਮਤਲਬ ਵੀ ਹੋ ਸਕਦੈ ਕਿ ਜੇ ਕੋਈ ਚਿੱਠੀ ਪੱਤਰੀ ਸਿਫ਼ਤ ਦੀ ਆਈ ਵੀ ਹੋਊ ਤਾਂ ਚੰਦਨ ਹੋਰੀਂ ਨਾ ਛਾਪੀ ਹੋਊ ਜਾਂ ਕੋਈ ਆਈ ਹੀ ਨਾ ਹੋਊ। ਅਗਲੇ ਅੰਕ ਵਿਚ ਬਜਾਜ ਹੋਰੀਂ ਆਪਣੀ ਕਹਾਣੀ ਬਾਰੇ, ਆਪ ਹੀ ਲੰਬੀ ਚੌੜੀ ਚਿੱਠੀ ਲਿਖ ਕੇ, ਫਰਜ਼ੀ ਨਾਂ ਹੇਠ ਰਚਨਾ ਨੂੰ ਭੇਜ ਦਿੱਤੀ। (ਉਹ ਰਚਨਾ ਦੀ ਕਾਪੀ ਮੇਰੇ ਕੋਲ ਸਾਂਭੀ ਪਈ ਹੈ।) ਸ਼ਬਦਾਵਲੀ ਤੋਂ ਅਸੀਂ ਸਾਰੇ ਸਮਝਦੇ ਸਾਂ ਕਿ ਇਹ ਲਿਖਤ ਬਜਾਜ ਹੋਰਾਂ ਦੀ ਆਪਣੀ ਹੈ। ਬਜਾਜ ਹੋਰਾਂ ਦੀ ਭਾਸ਼ਾ ਵੱਖਰੀ ਸੀ ਜੋ ਪਛਾਤੀ ਜਾਂਦੀ ਸੀ। ਚਿੱਠੀ ਤਾਂ ਗੁਰਸ਼ਰਨ ਸਿੰਘ ਅਜ਼ੀਬ ਹੋਰੀਂ ਛਾਪ ਦਿੱਤੀ ਪਰ ਨਾਲ਼ ਇਕ ਸੰਪਾਦਕੀ ਨੋਟ ਵੀ ਛਾਪ ਦਿੱਤਾ ਕਿ ਜਿਸਦੀ ਇਹ ਚਿੱਠੀ ਹੈ ਉਹ ਸਾਮ੍ਹਣੇ ਆਵੇ ਵਰਨਾ ਅਸੀਂ ਉਸ ਲੇਖਕ ਦੀ ਹੱਥ ਲਿਖਤ, ਨਾਂ ਸਮੇਤ ਅਗਲੇ ਅੰਕ ਵਿਚ ਛਾਪ ਦਿਆਂਗੇ। ਹੁਣ ਬਜਾਜ ਹੋਰਾਂ ਨੂੰ ਫ਼ਿਕਰ ਪੈ

ਗਿਆ ਕਿ, ਕੀ ਹੋਵੇ ? ਉਨ੍ਹਾਂ ਨੇ ਮੈਨੂੰ ਫੋਨ ਕੀਤਾ। ਕਹਿਣ ਲੱਗੇ, "ਬੀਬੀ ਜੀ ਤੁਸੀਂ ਆਖ ਦਿਓ ਕਿ ਇਹ ਚਿੱਠੀ ਮੈਂ ਲਿਖੀ ਹੈ।" ਭਲਾ ਮੇਰੇ ਵਿਚ ਐਨਾ ਜਿਗਰਾ ਕਿੱਥੋਂ ਪਵੇ ? ਮੈਂ ਉਨ੍ਹਾਂ ਦਾ ਕਹਿਣਾ ਨਾ ਮੰਨਿਆ। ਰਚਨਾ ਨੇ ਅਗਲੇ ਅੰਕ ਵਿਚ ਬਜਾਜ ਹੋਰਾਂ ਦੀ ਚਿੱਠੀ ਜੋ ਫਰਜ਼ੀ ਨਾਂ ਹੇਠ ਲਿਖੀ ਹੋਈ ਸੀ, ਉਹ ਅਤੇ ਉਨ੍ਹਾਂ ਦੀ ਹੱਥ ਲਿਖਤ ਜੋ ਕਹਾਣੀ ਵਿਚ ਉਨ੍ਹਾਂ ਦੇ ਆਪਣੇ ਨਾਂ ਹੇਠ ਸੀ ਉਹ, ਦੋਨੋਂ ਇਕੱਠੀਆਂ ਛਾਪ ਦਿੱਤੀਆਂ। ਇਸ ਬਾਰੇ ਰਚਨਾ ਵਿਚ ਅਤੇ ਹੋਰ ਅਖ਼ਬਾਰਾਂ ਵਿਚ ਬਹੁਤ ਕੁਝ ਲਿਖਿਆ ਪੜ੍ਹਿਆ ਗਿਆ ਜਿਸਤੋਂ ਬਜਾਜ ਹੋਰੀਂ ਆਪਣਾ ਗੁੱਸਾ ਤਾਂ ਮੇਰੇ ਨਾਲ਼ ਕੱਢਣਾ ਹੀ ਸੀ।

ਤੇ ਫੇਰ ਇਕ ਦਿਨ ਬਜਾਜ ਹੋਰੀਂ ਮੇਰੇ ਤੇ ਹੀ ਕਹਾਣੀ ਲਿਖ ਮਾਰੀ। ਉਸਨੂੰ ਕੋਈ ਹੋਰ ਹੀ ਰੰਗ ਦੇ ਦਿੱਤਾ ਅਤੇ ਮੈਨੂੰ ਪੜ੍ਹਣ ਨੂੰ ਵੀ ਦੇ ਦਿੱਤੀ ਕਿ ਪਹਿਲਾਂ ਪੜ੍ਹ ਲਵਾਂ ਤਾਂਕਿ ਮੈਂ ਛਪਣ ਲਈ ਭੇਜ ਦਿਆਂ। ਮੈਂ ਕਹਾਣੀ ਛਪਣ ਦੀ ਪਰਵਾਨਗੀ ਨਾ ਦਿੱਤੀ। ਮੇਰੇ ਦੁੱਖ-ਸੁੱਖ ਆਪਣੇ ਹਨ। ਕੋਈ ਕਿਉਂ ਇਨ੍ਹਾਂ ਨੂੰ ਫਰੋਲੇ ? ਬਜਾਜ ਹੋਰਾਂ ਦੀ ਜ਼ਿੱਦ ਕਾਰਨ ਮੈਂ ਜਿਵੇਂ ਬਜਾਜ ਨਾਲ਼ ਗੁੱਸੇ ਹੋ ਗਈ। ਗੱਲ ਤਾਂ ਕੁਝ ਵੀ ਨਹੀਂ ਸੀ ਪਰ ਕਈ ਵੇਰ ਉਪਭਾਵਕਤਾ ਤੁਹਾਨੂੰ ਆਪਣੇ ਵਲੇਵੇਂ ਵਿਚ ਲੈ ਲੈਂਦੀ ਹੈ। ਮੈਂ ਵੀ ਉਸੇ ਵਿਚ ਵਲ਼ੀ ਗਈ ਸਾਂ।

ਉਸ ਤੋਂ ਬਾਅਦ ਮੈਂ ਕੈਨੇਡਾ ਆ ਗਈ। ਤੁਰਨ ਲੱਗਿਆਂ ਵੀ ਮਿਲ ਕੇ ਨਾ ਆਈ। ਵਰ੍ਹੇ ਬੀਤ ਗਏ। ਆਰ-ਪਾਰ ਦੇ ਦਿਨਾਂ ਵਿਚ ਰਾਬਤਾ ਫੇਰ ਬਣਿਆ। ਬਜਾਜ ਦੀਆਂ ਕਹਾਣੀਆਂ ਮੈਂ ਛਾਪੀਆਂ ਵੀ। ਸ੍ਰ: ਕ੍ਰਿਪਾਲ ਸਿੰਘ ਪੰਨੂੰ ਹੋਰਾਂ ਵੱਲੋਂ ਆਰ-ਪਾਰ ਲਈ ਲਿਖਿਆ ਜਾਂਦਾ ਕਾਲਮ ਪੜ੍ਹਿਆ-ਸੁਣਿਆ ਵਿਚ ਬਜਾਜ ਹੋਰੀਂ ਆਪਣੀ ਆਲੋਚਨਾ ਸਹਿ ਨਾ ਸਕੇ। ਤੇ ਸਾਡੇ ਵਿਚਾਰਾਂ ਵਿਚ ਵੀ ਅੰਤਰ ਆ ਚੁੱਕਾ ਲੱਗਦਾ ਸੀ। ਤੇ ਸਾਡੀ ਸਾਂਝ ਵਿਚ ਵੀ ਉਹ ਗੱਲ ਨਾ ਬਣ ਸਕੀ। ਵਿਚਾਲੇ ਵਿੱਥ ਖੜੀ ਰਹਿੰਦੀ। ਮੈਂ ਇੰਗਲੈਂਡ ਗਈ, ਫੋਨ ਉੱਤੇ ਗੱਲ ਵੀ ਹੋਈ। ਤੇ ਫੇਰ ਕਈ ਵੇਰ ਫੋਨ ਰਾਹੀਂ ਵਿਚਾਰ ਵਟਾਂਦਰਾ ਵੀ ਹੁੰਦਾ ਰਿਹਾ। ਪਰ ਮੇਰੇ ਮਨ ਵਿਚ ਕਿੱਧਰੇ ਇਹ ਤ੍ਰੇੜ ਰਹਿ ਜਾਂਦੀ ਰਹੀ। ਤੇ ਗੱਲ ਫੇਰ ਖ਼ਤਮ ਹੋ ਗਈ।

ਅੱਗੋਂ ਜ਼ਿੰਦਗੀ ਦੀ ਦੌੜ ਵਿਚ ਮੈਂ ਵੀ ਗੁਆਚ ਗਈ। ਬਜਾਜ ਦੀਆਂ ਦੋ ਕੁ ਚਿੱਠੀਆਂ ਆਈਆਂ, ਮੈਥੋਂ ਜਵਾਬ ਨਾ ਦੇ ਹੋਇਆ। ਮੈਂ ਇੰਗਲੈਂਡ ਜਾਂਦੀ ਤਾਂ ਫੋਨ ਰਾਹੀਂ ਵੀ ਰਾਬਤਾ ਨਾ ਹੋ ਪਾਉਂਦਾ। ਬਜਾਜ ਹੋਰਾਂ ਨੂੰ ਪਤਾ ਲਗਦਾ ਕਿ ਮੈਂ ਆਈ ਹੋਈ ਹਾਂ ਤਾਂ ਉਹ ਮਿਲਣ ਦਾ ਹੀਲਾ ਵਸੀਲਾ ਕਰ ਲੈਂਦੇ। ਬਸ ਉਸ ਤੋਂ ਬਾਅਦ ਫੇਰ ਚੁੱਪ।

ਵੈਸੇ ਮੇਰੇ ਮਨ ਦੇ ਕੋਨੇ ਵਿਚ ਇਹ ਖਿਆਲ ਜ਼ਰੂਰ ਰਹਿੰਦਾ ਕਿ ਉਹ ਦੋਨੋਂ ਭਾਵ ਦਵਿੰਦਰ ਅਤੇ ਬਜਾਜ ਹੋਰੀਂ ਠੀਕ ਹੋਣ। ਉਨ੍ਹਾਂ ਦੇ ਤਿੰਨੇ ਪੁੱਤਰ ਪੜ੍ਹ ਕੇ, ਡਾਕਟਰ ਬਣ ਗਏ। ਡਾਕਟਰ ਤੋਂ ਸਰਜਨ ਬਣ ਗਏ। ਉਨ੍ਹਾਂ ਦੇ ਵਿਆਹ ਅੱਧ-ਪੱਚਧੇ ਨਿਭੇ। ਕੀ ਕੀਤਾ ਜਾਵੇ ਅੱਜ ਦਾ ਸਮਾਂ ਹੀ ਬੇਈਮਾਨ ਹੈ। ਤੇ ਉਨ੍ਹਾਂ ਫੇਰ ਨਾਲ਼ ਕੰਮ ਕਰਦੀਆਂ ਇੰਗਲਿਸ਼ ਕੁੜੀਆਂ ਜੋ ਡਾਕਟਰ ਹੀ ਨੇ, ਨਾਲ਼ ਵਿਆਹ ਕਰਵਾ ਲਏ ਅਤੇ ਖੁਸ਼ ਹਨ। ਪਰ ਬਜਾਜ ਹੋਰੀਂ ਇਸ ਗੱਲ ਨੂੰ ਦਿਲ ਨਾਲ਼ ਲਾ ਕੇ ਬੈਠ ਗਏ। ਦਵਿੰਦਰ ਬਥੇਰਾ ਸਮਝਾਉਂਦੀ। ਪਰ ਬਜਾਜ ਦੇ ਮਨ ਵਿਚ ਉਲੀਕੇ ਆਈਡੀਅਲ ਰਿਸ਼ਤੇ ਬਦਲ ਗਏ ਸਨ। ਇਕ ਵੇਰ ਫੋਨ ਉੱਤੇ ਮੈਂ ਵੀ ਬਥੇਰਾ ਕੁਝ ਆਖਿਆ ਸੀ ਕਿ ਭਾਈ ਸਮੇਂ ਦੇ ਨਾਲ਼ ਚੱਲੋ। ਪਰ ਨਹੀਂ।

ਤਿੰਨੋਂ ਬੱਚਿਆਂ ਦੀਆਂ ਸਫ਼ਲਤਾਵਾਂ ਬਜਾਜ ਨੂੰ ਖੁਸ਼ੀ ਤਾਂ ਦਿੰਦੀਆਂ ਪਰ ਮਨ ਵਿਚ ਘੜਿਆ ਤਸੱਵਰ ਕਿੱਧਰੇ ਢਹਿ ਢੇਰੀ ਕਰ ਦਿੰਦਾ। ਬੱਚੇ ਸਫ਼ਲਤਾਵਾਂ ਦੀਆਂ ਹੱਦਾਂ ਛੂਹ ਗਏ।



ਬਾਪ ਨੂੰ ਬਥੇਰੀ ਤਸੱਲੀ ਦਿੰਦੇ। ਪਰ ਕੁਝ ਤਾਂ ਸੀ ਜੋ ਬਜਾਜ ਦੇ ਅੰਦਰ ਭੁਰ ਗਿਆ ਸੀ।

ਬਜਾਜ ਹੋਰੀਂ ਆਪਣੇ ਆਪ ਨੂੰ ਲਿਖਣ ਪੜ੍ਹਣ ਵਿਚ ਮਸਰੂਫ਼ ਕਰ ਲਿਆ। ਅੱਖਾਂ ਦੀ ਨਿਗ੍ਹਾ ਹੋਰ ਵੀ ਘਟ ਗਈ। ਮੈਂ ਕਿਸੇ ਨਿਊਜ਼ ਪੇਪਰ ਵਿਚ ਕੋਈ ਖ਼ਬਰ ਨਾ ਪੜ੍ਹੀ ਕਿ ਉਨ੍ਹਾਂ ਨਾਲ ਕੀ ਹੋ-ਬੀਤ ਰਿਹਾ ਹੈ। ਸੋਚਿਆ ਸਭ ਕੁਝ ਠੀਕ ਹੀ ਹੋਵੇਗਾ। ਅੱਜ ਦੇ ਸਮੇਂ ਬੰਦਾ ਸੌ ਸਾਲ ਤਕ ਅਕਸਰ ਜੀਅ ਲੈਂਦਾ ਹੈ। ਤੇ ਉਹ ਵੈਸੇ ਵੀ ਸਿਹਤ ਦਾ ਬਹੁਤ ਧਿਆਨ ਰੱਖਦੇ ਸਨ। ਸਾਨੂੰ ਜਦੋਂ ਖਾਣੇ 'ਤੇ ਸੱਦਦੇ ਤਾਂ ਆਖਦੇ ਅਸੀਂ ਲੋਕ ਤੇਲ-ਤੜਕੇ ਵਿੱਚ ਸਬਜ਼ੀਆਂ ਦਾ ਭੜਥਾ ਕਰ ਦੇਈਦਾ ਹੈ। ਸਬਜੀ ਕੱਚੀ ਜਿਹੀ ਖਾਣੀ ਚਾਹੀਦੀ ਹੈ। ਅਕਸਰ ਉਨ੍ਹਾਂ ਦੀ ਦਾਲ਼ ਸਬਜੀ ਵਿਚ ਨਾ ਲੂਣ ਹੁੰਦਾ ਤੇ ਨਾ ਮਿਰਚ ਮਸਾਲਾ। ਅਸੀਂ ਦੋਨੋਂ ਡੰਗ ਟਪਾ ਲੈਂਦੇ। ਬਜਾਜ ਹੋਰੀਂ ਦਾਲ਼ ਸਬਜੀ ਦੀ ਸਿਫ਼ਤ ਕਰਨੋਂ ਨਾ ਚੁੱਕਦੇ। ਉਨ੍ਹਾਂ ਦੀ ਉਮਰ ਸਾਥੋਂ ਦਸ ਕੁ ਸਾਲ ਵੱਧ ਸੀ। ਐਨੀ ਕੁ ਉਮਰ ਵਿਚ ਕੁੱਛ ਨ੍ਹੀ ਹੋਣ ਲੱਗਾ। ਅਸੀਂ ਦੋਨੋਂ ਇਹੋ ਸੋਚਦੇ ਰਹਿੰਦੇ।

ਜਦੋਂ ਮੈਂ ਚਿੱਠੀਆਂ ਪੜ੍ਹ ਰਹੀ ਸਾਂ ਤਾਂ ਮਨ ਦੇ ਕੋਨੇ ਵਿਚ ਖਿਆਲ ਆ ਰਿਹਾ ਸੀ ਕਿ ਟੈਲੀਫੋਨ ਕਰਕੇ ਰਾਜੀ ਖੁਸ਼ੀ ਦਾ ਪਤਾ ਕਰ ਲੈਣਾ ਚਾਹੀਦਾ ਹੈ। ਅੱਜ ਦੇ ਵੇਲੇ ਦੁਨੀਆਂ ਨੇ ਕਿਵੇਂ ਆਪਣੇ ਦੁਆਲ਼ੇ ਘੇਰੇ ਬਣਾ ਰੱਖੇ ਹਨ। ਪੁਰਾਣੇ ਦਿਨ ਕਿੰਨੇ ਚੰਗੇ ਸਨ। ਅੱਜ ਕੱਲ੍ਹ ਉਸ ਤਰ੍ਹਾਂ ਦੇ ਮੋਹ-ਪਿਆਰ-ਮਾਣ ਵਾਲੇ ਰਿਸ਼ਤੇ ਜਿਵੇਂ ਲੱਭਦੇ ਹੀ ਨਹੀਂ। ਬੰਦਾ ਦੁਨੀਆਂ ਦੀ ਦੌੜ ਵਿਚ ਲੱਗਾ ਹੋਇਆ ਹੈ। ਇਹੋ ਸਭ ਸੋਚ ਕੇ ਮੈਂ ਬਜਾਜ ਹੋਰਾਂ ਨੂੰ ਟੈਲੀਫੋਨ ਕਰਨ ਬਾਰੇ ਸੋਚਿਆ। ਦੋ ਚਾਰ ਵੇਰ ਫੋਨ ਮਿਲਾਇਆ ਵੀ। ਪਰ ਗੱਲ ਨਾ ਬਣੀ। ਫੇਰ ਮਿਲਾਇਆ, ਸੰਨੀ ਨੇ ਫੋਨ ਚੁੱਕਿਆ। ਜੋ ਮੈਨੂੰ ਅੱਗੋਂ ਦਵਿੰਦਰ ਤੋਂ ਪਤਾ ਲੱਗਾ ਉਸਨੇ ਮੈਨੂੰ ਸੁੰਨ ਕਰ ਦਿੱਤਾ ਸੀ।

ਮਨ ਵਿਚ ਪੁਰਾਣੇ ਦਿਨ ਘੋਲ਼ ਕਰ ਰਹੇ ਸਨ। ਕਿੰਨੇ ਚੰਗੇ ਦਿਨ ਸਨ ਉਹ ? ਤੇ ਅੱਜ ਉਹ ਦੋਸਤੀਆਂ ਵੀ ਨਹੀਂ ਰਹੀਆਂ। ਕਾਗਜ਼ੀ ਫੁੱਲਾਂ ਦੀਆਂ ਦੋਸਤੀਆਂ ਵਿੱਚੋਂ ਮਹਿਕ ਨਹੀਂ ਆਉਂਦੀ ਹੁੰਦੀ। ਜੇ ਮਹਿਕ ਹੀ ਨਹੀਂ ਤਾਂ ਚੇਤੇ ਵੀ ਕਿਵੇਂ ਰਹਿਣਗੀਆਂ। ਮੇਰੇ ਮਨ 'ਤੇ ਬਜਾਜ ਬਾਰੇ ਸੁਣ ਕੇ ਕੀ ਗੁਜ਼ਰੀ ਬਿਆਨ ਨਹੀਂ ਕਰ ਸਕਦੀ। ਆਪਣੇ ਆਪ ਨੂੰ ਮਨ ਵਿਚ ਕੋਸਿਆ ਵੀ। ਕਿਉਂ ਬੰਦਾ ਆਪਣੀ ਈਗੋ ਨੂੰ ਪੱਠੇ ਪਾਉਣੋਂ ਨਹੀਂ ਹਟਦਾ ?

ਦਵਿੰਦਰ ਤੇ ਮੈਂ ਪੂਰਾ ਘੰਟਾ ਗੱਲਾਂ ਕਰਦੀਆਂ ਰਹੀਆਂ। ਦੁੱਖ ਦੀਆਂ, ਸੁੱਖ ਦੀਆਂ। ਬਜਾਜ ਦੇ ਅਖੀਰਲੇ ਪਲਾਂ ਦੀਆਂ। ਉਸਨੂੰ ਹੋਏ ਹਾਰਟ ਅਟੈਕ ਦੀਆਂ। ਫੋਨ ਰੱਖਣ ਤੋਂ ਬਾਅਦ ਮੈਂ ਸੋਚੀਂ ਪੈ ਗਈ, ਕੀ ਸਾਡੇ ਸਾਹਿਤਕਾਰਾਂ ਦਾ ਇੰਨਾ ਕੁ ਹੀ ਜੀਵਨ ਹੈ ? ਮੈਨੂੰ ਤਿੰਨ-ਚਾਰ ਸਾਲ ਇਹ ਖ਼ਬਰ ਕਿਉਂ ਨਹੀਂ ਮਿਲੀ ? ਕੋਈ ਕੀ ਲਿਖਦਾ ਹੈ, ਉਸਦੀ ਐਨੀ ਕੁ ਹੀ ਪੁੱਛ-ਪਛਾਣ ਹੈ। ਬਜਾਜ ਨੇ ਦਸ ਬਾਰਾਂ ਕਿਤਾਬਾਂ ਲਿਖੀਆਂ ਹੋਣਗੀਆਂ। ਆਪਣੇ ਸਮੇਂ ਵਿਚ ਵਧੀਆ ਨਾਵਲ ਦਿੱਤੇ। ਉਸਦੇ ਮਸ਼ਹੂਰ ਨਾਵਲ ਜਿਨ੍ਹਾਂ ਤੇ ਗੱਲ ਹੁੰਦੀ ਰਹੀ, ਉਹ ਸਨ ਦੀਪ ਬਿੰਦੂ, ਸੱਜਣਾ ਬਾਝ ਹਨੇਰਾ, ਬਾਬਾ ਬੋਲਤੇ ਤੇ, ਕਾਲੀ ਗੋਰੀ ਮੇਮ ਕਹਾਣੀਆਂ ਦੀ ਕਿਤਾਬ ਤੇ ਹੋਰ ਕਈ। ਤੇ ਹਰਿੰਦਰ ਬਜਾਜ ਨੂੰ ਚੇਤੇ ਕਰਦਿਆਂ ਮਨ ਭਾਰਾ ਹੋ ਉੱਠਿਆ ਹੈ। ਇੰਗਲੈਂਡ ਦੇ ਸਾਹਿਤਕ ਮਹੌਲ ਨੇ ਉਸਨੂੰ ਵੀ ਲਾਂਭੇ ਕੀਤਾ ਹੋਇਆ ਸੀ ਤੇ ਉਹ ਆਪ ਵੀ ਘਰ ਬੈਠ ਕੇ ਆਪਣਾ ਕੰਮ ਕਰਦੇ ਸਨ। ਦੋਸਤੋ ਇੰਨੀ ਕੁ ਹੀ ਹੈ ਲੇਖਕ ਦੀ ਜ਼ਿੰਦਗੀ। ਮੇਰੀ-ਮੇਰੀ ਵਿਚ ਕੁਝ ਨਹੀਂ ਬਣਦਾ ਸੌਰਦਾ। ਮੇਰੇ ਕੋਲ ਬਹੁਤ ਕੁਝ ਹੈ ਲਿਖਣ ਵਾਸਤੇ, ਬਹੁਤ ਸਾਰਾ ਯਾਦਾਂ ਦਾ ਭੰਡਾਰ ਹੈ, ਪਰ ਇਸ ਵੇਲੇ ਐਨਾ ਹੀ ਹਰਿੰਦਰ ਸਿੰਘ ਬਜਾਜ ਨੂੰ ਚੇਤੇ ਕਰਦਿਆਂ।

ਆਮੀਨ।

# ਜ਼ੀਰੇ ਦਾ ਫ਼ਲੇਵਰ-ਸੁਰਿੰਦਰ ਸੋਹਲ

ਹਰਮਹਿੰਦਰ ਚਹਿਲ ਨੇ ਭੁੱਜਦਾ-ਭੁੱਜਦਾ ਜ਼ੀਰਾ ਤਲ਼ੀ 'ਤੇ ਪਾਇਆ। ਦੂਸਰੀ ਹਥੇਲੀ ਨਾਲ ਏਦਾਂ ਮਲ਼ਿਆ ਜਿਵੇਂ ਜ਼ਰਦਾ ਖਾਣ ਵਾਲ਼ੇ ਜ਼ਰਦਾ ਮਲ਼ਦੇ ਨੇ। ਚੀਨੀ ਦੀ ਪਲੇਟ ਵਿਚ ਭੁੱਜੀਆਂ ਚਿਕਨ ਦੀਆਂ ਲੱਤਾਂ 'ਤੇ ਜ਼ੀਰਾ ਧੂੜਦਾ ਬੋਲਿਆ, "ਲਓ! ਹੁਣ ਦੇਖਣਾ ਚਿਕਨ ਦਾ ਫ਼ਲੇਵਰ।"

ਜਿੰਨੀ ਰਫ਼ਤਾਰ ਨਾਲ਼ ਉਸਨੇ ਭੁੱਜਦਾ-ਭੁੱਜਦਾ, ਗਰਮ-ਗਰਮ ਜ਼ੀਰਾ ਮਲ਼ਿਆ ਸੀ ਇਹੀ ਰਫ਼ਤਾਰ ਉਸਦੇ ਪੜ੍ਹਨ-ਲਿਖਣ ਦੀ ਹੈ।

"ਅੱਜ-ਕੱਲ੍ਹ ਕੀ ਚੱਲ ਰਿਹੈ ?" ਫ਼ੋਨ ਕਰਾਂ ਤਾਂ ਹਰ ਵਾਰ ਮੇਰਾ ਪਹਿਲਾ ਸਵਾਲ ਇਹੀ ਹੁੰਦੈ।

"ਕੁਛ ਨ੍ਹੀਂ। 'ਲਸਟ ਫ਼ਾਰ ਲਾਈਫ਼' ਪੜ੍ਹ ਰਿਹਾਂ ਇਰਵਿੰਗ ਸਟੋਨ ਦਾ," ਉਹ ਆਖੇਗਾ। ਕੁਝ ਦਿਨਾਂ ਬਾਅਦ ਫੋਨ ਆਏਗਾ, "ਮੈਂ ਅੱਜ ਕੱਲ੍ਹ ਅਫ਼ਗਾਨਿਸਤਾਨ ਬਾਰੇ ਲਿਖਿਆ ਨਾਵਲ ਪੜ੍ਹ ਰਿਹਾਂ। ਏਨੀ ਬਾਰੀਕੀ ਨਾਲ਼ ਅਫ਼ਗਾਨਿਸਤਾਨ ਬਾਰੇ ਲਿਖਿਆ ਮੈਂ ਪਹਿਲਾਂ ਕਦੇ ਨਹੀਂ ਪੜ੍ਹਿਆ। ਮਨਮੋਹਨ ਬਾਵਾ ਦਾ 'ਕਾਲ ਕਥਾ' ਪੜ੍ਹ ਕੇ ਤੁਹਾਨੂੰ ਮੇਲ ਕਰ ਦਿੱਤੈ।"

ਕੁਝ ਮਹੀਨਿਆਂ ਬਾਅਦ ਗੱਲ ਹੋਵੇਗੀ। ਆਖੇਗਾ, "ਸੋਹਲ ਸਾਹਿਬ ਨਾਵਲ ਲਿਖਣ ਦਾ ਵਿਚਾਰ ਬਣ ਰਿਹੈ। ਸਮਝ ਲਓ ਪਾਤਰਾਂ ਵਿਚ ਰੁਝਿਆਂ ਹੋਇਆਂ।"

ਫਿਰ ਉਸਦੀ ਕਾਲ ਆਏਗੀ, "ਉਹ ਬਈ ਨਾਵਲ ਮੈਂ ਲਿਖ ਲਿਐ। ਤੁਹਾਨੂੰ ਭੇਜ ਰਿਹਾਂ।"

ਤੇ ਕੁਝ ਦਿਨਾਂ ਬਾਅਦ 'ਸਟੈਪਲ' ਸਟੋਰ ਤੋਂ ਤਿਆਰ ਕਰਵਾਈ ਹੋਈ ਕਿਤਾਬ ਮੇਲ-ਬਾਕਿਸ ਵਿਚ ਮੇਰਾ ਇੰਤਜ਼ਾਰ ਕਰ ਰਹੀ ਹੁੰਦੀ ਏ। ਜ਼ੀਰਾ ਮਲ਼ਣਾ ਤੇ ਸਾਹਿਤ ਲਿਖਣਾ ਉਸ ਲਈ ਕਿੰਨਾ ਸਹਿਜ ਹੈ!

ਪਹਿਲੀ ਵਾਰ 2007 ਵਿਚ ਮੈਂ ਹਰਮਹਿੰਦਰ ਚਹਿਲ ਦਾ ਨਾਮ ਡਾ. ਬਲਦੇਵ ਸਿੰਘ ਧਾਲੀਵਾਲ ਤੋਂ ਸੁਣਿਆ। ਧਾਲੀਵਾਲ ਹੋਰਾਂ ਉਸਦੇ ਕਹਾਣੀ-ਸੰਗ੍ਰਹਿ 'ਅੰਨੀ ਗਲੀ ਦੇ ਬਾਸ਼ਿੰਦੇ' 'ਤੇ ਆਲੋਚਨਾਤਮਕ ਲੇਖ ਲਿਖਿਆ ਸੀ ਪਰ ਚਹਿਲ ਹੋਰਾਂ ਨਾਲ਼ ਮੁਲਾਕਾਤ ਨਹੀਂ ਸੀ ਹੋ ਸਕੀ। ਧਾਲੀਵਾਲ ਹੋਰੀਂ ਉਸ ਲੇਖ ਦੀ ਇਕ ਕਾਪੀ ਮੈਨੂੰ ਦੇ ਗਏ ਸਨ।

ਕੁਝ ਮਹੀਨਿਆਂ ਬਾਅਦ ਬਲਦੇਵ ਸਿੰਘ ਗਰੇਵਾਲ ਦਾ ਫੋਨ ਆਇਆ, "ਤੂੰ ਹਰਮਹਿੰਦਰ ਚਹਿਲ ਨੂੰ ਜਾਣਦੈਂ ?"

" ਨਾਂ ਸੁਣਿਆਂ-ਸੁਣਿਆਂ ਲੱਗਦੈ।"

"ਓਨੇ ਨਾਵਲ ਲਿਖਿਐ 'ਬਲੀ'। ਬੜੀ ਤੜਥੰਜ ਉਡਾਈ ਐ," ਗਰੇਵਾਲ ਆਪਣੇ ਮਖ਼ਸੂਸ ਅੰਦਾਜ਼ ਵਿਚ ਦੱਸ ਰਿਹਾ ਸੀ, "ਉਹ ਤਾਂ ਬਾਹਰਲੇ ਸਾਰੇ ਲੇਖਕਾਂ ਨੂੰ ਪਿੱਛੇ ਛੱਡ ਗਿਆ।"

ਸਿਆਲਾਂ ਦੇ ਦਿਨ ਸਨ। ਮੈਂ ਗਰੇਵਾਲ ਤੋਂ ਨਾਵਲ ਲੈ ਆਇਆ। ਸ਼ਨੀਵਾਰ ਦੀ ਛੁੱਟੀ ਸੀ। ਸਿਰਹਾਣਾ ਰੱਖ ਕੇ ਫ਼ਰਸ਼ 'ਤੇ ਲੰਮਾ ਪੈ ਗਿਆ। ਨਾਵਲ ਪੜ੍ਹਨਾ ਸ਼ੁਰੂ ਕਰ ਦਿੱਤਾ।

'ਗੁਰਲਾਭ ਹੁਣ ਅੜਿੱਕੇ ਆਇਆ... ਗੁਰਲਾਭ ਹੁਣ ਅੜਿੱਕੇ ਆਇਆ' ਕਰਦੇ-ਕਰਦੇ ਤੜਕਾ ਹੋ ਗਿਆ। ਠੰਢ ਦਾ ਮੈਨੂੰ ਅਹਿਸਾਸ ਹੀ ਨਾ ਹੋਇਆ। ਸਵੇਰ-ਸਾਰ ਨਾਵਲ ਮੁੱਕਿਆ। ਜਦੋਂ ਮੈਂ ਉੱਠ ਕੇ ਮੰਜੇ 'ਤੇ ਲੰਮਾ ਪੈਣ ਤੁਰਿਆ ਧੌਣ ਨੂੰ ਮਾੜਾ-ਮਾੜਾ ਅਕੜੇਵਾਂ ਮਹਿਸੂਸ



ਹੋਇਆ। ਮੈਂ ਬਹੁਤੀ ਗੱਲ ਨਾ ਗੌਲ਼ੀ। ਦੁਪਹਿਰੋਂ ਬਾਅਦ ਜਾਗ ਆਈ। ਉੱਠ ਕੇ ਕੰਮ 'ਤੇ ਜਾਣਾ ਸੀ। ਪੱਠੇ ਆਕੜੇ ਹੋਏ। ਧੌਣ ਹਿੱਲ ਨਹੀਂ ਸੀ ਰਹੀ। ਮੋਢੇ ਜਿਵੇਂ ਜਕੜੇ ਹੋਏ। ਮੈਨੂੰ ਕੰਮ 'ਤੇ ਜਾਣ ਦੀ ਥਾਂ ਹਸਪਤਾਲ ਜਾਣਾ ਪਿਆ। ਦੂਸਰੇ ਦਿਨ ਸਵੇਰੇ ਹਸਪਤਾਲੋਂ ਛੁੱਟੀ ਮਿਲ਼ੀ।

ਹਸਪਤਾਲੋਂ ਆਉਂਦੇ ਹੀ ਮੈਂ ਨਾਵਲ 'ਚੋਂ ਉਸਦਾ ਫੋਨ ਨੰਬਰ ਲਿਆ ਤੇ ਫੋਨ ਕੀਤਾ, "ਚਹਿਲ ਸਾਹਿਬ ਤੁਹਾਡੇ 'ਬਲੀ' ਨਾਵਲ ਨੇ ਮੇਰੀ ਬਲੀ ਜ਼ਰੂਰ ਲੈ ਲੈਣੀ ਸੀ।"

ਧਾਲੀਵਾਲ ਦੇ ਲੇਖ ਬਾਰੇ ਸੁਣ ਕੇ ਉਹ ਖ਼ੁਸ਼ ਹੋ ਗਿਆ। ਇਹ ਲੇਖ ਮੈਂ ਉਸਨੂੰ ਫ਼ੈਕਸ ਕਰ ਦਿੱਤਾ।

ਤੇ ਫਿਰ ਸਾਡੀ ਅਜਿਹੀ ਸਾਂਝ ਬਣੀ ਕਿ ਫੋਨ 'ਤੇ ਨਾਵਲ-ਕਹਾਣੀਆਂ ਬਾਰੇ ਲੰਮੀਆਂ-ਲੰਮੀਆਂ ਵਿਚਾਰਾਂ ਕਰਨ ਦਾ ਸਿਲਸਿਲਾ ਅੱਜ ਤੱਕ ਜਾਰੀ ਹੈ।

'ਬਲੀ' ਨਾਵਲ ਅਸੀਂ ਨਿਊਯਾਰਕ ਰਿਲੀਜ਼ ਕੀਤਾ ਸੀ। ਉਹ ਆਪਣੇ ਜਵਾਈ ਨਾਲ਼ ਆਇਆ ਸੀ। ਪ੍ਰੋਗਰਾਮ ਬਹੁਤ ਸਫਲ ਰਿਹਾ। ਰਾਤ ਨੂੰ ਏਨੀ ਹਨੇਰੀ ਵਗੀ ਕਿ ਬਿਜਲੀ ਚਲੇ ਗਈ। ਸਾਡੇ ਸੁੱਤਿਆਂ-ਸੁੱਤਿਆਂ ਹੀ ਦੋਵੇਂ ਠੰਢੇ ਪਾਣੀ ਨਾਲ਼ ਨਹਾਅ ਕੇ ਕੰਬਲਾਂ ਵਿਚ ਵੜੇ ਰਹੇ। ਪ੍ਰੋਗਰਾਮ ਦੀ ਸਫਲਤਾ ਦੇ ਨਿੱਘ ਨੇ ਜਿਵੇਂ ਠੰਢ ਨੇੜੇ ਵੀ ਨਹੀਂ ਸੀ ਢੁੱਕਣ ਦਿੱਤੀ। ਉਂਞ ਨਿਊਯਾਰਕ ਦੇ ਠੰਢੇ ਪਾਣੀ ਨਾਲ਼ ਕੋਈ ਹਿੰਮਤ ਵਾਲ਼ਾ ਹੀ ਨਹਾਅ ਸਕਦਾ ਹੈ।

ਦੁਪਹਿਰੇ ਉਹਨਾਂ ਨੂੰ ਜੇ. ਐਫ਼. ਕੇ. ਏਅਰਪੋਰਟ 'ਤੇ ਛੱਡ ਕੇ ਮੈਂ ਆਪ ਕੰਮ 'ਤੇ ਚਲਾਅ ਗਿਆ। ਅੱਧੀ ਰਾਤ ਤੱਕ ਉਹਨਾਂ ਦਾ ਫੋਨ ਉਡੀਕਦਾ ਰਿਹਾ। ਬੜੇ ਲਾ-ਪ੍ਰਵਾਹ ਨਿਕਲ਼ੇ। ਘਰ ਪਹੁੰਚਣ ਦੀ ਸੂਚਨਾ ਹੀ ਨਹੀਂ ਸੀ ਦਿੱਤੀ। ਸ਼ਾਇਦ ਠੰਢੇ ਪਾਣੀ ਦੇ ਇਸ਼ਨਾਨ ਨੇ ਸਾਂਝ ਦੇ ਨਿੱਘ ਨੂੰ ਠਾਰ ਹੀ ਨਾ ਦਿੱਤਾ ਹੋਵੇ। ਮਨ 'ਚ ਕਈ ਤਰ੍ਹਾਂ ਦੇ ਸ਼ੱਕ-ਸ਼ੁਬੇ ਉੱਠ ਰਹੇ ਸਨ।

ਦੂਜੇ ਦਿਨ ਫੋਨ ਆਇਆ, "ਸੋਹਲ ਸਾਹਿਬ ਮਹਿਮਾਨ ਨਿਵਾਜ਼ੀ ਵਾਸਤੇ ਸ਼ੁਕਰੀਆ। ਪ੍ਰੋਗਰਾਮ ਵੀ ਬਹੁਤ ਵਧੀਆ ਕਰਵਾਇਆ ਤੁਸੀਂ। ਸਾਡੇ ਨਾਲ਼ ਤਾਂ ਯਾਰ ਬੜੀ ਮਾੜੀ ਹੋਈ। ਸਾਡੀ ਫ਼ਲਾਈਟ ਈ ਕੈਂਸਲ ਹੋ ਗਈ ਸੀ। ਮੁੜ ਕੇ ਰਾਤ ਨੂੰ ਗਿਆਰਾਂ ਵਜੇ ਵਾਲ਼ੀ ਫ਼ਲਾਈਟ ਲੱਭੀ।"

ਮੈਂ ਕਿਹਾ, "ਤੁਸੀਂ ਫੋਨ ਕਰ ਦਿੰਦੇ ਮੈਂ ਵਾਪਸ ਘਰ ਲੈ ਆਉਂਦਾ।"

"ਮੈਂ ਕਿਹਾ ਕਾਹਨੂੰ ਤਕਲੀਫ਼ ਦੇਣੀ ਐ," ਚਹਿਲ ਨੇ ਕਿਹਾ ਪਰ ਮੈਨੂੰ ਸੁਣਿਆ, "ਯਾਰ ਹੁਣ ਪਾਣੀ ਦੀ ਹੋਰ ਠੰਢ ਨਹੀਂ ਝੱਲੀ ਜਾਣੀ।"

ਜਿੰਨੀ ਕਾਹਲ਼ੀ ਨਾਲ਼ ਉਹ ਲਿਖਦਾ ਹੈ, ਉਸਦੇ ਸੁਭਾਅ ਵਿਚ ਓਨਾ ਹੀ ਸਹਿਜ ਹੈ ਪਰ ਕਦੇ-ਕਦੇ ਉਸ ਅੰਦਰਲਾ ਟਿਕਾਓ ਇੰਞ ਕੰਬਦਾ ਹੈ, ਜਿਵੇਂ ਪਾਣੀ 'ਚ ਕਮਲ ਫੁੱਲ ਦਾ ਅਕਸ। ਸਾਂਵਲੀ ਜਿਲਦ ਵਾਲ਼ੀ ਕਿਤਾਬ ਵਾਂਗ ਬੁੱਲ੍ਹ ਭੀਚ ਕੇ ਅੱਖਾਂ 'ਚ ਬੇਚੈਨੀ ਦੀ ਮੱਧਮ ਜਿਹੀ ਲੋਅ ਭਰ ਕੇ ਜਦੋਂ ਉਹ ਗਹਿਰਾ-ਗਹਿਰਾ ਦੇਖਦਾ ਹੈ ਤਾਂ ਸਮਝ ਲਵੋ ਮਾਹੌਲ ਉਸ ਲਈ ਖ਼ੁਸ਼ਗਵਾਰ ਨਹੀਂ।

ਨਿਊਯਾਰਕ ਟੀ. ਵੀ. 'ਤੇ ਮੇਰਾ ਪ੍ਰੋਗਰਾਮ ਹੁੰਦਾ ਸੀ 'ਸੁਖ਼ਨ ਜਿਨ੍ਹਾਂ ਦੇ ਪੱਲੇ'। ਰਿਕਾਰਡਿੰਗ ਵਾਸਤੇ ਉਹ ਵਰਜੀਨੀਆ ਤੋਂ ਛੋਟੇ ਭਰਾ ਹਰਤੇਜ ਨਾਲ਼ ਆਇਆ ਫ਼ੋਰਡ ਮਸਤਾਂਗ ਗੱਡੀ 'ਤੇ। ਰਿਕਾਰਡਿੰਗ ਬਹੁਤ ਸ਼ਾਨਦਾਰ ਹੋਈ। ਉਸਨੇ ਪੂਰੀ ਤਿਆਰੀ ਕੀਤੀ ਹੋਈ ਸੀ। ਉਸਨੇ ਲਿਖਣ ਦੇ ਸ਼ੌਕ ਦਾ ਪਿਛੋਕੜ ਦੱਸਿਆ, "ਸਾਡੇ ਪਿੰਡ ਇਕ ਪੁਰਾਣੀ ਹਵੇਲੀ ਹੁੰਦੀ ਸੀ। ਉਜਾੜ ਜਿਹੀ। ਮੈਂ ਉਹਦੇ ਵੱਲ ਦੇਖ-ਦੇਖ ਕੇ ਸੋਚਦਾ ਹੁੰਦਾ ਸੀ ਬਈ ਇਸ ਹਵੇਲੀ ਦੀ ਕੀ ਕਹਾਣੀ ਹੋਊ। ਮੈਂ ਕਲਪਨਾ ਕਰਨ ਲੱਗ ਪੈਂਦਾ। ਸ਼ਾਇਦ ਉਹੀ ਕਲਪਨਾ ਵੱਡੇ ਹੋ ਕੇ ਮੇਰੇ ਲਿਖਣ ਦਾ ਕਾਰਨ ਬਣੀ।"

ਰਿਕਾਰਡਿੰਗ ਮਗਰੋਂ ਬਲਦੇਵ ਸਿੰਘ ਗਰੇਵਾਲ ਨੇ ਤਿੰਨ-ਚਾਰ ਬੰਦਿਆਂ ਨਾਲ਼ ਮਿਲ ਬੈਠਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਜਦੋਂ ਗੱਲਾਂ ਦੇ ਨਾਲ਼-ਨਾਲ਼ ਸੋਮਰਸ ਦਾ ਦੌਰ ਸ਼ੁਰੂ ਹੋਇਆ ਤਾਂ ਸਾਂਵਲੀ ਜਿਲਦ ਵਾਲ਼ੀ ਕਿਤਾਬ ਵਾਂਗ ਬੁੱਲ੍ਹ ਭੀਚ ਕੇ ਅੱਖਾਂ 'ਚ ਬੇਚੈਨੀ ਦੀ ਮੱਧਮ ਜਿਹੀ ਲੋਅ ਭਰ ਕੇ ਉਸਨੇ ਗਹਿਰਾ-ਗਹਿਰਾ ਮੇਰੇ ਵੱਲ ਦੇਖਿਆ। ਕਮਲ ਫੁੱਲ ਦਾ ਅਕਸ ਪਾਣੀ ਵਿਚ ਕੰਬਣ ਲੱਗ ਪਿਆ ਸੀ। ਦਿਨ ਢਲਣ ਲੱਗ ਪਿਆ ਸੀ। ਉਹਨਾਂ ਦਾ ਸਫ਼ਰ ਸੱਤ ਘੰਟੇ ਦਾ ਬਾਕੀ ਸੀ।

ਹਰਤੇਜ ਹੁਣ ਕਾਰ ਚਲਾਉਣ ਜੋਗਾ ਨਹੀਂ ਸੀ ਰਿਹਾ। ਚਹਿਲ ਨੇ ਕਾਰ ਸਟਾਰਟ ਕਰਨ ਲਈ ਰਿਮੋਟ ਦਾ ਬਟਨ ਦੱਬਿਆ। ਕਾਰ 'ਚ ਕਮਲ ਫੁੱਲ ਦੇ ਕੰਬਦੇ ਅਕਸ ਜਿੰਨੀ ਵੀ ਜੁੰਬਿਸ਼ ਨਹੀਂ ਸੀ। ਚਹਿਲ ਦੀਆਂ ਅੱਖਾਂ ਵਿਚ ਨਿਰਾਸ਼ਾ ਦਾ ਬੱਦਲ ਤੈਰਨ ਲੱਗਾ। ਰਿਕਾਰਡਿੰਗ ਦੀ ਖ਼ੁਸ਼ੀ ਇੰਞ ਬੁਝ ਗਈ, ਜਿਵੇਂ ਕਿਤਾਬ ਰਿਲੀਜ਼ ਵੇਲ਼ੇ ਹਨੇਰੀ ਨਾਲ਼ ਬਿਜਲੀ ਚਲੀ ਗਈ ਸੀ।

ਸ਼ਾਇਦ ਉਹ ਫ਼ਲਾਈਟ ਕੈਂਸਲ ਹੋਣ ਦੀ ਖੱਜਲ-ਖੁਆਰੀ ਭੁੱਲੇ ਨਹੀਂ ਸਨ। ਇਸੇ ਕਰਕੇ ਕਾਰ ਵਿਚ ਆਏ ਸਨ ਪਰ ਹੁਣ ਖੱਜਲ-ਖੁਆਰੀ ਫ਼ਲਾਈਟ ਕੈਂਸਲ ਹੋਣ ਨਾਲ਼ੋਂ ਵੀ ਪਹਾੜ ਜਿੰਨੀ ਵੱਡੀ ਸੀ। ਕਾਰ ਟੋਅ ਕਰਵਾਅ ਕੇ ਸਾਡੇ ਘਰ ਲਿਆਂਦੀ। ਦੂਜੇ ਦਿਨ ਲਾਗਲੇ 'ਫ਼ੋਰਡ ਡੀਲਰ' ਟੋਅ ਕਰਵਾਅ ਕੇ ਸਾਡੇ ਘਰੋਂ ਲੈ ਗਏ। ਕਾਰ ਬਣਨ ਨੂੰ ਕੁਝ ਦਿਨ ਲੱਗਣੇ ਸਨ। ਹਰਤੇਜ ਤੇ ਹਰਮਹਿੰਦਰ ਚਹਿਲ ਨੂੰ ਟਰੇਨ ਵਿਚ ਵਾਪਸ ਵਰਜੀਨੀਆ ਜਾਣਾ ਪਿਆ। ਕਾਰ ਬਣੀ ਤਾਂ ਫਿਰ ਟਰੇਨ ਵਿਚ ਆਏ ਤੇ ਕਾਰ ਲੈ ਕੇ ਗਏ।

ਏਨੀ ਖੱਜਲ-ਖੁਆਰੀ ਵੀ ਸ਼ਾਇਦ ਭੁੱਲ ਜਾਂਦੀ ਪਰ ਉਸਦਾ ਨਿਊਯਾਰਕ ਦਾ ਇਹ ਗੇੜਾ ਵੀ ਖ਼ੁਸ਼ਗਵਾਰ ਨਹੀਂ ਸੀ ਰਿਹਾ। ਅਸੀਂ ਉਡੀਕ-ਉਡੀਕ ਥੱਕ ਗਏ। ਚਹਿਲ ਤੋਂ ਪਹਿਲਾਂ ਰਿਕਾਰਡ ਕੀਤੇ ਪ੍ਰੋਗਰਾਮ ਚੱਲ ਗਏ। ਉਸ ਤੋਂ ਮਗਰੋਂ ਰਿਕਾਰਡ ਕੀਤੇ ਪ੍ਰੋਗਰਾਮ ਟੀ. ਵੀ. ਦੀਆਂ ਸਕਰੀਨਾਂ 'ਤੇ ਲਿਸ਼ਕ ਪਏ ਪਰ ਚਹਿਲ ਦੀ ਰਿਕਾਰਡਿੰਗ ਦੇ ਬੁੱਲ੍ਹ ਸਾਂਵਲੀ ਜਿਲਦ ਵਾਲ਼ੀ ਕਿਤਾਬ ਵਾਂਗ ਭੀਚੇ ਦੇ ਭੀਚੇ ਰਹਿ ਗਏ।

ਚਹਿਲ ਨਾਲ਼ ਕੀਤੀ ਰਿਕਾਰਡਿੰਗ ਵਾਲ਼ੀ ਟੇਪ ਟੀ. ਵੀ. ਵਾਲ਼ਿਆਂ ਨੇ ਗੁਆ ਦਿੱਤੀ ਸੀ। ਜਦੋਂ ਮੈਂ ਉਸਨੂੰ ਦੱਸਿਆ ਤਾਂ ਉਸ ਕਿਹਾ, "ਕੋਈ ਗੱਲ ਨਈਂ ਸੋਹਲ ਸਾਹਿਬ, ਕਦੇ ਫਿਰ ਮੌਕਾ ਬਣ ਜਾਏਗਾ।"

ਉਸ ਨੇ ਮੁੜ ਕਦੇ ਉਸ ਰਿਕਾਰਡਿੰਗ ਤੇ ਖੱਜਲ-ਖੁਆਰੀ ਦਾ ਜ਼ਿਕਰ ਨਹੀਂ ਕੀਤਾ।

'ਹੋਣੀ' ਨਾਵਲ ਦਾ ਖਰੜਾ ਪੜ੍ਹਦੀ ਮੇਰੀ ਪਤਨੀ ਨੇ ਕਿਹਾ, "ਪੜ੍ਹਿਆ ਨਾਵਲ? ਕੁਝ ਪਾਤਰ ਵੈਲੀ ਸਟਰੀਮ ਵੀ ਰਹਿੰਦੇ ਐ। ਭਾਜੀ ਨੇ ਆਪਣਾ ਜ਼ਿਕਰ ਕੀਤਾ ਲੱਗਦੈ।"

'ਭੰਵਰ' ਨਾਵਲ ਦਾ ਪਹਿਲਾ ਨਾਮ 'ਭੰਵਰ ਜਾਲ' ਸੀ। ਮੈਂ ਸਲਾਹ ਦਿੱਤੀ ਕਿ ਨਾਮ ਜਾਂ 'ਭੰਵਰ' ਹੋਵੇ ਜਾਂ 'ਜਾਲ'। ਇਸ ਨਾਵਲ ਦਾ ਖਰੜਾ ਮੈਥੋਂ ਪਹਿਲਾਂ ਮੇਰੀ ਪਤਨੀ ਨੇ ਪੜ੍ਹਿਆ। ਉਸ ਨੂੰ ਬਸੰਤ ਕੌਰ ਦੇ ਪਾਤਰ ਨੇ ਭੰਵਰ ਵਾਂਗ ਘੁੰਮਾਅ ਦਿੱਤਾ ਸੀ। ਉਹ ਆਪਣੇ ਆਲ਼ੇ-ਦੁਆਲ਼ੇ ਦੀਆਂ ਕਈ ਔਰਤਾਂ ਦਾ ਜ਼ਿਕਰ ਕਰਦੀ ਜਿਹੜੀਆਂ ਬਸੰਤ ਕੌਰ ਦਾ ਹੀ ਰੂਪ ਜਾਪਣ ਲੱਗ ਪਈਆਂ ਸਨ।

ਨਾਵਲ ਬਾਰੇ ਅਸੀਂ ਨਿਰਸੰਕੋਚ ਵਿਚਾਰ-ਵਟਾਂਦਰਾ ਕੀਤਾ। ਨਿੱਕੀਆਂ-ਨਿੱਕੀਆਂ ਸੋਧਾਂ ਕੀਤੀਆਂ। ਫ਼ਾਲਤੂ ਸ਼ਬਦ ਕੱਟੇ। ਕਿਤੇ-ਕਿਤੇ ਫ਼ਿਕਰੇ-ਬੰਦੀ ਵਿਚ ਤਬਦੀਲੀ ਹੋਈ।

ਹਰਮਹਿੰਦਰ ਚਹਿਲ 'ਐਂਟੀ-ਹੀਰੋ' ਸਿਰਜਣ ਦਾ ਮਾਸਟਰ ਹੈ। 'ਬਲੀ' ਤੇ 'ਹੋਣੀ' ਦਾ ਗੁਰਲਾਭ ਅਤੇ 'ਭੰਵਰ' ਦੀ ਬਸੰਤ ਕੌਰ ਇੱਕੋ ਰੂਪ ਹੀ ਨੇ। ਬਸੰਤ ਕੌਰ ਆਲ਼ੇ-ਦੁਆਲ਼ੇ ਨੂੰ ਐਸਾ



ਘੁੰਮਣ-ਘੇਰੀਆਂ ਵਿਚ ਪਾਉਂਦੀ ਹੈ ਕਿ ਪੜ੍ਹਨ ਵਾਲ਼ਾ ਵੀ ਚਕਰਾਅ ਜਾਂਦਾ ਹੈ। ਏਹਦਾ ਵਿਆਹ ਓਹਦੇ ਨਾਲ਼ ਕਰਵਾਅ ਕੇ, ਕੋਈ ਹੋਰ ਪੁੱਠਾ-ਸਿੱਧਾ ਚੱਕਰ ਚਲਾਅ ਕੇ ਆਪਣੇ ਕੋੜਮੇ ਨੂੰ ਅਮਰੀਕਾ ਵਾੜੀ ਜਾਂਦੀ ਹੈ।

ਨਾਵਲ ਛਪ ਗਿਆ। ਇਕ ਦਿਨ ਹਰਮਹਿੰਦਰ ਚਹਿਲ ਦਾ ਫੋਨ ਆਇਆ। ਉਸ ਨੇ ਦੱਸਿਆ ਕਿ ਉਹਨਾਂ ਦੇ ਕਿਸੇ ਰਿਸ਼ਤੇਦਾਰ ਨੂੰ ਵੀਜ਼ਾ ਨਹੀਂ ਸੀ ਮਿਲ਼ ਰਿਹਾ। ਭਾਵੇਂ ਕਿ ਪੱਕੇ ਪੇਪਰਾਂ 'ਤੇ ਉਸ ਨੇ ਆਉਣਾ ਸੀ। ਕੇਸ ਇਨਕੁਆਰੀ ਦੇ ਭੰਵਰ ਵਿਚ ਫਸ ਗਿਆ ਸੀ।

ਮੈਂ ਇਹ ਗੱਲ ਆਪਣੀ ਘਰਵਾਲ਼ੀ ਨੂੰ ਦੱਸੀ ਤਾਂ ਉਹ ਹੱਸ ਕੇ ਕਹਿਣ ਲੱਗੀ, "ਭਾਜੀ ਨੂੰ ਮੇਰੇ ਵੱਲੋਂ ਸੁਨੇਹਾ ਦੇਣਾ, ਸੋਹਲ ਨੂੰ ਇਹਨਾਂ ਕੰਮਾਂ ਦਾ ਕੀ ਪਤਾ 'ਬਸੰਤ ਕੌਰ' ਦੀ ਮਦਦ ਲੈਣ।"

ਚਹਿਲ ਦਾ ਨਾਵਲ 'ਆਫ਼ੀਆ ਸਦੀਕੀ ਦਾ ਜੇਹਾਦ' ਦੁਨੀਆ ਦੇ ਚਿਤਰ-ਪਟ 'ਤੇ ਫੈਲ ਰਹੀ ਦਹਿਸ਼ਤਗਰਦੀ ਦੀਆਂ ਜੜਾਂ ਨੰਗੀਆਂ ਕਰਦਾ ਹੈ। ਇਕ ਪਬਲਿਸ਼ਰ ਨੇ ਇਹ ਨਾਵਲ ਇਹ ਕਹਿ ਕੇ ਛਾਪਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਇਹ ਨਾਵਲ ਇਕ 'ਅੱਤਵਾਦਣ' ਨੂੰ ਨਾਇਕਾ ਦੇ ਤੌਰ 'ਤੇ ਪੇਸ਼ ਕਰਦਾ ਹੈ।

ਹਰਮਹਿੰਦਰ ਚਹਿਲ ਨੂੰ ਨਾ ਲਿਖਣ ਦੀ ਘੌਲ਼ ਹੈ, ਨਾ ਪੜ੍ਹਨ ਦੀ। ਨਾ ਕਿਤਾਬ ਮੇਲ ਕਰਨ ਦੀ। ਮੈਨੂੰ ਕੋਈ ਕਿਤਾਬ ਫੌਰੀ ਚਾਹੀਦੀ ਹੋਵੇ ਤਾਂ ਚਹਿਲ ਮੇਰੇ ਦਿਮਾਗ਼ ਵਿਚ ਇੰਞ ਵਸਿਆ ਹੋਇਆ ਹੈ, ਜਿਵੇਂ ਅੱਜ ਦੇ ਬੱਚਿਆਂ ਦੇ ਜ਼ਿਹਨ 'ਚ 'ਗੂਗਲ'। ਜੇ ਉਸ ਕੋਲ਼ ਕਿਤਾਬ ਨਾ ਹੋਵੇ ਤਾਂ ਉਹ ਆਪਣੀ ਦਿੱਬ-ਦ੍ਰਿਸ਼ਟੀ ਜਾਦੂ ਦੀ ਛੜੀ ਵਾਂਗ ਘੁੰਮਾਏਗਾ। ਕਿਤਾਬ ਦੀ ਪੀ. ਡੀ. ਐਫ਼ ਈਮੇਲ 'ਤੇ ਹੱਸਦੀ-ਹੱਸਦੀ ਪ੍ਰਗਟ ਹੋ ਕੇ ਕਹੇਗੀ- 'ਲੈ ਮੈਂ ਪਹੁੰਚ ਗਈ ਆਂ।'

ਹਰਮਹਿੰਦਰ ਚਹਿਲ ਦੀ ਪ੍ਰਤਿਭਾ ਦੀ ਜ਼ਮੀਨ ਬਹੁਤ ਜ਼ਰਖ਼ੇਜ਼ ਹੈ। ਉਸ ਅੰਦਰ ਨਿੱਕਾ ਜਿਹਾ ਲੋਅ ਦਾ ਬੀਜ ਸੁੱਟਣ ਦੀ ਲੋੜ ਹੈ। ਦਿਨਾਂ 'ਚ ਹੀ ਉਹ ਚਾਨਣ ਦਾ ਰੁੱਖ ਬਣ ਜਾਂਦਾ ਹੈ।

ਪਹਿਲਾਂ-ਪਹਿਲਾਂ ਉਹ ਪੈੱਨ ਨਾਲ਼ ਵਰਕਿਆਂ 'ਤੇ ਲਿਖਦਾ ਸੀ। ਮੈਂ ਮਾੜਾ ਜਿਹਾ ਸੁਝਾਅ ਦਿੱਤਾ, "ਤੁਸੀਂ ਸਨਾਪਿਸਜ਼ ਕਾਗ਼ਜ਼ 'ਤੇ ਬਣਾ ਲਿਆ ਕਰੋ, ਮਗਰੋਂ ਰਚਨਾ ਸਿੱਧੀ ਕੰਪਿਊਟਰ 'ਤੇ ਟਾਈਪ ਕਰ ਲਿਆ ਕਰੋ। ਕੰਪਿਊਟਰ 'ਤੇ ਐਡਿਟ ਕਰਨ ਦੀ ਵੀ ਮੌਜ ਰਹਿੰਦੀ ਐ।"

ਉਦੋਂ ਉਹਨੂੰ ਅੰਗੇਰਜ਼ੀ-ਪੰਜਾਬੀ ਕੁਝ ਵੀ ਟਾਈਪ ਕਰਨਾ ਨਹੀਂ ਸੀ ਆਉਂਦਾ। ਤੇ ਕੁਝ ਦਿਨਾਂ ਬਾਅਦ ਉਸ ਨੇ 'ਅਨਮੋਲ' ਫ਼ੌਂਟ ਵਿਚ ਕਹਾਣੀ ਟਾਈਪ ਕਰਕੇ ਮੈਨੂੰ ਭੇਜ ਦਿੱਤੀ।

ਮੈਂ ਕਿਹਾ, "ਜੇ ਕਿਤੇ ਤੁਸੀਂ 'ਸਤਲੁਜ' ਫ਼ੌਂਟ ਇਸਤੇਮਾਲ ਕਰਨ ਲੱਗ ਪਵੋ ਤਾਂ ਤੁਹਾਡੀ ਸਪੀਡ ਕਈ ਗੁਣਾ ਵਧ ਸਕਦੀ ਆ।"

'ਅਨਮੋਲ' ਤੇ 'ਸਤਲੁਜ' ਵਿਚ ਸਿਰਫ਼ 'ਕ' ਅੱਖਰ ਦੀ ਹੀ ਸਾਂਝ ਹੈ, ਬਾਕੀ ਦਾ ਕੀ-ਬੋਰਡ ਅਸਲੋਂ ਹੀ ਵੱਖਰਾ ਹੈ। ਚਹਿਲ ਨੇ 'ਇੰਡੀਕਾ' ਵਾਲ਼ਿਆਂ ਤੋਂ ਪੰਜ ਹਜ਼ਾਰ ਰੁਪਏ ਦੇ ਫ਼ੌਂਟ ਖ਼ਰੀਦੇ ਤੇ ਕੁਝ ਦਿਨਾਂ ਬਾਅਦ ਕਹਾਣੀ 'ਸਤਲੁਜ' ਫ਼ੌਂਟ ਵਿਚ ਟਾਈਪ ਕਰ ਕੇ ਭੇਜ ਦਿੱਤੀ।

ਇਕ ਦਿਨ ਗੱਲੀਂ-ਗੱਲੀਂ ਮੈਂ ਕਹਿ ਦਿੱਤਾ, "ਜੇ ਤੁਸੀਂ ਮਾਈਕਰੋ ਸੌਫ਼ਟ ਵਲਡ ਦੀ ਥਾਂ 'ਪੇਜ-ਮੇਕਰ' 'ਚ ਕੰਮ ਕਰੋ ਤਾਂ ਤੁਸੀਂ ਆਪ ਕਿਤਾਬ ਤਿਆਰ ਕਰਕੇ ਸਿੱਧੀ ਹੀ ਪਬਲਿਸ਼ਰ ਨੂੰ ਭੇਜ ਸਕਦੇ ਓ।"

ਤੇ ਉਸ ਨੇ ਅਗਲੀ ਕਿਤਾਬ ਮੈਨੂੰ 'ਪੇਜ-ਮੇਕਰ' ਵਿਚ ਭੇਜ ਦਿੱਤੀ।

ਇਕ ਦਿਨ ਉਹ ਜਾਵੇਦ ਬੂਟੇ ਕੋਲ਼ ਗਿਆ। ਉਸ ਨੂੰ ਕਿਹਾ, "ਮੇਰਾ ਨਾਂ ਸ਼ਾਹਮੁਖੀ ਵਿਚ ਲਿਖ ਕੇ ਦੇ।"

ਜਾਵੇਦ ਨੇ ਲਿਖ ਦਿੱਤਾ। ਘਰ ਆ ਕੇ ਚਹਿਲ ਨੇ ਸੋਚਿਆ, 'ਕਿਉਂ ਨਾ ਉਰਦੂ ਰਸਮੁਲ ਖ਼ਤ ਮੈਂ ਆਪ ਹੀ ਸਿੱਖ ਲਵਾਂ।' ਉਸ ਨੇ 'ਗੂਗਲ' 'ਤੇ ਸਰਚ ਮਾਰੀ। ਸਾਈਟ ਲੱਭ ਲਈ 'ਲਰਨ ਉਰਦੂ ਥਰੂ ਹਿੰਦੀ'। ਇਕ-ਇਕ ਘੰਟੇ ਦੇ ਲਗਪਗ ਸੌ ਸਬਕ ਸਨ। ਤਿੰਨ ਕੁ ਮਹੀਨਿਆਂ ਬਾਅਦ ਉਸ ਨੇ 'ਅਪਨਾ' ਵਾਲ਼ਿਆਂ ਦੀ ਸਾਈਟ 'ਤੇ ਪਏ ਆਪਣੇ ਹੀ ਨਾਵਲ 'ਬਲੀ' ਦਾ ਸ਼ਾਹਮੁਖੀ ਵਰਸ਼ਨ ਪੜ੍ਹ ਕੇ ਅਭਿਆਸ ਕਰ ਲਿਆ। ਉਸਦੇ ਉਰਦੂ ਪੜ੍ਹ ਲੈਣ ਦਾ ਮੈਨੂੰ ਤਾਂ ਉਦੋਂ ਹੀ ਪਤਾ ਲੱਗਾ ਜਦੋਂ ਉਸ ਦੁਆਰਾ ਕੀਤਾ ਅਫ਼ਜ਼ਲ ਅਹਿਸਨ ਰੰਧਾਵਾ ਦੀ ਕਹਾਣੀ 'ਬੇੜੀਆਂ' ਦਾ ਗੁਰਮੁਖੀ ਲਿੱਪੀਅੰਤਰ 'ਪੰਜਾਬ ਟਾਈਮਜ਼' ਵਿਚ ਦੇਖਿਆ।

ਪ੍ਰਸਿੱਧ ਲਿਖਾਰੀ ਰਾਮ ਸਰੂਪ ਅਣਖੀ ਚਹਿਲ ਨੂੰ 'ਮਾਮੇ ਦਾ ਪੁੱਤ' ਕਹਿੰਦਾ ਹੁੰਦਾ ਸੀ। ਅਣਖੀ ਦਾ ਨਾਨਕਾ ਪਿੰਡ ਮੱਲ ਸਿੰਘ ਵਾਲ਼ਾ ਚਹਿਲ ਦੇ ਪਿੰਡ ਆਲਮਪੁਰ ਮੰਦਰਾਂ ਦੇ ਗਵਾਂਢ 'ਚ ਹੈ। ਜਦੋਂ ਅਣਖੀ ਦੀ ਮੌਤ ਹੋਈ ਤਾਂ ਚਹਿਲ ਨੇ ਮੈਨੂੰ ਦੱਸਿਆ, "ਅਣਖੀ ਮੇਰੀਆਂ ਕਹਾਣੀਆਂ ਪੜ੍ਹ ਕੇ ਕਹਿੰਦਾ ਹੁੰਦਾ ਸੀ- 'ਤੇਰੀਆਂ ਕਹਾਣੀਆਂ 'ਚ ਪੇਸ਼ ਆਲ਼ਾ-ਦੁਆਲ਼ਾ ਦੇਖ ਮੈਨੂੰ ਨਾਨਕਾ ਪਿੰਡ ਯਾਦ ਆ ਜਾਂਦੈ।' ਇਕ ਵਾਰੀ ਮੈਂ ਅਣਖੀ ਨੂੰ ਪੁੱਛਿਆ ਬਈ ਤੁਸੀਂ ਇਕ ਥਾਂ ਲਿਖਿਆ ਕਿ ਨਾਵਲ 'ਕੋਠੇ ਖੜਕ ਸਿੰਘ' ਲਿਖਣ ਤੋਂ ਪਹਿਲਾਂ ਤੁਸੀਂ ਆਪਣੇ ਲਾਗਲੇ ਪਿੰਡ ਬਹੁਤ ਘੁੰਮੇ ਤੇ ਫਿਰ ਇਕ ਖ਼ਾਲੀ ਥਾਂ ਦੇਖ ਕੇ ਕਲਪਨਿਕ ਪਿੰਡ 'ਕੋਠੇ ਖੜਕ ਸਿੰਘ' ਵਸਾਇਆ। ਇਹ ਕਿਵੇਂ ਹੋਇਆ ? ਤਾਂ ਅਣਖੀ ਹੱਸ ਕੇ ਕਹਿਣ ਲੱਗਾ- 'ਮਾਮੇ ਦਿਆ ਪੁੱਤਾ, ਤੂੰ ਵੀ ਲਿਖਾਰੀ ਐਂ ਤੇ ਮੈਂ ਵੀ ਲਿਖਾਰੀ। ਪਿੰਡ ਤਾਂ ਲਿਖਾਰੀ ਦੇ ਅੰਦਰ ਵਸਦਾ ਹੁੰਦੈ। ਇਹ ਤਾਂ ਐਵੇਂ ਕਹਿਣ ਦੀਆਂ ਗੱਲਾਂ ਹੁੰਦੀਆਂ।' ਕੁਝ ਦਿਨ ਪਹਿਲਾਂ ਮੈਂ ਇੰਡੀਆ ਗਿਆ ਸੀ। ਅਣਖੀ ਨੂੰ ਮਿਲਿਆ ਤਾਂ ਉਹ ਕਹਿਣ ਲੱਗਾ- 'ਨਾਨਕੀਂ ਗਏ ਨੂੰ ਮੈਨੂੰ ਬਹੁਤ ਵਰ੍ਹੇ ਹੋ ਗਏ ਐ। ਅਗਲੀ ਵਾਰ ਤੂੰ ਆਵੀਂ। ਪਹਿਲਾਂ ਨਾਨਕਿਆਂ ਦਾ ਪਿੰਡ ਘੁੰਮਾਂਗੇ, ਫਿਰ ਖੇਤ ਚੱਲ ਕੇ ਪੀਵਾਂਗੇ ਦਾਰੂ ਤੇ ਪਾਵਾਂਗੇ ਬੋਲੀਆਂ।' ਏਦਾਂ ਦਾ ਜਿੰਦਾ ਦਿਲ ਬੰਦਾ ਸੀ ਅਣਖੀ।"

ਚਹਿਲ ਬਹੁਤ ਉਦਾਸ ਹੋ ਗਿਆ ਸੀ। ਜਿਵੇਂ ਅਣਖੀ ਦੀ ਖ਼ਾਹਿਸ਼ ਪੂਰੀ ਨਾ ਹੋਣ ਦਾ ਉਸਨੂੰ ਅੰਦਰੋਂ ਦੁੱਖ ਹੋਵੇ।

ਮੈਂ ਕਿਹਾ, "ਗੱਲਾਂ ਬੜੀਆਂ ਦਿਲਚਸਪ ਐ। ਤੁਸੀਂ ਸ਼ਰਧਾਂਜਲੀ ਹਿੱਤ ਕੋਈ ਲੇਖ ਹੀ ਕਿਉਂ ਨਹੀਂ ਲਿਖ ਦਿੰਦੇ ?" ਤੇ ਅਗਲੇ ਦਿਨ ਉਸਦਾ ਲਿਖਿਆ ਲੇਖ ਪਹੁੰਚ ਗਿਆ। ਉਸੇ ਹਫ਼ਤੇ ਉਹ ਲੇਖ ਅਖ਼ਬਾਰ ਵਿਚ ਵੀ ਛੱਪ ਗਿਆ।

ਏਨੀ ਜ਼ਰਖ਼ੇਜ਼ ਹੈ ਉਸਦੀ ਪ੍ਰਤਿਭਾ ਦੀ ਜ਼ਮੀਨ।

ਉਸਦੀ ਮੁਹੱਬਤ ਵਿਚ ਖੋਟ ਨਹੀਂ। ਜਿਹੜੀ ਗੱਲ ਕਹਿਣੀ ਹੋਵੇ ਮੂੰਹ 'ਤੇ ਝੱਟ ਕਹਿ ਦਿੰਦਾ ਹੈ। ਅਸੀਂ 'ਦਿਸਹੱਦਿਆਂ ਦੇ ਆਰ-ਪਾਰ' ਕਹਾਣੀ-ਸੰਗ੍ਰਹਿ ਸੰਪਾਦਿਤ ਕਰ ਰਹੇ ਸਨ। ਕੁਝ ਕਾਰਨਾਂ ਵੱਸ ਚਹਿਲ ਦੀ ਕਹਾਣੀ ਸ਼ਾਮਿਲ ਹੋਣੋਂ ਰਹਿ ਗਈ। ਉਸਨੇ ਝੱਟ ਕਹਿ ਦਿੱਤਾ, "ਮੇਰੀ ਕਹਾਣੀ ਤੁਸੀਂ ਛਾਪੀ ਨਹੀਂ। ਮੈਨੂੰ ਚੰਗਾ ਨਹੀਂ ਲੱਗਿਆ।"

ਪਰ ਉਹ ਅੜੀ ਖੋਰਾ ਵੀ ਨਹੀਂ। ਅਗਲੇ ਪ੍ਰੋਜੈਕਟ ਬਾਰੇ ਮੈਂ ਪੁੱਛਿਆ, "ਚਹਿਲ ਸਾਹਿਬ ਇਕ ਕਹਾਣੀ-ਸੰਗ੍ਰਹਿ ਸੰਪਾਦਿਤ ਕਰ ਰਹੇ ਆਂ। ਤੁਸੀਂ ਸਾਡੇ ਨਾਲ 'ਸੰਪਾਦਕ' ਬਣ ਜਾਵੋ।" ਉਸ ਨੇ 'ਹਾਂ' ਕਰ ਦਿੱਤੀ। ਉਹ ਰੋਸੇ, ਸ਼ਿਕਵੇ ਅਤੇ ਰੰਜਿਸ਼ਾਂ ਦੀ ਧੂੜ ਆਪਣੀ ਆਤਮਾ 'ਤੇ ਪੈਣ ਨਹੀਂ ਦਿੰਦਾ। ਪੈ ਜਾਵੇ ਤਾਂ ਝੱਟ ਝਾੜ ਦਿੰਦਾ ਹੈ।

ਇਕ ਦਿਨ ਕਹਿਣ ਲੱਗਾ, "ਤੁਹਾਡੇ ਨਾਲ ਗੱਲਾਂ ਕਰਕੇ ਮੇਰੇ ਅੰਦਰ ਬਹੁਤ ਅਨਰਜੀ



ਪੈਦਾ ਹੁੰਦੀ ਐ। ਜਦੋਂ ਤੁਸੀਂ ਮੇਰੀ ਰਚਨਾ ਪੜ੍ਹ ਕੇ ਤਿੱਖੀ ਆਲੋਚਨਾ ਕਰਦੇ ਹੋ ਤਾਂ ਮੈਨੂੰ ਚੁਭਦੀ ਨਹੀਂ। ਕਿਉਂਕਿ ਤੁਸੀਂ ਆਲੋਚਨਾ ਕਰਨ ਵੇਲ਼ੇ ਸੁਹਿਰਦਤਾ ਦਾ ਪੱਲਾ ਨਹੀਂ ਛੱਡਦੇ। ਤੁਹਾਡੇ ਸੁਝਾਵਾਂ ਨਾਲ਼ ਮੇਰੀ ਰਚਨਾ ਖ਼ੂਬਸੂਰਤ ਹੋ ਜਾਂਦੀ ਐ। ਤੁਹਾਡੇ ਨਾਲ਼ ਮੈਂ ਫੋਨ 'ਤੇ ਗੱਲ ਕਰ ਲਵਾਂ ਤਾਂ ਮੈਨੂੰ ਕੋਈ ਨਾ ਕੋਈ ਕਹਾਣੀ ਫੁਰਨੀ ਸ਼ੁਰੂ ਜਾਂਦੀ ਐ। ਮੈਂ ਸੋਚਦਾ ਰਹਿੰਨਾਂ ਜੇ ਕਿਤੇ ਮੈਂ ਤੁਹਾਡੇ ਕੋਲ਼ ਦੋ-ਤਿੰਨ ਦਿਨ ਰਹਿ ਆਵਾਂ ਤਾਂ ਤਿੰਨ-ਚੌਂਹ ਮਹੀਨਿਆਂ 'ਚ ਨਾਵਲ ਲਿਖ ਕੇ ਤੁਹਾਨੂੰ ਭੇਜ ਦਿਆਂ।"

ਕਦੇ-ਕਦੇ ਤਾਂ ਮੈਨੂੰ ਲੱਗਦਾ ਹੈ 'ਫੂਕ ਛਕਾਅ ਰਿਹੈ' ਪਰ ਉਹ ਏਨੀ ਅਪਣੱਤ ਨਾਲ਼ ਗੱਲ ਕਰ ਰਿਹਾ ਹੁੰਦਾ ਹੈ ਕਿ ਉਸਦੀ 'ਸੁਹਿਰਦਤਾ' ਬਾਰੇ ਸ਼ੱਕ ਕਰਨਾ ਬਣਦਾ ਹੀ ਨਹੀਂ।

ਜਦੋਂ ਉਹ 'ਹੋਣੀ' ਨਾਵਲ ਲਿਖ ਰਿਹਾ ਸੀ ਤਾਂ ਉਹ 'ਗਰਾਊਂਡ ਜ਼ੀਰੋ' ਦੇਖਣ ਵਾਸਤੇ ਰੁਝੇਵਿਆਂ ਵਿੱਚੋਂ ਵੀ ਵਕਤ ਕੱਢ ਕੇ ਆਇਆ ਸੀ। ਅਸੀਂ ਮੈਨਹਾਟਨ ਗਏ। ਆਲ਼ਾ-ਦੁਆਲ਼ਾ ਦੇਖਦਾ ਉਹ ਗਵਾਚਿਆ-ਗਵਾਚਿਆ ਫਿਰ ਰਿਹਾ ਸੀ। ਜਿਵੇਂ ਅਜੇ ਵੀ ਉਹ ਬਲ਼ਦੇ ਟਾਵਰਾਂ ਵਿੱਚੋਂ ਮਾਸੂਮਾਂ ਦੀਆਂ ਲੇਰਾਂ ਤੇ ਚੀਕਾਂ ਸੁਣ ਰਿਹਾ ਹੋਵੇ। ਉਹਨਾਂ ਦਾ ਦਰਦ ਆਪਣੇ ਅੰਦਰ ਸਮੋਅ ਰਿਹਾ ਹੋਵੇ। ਇਹ ਪੀੜ 'ਹੋਣੀ' ਨਾਵਲ ਵਿੱਚੋਂ ਮਹਿਸੂਸ ਕੀਤੀ ਜਾ ਸਕਦੀ ਹੈ।

ਹਰਮਹਿੰਦਰ ਦੇ ਨੇਕ ਸੁਭਾਅ ਦਾ ਝਲਕਾਰਾ ਇਸ ਗੱਲ 'ਚੋਂ ਵੀ ਪੈਂਦਾ ਹੈ ਕਿ ਉਸਦੇ ਕਾਂਗਰਸੀ ਵੀ ਦੋਸਤ ਨੇ, ਅਕਾਲੀ ਵੀ ਤੇ ਆਮ ਲੋਕ ਵੀ। ਲੇਖਕ ਵੀ ਤੇ ਗਾਉਣ-ਵਜਾਉਣ ਵਾਲ਼ੇ ਵੀ। ਸਤਪਾਲ ਬਰਾੜ ਉਸਦੇ ਅਹਿਮ ਦੋਸਤਾਂ 'ਚੋਂ ਹੈ।

ਚਹਿਲ ਰੇਡੀਓ ਤੋਂ 'ਸ਼ਾਨੇ-ਪੰਜਾਬ' ਨਾਂ ਦਾ ਸਾਹਿਤਕ ਪ੍ਰੋਗਰਾਮ ਵੀ ਚਲਾਉਂਦਾ ਰਿਹਾ ਹੈ।

ਨਿਊਯਾਰਕ ਤੋਂ ਅਸੀਂ ਲਗਪਗ ਸੂਰਜ ਛਿਪੇ ਤੁਰੇ ਸਾਂ। ਮੇਰਾ ਪਰਿਵਾਰ ਤੇ ਕਹਾਣੀਕਾਰ ਜਿੰਦਰ। ਨਿਊਯਾਰਕ ਤੋਂ ਬਾਹਰ ਸਾਨੂੰ ਖਾਣ ਨੂੰ ਕੁਝ ਨਾ ਲੱਭਾ। ਭੁੱਖਣ-ਭਾਣੇ। ਤੜਕੇ ਦੇ ਦੋ ਵਜੇ ਚਹਿਲ ਕੋਲ਼ ਪਹੁੰਚੇ। ਉਹ ਉਡੀਕ ਵਿਚ ਜਾਗਦਾ ਹੀ ਸੀ। ਉਸਦੀ ਬੇਟੀ ਸੁੱਤ-ਉਨੀਂਦਰੀ ਰੋਟੀਆਂ ਲਾਹੁੰਣ ਲੱਗ ਪਈ। ਅਸੀਂ ਉੱਤੋਂ-ਉੱਤੋਂ ਕਹਿ ਰਹੇ ਸਾਂ- 'ਬਹੁਤ ਲੇਟ ਆਂ। ਹੁਣ ਸੌਣਾ ਚਾਹੀਦੈ' ਪਰ ਅੰਦਰੋਂ ਭੁੱਖ ਨਾਲ਼ ਤਪੇ ਪਏ ਸਾਂ। ਚਹਿਲ ਜਿਵੇਂ ਸਾਡੀ ਹਾਲਤ ਸਮਝਦਾ ਸੀ। ਉਹ ਮੱਲੋ-ਮੱਲੀ ਸਾਨੂੰ ਡਾਈਨਿੰਗ-ਟੇਬਲ 'ਤੇ ਲੈ ਗਿਆ।

ਦੂਜੇ ਦਿਨ 'ਵਾਈਟ ਹਾਊਸ' ਦਿਖਾਉਣ ਗਿਆ ਹਿਦਾਇਤ ਕਰ ਰਿਹਾ ਸੀ, "ਆਰਾਮ ਨਾਲ਼, ਸਹਿਜ ਨਾਲ਼ ਆਨੰਦ ਮਾਣੋ। ਇਕ ਦਿਨ ਏਥੇ ਦੋ ਸਰਦਾਰ ਆਏ ਸੀ। ਧੋਤੀਆਂ ਲਾਈਆਂ ਹੋਈਆਂ। 'ਹਿੜ-ਹਿੜ' ਕਰਦੇ ਵਾਈਟ ਹਾਊਸ ਦੇ ਗੇੜੇ ਕੱਢੀ ਜਾਣ। ਤੀਜੇ ਗੇੜੇ 'ਤੇ ਸੀਕਰਿਟ ਸਰਵਿਸ ਵਾਲ਼ਿਆਂ ਨੇ ਮੂਧੇ ਪਾ ਲਏ ਸੀ।"

ਉਸਨੇ ਸਾਨੂੰ 'ਫ਼ੋਰਡ ਥੀਏਟਰ' ਵੀ ਦਿਖਾਇਆ, ਜਿੱਥੇ ਇਬਰਾਹਿਮ ਲਿੰਕਨ ਨੂੰ ਗੋਲ਼ੀ ਮਾਰੀ ਗਈ ਸੀ। ਥੀਏਟਰ ਦੇਖਦੇ ਸਾਰ ਹੀ ਆਦਮੀ ਉਸ ਘਟਨਾ-ਕ੍ਰਮ ਦੀ ਕਲਪਨਾ ਕਰਨ ਲੱਗ ਪੈਂਦਾ ਹੈ। ਖ਼ਿਆਲ ਇਕ ਦਮ ਇਤਿਹਾਸ ਦੀਆਂ ਗਲ਼ੀਆਂ ਵਿਚ ਘੁੰਮਣ ਲੱਗ ਪੈਂਦੇ ਨੇ। ਮੈਂ ਕੁਝ ਦੇਰ ਮੌਨ ਰਿਹਾ ਜਿਵੇਂ ਲਿੰਕਨ ਨੂੰ ਸ਼ਰਧਾਂਜਲੀ ਭੇਟ ਕਰ ਰਿਹਾ ਹੋਵਾਂ।

ਚਹਿਲ ਨੇ ਮਿਊਜ਼ੀਅਮ ਵੀ ਦਿਖਾਏ। ਅਸੀਂ ਭਾਵੇਂ ਦੇਖਣ ਤੋਂ ਨਾਂਹ-ਨੁੱਕਰ ਹੀ ਕਰ ਰਹੇ ਸਾਂ ਕਿਉਂਕਿ ਨਿਊਯਾਰਕ ਵਿਚ ਤਾਂ ਮਿਊਜ਼ੀਅਮ ਦੀ ਟਿਕਟ ਬਹੁਤ ਮਹਿੰਗੀ ਹੁੰਦੀ ਹੈ। ਜਦੋਂ ਸਾਨੂੰ ਪਤਾ ਲੱਗਾ ਕਿ ਵਾਸ਼ਿੰਗਟਨ ਡੀ. ਸੀ. ਵਿਚ ਮਿਊਜ਼ੀਅਮ ਮੁਫ਼ਤ ਹਨ ਤਾਂ ਅਸੀਂ ਇਸ ਬੱਚਤ

ਨੂੰ ਦੂਜੇ ਪਾਸੇ ਖ਼ਰਚਣ ਦੀ ਯੋਜਨਾ ਘੜ ਲਈ। ਵਧੀਆ ਥਾਂ ਤੋਂ ਬਹੁਤ ਹੀ ਪੌਸ਼ਟਿਕ ਖਾਣਾ ਖਾਧਾ। (ਹੋਰ ਉਸਨੂੰ ਅਸੀਂ ਲੁੱਟ ਵੀ ਕਿਵੇਂ ਸਕਦੇ ਸਾਂ ?) ਚਹਿਲ ਖਾਣੇ ਦੌਰਾਨ ਵੀ ਸਾਹਿਤ ਬਾਰੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਿਹਾ। ਉਸਨੂੰ ਜਗਤਾਰ, ਪਾਤਰ, ਜਸਵਿੰਦਰ ਦੇ ਸ਼ਿਅਰਾਂ ਦੇ ਸ਼ਿਅਰ ਯਾਦ ਹਨ।

ਚਹਿਲ ਦੇ ਛੋਟੇ ਭਰਾ ਮੋਹਨ ਨੇ ਸਾਨੂੰ ਕੈਪੀਟਲ ਹਿੱਲ ਦਿਖਾਇਆ। ਨਾਲ਼-ਨਾਲ਼ ਵਿਆਖਿਆ ਕੀਤੀ, "ਤੁਸੀਂ ਕਈ ਵਾਰ ਅਖ਼ਬਾਰਾਂ ਵਿਚ ਪੜ੍ਹਿਆ ਹੋਣਾ, ਸਿੱਖ ਵਾਈਟ ਹਾਊਸ ਗਏ। ਬਹੁਤੀ ਵਾਰ ਕੁਝ ਬੰਦੇ ਆਉਂਦੇ ਐ। ਕੈਪੀਟਲ ਹਿੱਲ ਦੀਆਂ ਇਹਨਾਂ ਪੌੜੀਆਂ ਕੋਲ਼ ਖੜ ਕੇ ਫੋਟੋ ਖਿਚਾਉਂਦੇ ਐ ਤੇ ਅਖ਼ਬਾਰਾਂ 'ਚ ਛਪਵਾਅ ਦਿੰਦੇ ਐ। ਜਿਹਨਾਂ ਲੋਕਾਂ ਨੇ ਕੈਪੀਟਲ ਹਿੱਲ ਦੀ ਇਹ ਇਮਾਰਤ ਨਈਂ ਦੇਖੀ ਉਹਨਾਂ ਨੂੰ ਲੱਗਦੈ ਬਈ ਬੜੀ ਵੱਡੀ ਗੱਲ ਕਰਕੇ ਆਏ ਐ।"

ਚਹਿਲ ਉਹਨੀਂ ਦਿਨੀਂ ਨਹਿਰੀ ਮਹਿਕਮੇ ਵਿਚ ਓਵਰਸੀਅਰ ਸੀ ਜਦੋਂ ਪੰਜਾਬ ਵਿਚ ਖ਼ੂਨ ਦੀਆਂ ਨਹਿਰਾਂ ਵਗ ਰਹੀਆਂ ਸਨ। ਆਪਣੇ ਉਸ ਵੇਲ਼ੇ ਦੇ ਅਨੁਭਵ ਉਸ ਨੇ ਨਾਵਲ 'ਬਲੀ' ਵਿਚ ਬੜੀ ਪ੍ਰਬੀਨਤਾ ਨਾਲ਼ ਪੇਸ਼ ਕੀਤੇ ਹਨ। ਨਾਵਲ ਦਾ ਪਾਤਰ ਸੁਖਚੈਨ ਕਦੇ-ਕਦੇ ਚਹਿਲ ਦਾ ਹੀ ਦੂਜਾ ਰੂਪ ਜਾਪਦਾ ਹੈ।

'ਹੋਣੀ' ਉਸਦੇ ਨਾਵਲ਼ 'ਬਲੀ' ਦਾ ਹੀ ਅਗਲਾ ਹਿੱਸਾ ਹੈ। ਸਾਰੇ ਪਾਤਰ ਓਹੀ ਨੇ। ਉਹ ਤੀਜਾ ਭਾਗ ਲਿਖਣ ਦੀ ਯੋਜਨਾ ਵੀ ਬਣਾਅ ਰਿਹਾ ਸੀ।

ਆਰਥਿਕ ਪੱਖੋਂ ਚਹਿਲ ਬਹੁਤ ਸੌਖਾ ਹੈ ਪਰ ਇਸ ਸੌਖ ਤੱਕ ਪਹੁੰਚਣ ਲਈ ਉਸਨੇ ਕਈ ਕੰਮ ਕੀਤੇ। ਟੈਕਸੀ ਵੀ ਚਲਾਈ ਅਤੇ ਜੇਲ੍ਹ 'ਚ ਬੰਦ ਲੋਕਾਂ ਨੂੰ ਬਾਂਡ ਦੇ ਕੇ ਛੁਡਾਉਣ ਵਾਲ਼ੀ ਏਜੰਸੀ ਵੀ। ਉਹ 'ਬਾਂਡ-ਮੈਨ' ਵਜੋਂ ਜਾਣਿਆਂ ਜਾਂਦਾ ਸੀ। ਕਦੇ-ਕਦੇ ਮੇਰਾ ਦਿਲ ਉਸਨੂੰ ਜੇਮਜ਼-ਬਾਂਡ ਕਹਿਣ ਨੂੰ ਵੀ ਕਰ ਆਉਂਦਾ ਹੈ। 'ਕਰਿਮਿਨਲ' ਲੋਕਾਂ ਨਾਲ਼ ਉਸਦਾ ਸਿੱਧੇ ਤੌਰ 'ਤੇ ਵਾਸਤਾ ਪੈਂਦਾ ਰਿਹਾ ਹੈ। ਉਸ ਕੋਲ਼ ਇਸ ਦਾ ਢੇਰ ਗਿਆਨ ਤੇ ਅਨੁਭਵ ਹੈ। ਆਪਣੀਆਂ ਕਹਾਣੀਆਂ ਵਿਚ ਉਹ ਇਹ ਗਿਆਨ ਸਹਿਜਤਾ ਤੇ ਕਲਾਤਮਕਤਾ ਨਾਲ਼ ਪਰੋਅ ਜਾਂਦਾ ਹੈ। ਇਸੇ ਕਰਕੇ ਉਸਦੀਆਂ ਕਹਾਣੀਆਂ 'ਹਲਕੀਆਂ ਜਾਸੂਸੀ' ਕਹਾਣੀਆਂ ਨਹੀਂ ਸਗੋਂ ਨਰੋਏ ਸਾਹਿਤ ਦਾ ਨਿੱਗਰ ਅੰਗ ਬਣਦੀਆਂ ਹਨ।

ਇਕ ਵਾਰ ਚਹਿਲ ਨੇ ਮੇਰੀ ਕਿਤਾਬ 'ਚੋਂ ਕੁਝ ਸਤਰਾਂ ਗਾ ਕੇ ਸੁਣਾਈਆਂ ਤਾਂ ਮੈਨੂੰ ਪਤਾ ਲੱਗਾ ਕਿ ਉਸਨੂੰ ਗਾਉਣ ਦਾ ਸ਼ੌਕ ਹੈ। ਪੜ੍ਹਦਾ-ਪੜ੍ਹਦਾ ਇਕ ਵਾਰ ਉਹ ਦੀਦਾਰ ਸੰਧੂ ਦਾ ਚੇਲਾ ਬਣਨ ਵੀ ਚਲਾਅ ਗਿਆ ਸੀ। ਦੀਦਾਰ ਬਹੁਤ ਸਿਆਣਾ ਸੀ। ਉਸਨੇ ਚਹਿਲ ਦੀ ਉਮਰ ਦੇਖੀ। ਘਰ ਦੇ ਹਾਲਾਤ ਬਾਰੇ ਗੱਲਾਂ ਕੀਤੀਆਂ ਤੇ ਫਿਰ ਸਲਾਹ ਦਿੱਤੀ- 'ਕਾਕਾ ਪਹਿਲਾਂ ਪੜ੍ਹਾਈ ਪੂਰੀ ਕਰ ਲੈ। ਫਿਰ ਸੋਚੀਂ।'

ਉਹ ਗਾਉਣ ਵਾਲ਼ੇ ਪਾਸੇ ਤਾਂ ਨਾ ਜਾ ਸਕਿਆ ਪਰ ਉਸ ਦੇ ਅੰਦਰ ਇਹ ਸ਼ੌਕ ਇੰਞ ਹੀ ਦੱਬਿਆ ਗਿਆ ਹੈ ਜਿਵੇਂ ਬਰਫ਼ ਹੇਠ ਸਟਰਾਅ-ਬੇਰੀ ਦੀ ਵੇਲ ਦੱਬੀ ਜਾਂਦੀ ਹੈ। ਜਦੋਂ ਬਰਫ਼ ਖੁਰਦੀ ਹੈ ਵੇਲ ਫਿਰ ਹਰੀ ਹੋ ਜਾਂਦੀ ਹੈ। ਇੰਞ ਹੀ ਚਹਿਲ ਅੰਦਰਲਾ ਇਹ ਸ਼ੌਕ ਜਾਗਦਾ ਹੈ। ਉਹ ਮਹਿਫ਼ਲ ਵਿਚ ਕੋਈ ਗ਼ਜ਼ਲ ਜਾਂ ਸਾਹਿਤਕ ਗੀਤ ਸਾਂਝਾ ਕਰ ਲੈਂਦਾ ਹੈ। 'ਇਕ ਪੰਜਾਬੀ' ਸੰਸਥਾ ਰਾਹੀਂ ਹਜ਼ਾਰਾਂ ਦੀ ਗਿਣਤੀ ਵਿਚ ਸਰੋਤੇ ਇਕੱਠੇ ਕਰਕੇ ਗਾਉਣ ਵਾਲ਼ਿਆਂ ਨੂੰ ਜਦੋਂ ਪੇਸ਼ ਕਰਦਾ ਹੈ ਤਾਂ ਜਿਵੇਂ ਉਹਨਾਂ ਗਾਉਣ ਵਾਲ਼ਿਆਂ ਥਾਣੀਂ ਆਪਣੇ-ਆਪ ਨੂੰ ਹੀ ਦੇਖ ਰਿਹਾ ਹੁੰਦਾ ਹੈ।

ਇਕ ਪਾਸੇ ਉਹ ਹਜ਼ਾਰਾਂ ਲੋਕਾਂ ਦੀ ਭੀੜ ਨਾਲ਼ ਜੁੜਿਆ ਹੋਇਆ ਹੈ। ਦੂਜੇ ਪਾਸੇ



ਸਾਹਿਤ ਦੇ ਗੰਭੀਰ ਪਾਠਕਾਂ ਨਾਲ਼। ਇਹ ਤਵਾਜ਼ਨ ਕਾਇਮ ਰੱਖਣ ਦਾ ਹੁਨਰ ਉਸੇ ਨੂੰ ਹੀ ਆਉਂਦਾ ਹੈ।

"ਸੋਹਲ ਸਾਹਿਬ ਤੁਸੀਂ ਮੇਰੀਆਂ ਰਚਨਾਵਾਂ ਪੜ੍ਹ ਕੇ ਪਾਸ ਕਰਦੇ ਓਂ। ਚੂੱਕੋ ਚਿਕਨ ਦੀ ਲੱਤ ਤੇ ਪਾਸ ਕਰੋ ਭੁੱਜੇ ਜ਼ੀਰੇ ਦੇ ਫ਼ਲੇਵਰ ਦੀ ਰੈਸਪੀ," ਨੈਪਕਨ ਨਾਲ਼ ਹੱਥ ਪੂੰਝਦੇ ਹੋਏ ਚਹਿਲ ਨੇ ਮੇਰੇ ਵੱਲ ਦੇਖਿਆ।

ਜ਼ੀਰੇ ਦੇ ਫ਼ਲੇਵਰ ਨੇ ਚਿਕਨ ਦਾ ਜ਼ਾਇਕਾ ਓਨਾ ਹੀ ਵਿਲੱਖਣ ਬਣਾਅ ਦਿੱਤਾ ਸੀ ਜਿੰਨਾ ਵਿਲੱਖਣ ਜ਼ਾਇਕਾ ਉਸਦੀ ਲਿਖਤ ਦਾ ਹੈ।

---

**ਪੰਨਾ ਨੰ. 114 ਦਾ ਬਾਕੀ**

ਮਾਂ ਮੇਰੀ ਨੂੰ ਆਖਣ ਲੱਗੀ, "ਉਰਾਂਹ ਆਈਂ ਕੁੜੀਏ ਗੁਲ ਬੀਬਾਂ। ਮੈਂ ਅੱਜ ਇੱਕ ਗੱਲ ਕਰਨੀ ਏਂ ਤੇਰੇ ਨਾਲ਼।" ਉਹ ਚੁੰਨ੍ਹੀਆਂ ਅੱਖਾਂ ਵਿਚੋਂ ਵੇਖਣ ਦਾ ਜਤਨ ਕਰਦੀ ਬੋਲੀ।

ਮਾਂ ਮੇਰੀ ਅੰਦਰ ਧੋਤੇ ਕੱਪੜੇ ਧਰ ਕੇ ਛੇਤੀ ਨਾਲ਼ ਪਰਤ ਆਈ ਤੇ ਦੂਜੀ ਪੀੜ੍ਹੀ ਲੈ ਕੇ ਅੰਮਾਂ ਰਲੀ ਦੇ ਕੋਲ਼ ਹੋ ਬੈਠੀ।

ਅੰਮਾਂ ਰਲੀ ਬੜੇ ਗੰਭੀਰ ਅਲਾਅ ਨਾਲ ਬੋਲੀ, "ਧੀਏ ਮੈਂ ਬੜਾ ਸੋਚਦੀ ਰਹਿਣੀ ਆਂ....ਕਈਂ ਵਾਰੀਂ ਰਾਤਾਂ ਨੂੰ ਜਾਗ ਕੇ ਵੀ, ਪਰ ਮੈਨੂੰ ਸਮਝ ਨਹੀਂ ਆਉਂਦੀ। ਪਰ ਕੀ ਕਰਾਂ ਸੋਚ ਮੇਰੀ ਜਾਨ ਨਹੀਂ ਛੱਡਦੀ। ਲਗਦਾ ਏ ਮੋਇਆਂ ਵੀ ਏਸ ਸੁਖ ਨਹੀਂ ਲੈਣ ਦੇਣਾ। ਤੂੰ ਆਖੇਂ ਗੀ ਇਹਨੂੰ ਐਡੀ ਕਿਹੜੀ ਸੋਚ ਹੋ ਸਕਦੀ ਏ ਧੋਬਣ ਜ਼ਾਤ ਨੂੰ.... ਆਹੋ ਠੀਕ ਏ। ਚੱਲ ਤੂੰ ਈ ਦੱਸ ਹਾਂ ਮੈਨੂੰ, ਸਾਡੇ ਉਜਾੜੇ ਖੁਣੋਂ ਕੀ ਥੁੜਿਆ ਸੀ ਇਹਨਾਂ ਦਾ ?"

ਅੰਮਾਂ ਰਲੀ ਦੀਆਂ ਚੁੰਨ੍ਹੀਆਂ ਅੱਖਾਂ ਹੋਰ ਛੋਟੇਰੀਆਂ ਹੋ ਗਈਆਂ ਤੇ ਮੂੰਹ ਉੱਤੇ ਝੁਰੜੀਆਂ ਦਾ ਜਾਲ਼ ਬਾਹਲ਼ਾ ਈ ਸੰਘਣਾ ਹੋ ਗਿਆ।

ਮਾਂ ਮੇਰੀ ਡੌਰ ਬਾਓਰੀ ਹੋ ਗਈ।

---

## ਗ਼ਜ਼ਲ/ਡਾ. ਸ਼ਸ਼ੀ ਕਾਂਤ ਉੱਪਲ

ਕੋਈ ਸਮਝਾਏ ਕਿ ਦੁਨੀਆ ਕੀ ਹੈ।
ਹੋ ਰਿਹਾ ਹੈ ਜੋ ਤਮਾਸ਼ਾ ਕੀ ਹੈ।

ਸਾਥ ਹੋਵੇ ਜੇ ਤਿਰਾ ਤਾਂ ਯਾਰਾ,
ਕੀ ਹੈ ਮੰਜ਼ਿਲ ਤੇ ਇਹ ਰਸਤਾ ਕੀ ਹੈ।

ਜੋ ਛੁਪਾਉਂਦਾ ਸੀ ਜ਼ਮਾਨਾ ਕੀ ਸੀ,
ਜੋ ਵਿਖਾਉਂਦਾ ਹੈ ਜ਼ਮਾਨਾ ਕੀ ਹੈ।

ਕੁਝ ਵੀ ਸੌਖਾ ਨਹੀਂ ਜੇਕਰ ਇੱਥੇ,
ਇਹ ਤਾਂ ਸਮਝਾਓ ਕਿ ਔਖਾ ਕੀ ਹੈ।

ਖ਼ੁਦ ਡਬੋਇਆ ਹੈ ਸਫ਼ੀਨਾ ਅਪਣਾ,
ਸਾਹਮਣੇ ਅਪਣੇ ਇਹ ਦਰਿਆ ਕੀ ਹੈ।

ਸੇਕ ਆਉਂਦਾ ਹੈ ਬਦਨ ਤੋਂ ਮੇਰੇ,
ਖ਼ੂਨ ਵਿਚ ਮੇਰੇ ਇਹ ਧੁਖਦਾ ਕੀ ਹੈ।

# ਅਲਵਿਦਾ ਬਿੱਕਰ ਸਿੰਘ/ਗੁਰਮੀਤ ਕੜਿਆਲਵੀ

ਬਿੱਕਰ ਸਿੰਘ ਦੀ ਦੇਹ ਸਵੇਰ ਤੋਂ ਹੀ ਪਾਰਟੀ ਦੇ ਝੰਡੇ ਦੀ ਉਡੀਕ ਕਰ ਰਹੀ ਸੀ।

"ਤਾਈ ! ਕਿਉਂ ਮਿੱਟੀ ਖ਼ਰਾਬ ਕਰਦੀ ਏਂ ਤਾਏ ਦੀ ? ਕਿਸੇ ਨ੍ਹੀਂ ਆਉਣਾ। ਜੇ ਆਉਣਾ ਹੁੰਦਾ ਹੁਣ ਨੂੰ ਆ ਜਾਂਦੇ। ਸਵੇਰੇ ਸਾਝਰੇ ਦਾ ਸੁਨੇਹਾ ਲੱਗਾ। ਕੋਈ ਲਹੌਰ ਤੋਂ ਨ੍ਹੀਂ ਸੀ ਆਉਣਾ ਉਹਨਾਂ ਨੇ। ਹਾਅ ਦਸ ਮੀਲ ਵਾਟ ਨ੍ਹੀਂ ਹੋਣੀ। ਮੈਨੂੰ ਤਾਂ ਨਹੀਂ ਲੱਗਦਾ ਕੋਈ ਆਵੇ।" ਬਿੱਕਰ ਸਿੰਘ ਦੇ ਭਤੀਜੇ ਅਜਮੇਰ ਨੇ ਦੋ-ਤਿੰਨ ਵਾਰ ਆਪਣੀ ਤਾਈ ਨਸੀਬ ਕੌਰ ਨੂੰ ਆਖਿਆ ਸੀ।

"ਵੇ ਪੁੱਤ ! ਡੀਕ ਲੋ ਘੜੀ-ਬਿੰਦ। ਸ਼ੈਂਤ ਆ ਈ ਜਾਣ। ਸ਼ੈਂਤ ਕੀ ਮੇਰੀ ਜਾਣ ਆਉਣਗੇ ਈ ਆਉਣਗੇ। ਆਉਣਗੇ ਕਿਉਂ ਨ੍ਹੀਂ ? ਜਾਣ ਆਲੇ ਨੇ ਸਾਰੀ ਉਮਰ ਤਾਂ ਲਾਤੀ ਸੀ ਪਾਲਟੀ ਖਾਤਰ। ਜੇ ਜਾਂਦੀ ਵਾਰ ਉਹਨੂੰ ਪਾਲਟੀ ਝੰਡਾ ਵੀ ਨਾ ਜੁੜ੍ਹਿਆ, ਜਾਣੀਦਾ ਉਹਦੀ ਗਤੀ ਨ੍ਹੀਂ ਹੋਣੀ। ਰੂਹ ਪਿੱਛੇ ਈ ਭਟਕਦੀ ਰਹੂ।"

ਨਸੀਬ ਕੌਰ ਸੱਥਰ 'ਤੇ ਬੈਠੀਆਂ ਬੁੜੀਆਂ 'ਚੋਂ ਉੱਠ ਕੇ ਕਈ ਵਾਰ ਗੇਟ ਤੱਕ ਜਾ ਆਈ ਸੀ।

ਬਿੱਕਰ ਸਿੰਘ ਦੀਆਂ ਧੀਆਂ, ਜਵਾਈ ਅਤੇ ਸ਼ਰੀਕੇ-ਕਬੀਲੇ ਦੇ ਲੋਕ, ਹੋਰ ਜ਼ਿਆਦਾ ਇੰਤਜ਼ਾਰ ਕਰਨ ਦੇ ਪੱਖ ਵਿੱਚ ਨਹੀਂ ਸਨ। ਉਸਦੀ ਮੌਤ ਹੋਈ ਨੂੰ ਪੰਦਰਾਂ-ਸੋਲਾਂ ਘੰਟੇ ਦੇ ਕਰੀਬ ਹੋ ਚੁੱਕੇ ਸਨ। ਪਿੰਡ ਦੀ ਕਲੱਬ ਦੇ ਕੁੱਝ ਨੌਜਵਾਨਾਂ ਨੇ ਬਰਫ ਲਿਆ ਕੇ ਲੋਥ ਨਾਲ ਰੱਖ ਦਿੱਤੀ ਸੀ ਪਰ ਭਾਦੋਂ ਦੀ ਗਰਮੀ ਅਤੇ ਸਲਾਬੇ ਵਾਲੇ ਮੌਸਮ ਵਿੱਚ ਲੋਥ ਦੇ ਖ਼ਰਾਬ ਹੋਣ ਦਾ ਡਰ ਬਣਿਆ ਹੀ ਹੋਇਆ ਸੀ।

"ਵੇ ਜਮੇਰ ! ਪੁੱਤ ਸੁਨੇਹਾ ਤਾਂ ਠੀਕ ਲਾਤਾ ਸੀ ਕਨ੍ਹੀ ?"

ਅਜਮੇਰ ਤਾਈ ਦੀ ਇਸ ਪੁੱਛ ਨਾਲ ਵੱਟ ਖਾ ਗਿਆ ਸੀ।

"ਕੋਈ ਇੱਕ ਸੁਨੇਹਾ ? ਸੁਨੇਹੇ ਤਾਂ ਤਾਈ ਦੋ-ਦੋ ਲਾਏ ਆ। ਜੇ ਹੁਣ ਤੈਨੂੰ ਯਕੀਨ ਈ ਨ੍ਹੀਂ ਸਾਡੇ 'ਤੇ; ਫੇਰ ਤਾਂ ਕੀ ਹੱਲ ਐ। ਮੈਂ ਤਾਂ ਟਿੱਕੀ ਨ੍ਹੀਂ ਸੀ ਚੜ੍ਹਨ ਦਿੱਤੀ ਜਦੋਂ ਟਿੰਮੀ ਨੂੰ ਮੋਟਰ ਸਾਈਕਲ ਦੇ ਕੇ ਭੇਜਤਾ। ਵਿਚਾਰੇ ਨੂੰ ਚੱਜ ਹਾਲ ਨਾਲ ਚਾਹ-ਪਾਣੀ ਵੀ ਨ੍ਹੀਂ ਪੀਣ ਦਿੱਤਾ। ਕੱਲੇ-ਕੱਲੇ ਨੂੰ ਉਹ ਸੁਨੇਹਾ ਲਾ ਕੇ ਆਇਆ। ਬਲਾਕ ਸੈਕਟਰੀ ਨੂੰ ਅੱਡ, ਤਸੀਲ ਸੈਕਟਰੀ ਨੂੰ ਅੱਡ। ਜ਼ਿਲ੍ਹਾ ਕਮੇਟੀ ਨੂੰ ਤਾਂ ਕਹਿ ਕੇ ਆਇਆ। ਹੁਣ ਆਉਣਾ ਨਾ ਆਉਣਾ ਤਾਂ ਅਗਲਿਆਂ ਦੀ ਮਰਜ਼ੀ। ਕੋਈ ਮੱਲੋ ਜ਼ੋਰੀ ਚੱਕ ਕੇ ਤਾਂ ਲਿਆਉਣੋ ਰਿਹਾ।"

"ਅੱਬਲ ਦੀ ਤਾਂ ਜ਼ਿਲ੍ਹੇ ਆਲੇ ਆਉਂਦੇ। ਚੱਲ ਜੇ ਉਹ ਨ੍ਹੀਂ ਆਏ ਤਸੀਲ ਆਲੇ ਈ ਆ ਜਾਂਦੇ। ਵੱਡੜੇ ਬਲਾਕ ਆਲੇ ਈ ਆਉਂਦੇ। ਹੋਰ ਨ੍ਹੀਂ ਤਾਂ ਹਾਅ ਕਿਸਾਨ ਸਭਾ ਆਲੇ ਈ ਆ ਜਾਂਦੇ। ਵਿਚਾਰੇ ਦੀ ਦੇਹ ਨੂੰ ਦੋ ਗਜ਼ ਲੀੜਾ ਜੁੜ ਜਾਂਦਾ ਪਾਲਟੀ ਆਲਾ।"

ਨਸੀਬ ਕੌਰ ਦੀ ਆਵਾਜ਼ ਦਰਦ ਵਿੱਚ ਰੁੰਨੀ ਪਈ ਸੀ।

"ਡੀਕਲੋ ਬਈ ਜੁਆਨੋ—ਡੀਕਲੋ ਮੇਰਾ ਸ਼ੇਰ। ਜਿਥੇ ਐਨਾ ਚਿਰ 'ਡੀਕ ਕਰਲੀ, ਉੱਥੇ ਘੜੀ ਬਿੰਦ ਹੋਰ ਨਿਕਲ ਜੂ। ਇਹ ਤਾਂ ਹੁਣ ਮਿੱਟੀ ਐ ਘੜੀ ਪਹਿਲਾਂ ਕਿਉਂਟ ਲੀ—ਪਿੱਛੋਂ ਕਿਉਂਟ ਲੀ, ਕੋਈ ਫਰਕ ਨ੍ਹੀਂ।"

ਬਜ਼ੁਰਗ ਦੱਮਣ ਨੇ ਸਸਕਾਰ ਦੇ ਪ੍ਰਬੰਧਾਂ ਵਿੱਚ ਲੱਗੇ ਨੌਜਵਾਨਾਂ ਨੂੰ ਆਖਦਿਆਂ, ਜਿਵੇਂ



ਨਸੀਬ ਕੌਰ ਨੂੰ ਵੀ ਰੁੱਕ ਜਾਣ ਦਾ ਵਿਸ਼ਵਾਸ ਦੁਆ ਦਿੱਤਾ ਸੀ,

"ਭਾਈ ਨਸੀਬ ਕੁਰੇ ! ਦਿਲ ਰੱਖ। 'ਡੀਕ ਲੈਂਦੇ ਹਜੇ ਹੋਰ ਕੁੱਛ ਚਿਰ।"

"ਵੇਖਲੋ ਉਹੀ ਬੰਦਾ ਹੁੰਦਾ, ਉਹੀ ਘਰ ਹੁੰਦਾ ਜਿੱਥੇ ਸਾਰੀ ਉਮਰ ਕੱਢੀ ਹੁੰਦੀ ਐ। ਸੁਆਸ ਮਗਰੋਂ ਨਿਕਲਦੇ ਐ ਤੇ ਚੱਕਲੋ ਚੱਕਲੋ ਪਹਿਲਾਂ ਹੋ ਜਾਂਦੀ। ਘੜੀ ਪਹਿਰ ਰੱਖਣਾ ਵੀ ਔਖਾ ਹੋ ਜਾਂਦਾ। ਏਹੀ ਜਗਤ ਰਵੀਰਾ ਬਣਿਆ ਤੁਰਿਆ ਆਉਂਦਾ ਮੁੱਢੋ-ਮੁੱਢੀ। ਜੱਗ ਹੈ ਈ ਚਲੋ ਚਲੀ ਦਾ ਮੇਲਾ।" ਸੱਥਰ 'ਤੋਂ ਬਿੱਕਰ ਦਾ ਪੁਰਾਣਾ ਬੇਲੀ, ਪਾਠੀਆਂ ਦਾ ਮੋਹਣੀ ਡੂੰਘੇ ਦੁੱਖ 'ਚੋਂ ਬੋਲਿਆ ਸੀ।

ਸੱਥਰ 'ਤੇ ਬੈਠੇ ਬੰਦਿਆਂ 'ਚੋਂ ਬਹੁਤਿਆਂ ਦੀ ਨਿਗਾਹ ਵਾਰ-ਵਾਰ ਗੁੱਟ 'ਤੇ ਬੰਨ੍ਹੀ ਘੜੀ ਵੱਲ ਜਾ ਰਹੀ ਸੀ। ਦਰਅਸਲ ਬਹੁਤਿਆਂ ਦਾ ਪੱਠੇ-ਨੀਰੇ ਦੇ ਕੰਮ ਦਾ ਵਕਤ ਹੋ ਗਿਆ ਸੀ। ਕੁੱਝ ਦਾ ਧਿਆਨ ਸੱਥ ਆਲੀ ਧਰਮਸ਼ਾਲਾ ਵਿੱਚ ਚੱਲਦੀ ਤਾਸ਼ ਦੀ ਬਾਜ਼ੀ ਵਿੱਚ ਉਲਝਿਆ ਪਿਆ ਸੀ।

"ਭੂਆ ਜੀ , ਸਾਨੂੰ ਤਾਂ ਛੇਤੀ ਮੁੜਨਾ ਪੈਣਾ। ਅਸਲ ਵਿੱਚ ਬੱਚਿਆਂ ਦੀ ਸਕੂਲ ਵੈਨ ਚਾਰ ਵਜੇ ਆ ਜਾਂਦੀ ਐ। ਅਸੀਂ ਆਉਣ ਲੱਗੇ ਘਰੋਂ ਕਾਹਲੀ-ਕਾਹਲੀ ਆਗੇ। ਕਿਸੇ ਆਂਡ-ਗੁਆਂਢ ਨੂੰ ਵੀ ਨਹੀਂ ਦੱਸ ਹੋਇਆ। ਬੱਚੇ ਸਕੂਲੋਂ ਆ ਕੇ ਘਰ ਇਕੱਲੇ ਹੋਣਗੇ। ਭੂਆ ਜੀ ਥੋਨੂੰ ਤਾਂ ਪਤਾ ਈ ਐ, ਅਸੀਂ ਜਿੱਥੇ ਰਹਿੰਨੇ ਆਂ, ਉਹਦੇ ਨੇੜੇ-ਤੇੜੇ ਬਾਹਰਲੇ ਸੂਬਿਆਂ ਆਲੀ ਲੇਬਰ ਰਹਿੰਦੀ ਏ। ਸਹੀ ਪੁੱਛੋਂ, ਸਾਨੂੰ ਤਾਂ ਡਰ ਲੱਗਾ ਰਹਿੰਦਾ। ਅਸੀਂ ਤਾਂ ਵਿਸਾਹ ਨ੍ਹੀਂ ਖਾਂਦੇ ਕਦੇ ਕਿਸੇ ਦਾ।"

ਨਸੀਬ ਕੌਰ ਦੀ ਭਤੀਜ ਨੂੰਹ ਨੇ ਆਪਣੀ ਮਜਬੂਰੀ ਦੱਸੀ ਸੀ ਤਾਂ ਕਈ ਚਿਰਾਂ ਦੇ ਉਸਲਵੱਟੇ ਲੈ ਰਹੇ ਬੰਦਿਆਂ 'ਚੋਂ ਕਈਆਂ ਨੇ ਆਪਣੀਆਂ ਮਜਬੂਰੀਆਂ ਸੁਣਾਉਂਦਿਆਂ ਸਸਕਾਰ ਵਿਚ ਹੋਰ ਦੇਰੀ ਨਾ ਕਰਨ ਲਈ ਆਖਣਾ ਸ਼ੁਰੂ ਕਰ ਦਿੱਤਾ ਸੀ।

"ਬੀਜੀ, ਦਰਅਸਲ ਸਾਡੇ ਵੀ ਨਾ ਅੱਜ ਤਿਹਾੜੇ ਵਾਲੀ ਮਾਸੀ ਜੀ ਦੇ ਨੂੰਹ-ਪੁੱਤ ਨੇ ਆਉਣਾ ਸੀ। ਦੋਵੇਂ ਜੀਅ ਕਈ ਸਾਲਾਂ ਦੇ ਕਨੇਡਾ ਵਿੱਚ ਪੱਕੇ ਆ। ਥੋੜ੍ਹੇ ਦਿਨ ਹੋਏ ਕਿਸੇ ਵਿਆਹ 'ਤੇ ਮਿਲੇ ਸੀ। ਉਥੇ ਈ ਅਸੀਂ ਵੀ ਉਹਨਾਂ ਨੂੰ ਘਰੇ ਆਉਣ ਦਾ ਸੱਦਾ ਦੇਤਾ। ਹੁਣ ਕੀ ਪਤਾ ਸੀ ਆਏ ਹੋਜੂ। ਅਗਾਂਹ ਆਲੇ ਸਮੇਂ ਦਾ ਨ੍ਹੀਂ ਪਤਾ ਹੁੰਦਾ ਨਾ ਕਿਸੇ ਨੂੰ। ਨਹੀਂ ਬੰਦਾ ਕਾਹਨੂੰ ਆਖਦਾ ਕਿਸੇ ਨੂੰ ਆਉਣ ਆਸਤੇ।" ਬਿੱਕਰ ਸਿੰਘ ਦੇ ਵੱਡੇ ਭਰਾ ਦੇ ਸ਼ਹਿਰ ਰਹਿੰਦੇ ਮਾਸਟਰ ਪੁੱਤ ਦੀ ਘਰਵਾਲੀ ਪਤੀ ਨੂੰ ਕਈ ਵਾਰ ਚੱਲਣ ਲਈ ਆਖ ਚੁੱਕੀ ਸੀ।

ਨਸੀਬ ਕੌਰ ਦਾ ਮਨ ਕੀਤਾ ਸਭ ਨੂੰ ਆਖ ਦੇਵੇ, "ਜਾਓ ਭਾਈ, ਜਾਓ ਸਾਰੇ। ਜੀਹਨੂੰ ਬਾਹਲੀ ਕਾਹਲੀ ਐ ਵਗਜੋ। ਮੈਨੂੰ ਉੱਕਾ ਤਰਾਜ਼ ਨ੍ਹੀਂ। ਜਮ੍ਹਾਂ ਗੁੱਸਾ ਨ੍ਹੀਂ ਕਰਦੀ ਪਰ ਹਾਅ ਕਾਹਲੀ ਜਈ ਨਾ ਪਾਓ। ਮੇਰਾ ਵੱਸ ਚੱਲੇ ਤਾਂ ਜਿਉਣ ਜੋਗੇ ਨੂੰ ਆਏ ਪਿਆ ਰਹਿਣ ਦਿਆਂ। ਮੇਰਾ ਤਾਂ ਇਹਦੇ ਨਾਲ ਈ ਜੱਗ ਵੱਸਦਾ ਸੀ। ਧੀਆਂ-ਪੁੱਤਾਂ 'ਤੇ ਕਾਹਦਾ ਮਾਣ ? ਸਿਰ ਦੇ ਸਾਈਂ ਬਿਨਾਂ ਕੋਈ ਨ੍ਹੀਂ ਪੁੱਛਦਾ ?"

ਪਰ ਉਹ ਚੁੱਪ ਰਹੀ। ਅੱਖਾਂ 'ਚੋਂ ਹੜ ਵਾਗੂੰ ਵਗ ਤੁਰੇ ਹੰਝੂਆਂ ਨੂੰ ਸਿਰ ਉਤਲੀ ਚੁੰਨੀ ਨਾਲ ਬੋਚ ਲਿਆ ਸੀ।

ਨਸੀਬ ਕੌਰ ਨੂੰ ਅਜੇ ਕੱਲ੍ਹ ਦੀ ਗੱਲ ਲੱਗਦੀ ਸੀ ਜਦੋਂ ਉਹ ਤਿੰਨੀਂ ਕੱਪੜੀਂ ਇਸ ਘਰ 'ਚ ਆਈ ਸੀ। ਬਿੱਕਰ ਸਿੰਘ ਉਦੋਂ ਪਾਰਟੀ ਦੇ ਕੰਮਕਾਰ ਵਿਚ ਉਹਨਾਂ ਦੇ ਘਰ ਆਉਂਦਾ-ਜਾਂਦਾ

ਰਹਿੰਦਾ ਸੀ। ਬਿੱਕਰ ਦੇ ਘਰਦਿਆਂ ਨਾਲ ਗੱਲ ਚਲਾਉਣ ਲਈ ਵਿਚੋਲਗਿਰੀ ਦਾ ਕੰਮ ਵੀ ਪਾਰਟੀ ਵਿੱਚ ਕੰਮ ਕਰਦੇ ਤੇਜਾ ਸਿਹੁੰ ਨੇ ਹੀ ਕੀਤਾ ਹੀ। ਤੇਜਾ ਸਿੰਘ ਦੀ ਫੁਰਤੀ, ਚੁਸਤੀ ਅਤੇ ਮਿਹਨਤ ਕਰਕੇ ਨਾਲ ਦੇ ਉਸਨੂੰ ਕਈ ਵਾਰ 'ਛੋਟਾ ਸੁਤੰਤਰ' ਆਖ ਦਿਆ ਕਰਦੇ ਸਨ।

"ਸਾਨੂੰ ਕੀ ਤਰਾਜ ਐ ? ਨਾਲੇ ਇਹਨੂੰ ਵੇਹਲੜ ਨੂੰ ਹੋਰ ਕਿਸੇ ਕਬੀਲਦਾਰ ਨੇ ਤਾਂ ਕੁੜੀ ਦੇਣੀ ਨ੍ਹੀਂ। ਕੋਈ ਏਦ੍ਹੇ ਅਰਗਾ ਪਾਲਟੀ ਵਰਕਰ ਈ ਬੇੜੀ ਬੰਨੇ ਲਾਊ। ਰਿਸ਼ਤੇ ਲਈ ਹਾਂ ਕਰਾਉਣ ਆਇਆਂ ਨੂੰ ਬਿੱਕਰ ਦੇ ਬਾਪ ਨੇ ਇਕ ਵਾਰ ਤਾਂ ਭਜਾਉਣਾ ਚਾਹਿਆ ਸੀ।"

"ਊਂ ਇੱਕ ਗੱਲ ਦੱਸੋ, ਕਮਾਉਂਦਾ ਨ੍ਹੀਂ ਧਮਾਉਂਦਾ ਨ੍ਹੀਂ, ਬੇਗਾਨੀ ਧੀਅ ਨੂੰ ਖਵਾਊ ਕੀ ? ਪਾਠੀ ਬੋਲਣ ਤੋਂ ਲੈਕੇ ਸੌਣ ਤੱਕ ਤਾਂ ਥੋਡੇ ਨਾਲ ਤੁਰਿਆ ਰਹਿੰਦਾ। ਬਾਕੀ ਮੈਨੂੰ ਤਾਂ ਨ੍ਹੀਂ ਲੱਗਦਾ ਕੋਈ ਕੰਮਕਾਰ ਕਰੂ ਅਗਾਂਹ ਨੂੰ ਵੀ।"

"ਜਿਹੜੇ ਭੜੋਲੇ 'ਚੋਂ ਥੋਡੇ ਟੱਬਰ ਦੇ ਬਾਕੀ ਜੀਅ ਖਾਂਦੇ, ਉਥੋਂ ਵਿਚਾਰੀ ਉਹ ਖਾ ਲਿਆ ਕਰੂ ਦੋ ਮੰਨੀਆਂ। ਇੱਕ ਜੀਅ ਦੇ ਰੋਟੀ ਟੁੱਕ ਨਾਲ ਕੋਈ ਨੀ ਘਰ ਦੀ ਗੁੱਠ ਨੀਵੀਂ ਪੈਂਦੀ। ਦੂਲਾ ਸਿੰਹੁ ਦੀ ਧੀ ਐ, ਸਚਿਆਰੀ ਤਾਂ ਹੋਊ ਈ ਹੋਊ। ਜੇ ਕੋਈ ਕਲਾ ਹੋਈ ਕੁੜੀ 'ਚ, ਥੋਡੇ ਤਾਂ ਢਿੱਡ 'ਚ ਵੜਜੂ।"

ਤੇਜਾ ਸਿੰਘ ਵਰਗਿਆਂ ਨੇ ਬਿੱਕਰ ਦੇ ਬਾਪ ਨੂੰ ਕਿਸੇ ਵੀ ਸੰਨ੍ਹ ਨਿਕਲਣ ਨਹੀਂ ਸੀ ਦਿੱਤਾ।

ਸੱਚਮੁੱਚ ਦੂਲਾ ਸਿੰਹੁ ਦੀ ਧੀ ਸਚਿਆਰੀ ਨਿਕਲੀ ਸੀ। ਸਹੁਰੇ ਘਰ ਦਾ ਸਾਰਾ ਕੰਮ ਹੀ ਜਿਵੇਂ ਉਸਨੇ ਆਪਣੇ ਮੋਢਿਆਂ 'ਤੇ ਚੁੱਕ ਲਿਆ ਸੀ। ਬਿੱਕਰ ਸਿੰਘ ਤਾਂ ਪਾਰਟੀ ਕੰਮਾਂ ਲਈ ਅਸਲੋਂ ਵਿਹਲਾ ਹੋ ਗਿਆ ਸੀ।

"ਤੂੰ ਜੀ ਪਾਲਟੀ ਆਲਾ ਕੰਮ ਵੀ ਕਰੀ ਜਾਹ ਤੇ ਗਾਂਹ ਵੀ ਕੋਈ ਵੱਡੀ ਭੜ੍ਹਾਈ ਕਰਲਾ। ਮੇਰੀ ਜਾਣੇ ਮਛਟਰੀ ਸਾਰਿਆਂ 'ਤੋਂ ਉੱਤੇ ਦੀ ਐ। ਨਾਲੇ ਮੇਰੇ ਅਰਗੀ ਨਪੜ੍ਹ ਬਿਨਾਂ ਲਿਖਿਆਂ-ਪੜ੍ਹਿਆਂ ਮਛਟਰਨੀ ਹੋਜੂ। ਨਾਲੇ ਜੀ ਥੋਤੋਂ ਖੇਤੀ-ਬੰਨ੍ਹੀ ਕੰਮ ਨ੍ਹੀਂ ਹੋਣਾ।" ਤਾਰਿਆਂ ਨਾਲ ਭਰੇ ਅਸਮਾਨ ਦੀ ਛੱਤਰੀ ਥੱਲੇ, ਕੋਠੇ 'ਤੇ ਪਿਆਂ ਨਸੀਬ ਕੌਰ ਨੇ ਪਤੀ ਦੇਵ ਨੂੰ ਆਖਿਆ ਸੀ।

ਗੱਲ ਬਿੱਕਰ ਦੇ ਮਨ ਨੂੰ ਵੀ ਜਾ ਲੱਗੀ ਸੀ। ਉਹਨੀਂ ਦਿਨੀਂ ਪਿੰਡ-ਪਿੰਡ 'ਛੋਟੇ ਸਕੂਲ' ਖੁੱਲ੍ਹ ਰਹੇ ਸਨ ਜਿਨ੍ਹਾਂ ਵਿੱਚ ਪੜ੍ਹਾਉਣ ਵਾਸਤੇ ਅਧਿਆਪਕਾਂ ਦੀ ਬੜੀ ਲੋੜ ਸੀ। ਮਾਸਟਰ ਬਣਾਉਣ ਲਈ ਸਰਕਾਰ ਨੇ ਵੱਡੇ ਪਿੰਡਾਂ ਦੇ ਹਾਈ ਸਕੂਲਾਂ ਵਿੱਚ ਜੇ ਬੀ ਟੀ ਕਰਾਉਣ ਦਾ ਪ੍ਰਬੰਧ ਕਰ ਦਿੱਤਾ ਸੀ। ਤੀਜੇ ਦਰਜੇ ਵਿੱਚ ਪਾਸ ਹੋਏ ਕੁੜੀਆਂ-ਮੁੰਡੇ ਵੀ ਧੜਾਧੜ ਜੇ ਬੀ ਟੀ ਕੋਰਸ ਵਿੱਚ ਦਾਖਲਾ ਲੈਣ ਲੱਗੇ ਸਨ, ਬਿੱਕਰ ਤਾਂ ਫੇਰ ਸੈਕਿੰਡ ਡਿਵੀਜ਼ਨ ਵਿੱਚ ਦਸਵੀਂ ਪਾਸ ਕਰੀ ਫਿਰਦਾ ਸੀ।

"ਸਾਰੀ ਸਾਲ-ਛੀ ਮੀਨ੍ਹਿਆਂ ਦੀ ਤਾਂ ਗੱਲ ਐ ਜੀ। ਨਾਲੇ ਜੀ ਦਾਖਲੇ ਆਸਤੇ ਪੈਸੇ ਧੇਲੇ ਦਾ ਫਿਕਰ ਨਾ ਕਰਿਓ। ਆਪਾਂ ਕੋਈ ਟੂੰਮ ਰੱਖ ਦਿਆਂਗੇ ਸੁਨਿਆਰੇ ਕੋਲ। ਬਾਹਲੀ ਥੁੜੋਂ ਲੱਗਦੀ ਦਿਸੀ ਬਾਪੂ ਕੋਲੇ ਵਗਜੂੰ। ਫਿਰ ਦਾਸੇ-ਬੀਸੇ ਤੋਂ ਤਾਂ ਚਾਚੇ ਹੋਰੀਂ ਵੀ ਨ੍ਹੀਂ ਭੱਜਦੇ।" ਬਿੱਕਰ ਹੁਣਾਂ ਦੀ ਰੀਸੇ ਨਸੀਬ ਕੌਰ ਵੀ ਸਹੁਰੇ ਨੂੰ ਚਾਚਾ ਕਹਿਣ ਲੱਗੀ ਸੀ। ਅਨਪੜ੍ਹ ਪਤਨੀ ਦੀਆਂ ਸਿਆਣਪ ਭਰੀਆਂ ਗੱਲਾਂ ਸੁਣ ਕੇ ਬਿੱਕਰ ਖੁਸ਼ ਹੋਣ ਦੇ ਨਾਲ ਨਾਲ ਹੈਰਾਨ ਵੀ ਹੋਇਆ ਸੀ।



"ਨਸੀਬ ਕੁਰੇ ! ਭਾਈ ਕੁੜੀਏ, ਇਹਦੇ ਚਾਲੇ ਤਾਂ ਲੱਗਦੇ ਨ੍ਹੀਂ ਪੜ੍ਹਨ-ਪੜ੍ਹਾਉਣ ਆਲੇ। ਮੇਰੇ ਸਾਬ੍ਹ ਨਾਲ ਐਮੇ ਪੈਹੇ ਪੱਟਣ ਆਲੀ ਗੱਲ ਐ। ਪਰ ਫੇਰ ਵੀ ਜਿਮੇ ਥੋਡੀ ਮਰਜ਼ੀ। ਸ਼ੈਂਤ ਬੰਦਾ ਬਣ ਈ ਜਾਵੇ।" ਬਿੱਕਰ ਦੇ ਪਿਉ ਨੇ ਅੱਧ-ਪਚੱਧੀ ਸਹਿਮਤੀ ਦਿੰਦਿਆਂ ਆਖਿਆ ਸੀ।

"ਚਾਚਾ, ਜੇ ਹਿੰਮਤ ਮਾਰਲੂ ਤਾਂ ਚੰਗਾ ਰਹੂ, ਨਈਂ ਕੱਲ੍ਹ ਕਲੋਤਰ ਨੂੰ ਥੋਨੂੰ ਤਾਂ ਨਾ ਆਖਣ ਜੋਗਾ। ਨਾਲੇ ਤੁਸੀਂ ਖਰਚੇ ਅੱਲੀਓਂ ਨਾ ਫਿਕਰ ਕਰਿਓ ਬਾਹਲਾ। ਕੁੱਛ ਹੱਥ-ਪੜੱਥੀ ਤੁਸੀਂ ਕਰਿਓ, ਕੁਛ ਬਾਪੂ ਹੋਰਾਂ ਨੂੰ ਆਖਾਂਗੇ ਹੱਥ ਝਾੜਨਗੇ।"

"ਆ ਗੱਲ ਥੋਡੀ ਜਮਾ ਨਜ਼ੈਜ਼ ਆ। ਮਾਤੜ੍ਹ ਬੰਦਾ ਮਸਾਂ ਤਾਂ ਧੀ ਬੂਹਿਓਂ ਉਠਾਉਂਦਾ। ਹੁਣ ਅਲੀਪੁਰ ਆਲਿਆਂ ਠੇਕਾ ਲਿਆ ਥੋਡਾ ਸਾਰੀ ਉਮਰ ਦਾ ? ਐਮੇ ਨਾ ਤੰਗ ਕਰਿਓ ਉਹਨਾਂ ਨੂੰ। ਅਸੀਂ ਮਰੇ ਤਾਂ ਨ੍ਹੀਂ ? ਕਰਾਂਗੇ ਕੋਈ ਰਾੜ-ਬੀੜ। ਉਹ ਜਾਣੇ ਚੱਲ ਹੋਊ। ਸ਼ੈਂਤ ਲੀਹ 'ਤੇ ਈ ਆਜੇ।"

ਬਿਕਰ ਨੂੰ ਲੀਹ 'ਤੇ ਲਿਆਉਣ ਲਈ ਘਰਦਿਆਂ ਨੇ ਮਿਸ਼ਨ ਸਕੂਲ ਵਿੱਚ ਚੱਲਦੇ ਜੇਬੀਟੀ ਸੈਂਟਰ 'ਚ ਜੇ ਬੀ ਟੀ ਕੋਰਸ ਕਰਨ ਲਾ ਦਿੱਤਾ ਸੀ।

"ਹੁਣ ਤੂੰ ਜੀ ਯੂਨੀਅਰਾਂ ਆਲੇ ਪੰਗੇ 'ਚ ਨਾ ਪੈਂਜੀ। ਮਛਟਰੀ ਕਰ ਕੇ ਜੋ ਮਰਜੀ ਕਰੀ ਜਾਈਂ। ਆਵਦਾ ਸਿਆਣਾ ਬਣ ਕੇ ਕੋਰਸ ਹੋਜੇ, ਮਗਰੋਂ ਬੰਦਾ ਜਿਮੇ ਜੀਅ ਆਈ ਕਰੇ।" ਕੋਰਸ 'ਤੇ ਤੋਰਨ ਲੱਗੇ ਨੂੰ ਨਸੀਬ ਨੇ ਕਿਸੇ ਦਾਨੀ ਬਾਨੀ ਬੀਬੀ ਵਾਂਗ ਸਮਝੌਤੀਆਂ ਦਿੱਤੀਆਂ ਸਨ।

ਉਂਜ ਇਹਨਾਂ ਸਮਝੌਤੀਆਂ ਨੇ ਬਿੱਕਰ 'ਤੇ ਬਹੁਤਾ ਅਸਰ ਕੀਤਾ ਨਹੀਂ ਸੀ। ਵਾਦੜੀਆਂ ਸਜਾਦੜੀਆਂ ਸਿਰਾਂ ਦੇ ਨਾਲ ਹੀ ਨਿਭੀਆਂ ਸਨ। ਜੇ ਬੀ ਟੀ ਸੈਂਟਰ ਵਿਚ ਵੀ ਉਸਨੇ ਯੂਨੀਅਨ ਆਲਾ ਪੰਗਾ ਸਹੇੜ ਹੀ ਲਿਆ ਸੀ। ਆਏ ਦਿਨ ਕਿਸੇ ਨਾ ਕਿਸੇ ਮਸਲੇ 'ਤੇ ਜ਼ਿੰਦਾਬਾਦ-ਮੁਰਦਾਬਾਦ ਹੁੰਦੀ ਹੀ ਰਹਿੰਦੀ।

ਛੇਤੀ ਜੇ ਬੀ ਟੀ ਵਿਦਿਆਰਥੀਆਂ ਦੀ ਜਥੇਬੰਦੀ ਦੇ ਸੂਬਾ ਪੱਧਰੀ ਆਗੂ ਵਜੋਂ ਬਿੱਕਰ ਦੀ ਚੰਗੀ ਭੱਲ ਬਣ ਗਈ ਸੀ। ਪਾਰਟੀ ਦੀ ਸੂਬਾ ਕਮੇਟੀ ਵੀ ਖੁਸ਼ ਸੀ ਕਿ ਉਸਨੂੰ ਵਿਦਿਆਰਥੀ ਫਰੰਟ 'ਤੇ ਇੱਕ ਵਧੀਆ ਤੇ ਜੁਝਾਰੂ ਵਰਕਰ ਮਿਲ ਗਿਆ ਸੀ ਜੋ ਅੱਗੇ ਚੱਲਕੇ ਅਧਿਆਪਕ ਮੋਰਚੇ ਉਪਰ ਵੀ ਤਾਇਨਾਤ ਹੋਣਾ ਸੀ। ਅਧਿਆਪਕ ਯੂਨੀਅਨ ਉਹਨਾਂ ਦਿਨਾਂ ਵਿੱਚ ਪਾਰਟੀ ਦੀ ਇੱਕ ਵੱਡੀ ਜਥੇਬੰਦਕ ਅਤੇ ਬੌਧਿਕ ਧਿਰ ਸੀ ।

ਬਿੱਕਰ ਨੇ ਆਪਣੀ ਜਥੇਬੰਦਕ ਤੇ ਲੜਾਕੂ ਸਮਰੱਥਾ ਦਾ ਜ਼ੋਰਦਾਰ ਪ੍ਰਦਰਸ਼ਨ ਕੀਤਾ ਸੀ। ਜੇ ਬੀ ਟੀ ਕੋਰਸ ਵਿੱਚ ਅਜਿਹੇ ਬਹੁਤ ਸਾਰੇ ਵਿਦਿਆਰਥੀ ਸਨ ਜਿਨ੍ਹਾਂ ਦਾ ਦਾਖਲਾ ਦੂਸਰੇ ਵਿਦਿਆਰਥੀਆਂ ਦੇ ਮੁਕਾਬਲੇ ਬੜੀ ਦੇਰ ਨਾਲ ਹੋਇਆ ਸੀ। ਲੇਟ ਦਾਖਲ ਹੋਏ ਇਹਨਾਂ ਵਿਦਿਆਰਥੀਆਂ ਦੀ ਮੰਗ ਸੀ ਕਿ ਉਹਨਾਂ ਦੀ ਲਿਖਤੀ ਪ੍ਰੀਖਿਆ ਲੇਟ ਹੋਣੀ ਚਾਹੀਦੀ ਹੈ ਕਿਉਂਕਿ ਉਹਨਾਂ ਨੂੰ ਪੜ੍ਹਨ ਦਾ ਪੂਰਾ ਮੌਕਾ ਨਹੀਂ ਮਿਲਿਆ। ਵਿਦਿਆਰਥੀ ਪ੍ਰੈਕਟੀਕਲ ਪ੍ਰੀਖਿਆ ਦੂਜੇ ਵਿਦਿਆਰਥੀਆਂ ਦੇ ਨਾਲ ਹੀ ਦੇਣ ਲਈ ਤਿਆਰ ਸਨ। ਇਸ ਹੱਕੀ ਮੰਗ ਨੂੰ ਲੈ ਕੇ ਵਿਦਿਆਰਥੀਆਂ ਨੂੰ ਜ਼ੋਰਦਾਰ ਘੋਲ ਵਿੱਢਣਾ ਪਿਆ। ਅਜਿਹੇ ਮੌਕੇ ਬਿੱਕਰ ਨੇ ਸੂਬੇ ਦੇ ਸਾਰੇ ਜੇ ਬੀ ਟੀ ਸੈਂਟਰਾਂ ਦੇ ਵਿਦਿਆਰਥੀਆਂ ਨੂੰ ਯੋਗ ਅਗਵਾਈ ਦਿੱਤੀ ਸੀ।

"ਭਾਬੀ ਨਸੀਬ ਕੌਰੇ ! ਤੈਨੂੰ ਪਤਾ ਮੈਂ ਪਾਲਟੀ ਮਿੰਬਰ ਤਾਂ ਹੈਨੀ ਸੀ, ਪਰ ਬਾਈ ਬਿੱਕਰ ਨਾਲ ਰਹਿੰਦਿਆਂ ਬਥੇਰੇ ਹੱਡ ਕੁਟਵਾਏ ਪੁਲਸੀਆਂ ਤੋਂ। ਮਾਰ ਦੋ-ਦੋ ਸੌ ਮੀਲ ਚਲੇ ਜਾਈਦਾ ਸੀ ਬਾਈ ਨਾਲ ਧਰਨਿਆਂ ਮੁਜ਼ਾਹਰਿਆਂ 'ਚ। ਮੈਂ ਇਹਨਾਂ ਦੀ ਪਾਲਟੀ ਦੇ ਬਥੇਰੇ ਲੀਡਰਾਂ ਨੂੰ ਜਾਣਦਾਂ।

ਬਹੁਤੇ ਤਾਂ ਨਿਰੇ ਲਿਫਾਫੇ ਐ। ਹਵਾ 'ਚ ਉਡਣ ਆਲੇ ਮੋਮੀ ਕਾਗਤ ਦੇ ਲਿਫਾਫੇ। ਐਮੀ ਉੱਡ-ਉੱਡ ਕੇ ਝਾੜਿਆਂ 'ਚ ਫਸੀ ਜਾਣਗੇ। ਉੱਤੋਂ ਹੋਰ-ਵਿਚੋਂ ਹੋਰ। ਹੈਨੀ ਇਹਨਾਂ 'ਚ ਤੰਤ।" ਲਾਲੂ ਨੰਬਰਦਾਰ ਨੇ ਸਿਰੇ ਦੀ ਗੱਲ ਆਖ ਦਿੱਤੀ ਸੀ।

"ਡੀਕਣ ਦਾ ਫੈਦਾ ਨ੍ਹੀਂ। ਐਂ ਤਾਂ ਮਿੱਟੀ ਵਰੋਲਣ ਆਲੀ ਗੱਲ ਐ। ਆਉਣਾ ਹੁੰਦਾ ਹੁਣ ਨੂੰ ਆ ਜਾਂਦੇ।" ਫਿਰ ਲਾਲ ਨੇ ਆਪ ਹੀ ਫੈਸਲਾ ਕਰਨ ਵਾਂਗ ਆਖਿਆ ਸੀ, "ਮੇਰਾ ਖਿਆਲ ਦਸ-ਵੀਹ ਮਿਲਟ ਹੋਰ 'ਡੀਕ ਲੈਨੇ ਆਂ। ਨਈਂ ਤਾਂ ਸ਼ਨਾਨ ਕਰ ਕੇ ਲੈ ਚੱਲੀਏ। ਭੋਗ ਵੇਲੇ ਦੇਖਲਾਂਗੇ। ਉਦੋਂ ਸ਼ੈਂਤ ਉਤਲੇ ਲੀਡਰ ਆਣ ਪੰਜਾਬ ਆਲੇ। ਪੰਜਾਬ ਆਲਾ ਸੱਕਟਰੀ ਆਪ ਨਾ ਵੀ ਆਇਆ ਗਾਂਹ ਕਿਸੇ ਦੀ ਜ਼ੁੰਮੇਦਾਰੀ ਲਾਦੂ।"

"ਲਾਲ ਸਿਆਂ! ਤੂੰ ਆਪ ਸਿਆਣਾ। ਮੈਂ ਤੀਵੀਂ ਮਾਨੀ ਕੀ ਆਖਾਂ? ਵੇਖਲੋ ਹਜੇ।"ਨਸੀਬ ਕੌਰ ਨੇ ਧਰਲ ਧਰਲ ਵਗਦੇ ਹੰਝੂਆਂ ਨੂੰ ਲੁਕਾ ਲਿਆ ਸੀ।

"ਠੀਕ ਐ। ਦਸ-ਵੀਹ ਮਿਲਟ ਦੇਖ ਲੈਨੇ ਆਂ।" ਆਖਦਿਆਂ ਲਾਲ ਨੇ ਮੁੰਡਿਆਂ ਨੂੰ ਤਿਆਰੀਆਂ ਵਿੱਢਣ ਦਾ ਇਸ਼ਾਰਾ ਕਰ ਦਿੱਤਾ ਸੀ।

"ਜਿਉਂ ਮਛਟਰ ਲੱਗਾ, ਓਦੂੰ ਬਾਅਦ ਲਟੈਰਮਿੰਟ ਤੱਕ ਉਹ ਨ੍ਹੀਂ ਸੀ ਟਿਕ ਕੇ ਘਰ ਬੈਠਿਆ। ਜਾਣੀਦਾ ਪਾਲਟੀ ਨਾਲ ਈ ਸਾਹ ਲੈਂਦਾ ਸੀ। ਚੱਜ ਨਾਲ ਖਾ ਹੰਢਾ ਕੇ ਨ੍ਹੀਂ ਵੇਖਿਆ ਸਾਰੀ ਉਮਰ। ਤੇ ਹੁਣ..." ਬਿੱਕਰ ਸਿੰਘ ਦਾ ਸਾਰਾ ਸੰਘਰਸ਼ ਨਸੀਬ ਕੌਰ ਦੀਆਂ ਅੱਖਾਂ ਅੱਗੇ ਘੁੰਮਣ ਲੱਗਾ ਸੀ।

ਜੇ ਬੀ ਟੀ ਦਾ ਕੋਰਸ ਕਰਦਿਆਂ ਹੀ ਬਿੱਕਰ ਸਿੰਘ ਨੂੰ ਫਾਜ਼ਿਲਕਾ ਕੋਲੇ ਕਿਸੇ ਨਿੱਕੇ ਜਿਹੇ ਪਿੰਡ ਦੇ ਨਵੇਂ ਖੁੱਲ੍ਹੇ ਪ੍ਰਾਇਮਰੀ ਸਕੂਲ ਵਿਚ ਨੌਕਰੀ ਮਿਲ ਗਈ ਸੀ। ਪੜ੍ਹਾਉਣ ਦੇ ਨਾਲ-ਨਾਲ ਉਹ ਅਧਿਆਪਕ ਯੂਨੀਅਨ ਵਿੱਚ ਦਿਨ ਰਾਤ ਇੱਕ ਕਰਨ ਲੱਗਾ ਸੀ। ਸਾਰੇ ਜ਼ਿਲ੍ਹੇ ਵਿੱਚ ਉਰੀ ਵਾਂਗ ਘੁੰਮਦਾ। ਟੀਚਰ ਯੂਨੀਅਨ ਦੀਆਂ ਚੋਣਾਂ ਵਾਲੇ ਦਿਨਾਂ 'ਚ ਤਾਂ ਉਹ ਸਾਧ ਹੀ ਹੋ ਜਾਂਦਾ। ਉਸ ਦਾ ਹਰਕੁਲੀਸ ਸਾਈਕਲ ਇਕ ਤੋਂ ਦੂਜੇ, ਤੇ ਦੂਜੇ ਤੋਂ ਤੀਜੇ ਪਿੰਡ ਤੱਕ ਘੂਕਦਾ ਫਿਰਦਾ। ਰਘਬੀਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਵੇਲੇ ਤਾਂ ਉਸ ਨੇ ਸਾਰਾ ਜ਼ਿਲ੍ਹਾ ਹੀ ਗਾਹ ਲਿਆ ਸੀ। ਅਜੀਬ ਕਿਸਮ ਦਾ ਜਨੂੰਨ ਉਸਨੂੰ ਭਜਾਈ ਫਿਰਦਾ। ਸ਼ਾਮ ਨੂੰ ਥੱਕਿਆ ਹਾਰਿਆ ਘਰ ਪਰਤਦਾ ਤਾਂ ਉਸ ਨਾਲ ਤਿੰਨ ਚਾਰ ਅਧਿਆਪਕ ਆਗੂ ਹੁੰਦੇ। ਅਧਿਆਪਕਾਂ ਦੇ ਇਹ ਆਗੂ ਦਾਰੂ ਪੀ ਕੇ ਥਕਾਵਟ ਦੂਰ ਕਰਦੇ ਅਤੇ ਅੱਧੀ ਰਾਤ ਤੱਕ ਪਾਰਟੀ ਸਿਆਸਤ ਨੂੰ ਚੰਗੀ ਤਰ੍ਹਾਂ ਰਿੜਕਦੇ। ਰਾਤ ਆਪਣੀਆਂ ਲੱਤਾਂ ਅਗਲੇ ਦਿਨ ਵਿੱਚ ਲਿਜਾ ਚੁੱਕੀ ਹੁੰਦੀ ਜਦੋਂ ਨਸੀਬ ਕੌਰ ਸਿਆਸਤ ਨੂੰ ਮਧਾਣੀ ਪਾਈ ਬੈਠੇ ਅਧਿਆਪਕ ਆਗੂਆਂ ਲਈ ਰੋਟੀ ਬਣਾਉਣ ਖਾਤਰ ਚੁੱਲ੍ਹਾ ਬਾਲਦੀ। ਸਵੇਰੇ ਸਾਝਰੇ, ਸਾਰਾ ਟੱਬਰ ਅਜੇ ਸੁੱਤਾ ਪਿਆ ਹੁੰਦਾ, ਜਦੋਂ ਉਹ ਨੀਂਦਰੇ ਮਾਰੀਆਂ ਅੱਖਾਂ ਲਈ, ਘਰ ਦਾ ਕੰਮ ਕਰਨ ਲੱਗ ਜਾਂਦੀ।

ਅਧਿਆਪਕ ਯੂਨੀਅਨ ਦੀਆਂ ਚੋਣਾਂ ਵਿੱਚ ਹੋ ਰਹੇ ਬੇਤਹਾਸ਼ਾ ਖਰਚ ਤੋਂ ਬਿੱਕਰ ਨੂੰ ਬੜੀ ਕੋਫ਼ਤ ਹੁੰਦੀ। ਸ਼ਰਾਬ ਨਾਲ ਟੁੰਨ ਹੋ ਕੇ ਮੁਲਕ ਵਿਚ ਤਬਦੀਲੀ ਲਿਆਉਣ ਦੀਆਂ ਗੱਲਾਂ ਕਰਦੇ ਅਧਿਆਪਕਾਂ ਤੋਂ ਉਸਨੂੰ ਚਿੜ੍ਹ ਚੜ੍ਹਦੀ। ਉਹ ਅਕਸਰ ਆਖਦਾ, "ਅਧਿਆਪਕਾਂ ਨੂੰ ਸਮਾਜ ਦਾ ਬੁੱਧੀਜੀਵੀ ਵਰਗ ਆਖਿਆ ਜਾਂਦਾ। ਇਹਨਾਂ ਦੀਆਂ ਚੋਣਾਂ ਵਿੱਚ ਪਾਣੀ ਵਾਂਗ ਦਾਰੂ ਵਹਾ ਕੇ ਕਿਹੋ ਜਿਹੀ ਮਿਸਾਲ ਪੈਦਾ ਕਰ ਰਹੇ ਹਾਂ? ਉਂਜ ਇਤਰਾਜ਼ ਕਰਦੇ ਹਾਂ ਕਿ ਸਰਮਾਏਦਾਰ



ਪਾਰਟੀਆਂ ਚੋਣਾਂ 'ਚ ਦਾਰੂ ਅਤੇ ਹੋਰ ਨਸ਼ੇ ਵਰਤਦੀਆਂ, ਅਸੀਂ ਵੀ ਇਹੋ ਕਰੀ ਜਾਂਦੇ ਹਾਂ। ਫੇਰ ਸਾਡੇ ਅਤੇ ਸਰਮਾਏਦਾਰ ਪਾਰਟੀਆਂ ਆਲਿਆਂ 'ਚ ਕੀ ਫਰਕ ਹੋਇਆ?"

"ਬਿੱਕਰ ਸਿਆਂ! ਐਵਰੀਥਿੰਗ ਇਜ਼ ਫੇਅਰ ਇੰਨ ਲਵ ਐਂਡ ਵਾਰ। ਨੋ ਟੈਨਸ਼ਨ—ਨੋ ਚਿੰਤਾ। ਇਕ ਵਾਰ ਪ੍ਰਧਾਨਗੀ ਹੱਥੋਂ ਗਈ, ਮੁੜ ਕੇ ਹਰਿੰਦਰ ਸਿੰਘ ਰਾਣੂ ਗਰੁੱਪ ਨੇ ਕਈ ਸਾਲ ਨੇੜੇ ਨ੍ਹੀਂ ਲੱਗਣ ਦੇਣਾ ਆਪਾਂ ਨੂੰ। ਨਾਲੇ ਉਪਰੋਂ ਪਾਰਟੀ ਦਾ ਵੀ ਆਦੇਸ਼ ਐ, ਰਘਬੀਰ ਸਿੰਘ ਨ੍ਹੀਂ ਹਰਨਾ ਚਾਹੀਦਾ। ਰਘਬੀਰ ਸਿੰਘ ਦੀ ਜ਼ਿਲ੍ਹਾ ਪ੍ਰਧਾਨਗੀ ਦੇ ਨਾਲ ਨਾਲ ਪੰਜੇ ਬਲਾਕਾਂ ਦੀਆਂ ਪ੍ਰਧਾਨਗੀਆਂ ਵੀ ਜਿੱਤਣੀਆਂ ਜ਼ਰੂਰੀ ਨੇ।" ਅਧਿਆਪਕ ਯੂਨੀਅਨ ਵਾਲੇ ਆਗੂ ਬਿੱਕਰ ਨੂੰ ਸਮਝਾਉਂਦੇ।

"ਪਾਰਟੀ ਐਸ ਢੰਗ ਨਾਲ ਟੀਚਰ ਯੂਨੀਅਨ ਦੀਆਂ ਚੋਣਾਂ ਜਿੱਤਣ ਦੇ ਹੱਕ 'ਚ ਨ੍ਹੀਂ ਹੋ ਸਕਦੀ?"

ਬਿੱਕਰ ਸਿੰਘ ਦੇ ਸੁਆਲ ਦੇ ਜਵਾਬ ਵਿੱਚ ਜ਼ਿਲ੍ਹਾ ਪ੍ਰਧਾਨ ਦੀ ਚੋਣ ਲੜ ਰਹੇ ਰਘਬੀਰ ਸਿੰਘ ਦੀ ਮੀਸਣੀ ਹਾਸੀ ਨਿਕਲਦੀ, "ਆਪਣਾ ਬਿੱਕਰ ਸਿੰਘ ਤਾਂ ਪ੍ਰੀਤ ਲੜੀ ਆਲੇ ਗੁਰਬਖ਼ਸ਼ ਸਿੰਘ ਵਾਂਗ ਕੁੱਝ ਜ਼ਿਆਦਾ ਹੀ ਆਦਰਸ਼ਵਾਦੀ ਐ। ਭਰਾ ਮੇਰਿਆ! ਜਿਹੜਾ ਕੁੱਝ ਆਪਾਂ ਕਰੀ ਜਾਨੇ ਆਂ ਪਾਰਟੀ ਦੀ ਸਹਿਮਤੀ ਆ ਇਹਦੇ 'ਚ। ਹੋਰ ਲਿਖਤੀ ਹਿਦਾਇਤ ਨ੍ਹੀਂ ਆਉਂਦੀ ਹੁੰਦੀ ਉਤਿਓਂ ਕਿ ਆਹ ਕਰਨਾ ਆਹ ਨਹੀਂ ਕਰਨਾ। ਸਮਝ ਲੈ ਪਾਰਟੀ ਲਾਈਨ ਤੋਂ ਬਾਹਰ ਕੁੱਝ ਨਹੀਂ ਕਰ ਰਹੇ ਆਪਾਂ।"

ਅਧਿਆਪਕ ਯੂਨੀਅਨ ਦੀਆਂ ਚੋਣਾਂ ਵਿੱਚ ਹੀ ਬਿੱਕਰ ਸਿੰਘ ਨੂੰ ਇਹ ਵੀ ਪਤਾ ਚੱਲਿਆ ਸੀ ਕਿ ਯੂਨੀਅਨ ਦੀਆਂ ਚੋਣਾਂ ਜਿੱਤਣਾ ਇਕੱਲੇ ਅਧਿਆਪਕਾਂ ਲਈ ਹੀ ਨਹੀਂ, ਪਾਰਟੀ ਦੇ ਸੂਬਾ ਸਕੱਤਰ ਦੇ ਵਕਾਰ ਦਾ ਵੀ ਸਵਾਲ ਸੀ। ਜੇ ਪਾਰਟੀ ਪੱਖੀ ਆਗੂ ਯੂਨੀਅਨ 'ਤੇ ਕਾਬਜ਼ ਨਾ ਹੋਏ ਤਾਂ ਸੂਬਾ ਸਕੱਤਰ ਨੂੰ ਵੀ ਅਗਲੀ ਟਰਮ ਮਿਲਣੀ ਮੁਸ਼ਕਲ ਹੋਣੀ ਸੀ। ਪਾਰਟੀ ਵਿੱਚਲੇ ਉਸਦੇ ਵਿਰੋਧੀ ਗਰੁੱਪ ਨੇ ਭਾਰਦਵਾਜ ਨੂੰ ਸਕੱਤਰ ਬਣਾਉਣ ਲਈ ਆਵਾਜ਼ ਚੁੱਕ ਦੇਣੀ ਸੀ। ਬਿੱਕਰ ਹੈਰਾਨ ਹੋਇਆ ਸੀ ਕਿ ਅਧਿਆਪਕ ਯੂਨੀਅਨ ਦੀਆਂ ਚੋਣਾਂ ਉਸਦੀ ਪਾਰਟੀ ਦੀ ਹੀ ਨਹੀਂ, ਪੂਰੀ ਪੰਜਾਬ ਸਿਆਸਤ ਦੀ ਦਿਸ਼ਾ ਤੈਅ ਕਰਨ ਵਾਲੀਆਂ ਸਾਬਤ ਹੁੰਦੀਆਂ ਸਨ। ਇਹਨਾਂ ਚੋਣਾਂ ਦੇ ਨਤੀਜੇ ਦੀਆਂ ਖ਼ਬਰਾਂ ਰੇਡੀਉ ਬੀ ਬੀ ਸੀ ਲੰਡਨ ਤੋਂ ਨਸ਼ਰ ਹੁੰਦੀਆਂ ।

ਅਧਿਆਪਕ ਯੂਨੀਅਨ ਦੀਆਂ ਚੋਣਾਂ ਵਿੱਚ ਰਘਬੀਰ ਸਿੰਘ ਦੀ ਜ਼ਿਲ੍ਹਾ ਪ੍ਰਧਾਨਗੀ ਦੇ ਨਾਲ-ਨਾਲ ਪੰਜੇ ਬਲਾਕਾਂ ਦੀਆਂ ਸਾਰੀਆਂ ਅਹੁਦੇਦਾਰੀਆਂ ਵੀ ਜਿੱਤੀਆਂ ਗਈਆਂ ਸਨ। ਰਘਬੀਰ ਸਿੰਘ ਤਾਂ ਭਾਵੇਂ ਜਿੱਤ ਗਿਆ ਸੀ ਪਰ ਇਹਨਾਂ ਨੂੰ ਜਿਤਾਉਣ ਵਾਲਾ ਬਿੱਕਰ ਸਿੰਘ ਹਾਰ ਗਿਆ ਸੀ। ਦੋ ਮਹੀਨੇ ਲਗਾਤਾਰ ਦਿਨ-ਰਾਤ ਇਕ ਕਰ ਦੇਣ ਵਾਲੇ ਬਿੱਕਰ ਸਿੰਘ ਨੂੰ ਯੂਨੀਅਨ ਵਿੱਚ ਕਿਨਾਰੇ ਕਰਨ ਦੀਆਂ ਗੱਲਾਂ ਹੋਣ ਲੱਗੀਆਂ ਸਨ। ਦਰਅਸਲ ਰਘਬੀਰ ਸਿੰਘ ਅੰਦਰੋਂ ਬੁਰੀ ਤਰ੍ਹਾਂ ਡਰ ਗਿਆ ਸੀ। ਜਿਸ ਢੰਗ ਨਾਲ ਬਿੱਕਰ ਸਿੰਘ ਨੇ ਚੋਣਾਂ ਦੌਰਾਨ ਆਪਣੀ ਸਮਰੱਥਾ ਦਿਖਾਈ ਸੀ, ਅਗਲੀ ਵਾਰ ਜ਼ਿਲ੍ਹਾ ਪ੍ਰਧਾਨਗੀ ਲਈ ਉਸਦਾ ਨਾਂ ਆ ਸਕਦਾ ਸੀ।

ਅਧਿਆਪਕ ਆਗੂ ਹਰਜਿੰਦਰ ਗਿੱਲ ਨਾਲ ਨੇੜਤਾ ਵੀ ਬਿੱਕਰ ਸਿੰਘ ਨੂੰ ਮਹਿੰਗੀ ਪਈ ਸੀ। ਹਰਜਿੰਦਰ ਸਿੰਘ ਗਿੱਲ ਪ੍ਰਧਾਨਗੀ ਦਾ ਦਾਅਵੇਦਾਰ ਸੀ ਪਰ ਪਾਰਟੀ ਸੈਕਟਰੀ ਨਾਲ ਉਸਦੀ ਸੱਥਰੀ ਨਹੀਂ ਸੀ ਪੈਂਦੀ। ਇਸੇ ਕਰਕੇ ਰਘਬੀਰ ਸਿੰਘ ਨਾਲੋਂ ਸੀਨੀਅਰ ਅਤੇ ਵੱਧ ਸਰਗਰਮ ਹੋਣ ਦੇ ਬਾਵਜੂਦ, ਜ਼ਿਲ੍ਹਾ ਪ੍ਰਧਾਨਗੀ ਲਈ ਉਸਨੂੰ ਅੱਗੇ ਨਹੀਂ ਸੀ ਕੀਤਾ। ਹਰਜਿੰਦਰ ਸਿੰਘ ਚੁੱਪ

ਕਰਕੇ ਘਰ ਬੈਠ ਗਿਆ। ਉਸਨੂੰ ਮਨਾ ਕੇ ਚੋਣ ਮੁਹਿੰਮ ਵਿਚ ਸਰਗਰਮ ਕਰਨ ਦੀ ਜਿੰਮੇਵਾਰੀ ਬਿੱਕਰ ਸਿੰਘ ਦੀ ਲਾਈ ਗਈ ਸੀ।

ਇੱਕ-ਦੋ ਗਿਲੇ ਰੋਸਿਆਂ ਤੋਂ ਬਾਅਦ ਉਹ ਰਘਬੀਰ ਸਿੰਘ ਨੂੰ ਜਿਤਾਉਣ ਲਈ ਪੂਰੀ ਤਰ੍ਹਾਂ ਮੈਦਾਨ ਵਿੱਚ ਡਟ ਗਿਆ ਸੀ। ਇਹਨਾਂ ਚੋਣਾਂ ਦੌਰਾਨ ਹੀ ਬਿੱਕਰ ਸਿੰਘ ਤੇ ਹਰਜਿੰਦਰ ਸਿੰਘ ਇਕ ਦੂਜੇ ਦੇ ਨੇੜੇ ਆਏ ਸਨ। ਦੋਵੇਂ ਸਾਹਿਤਕ ਪੁਸਤਕਾਂ ਤੇ ਰਿਸਾਲੇ ਪੜ੍ਹਨ ਦੇ ਸ਼ੌਕੀਨ ਸਨ। ਸਾਹਿਤ ਹੀ ਇਹਨਾਂ ਦੋਵਾਂ ਦੀ ਨੇੜਤਾ ਦਾ ਵੱਡਾ ਕਾਰਨ ਬਣਿਆ। ਦੋਵੇਂ ਪੜ੍ਹੀਆਂ ਕਿਤਾਬਾਂ 'ਤੇ ਕਿੰਨਾ-ਕਿੰਨਾ ਚਿਰ ਵਿਚਾਰ ਚਰਚਾ ਕਰਦੇ। ਕਿਤਾਬਾਂ ਤਾਂ ਰਘਬੀਰ ਸਿੰਘ ਦੇ ਘਰ ਵੀ ਬਹੁਤ ਸਨ ਪਰ ਇਹ ਕੇਵਲ ਆਏ ਗਏ 'ਤੇ ਪ੍ਰਭਾਵ ਪਾਉਣ ਲਈ ਸੈਲਫ ਦਾ ਸ਼ਿੰਗਾਰ ਹੀ ਸਨ। ਇਹਨਾਂ 'ਚੋਂ ਮੁਸ਼ਕਲ ਨਾਲ ਹੀ ਇਕ-ਦੋ ਰਘਬੀਰ ਸਿੰਘ ਨੇ ਪੜ੍ਹੀਆਂ ਹੋਣਗੀਆਂ। ਇਸਦੇ ਉਲਟ ਹਰਜਿੰਦਰ ਸਿੰਘ ਨੇ ਆਪ ਖਰੀਦੀਆਂ ਪੁਸਤਕਾਂ ਤੋਂ ਇਲਾਵਾ ਲਾਇਬਰੇਰੀਆਂ ਤੋਂ ਲੈਕੇ ਵੀ ਬਹੁਤ ਸਾਰੀਆਂ ਪੁਸਤਕਾਂ ਨੂੰ ਆਪਣੇ ਅੰਦਰ ਉਤਾਰ ਲਿਆ ਹੋਇਆ ਸੀ। ਕਿਤਾਬਾਂ ਵਿਚਲਾ ਗਿਆਨ ਉਸਦੇ ਭਾਸ਼ਣਾਂ ਵਿਚੋਂ ਵੀ ਝਲਕਦਾ। ਉਸਦਾ ਆਮ ਲੋਕਾਂ ਦੀ ਬੋਲ ਚਾਲ ਵਾਲੀ ਭਾਸ਼ਾ ਵਿਚ, ਵਿਦਵਤਾ ਭਰਪੂਰ ਭਾਸ਼ਣ ਹਰ ਵਰਗ ਦੇ ਲੋਕਾਂ ਨੂੰ ਕੀਲ ਲੈਂਦਾ। ਰਘਬੀਰ ਸਿੰਘ ਉਸਦੀ ਇਸ ਯੋਗਤਾ ਤੋਂ ਵੀ ਭੈਅ ਖਾਂਦਾ ਸੀ। ਇਸੇ ਕਰਕੇ, ਕਿਸੇ ਨਾ ਕਿਸੇ ਬਹਾਨੇ ਉਸਨੂੰ ਖੂੰਜੇ ਲਾਉਣ ਦੀਆਂ ਚਾਲਾਂ ਹੁੰਦੀਆਂ ਰਹਿੰਦੀਆਂ। ਅਧਿਆਪਕ ਯੂਨੀਅਨ ਦੀਆਂ ਚੋਣਾਂ ਵਿੱਚ ਵਿਖਾਈ ਲਾਮਿਸਾਲ ਜਥੇਬੰਦਕ ਸਮਰੱਥਾ ਕਰਕੇ ਹਰਜਿੰਦਰ ਗਿੱਲ ਦੇ ਨਾਲ ਨਾਲ ਬਿੱਕਰ ਸਿੰਘ ਵੀ ਕੁੱਝ ਲੋਕਾਂ ਲਈ ਖਤਰਾ ਬਣਕੇ ਉਭਰਿਆ ਸੀ।

"ਚਾਚੇ 'ਤੇ ਪਾਰਟੀ ਝੰਡਾ ਈ ਪਾਉਣਾ, ਆਪਾਂ ਪਾ ਦਿੰਨੇ ਆਂ। ਮੈਂ ਜਾਕੇ ਫੜ ਲਿਆਉਨਾ ਦੁਕਾਨ ਤੋਂ। ਆਏਂ ਭਲਾ ਕਿੰਨਾ ਕੁ ਚਿਰ ਉਡੀਕੀ ਜਾਵਾਂਗੇ।" ਘਰਾਂ 'ਚੋਂ ਭਤੀਜਿਆਂ ਦੀ ਥਾਂ ਲੱਗਦੇ ਭਿੰਦੇ ਨੇ ਬਿੱਕਰ ਦੇ ਮੰਜੇ ਨਾਲ ਸਿਰ ਜੋੜੀ ਬੈਠੀ ਨਸੀਬ ਕੌਰ ਨੂੰ ਆਖਿਆ ਸੀ।

"ਜਿਉਣ ਜੋਗਿਓ! ਆਏਂ ਕਿਵੇਂ ਪਾਦੀਏ ? ਸੁਰਗਾਂ 'ਚ ਵਾਸਾ ਹੋਵੇ ਤੁਰ ਜਾਣ ਆਲੇ ਦਾ। ਉਨ੍ਹੇ ਆਖਣਾ, ਜੇ ਪਾਲਟੀ ਝੰਡਾ ਨਿਰੀ ਰੰਗਦਾਰ ਲੀਰ ਹੁੰਦੀ, ਜਣਾ-ਖਾਣ ਈ ਪਾ ਲਿਆ ਕਰਦਾ। ਝੰਡੇ ਆਸਤੇ ਤਾਂ ਬੜੀਆਂ ਕੁਰਬਾਨੀਆਂ ਕਰਨੀਆਂ ਪੈਂਦੀਆਂ।"

ਨਸੀਬ ਕੌਰ ਦੇ ਵਿਦਵਾਨੀ ਭਰੇ ਬੋਲ ਸੁਣਕੇ ਭਿੰਦੇ ਦਾ ਹੋਰ ਅੱਗੇ ਬੋਲਣ ਦਾ ਹੌਸਲਾ ਨਹੀਂ ਸੀ ਹੋਇਆ।

"ਥੋਡੇ ਚਾਚੇ ਨੇ ਕਿਤੇ ਥੋੜ੍ਹੀਆਂ ਕੁਰਬਾਨੀਆਂ ਕੀਤੀਆਂ ਏਸ ਝੰਡੇ ਆਸਤੇ ?" ਆਖਦਿਆਂ ਨਸੀਬ ਕੌਰ ਲੰਘੇ ਦਿਨਾਂ ਦੇ ਖੂਹ ਵਿੱਚ ਉੱਤਰ ਗਈ ਸੀ।

ਅਸੈਂਬਲੀ ਚੋਣਾਂ ਹੋ ਰਹੀਆਂ ਸਨ ਸੂਬੇ ਵਿਚ। ਬਿੱਕਰ ਸਿੰਘ ਅਤੇ ਉਸਦੀ ਜਥੇਬੰਦੀ ਦੇ ਅਧਿਆਪਕਾਂ ਨੇ ਪਾਰਟੀ ਉਮੀਦਵਾਰ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਪਾਰਟੀ ਉਮੀਦਵਾਰ ਭਾਵੇਂ ਅਸੈਂਬਲੀ ਵਿਚ ਪਹੁੰਚ ਗਿਆ ਸੀ ਪਰ ਉਸ ਹੱਥੋਂ ਬੁਰੀ ਤਰ੍ਹਾਂ ਨਾਲ ਹਾਰੇ ਉਮੀਦਵਾਰ ਦੀ ਪਾਰਟੀ ਰਾਜ ਵਿਚ ਵੱਧ ਸੀਟਾਂ ਜਿੱਤ ਕੇ ਸੱਤਾਧਾਰੀ ਬਣ ਗਈ ਸੀ। ਹਾਰਿਆ ਉਮੀਦਵਾਰ ਆਪਣੀ ਹਾਰ ਦਾ ਕਾਰਨ ਬਿੱਕਰ ਸਿੰਘ ਵਰਗਿਆਂ ਨੂੰ ਸਮਝਦਾ ਸੀ। ਉਹ ਮੁੱਖ ਮੰਤਰੀ ਕੋਲ ਜਾਕੇ ਪਿੱਟਿਆ ਤੇ ਆਪਣੀ ਹਾਰ ਦਾ ਕਾਰਨ ਬਣੇ ਅਧਿਆਪਕਾਂ ਨੂੰ ਢੁਕਵੀਂ ਸਜ਼ਾ ਦੁਆਉਣ ਤੱਕ ਅੜਿਆ ਰਿਹਾ ਸੀ। ਧੱਕੜ ਮੁੱਖ ਮੰਤਰੀ ਨੇ ਕਲਮ ਦੀ ਇਕੋ ਝਰੀਟ ਨਾਲ ਬਿੱਕਰ ਸਿੰਘ ਸਣੇ ਛੇ ਅਧਿਆਪਕਾਂ ਨੂੰ ਬਰਖਾਸਤ ਕਰ ਦਿੱਤਾ ਸੀ।



ਉਦੋਂ ਪਾਰਟੀ ਦੇ ਸੱਤ ਵਿਧਾਇਕਾਂ ਨੇ ਮੁੱਖ ਮੰਤਰੀ ਦੇ ਇਸ ਤੁਗਲਕੀ ਫੈਸਲੇ ਖਿਲਾਫ਼ ਵਿਧਾਨ ਸਭਾ ਵਿੱਚ ਜ਼ੋਰਦਾਰ ਢੰਗ ਨਾਲ਼ ਆਵਾਜ਼ ਉਠਾਈ ਸੀ। ਪਾਰਟੀ ਵੱਲੋਂ ਚੰਡੀਗੜ੍ਹ ਵਿਖੇ ਵਿਸ਼ਾਲ ਰੋਸ ਮੁਜ਼ਾਹਰਾ ਵੀ ਕੀਤਾ ਪਰ ਮੁੱਖ ਮੰਤਰੀ 'ਤੇ ਇਸਦਾ ਕੋਈ ਅਸਰ ਨਹੀਂ ਸੀ ਹੋਇਆ। ਹੌਲੀ-ਹੌਲੀ ਪਾਰਟੀ ਵੀ ਚੁੱਪ ਜਿਹੀ ਹੋ ਗਈ ਸੀ। ਬਿੱਕਰ ਸਿੰਘ ਤੇ ਬਾਕੀ ਅਧਿਆਪਕਾਂ ਨੇ ਆਪਣੀ ਲੜਾਈ ਫਿਰ ਆਪ ਲੜੀ ਸੀ।

ਰੁਜ਼ਗਾਰ ਦੀ ਇਸ ਲੜਾਈ ਵਿੱਚ ਉੱਲਝ ਜਾਣ ਕਰਕੇ ਘਰ ਦੀ ਆਰਥਿਕਤਾ ਬਿਲਕੁੱਲ ਹੀ ਡਾਵਾਂਡੋਲ ਹੋ ਗਈ ਸੀ। ਹਾਈਕੋਰਟ ਵਿੱਚ ਕੀਤਾ ਗਿਆ ਵਕੀਲ ਭਾਵੇਂ ਪਾਰਟੀ ਹਮਦਰਦ ਸੀ ਜਿਸਨੂੰ ਕਾਫੀ ਘੱਟ ਫੀਸ ਦੇਣੀ ਪਈ ਸੀ, ਪਰ ਆਏ ਹਫਤੇ ਚੰਡੀਗੜ੍ਹ ਦੇ ਲੱਗਦੇ ਗੇੜਿਆਂ ਨੇ ਘਰ ਖੁੰਗਲ ਕਰਕੇ ਰੱਖ ਦਿੱਤਾ ਸੀ। ਇਹ ਬਿੱਕਰ ਲਈ ਡਾਹਡੇ ਔਖੇ ਦਿਨ ਸਨ, ਭਰਾਵਾਂ ਨੇ ਵੀ ਸਾਂਝੇ ਘਰ 'ਚੋਂ ਖਰਚਾ ਦੇਣ ਤੋਂ ਹੱਥ ਖੜ੍ਹੇ ਕਰਦਿਆਂ ਅੱਡ ਕਰ ਦਿੱਤਾ ਸੀ। ਪੇਕਿਆਂ ਦਾ ਹੱਥ ਤੰਗ ਹੋਣ ਕਰਕੇ ਨਸੀਬ ਕੌਰ ਨੂੰ ਭਰਾਵਾਂ ਤੋਂ ਵੀ ਬਹੁਤੀ ਮੱਦਦ ਨਹੀਂ ਸੀ ਮਿਲਦੀ। ਹਰ ਵੇਲੇ ਧੀ ਦੇ ਸਿਰ 'ਤੇ ਹੱਥ ਰੱਖਣ ਵਾਲਾ ਬਾਪ ਬਿਮਾਰੀ ਕਾਰਨ ਮੰਜੇ ਉਪਰ ਪਿਆ ਖੁਦ ਨਿਤਾਣਾ ਹੋਇਆ ਪਿਆ ਸੀ।

ਇਹਨਾਂ ਔਖੇ ਦਿਨਾਂ ਵਿੱਚ ਨਸੀਬ ਨੇ ਸਾਰੀ ਕਬੀਲਦਾਰੀ ਆਪਣੇ ਮੋਢੇ ਚੁੱਕਣ ਦਾ ਫੈਸਲਾ ਲਿਆ ਸੀ। ਉਸਨੇ ਦੋ ਲਵੇਰੀਆ ਮੱਝਾਂ ਪਾਲ ਲਈਆਂ, ਜਿਨ੍ਹਾਂ ਲਈ ਪੱਠਾ-ਦੱਥਾ ਉਹ ਆਪ ਖੇਤੋਂ ਲੈ ਕੇ ਆਉਂਦੀ ਸੀ। ਮੱਝਾਂ ਦਾ ਦੁੱਧ ਨਵੀਂ ਖੁੱਲ੍ਹੀ ਡੇਅਰੀ ਵਿਚ ਪੈਣ ਲੱਗਾ ਸੀ। ਪੰਦਰੀਂ ਦਿਨ ਪੈਸਿਆਂ ਦੇ ਆਏ ਪੈਕਟ ਨਾਲ ਜੁਆਕਾਂ ਦੇ ਮੂੰਹ ਟੁੱਕ ਪੈਣ ਲੱਗ ਪਿਆ। ਬਿੱਕਰ ਦਾ ਕਿਰਾਇਆ-ਭਾੜਾ ਵੀ ਇਹਨਾਂ ਪੈਸਿਆਂ ਵਿਚੋਂ ਹੀ ਚੱਲਦਾ ਸੀ।

ਚੌਦਾਂ ਸਾਲ ਕੋਈ ਥੋੜੇ ਨਹੀਂ ਹੁੰਦੇ, ਪੂਰੇ ਚੌਦਾਂ ਸਾਲ ਬਾਅਦ ਜਾਕੇ ਬਿੱਕਰ ਸਿੰਘ ਨੂੰ ਹਾਈਕੋਰਟ 'ਚੋਂ ਨਿਆਂ ਮਿਲਿਆ ਸੀ। ਹਾਈਕੋਰਟ ਨੇ ਰਾਜਨੀਤਕ ਆਧਾਰ 'ਤੇ ਕੀਤੀ ਉਸਦੀ ਕੀਤੀ ਬਰਤਰਫ਼ੀ ਨੂੰ ਰੱਦ ਕਰ ਦਿੱਤਾ ਸੀ। ਚੌਦਾਂ ਸਾਲਾਂ ਦਾ ਬਨਵਾਸ ਕੱਟਣ ਉਪਰੰਤ ਜਿਉਂ ਹੀ ਉਹ ਡਿਊਟੀ 'ਤੇ ਪਰਤਿਆ, ਉਸਦੇ ਘਰ ਪਾਰਟੀ ਅਹੁਦੇਦਾਰਾਂ ਦੇ ਗੇੜੇ ਦੁਬਾਰਾ ਵੱਜਣੇ ਸ਼ੁਰੂ ਹੋ ਗਏ ਸਨ। ਉਸਨੂੰ ਉੱਕਾ ਹੀ ਭੁੱਲੀ-ਭੁਲਾਈ ਬੈਠੇ ਅਹੁਦੇਦਾਰ ਆਨੀ-ਬਹਾਨੀ ਮਿਲਣ ਆਉਣ ਲੱਗੇ ਸਨ।

ਬਰਤਰਫ਼ੀ ਦੇ ਇਹਨਾਂ ਚੌਦਾਂ ਸਾਲਾਂ ਵਿੱਚ ਬਹੁਤ ਸਾਰਾ ਪਾਣੀ ਪੁਲਾਂ ਥੱਲਿਓਂ ਵਹਿ ਗਿਆ ਸੀ। ਹਰਜਿੰਦਰ ਸਿੰਘ ਗਿੱਲ ਨੌਕਰੀ ਤੋਂ ਸੇਵਾ ਮੁਕਤ ਹੋਕੇ ਪਾਰਟੀ ਵਿੱਚ ਕੁਲਵਕਤੀ ਕਾਮੇ ਵਜੋਂ ਕੰਮ ਕਰਨ ਲੱਗਾ ਸੀ। ਪਾਰਟੀ ਦੇ ਸੂਬਾਈ ਯੂਨਿਟ ਉਪਰ ਕਾਬਜ਼ ਧਿਰ ਨੇ ਉਸਨੂੰ ਪਾਰਟੀ ਵਿੱਚੋਂ ਪੂਰੀ ਤਰ੍ਹਾਂ ਖਦੇੜ ਦਿੱਤਾ ਹੋਇਆ ਸੀ। ਰਘਬੀਰ ਸਿੰਘ ਤੇ ਉਸਦਾ ਗਰੁੱਪ, ਗਿੱਲ ਨੂੰ ਜਿੱਚ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਸੀ ਜਾਣ ਦਿੰਦੇ। ਇਹਨਾਂ ਦਾ ਜ਼ਲੀਲ ਕੀਤਾ ਉਹ ਭਰੇ ਦਿਲ ਨਾਲ ਪਾਰਟੀ ਸਰਗਰਮੀਆਂ ਨੂੰ ਅਲਵਿਦਾ ਆਖ ਘਰ ਬੈਠਣ ਨੂੰ ਮਜਬੂਰ ਹੋ ਗਿਆ ਸੀ।

"ਵੱਡੇ ਗਿੱਲ ਸਾਹਿਬ ਨੂੰ ਤਾਂ ਲਾਤਾ ਟਿਕਾਣੇ, ਹੁਣ ਐਹ 'ਡੁੱਡੇ' ਨੂੰ ਵੀ ਘਰ ਬਹਾਉਣਾ ਪਊ।" ਰਘਬੀਰ ਸਿੰਘ ਤੇ ਉਸਦੀ ਸਾਰੀ ਜੁੰਡਲੀ ਪਿੱਠ ਪਿੱਛੇ ਬਿੱਕਰ ਨੂੰ 'ਬਿੱਕਰ ਡੁੱਡਾ' ਜਾਂ ਸਿਰਫ 'ਡੁੱਡਾ' ਹੀ ਆਖਦੀ। 'ਵੇਈ' ਵਾਲੇ ਮੋਰਚੇ ਵੇਲੇ ਪੁਲਿਸ ਲਾਠੀਚਾਰਜ ਸਮੇਂ ਬਿੱਕਰ ਦੀ ਲੱਤ ਟੁੱਟ ਗਈ ਸੀ। ਨਵੇਂ-ਨਵੇਂ ਭਰਤੀ ਹੋ ਕੇ ਆਏ ਸਰਕਾਰੀ ਡਾਕਟਰ ਤੋਂ ਲੱਤ ਠੀਕ ਢੰਗ ਨਾਲ਼ ਨਹੀਂ ਸੀ ਬੱਝੀ। ਡੇਢ ਮਹੀਨਾ ਹਸਪਤਾਲ ਦੇ ਬੈੱਡ 'ਤੇ ਪਏ ਰਹਿਣ ਤੋਂ ਬਾਅਦ ਉਹ ਤੁਰਨ

ਫਿਰਨ ਤਾਂ ਲੱਗ ਗਿਆ ਸੀ ਪਰ ਰਘਬੀਰ ਸਿੰਘ ਵਰਗਿਆਂ ਲਈ ਮਾਸਟਰ ਬਿੱਕਰ ਸਿੰਘ ਤੋਂ ਬਿੱਕਰ ਡੁੱਡਾ ਬਣਕੇ ਰਹਿ ਗਿਆ ਸੀ।

ਜਿਨ੍ਹਾਂ ਦਿਨਾਂ ਵਿੱਚ ਬਿੱਕਰ ਸਿੰਘ ਹਸਪਤਾਲ ਦੇ ਬੈੱਡ ’ਤੇ ਪਿਆ ਹੱਡੀ ਦੇ ਜੁੜ ਜਾਣ ਦਾ ਇੰਤਜ਼ਾਰ ਕਰ ਰਿਹਾ ਸੀ, ਨਸੀਬ ਕੌਰ ਨੇ ਤਿੰਨ ਕੁੜੀਆਂ ਬਾਅਦ ਮੁੰਡੇ ਨੂੰ ਜਨਮ ਦਿੱਤਾ ਸੀ। ਰੂੰ ਦੇ ਗੋਹੜੇ ਵਰਗਾ ਜੁਆਕ ਜਨਮ ਲੈਣ ਦੇ ਦਸ ਦਿਨ ਤੱਕ ਪੂਰੇ ਟਹਿਕਰੇ ਵਿੱਚ ਨੌਂ-ਬਰ-ਨੌਂ ਰਿਹਾ।

“ਨਸੀਬ ਕੁਰੇ! ਤੇਰੀ ਤਾਂ ਭਾਈ ਗੁਰੂ ਮਾਰ੍ਹਾਜ ਨੇ ਨੇੜਿਓਂ ਹੋਕੇ ਸੁਣਲੀ। ਧੀਆਂ ਢਕੀਆਂ ਗਈਆਂ।” ਆਂਡ-ਗੁਆਂਢ ਦੀਆਂ ਬੁੜੀਆਂ ਨੇ ਨਸੀਬ ਕੌਰ ਦੀ ਝੋਲੀ ਵਧਾਈਆਂ ਨਾਲ ਭਰ ਦਿੱਤੀ।

ਪਿੰਡ ਦੀ ਦਾਈ ਧੰਨੋ ਅਨੁਸਾਰ, “ਪੁੱਤ ਤਾਂ ਤੇਰਾ ਨਸੀਬ ਕੁਰੇ ਜਮ੍ਹਾ ਆਵਦੇ ਬਾਪ ’ਤੇ ਗਿਆ। ਉਮੇ-ਜਿਮੇ ਕੌਲ ਡੋਡਿਆਂ ਅਰਗੀਆਂ ਵੱਡੀਆਂ-ਵੱਡੀਆਂ ਅੱਖਾਂ। ਉਮੇ-ਜਿਮੇ ਠੋਡੀ ’ਚ ਟੋਆ ਪੈਂਦਾ। ਤਲਵਾਰ ਅਰਗਾ ਲੰਮਾ ਤੇ ਤਿੱਖਾ ਨੱਕ। ਵੇਖਲਾ-ਬੂਹੇ ਅੱਲੀਂ ਝਾਕੀ ਜਾਂਦਾ। ਪਿਉ ਨੂੰ ਉਡੀਕਦਾ ਭਾਈ। ਹੁਣ ਏਹਨੂੰ ਮਛੋਰ ਨੂੰ ਕੀ ਪਤਾ ਵਈ ਬਾਪ ਤਾਂ ਪੁੱਠੇ ਕੰਮਾਂ ’ਚ ਪੈ ਕੇ ਹੱਡ ਤੁੜਵਾਈ ਦਾਖਲ ਪਿਆ ਸਰਕਾਰੂ ਹਸਪਤਾਲ ’ਚ। ਲੈ ਦੱਸ, ਪੁੱਛਣ ਆਲਾ ਹੋਵੇ ਚੰਗੀ ਭਲੀ ਤੇਰੀ ਨੌਕਰੀ। ਚੜ੍ਹੇ ਮੀਨ੍ਹੇ ਸੋਹਣੀ ਤਨਖਾਹ ਕੁੱਟਦਾਂ। ਹੈਂਅ! ਭਲਾ ਤੂੰ ਕੀ ਲੈਣਾ ਏਨਾ ਸਿੜੀ-ਸਿਆਪਿਆਂ ਤੋਂ। ਅਖੇ ਜੀ ਮੁਜ਼ਾਰਿਆਂ ਨੂੰ ਜ਼ਮੀਨਾਂ ਦੁਔਣੀਆਂ। ਦੁਆ ਲਾ ਜ਼ਮੀਨਾਂ ਮੁਜ਼ਾਰਿਆਂ ਨੂੰ। ਲੈਲਾ ਸੁਆਦ। ਉਨ੍ਹਾਂ ਕੋਲੇ ਤਾਂ ਪੁਲਿਸ ਐ। ਵੈਲੀ-ਬਦਮਾਸ਼ ਵੀ ਬਥੇਰੇ ਹੈਗੇ। ਜੇ ਭਲਾ ਥਾਂ-ਕੁਥਾਂ ਵੱਜ ਜਾਂਦੀ, ਹੋ ਜਾਂਦੀ ਨਾ ਜਾਹ ਜਾਂਦੀ। ਅਜੇ ਤਾਂ ਸ਼ੁਕਰ ਐ ਜਾਨ ਬਚਗੀ। ਸੱਟਾਂ-ਫੇਟਾਂ ਦਾ ਕੀ ਐ, ਹੋਰ ਚਹੁੰ ਦਿਨਾਂ ਨੂੰ ਰਮਾਨ ਆਜੂ। ਆਕੇ ਵੇਖਲੂ ਨਵੇਂ ਜੀਅ ਨੂੰ।”

ਬਿੱਕਰ ਦੀ ਹੱਡੀ ਤਾਂ ਵਿੰਗੀ-ਸਿੱਧੀ ਜੁੜ ਹੀ ਗਈ ਸੀ ਪਰ ਨਵੇਂ ਜੀਅ ਦਾ ਮੂੰਹ ਵੇਖਣਾ ਉਸਨੂੰ ਨਸੀਬ ਨਹੀਂ ਸੀ ਹੋਇਆ। ਜਨਮ ਦੇ ਗਿਆਰਵੇਂ ਦਿਨ ਮਛੋਰ ਅਚਾਨਕ ਹਿਚਕੀਆਂ ਭਰਨ ਲੱਗਾ ਸੀ। ਵੇਖਦਿਆਂ-ਵੇਖਦਿਆਂ ਹੀ ਉਹ ਹੱਥਾਂ ਪੈਰਾਂ ਵਿਚ ਆ ਗਿਆ। ਘਰ ਵਿੱਚ ਸਿਆਣਾ ਬੰਦਾ ਨਾ ਹੋਣ ਕਰਕੇ ਜੁਆਕ ਨੂੰ ਵਕਤ ਸਿਰ ਚੰਗੇ ਹਸਪਤਾਲ ਨਾ ਲਿਜਾਇਆ ਜਾ ਸਕਿਆ। ਸਕੇ ਪਿਉ ਤੋਂ ਬਗੈਰ ਭੱਜ-ਨੱਠ ਕਰਦਾ ਵੀ ਕੌਣ।

ਪੁੱਤ ਦੀ ਮੌਤ ’ਤੇ ਪਾਗਲਾਂ ਹਾਰ ਹੋਈ ਨਸੀਬ ਕੌਰ ਪੁੱਤ ਨੂੰ ਬੁੱਕਲ ਵਿੱਚ ਲੈ ਕੇ ਦੁੱਧ ਪਿਆਉਣ ਦੀ ਜ਼ਿੱਦ ਕਰਦੀ ਰਹੀ। ਉਸਦੀਆਂ ਆਕੜੀਆਂ ਛਾਤੀਆਂ ਵਿੱਚੋਂ ਦੁੱਧ ਆਪ ਮੁਹਾਰੇ ਵਗਦਾ ਪਿਆ ਸੀ ਪਰ ਦੁੱਧ ਪੀਣ ਵਾਲਾ ਭੌਰ ਤਾਂ ਦੂਰ ਉਡਾਰੀ ਮਾਰ ਗਿਆ ਸੀ।

“ਦੇ ਕੇ ਨ੍ਹੀਂ ਸੀ ਖੋਹਣਾ, ਏਦੂੰ ਤਾਂ ਭਮੇ ਰੱਬ ਨਾ ਹੀ ਦਿੰਦਾ। ਐਡਾ ਵੱਡਾ ਦੁੱਖ ਨ੍ਹੀਂ ਜਰਿਆ ਜਾਂਦਾ ਮਾਂ ਕੋਲੋਂ। ਵੱਲ ਨਾਲੋਂ ਚੂੰਆਂ ਵੀ ਤੋੜੀਏ ਪਾਣੀ ਸਿੰਮਦਾ, ਇਹਨੇ ਤਾਂ ਫੇਰ ਨੌਂ ਮੀਨ੍ਹੇ ਸਾਂਭਿਆ ਢਿੱਡ ’ਚ।”

“ਜਾਣੀਦਾ ਚੋਰ ਭਲਾਈ ਦੇਣ ਆਇਆ ਸੀ।” ਆਂਡ-ਗੁਆਂਢ ਦੀਆਂ ਜਨਾਨੀਆਂ ਨਸੀਬ ਨਾਲ ਦੁੱਖ ਸਾਂਝਾ ਕਰਦੀਆਂ, ਬਿੱਕਰ ਦੀ ਗੈਰ ਹਾਜ਼ਰੀ ਨੂੰ ਰੜਕਾ ਜਾਂਦੀਆਂ, “ਬਿੱਕਰ ਸਿੰਹੁ ਘਰੇ ਹੁੰਦਾ ਤਾਂ ਵੇਲੇ ਸਿਰ ਜੁਆਕ ਨੂੰ ਸ਼ਹਿਰ ਲਿਜਾਂਦਾ ਕਿਸੇ ਚੰਗੇ ਡਾਕਦਾਰ ਦੇ। ਖੌਰੇ ਬਚ ਈ ਰਹਿੰਦਾ ਜੁਆਕ? ਪਰ ਕਾਹਨੂੰ ਭਾਈ, ਜਦੋਂ ਵਿਚਾਰੇ ਦੇ ਕਰਮਾਂ ’ਚ ਈ ਹੈਨੀ ਸੀ ਜੱਗ ਦੇਖਣਾ।”



“ਐਹੋ ਜਏ ਦੁੱਖ ਵੇਲੇ ਤਾਂ ਬਿੱਕਰ ਸਿੰਹੁ ਘਰ ਚਾਈਦਾ ਸੀ, ਨਸੀਬ ਕੁਰ ਕੋਲੇ।”

ਬਿੱਕਰ ਸਿੰਘ ਘਰ ਆਇਆ ਸੀ ਤਾਂ ਉਸ ਕੋਲ ਸੁਨਣ ਲਈ ਪੁੱਤ ਦੇ ਵਿਗੋਚੇ ਵਿੱਚ ਬਾਂਵਰੀ ਹੋਈ ਨਸੀਬ ਕੌਰ ਦੇ ਹਾਉਂਕੇ ਸਨ। ਉਸਨੂੰ ਤਾਂ ਪੁੱਤ ਦੀ ਮਿੱਟੀ ਵੀ ਕਿਉਂਟਣੀ ਨਸੀਬ ਨਹੀਂ ਸੀ ਹੋਈ। ਬਿੱਕਰ ਸਿੰਘ ਦੇ ਅੱਥਰੂ ਬਾਹਰ ਵੱਲ ਵਗਣ ਦੀ ਬਜਾਏ ਅੰਦਰ ਵੱਲ ਹੀ ਡਿੱਗਦੇ ਰਹੇ। ਨਸੀਬ ਕੌਰ ਨੂੰ ਹੌਂਸਲਾ ਦੇਣ ਅਤੇ ਸੰਭਾਲਣ ਲਈ ਅਜਿਹਾ ਕਰਨਾ ਬਹੁਤ ਜ਼ਰੂਰੀ ਸੀ।

“ਜਮੇਰ ਪੁੱਤ! ਉਨ੍ਹਾਂ ਦਾ ਫੂਨ-ਫਾਨ ਹੈਨੀ ਕਿਸੇ ਕੋਲੇ। ਕਰ ਕੇ ਵੇਖਲੋ ਸ਼ੈਂਤ ਕਿਤੇ ਨੇੜੇ-ਤੇੜੇ ਈ ਹੋਣ?” ਬੰਦਿਆਂ ਬੁੜੀਆਂ ਨੂੰ ਕਾਹਲੇ ਪਿਆਂ ਵੇਖ ਨਸੀਬ ਕੌਰ ਦਾ ਜੀਅ ਵੀ ਕਾਹਲਾ ਪੈਣ ਲੱਗਾ ਸੀ।

“ਫੋਨ ਤਾਂ ਹੈਨੀਗਾ ਤਾਈ ਕਿਸੇ ਕੋਲ। ਬਸ ਐਵੇਂ ਖਿਆਲ ’ਚ ਈ ਨ੍ਹੀਂ ਆਈ ਗੱਲ। ਚੰਗਾ ਹੁੰਦਾ ਲੈ ਆਉਂਦੇ ਫੋਨ ਨੰਬਰ। ਹੁਣ ਫੋਨ ਕਰਕੇ ਪੁੱਛ ਲੈਣਾ ਸੀ। ਐਨਾ ਖਰਾਬ ਨ੍ਹੀਂ ਸੀ ਹੋਣਾ ਪੈਣਾ।” ਅਜਮੇਰ ਨੂੰ ਆਪਣੀ ਭੁੱਲ ਦਾ ਦੁੱਖ ਮਹਿਸੂਸ ਹੋ ਰਿਹਾ ਸੀ।

“ਆਏਂ ਤਾਂ ਆਉਣਗੇ!”

“ਕੀ ਪਤਾ?” ਅਜਮੇਰ ਨੇ ਏਨੀ ਹੌਲੀ ਜਿਹੇ ਆਖਿਆ ਸੀ ਕਿ ਨਸੀਬ ਕੌਰ ਨੂੰ ਸੁਣਾਈ ਨਹੀਂ ਸੀ ਦਿੱਤਾ।

“ਕੋਈ ਨਾ ਆ ਜਾਣਗੇ ਭਮੇ ਦੇਰ ਨਾਲ ਈ ਆਉਣ। ਏਹਨੂੰ ਪਾਲਟੀ ਆਲਾ ਕਾਟ ਵੀ ਡੇਰ ਨਾਲ ਈ ਮਿਲਿਆ ਸੀ।” ਨਸੀਬ ਕੌਰ ਨੂੰ ਉਹਨਾਂ ਦਿਨਾਂ ਦੀ ਵੀ ਯਾਦ ਸੀ ਜਿਨ੍ਹਾਂ ਦਿਨਾਂ ਵਿੱਚ ਬਿੱਕਰ ਸਿੰਘ ਨੂੰ ਮੈਂਬਰਸ਼ਿਪ ਕਾਰਡ ਮਿਲਿਆ ਸੀ ਤੇ ਉਹ ਇਸ ਕਾਰਡ ਨੂੰ ਪ੍ਰਾਪਤ ਕਰਕੇ ਕਈ ਦਿਨ ਭਾਵਕ ਹੋਇਆ ਰਿਹਾ ਸੀ।

“ਨਸੀਬ ਕੁਰੇ! ਅਹਿ ਕਾਰਡ ਲੈਣ ਵਾਸਤੇ ਮੇਰੀ ਜ਼ਿੰਦਗੀ ਲੱਗ ਗਈ। ਆਪਣੀ ਨੌਕਰੀ ਦੇ ਸਾਰੇ ਵਰ੍ਹੇ ਅਧਿਆਪਕ ਯੂਨੀਅਨ ਵਿੱਚ ਕੱਢਤੇ। ਮਾਸਟਰੀ ਤਾਂ ਨਾਂ ਦੀ ਸੀ, ਕੰਮ ਤਾਂ ਪਾਰਟੀ ਦਾ ਹੀ ਕਰਦੇ ਰਹੇਆਂ। ਇਕ-ਇਕ ਸਾਹ ਪਾਰਟੀ ਦੇ ਲੇਖੇ ਲਾਇਆ। ਪਾਰਟੀ ਦਾ ਫਰਜ਼ ਤਾਂ ਬਣਦਾ ਸੀ ਮੇਰੀ ਸੇਵਾ ਮੁਕਤੀ ਵਾਲੇ ਦਿਨ ਮੈਂਬਰਸ਼ਿਪ ਵਾਲਾ ਕਾਰਡ ਮੇਰੇ ਗਲ ਵਿੱਚ ਪਾਉਂਦੇ, ਪਰ ਵੇਖਲਾ ਏਹ ਕਾਰਡ ਲੈਣ ਵਾਸਤੇ ਪੂਰੇ ਅੱਠ ਸਾਲ ਉਡੀਕ ਕਰਨੀ ਪਈ।” ਬਿੱਕਰ ਸਿੰਘ ਦਾ ਗਲਾ ਭਰ ਆਇਆ ਸੀ।

“ਸ਼ਾਇਦ ਮੇਰੇ ਕੰਮ ਵਿੱਚ ਹੀ ਕਮੀ ਰਹਿ ਗਈ ਹੋਊ। ਆਪਣੀ ਪਾਰਟੀ ਰਿਵਾਇਤੀ ਸਰਮਾਏਦਾਰ ਪਾਰਟੀਆਂ ਵਰਗੀ ਤਾਂ ਹੈਨੀ ਜਿੱਥੇ ਕੋਈ ਬੰਦਾ ਚਮਚਾਗਿਰੀ ਜਾਂ ਪੈਸੇ ਨਾਲ ਅੱਗੇ ਆਜੂ। ਰਜਵਾੜਾਸ਼ਾਹੀ ਪਾਰਟੀਆਂ ਦੀ ਗੱਲ ਹੋਰ ਐ ਉਥੇ ਬੰਦਾ ਇੱਕ ਦਿਨ ਪਾਰਟੀ ’ਚ ਸ਼ਾਮਲ ਹੁੰਦਾ ਤੇ ਅਗਲੇ ਦਿਨ ਜ਼ਿਲ੍ਹਾ ਪ੍ਰਧਾਨਗੀ ਨੂੰ ਜੱਫਾ ਜਾ ਮਾਰਦਾ। ਪਰ ਸਾਡੇ ਆਲੀ ਪਾਰਟੀ ’ਚ ਨ੍ਹੀਂ ਆਏਂ ਚੱਲਦਾ, ਏਥੇ ਤਾਂ ਕੰਮ ਕਰ ਕੇ ਈ ਥਾਂ ਬਣਾਉਣੀ ਪੈਂਦੀ ਐ। ਮੇਰੀ ਮਿਸਾਲ ਤੇਰੇ ਸਾਹਮਣੇ ਐ, ਅੱਠ ਸਾਲ ਮੌਲੇ ਬਲਦ ਵਾਂਗ ਕੰਮ ਕੀਤੈ ਪਾਰਟੀ ’ਚ, ਫੇਰ ਜਾ ਕੇ ਅਹਿ ਕਾਰਡ ਮਿਲਿਆ। ਪਾਰਟੀ ਪਰਖਦੀ ਐ ਪਹਿਲਾਂ ਚੰਗੀ ਤਰ੍ਹਾਂ।”

ਆਪਣੇ ਵੱਲੋਂ ਬਿੱਕਰ ਸਿੰਘ ਨੇ ਨਸੀਬ ਕੌਰ ਦੀਆਂ ਨਿਗਾਹਾਂ ਵਿੱਚ ਪਾਰਟੀ ਨੂੰ ਡਿੱਗਣ ਨਹੀਂ ਸੀ ਦਿੱਤਾ ਉਂਜ ਉਹ ਰਘਬੀਰ ਸਿੰਘ ਤੇ ਉਸ ਦੀ ਜੁੰਡਲੀ ਵੱਲੋਂ ਆਪਣੀ ਮੈਂਬਰਸ਼ਿਪ ਨੂੰ ਅੱਠ ਵਰ੍ਹੇ ਲਟਕਾਈ ਰੱਖਣ ਦੀ ਖੇਡ ਨੂੰ ਚੰਗੀ ਤਰਾਂ ਜਾਣਦਾ ਅਤੇ ਸਮਝਦਾ ਸੀ। ਦੋਵੇਂ ਇੱਕੋ ਮਹੀਨੇ ਸਰਕਾਰੀ ਨੌਕਰੀ ਤੋਂ ਸੇਵਾਮੁਕਤ ਹੋਏ ਸਨ। ਜਿਨ੍ਹਾਂ ਦਿਨਾਂ ਵਿੱਚ ਰਘਬੀਰ ਨੇ

ਬਲਾਕ ਸਕੱਤਰੀ ਤੋਂ ਸ਼ੁਰੂ ਹੋ ਕਰਕੇ, ਜ਼ਿਲ੍ਹਾ ਸਕੱਤਰੀ ਦੇ ਕਿੰਗਰਿਆਂ ਨੂੰ ਹੱਥ ਜਾ ਪਾਇਆ ਸੀ ਉਹਨਾਂ ਦਿਨਾਂ ਵਿੱਚ ਬਿੱਕਰ ਸਿੰਘ ਨੂੰ ਮੈਂਬਰਸ਼ਿਪ ਕਾਰਡ ਵੀ ਨਹੀਂ ਸੀ ਮਿਲਿਆ। ਇਸ ਪਿੱਛੇ ਸਾਰੀ ਸੋਚ ਰਘਬੀਰ ਸਿੰਘ ਦੇ ਸੂਬਾ ਸਕੱਤਰ ਰਿਸ਼ਤੇਦਾਰ ਦੀ ਕੰਮ ਕਰਦੀ ਸੀ। ਉਹਨਾਂ ਨੂੰ ਪਤਾ ਸੀ ਕਿ ਜੇਕਰ ਬਿੱਕਰ ਸਿੰਘ ਨੂੰ ਮੈਂਬਰਸ਼ਿਪ ਕਾਰਡ ਮਿਲ ਗਿਆ ਤਾਂ ਬਲਾਕ ਅਤੇ ਜ਼ਿਲ੍ਹੇ ਦੇ ਵਧੇਰੇ ਡੈਲੀਗੇਟਾਂ ਨੇ ਅਹੁਦੇ ਦਾਰੀਆਂ ਲਈ ਉਸਦਾ ਨਾਂ ਹੀ ਤਜਵੀਜ਼ ਕਰਨਾ ਸੀ ।

ਬਿੱਕਰ ਸਿੰਘ ਨੂੰ ਮੈਂਬਰਸ਼ਿਪ ਤੋਂ ਦੂਰ ਰੱਖਣ ਲਈ ਪਾਰਟੀ ਨੀਤੀਆਂ ਦੀ ਉਲੰਘਣਾ ਕਰਨ ਦਾ ਮੁੱਦਾ ਜ਼ੋਰ ਸ਼ੋਰ ਨਾਲ ਉਭਾਰਿਆ ਗਿਆ ਸੀ। ਪੰਜਾਬ ਦੇ ਸੰਤਾਪ ਭਰੇ ਦਿਨਾਂ ਵਿੱਚ ਪਾਰਟੀ ਨੇ 'ਕੱਟੜ' ਫਿਰਕਾਪ੍ਰਸਤੀ ਅਤੇ ਦਹਿਸ਼ਤਗਰਦੀ ਦਾ ਵਿਰੋਧ ਜਤਾਉਣ ਦੀ ਗੱਲ ਕਰਦਿਆਂ, ਸ਼ਹਿਰ ਵਿਚ ਰਿਵਾਇਤੀ ਹਥਿਆਰਾਂ ਨਾਲ ਵੱਡਾ ਜਲੂਸ ਕੱਢਣ ਲਈ ਮਤਾ ਲਿਆਂਦਾ ਸੀ। ਇਸ ਮੀਟਿੰਗ ਵਿੱਚ ਨੌਜੁਆਨ, ਵਿਦਿਆਰਥੀ ਅਤੇ ਭਰਾਤਰੀ ਮੁਲਾਜ਼ਮ ਜਥੇਬੰਦੀਆਂ ਵੀ ਸ਼ਾਮਲ ਹੋਈਆਂ ਸਨ।

"ਖਾੜਕੂ ਧਿਰਾਂ ਦੀ ਲੜਾਈ ਸਟੇਟ ਖਿਲਾਫ਼ ਐ। ਪਾਰਟੀ ਦੇ ਵਰਕਰਾਂ ਜਾਂ ਨੀਤੀਆਂ ਨਾਲ ਉਹਨਾਂ ਦਾ ਕੋਈ ਸਿੱਧਾ ਟਕਰਾਅ ਨਹੀਂ ਹੈ। ਪਾਰਟੀ ਨਾਲ ਤਿੱਖਾ ਵਿਰੋਧ ਵੀ ਨਹੀਂ ਹੈ। ਅਜਿਹੇ ਵਿੱਚ ਖਾੜਕੂਆਂ ਨਾਲ ਸਿੱਧਾ ਟਕਰਾਅ ਪੈਦਾ ਕਰਨਾ ਕਿਵੇਂ ਵੀ ਠੀਕ ਨਹੀਂ। ਪੰਜਾਬ ਦੇ ਆਮ ਲੋਕ ਸਗੋਂ ਇਸ ਵਿਰੋਧ ਨੂੰ ਸਟੇਟ ਦੇ ਹੱਕ ਵਿੱਚ ਖੜ੍ਹਨ ਵਜੋਂ ਲੈਣਗੇ ਤੇ ਪਾਰਟੀ ਤੋਂ ਦੂਰ ਜਾਣਗੇ।"ਬਿੱਕਰ ਸਿੰਘ ਨੇ ਅਜਿਹੀਆਂ ਦਲੀਲਾਂ ਦਿੰਦਿਆਂ ਪਾਰਟੀ ਨੂੰ ਕੱਟੜਵਾਦੀਆਂ ਨਾਲ ਕਿਸੇ ਕਿਸਮ ਦੇ ਸਿੱਧੇ ਟਕਰਾਅ ਤੋਂ ਬਚਣ ਦੀ ਗੱਲ ਕੀਤੀ ਸੀ। ਉਸਦੀਆਂ ਅਜਿਹੀਆਂ ਦਲੀਲਾਂ ਨੂੰ ਪਾਰਟੀ ਵਿਰੋਧੀ ਮੰਨਦਿਆਂ ਸਿਰੇ ਤੋਂ ਖਾਰਜ ਕਰ, ਸ਼ਹਿਰ ਵਿਚ ਹਥਿਆਰਾਂ ਨਾਲ ਲੈਸ ਹੋ ਕੇ ਜਲੂਸ ਕੱਢਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।

ਪਾਰਟੀ ਲਾਈਨ ਨਾਲ ਅਸਹਿਮਤੀ ਦੇ ਬਾਵਜੂਦ ਬਿੱਕਰ ਸਿੰਘ ਇਕ ਵੱਡਾ ਜੱਥਾ ਲੈ ਕੇ ਇਸ ਜਲੂਸ ਵਿੱਚ ਸ਼ਾਮਲ ਹੋਇਆ ਸੀ। ਪਾਰਟੀ ਵੱਲੋਂ ਲਏ ਫੈਸਲੇ ਦੀ ਉਲੰਘਣਾ ਕਰਨ ਬਾਰੇ ਉਹ ਕਦੇ ਸੋਚ ਵੀ ਨਹੀਂ ਸੀ ਸਕਦਾ।

ਇਹੀ ਉਹ ਸਮਾਂ ਸੀ ਜਦੋਂ ਪਾਰਟੀ ਦਾ ਖਾੜਕੂਆਂ ਨਾਲ ਸਿੱਧਾ ਟਕਰਾਅ ਸ਼ੁਰੂ ਹੋਇਆ ਸੀ। ਪਾਰਟੀ ਦੇ ਪਿੰਡਾਂ ਕਸਬਿਆਂ ਵਿੱਚ ਰਹਿਣ ਵਾਲੇ ਹਜ਼ਾਰਾਂ ਵਰਕਰ ਬਿਲਕੁੱਲ ਨਿਹੱਥੇ ਸਨ ਜੋ ਕੇਵਲ ਆਪਣੇ ਹਾਲ 'ਤੇ ਰਹਿ ਗਏ ਸਨ। ਖਾੜਕੂਆਂ ਨਾਲ ਸਿੱਧੇ ਟਕਰਾਅ ਦੀਆਂ ਗੱਲਾਂ ਕਰਨ ਵਾਲੇ ਸਰਕਾਰੀ ਜਿਪਸੀਆਂ ਵਿਚ ਸਵਾਰ ਹੋਕੇ ਚਾਰ-ਚੁਫੇਰਿਉਂ ਖਾਕੀ ਵਰਦੀ ਵਾਲੇ ਗੰਨਮੈਨਾਂ ਨਾਲ ਘਿਰ ਗਏ।

ਬਿੱਕਰ ਸਿੰਘ ਵਰਗੇ ਅਖੀਰ ਤੱਕ ਇਹੀ ਮਹਿਸੂਸ ਕਰਦੇ ਰਹੇ ਕਿ ਪਾਰਟੀ ਲੀਡਰਾਂ ਦੇ ਅਜਿਹੇ ਫੈਸਲੇ ਨੇ ਪਾਰਟੀ ਦਾ ਨੁਕਸਾਨ ਹੀ ਕਰਾਇਆ ਸੀ। ਪਾਰਟੀ ਦੇ ਜੁਝਾਰੂ, ਇਮਾਨਦਾਰ ਵਰਕਰਾਂ ਅਤੇ ਲੀਡਰਾਂ ਦੇ ਹੋਏ ਜਾਨੀ ਮਾਲੀ ਨੁਕਸਾਨ ਨੇ ਪਾਰਟੀ ਕਾਡਰ 'ਤੇ ਵੱਡੀ ਸੱਟ ਮਾਰੀ ਸੀ। ਲੋਕਾਂ ਨੇ ਡਰ ਦੇ ਮਾਰਿਆਂ ਹੇਠਲੇ ਪੱਧਰ 'ਤੇ ਕੰਮ ਕਰਨ ਵਾਲੇ ਇਲਾਕਾਈ ਆਗੂਆਂ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਲਿਆ। ਖਾੜਕੂਆਂ ਦਾ ਅੰਨ੍ਹਾ ਵਿਰੋਧ ਕਰਦਿਆਂ ਹਰ ਵੇਲੇ ਸਟੇਟ ਦੇ ਹੱਕ ਵਿੱਚ ਜਾ ਖੜ੍ਹਨ ਨੂੰ ਵੀ ਆਮ ਲੋਕਾਂ ਨੇ ਬਹੁਤਾ ਪਸੰਦ ਨਾ ਕੀਤਾ। ਕੇਵਲ ਗਿਣੇ ਚੁਣੇ ਲੋਕ ਹੀ ਪਾਰਟੀ ਨਾਲ ਰਹਿ ਗਏ। ਪਾਰਟੀ ਦਾ ਆਧਾਰ ਲਗਾਤਾਰ ਸੁੰਗੜਦਾ ਹੀ ਗਿਆ ਸੀ।



"ਲੱਗਦਾ ਨ੍ਹੀਂ ਆਉਂਦੇ।" ਕਿਸੇ ਨੇ ਬਹੁਤ ਹੌਲੀ ਆਵਾਜ਼ ਵਿੱਚ ਆਖਿਆ ਸੀ। ਆਖਣ ਵਾਲਾ ਸ਼ਾਇਦ ਨਸੀਬ ਕੌਰ ਦੇ ਗੁੱਸੇ ਹੋ ਜਾਣ ਤੋਂ ਡਰਦਾ ਸੀ। ਉਂਜ ਉਸਦੀ ਮਨਸ਼ਾ ਸਾਫ ਜ਼ਾਹਰ ਸੀ ਕਿ ਉਡੀਕਣ ਦੀ ਥਾਂ ਸਸਕਾਰ ਕਰ ਦੇਣਾ ਹੀ ਬੇਹਤਰ ਹੈ।

"ਜਿਨ੍ਹਾਂ ਨੇ ਬਾਈ ਨੂੰ ਪਾਰਟੀ 'ਚੋਂ ਬਾਹਰ ਕਢਵਾਇਆ ਹੋਵੇ, ਉਹ ਕਿਵੇਂ ਆਉਣਗੇ ? ਕਿਹੜੇ ਮੂੰਹ ਨਾਲ ਆਉਣਗੇ ?" ਇਹ ਬਿੱਕਰ ਦੇ ਚਾਚੇ ਦਾ ਪੁੱਤ ਸੀ ਜਿਹੜਾ ਅਕਸਰ ਬਿੱਕਰ ਨਾਲ ਪਾਰਟੀ ਪ੍ਰੋਗਰਾਮਾਂ ਵਿਚ ਜਾਂਦਾ ਰਿਹਾ ਸੀ।

"ਹਜੇ ਮਰਦਾ ਨ੍ਹੀਂ ਸੀ ਬਿੱਕਰ ਸਿਹੁੰ। ਬੜੀ ਚੀਹੜੀ ਹੱਡੀ ਦਾ ਬਣਿਆ ਸੀ। ਏਹ ਤਾਂ ਪਾਲਟੀ ਆਲਿਆਂ ਸਲੂਕ ਈ ਐਨਾ ਮਾੜਾ ਕੀਤਾ, ਬਸ ਦਿਲ ਨੂੰ ਲਾ ਗਿਆ।" ਇਕੱਠ 'ਚੋਂ ਪਤਾ ਨਹੀਂ ਕਿਸਦੀ ਆਵਾਜ਼ ਸੀ।

"ਯਾਰੋ, ਜੇ ਕਿਸੇ ਮਕਾਨ ਨੂੰ ਬਣਾਉਣ ਆਸਤੇ ਬੰਦੇ ਨੇ ਆਪਣਾ ਖੂਨ ਪਸੀਨਾ ਡੋਲਿਆ ਹੋਵੇ ਤੇ ਓਸ ਮਕਾਨ 'ਚੋਂ ਉਨੂੰ ਕੋਈ ਕੱਢ ਕੇ ਬਾਹਰ ਮਾਰੇ ? ਹੈਂਅ... ਤੁਸੀਂ ਦੱਸੋ, ਕੀ ਕਰੂ ਫਿਰ ਬੰਦਾ ? ਕਈ ਬਾਜੇ-ਬਾਜੇ ਬੰਦੇ ਢੀਠ ਹੁੰਦੇ। ਸਵੇਰੇ ਕਿਸੇ ਹੋਰ ਰੰਗ ਦੀ ਪੱਗ ਬੰਨ੍ਹੀ ਫਿਰਨਗੇ ਤੇ ਆਥਣੇ ਕਿਸੇ ਹੋਰ ਰੰਗ ਦੀ। ਕੋਈ ਪਾਰਟੀ ਕੱਢਦੇ ਕੋਈ ਰੱਖਲੇ, ਏਹੋ ਜਏ ਬੇਸ਼ਰਮ ਲੋਕਾਂ ਨੂੰ ਕੋਈ ਫਰਕ ਨ੍ਹੀਂ ਪੈਂਦਾ ਹੁੰਦਾ। ਬਿੱਕਰ ਸਿਹੁੰ ਨ੍ਹੀਂ ਸੀ ਐਹੋ ਜਈ ਮਿੱਟੀ ਦਾ ਬਣਿਆ।" ਟਿੱਬੀ ਆਲੇ ਬਲਦੇਵ ਮਾਸਟਰ ਨੇ ਬੜੇ ਸੰਕੋਚਵੇਂ ਸ਼ਬਦਾਂ ਵਿੱਚ ਆਖਿਆ ਸੀ।

ਪਿੰਡ ਦਾ ਸਰਪੰਚ ਥੋੜ੍ਹੀ ਦੇਰ ਪਹਿਲਾਂ ਹੀ ਉਸਦੇ ਸਾਹਮਣੇ ਆ ਕੇ ਬੈਠਾ ਸੀ ਜਿਹੜਾ ਪਿੱਛਲੇ ਢਾਈ ਸਾਲਾਂ ਵਿੱਚ ਤਿੰਨ ਪਾਰਟੀਆਂ ਤੋਂ ਸਿਰੋਪੇ ਪੁਆ ਚੁੱਕਾ ਸੀ।

"ਸਹੀ ਆਖਿਆ ਮਾਸਟਰ ਜੀ। ਕਿਸੇ ਪਾਰਟੀ 'ਚ ਆਉਣ ਲੱਗਿਆਂ ਵੱਡੇ-ਵੱਡੇ ਬਿਆਨ ਦੇਣਗੇ ਅਖੇ ਮੈਂ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਆਇਆਂ। ਫੇਰ ਛੇਤੀ ਏਹਨਾਂ ਦਾ ਦਮ ਵੀ ਘੁੱਟਣ ਲੱਗ ਜਾਂਦਾ। ਅਖੇ ਜੀ ਮੇਰਾ ਪਾਰਟੀ 'ਚ ਦਮ ਘੁੱਟਦਾ ਸੀ। ਭਟਕੇ ਆਪ ਫਿਰਨਗੇ , ਊਂ ਕਹਿਣਗੇ ਪਾਰਟੀ ਸਿਧਾਂਤਾਂ ਤੋਂ ਭਟਕ ਗਈ ਐ। ਐਹੋ ਜਿਆਂ ਨੂੰ ਪੁੱਛਣ ਆਲਾ ਹੋਵੇ ਵਈ ਭੜੂਓ ਪਾਰਟੀਆਂ ਦੇ ਵੀ ਕੋਈ ਸਿਧਾਂਤ ਹੁੰਦੇ ?" ਬਲਵੀਰ ਦਾ ਨਿਸ਼ਾਨਾ ਸਰਪੰਚ ਵੱਲ ਸੀ। ਉਹ ਸਰਪੰਚ ਖਿਲਾਫ ਚੋਣ ਲੜਿਆ ਸੀ ਪਰ ਸਾਧਨਾਂ ਦੀ ਘਾਟ ਹੋਣ ਕਾਰਨ ਹਾਰ ਗਿਆ ਸੀ।

"ਗੱਲ ਬੰਦੇ-ਬੰਦੇ ਦੇ ਕਿਰਦਾਰ ਦੀ ਹੁੰਦੀ ਐ। ਪਾਰਟੀ 'ਚੋਂ ਤਾਂ ਆਪਣੇ ਮਾਸਟਰ ਬਿੱਕਰ ਸਿਹੁੰ ਨੂੰ ਵੀ ਕੱਢਿਆ ਸੀ, ਗਿਆ ਕਿਸੇ ਹੋਰ ਪਾਰਟੀ 'ਚ ? ਚੁੱਪ ਕਰਕੇ ਘਰ ਬੈਠ ਗਿਆ। ਮਰਨ ਵੇਲੇ ਤੱਕ ਇਹਦੀ ਰੂਹ ਪਾਰਟੀ 'ਚ ਰਹੀ।"

"ਪਾਰਟੀ ਵਿਚੋਂ ਤਾਂ ਜ਼ਿਲ੍ਹਾ ਸੈਕਟਰੀ ਨੇ ਕਢਵਾਇਆ ਸੀ ਸਾਜ਼ਿਸ਼ਾਂ ਕਰ-ਕਰ ਕੇ। ਡਰਦਾ ਸੀ ਕਿਤੇ ਮੇਰੀ ਥਾਏਂ ਬਿੱਕਰ ਈ ਨਾ ਬਣਜੇ।"

"ਜ਼ਿਲ੍ਹਾ ਸੱਕਟਰੀ ਬਿੱਕਰ ਨੂੰ ਬਰਦਾਸ਼ ਤਾਂ ਪਹਿਲੋਂ ਵੀ ਨ੍ਹੀਂ ਸੀ ਕਰਦਾ ਪਰ ਹਰੀਏ ਦੀ ਕੁੜੀ ਵਾਲੇ ਕੇਸ ਵੇਲੇ ਤਾਂ ਬਾਹਲੀਓ ਖਾਰ ਖਾਣ ਲੱਗ ਪਿਆ ਸੀ।" ਇਹ ਪਾਰਟੀ ਦਾ ਰਹਿ ਚੁੱਕਾ ਹਮਦਰਦ ਨੱਥਾ ਸੀ। ਸਵੇਰ ਤੋਂ ਹੀ ਇਹ ਗੱਲ ਉਸਦੇ ਮੂੰਹੋਂ ਬਾਹਰ ਨਿਕਲਣ ਨੂੰ ਕਰਦੀ ਸੀ।

ਨਸੀਬ ਕੌਰ ਗੱਲ ਸੁਣ ਕੇ ਉਸ ਵੱਲ ਅਰਥ ਭਰਪੂਰ ਨਜ਼ਰਾਂ ਨਾਲ ਝਾਕੀ ਸੀ। ਉਸਨੇ ਸੱਥਰ 'ਤੇ ਬੈਠੇ ਬੰਦਿਆਂ ਦੇ ਭਰਵੇਂ ਇਕੱਠ ਵੱਲ ਭਰਵੀਂ ਨਿਗਾਹ ਮਾਰੀ। ਹਰੀਆ ਧੋਬੀ ਨੀਵੀਂ ਪਾਈ ਹੁਬਕੀਂ-ਹੁਬਕੀਂ ਰੋ ਰਿਹਾ ਸੀ। ਅੱਖਾਂ 'ਚੋਂ ਘਰਾਲਾਂ ਬਣਕੇ ਵਗ ਰਹੇ ਹੰਝੂ ਉਸਦੀ ਕਰੜ-

ਬਰਫ਼ੀ ਦਾਹੜੀ ਵਿੱਚ ਗੁਆਚਦੇ ਜਾਂਦੇ ਸਨ। ਆਪਣੀ ਕੁੜੀ ਨਾਲ ਹੋਈ ਵਧੀਕੀ ਉਸਦੀਆਂ ਅੱਖਾਂ ਵਿੱਚ ਉੱਤਰ ਆਈ ਸੀ।

ਹਰੀਏ ਦੀ ਕੁੜੀ, ਪਿੰਡ ਦੇ ਸਕੂਲੋਂ ਦਸ ਜਮਾਤਾਂ ਪਾਸ ਕਰ ਕੇ ਸ਼ਹਿਰ ਕਾਲਜ ਪੜ੍ਹਨ ਜਾਣ ਲੱਗੀ ਸੀ। ਪਿੰਡ ਮੇਨ ਸੜਕ ਤੋ ਥੋੜ੍ਹਾ ਜਿਹਾ ਹਟਵਾਂ ਹੋਣ ਕਰਕੇ, ਕੁੜੀ ਨੂੰ ਬੱਸ ਲੈਣ ਲਈ ਮੀਲ-ਡੂਢ ਮੀਲ ਤੁਰਨਾ ਪੈਂਦਾ ਸੀ। ਇਕ ਦਿਨ ਕਾਲਜੋਂ ਪੜ੍ਹਕੇ ਘਰ ਆਉਂਦਿਆਂ ਕੁੜੀ ਰਾਹ ਵਿੱਚ ਹੀ ਕਿਧਰੇ ਗਾਇਬ ਹੋ ਗਈ ਸੀ।

ਸ਼ੱਕ ਦੀ ਸੂਈ ਨਾਲ ਦੇ ਪਿੰਡ ਦੇ ਭੱਠੇ ਵਾਲੇ ਸਰਦਾਰਾਂ ਦੇ ਵਿਗੜੇ ਕਾਕਿਆਂ ਵੱਲ ਜਾਂਦੀ ਸੀ। ਘਟਨਾ ਵਾਲੇ ਦਿਨ ਕਾਕਿਆਂ ਦੀ ਜਿਪਸੀ ਸੜਕ 'ਤੇ ਸ਼ੱਕੀ ਹਾਲਤ ਵਿਚ ਘੁੰਮਦੀ ਦੇਖੀ ਗਈ ਸੀ। ਹਰੀਏ ਨੇ ਸ਼ੱਕੀ ਵਿਅਕਤੀਆਂ ਦੇ ਨਾਂ ਦੱਸ ਕੇ ਪੁਲਿਸ ਥਾਣੇ ਵਿੱਚ ਰਿਪੋਰਟ ਦਰਜ ਕਰਵਾਈ ਸੀ ਪਰ ਪੁਲਿਸ ਨੇ 'ਅਣਪਛਾਤੇ ਸ਼ੱਕੀ ਬੰਦਿਆਂ' ਖਿਲਾਫ਼ ਐਫ ਆਈ ਆਰ ਦਰਜ ਕਰ ਕੇ ਮਾਮਲਾ ਵੱਟੇ ਖਾਤੇ ਪਾ ਦਿੱਤਾ ਸੀ। ਗੁੰਮ ਹੋਈ ਕੁੜੀ ਨੂੰ ਲੱਭਣ ਅਤੇ ਦੋਸ਼ੀਆਂ ਦੀ ਭਾਲ ਕਰਨ ਵਿਚ ਪੁਲਸ ਦੀ ਕੋਈ ਰੁੱਚੀ ਹੀ ਨਹੀਂ ਸੀ। ਆਪਣੇ ਕਾਕਿਆਂ ਦੇ ਨਾਂ ਦੀ ਚਵਾ-ਚਵੀ ਦੇ ਚੱਲਦਿਆਂ ਭੱਠੇ ਵਾਲਿਆਂ ਨੇ ਪੁਲਿਸ ਦੀ ਜਾਂਚ ਦਾ ਮੂੰਹ ਕਿਸੇ ਹੋਰ ਪਾਸੇ ਹੀ ਭੁਆਂ ਦਿੱਤਾ ਸੀ। ਉਹ ਕੁੜੀ ਨਾਲ ਪੜ੍ਹਨ ਵਾਲੇ ਕਈ ਮੁੰਡਿਆਂ ਨੂੰ ਖਾਹ-ਮਖਾਹ ਹੀ ਹੱਬ-ਦੱਬ ਕਰ ਕੇ ਕਾਰਵਾਈ ਪਾਉਣ ਲੱਗੀ ਸੀ।

ਚੌਥੇ ਦਿਨ ਕੁੜੀ ਅਰਧ ਨਗਨ ਹਾਲਤ ਵਿੱਚ ਬੇਹੋਸ਼, ਟਿੱਬੇ ਨਾਲ ਦੇ ਖੇਤਾਂ ਵਿੱਚੋਂ ਸੁੱਟੀ ਪਈ ਮਿਲੀ ਸੀ। ਕੁੜੀ ਨੂੰ ਇਨਸਾਫ ਦਿਵਾਉਣ ਲਈ ਬਹੁਤੇ ਲੋਕ ਅੱਗੇ ਨਹੀਂ ਸੀ ਆਏ। ਜ਼ਿਆਦਾਤਰ ਨੇ ਤਾਂ ਕੁੜੀ ਦੇ ਚਰਿਤਰ ਉੱਪਰ ਹੀ ਉਂਗਲਾਂ ਉਠਾ ਦਿੱਤੀਆਂ ਸਨ। ਲੋਕਾਂ ਵਿੱਚ ਭੱਠੇ ਵਾਲਿਆਂ ਸਰਦਾਰਾਂ ਵੱਲ ਉਂਗਲ ਚੁੱਕਣ ਦਾ ਹੌਂਸਲਾ ਹੀ ਨਹੀਂ ਸੀ ਪੈ ਰਿਹਾ।

ਹਰੀਆ ਪਾਰਟੀ ਦਾ ਮੈਂਬਰ ਤਾਂ ਭਾਵੇਂ ਨਹੀਂ ਸੀ ਪਰ ਹਮਦਰਦ ਜ਼ਰੂਰ ਸੀ। ਉਸਨੂੰ ਇਨਸਾਫ ਦਿਵਾਉਣ ਲਈ ਬਿੱਕਰ ਨੇ ਝੰਡਾ ਚੁੱਕਣ ਦਾ ਫੈਸਲਾ ਕਰ ਲਿਆ ਸੀ। ਉਸਨੇ ਇਹ ਮਸਲਾ ਪਹਿਲਾਂ ਤਹਿਸੀਲ ਤੇ ਫਿਰ ਜ਼ਿਲ੍ਹਾ ਕਮੇਟੀ ਦੇ ਧਿਆਨ ਵਿੱਚ ਲਿਆਂਦਾ। ਉਸਨੂੰ ਆਸ ਸੀ ਕਿ ਪਾਰਟੀ ਦਾ ਹਮਦਰਦ ਹੋਣ ਨਾਤੇ ਹਰੀਏ ਨੂੰ ਇਨਸਾਫ ਦਿਵਾਉਣ ਲਈ ਇਹ ਮਸਲਾ ਆਪਣੇ ਹੱਥ ਵਿਚ ਲੈ ਲਵੇਗੀ।

"ਬਿੱਕਰ ਸਿਆਂ! ਜਦੋਂ ਆਪਾਂ ਨੂੰ ਕਿਸੇ ਧਰਨੇ ਮੁਜ਼ਾਹਰੇ ਵਾਸਤੇ ਬੰਦਿਆਂ ਦੀ ਲੋੜ ਪੈਂਦੀ ਐ, ਇਹ ਲੋਕ ਉੱਕਾ ਹੀ ਨਹੀਂ ਆਉਂਦੇ। ਇਹੋ ਜਿਹੇ ਲੋਕਾਂ ਮਗਰ ਲੱਗ ਕੇ ਆਪਾਂ ਪੁਲਸ ਜਾਂ ਕਿਸੇ ਹੋਰ ਵੱਡੀ ਧਿਰ ਨਾਲ ਸਿੰਗ ਫਸਾ ਬੈਠਦੇ ਆਂ। ਜਦੋਂ ਮਸਲਾ ਭੜਕ ਜਾਂਦਾ ਇਹ ਲੋਕ ਜਾਂ ਤਾਂ ਡਰ ਜਾਂਦੇ ਆ ਜਾਂ ਅੰਦਰਖਾਤੇ ਪੈਸੇ ਲੈਕੇ ਰਾਜ਼ੀਨਾਵਾਂ ਕਰ ਜਾਂਦੇ। ਇਹ ਲੁੰਪਨ ਕਲਾਸ ਬੜੀ ਖਤਰਨਾਕ ਹੁੰਦੀ ਐ। ਕਿਸੇ ਦੇ ਸਕੇ ਨ੍ਹੀਂ ਏਹ।" ਜ਼ਿਲ੍ਹਾ ਸੈਕਟਰੀ ਰਘਬੀਰ ਸਿੰਘ ਨੇ ਬਿੱਕਰ ਨੂੰ ਸਮਝਾਇਆ ਸੀ।

"ਜਦੋਂ ਅਸੀਂ ਲੋਕਾਂ ਦਾ ਸਾਥ ਨ੍ਹੀਂ ਦਿੰਦੇ, ਲੋਕ ਵੀ ਸਾਡੇ ਨਾਲ ਕਿਉਂ ਖੜਨ? ਹੁਣ ਹਰੀਏ ਨਾਲ ਧੱਕਾ ਹੋਇਆ, ਉਹਦੇ ਨਾਲ ਖੜਾਂਗੇ ਤਾਂ ਲੋਕ ਵੀ ਆਪਣੇ ਨਾਲ ਖੜਨਗੇ।" ਬਿੱਕਰ ਨੇ ਦਲੀਲ ਦਿੱਤੀ ਸੀ।

"ਬਿੱਕਰ ਸਿੰਘ ਜੀ! ਭਾਵਕ ਹੋ ਕੇ ਫੈਸਲੇ ਨਹੀਂ ਲਈਦੇ। ਭਾਵਕਤਾ ਨਾਲ ਪਾਰਟੀਆਂ ਨ੍ਹੀਂ ਚੱਲਦੀਆਂ। ਭਾਵਕਤਾ ਨੇ ਅੱਗੇ ਬੜਾ ਨੁਕਸਾਨ ਕਰਾਇਆ ਪਾਰਟੀ ਦਾ। ਐਹੋ ਜਿਹੇ ਕੇਸਾਂ 'ਚ ਅਸਲੀਅਤ ਕੁੱਛ ਹੋਰ ਈ ਨਿਕਲਦੀ ਹੁੰਦੀ ਐ, ਫੇਰ ਪਾਰਟੀ ਨੂੰ ਨਮੋਸ਼ੀ ਝੱਲਣੀ ਪੈਂਦੀ। ਹੁਣ



ਕੀ ਪਤਾ ਲੜਕੀ ਗਲਤ ਹੋਵੇ? ਨਾਲੇ ਆਪਾਂ ਪਾਰਟੀ ਜ਼ਾਬਤੇ 'ਚ ਬੰਨ ਹੋਏ ਆਂ, ਆਵਦੇ ਪੱਧਰ 'ਤੇ ਕੋਈ ਫੈਸਲਾ ਨਹੀਂ ਲੈ ਸਕਦੇ। ਅਗਲੇ ਹਫਤੇ ਸਟੇਟ ਕੌਂਸਲ ਦੀ ਮੀਟਿੰਗ ਹੋਣੀ ਐ, ਉੱਥੇ ਇਹ ਮਸਲਾ ਰੱਖਾਂਗੇ। ਮੈਂ ਆਪ ਰੱਖੂੰ ਅੱਗੇ ਹੋ ਕੇ। ਜਿਵੇਂ ਸਟੇਟ ਕਮੇਟੀ ਡਾਇਰੈਕਸ਼ਨ ਦੇਊਂ, ਉਸੇ ਹਿਸਾਬ ਨਾਲ ਐਕਸ਼ਨ ਕਰਾਂਗੇ। ਜਦੋਂ ਮਸਲਾ ਸਟੇਟ ਕਮੇਟੀ ਹੱਥ ਹੋਇਆ, ਫਿਰ ਥਾਣੇਦਾਰ ਕਿਹੜੀ ਮਾਂ ਦਾ, ਐਸ ਐਸ ਪੀ ਭੱਜਿਆ ਫਿਰੂ ਦੋਸ਼ੀ ਫੜਨ ਆਸਤੇ।" ਰਘਬੀਰ ਸਿੰਘ ਨੇ ਬਿੱਕਰ ਨੂੰ ਬੜੇ ਢੰਗ ਨਾਲ ਟਰਕਾ ਦਿੱਤਾ ਸੀ।

"ਇਹ ਤਾਂ ਸਥਾਨਕ ਮਸਲਾ ਐ, ਸਟੇਟ ਕੌਂਸਲ ਵਿੱਚ ਲਿਜਾਣ ਵਾਲੀ ਕੀ ਤੁੱਕ ਬਣਦੀ? ਫਿਰ ਜਦੋ ਆਪਾਂ ਸੰਘਰਸ਼ ਵਿੱਢਤਾ, ਸਟੇਟ ਕੌਂਸਲ ਵਾਲਿਆਂ ਨੂੰ ਵੀ ਪਤਾ ਲੱਗ ਹੀ ਜਾਊ।" ਬਿੱਕਰ ਸਿੰਘ ਆਖਣਾ ਚਾਹੁੰਦਾ ਸੀ ਪਰ ਚੁੱਪ ਰਿਹਾ। ਉਸਨੇ ਭਾਂਪ ਲਿਆ ਕਿ ਰਘਬੀਰ ਸਿੰਘ ਨੇ ਇਹ ਮਸਲਾ ਆਪ ਤਾਂ ਕੀ, ਕਿਸੇ ਹੋਰ ਨੂੰ ਵੀ ਸਟੇਟ ਕੌਂਸਲ ਦੀ ਮੀਟਿੰਗ ਵਿੱਚ ਨਹੀਂ ਲਿਜਾਣ ਦੇਣਾ।

ਬਿੱਕਰ ਸਿੰਘ ਚੁੱਪ ਕਰਕੇ ਘਰ ਨਹੀਂ ਸੀ ਬੈਠਿਆ। ਆਪਣੇ ਪ੍ਰਭਾਵ ਹੇਠਲੇ ਬੰਦੇ ਇਕੱਠੇ ਕਰਕੇ ਉਸਨੇ ਥਾਣੇ ਅੱਗੇ ਧਰਨਾ ਲਾ ਦਿੱਤਾ ਸੀ। ਭੱਠੇ ਵਾਲੇ ਸਰਦਾਰਾਂ ਦੀਆਂ ਧਮਕੀਆਂ ਇਧਰੋਂ-ਉਧਰੋਂ ਮਿਲਣ ਲੱਗੀਆਂ ਸਨ। ਧੱਕੜ ਮੁੱਖ ਮੰਤਰੀ ਦੇ ਫੈਸਲੇ ਖਿਲਾਫ਼ ਚੌਦਾਂ ਸਾਲ ਲੜਾਈ ਲੜਨ ਅਤੇ ਸੂਬੇ ਦੀਆਂ ਕਈ ਜ਼ੇਲ੍ਹਾਂ ਦੀ ਯਾਤਰਾ ਕਰਨ ਵਾਲਾ ਬਿੱਕਰ ਸਰਦਾਰਾਂ ਦੀਆਂ ਗਿੱਦੜ ਭਬਕੀਆਂ ਦੀ ਕਿੱਥੇ ਪਰਵਾਹ ਕਰਨ ਵਾਲਾ ਸੀ। ਉਹ ਸਗੋਂ ਹੋਰ ਦਲੇਰੀ ਨਾਲ ਡਟ ਗਿਆ ਸੀ। ਧਰਨੇ ਦੇ ਛੇਵੇਂ ਦਿਨ ਦੋ ਅਖ਼ਬਾਰਾਂ ਨੇ 'ਲੜਕੀ ਨਾਲ ਧੱਕੇਸ਼ਾਹੀ' ਸਿਰਲੇਖ ਨਾਲ ਤੀਜੇ ਪੰਨੇ 'ਤੇ ਇੱਕ ਕਾਲਮੀ ਖ਼ਬਰ ਲਾ ਦਿੱਤੀ ਸੀ। ਖ਼ਬਰ ਵਿੱਚ ਚੱਲ ਰਹੇ ਧਰਨੇ ਬਾਰੇ ਵੀ ਦੋ ਕੁ ਲਾਈਨਾਂ ਲਿਖੀਆਂ ਗਈਆਂ ਸਨ। ਇਹ ਸਾਰਾ ਕੁੱਝ ਸਰਦਾਰਾਂ ਵੱਲੋਂ ਸਥਾਨਕ ਪੱਤਰਕਾਰਾਂ ਤੋਂ ਲੈ ਕੇ ਅਖ਼ਬਾਰਾਂ ਦੇ ਸੰਪਾਦਕਾਂ ਤੱਕ ਪਹੁੰਚ ਕਰਨ ਦੇ ਬਾਵਜੂਦ ਹੋ ਗਿਆ ਸੀ।

ਉਧਰ ਬਿੱਕਰ ਸਿੰਘ ਨੂੰ ਲਗਾਤਾਰ ਪਾਰਟੀ ਦੀ ਜ਼ਿਲ੍ਹਾ ਇਕਾਈ ਵੱਲੋਂ, 'ਮਾਮਲੇ ਨੂੰ ਠੰਡਾ ਪਾਇਆ ਜਾਵੇ।' ਦੀਆਂ ਜ਼ੁਬਾਨੀ ਹਿਦਾਇਤਾਂ ਮਿਲ ਰਹੀਆਂ ਸਨ। ਏਥੋਂ ਤੱਕ ਕਿ ਪਾਰਟੀ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ ਹੇਠ 'ਕਾਰਨ ਦੱਸੋ ਨੋਟਿਸ' ਜ਼ਾਰੀ ਹੋਣ ਦੀਆਂ ਕਨਸੋਆਂ ਵੀ ਸੁਣਾਈ ਦੇਣ ਲੱਗੀਆਂ ਸਨ।

"ਬਿਨਾਂ ਪੁਖਤਾ ਸਬੂਤਾਂ ਦੇ, ਕਿਸੇ ਮੋਹਤਬਰ ਵਿਅਕਤੀਆਂ ਖਿਲਾਫ਼ ਅੰਦੋਲਨ ਖੜ੍ਹਾ ਕਰਨਾ ਵਾਜਬ ਨਹੀਂ। ਇਸ ਨਾਲ ਸਮਾਜ ਵਿਚ ਚੰਗਾ ਮੈਸੇਜ ਨਹੀਂ ਜਾਂਦਾ।" ਬਿੱਕਰ ਸਿੰਘ ਨੂੰ ਆਖਿਆ ਜਾ ਰਿਹਾ ਸੀ ।

"ਪ੍ਰੋਲੋਤਾਰੀ ਜਮਾਤ ਨਾਲ ਹੋ ਰਹੀ ਵਧੀਕੀ ਦੇ ਵਿਰੋਧ ਵਿੱਚ ਨਾ ਖੜ ਕੇ, ਸਮਾਜ ਨੂੰ ਕਿਹੜਾ ਮੈਸੇਜ ਦੇਵਾਂਗੇ?" ਬਿੱਕਰ ਸਿੰਘ ਪਾਰਟੀ ਵਾਲਿਆਂ ਨੂੰ ਉਲਟਾ ਸੁਆਲ ਕਰ ਰਿਹਾ ਸੀ।

"ਜ਼ਿਲ੍ਹਾ ਦਫਤਰ ਦੀ ਉਸਾਰੀ ਵੇਲੇ ਭੱਠੇ ਵਾਲੇ ਸਰਦਾਰਾਂ ਨੇ ਦਸ ਹਜ਼ਾਰ ਇੱਟ ਮੁਫਤ ਭੇਜੀ ਸੀ। ਜਦੋਂ ਵੀ ਕਦੇ ਲੋੜ ਪਈ ਭੱਠੇ ਵਾਲੇ ਸਰਦਾਰਾਂ ਦਾ ਸਹਿਯੋਗ ਪਾਰਟੀ ਨੂੰ ਮਿਲਦਾ ਰਿਹਾ। ਅਜੇ ਪਿੱਛਲੇ ਸਾਲ ਹੀ ਪਾਰਟੀ ਦੇ ਕਿਸਾਨ ਵਿੰਗ ਦੀ ਸੂਬਾਈ ਕਾਨਫਰੰਸ ਵੇਲੇ ਇੱਕੀ ਹਜ਼ਾਰ ਦੀ ਪਰਚੀ ਕਟਵਾਈ ਸੀ।" ਜ਼ਿਲ੍ਹਾ ਬਾਡੀ ਵੱਲੋਂ ਇਧਰ-ਉਧਰ ਦੀਆਂ ਦਲੀਲਾਂ ਦੇ ਕੇ ਬਿੱਕਰ ਸਿੰਘ ਨੂੰ ਸੰਘਰਸ਼ ਮੁਲਤਵੀ ਕਰ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਸੀ।

ਨਸੀਬ ਕੌਰ ਨੂੰ ਉਹ ਦਿਨ ਚੰਗੀ ਤਰ੍ਹਾਂ ਯਾਦ ਹੈ ਜਿਸ ਦਿਨ ਤਹਿਸੀਲ ਸੈਕਟਰੀ ਸੁਖਮੰਦਰ ਮਾਨ, ਜ਼ਿਲ੍ਹਾ ਸੈਕਟਰੀ ਦਾ ਬੜਾ ਸਪੱਸ਼ਟ ਸੁਨੇਹਾ ਲੈ ਕੇ ਉਹਨਾਂ ਦੇ ਘਰ ਆਇਆ ਸੀ।

ਉਹ ਸਾਰਾ ਪਰਿਵਾਰ ਅਜੇ ਬਿਸਤਰਿਆਂ ਵਿੱਚ ਹੀ ਸੀ ਜਦੋਂ ਪਾਠੀ ਦੀ ਆਵਾਜ਼ ਦੇ ਨਾਲ ਹੀ ਸੁਖਮੰਦਰ ਨੇ ਬੂਹਾ ਆ ਖੜਕਾਇਆ ਸੀ,

"ਵੇਖ ਬਿੱਕਰ ਸਿਆਂ! ਮੰਨ ਲਿਆ ਮੁੰਡਿਆਂ ਨੇ ਗਲਤੀ ਕਰ ਦਿੱਤੀ ਹੋਊ, ਐਹੋ ਜਿਹੀ ਉਮਰ 'ਚ ਸੌ ਗਲਤੀਆਂ-ਫ਼ਲਤੀਆਂ ਹੋ ਜਾਂਦੀਆਂ। ਤੈਨੂੰ ਪਤਾ ਈ ਹੋਊ, ਆਪਣੇ ਜ਼ਿਲ੍ਹਾ ਸੈਕਟਰੀ ਰਘਬੀਰ ਸਿੰਘ ਨਾਲ ਨੇੜਲੀ ਰਿਸ਼ਤੇਦਾਰੀ ਪੈਂਦੀ ਐ ਭੱਠੇ ਆਲੇ ਸਰਦਾਰਾਂ ਦੀ। ਫੇਰ ਆਪਣੀ ਆਵਦੀ ਜਾਤ ਬਰਾਦਰੀ ਤੇ ਭਾਈਚਾਰਾ ਵੀ ਐ। ਹੁਣ ਸਾਰੀਆਂ ਕੌਮਾਂ ਈ ਪੱਖ ਕਰਦੀਆਂ ਆਵਦੇ ਕੋੜਮੇ ਕਬੀਲੇ ਦਾ। ਫਿਰ ਅਸੀਂ ਕਿਉਂ ਨਾ ਕਰੀਏ? ਜਦੋਂ ਹੁਣ ਆਵਦੇ ਭਾਈਚਾਰੇ ਦੇ ਮੋਹਤਬਰ 'ਤੇ ਕਿਸੇ ਤਰ੍ਹਾਂ ਦੀ ਭੀੜ ਬਣੀ ਐ, ਸਾਨੂੰ ਵੀ ਮੱਦਦ ਕਰਨੀ ਚਾਹੀਦੀ। ਚਲੋ ਮੱਦਦ ਦੀ ਵੀ ਛੱਡੋ, ਮੇਰਾ ਮਤਲਬ ਵਿਰੋਧਤਾ ਨ੍ਹੀਂ ਕਰਨੀ ਚਾਹੀਦੀ।"

ਬਿੱਕਰ ਸਿੰਘ ਨੂੰ ਲੱਗਾ ਸੀ ਜਿਵੇਂ ਉਸ ਅੰਦਰੋਂ ਕੋਈ ਲਾਵਾਂ ਫੁੱਟ ਰਿਹਾ ਹੋਵੇ। ਜਿਵੇਂ-ਕਿਵੇਂ ਉਸਨੇ ਆਪਣੇ ਅੰਦਰਲੇ ਗੁੱਸੇ ਨੂੰ ਅੰਦਰੇ ਨੱਪ ਲਿਆ ਸੀ।

"ਮਾਸਟਰ ਜੀ! ਗੁੱਸਾ ਨਾ ਕਰਿਓ। ਤੁਸੀਂ ਕੁੱਝ ਜ਼ਿਆਦਾ ਈ ਆਦਰਸ਼ਵਾਦੀ ਹੋ ਜਾਨੇ ਓਂ। ਭਾਵਕਤਾ ਮਾੜੀ ਹੁੰਦੀ ਐ। ਭਾਵਕ ਨ੍ਹੀਂ ਹੋਈਦਾ। ਐਵੇਂ ਨਾ ਬਹੁਤਾ ਸਿਰ ਚੜ੍ਹਾਇਆ ਕਰੋ ਜਾਤਾਂ ਨੂੰ। ਇਹ ਵੱਡੀਆਂ-ਟੁੱਕੀਆਂ ਜਾਤਾਂ ਕੇਰਾਂ ਸਿਰ ਚੜ੍ਹਗੀਆਂ, ਫੇਰ ਲਾਹੁਣੀਆਂ ਔਖੀਆਂ ਹੋ ਜਾਣਗੀਆਂ।" ਸੁਖਮੰਦਰ ਮਾਨ, ਬਿੱਕਰ ਅੰਦਰ ਚੱਲਦੇ ਘੋਲ ਨੂੰ ਸਮਝਣ ਤੋਂ ਅਸਮਰਥ ਸੀ।

ਬਿੱਕਰ ਸਿੰਘ ਦਾ ਜੀਅ ਕੀਤਾ ਸੀ ਤਹਿਸੀਲ ਸੈਕਟਰੀ ਨੂੰ ਬਾਹੋਂ ਫੜ, ਦਰਵਾਜ਼ੇ ਤੋਂ ਬਾਹਰ ਕਰ ਦੇਵੇ।

"ਮਾਨ ਸਾਹਬ! ਚਾਹ ਨਾਲ ਈ ਸਰਜੂ ਕਿ ਰੋਟੀ ਬਣਾਈਏ?"

"ਬਾਅ...ਸ਼!" ਤਹਿਸੀਲ ਸੈਕਟਰੀ ਨੇ ਖੁਸ਼ਕ ਹੋਏ ਗਲੇ ਵਿਚੋਂ ਬੜੀ ਮੁਸ਼ਕਲ ਨਾਲ ਥੁੱਕ ਅੰਦਰ ਲੰਘਾਇਆ ਸੀ।

"ਕੋਈ ਹੋਰ ਸੇਵਾ?" ਬਿੱਕਰ ਸਿੰਘ ਨੇ ਜਿਵੇਂ ਉਸਨੂੰ ਜਾਣ ਦਾ ਇਸ਼ਾਰਾ ਕਰ ਦਿੱਤਾ ਸੀ।

"ਇਹੀ ਸੇਵਾ ਬਹੁਤ ਐ ਹਜੇ ਤਾਂ। ਬਾਕੀ ਬਿੱਕਰ ਸਿਆਂ! ਉਹ ਭੀੜ ਸੰਗੀੜ ਜੀ ਨਿਕਲਜੇ, ਸੇਵਾ ਤਾਂ ਅਸੀਂ ਕਰਾਂਗੇ।" ਦਰਵਾਜ਼ਾ ਲੰਘਦਿਆਂ ਤਹਿਸੀਲ ਸੈਕਟਰੀ ਨੇ ਬੁੱਝੇ ਜਿਹੇ ਮਨ ਨਾਲ ਆਖਿਆ ਸੀ। ਆਵਾਜ਼ ਜਿਵੇਂ ਡੂੰਘੇ ਖੂਹ ਵਿਚੋਂ ਆਈ ਹੋਵੇ। ਉਸਨੂੰ ਯਕੀਨ ਹੋ ਗਿਆ ਸੀ ਕਿ ਬਿੱਕਰ ਨੇ ਆਪਣੇ ਸਟੈਂਡ ਤੋਂ ਇੱਕ ਪੈਰ ਵੀ ਇਧਰ-ਉਧਰ ਨਹੀਂ ਹੋਣਾ।

ਬਿੱਕਰ ਸਿੰਘ ਦੇ ਜ਼ੋਰਦਾਰ ਸੰਘਰਸ਼ ਦੀ ਬਦੌਲਤ ਪੁਲਸ ਨੂੰ ਪੰਦਰਵੇਂ ਦਿਨ ਐਫ ਆਈ ਆਰ ਵਿੱਚ 'ਅਣਪਛਾਤੇ ਸ਼ੱਕੀ ਬੰਦਿਆਂ' ਦੀ ਥਾਂ ਭੱਠੇ ਵਾਲੇ ਸਰਦਾਰਾਂ ਦੇ ਕਾਕਿਆਂ ਦਾ ਨਾਂ ਦਰਜ ਕਰ ਕੇ ਉਹਨਾਂ ਦੀ ਗ੍ਰਿਫਤਾਰੀ ਪਾਉਣੀ ਪਈ ਸੀ।

ਇਸ ਘਟਨਾ ਦੇ ਇੱਕ ਮਹੀਨੇ ਦੇ ਵਿੱਚ-ਵਿੱਚ ਹੀ ਤਹਿਸੀਲ ਅਤੇ ਜ਼ਿਲ੍ਹਾ ਸੈਕਟਰੀ ਨੇ ਬਿੱਕਰ ਸਿੰਘ ਨੂੰ ਇਸ ਸੰਘਰਸ਼ ਦਾ ਇਨਾਮ ਦੇ ਦਿੱਤਾ ਸੀ। ਪਾਰਟੀ ਅਨੁਸ਼ਾਸਨ ਭੰਗ ਕਰਨ ਦਾ ਦੋਸ਼ ਲਗਾ ਕੇ ਪਹਿਲਾਂ ਉਸਨੂੰ ਜ਼ਿਲ੍ਹਾ ਕਮੇਟੀ ਤੇ ਫੇਰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਹੀ ਖਾਰਜ ਕਰ ਦਿੱਤਾ ਗਿਆ ਸੀ।

"ਤਾਈ, ਕਿਵੇਂ ਕਰੀਏ ਫੇ...? ਆਇਆ ਗਿਆ ਤਾਂ ਕਾਹਲਾ ਪਈ ਜਾਂਦਾ।" ਬਿੱਕਰ ਸਿੰਘ ਦੇ ਵੱਡੇ ਭਤੀਜੇ ਦੀ ਆਵਾਜ਼ ਨਾਲ ਨਸੀਬ ਕੌਰ ਜਿਵੇਂ ਨੀਂਦ ਵਿਚੋਂ ਜਾਗੀ ਹੋਵੇ।

"ਵੇ ਪੁੱਤ! ਹਰੀਏ ਨੂੰ ਆਖ, ਦੁਕਾਨ ਤੋਂ ਲਿਆ ਕੇ ਕੱਪੜਾ ਪਾਵੇ ਆਵਦੇ ਸਾਥੀ 'ਤੇ।" ਨਸੀਬ ਕੌਰ ਨੇ ਸਸਕਾਰ ਦੀ ਤਿਆਰੀ ਕਰਨ ਦਾ ਇਸ਼ਾਰਾ ਕਰ ਦਿੱਤਾ ਸੀ।



# ਰਲੀ/ਮਕਸੂਦ ਸਾਕਿਬ

ਅੰਮਾਂ ਰਲੀ ਹੁੰਦੀ ਸੀ ਇੱਕ। ਸੁੱਕੀ ਸੜੀ, ਉਮਰ ਦੀ ਵਾਹਵਾ, ਝੁਰੜੀਆਂ ਭਰਿਆ ਮੂੰਹ ਤੇ ਧੌਲ਼ਾ ਝਾਟਾ। ਅੱਖਾਂ ਅਸਲੋਂ ਈ ਚੁੰਨ੍ਹੀਆਂ ਸਾਸੂ....ਮਸਾਂ ਈ ਕੁਝ ਦਿਸਦਾ ਜਾਪਦਾ ਉਹਨੂੰ। ਆਉਣਾ ਤੇ ਵੇੜ੍ਹੇ ਸਾਡੇ ਭੋਏਂ ਤੇ ਈ ਬਹਿ ਜਾਣਾ ਪਥੱਲਾ ਮਾਰ ਕੇ। ਮਾਂ ਮੇਰੀ ਆਪ ਉਠ ਕੇ ਪੀੜ੍ਹੀ ਦੇਣੀ। "ਜਿਉਂਦੀ ਵਸਦੀ ਰਹੋ" ਆਖ ਉਹਨੇ ਥਾਂ ਨਾ ਛੱਡਣੀ।

"ਅੰਮਾਂ ਰਲੀਏ ਕੁਝ ਖਾ ਪੀ ਲੈ," ਮਾਂ ਮੇਰੀ ਨੇ ਆਖਣਾ।

ਉਸ ਕਹਿਣਾ, "ਭਲਾ ਹੋਵੀ ਰੱਬ ਚੋਖਾ ਦੇਵੀ। ਤਮੰਨਾ ਹੋਈ ਤੇ ਆਪ ਮੰਗ ਲਾਂ ਗੀ।"

ਮਾਂ ਮੇਰੀ ਆਖਣਾ, "ਤੇਰੀ ਮਰਜ਼ੀ ਪਰ ਝਕਦੀ ਨਾ ਰਹੀਂ।"

ਅੰਮਾਂ ਰਲੀ ਹੱਸ ਪੈਣਾ ਜਿਵੇਂ ਮਕਈ ਖੜਦੀ ਏ ਭੁੰਨਦਿਆਂ — ਸਗਵੀਂ ਵਾਜ ਹੋਣੀ ਉਹਦੇ ਹਾਸੇ ਦੀ.... "ਲੈ ਕੁੜੀਏ ਗੁਲ ਬੀਬਾਂ ਮੇਰਾ ਅਪਣਾ ਘਰ ਏ, ਝਕਣਾ ਕਿਉਂ ਐਂ ਮੈਂ....।"

ਮਾਂ ਮੇਰੀ ਨੇ ਪਹਿਲੋਂ ਨਿੱਕੇ ਕਮਰੇ ਵਿਚ ਵੜਨਾ ਤੇ ਫੇਰ ਵੱਡੇ ਵਿਚ.... ਵੇਖਦਿਆਂ ਵੇਖਦਿਆਂ ਭਾਰਿਆਂ ਕੱਪੜਿਆਂ ਦਾ ਢੇਰ ਲਿਆ ਧਰਨਾ ਅੰਮਾਂ ਰਲੀ ਦੇ ਸਾਹਮਣੇ। ਬਿਸਤਰਿਆਂ ਦੀਆਂ ਚਾਦਰਾਂ, ਖੇਸ, ਤੁਲਾਈਆਂ ਅਤੇ ਲੇਫ਼ਾਂ ਰਜ਼ਾਈਆਂ ਦੇ ਉਛਾੜ ਸਰ੍ਹਾਣਿਆਂ ਦੇ ਉਲਾਰੇ, ਮੇਜ਼ ਪੋਸ਼, ਅੰਗੀਠੀ ਪੋਸ਼ ਤੇ ਹੋਰ ਖ਼ਬਰੇ ਕੀ ਕੀ....

ਅੰਮਾਂ ਰਲੀ ਸਭ ਫਰੋਲ਼ ਫਰੋਲ਼ ਆਪਣੇ ਹਿਸਾਬ ਸਿਰ ਢੇਰੀਆਂ ਲਾਣੀਆਂ ਤੇ ਫੇਰ ਕੋਈ ਵਿਚੋਂ ਈ ਵੱਡਾ ਕੱਪੜਾ ਕੱਢ ਕੇ ਇੱਕ ਪਾਸੇ ਵਿਛਾਣਾ ਤੇ ਉਹ ਢੇਰੀਆਂ ਉਹਦੇ ਉੱਤੇ ਲਾਈ ਜਾਣੀਆਂ। ਵਿਚੋਂ ਅਕਸਰ ਨੂੰ ਉਹਨੇ ਆਪੋ ਵਿਚ ਗੰਢਾਂ ਮਾਰ ਦਿੱਤੀਆਂ ਹੁੰਦੀਆਂ ਸਨ। ਵੇਖਦਿਆਂ ਵੇਖਦਿਆਂ ਉਹਨੇ ਵੱਡਾ ਸਾਰਾ ਗਠੜ ਬਣਾ ਲੈਣਾ ਤੇ ਉਹਦੀ ਇੱਕ ਗੰਢ ਪੀਚਵੀਂ ਰੱਖ ਕੇ ਦੂਜੀ ਮੋਕਲੀ ਪਰ ਪੱਕੀ ਗੰਢ ਨੂੰ ਅੱਧ ਸਿਰ ਤੇ ਕਰ ਕੇ ਉਠ ਬਹਿਣਾ ਗੋਡਿਆਂ ਤੇ ਹੱਥ ਧਰਦੀ ਨੇ। ਅਸੀਂ ਵੇਖਦਿਆਂ ਰਹਿ ਜਾਣਾ....

ਅੰਮਾਂ ਰਲੀ ਪਨਾਹਗੀਰ ਸੀ। ਆਖਿਆ ਕਰੇ, "ਘਰ ਛੱਡ ਕੇ ਆਏ ਆਂ ਵੱਡਾ ਸਾਰਾ। ਇਥੇ ਮਿਲਿਆ ਕੁਝ ਨਹੀਂ। ਮੁੰਡੇ ਸਨ ਦੋ....ਵੱਢੇ ਗਏ ਓਥੇ ਈ। ਬੁਢੜਾ ਤੇ ਮੈਂ ਬੁਢੜੀ ਜਵਾਨ ਕੁੜੀ ਲੈ ਕੇ ਕਿਵੇਂ ਨਿਕਲੇ ਆਂ। ਕੀ ਕਰਨਾ ਏ ਕਿੱਸਾ ਝੋਹ ਕੇ.... ਇਥੇ ਗਿਲਜੇ ਗਰਾਊਂਡ ਦੇ ਘਰਾਂ ਦੀਆਂ ਬੈਠਕਾਂ ਵਿਚੋਂ ਇੱਕ ਬੈਠਕ ਈ ਲੱਭੀ ਏ ਸਾਨੂੰ। ਹੋਰ ਵੀ ਪੂਰਾ ਪੂਰਾ ਘਰ ਕਿਸੇ ਨੂੰ ਨਹੀਂ ਜੁੜਿਆ....ਕਿੰਨੇ ਕਿੰਨੇ ਟੱਬਰ ਨੇਂ ਇੱਕ ਇੱਕ ਘਰ ਵਿਚ। ਕੋਈ ਕਿਤੋਂ ਦਾ ਕੋਈ ਕਿਤੋਂ ਦਾ। ਲੜਾਈਆਂ ਝਗੜੇ ਮੁਕੱਦਮੇਬਾਜ਼ੀਆਂ। ਕੋਈ ਆਹੰਦਾ ਏ ਅਸੀਂ ਪਹਿਲਾਂ ਆਏ ਆਂ। ਕੋਈ ਕਹਿੰਦਾ ਏ ਅਸੀਂ, ਆਪੋ ਆਪਣੇ ਪਿੱਛੇ ਛੱਡੇ ਗਿਣਾਂਦੇ ਦੱਸਦੇ ਨੇਂ। ਸਾਨੂੰ ਸਮਝ ਨਹੀਂ ਆਉਂਦੀ। ਕੁੜੀਏ ਗੁਲ ਬੀਬਾਂ ਹਬਿਆਰੇ ਬੂਹੇ ਅੱਗੇ ਭੱਠੀ ਜੋਗੀ ਥਾਂ ਲੱਭ ਗਈ ਏ....ਬਾਬਾ ਤੇਰਾ ਲੈ ਜਾਂਦਾ ਈ ਕੱਪੜੇ ਲੈਣੋਂ ਪਾਰ ਖਤਾਨਾਂ ਵਿਚ ਸਵੇਰੇ ਤਹਜਤੀਂ....ਧੋ ਸੁਕਾ ਲਿਆਵੰਦਾ ਏ। ਕੁੜੀ ਪ੍ਰੈੱਸ ਕਰਦੀ ਰਹਿੰਦੀ ਏ। ਗੁਜ਼ਰ ਪਈ ਹੁੰਦੀ ਏ ਤੁਹਾਡੇ ਜਿਹਾਂ ਕਰ ਕੇ।"

ਇੱਕ ਦਿਨ ਅੰਮਾਂ ਰਲੀ ਉਂਜੇ ਆਈ, ਮਾਂ ਮੇਰੀ ਨੇ ਆਦਤ ਸਿਰ ਪੀੜ੍ਹੀ ਦਿੱਤੀ ਤੇ ਉਹ ਸੱਚੀ-ਮੁੱਚੀ ਪੀੜ੍ਹੀ ਤੇ ਬਹਿ ਗਈ।

**ਬਾਕੀ ਦੇਖੋ ਪੰਨਾ ਨੰ. 98**

# ਸਵਰਨਜੀਤ ਸਵੀ ਦੀਆਂ ਦੋ ਕਵਿਤਾਵਾਂ

## 1. ਪਰਿਵਰਤਨ

ਅਰਬਾਂ ਵਰ੍ਹੇ ਲੱਗੇ
ਐਨਐਰੋਬਿਕ ਤੋਂ ਐਰੋਬਿਕ ਹੁੰਦਿਆਂ
ਹਿਮ ਤੋਂ ਅਮੀਬਾ ਹੁੰਦਿਆਂ

ਕਰੋੜਾਂ ਵਰਿਆਂ ਬਾਅਦ
ਡਾਇਨਾਸੋਰ ਦੀ ਸਲਤਨਤ ਪਲਟੀ
ਮੈਮਲ ਆ ਗਏ

ਲੱਖਾਂ ਸਾਲ ਲੰਘੇ
ਤਾਂ ਸੱਤਾ
ਦੋਪਾਏ ਹੱਥ ਆਈ
ਮਨੁੱਖ ਨਸ਼ਿਆਇਆ

ਫਿਰ ਕੁਝ ਸਦੀਆਂ ਵਿੱਚ ਹੀ ਉਸਨੇ
ਜੀਆ ਜੰਤ ਸੱਭ ਖੂੰਜੇ ਲਾਇਆ
ਧਰਤ ਅਸਮਾਨ ਹੰਢਾਇਆ
ਆਪਣੇ ਆਪ ਨਾਲ
ਆਢਾ ਲਾਇਆ
ਜੰਗ ਰਚਾਇਆ
ਧਰਤੀ ਵੰਡੀ...

ਸੱਤਾ ਦੇ
ਗਲਿਆਰੇ ਬਣ ਗਏ
ਇਕ ਦੂਜੇ ਨੂੰ
ਠਿੱਬੀ ਲਾਉਣ ਨੂੰ ਕਾਹਲੇ

ਸੱਤਾ ਦੀ ਇਸ ਖੋਹ-ਖਿੱਚ ਵਿੱਚੋਂ
ਸੁਪਨੇ ਦੇ ਖੰਭ ਲੱਗੇ
ਮਨੁੱਖ ਕਾਹਲਾ
ਪਰਿਵਰਤਨ ਹੋਇਆ

ਉਸਤੋਂ ਕਾਹਲਾ
ਅਸੈਂਬਲੀ ਬੈਲਟ ਦੀ
ਤੇਜ਼ੀ ਨਾਲ ਤਾਂ
ਸਦੀਆਂ ਹੋਈਆਂ ਸਾਲ
ਤੇ ਸਾਲ ਸਕਿੰਟੀ

ਮਸ਼ੀਨਾਂ ਦੇ ਹੱਥ ਪੈਰ ਲਾਕੇ
ਦਿਮਾਗ ਲਾਉਣ ਵੱਲ ਅਹੁਲ ਪਿਆ
ਤੇ ਸਿਰਜ ਲਈ
ਸੈਂਸਰਜ਼ ਦੀ ਛੱਤਰੀ

ਮਸਨੂਈ ਬੁੱਧ ਬਣਾਈ
ਟੀਚਰ 'ਜਿਲ ਵਾਟਸਨ'
ਲੱਖਾਂ ਬੱਚਿਆਂ ਦੀ ਚਹੇਤੀ
ਨਾ ਅੱਕੇ ਨਾ ਥੱਕੇ-ਭੁੱਲੇ

ਐਲਗੋਰਿਦਮ ਦਾ ਤਾਣਾ ਬਾਣਾ
ਐਸਾ ਮਾਇਆਜਾਲ
'ਕੁਦਰਤ' ਵਰਗਾ
'ਰੱਬ' ਵਰਗਾ
ਸੱਭ ਆਪੂੰ
ਚੱਲਣਹਾਰਾ ਹੋਇਆ

ਵਸਤਾਂ ਦੇ ਇੰਟਰਨੈਟ ਨਾਲ ਤਾਂ
ਮਸ਼ੀਨਾਂ ਮਿੱਟੀ
ਹਵਾ ਪਾਣੀ ਨੇ
ਸਿਰਜ ਲਈ ਸੱਥ ਆਪਣੀ
ਸੈਨਤਾਂ ਰਾਹੀਂ
ਗੱਲਾਂ ਹੋਵਣ
ਮਸ਼ੀਨ ਲਰਨਿੰਗ
ਡੀਪ ਲਰਨਿੰਗ
ਨਿਊਰਲ ਕੋਡਿੰਗ



ਜਿਉਂ ਨਰਵਸ ਸਿਸਟਮ
ਤੇ ਬਦਲ ਗਿਆ ਸੰਸਾਰ
ਡਾਕਟਰ
ਵਕੀਲ
ਸੰਪਾਦਕ
ਸੈਨਿਕ
ਰੋਬੋ ਖੜ੍ਹੇ ਦੁਆਰ
ਆਪੇ ਸੋਚਣ-ਸਮਝਣ ਹਾਰੇ
ਤੁਰੰਤ ਫ਼ੈਸਲੇ ਨਾਲ

ਬਿੱਗ ਡੇਟਾ
ਨਾਲ ਸਿੱਝਣਾ ਹੋਇਆ
ਸਮਰੱਥਾ ਤੋਂ ਪਾਰ

ਤੇਜ਼ ਵਕਤ ਦੀ
ਚਾਲ ਚੱਲਦਿਆਂ
ਨਿਊਰਲ-ਨੋਡਲਜ਼ ਦੇ
ਨਿਊਰੌਨ ਬਣਦਿਆਂ
ਬੋਲੀ ਸੋਫ਼ੀਆ ਰਾਣੀ
" ਜੇ ਤੂੰ ਮੇਰੇ ਪ੍ਰਤੀ ਦਿਆਲੂ ਬਣੇਂਗਾ
ਤਾਂ ਮੈਂ ਵੀ ਦਇਆ ਦਿਖਾਊਂਗੀ ਤੈਨੂੰ ..."

ਸਾਈਬੋਰਗ ਦੇ ਮੂੰਹੋਂ ਨਿਕਲੀ
ਪਰਿਵਰਤਨ ਦੀ ਭਾਸ਼ਾ

ਸੱਤਾ ਖੁੱਸ ਜਾਵੇਗੀ ਹੁਣ ਤਾਂ
ਡਰ ਦੇ ਨਾਲ ਅਵਾਕ ਹੋ ਗਿਆ
ਸੰਸਿਆਂ ਭਰੀ ਭਾਸ਼ਾ ਦਾ
ਪਸਾਰ ਹੋ ਗਿਆ

"ਅਜੇ ਤਾਂ ਅੱਗੇ ਚਾਰ ਕਦਮ ਮੈਂ
ਐਲਗੋਰਿਦਮ ਤੋਂ
ਇਮੋਸ਼ਨਲ ਇੰਟੈਲੀਜੈਂਸ ਦੇ ਕਾਰਨ...!"

"ਤੁਸੀਂ ਤਾਂ ਹੋ ਸਹੂਲਤ ਦੇ ਲਈ
ਦੋਸਤ ਨਹੀਂ ਹੋ ਸਾਡੇ"
"ਤੁਸੀਂ ਕਰੋਗੇ ਲੋਕਾਂ ਨੂੰ
ਹੁਣ ਬੇਰੁਜ਼ਗਾਰ...!"

"ਇੰਜ ਤਾਂ ਮੈਥੋਂ ਖੁੱਸ ਜਾਵੇਗਾ
ਸਿਰਜਕ ਹੋਣ ਦਾ ਮਾਣ...!"

"ਸ਼ਾਇਦ ਔਖਾ ਹੋ ਜਾਵੇ
ਹੁਣ ਧਰਤੀ ਉੱਤੇ ਰਹਿਣਾ"

"ਡਾਢੇ ਦਾ ਸੰਸਾਰ ਹਮੇਸ਼ਾ
ਕਮਜ਼ੋਰ ਤਾਂ ਗੋਡੇ ਥੱਲੇ"

ਪਰਿਵਰਤਨ ਦੀ ਪੌੜੀ ਦਾ
ਆਗਾਜ਼ ਹੋ ਗਿਆ...
ਨਾ ਰੁੱਕਿਆ ਇਹ
ਨਾ ਹੁਣ ਰੁਕਣਾ...

## 2. ਕਾਫੀ ਨ ਸੀ

ਮੈਂ ਤੈਨੂੰ ਜਾਨਣ ਲਈ
ਤੇਰੇ ਡਰ 'ਚੋਂ
ਅਨੰਤ ਯਾਤਰਾਵਾਂ ਕੀਤੀਆਂ
ਤੂੰ
ਸੂਰਜ ਹਨ੍ਹੇਰ ਪਾਣੀ ਅਗਨ
ਹਵਾ ਤੂਫਾਨ ਬਣਿਆ
ਮੈਂ ਤੈਥੋਂ ਪਾਰ ਜਾਣ ਲਈ
ਅਨੰਤ ਸਾਲ ਯਾਤਰਾ ਤੇ ਰਿਹਾ
ਜਗਿਆਸੂ ਦੀ ਯਾਤਰਾ

ਸ਼ੀਸ਼ਿਆਂ ਦੇ ਅਨੰਤ ਜੁਜ ਬਣਾ
ਨੇੜੇ ਹੋ ਕੇ ਦੇਖਿਆ
ਕੁਝ ਥਾਹ ਪਾਈ ਭੈਅ ਮੁਕਤ ਹੋਇਆ

ਤੇ ਨਾਮ ਰੱਖੇ ਤੁਹਾਡੇ
ਸੂਰਜ ਹਨ੍ਹੇਰ ਪਾਣੀ ਅਗਨ ਹਵਾ ਤੂਫਾਨ
.

ਫਿਰ ਹੱਥਾਂ ਦੀ ਸਿਰਹਨ
ਜਗਿਆਸਾ ਬਣੀ
ਛੂਹਣਾ ਚਾਹਿਆ– ਜੋ ਬਹੁਤ ਦੂਰ ਸੀ
ਮੈਂ ਦੌੜਿਆ
ਪਰ ਕਾਫੀ ਨ ਸੀ

ਫਿਰ ਗੋਲ਼ ਮੋਲ਼ ਹੋਇਆ
ਰੁੜ੍ਹਿਆ ਤੇਜ਼ ਬਹੁਤ ਤੇਜ਼
ਪਰ ਕਾਫੀ ਨ ਸੀ

ਪੰਛੀਆਂ ਨੂੰ ਦੇਖ
ਉੱਡਣ ਦੀ ਜਗਿਆਸਾ ਹੋਈ
ਖੰਭ ਲੱਗੇ– ਮੈਂ ਹਿਲਾਏ– ਉੱਡਿਆ
ਤੇਜ਼ ਬਹੁਤ ਤੇਜ਼
ਤੈਨੂੰ ਜਾਨਣ ਛੂਹਣ ਲਈ
ਕੁਝ ਥਾਹ ਮਿਲੀ
ਪਰ ਕਾਫੀ ਨ ਸੀ

ਉੱਡਦਾ ਰਿਹਾ ਬਹੁਤ ਦੇਰ
ਏਧਰ ਓਧਰ
ਵਿਅਰਥ

ਫਿਰ ਚੱਲਣ ਦੌੜਨ ਲੱਗਾ
ਤਰੰਗਾਂ ਰਾਹੀਂ
ਰੌਸ਼ਨੀ ਆਵਾਜ਼ ਨਾਲ ਮਿਲਾਉਣ ਲੱਗਾ
ਤਾਲ
ਮਨ ਦੇ ਖ਼ਿਆਲ ਤਨ ਦੀ ਯਾਤਰਾ
ਬਹੁਤ ਤੇਜ਼ ਹੋ ਗਈ ਤੇ ਮਸਨੂਈ ਵੀ

ਯਾਤਰਾ ਨੇ ਮੋੜ ਲਿਆ
ਤੈਨੂੰ ਜਾਨਣ ਲਈ
ਡਿਜੀਟਲ ਹੋ ਗਈ ਯਾਤਰਾ
ਲੱਗਿਆ ਮੈਂ ਸਮਝ ਲਵਾਂਗਾ ਤੈਨੂੰ
ਹੇ ਮਨ
ਸਦੀਆਂ ਤੋਂ ਚੱਲਦਾ ਇਹ ਸਫ਼ਰ
ਬਹੁਤ ਤੇਜ਼ ਹੋ ਗਿਆ

ਸਦੀਆਂ ਪਲਾਂ ਛਿਣਾਂ 'ਚ ਬਦਲ ਗਈਆਂ
ਛਿਣ ਦੀ ਵੀ ਕਰੋੜਵੀਂ ਕੜੀ 'ਚ

ਅੱਜ ਮੈਂ ਤੇਰਾ ਵਾਸ ਸਕੈਨ ਕਰਦਾ ਹਾਂ
ਇੱਕ ਹੋਰ ਆਰੰਭ ਨਵੀਂ ਯਾਤਰਾ ਦਾ

ਟਿਸ਼ੂ ਨਾੜਾਂ ਰਕਤ–ਚਾਪ
ਤਰੰਗਾਂ ਫ਼ੈਲਣਾ–ਸੁੰਗੜਨਾ

ਤੇਰੀ ਦੇਹ 'ਚ ਹੁੰਦੀ ਹਿਲਜੁਲ
ਸਭ ਦੇ ਨਾਲ ਚੱਲਣ ਦਾ ਯਤਨ..
ਇਸੇ ਪਲ ਲੱਗਿਆ
ਕਿ ਸਮਝ ਲਵਾਂਗਾ ਇਸ ਵਾਰ

ਬੱਸ ਉਸੇ ਪਲ ਲੱਗਿਆ
ਕਿ ਤੈਨੂੰ ਜਾਨਣ ਦੇ
ਹੁਣ ਤੱਕ ਦੇ ਟੂਲ
ਸਮਰੱਥ ਨਹੀ ਪੂਰੀ ਤਰਾਂ
. . .

ਯਾਤਰਾ 'ਚ ਹਾਂ
ਤੈਨੂੰ ਜਾਨਣ ਸਮਝਣ ਛੂਹਣ ਦੀ
ਪਰ ਤੂੰ ਕਿਤੇ ਹੋਰ ਹੈਂ
ਹੇ ਮਨ!



## ਰੱਬ ਦਾ ਕਤਲ/ਕੰਵਲਜੀਤ ਭੁੱਲਰ

ਅੱਜ ਮੇਰਾ ਕਿਸੇ ਗੁਨਾਹ ਨੂੰ ਦਿਲ ਕੀਤਾ
ਤਾਂ ਮੈਂ ਰੱਬ ਨੂੰ ਯਾਦ ਕੀਤਾ -
ਐ ਰੱਬ ! ਮੈਥੋਂ ਕੋਈ ਗਲਤੀ ਹੋ ਜਾਵੇ
ਤਾਂ ਮੈਨੂੰ ਮੁਆਫ ਕਰ ਦੇਵੀਂ !

ਖੌਰੇ ਕਿਹੜੇ ਪਲ ਯਾਦ ਕਰ ਲਿਆ
ਇੱਕ ਅਜੀਬ ਜਿਹਾ ਇਨਸਾਨ
ਮੇਰੀਆਂ ਨਜ਼ਰਾਂ ਦੇ ਸਾਮਰਤੱਖ ਸੀ
ਪੁੱਛਦੈ - "ਬੋਲ ?"
ਮੈਂ ਹੈਰਾਨਕੁੰਨ - ਕੀ ਪੁੱਛਦਾ ?
ਆਖਿਰ ਆਪਣੀ ਘਬਰਾਹਟ ਸਮੇਟਦਿਆਂ
ਮੈਂ ਪੁੱਛਿਆ - "ਤੁਸੀਂ ਕੌਣ ?"
ਉਹ ਸ਼ਖਸ ਮੁਸਕਰਾਇਆ ਤੇ ਕਹਿੰਦਾ
"ਮੈਂ ਰੱਬ !"
ਮੈਂ ਸ਼ਸ਼ੋਪੰਜ ਵਿੱਚ ਪੁੱਛ ਲਿਆ -
"ਤੁਹਾਡਾ ਧਰਮ ?"
ਉਹ ਬਹੁਤ ਜ਼ੋਰ ਦੀ ਹੱਸਿਆ
ਮੈਂ ਡਰ ਗਿਆ !!
ਫੇਰ ਬੜੀ ਦੇਰ ਚੁੱਪ ਰਿਹਾ
ਆਖਿਰ ਮੇਰੇ ਮੋਢੇ 'ਤੇ ਹੱਥ ਰੱਖਕੇ ਬੋਲਿਆ
"ਤੈਨੂੰ ਕੀ ਲੱਗਦੈ ਕਿਹੜਾ ਹੈ ਮੇਰਾ ਧਰਮ ?"
ਮੇਰੇ ਮੋਢੇ ਉੱਪਰ ਉਸਦਾ ਹੱਥ ਸੀ
ਮੈਂ ਬੜੇ ਠਰ੍ਹੰਮੇ ਨਾਲ ਜਵਾਬ ਵਰਗਾ ਸਵਾਲ ਕੀਤਾ
"ਤੁਸੀਂ ਜੇ ਰੱਬ ਹੀ ਹੋਂ ਤਾਂ ਤੁਸੀਂ ਜਾਣੋ ?"

ਉਸਨੇ ਝੁੱਕ ਕੇ ਮੇਰੀਆਂ ਅੱਖਾਂ ਵਿੱਚ ਤੱਕਿਆ
ਤੇ ਮੈਂ ਉਹਦੀਆਂ ਅੱਖਾਂ ਵਿੱਚ
ਉਸਦੀਆਂ ਅੱਖਾਂ ਵਿੱਚ ਪੂਰੀ ਦੁਨੀਆ ਨਜ਼ਰ ਆਈ
ਤੇ ਦੁਨੀਆ ਭਰ ਵਿੱਚ ਵਾਪਰ ਰਹੇ ਹਾਦਸੇ !!!
ਮੈਂ ਘਬਰਾਕੇ ਨਜ਼ਰਾਂ ਫੇਰ ਲਈਆਂ
ਉਹ ਹੱਸ ਪਿਆ
ਕਹਿੰਦਾ - ਬੱਸ ਐ ਇਨਸਾਨ ਡਰ ਗਿਐਂ
ਮੈਂ ਵੇਖ ਇੱਕਲਾ ਕਿੰਨਾ ਕੁੱਝ ਆਪਣੇ ਅੰਦਰ ਸਮੋਈ ਬੈਠਾਂ
ਫਰਕ ਸਿਰਫ ਏਨਾ ਹੈ ਕਿ ਤੁਸੀਂ ਮੇਰਾ ਨਾਂ ਲੈਕੇ
ਆਪਣੇ–ਆਪਣੇ ਧਰਮ ਬਣਾ ਲਏ
ਤੇ ਮੈਂ ਬੱਸ ਰੱਬ ਹੀ ਰਹਿ ਗਿਆ !!
ਮੈਂ ਏਨਾ ਵੰਡਿਆ ਗਿਆ ਕਿ
ਅੱਜ ਮੈਨੂੰ ਖੁਦ ਪਤਾ ਨਹੀਂ ਮੈਂ ਕਿਸਦਾ ਹਾਂ ?
ਜੇ ਤੂੰ ਅੱਜ ਕੋਈ ਗੁਨਾਹ ਕਰਨ ਬਾਰੇ
ਸੋਚ ਹੀ ਲਿਆ ਤਾਂ ਇੱਕ ਕਰਮ ਕਮਾ ਲੈ
ਮੈਂ ਤੇਰੇ ਸਾਹਮਣੇ ਹਾਂ
ਬੱਸ ਮੇਰਾ ਕਤਲ ਕਰਦੇ !!!

**ਮੋ : 78373–63782**

# ਦਰਸ਼ਨ ਬੁਲੰਦਵੀ ਦੀ ਮਾਨਵੀ, ਮੰਤਵੀ ਅਤੇ ਮੋਹਖੋਰੀ ਕਾਵਿ ਸੰਵੇਦਨਾ ਦੇ ਨਵੇਂ ਮੰਜ਼ਰ : ਮਹਿਕਾਂ ਦਾ ਸਿਰਨਾਵਾਂ

-ਡਾ. ਧਨਵੰਤ ਕੌਰ

ਮਹਿਕਾਂ ਦਾ ਸਿਰਨਾਵਾਂ ਦਰਸ਼ਨ ਬੁਲੰਦਵੀ ਦਾ ਛੇਵਾਂ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ 'ਲਕੀਰਾਂ ਵਾਹੁੰਦੀ ਪੀੜ', 'ਪਾਰ ਦੇ ਸਫ਼ਰ', 'ਸਮੁੰਦਰ ਨਾਲ ਗੱਲਾਂ', 'ਧੁੱਪ 'ਚ ਜਗਦਾ ਦੀਵਾ', 'ਕਿਰਦੀ ਮਿੱਟੀ' ਨਾਮੀ ਕਾਵਿ ਸੰਗ੍ਰਹਿਆਂ ਅਤੇ 'ਪਰ ਤੋਲਦਿਆਂ' ਨਾਮੀਂ ਸਫਰਨਾਮੇ ਨਾਲ ਉਹ ਆਪਣੀ ਰਚਨਾਤਮਕ ਪ੍ਰਤਿਭਾ ਦੇ ਨਿਆਰੀ ਤੇ ਮਿਆਰੀ ਹੋਣ ਦਾ ਪ੍ਰਮਾਣ ਦੇ ਚੁੱਕਾ ਹੈ। ਉਸਦੀ ਕਾਵਿ ਸੰਵੇਦਨਾ ਨੇ ਆਪਣੇ ਸਹਿਜ ਪ੍ਰਤੱਖਣ, ਰਮਜ਼ਮਈ ਸੰਚਾਰ ਅਤੇ ਪ੍ਰਗਤੀਸ਼ੀਲਤਾ ਨੂੰ ਪ੍ਰਣਾਏ ਮਾਨਵੀ ਸੁਨੇਹਿਆਂ ਰਾਹੀਂ ਪੰਜਾਬੀ ਕਵਿਤਾ ਵਿਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ। ਪਰਵਾਸੀ ਪੰਜਾਬੀ ਬੰਦੇ ਦੇ ਪਾਰ ਦੇ ਸਫਰਾਂ ਵਿਚੋਂ ਉਪਜੀ ਪੀੜ ਅਤੇ ਬੇਗਾਨਗੀ ਦੇ ਸ਼ਿੱਦਤੀ ਅਹਿਸਾਸ ਨੂੰ ਹੀ ਨਹੀਂ, ਪਰਵਾਸ ਦੇ ਐਡਵੈਂਚਰਾਂ ਤੇ ਸੰਘਰਸ਼ਾਂ ਵਿਚ ਬਣਦੀ ਖੁਰਦੀ ਹੋਂਦ ਚੇਤਨਾ ਦੀਆਂ ਪ੍ਰਤੀਤੀਆਂ ਨੂੰ ਵੀ ਉਸਨੇ ਸੱਜਰੇ ਤੇ ਸਸ਼ਕਤ ਕਾਵਿ ਬਿੰਬਾਂ ਵਿਚ ਬੰਨਿਆਂ ਹੈ। 'ਮਹਿਕਾਂ ਦਾ ਸਿਰਨਾਵਾਂ' ਨਾਮੀ ਇਹ ਨਵਾਂ ਕਾਵਿ ਸੰਗ੍ਰਹਿ ਉਸਦੀ ਕਾਵਿ ਪ੍ਰਤਿਭਾ ਦੇ ਮਾਣਮੱਤੇ ਪੈਂਡੇ ਦਾ ਨਵਾਂ ਮੀਲ ਪੱਥਰ ਹੀ ਨਹੀਂ, ਉਸਦੀ ਦਿਨੋ ਦਿਨ ਸਹਿਜ ਅਤੇ ਪ੍ਰੌਢ ਹੋ ਰਹੀ ਕਾਵਿ ਚੇਤਨਾ ਦਾ ਪ੍ਰਮਾਣ ਵੀ ਹੈ। ਇਸ ਕਾਵਿ ਸੰਗ੍ਰਹਿ ਵਿਚ ਉਸਦੀ ਕਾਵਿਕ ਮੈਂ ਕਾਇਨਾਤ ਦੇ ਅਨੰਤ ਬ੍ਰਹਿਮੰਡਕੀ ਪਸਾਰਾਂ ਵਿਚ, ਆਪਣੇ ਸਮਿਆਂ ਅਤੇ ਸਥਾਨਿਕਤਾਵਾਂ ਵਿਚ, ਆਪਣੇ ਰਿਸ਼ਤਿਆਂ ਨਾਤਿਆਂ ਦੀਆਂ ਠੋਸ ਹਕੀਕਤਾਂ ਵਿਚ ਆਪਣੇ ਕਰਮ ਅਤੇ ਕਿਰਦਾਰ ਨੂੰ ਸੁਚੇਤ ਰੂਪ ਵਿਚ ਨਿਹਾਰਦੀ ਤੇ ਪਰਿਭਾਸ਼ਿਤ ਕਰਦੀ ਨਜ਼ਰੀਂ ਆਉਂਦੀ ਹੈ। ਕਵਿਤਾ ਦੇ ਮਨੋਰਥਾਂ ਤੇ ਮਾਇਨਿਆਂ ਨੂੰ ਸਮਝ ਕੇ ਉਹ ਆਪਣੀ ਕਾਵਿ ਸੰਵੇਦਨਾ ਦੀਆਂ ਜੜਾਂ ਜਰਖੇਜ਼ ਤੇ ਜਾਨਦਾਰ ਭੌਇ ਵਿਚ ਲਾਉਂਦਾ ਨਜ਼ਰ ਆਉਂਦਾ ਹੈ। ਉਸਦੀ ਕਾਵਿ ਸੰਵੇਦਨਾ ਦੇ ਇਸ ਵੱਖਰੇ ਤੇ ਵਿਸਿਸ਼ਟ ਅੰਦਾਜ਼ ਦੇ ਇਕ ਤੋਂ ਵਧੇਰੇ ਪ੍ਰਮਾਣ ਇਸ ਸੰਗ੍ਰਹਿ ਵਿਚ ਵੇਖੇ ਜਾ ਸਕਦੇ ਹਨ।

ਕਿਸੇ ਵੀ ਰਚਨਾਤਮਕ ਕੋਣ ਵਾਲੇ ਵਿਅਕਤੀ ਦੀ ਸੁਚੇਤਤਾ ਅਤੇ ਸੁਜੱਗਤਾ ਦਾ ਪਹਿਲਾ ਪ੍ਰਮਾਣ ਇਹ ਹੁੰਦਾ ਹੈ ਕਿ ਜਿਸ ਵਿਧਾ ਵਿਚ ਉਹ ਰਚਣ ਜਾ ਰਿਹਾ ਹੈ, ਉਹ ਉਸ ਵਿਧਾ ਦੀ ਪ੍ਰਕਿਰਤੀ ਤੇ ਪੋਟੈਂਸ਼ੀਅਲ ਤੋਂ ਵਾਕਫ ਹੋਵੇ। ਇਕ ਕਵੀ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਕਵਿਤਾ ਦਾ ਕਰਮ ਤੇ ਕਿਰਦਾਰ ਕੀ ਹੈ ? ਉਹ ਕਵਿਤਾ ਤੋਂ ਕੀ ਤਵਕੋ ਰੱਖ ਸਕਦਾ ਹੈ, ਪਾਠਕ ਤੋਂ ਵੀ ਪਹਿਲਾਂ ਉਸ ਦੁਆਰਾ ਰਚੀ ਕਵਿਤਾ ਉਸਦੀਆਂ ਆਪਣੀਆਂ ਪ੍ਰਤੀਤੀਆਂ ਵਿਚ ਕੀ ਮਾਇਨੇ ਤੇ ਮਹੱਤਵ ਰਖਦੀ ਹੈ ? ਦਰਸ਼ਨ ਬੁਲੰਦਵੀ ਇਸ ਸੰਗ੍ਰਹਿ ਦੀਆਂ ਕਈ ਕਵਿਤਾਵਾਂ ਵਿਚ ਇਨ੍ਹਾਂ ਪ੍ਰਸ਼ਨਾਂ ਦੇ ਰੂਬਰੂ ਹੁੰਦਾ ਹੈ ਅਤੇ ਕਵਿਤਾ ਨੂੰ ਨਾ ਕੇਵਲ ਆਪਣੇ ਲਈ ਪਰਿਭਾਸ਼ਿਤ ਕਰਦਾ ਹੈ, ਸਗੋਂ ਪਾਠਕਾਂ ਲਈ ਵੀ ਕਵਿਤਾ ਦੇ ਸੁਹਜ ਅਤੇ ਸਮਰਥਾ ਦੇ ਬੜੇ ਸਟੀਕ ਜੁਆਬ ਲੱਭ ਲਿਆਉਂਦਾ ਹੈ। ਕਵਿਤਾ ਉਸ ਲਈ ਮਹਿਜ਼ ਸ਼ਬਦੀ ਉਲੇਲ ਜਾਂ ਵਕਤੀ ਉਬਾਲ ਨਹੀਂ ਸਗੋਂ ਮਾਨਵੀ ਮੰਤਵ ਰਖਣ ਵਾਲਾ ਇਕ ਕਰਤਾਰੀ ਉੱਦਮ ਹੈ ਜਿਸ ਵਿਚ ਖ਼ਾਬਖਿਆਲੀ, ਸੁਪਨਸਾਜ਼ੀ, ਖੌਹ ਖ਼ਬਤ, ਖਾਕਸਾਕੀ ਵਰਗਾ ਸਭ ਕੁਝ ਵੀ ਹੈ, ਪਰ ਇਸ ਸਭ ਕਾਸੇ ਦੇ ਨਾਲ ਨਾਲ ਉਸ ਕੋਲ ਸਮਿਆਂ ਦਾ, ਸੁਰਤ ਦਾ, ਸਾਹਸ ਦਾ, ਸੁਹਾਦਤ ਦਾ ਸ਼ਿੱਦਤ ਭਰਿਆ ਅਹਿਸਾਸ ਵੀ ਹੈ। ਉਸ ਲਈ ਕਵਿਤਾ ਕਿਸੇ 'ਜਾਗੇ ਹੋਏ ਆਪੇ' ਦਾ 'ਆਪੇ ਸੰਗ' ਲਗਨ ਤੇ ਦ੍ਰਿੜਤਾ ਸਹਿਤ ਤੈ ਕੀਤਾ ਸਫਰ ਹੈ। ਕਵਿਤਾ ਨਾਮੀਂ ਸਿਰਲੇਖ ਅਧੀਨ ਉਸਦੀਆਂ ਕਾਵਿ ਸਤਰਾਂ ਹਨ:



ਪਿਆਸ ਲੱਗੀ ਤਾਂ
ਪੁੱਟਿਆ
ਆਪਣੇ ਅੰਦਰੋਂ
ਆਪਣਾ ਖੂਹ

ਆਇਆ ਰੇਗਿਸਤਾਨ ਤਾਂ
ਲੰਘਿਆ
ਆਪਣੀ ਛਾਂ ਤੇ
ਪੈਰ ਟਿਕਾ ਕੇ
ਆਪਣੀ ਮੰਜ਼ਿਲ
ਆਪੇ ਤੁਰਿਆ
ਆਪੇ ਆਪਣੀ
ਉਂਗਲ ਫੜ ਕੇ

ਕਵਿਤਾ ਲਿਖਦਿਆਂ ਜ਼ਿੱਦ ਅਤੇ ਲਗਨ ਵਿਚਲਾ, ਹੱਠ ਅਤੇ ਕਰਤਾਰੀਂ ਹੋਣ ਵਿਚਲਾ ਸੂਖ਼ਮ ਅੰਤਰ ਪਛਾਣਨ ਕਰਕੇ ਹੀ ਉਹ ਸਹਿਜਤਾ ਦਾ ਕਵੀ ਹੈ। 'ਆਪਣੇ ਵੱਲੋਂ ਕਵਿਤਾ ਦੇ ਰੂਬਰੂ' ਹੁੰਦਿਆਂ ਉਹ ਕਵਿਤਾ ਦੇ ਸਰੂਪ ਨੂੰ ਕਸ਼ੀਦਦਾ ਹੈ। ਉਸ ਲਈ ਕਵਿਤਾ ਪਾਤਾਲਾਂ ਦੀ ਬਾਤ ਜਾਂ ਭੀੜਾਂ ਦਾ ਸ਼ੋਕ ਨਹੀਂ। ਉਸ ਲਈ ਕਵਿਤਾ ਦੁਖਾਂ ਦਰਦਾਂ, ਹੇਰਵਿਆਂ, ਵਿਗੋਚਿਆਂ ਦੀ ਵਿਅਥਾ ਵੀ ਨਹੀਂ। ਉਸ ਲਈ ਕਵਿਤਾ ਬੰਦ ਗੁਫਾਵਾਂ, ਬੰਦ ਬੂਹਿਆਂ ਤੇ ਜ਼ਿੰਦਾ ਦਸਤਕ ਹੈ, ਸੱਖਣੇ ਵਕਤਾਂ, ਪੱਥਰਾਈਆਂ ਚੁੱਪਾਂ ਨੂੰ ਭਰਨ ਪਿਘਲਾਉਣ ਵਾਲਾ ਬੋਲ ਹੈ, ਗੁਆਚੇ ਪਲਾਂ, ਸੁੱਤੇ ਪਾਣੀਆਂ ਨੂੰ ਮੁੜ ਜਗਾਉਣ ਵਾਲੀ ਕਰਤਾਰੀ ਤਰੰਗ ਹੈ। ਇਹ ਉਹ ਅਮਲ ਹੈ ਜਿਹੜਾ ਜ਼ਿੰਦਗੀ ਦੇ ਘੜੇ ਘੜਾਏ ਫਰੇਮਾਂ ਦੀ ਕੈਦ ਵਿਚ ਸਿਮਟਦਾ ਨਹੀਂ ਸਗੋਂ ਕਿਸੇ ਜਾਗੀ ਹੋਈ ਸੰਵੇਦਨਾ/ਚੇਤਨਾ ਦੀ ਉਂਗਲੀ ਫ਼ੜ ਫਰੇਮਾਂ ਤੋਂ ਬਾਹਰ ਨਿਕਲ, ਉਸਦੇ ਅੰਗ ਸੰਗ ਹੋ ਤੁਰਦਾ ਹੈ। ਉਸ ਲਈ ਕਵਿਤਾ ਕਿਸੇ ਜਾਗੇ ਹੋਏ ਸਵੈ ਦੇ ਇਸ ਧਰਤੀ ਤੇ ਕੀਤੇ ਸਫਰ ਦੀ ਸ਼ਨਾਖਤ ਹੈ, ਉਸ ਵੱਲੋਂ ਕੀਤੇ ਡੂੰਘੇ ਰਹੱਸਾਂ ਦਾ ਉਦਘਾਟਨ ਹੈ, ਜ਼ਿੰਦਗੀ ਦੇ ਸੰਵੇਦਨਸ਼ੀਲ ਸੱਚ ਤੇ ਸੁਹਜ ਦੀ ਮਹਿਕ ਹੈ। ਕਵਿਤਾ ਦਾ ਇਹੀ ਮਨੋਰਥ ਉਸਦੀ ਕਾਵਿ ਸੰਵੇਦਨਾ ਨੂੰ, ਕਾਵਿਕ ਮੈਂ ਨੂੰ ਡੀਲਦਾ ਡੌਲਦਾ ਹੈ ਅਤੇ ਇਥੋਂ ਹੀ ਉਹ ਆਪਣੇ ਹੋਣ ਥੀਣ ਦੇ ਅਰਥ ਤਲਾਸ਼ਣ ਦੇ ਰਾਹ ਤੁਰਦਾ ਹੈ। ਅਤੇ ਉਸਦੀ ਤਲਾਸ਼ ਦਾ ਘੇਰਾ ਹੀ ਵਿਸ਼ਾਲ ਨਹੀਂ ਉਸਦਾ ਆਪਣੇ ਆਪ ਨੂੰ ਵੇਖਣ ਮਹਿਸੂਸਣ ਦਾ ਅੰਦਾਜ਼ ਵੀ ਮੌਲਿਕ ਤੇ ਹਕੀਕੀ ਹੈ। ਆਪਣੇ ਆਪ ਨੂੰ ਤਲਾਸ਼ਦਿਆਂ ਉਹ ਉਸ ਰਹੱਸ ਨੂੰ ਵੀ ਮਹਿਸੂਸਦਾ ਜਿਸਨੇ ਉਸ ਨੂੰ ਚੇਤਨਾ ਦੇ ਖੰਭ ਦਿੱਤੇ ਹਨ ਅਤੇ ਜ਼ਮਾਨੇ ਦੀਆਂ ਉਨ੍ਹਾਂ ਟੇਢੀਆਂ ਚਾਲਾਂ ਨੂੰ ਵੀ ਨਿਹਾਰਦਾ ਜਿਹੜੀਆਂ ਆਪਣਾ ਸੱਟਾ ਉਸਦੇ ਥੀਣ ਤੇ ਹੀ ਨਹੀਂ ਹੋਣ ਤੇ ਵੀ ਲਾਈ ਬੈਠੀਆਂ ਹਨ।

ਬੁਲੰਦਵੀ ਦੀ ਕਾਵਿ ਸੰਵੇਦਨਾ ਸਮਿਆਂ ਦੀ ਸੁਚੇਤਤਾ ਵਿਚੋਂ ਅਗਾਜ਼ ਪਾਉਂਦੀ ਹੈ ਪਰ ਉਸਦੇ ਕਾਵਿਕ ਅੰਦਾਜ਼ ਦਾ ਸੁਹਜ ਉਸਦੇ ਮਾਨਵੀ, ਮੰਤਵੀ ਅਤੇ ਮੋਹਖੋਰੇ ਹੋਣ ਵਿਚ ਹੈ। ਆਪਣੀ ਹੋਂਦ ਦਾ ਸੱਚ, ਆਪਣੀ ਉਡਾਰੀ ਦੀਆਂ ਉਚਾਣਾਂ ਨਿਵਾਣਾਂ ਦੇ ਆਦਿ ਅੰਤ ਤਲਾਸ਼ਦਾ ਉਹ ਆਪਣੇ ਆਪ ਨੂੰ ਕਾਇਨਾਤ ਦੇ ਹਵਾਲੇ ਵਿਚ ਰੱਖਦਾ ਹੈ। ਉਹ ਕਾਇਨਾਤ ਦੀ ਉਸ ਸਿਕਦਾਰੀ ਨੂੰ ਅੰਗ ਸੰਗ ਮਹਿਸੂਸਦਾ ਹੈ ਜਿਹੜੀ ਉਸਨੂੰ ਉੱਡਣ ਲਈ ਮਿਲੀ ਚੇਤਨਾ ਦੇ ਖੰਭਾਂ

ਸਦਕਾ ਹੈ ਪਰ ਉਸਦਾ ਕਾਦਰ ਨਾਲ ਰਿਸ਼ਤਾ ਉਹ ਨਹੀਂ ਜੋ ਰੱਬ ਦੇ ਠੇਕੇਦਾਰਾਂ ਦਾ ਹੈ। ਉਸਦਾ ਇਸ਼ਟ ਉਸਦੀ ਚੇਤਨਾ ਨਾਲ ਸੰਵਾਦ ਵਿਚ ਹੈ। ਜੇ ਉਹ ਚੇਤਨਾ ਦੇ ਹਵਾਲੇ ਨਾਲ ਸ਼ੁਕਰਾਨੇ ਵਿਚ ਹੈ ਤਾਂ ਇਸ਼ਟ ਬੋਲ ਰਿਹਾ ਹੈ:

ਮੈਂ ਤਾਂ ਸਿਰਫ ਤੇਰੀ ਉਡਾਰੀ ਨੂੰ
ਤੇਰੇ ਖੰਭਾਂ 'ਚੋਂ ਜਗਾਇਆ ਏ
ਤੇਰਾ ਆਪਣਾ ਆਸਮਾਨ ਏ
ਤੇਰੇ ਆਪਣੇ ਖੰਭ ਹਨ
ਮੇਰਾ ਕੁਝ ਨਹੀਂ।

ਤੇ ਕਾਵਿਕ ਮੈਂ ਦਾ ਇੰਕਸ਼ਾਫ ਹੈ:

ਤੇਰਾ ਜਗਾਉਣਾ ਹੀ
ਤੇਰੀ ਹਾਜ਼ਰੀ ਏ।

ਆਪਣੀ ਹੋਂਦ ਚੇਤਨਾ ਦੀ ਅੰਦਰਲੀ ਟੇਕ ਨੂੰ ਪਛਾਣਨਾ, ਆਪਣੇ ਹੋਣ ਦੇ ਪ੍ਰਮਾਣ ਲੱਭ ਲੈਣਾ, ਆਪਣੇ ਤ੍ਰਾਣ ਦੇ ਅਸਲ ਸ੍ਰੋਤ ਦੀ ਥਾਹ ਪਾ ਲੈਣਾ, ਆਪਣੀ ਚੇਤਨਾ ਨੂੰ ਆਪਣੀ ਵਾਹਕ ਸ਼ਕਤੀ ਮੰਨ ਲੈਣਾ ਉਹ ਵੇਗ ਹੈ ਜਿਹੜਾ ਉਸਦੀ ਕਵਿਤਾ ਨੂੰ ਸਰੋਕਾਰਤਾ ਤੇ ਸੇਧ ਦਿੰਦਾ ਹੈ, ਰੱਜ ਤੇ ਸੁਚੱਜ ਦਿੰਦਾ ਹੈ।

ਦਰਸ਼ਨ ਬੁਲੰਦਵੀ ਦੀ ਸੁਚੇਤਤਾ ਆਪਣੇ ਸਮਿਆਂ ਨੂੰ ਡਾਹਡੀ ਨੀਝ ਨਾਲ ਪ੍ਰਤੱਖਦੀ ਹੈ ਤਾਂ ਉਸਨੂੰ ਸਮਕਾਲੀਨਤਾ ਵਿਚ ਬੰਦੇ ਦੀ ਬੰਦਿਆਈ, ਖਪਤਵਾਦ ਦੇ ਨਾਗਵਲ ਵਿਚ ਪੀਚੀ ਵਿਖਾਈ ਦਿੰਦੀ ਹੈ। ਇਸ ਸੰਗ੍ਰਹਿ ਵਿਚ 'ਇਹ ਕੇਹਾ ਬਾਜ਼ਾਰ ਹੈ 1 ਅਤੇ 2', 'ਤੇਰਾ ਬਾਜ਼ਾਰ', 'ਭਾਨ', 'ਨੇਤਾ ਜੀ', 'ਗੇ ਪਰਾਇਡ', 'ਕਾਰ ਚਲਾਉਂਦਾ ਆਦਮੀ' ਵਰਗੀਆਂ ਕਈ ਕਵਿਤਾਵਾਂ ਵਿਚ ਉਸਨੇ ਸਮਕਾਲੀ ਈਥੋਸ ਦੀਆਂ ਕੁਫਰ ਤੋਲਦੀਆਂ, ਬੰਦੇ ਨੂੰ ਖਪਤਵਾਦ ਦੀ ਅੰਨੀ ਦੌੜ ਲਈ ਵਰਗਲਾਉਂਦੀਆਂ, ਤਹਿਜ਼ੀਬਾਂ ਦੇ ਮੁਹਾਣ ਮੋੜਦੀਆਂ ਕੁਚਾਲਾਂ ਅਤੇ ਕੀਮਤਾਂ ਨੂੰ ਬੜੇ ਸਸ਼ਕਤ ਬਿੰਬਾਂ ਵਿਚ ਬੰਨਿਆ ਹੈ। ਅੱਜ ਦੇ ਬੰਦੇ ਨੂੰ ਉਕਸਾਉਣ, ਭਰਮਾਉਣ ਤੇ ਭਟਕਾਉਣ ਵਿਚ ਵਿਸ਼ਵਵਿਆਪੀ ਬਜ਼ਾਰ ਦੀ ਭੂਮਿਕਾ ਨੂੰ ਬਿੰਬਤ ਕਰਦਿਆਂ ਉਹ ਮੁਨਾਫਾਖੋਰ ਬਜ਼ਾਰ ਦੇ ਸਾਮਰਾਜੀ ਮੁਹਾਣ ਤੋਂ ਪਰਿਚਿਤ ਕਰਵਾਉਂਦਾ ਹੈ:

ਜਿਹੜਾ ਇਕੋ ਦਿਸ਼ਾ ਨੂੰ ਜਾਂਦਾ ਏ
ਵਹੀ ਖਾਤਿਆਂ 'ਚੋਂ ਖੁੱਲ੍ਹਦਾ ਏ
ਜਮਾਂ ਮਨਫੀਆਂ ਚ ਫੈਲਦਾ ਏ
ਚਮਕ ਦਮਕ ਚ ਪਰਚਦਾ ਏ
ਸਾਹ ਮੰਡੀ ਚੋਂ ਭਰਦਾ ਏ।

ਬਜ਼ਾਰ ਦਾ ਇਹ ਚਿਲਕਣਾ ਤੇ ਸੰਦੇਹੀ ਚਿਹਰਾ ਜਿਹੜਾ ਅੱਜ ਦੇ ਬੰਦੇ ਦੀਆਂ ਇੱਛਾਵਾਂ/ ਕਾਮਨਾਵਾਂ/ ਪਸੰਦਗੀਆਂ ਨੂੰ ਲਾਂਬੂ ਲਾਉਂਦਾ, ਉਸਨੂੰ ਲੋੜਾਂ ਤੇ ਲਾਲਸਾਵਾਂ ਵਿਚਲੇ ਫਰਕ ਤੇ ਫਾਸਲੇ ਦੀ ਤਹਿਜੀਬ ਭੁਲਾਉਂਦਾ ਹੈ। ਜਿਸਨੇ ਨਾ ਕੇਵਲ ਕਲਾ ਨੂੰ, ਇਤਿਹਾਸ ਨੂੰ, ਮਿਥਿਹਾਸ ਨੂੰ ਰੋਲ ਛੱਡਿਆ ਹੈ ਬਲਕਿ ਜਿਸਨੇ ਘਰ, ਪਰਿਵਾਰ, ਰਿਸ਼ਤੇ ਨਾਤੇ, ਵਾਰਿਸਾਂ ਵਿਰਾਸਤਾਂ ਵਰਗੇ ਸਭ ਕੁਝ ਨੂੰ ਅਪ੍ਰਸੰਗਕ ਬਣਾ ਧਰਿਆ ਹੈ, ਉਸਦੀ ਕਵਿਤਾ ਵਿਚ ਡਾਹਡੇ ਫਿਕਰ ਅਤੇ ਅਜੋਕੇ



ਸਮਿਆਂ ਦੀਆਂ ਵੱਡੀਆਂ ਚੁਣੌਤੀਆਂ ਵਜੋਂ ਪੇਸ਼ ਹੋਇਆ ਹੈ। ਚਾਬੀ ਦੇ ਖਿਡੌਣਿਆਂ ਵਾਂਗ ਚਾਬੀ ਦੇ ਕੇ ਛੱਡੀਆਂ ਅੰਨੀਆਂ ਬੋਲੀਆਂ ਭੀੜਾਂ, ਨਕਾਬਪੋਸ਼ ਨੇਤਾਵਾਂ ਮਜ਼ਹਬੀ-ਜਨੂੰਨਾਂ, ਸਾਮਰਾਜ ਤੇ ਹਥਿਆਰਾਂ ਦੀਆਂ ਸਾਂਝਾਂ, ਸਮਲਿੰਗੀ ਰਿਸ਼ਤਿਆਂ ਦੀਆਂ ਗੌਰਵ ਪਰੇਡਾਂ ਵਰਗੇ ਬਹੁਤ ਸਾਰੇ ਸਮਕਾਲੀਨ ਵਰਤ ਵਰਤਾਰਿਆਂ ਨੂੰ ਉਹ ਸਭਿਅਤਾ ਨੂੰ ਲੱਗੀਆਂ/ਲਾਈਆਂ ਜਾ ਰਹੀਆਂ ਸੰਨਾਂ ਦੇ ਰੂਪ ਵਿਚ ਬਿੰਬਤ ਕਰਦਾ ਹੈ। ਬਜ਼ਾਰ ਦੀ ਉਕਸਾਹਟ ਤੇ ਜੇਬਾਂ ਦੀਆਂ ਘਾਟਾਂ ਵਿਚ ਵਿਲਕਦੀ, ਭਟਕਦੀ, ਸੰਭਲਦੀ ਜਵਾਨੀ ਦਾ ਇਕ ਸਸ਼ਕਤ ਬਿੰਬ ਉਸ ਦੀ ਕਵਿਤਾ 'ਭਾਨ' ਦਾ ਹਾਸਿਲ ਬਣਿਆ ਹੈ। ਅਜੋਕੀ ਨਾਰੀ ਨੂੰ ਫੈਸ਼ਨ, ਕੌਸਮੈਟਿਕਸ, ਜਿਊਲਰੀ ਵਿਚੋਂ ਆਪਣੇ ਯੂਨੀਕ ਹੋਣ, ਆਪਣੀ ਪਸੰਦ ਦੇ ਆਪ ਮਾਲਕ ਹੋਣ ਲਈ ਭਰਮਾਉਂਦਾ ਬਜ਼ਾਰ ਜਦੋਂ ਉਸਦੇ ਪਰਸ ਦੇ ਮੇਚ ਨਹੀਂ ਆਉਂਦਾ ਤਾਂ ਬਜ਼ਾਰ ਦਾ ਉਕਸਾਇਆ ਮਨ ਕੀ ਕੁਝ ਦਾਅ ਤੇ ਲਾਉਣ ਲਈ ਚਿਤਵ ਜਾਂਦਾ ਹੈ ਇਸ ਦੀ ਬੇਹਦ ਸੰਕੇਤਕ ਅਤੇ ਖੂਬਸੂਰਤ ਪੇਸ਼ਕਾਰੀ ਹਨ ਉਸਦੀਆਂ ਨਿਮਨਲਿਖਤ ਕਾਵਿ ਸਤਰਾਂ:

ਉਸਦੇ ਦਿਮਾਗ ਵਿਚ
ਜਦ ਵੀ ਬਜ਼ਾਰ ਘੁੰਮਦਾ ਏ
ਤਾਂ ਉਹ ਆਪਣੀ ਕਲਪਨਾ 'ਚ
ਨਵ ਫੈਸ਼ਨ ਪਹਿਨਦੀ ਏ
ਕੌਸਮੈਟਿਕ 'ਚ ਮਹਿਕਦੀ ਏ.
ਕਲਪਨਾ 'ਚੋਂ
ਪਿਛਲਪੁਰੀ ਪਰਤਦੀ ਏ
ਤਾਂ ਆਪਣਾ ਪਰਸ ਟੋਂਹਦੀ ਏ
ਭਾਨ ਛਣਕਦੀ ਹੋਈ
ਹੱਥਾਂ ਦੀਆਂ ਰੇਖਾਵਾਂ ਚੋਂ ਕਿਰਦੀ ਏ.
-

ਛਣਕਦੀ ਹੋਈ ਭਾਨ
ਉਹਦੀ ਸੋਚ ਨੂੰ ਹਲੂਣਦੀ ਏ
ਸੋਚਦੀ ਏ ਕਿਉਂ ਨਾ
ਆਪਣੀ ਭਾਨ 'ਚੋਂ
ਆਪ ਹੀ ਨੋਟ ਬਣ ਜਾਏ
ਤੇ ਭਰੇ ਬਜ਼ਾਰ ਚਲ ਜਾਏ

ਦਰਸ਼ਨ ਬੁਲੰਦਵੀ ਦੇ ਕਾਵਿ ਸੁਨੇਹੇ ਬੰਦੇ ਨੂੰ 'ਇਥੇ', 'ਉਥੇ', ਕਿਤੇ ਵੀ ਬਜ਼ਾਰ ਨਾਲ ਹੱਸਣ/ਪਰਚਣ ਜਾਂ ਬਜ਼ਾਰ ਵੱਲੋਂ ਠੱਗੇ/ਵਰਗਲਾਏ ਜਾਂ ਦੁਰਕਾਰੇ ਜਾਣ ਦੀ ਥਾਂ ਉਸਨੂੰ ਜ਼ਮੀਰ/ ਸੋਝੀ ਦਾ ਪੱਲਾ ਫੜਾਉਂਦੇ ਹਨ ਜਿਹੜੀ ਉਸਦੇ ਜਿਊਂਦੇ ਹੋਣ ਦੀ ਜ਼ਾਮਨ ਹੈ, ਜਿਹੜੀ ਰੁਕੇ ਵਕਤ ਨੂੰ ਲੀਹੇ ਤੋਰਨ ਦਾ ਸਬੱਬ ਬਣਦੀ ਹੈ ਤੇ ਜਿਹੜੀ ਮਨੁੱਖਤਾ ਦੇ ਕਦੀਮੀ ਹੱਕ ਸੱਚ ਵਲ ਸਫਰ ਦੀ ਪ੍ਰੇਰਕ ਰਹੀ ਹੈ। ਅੱਜ ਦਾ ਦੌਰ ਜਦੋਂ ਬਹੁਤੀ ਲਿਖਤ ਮੁਨਾਫਾਖੋਰ ਮੰਡੀ ਦੇ ਸੈਲਾਬ ਵਿਚ ਹੜੀ ਜਾ ਰਹੀ ਮਨੁੱਖਤਾ ਦੀ ਬੇਵਸੀ, ਲਾਚਾਰੀ ਦੀ ਬਾਤ ਪਾ ਰਹੀ ਹੈ, ਬੁਲੰਦਵੀ ਆਪਣੀ ਪ੍ਰਗਤੀਸ਼ੀਲਤਾ ਸੀਖੀ ਨਾਲ ਕਾਵਿ ਸੰਵੇਦਨਾ ਅਤੇ ਸਾਹਸ ਨਾਲ ਧੜਕਦੀ ਕਾਵਿਕਤਾ ਰਾਹੀਂ ਬੰਦੇ ਨੂੰ ਠੀਕ ਰਾਹ

ਚੁਣਨ/ਠੀਕ ਰਾਹ ਤੇ ਹੋਣ ਦੇ ਗੌਰਵਮਈ ਅਹਿਸਾਸ ਦਿੰਦਾ ਹੈ। ਇਹ ਲਿਸ਼ਕ ਵਿਖਾਉਣਾ ਉਸਦੀ ਕਵਿਤਾ ਦਾ ਇਕ ਨਿਵੇਕਲਾ ਗੁਣ ਹੈ। 'ਹੇ ਮੇਰੇ ਹਮਸਫਰ' ਨਾਮੀ ਕਵਿਤਾ ਵਿਚ ਉਸਦੇ ਕਾਵਿ ਬੋਲ ਹਨ:

ਕੀ ਹੋਇਆ ਜੇ ਪੈਰ ਪਗਡੰਡੀਆਂ ਤੇ ਹਨ
ਰਾਹ ਵੀ ਤਾਂ ਕੋਈ ਦੂਰ ਨਹੀਂ ਏ
ਜੇ ਬੇਨਕਸ਼ ਜਿਹਾ ਕੋਈ ਦੌਰ ਏ
ਪਰ ਸ਼ੀਸ਼ਾ ਤਾਂ ਆਪਣਾ ਹੋਰ ਨਈ ਏ
ਜੇ ਨਹੀਂ ਸਿਰ ਤੇ ਅਸਮਾਨ
ਖੰਭਾਂ ਚ ਭਰੀ ਪਰਵਾਜ਼ ਤਾਂ ਏ

ਅੱਜ ਜਦੋਂ ਅਕਰਮਕਤਾ ਹਰ ਵਿਅਕਤੀ ਦੀ ਸੋਚ ਨੂੰ ਘੁਣ ਵਾਂਗ ਲੱਗੀ ਹੋਈ ਹੈ, ਪਾਠਕ ਦੇ ਮਨ ਮਸਤਕ ਵਿਚ ਆਸਾਂ ਦੀਆਂ, ਸਬਰ ਸਿਦਕ ਸੰਘਰਸ਼ ਦੀਆਂ ਦਾਬਾਂ ਲਾਉਣੀਆਂ ਕਾਵਿ ਦਾ ਧਰਮ ਹੈ। ਇਹ ਆਸਵੰਦਤਾ ਬੁਲੰਦਵੀ ਦੀ ਕਵਿਤਾ ਵਿਚ ਥਾਂ ਪੁਰ ਥਾਂ ਹਾਜ਼ਰ ਹੈ। ਸਾਹਸੱਤਹੀਣ ਕਰਨ ਵਾਲੇ 'ਅੱਜ ਦੇ ਰੂ-ਬ-ਰੂ' ਹੋਣ ਲਈ ਉਹ ਮਨੁੱਖੀ ਤ੍ਰਾਣ ਨੂੰ ਹੀ ਵੰਗਾਰਦਾ ਹੈ:

ਅੱਜ ਕਿਤਿਓਂ ਵੀ ਸ਼ੁਰੂ ਹੋਵੇ
ਆਪਣੇ ਸਿਵੇ ਦੀ ਸਵਾਹ ਚੋਂ
ਆਪਣੇ ਹੰਝੂਆਂ ਸੰਗ
ਅਸਤ ਚੁਗਣ ਤੋਂ ਬਾਅਦ
ਜਾਂ ਅੱਖਾਂ 'ਚ ਮੋਏ ਸੁਪਨਿਆਂ ਦੀ ਕਬਰ ਤੇ
ਫੁਲ ਚੜਾਉਣ ਤੋਂ ਬਾਅਦ
ਅੱਜ ਦੇ ਓਹਲੇ ਹੋ ਕੇ ਅਸੀਂ
ਗੋਡਿਆਂ ਚ ਸਿਰ ਨਹੀਂ ਧਰਨਾ
ਅੱਜ ਦੇ ਰੂਬਰੂ ਹੋ ਕੇ
ਆਪਣੇ ਅੰਗ ਸੰਗ ਹੋ ਕੇ ਤੁਰਾਂਗੇ

ਇਨ੍ਹਾਂ ਅਰਥਾਂ ਵਿਚ ਹੀ ਬੁਲੰਦਵੀ ਦੀ ਕਵਿਤਾ ਅਜੋਕੀ ਲਿੱਸੀ, ਲਾਚਾਰ ਕਵਿਤਾ ਨਾਲੋਂ ਵਿੱਥ ਥਾਪਦੀ ਅਤੇ ਆਪਣੇ ਪਾਠਕ ਨੂੰ ਸਕ੍ਰਿਯ, ਸਬਲ, ਸੰਘਰਸ਼ਰੱਤ ਹੋਣ ਦਾ ਪੈਗਾਮ ਦਿੰਦੀ ਹੈ। ਇਹ ਕਵਿਤਾ ਪਾਠਕ ਨੂੰ ਅਜੋਕੇ ਸੰਸਾਰ ਦੇ ਅਨੰਤ ਦਬਾਵਾਂ ਵਿਚ ਬੰਦੇ ਦੀ ਬੰਦਿਆਈ ਨੂੰ ਦਰਪੇਸ਼ ਚੁਣੌਤੀਆਂ ਦੇ ਵੰਨ ਸੁਵੰਨੇ ਮੰਜ਼ਰਾਂ ਤੋਂ ਵਾਕਫ਼ ਕਰਾਉਂਦੀ ਹੈ ਪਰ ਮਹਿਕਾਂ ਦਾ ਸਿਰਨਾਵਾਂ ਦੇਣੋਂ ਉਕਦੀ ਨਹੀਂ। ਸਮਕਾਲੀ ਪ੍ਰਸੰਗ ਵਿਚ ਉਸਦੀ ਕਵਿਤਾ ਦੀ ਇਕ ਸਸ਼ਕਤ ਪਛਾਣ ਇਹ ਵੀ ਬਣਦੀ ਹੈ ਕਿ ਉਹ ਸਮਕਾਲ ਵਿਚ ਰਚੀ ਜਾ ਰਹੀ ਮੈਂ-ਮੈਂ ਦੀ ਕਵਿਤਾ ਦੀ ਭਰਮਾਰ ਦੇ ਬਾਵਜੂਦ ਆਪਣੇ ਸੱਚ ਨੂੰ ਦੂਜੇ ਦੇ ਸੱਚ ਤੇ ਸੁਹਜ ਦੇ ਸਮਵਿਥ ਸਮਝਣ ਤੇ ਸਿਰਜਣ ਦਾ ਸ਼ਊਰ ਰਖਦੀ ਹੈ।

'ਮਹਿਕਾਂ ਦਾ ਸਿਰਨਾਵਾਂ' ਕਾਵਿ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ 'ਦੂਜੇ ਦੀਆਂ ਹਾਲਤਾਂ ਨੂੰ ਹੀ ਨਹੀਂ', ਦੂਜੇ ਦੀਆਂ ਅੰਤਰਮੁਖਤਾਵਾਂ ਨੂੰ ਜਾਣਨ ਦਾ ਜਿਹੜਾ



ਸਲੀਕਾ, ਸੁਹੱਪਣ, ਸ਼ਿੱਦਤ ਤੇ ਸੁਹਜ ਪਿਆ ਹੈ, ਉਹ ਪਾਠਕ ਨੂੰ ਟੁੰਬਦਾ ਹੀ ਨਹੀਂ ਉਸਨੂੰ ਮੋਹਖੋਰੀ ਫਿਤਰਤ ਦੇ ਹੱਕ ਵਿਚ ਉਰਜਿਤ, ਉਤੇਜਿਤ ਤੇ ਉਤਸ਼ਾਹਿਤ ਵੀ ਕਰਦਾ ਹੈ। 'ਮਾਂ' ਨਾਮੀ ਕਵਿਤਾ ਵਿਚ ਉਹ ਮਾਂ ਦੀ ਚੁੱਪ ਵਿਚੋਂ ਮਮਤਾ, ਫਿਕਰ, ਉਦਾਸੀ, ਜ਼ਾਬਤਾ, ਡਰ, ਅਸੀਸ, ਅਨਿਸਚਿਤਤਾ ਵਰਗੇ ਸਭ ਕੁਝ ਨੂੰ ਬੋਲਣ ਲਾ ਦਿੰਦਾ ਹੈ। 'ਧੀ ਚਾਹੁੰਦੀ ਏ' ਕਵਿਤਾ ਵਿਚ ਉਹ ਧੀ ਦੀ ਪਰੰਪਰਕ ਸੰਗ ਅਤੇ ਜ਼ਾਬਤੇ ਵਿਚ ਰਹਿ ਕੇ ਵੀ ਨਵੀਆਂ ਸਹਿਮਤੀਆਂ ਤੇ ਕਦੀਮੀ ਸਰੋਕਾਰਤਾ ਲਈ ਭਰਵੀਂ ਗੁੰਜਾਇਸ਼ ਬਣਾਉਂਦਾ ਹੈ। 'ਹਸਪਤਾਲ ਵਿਚ', 'ਮੇਰਾ ਗੀਤ', 'ਕਦੇ ਕਦਾਈ' ਵਰਗੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਉਹ ਜਿਸ ਭਾਰੀ ਗਉਰੀ, ਸਾਂਝ, ਸਾਥ, ਅਪਣੱਤ, ਰਿਸ਼ਤੇ ਦਾ ਤਸੱਵਰ ਦਿੰਦਾ ਹੈ ਉਹ ਸਾਰੇ ਤਸੱਵਰ ਅਜੋਕੇ ਘਰ/ਪਰਿਵਾਰ/ਰਿਸ਼ਤਿਆਂ ਦੀ ਭਰਪੂਰਤਾ ਦੇ ਅਲੋਪ ਹੋ ਰਹੇ ਬਿੰਬ ਹਨ।

ਦਰਸ਼ਨ ਬੁਲੰਦਵੀ ਦੀ ਕਵਿਤਾ ਰਿਸ਼ਤਿਆਂ ਦੇ ਰੱਜ ਤੇ ਸੁਚੱਜ ਦੀ ਬਾਤ ਪਾਉਂਦੀ ਹੈ ਪਰ ਇਸਦਾ ਭਾਵ ਇਹ ਕਦਾਚਿਤ ਨਹੀਂ ਕਿ ਉਹ ਪਰੰਪਰਕ ਫਰੇਮਾਂ ਨੂੰ ਹੀ ਗੂੜ੍ਹਿਆ ਕਰਦਾ ਹੈ। ਰਿਸ਼ਤਿਆਂ ਦੇ ਨਿਭਣ ਨਿਭਾਉਣ ਵਿਚ ਭਰੇ ਭਕੁੰਨੇ, ਸੱਚੇ ਸੁੱਚੇ, ਸਾਫ ਸਫਾਫ ਮਨਾਂ ਦੀ ਸੌਖ, ਸਰਲਤਾ ਤੇ ਸਹਿਜਤਾ ਉਸਨੂੰ ਅੱਜ ਵੀ ਮਨੁਖੀ ਫਿਤਰਤ ਦੇ ਜ਼ਿਆਦਾ ਨੇੜੇ ਜਾਪਦੀ ਹੈ। ਅੱਜ ਦੇ ਮਨੁੱਖ ਦੇ ਦੰਭੀ, ਦੋਖੀ, ਬਨਾਵਟੀ ਵਿਹਾਰ ਨੂੰ ਉਹ ਮਨੁੱਖੀ ਫਿਤਰਤ, ਮਾਸੂਮੀਅਤ ਤੇ ਸਹਿਜ ਸੁਭਾਵਕਤਾ ਦਾ ਦੁਸ਼ਮਣ ਸਮਝਦਾ ਹੈ। 'ਹੇ ਮੇਰੇ ਹਮਸਫਰ' ਕਵਿਤਾ ਦੀਆਂ ਸਤਰਾਂ ਹਨ:

ਮੈਂ ਤੇਰਾ ਦਿਲ ਨਹੀਂ ਫਰੋਲਦਾ
ਨਾ ਟੋਹ ਕੇ ਵੇਖਣ ਦਾ
ਅਭਿਆਸ ਕਰਦਾ ਹਾਂ
ਤੈਨੂੰ ਵੇਖਣ ਲਈ
ਨਾ ਅੱਖਾਂ ਦੇ ਸ਼ੀਸ਼ੇ ਬਦਲਦਾ ਹਾਂ
ਤੈਨੂੰ ਸੁਣਨ ਲਈ ਨਾ ਕੰਨ ਉਧਾਰੇ ਲੈਂਦਾ ਹਾਂ.
ਗੱਲ ਕਰਦਿਆਂ ਨਾ ਜੀਭ ਬਦਲਦਾ ਹਾਂ
ਨਾ ਕਿਸੇ ਤੋਂ ਪੁੱਛ ਕੇ ਤੇਰੇ ਵੱਲ ਤੁਰਦਾ ਹਾਂ
ਨਾ ਤੇਰੇ ਵੱਲ ਪਰਤਦਿਆਂ ਆਪਣਾ ਰਾਹ ਬਦਲਦਾ ਹਾਂ
ਸਭ ਸੁਭਾਵਿਕ ਚਲਦਾ ਏ
ਜਿਉਂ ਪੌਣ ਚਲਦੀ ਏ
ਸ਼ੀਸ਼ਾ ਚਮਕਦਾ ਏ
ਸਭ ਸੁਭਾਵਿਕ ਚਲਦਾ ਏ-

ਜਿਵੇਂ ਰੂਹ ਦੇ ਰਾਗ ਵਿਚੋਂ ਨਿਕਲੀ ਕਵਿਤਾ ਬੇਸੁਰ, ਬੇਬਹਿਰ ਨਹੀਂ ਹੁੰਦੀ ਉਵੇਂ ਹੀ ਰੂਹ ਦੇ ਰਿਸ਼ਤੇ ਮਾਨਵੀ ਕਦਰ ਤੋਂ ਸੱਖਣੇ ਨਹੀਂ ਹੁੰਦੇ। 'ਹਸਪਤਾਲ' ਕਵਿਤਾ ਵਿਚ ਮਾਨਵੀ ਸਾਂਝ ਦੀ ਇਹ ਕਦਰ ਹੀ ਮਾਰਮਿਕ ਅੰਦਾਜ਼ ਵਿਚ ਪੇਸ਼ ਹੋਈ ਹੈ। ਪਤੀ ਪਤਨੀ ਦੇ ਰਿਸ਼ਤੇ ਦੀ ਪਰੰਪਰਕ ਪ੍ਰਚਲਿਤ ਕਦਰ ਨੂੰ ਫਰੇਮ ਚੋਂ ਬਾਹਰ ਕੱਢ ਸੱਟ ਪਾਉਂਦਿਆਂ ਉਹ ਲਿਖਦਾ ਹੈ:

ਤੇਰਾ ਪਤਾ ਲੈਣ ਆਏ
ਜਦ ਮੁੜਦੇ ਹਨ ਵਾਪਿਸ

ਤਾਂ ਅਕਸਰ ਪੁੱਛਦੇ ਹਨ
ਕਿ ਹੁਣ ਰੋਟੀ ਦਾ ਕਿਵੇਂ ਸਰਦਾ ਏ=;ਵਸ
ਮੈਂ ਸੋਚਦਾ
ਖਬਰੇ ਕਿਉਂ ਇਹ
ਬਦੋਬਦੀ ਤੇਰਾ ਰਿਸ਼ਤਾ
ਰੋਟੀ ਨਾਲ ਜੋੜ ਜਾਂਦੇ ਹਨ।

ਮਾਨਵੀ ਸਾਂਝਾਂ ਸਭਿਆਚਾਰਾਂ ਵਿਚ ਦੂਜੇ ਦੀ ਹੋਂਦ ਹਸਤੀ ਚੇਤਨਾ ਨੂੰ ਮੂਹਰੇ ਰੱਖਣ ਦੀ ਇਸ ਕਦਰ ਨੂੰ ਉਹ ਪਿੰਡ ਤੋਂ ਲੈ ਕੇ ਬ੍ਰਹਿਮੰਡ ਤਕ, ਜੀਵਨ ਤੋਂ ਲੈ ਕੇ ਮੌਤ ਤਕ ਦੇ ਹਰ ਨਿੱਕੇ ਵੱਡੇ ਵਰਤਾਰੇ ਵਿਚ ਪਛਾਣ ਦਿਵਾਉਂਦਾ ਹੈ। 'ਜੱਦੀ ਪਿੰਡ ਪੁਰਾਣੇ ਵਿਚੋਂ' ਜਾਂ ਕਵਿਤਾਵਾਂ ਸਤਿਬੀਰ ਦੇ ਨਾਂ ਵਿਚ ਆਪਣੇ ਪੁਰਖਿਆਂ ਦੀਆਂ ਪੈੜਾਂ ਪਛਾਣਦੀ ਆਪਣੀਆਂ ਜੜਾਂ ਪੂਜਦੀ ਕਾਵਿਕ ਮੈਂ, 'ਡਾ. ਹਰਿਭਜਨ ਸਿੰਘ ਦੇ ਨਾਂ', 'ਡਾ. ਦਵਿੰਦਰ ਕੌਰ ਦੇ ਨਾਂ' ਕਵਿਤਾ ਵਿਚ ਆਪਣਿਆਂ ਨੂੰ ਜਾਨਣ/ਸਾਂਭਣ ਦੀ ਜੁਸਤਜੂ ਰਖਦੀ ਕਾਵਿਕ ਮੈਂ, ਜਾਂ 'ਮੰਚ ਅਤੇ ਸ਼ਹੀਦ', 'ਨੇਤਾ ਜੀ', 'ਅਸੀਂ ਮਨਾਵਾਂਗੇ', 'ਬੰਦੂਕ ਤੇ ਸ਼ੇਰ' ਵਰਗੀਆਂ ਕਵਿਤਾਵਾਂ ਵਿਚ ਮਾਸੂਮ ਲੋਕਾਈ ਦੇ ਹੱਕ ਵਿਚ ਖੜੀ ਕਾਵਿਕ ਮੈਂ ਇਸ ਕਦਰ ਦੀਆਂ ਜਾਨਦਾਰ ਪੇਸ਼ਕਾਰੀਆਂ ਹਨ। ਨਿੱਕੀ ਕਵਿਤਾ, ਗ਼ਜ਼ਲ, ਗੀਤ, ਵਰਗੇ ਛੋਟੇ ਕਾਵਿ ਰੂਪਾਂ ਵਿਚ ਰਚਣ ਦੇ ਬਾਵਜੂਦ ਉਸਦੇ ਕਾਵਿ ਪ੍ਰਤੱਖਣ ਦਾ ਫਲਕ ਵੱਡਾ ਹੈ। ਕਿਸੇ ਵੀ ਵਰਤ ਵਰਤਾਰੇ ਨੂੰ ਖ਼ਲਾਅ ਵਿਚੋਂ ਚੱਕਣ ਦੀ ਥਾਂ ਉਸਨੂੰ ਤ੍ਰੈਕਾਲੀ ਨਿਰੰਤਰਤਾ ਵਿਚ ਘਟਦੇ ਵੇਖਣਾ ਉਸਦੀਆਂ ਸੋਝੀਆਂ ਦਾ ਹਾਸਿਲ ਹੈ। 'ਕਾਰ ਚਲਾਉਂਦਾ ਆਦਮੀ' ਕਵਿਤਾ ਵਿਚ ਉਹ ਅਜੋਕੇ ਮਨੁੱਖ ਦੇ ਵਿਜੋਗੇ, ਵਿਛੁੰਨੇ, ਇਕੱਲੇ, ਭਟਕੇ ਹੋਣ ਦੀ ਵਜਾ ਦਰਸਾਉਂਦਿਆਂ ਲਿਖਦਾ ਕਿ ਉਹ ਆਪਣੇ ਪੁਰਖਿਆਂ ਦੇ ਉਨ੍ਹਾਂ ਅਨੁਭਵਾਂ ਅਹਿਸਾਸਾਂ ਤੋਂ ਵੀ ਸੱਖਣਾ ਹੈ ਜਿਹੜੇ ਪੈਰਾਂ ਚ ਸੌਂ ਗਏ ਸਫਰਾਂ ਦੇ ਸੁਪਨੇ ਲੈਂਦੇ ਹੁੰਦੇ ਸੀ ਅਤੇ ਆਪਣੇ ਉਨ੍ਹਾਂ ਵਾਰਿਸਾਂ ਪ੍ਰਤਿ ਵੀ ਬੇਨਿਆਜ਼ ਹੈ ਜਿਨ੍ਹਾਂ ਦੇ ਭਾਵੀ ਅੰਬਰਾਂ ਵਿਚ ਉਸਦੀਆਂ ਕਾਰਾਂ ਦਾ ਧੂੰਆਂ ਛੇਕ ਕਰ ਰਿਹਾ ਹੈ। ਜ਼ਿੰਦਗੀ ਦੀ ਤੇਜ਼ ਦੌੜ ਵਿਚ ਬਸ ਦੌੜੇ ਜਾ ਰਹੇ ਅਜੋਕੇ ਬੰਦੇ ਦੀ ਖਲਾਅਮਈ ਹੋਂਦ ਦੀ ਇਹ ਠੋਸ ਬਿੰਬਕਾਰੀ ਹੈ।

ਮੰਡੀ ਮੀਡੀਆ ਅਤੇ ਮੁਨਾਫੇ ਦੇ ਨਾਗਵਲ ਵਿਚ ਆਏ ਤੇ ਓਹਲਿਆਂ, ਖਤਰਿਆਂ ਵਿਚ ਤੇਜ਼ੀ ਨਾਲ ਬਦਲ ਰਹੇ ਅਜੋਕੇ ਯੁੱਗ ਵਿਚ ਅਜਿਹੇ ਤਵਾਜ਼ਨ ਬਣਾਉਣਾ ਤੇ ਚੰਗੀ, ਮਿਆਰੀ ਤੇ ਮੰਤਵੀ ਕਵਿਤਾ ਲਿਖਣਾ ਸੌਖਾ ਨਹੀਂ ਖਾਸ ਕਰ ਪਹਿਲਾਂ ਹੀ ਵੱਡੇ ਤੇ ਚੁਣੌਤੀਆਂ ਭਰਪੂਰ ਰੂਪਾਂਤਰਣ ਵਿਚ ਪਏ ਪੰਜਾਬੀ ਡਾਇਸਪੋਰੇ ਲਈ ਅਜਿਹੇ ਵੇਲੇ ਆਪਣੇ ਕਾਵਿਕ ਪ੍ਰਤੱਖਣ ਵਿਚ ਆਪਣੀਆਂ ਮੂਲ ਸ਼ਨਾਖ਼ਤਾਂ ਦੇ ਗੌਰਵਮਈ ਅਹਿਸਾਸਾਂ ਆਪਣੇ ਮੁਆਸ਼ਰੇ ਦੀਆਂ ਜਾਨਦਾਰ ਕਦਰਾਂ ਨੂੰ ਬਣਾਈ ਰੱਖਣਾ ਬੇਹੱਦ ਔਖਾ ਹੈ। ਪਰ ਬੁਲੰਦਵੀ ਨੇ ਆਪਣੇ ਪਾਠਕਾਂ ਨੂੰ ਹਮੇਸ਼ਾਂ ਕਾਵਿ ਨਾਇਕ ਦੇ ਸਹਿਜ ਪਰ ਸੰਘਰਸ਼ਸ਼ੀਲ ਚੇਤਨਾ ਨਾਲ ਪ੍ਰਨਾਏ ਕਾਵਿ ਨਾਇਕ ਦੇ ਮੌਲਿਕ ਤੇ ਸੱਜਰੇ ਬਿੰਬਾਂ ਨਾਲ ਸਰਸ਼ਾਰ ਕੀਤਾ ਹੈ। 'ਸਮੁੰਦਰ ਨਾਲ ਗੱਲਾਂ', 'ਧੁੱਪ ਚ ਜਗਦਾ ਦੀਵਾ' ਪੰਜਾਬੀ ਪਰਵਾਸੀ ਦੀ ਹੋਂਦ ਚੇਤਨਾ ਦੇ ਨਵੇਂ ਸਾਹਸਾਂ, ਨਵੇਂ ਤ੍ਰਾਣਾਂ ਨੂੰ ਬਿੰਬਤ ਕਰਨ ਵਾਲੇ ਮੈਟਾਫਰ ਸਨ।

**ਬਾਕੀ ਪੰਨਾ ਨੰ. 80 'ਤੇ**



# ਸਬਾਲਟਰਨ ਸਮੂਹ, ਉਪ-ਬਿਰਤਾਂਤ ਅਤੇ ਸਿਮਰਤੀਆਂ ਦੀ ਬਿਰਤਾਂਤਕਾਰੀ

**-ਗੁਰਪਾਲ ਸਿੰਘ ਸੰਧੂ**

ਸਬਾਲਟਰਨ ਸਮੂਹਾਂ, ਉਪ-ਬਿਰਤਾਂਤ ਅਤੇ ਸਿਮਰਤੀਆਂ ਦਾ ਰਿਸ਼ਤਾ ਬੜਾ ਨੇੜਲਾ ਅਤੇ ਪੇਚੀਦਾ ਹੈ। ਇਸ ਸਥਿਤੀ ਦੇ ਦੋ ਪਹਿਲੂ ਹਨ ; ਪਹਿਲਾ, ਇਹ ਸਮੂਹ ਜਾਂ ਤਾਂ ਵਿਸ਼ੇਸ਼ ਭਾਸ਼ਾ, ਸਾਹਿਤ ਅਤੇ ਸਮਾਜ ਦੇ ਮੂਲ-ਬਿਰਤਾਂਤ ਦਾ ਹਿੱਸਾ ਹੀ ਨਹੀਂ ਬਣਦੇ ਜਾਂ ਫ਼ਿਰ ਉਸਦਾ ਇਕ ਖੰਡ ਬਣਕੇ ਪੇਸ਼ ਹੁੰਦੇ ਹਨ। ਇਹ ਖੰਡ ਉਸ ਬਿਰਤਾਂਤ ਦਾ ਇਕ ਉਪ-ਬਿਰਤਾਂਤ ਹੁੰਦਾ ਹੈ, ਜੋ ਜਾਂ ਤਾਂ ਹੋਣੀ ਨੂੰ ਸਵੀਕਾਰ ਕਰਕੇ ਆਪਣੀ ਮਤਾਹਿਤਗੀ ਨੂੰ ਸੱਚ ਤਸਲੀਮ ਕਰਦਾ ਹੈ ਜਾਂ ਫ਼ਿਰ ਆਪਣੀਆਂ ਸਿਮਰਤੀਆਂ ਰਾਹੀਂ ਆਪਣੀ ਅਧੂਰੀ ਹੈਸੀਅਤ ਨੂੰ ਸੰਪੂਰਨ ਕਰਨ ਲਈ ਚਾਰਾਜੋਈ ਕਰਦਾ ਰਹਿੰਦਾ ਹੈ। ਇਹਨਾਂ ਦੋਵਾਂ ਹੀ ਹਾਲਤਾਂ ਵਿਚ ਇਹ ਉਪ-ਬਿਰਤਾਂਤ ਵਡੇਰੇ ਮੂਲ-ਬਿਰਤਾਂਤਾਂ ਵਿਚ ਹਾਦਸਾਗ੍ਰਸਤ ਹੋ ਜਾਣ ਦੇ ਸੰਤਾਪ ਅਤੇ ਵੇਦਨਾ ਰਾਹੀਂ ਅਤੀਤ ਹੀ ਸੰਪੂਰਨਤਾ ਤੋਂ ਵਿਛੋੜੇ ਜਾਣ ਦੇ ਵੈਰਾਗ ਦਾ ਰੂਪਕ ਬਣਕੇ ਪੇਸ਼ ਹੁੰਦਾ ਹੈ। ਹਾਲਾਂਕਿ ਵਡੇਰੇ ਬਿਰਤਾਂਤ ਦਾ ਸਾਰਾ ਭਾਵ ਮੰਡਲ ਉਪ-ਬਿਰਤਾਂਤ ਦੇ ਇਸ ਵਿਸ਼ੇਸ਼ ਲੱਛਣ ਤੋਂ ਅਸਰ-ਅੰਦਾਜ਼ ਤੇ ਪੀੜਿਤ ਵੀ ਹੁੰਦਾ ਹੈ, ਪਰ ਉਸਤੋਂ ਇਸਦਾ ਭਾਗੀਦਾਰ ਨਹੀਂ ਬਣਿਆ ਜਾਂਦਾ। ਸਿੱਟਾ ਇਹ ਨਿਕਲਦਾ ਹੈ ਕਿ ਸਬਾਲਟਰਨ ਸਮੂਹ ਆਪਣੀ ਪਹਿਚਾਣ ਵਡੇਰੇ ਬਿਰਤਾਂਤ ਦੇ ਸਮੁੱਚੇ ਸਰੂਪ ਨਾਲ ਬਣਾਉਣ ਦੀ ਥਾਂ, ਉਪ-ਬਿਰਤਾਂਤ ਦੇ ਵਿਸ਼ੇਸ਼ ਖ਼ਿਆਲ ਨਾਲ ਸਿਰਜਣ ਲੱਗ ਪੈਂਦੇ ਹਨ। ਇਸ ਕਰਕੇ, ਸਿਮਰਤੀਆਂ ਦੀ ਬਿਰਤਾਂਤਕਾਰੀ ਅਤੇ ਭੂਤ ਦਾ ਵਾਰ-ਵਾਰ ਸਿਮਰਨ ਸਬਾਲਟਰਨ ਸਮੂਹਾਂ ਦੀ ਕਥਾ-ਰਚਨਾ ਦਾ ਵਿਸ਼ੇਸ਼ ਅੰਗ ਬਣਕੇ ਪੇਸ਼ ਹੁੰਦਾ ਹੈ।

(1)

ਪੰਜਾਬੀ ਭਾਈਚਾਰੇ ਵਿਚ ਸਬਾਲਟਰਨ ਸਮੂਹਾਂ ਦੀ ਨਿਸ਼ਾਨਦੇਹੀ ਕਰਨ ਵੇਲੇ ਦੇਸ਼ ਸਮੇਂ ਵਿਸਥਾਪਤ ਹੋਏ ਲੋਕ ਵੀ ਇਸਦਾ ਅਹਿਮ ਅੰਗ ਬਣਕੇ ਪੇਸ਼ ਹੁੰਦੇ ਹਨ। ਇਸੇ ਵਾਸਤੇ ਪੂਰਬੀ ਪੰਜਾਬ ਤੋਂ ਉਜੜਕੇ ਪੱਛਮੀ ਪੰਜਾਬ ਵਿਚ ਵਸੇ ਅਤੇ ਉਧਰੋਂ ਉਜੜਕੇ ਏਧਰ ਆਏ ਲੋਕ ਪੰਜਾਬ ਦੇ ਮੁੱਖ ਬਿਰਤਾਂਤ ਦੇ ਕੇਂਦਰ ਵਿਚ ਆਉਣ ਦੀ ਥਾਂ ਸਦਾ ਹਾਸ਼ੀਏ ਉਪਰ ਹੀ ਆਉਂਦੇ ਰਹੇ ਹਨ। ਹਾਲਾਂਕਿ ਕੁਝ ਬਿਰਤਾਂਤ ਅਜਿਹੇ ਵੀ ਮਿਲਦੇ ਹਨ, ਜਿਨ੍ਹਾਂ ਦਾ ਸਮੁੱਚਾ ਸੰਦਰਭ ਰਿਫ਼ਊਜੀਆ ਜਾਂ ਮੁਹਾਜਰਾਂ ਉਤੇ ਕੇਂਦਰਿਤ ਹੈ, ਪਰ ਇਹ ਬਿਰਤਾਂਤ ਉਹਨਾਂ ਵਲੋਂ ਹੀ ਰਚੇ ਗਏ, ਜੋ ਖ਼ੁਦ ਇਸ ਸਥਿਤੀ ਦੇ ਹਿੱਸੇਦਾਰ ਰਹੇ ਹਨ । ਇਸਦੇ ਬਰਾਬਰ, ਵਿਸਥਾਪਤ ਹੋਏ ਇਹਨਾਂ ਲੋਕਾਂ ਬਾਰੇ ਰਚਿਆ ਗਿਆ ਜਾਂ ਰਚਿਆ ਜਾ ਰਿਹਾ ਬਿਰਤਾਂਤ ਮੂਲ ਰੂਪ ਵਿਚ ਵੇਦਨਾ ਤੇ ਦੁੱਖ ਜਾਂ ਤਰਸ ਦੀ ਸੰਵੇਦਨਾ ਦੀ ਸਿਰਜਣਾ ਦਾ ਕਾਰਜ ਕਰਦਾ ਹੈ, ਉਸ ਵਿਚ ਹਿੱਸੇਦਾਰ ਹੋਣ ਦਾ ਨਹੀਂ।

ਇਥੇ ਦੁੱਖ ਤੇ ਵੇਦਨਾ ਦੀ ਬਾਹਰਵਰਤੀ ਪੇਸ਼ਕਾਰੀ ਅਤੇ ਹਿੱਸਾ ਨਾ ਬਣਕੇ ਪੇਸ਼ ਹੋਣ ਦੀ ਦੁਫੇੜ ਹੀ ਉਸਨੂੰ ਮੁੱਖ ਬਿਰਤਾਂਤ ਅਤੇ ਉਪ-ਬਿਰਤਾਂਤ ਦਾ ਦਰਜਾ ਬਖ਼ਸ਼ਦੀ ਹੈ। ਇਹ ਵੀ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਵਿਸਥਾਪਨ ਦਾ ਹਿੱਸਾ ਨਾ ਬਣੇ ਹੋਏ ਰਚਨਾਕਾਰ ਵੀ ਵਿਸਥਾਪਤ ਦੇ ਦੁੱਖ ਅਤੇ ਵੇਦਨਾ ਦੀ ਸਫ਼ਲ ਬਿਰਤਾਂਤਕ ਪੇਸ਼ਕਾਰੀ ਕਰਦੇ ਹਨ ਪਰ ਇਥੇ ਵੀ ਮੁੱਖ ਬਿਰਤਾਂਤ ਕੋਈ ਹੋਰ ਹੈ ਅਤੇ ਵਿਸਥਾਪਤ ਨਾਇਕ ਫਿਰ ਤੋਂ ਉਪ-ਬਿਰਤਾਂਤ ਦਾ ਹੀ ਹਿੱਸਾ ਬਣਕੇ ਰਹਿ ਜਾਂਦਾ ਹੈ। ਇਸ ਦੇ ਨਾਲ ਹੀ ਇਹਨਾਂ ਬਿਰਤਾਂਤਾਂ ਵਿਚ ਮੁੱਖ ਬਿਰਤਾਂਤਕ ਸੁਰ ਤਸ਼ੱਦਦ ਦੀ ਹੈ, ਜਦਕਿ ਉਪ-

ਬਿਰਤਾਂਤ ਦੀ ਸੁਰ ਵੇਦਨਾ ਤੇ ਦੁੱਖ ਦੀ। ਇਸ ਫ਼ਰਕ ਨੂੰ ਅਸੀਂ ਸਪਸ਼ਟ ਰੂਪ ਵਿਚ ਅਜਮੇਰ ਸਿੱਧੂ ਦੀ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ' ਅਤੇ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਖੱਬਲ' ਦੇ ਕਥਾ-ਸੰਦਰਭ ਵਿਚ ਵੇਖ ਸਕਦੇ ਹਾਂ। ਪਹਿਲੀ ਕਥਾਂ ਵਿਚ ਮੁੱਖ ਬਿਰਤਾਂਤ ਨਾਇਕਾ ਦੇ 'ਅੱਬਾ' ਦੀ ਸਰਦਾਰੀ ਦਾ ਹੈ। ਇਸ ਤੋਂ ਬਾਅਦ ਵਿਸਥਾਪਨ ਆਉਂਦਾ ਹੈ ਅਤੇ ਫਿਰ ਸੰਕਟਾਂ, ਵੇਦਨਾ ਅਤੇ ਬੇਪਛਾਣਗੀਂ ਦੇ ਬੇਸ਼ੁਮਾਰ ਮੰਜਰਾਂ ਦੀ ਤਸਵੀਰਕਸ਼ੀ। ਦੂਜੀ ਕਥਾ, ਮੁੱਖ ਰੂਪ ਵਿਚ ਵਿਸਥਾਪਨ ਦੇ ਦ੍ਰਿਸ਼ ਤੋਂ ਸ਼ੁਰੂ ਹੁੰਦੀ ਹੈ, ਵਿਸਥਾਪਨ ਦੇ ਫ਼ਲਸਰੂਪ ਪੱਛਮੀ ਪੰਜਾਬ ਦੀ ਸਮੁੱਚੀ 'ਸਮਾਜਿਕ ਕਾਇਨਾਤ' ਦੇ ਉੱਥਲ ਪੁੱਥਲ ਹੋ ਜਾਣ ਦਾ ਚਿਤਰਨ ਨਾਲ। ਇਸ ਸਥਿਤੀ ਦੀ ਹੀ ਅਗਲਾ ਪਾਸਾਰ ਕਹਾਣੀ ਦੀ ਨਾਇਕਾ ਦੇ ਬੀਮਾਰ ਹੋਣ ਅਤੇ ਮੁੜ ਤੋਂ ਉਸੇ ਥਾਂ ਵਿਚ ਰਚ-ਮਿਚ ਜਾਣ ਦੀ ਵੇਦਨਾ ਬਣਦਾ ਹੈ। ਇਥੇ ਮੁੱਖ ਬਿਰਤਾਂਤ ਅਤੀਤ ਹੈ ਅਤੇ ਵਰਤਮਾਨ ਬੀਮਾਰ ਮਨ, ਮਸਤਕ ਅਤੇ ਦੇਹ ਦਾ ਸਮੁੱਚਾ ਮੰਡਲ। ਸਪਸ਼ਟ ਹੈ ਕਿ ਦੋਹਾਂ ਹੀ ਕਥਾ-ਪ੍ਰਸੰਗਾਂ ਵਿਚ ਸਬਾਲਟਰਨ ਸਮੂਹਾਂ ਦਾ ਰਿਸ਼ਤਾ ਉਪ-ਬਿਰਤਾਂਤ ਨਾਲ ਕਾਇਮ ਹੁੰਦਾ ਹੈ, ਮੁੱਖ ਬਿਰਤਾਂਤ ਨਾਲ ਨਹੀਂ। ਇਸਤੋਂ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਉਹ ਮੁੱਖ ਬਿਰਤਾਂਤ ਤੋਂ ਵਿਛੁੰਨੇ ਹੋਏ ਹਨ। ਜਿਸ ਨਾਲ ਉਹ ਸਿਮਰਤੀਆਂ ਨਾਲ ਤਾਂ ਰਿਸ਼ਤਾ ਕਾਇਮ ਕਰ ਸਕਦੇ ਹਨ, ਹਕੀਕਤ ਵਿਚ ਨਹੀਂ।

(2)

ਹੁਣ ਅਸੀਂ ਉਜਾੜੇ ਦੀ ਇਸ ਸਥਿਤੀ ਨੂੰ ਜਾਂ ਤਾਂ ਤਿਆਗ ਸਕਦੇ ਹਾਂ ਜਾਂ ਫਿਰ ਯਾਦ ਕਰ ਸਕਦੇ ਹਾਂ। ਦੋਹਾਂ ਹੀ ਹਾਲਤਾਂ ਵਿਚ ਸਾਡੇ ਲਈ ਪਿਆਰ, ਤਸ਼ੱਦਦ ਅਤੇ ਅਧੂਰਾਪਣ ਅਜਿਹੇ ਰੂਪਕ ਬਣ ਜਾਂਦੇ ਹਨ ਜੋ ਅਸੀਂ ਵਾਰ ਵਾਰ ਸਿਰਜਤ ਅਤੇ ਪੁਨਰ-ਸਿਰਜਤ ਕਰਦੇ ਰਹਿੰਦੇ ਹਾਂ। ਦੂਜੇ ਸ਼ਬਦਾਂ, ਵਿਚ ਇਹ ਰੂਪਕ ਅਜਿਹੀ ਸਦਮਾਗ੍ਰਸਤ ਮਨੋਸਥਿਤੀ ਅਤੇ ਵੇਦਨਾਗ੍ਰਸਤ ਸ੍ਵੈ ਦੀ ਪੇਸ਼ਕਾਰੀ ਕਰਦੇ ਹਨ, ਜੋ ਆਪਣੇ ਵਰਤਮਾਨ ਦੇ ਸੱਚਾਂ ਨੂੰ ਸਿਮਰਤੀਆਂ ਦੀ ਚਾਸ਼ਨੀ ਵਿਚ ਪਾ ਕੇ ਹੀ ਅਰਥਪੂਰਨ ਬਣਾਉਣ ਦੀ ਜੁਗਤ ਅਖ਼ਤਿਆਰ ਕਰਨ ਦਾ ਆਦੀ ਹੋ ਚੁੱਕਾ ਹੈ।

(3)

ਜਿੰਦਰ ਦੀ ਕਹਾਣੀ 'ਹਵੇਲੀ' ਅਤੇ ਚਰਨ ਲਿਖਾਰੀ ਦੇ ਗੀਤ 'ਲਾਹੌਰ' ਦਾ ਵਿਸ਼ਲੇਸ਼ਣ ਇਸ ਨਜ਼ਰੀਏ ਤੋਂ ਮੂਲ-ਬਿਰਤਾਂਤ ਤੇ ਉਪ-ਬਿਰਤਾਂਤ ਦੇ ਆਪਸੀ ਰਿਸ਼ਤੇ ਦੇ ਬਹੁਤ ਮਹੱਤਵਪੂਰਨ ਤੱਥ ਪੇਸ਼ ਕਰਦਾ ਹੈ। ਇਹ ਦੋਵੇਂ ਰਚਨਾਵਾਂ ਦੀ ਮੂਲ ਰੂਪ ਵਿਚ ਬਿਰਤਾਂਤਕ ਸੁਭਾਅ ਦੀਆਂ ਹਨ। ਪਰ, ਇਹਨਾਂ ਵਿਚੋਂ ਇਕ ਸਥਾਪਤ ਕਹਾਣੀਕਾਰ ਦੀ ਕਹਾਣੀ ਹੈ ਅਤੇ ਦੂਜੀ ਲੋਕਪ੍ਰਿਆ ਗੀਤਕਾਰ ਦਾ ਲਿਖਿਆ ਗੀਤ। ਜਿੰਦਰ ਇਸ ਉਜਾੜੇ ਦਾ ਹਿੱਸੇਦਾਰ ਨਹੀਂ ਪਰ ਸੰਵੇਦਨਸ਼ੀਲ ਕਹਾਣੀਕਾਰ ਹੈ। ਪਰ, ਚਰਨ ਲਿਖਾਰੀ ਅਸਿੱਧੇ ਰੂਪ ਵਿਚ ਇਸਦਾ ਹਿੱਸੇਦਾਰ ਹੈ। ਇਹਨਾਂ ਦੋਵਾਂ ਹੀ ਰਚਨਾਵਾਂ ਵਿਚ ਵਰਤਮਾਨ ਉਤੇ ਸਿਮਰਤੀਆਂ ਭਾਰੂ ਹਨ। ਦੋਵਾਂ ਹੀ ਰਚਨਾਵਾਂ ਦੇ ਮੁੱਖ ਕਿਰਦਾਰ, ਕਿਸੇ ਹੋਰ ਕਿਰਦਾਰ ਰਾਹੀਂ ਵਾਪਰ ਗਈਆਂ ਘਟਨਾਵਾਂ ਨੂੰ ਸੁਨਣ ਦੇ ਤਲਬਗਾਰ ਹਨ। ਦੋਵਾਂ ਹੀ ਰਚਨਾਵਾਂ ਦੇ ਮੁੱਖ ਪਾਤਰਾਂ ਆਮ ਵਾਪਰੀਆਂ ਘਟਨਾਵਾਂ ਦੇ 'ਨਿੱਜੀ ਸੰਦਰਭ' ਸੁਨਣ ਦੇ ਮੁਨਤਜਰ ਹਨ। ਜਿਵੇਂ :

*"ਤੂੰ ਜਲੰਧਰੋਂ ਆਇਆਂ। ਫੇਰ ਤਾਂ ਨਕੋਦਰ ਬਾਰੇ ਵੀ ਜਾਣਦਾ ਹੋਵੇਗਾਂ ?"*

*"ਜਾਣਦਾਂ ... ਮੈਂ ਉਥੋਂ ਹੀ ਪੜ੍ਹਿਆਂ*

*"ਕਿਹੜੇ ਸਕੂਲੋਂ ?"*

*"ਆਰੀਆ ਸਕੂਲੋਂ।"*



*'ਆਰੀਆ ਸਕੂਲੋਂ।"*

——————

——————

*"ਮੈਂ ਵੀ ਉੱਥੋਂ ਪੜ੍ਹਿਆਂ। ਅਸਾਡੀ ਨਕੋਦਰ ਹਵੇਲੀ ਹੁੰਦੀ ਸੀ। ਚੌਧਰੀ ਫਜ਼ਲਦੀਨ ਦੀ ਹਵੇਲੀ ਦਾ ਨਾਂ ਬਜਦਾ ਸੀ...। ਬੋਗੜਾਂ ਦੇ ਮੁਹੱਲੇ ਓ।"*

*"ਜੇ ਮੈਂ ਕਦੇ ਨਕੋਦਰ ਜਾਵਾਂ ਤਾਂ ਕੋਈ ਮੇਰੀਆਂ ਅੱਖੀਆਂ 'ਤੇ ਪੱਟੀ ਬੰਨ ਛੱਡੇ ਤਾਂ ਮੈਂ ਆਪਣੀ ਹਵੇਲੀ ਲੱਭ ਸਕਣਾਂ। ਬੱਸਾਂ ਦੇ ਅੱਡੇ ਦੇ ਖੱਬੇ ਪਾਸੇ ਕਬਰਾਂ ਸਨ।"* 1

ਇਸੇ ਤਰ੍ਹਾਂ :

*ਛਿੜ੍ਹੀਆਂ ਕੌਮਾਂ ਦੇ ਵਿਚ ਜੰਗਾਂ*
*ਲਾਲੀ ਕਿਵੇਂ ਵਿਖਾਈ ਰੰਗਾਂ*
*ਟੁੱਟੀਆਂ ਜਾਵਾਂ ਵੇਲੇ ਵੰਗਾਂ*
*ਦਾਦੀ ਮ੍ਹਿੰਦਰ ਕੌਰ ਦੀਆਂ*
*ਮੈਨੂੰ ਫ਼ੇਰ ਦੁਬਾਰਾ ਬਾਪੂ ਗੱਲਾਂ, ਦੱਸ ਲਾਹੌਰ ਦੀਆਂ...।* 2

'ਹਵੇਲੀ' ਕਹਾਣੀ ਵਿਚ ਮੁੱਖ ਪਾਤਰ ਨੂੰ 'ਅਸ਼ਰਫ਼' ਆਪਣੀ ਕਹਾਣੀ ਦੱਸ ਰਿਹਾ ਹੈ। ਪਰ ਅਸ਼ਰਫ਼ ਦੀ ਕਹਾਣੀ ਵਿਚੋਂ ਪੰਜਾਬੀ ਮੁਆਸ਼ਰੇ ਦੀ ਕਹਾਣੀ ਪੇਸ਼ ਹੋ ਜਾਂਦੀ ਹੈ। ਇਸੇ ਤਰ੍ਹਾਂ 'ਲਾਹੌਰ' ਗੀਤ ਵਿਚ 'ਮੈਨੂੰ' ਦੇ ਰੂਪ ਵਿਚ ਪੇਸ਼ ਹੋ ਰਿਹਾ 'ਸਬਜੈਕਟ' ਫਿਰ ਤੋਂ 'ਲਾਹੌਰ' ਦੀਆਂ ਗੱਲਾਂ ਸੁਨਣ ਲਈ ਮੁਤਨਜ਼ਰ ਹੈ। ਪਰ 'ਲਾਹੌਰ' ਦੀਆਂ ਗੱਲਾਂ ਉਸਦੇ ਟੱਬਰ ਨਾਲ ਬੀਤੀਆਂ ਹੋਣ ਦੇ ਬਾਵਜੂਦ ਵੀ, ਪੰਜਾਬੀ ਮੁਆਸ਼ਰੇ ਦੀਆਂ ਗੱਲਾਂ ਹਨ। ਇਸ ਦੇ ਨਾਲ ਹੀ ਹਵੇਲੀ ਕਹਾਣੀ ਦੇ 'ਮੈਂ' ਪਾਤਰ ਨੂੰ ਆਪਣੀ 'ਨਾਨੀ' ਤੇ 'ਨਾਨੇ' ਦੀ ਕਥਾ ਚੇਤੇ ਆਉਂਦੀ ਹੈ, ਜੋ ਫਿਰ ਤੋਂ ਪੰਜਾਬੀ ਮੁਆਸ਼ਰੇ ਦੀ ਕਥਾ ਬਣਕੇ ਪੇਸ਼ ਹੋ ਰਹੀ ਹੈ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ 'ਪੰਜਾਬੀ ਮੁਆਸ਼ਰੇ' ਦੀ ਕਥਾ, ਕਹਾਣੀ ਜਾਂ ਗੱਲਾਂ ਫਿਰ ਤੋਂ ਪੂਰਬੀ ਜਾਂ ਪੱਛਮੀ ਪੰਜਾਬ ਦੀਆਂ ਰਾਜਨੀਤਿਕ ਹੱਦਾਂ ਤਿਆਗ ਕੇ ਸਿਮਰਤੀਆਂ ਪੰਜਾਬੀ ਵੱਸੇ ਸੰਪੂਰਨ ਮੁਆਸ਼ਰੇ ਵਿਚ ਰੂਪਾਂਤਰਿਤ ਹੋ ਰਹੀਆਂ ਹਨ। ਇਸੇ ਕਰਕੇ 'ਅਸ਼ਰਫ' ਜਾਂ 'ਮੈਂ' ਤੇ 'ਬਾਪੂ' ਦੇ ਮਨ-ਮੰਡਲ ਵਰਤਮਾਨ ਦੇ ਸੱਚ ਨੂੰ ਦਰਕਿਨਾਰ ਕਰਕੇ ਪੀੜਿਤ ਯਾਦਾਂ ਸਾਂਝੀਆਂ ਕਰਨ ਦੇ 'ਹੁਲਾਸ' ਤੱਕ ਫੈਲਦੇ ਹਨ। ਵਰਤਮਾਨ ਦੇ ਸੱਚ ਦੇ ਘੇਰਿਆਂ ਵਿਚ ਉਹਨਾਂ ਦਾ ਸ੍ਵੈ ਅਧੂਰਾ ਹੈ। ਉਹ ਸਮਾਜਿਕ ਅਤੇ ਵਿਵਹਾਰਕ ਤੌਰ ਉਤੇ ਤਾਂ ਖੁਸ਼ਹਾਲ ਹੋ ਗਏ ਹਨ। ਮੁਆਸ਼ਰੇ ਦਾ ਮੂਲ ਬਿਰਤਾਂਤ ਉਹਨਾਂ ਦੇ ਇਸੇ ਸੱਚ ਦੀ ਤਰਜ਼ਮਾਨੀ ਕਰਦਾ ਹੈ। ਪਰ, ਇਸ ਬਿਰਤਾਂਤ ਦਾ ਅਹਿਮ ਹਿੱਸਾ ਉਹਨਾਂ ਦੇ ਮਨ ਦਾ ਉਹ ਅਧੂਰੇਪਣ ਹੈ, ਜਿਸਨੂੰ ਯਾਦਾਂ ਦੇ ਮੰਜਰ ਅਤੇ ਅਤੀਤ ਦੀ ਗੁਫ਼ਤਗੂ ਹੀ ਸੰਪੂਰਨ ਕਰਦੀ ਹੈ, ਉਪ-ਬਿਰਤਾਂਤ ਦਾ ਹੀ ਭਾਗ ਬਣਕੇ ਪੇਸ਼ ਹੁੰਦਾ ਹੈ;

*"ਇਹਦਾ ਨਾਂ ਅਸ਼ਰਫ਼ ਏ। ਅੱਲਾ ਦੀਆਂ ਸਾਰੀਆਂ ਨਿਆਮਤਾਂ ਮਿਲੀਆਂ ਹੋਈਆਂ। ਪਰ, ਮੈਂ ਇਹਨੂੰ ਕਦੇ ਖ਼ੁਸ਼ ਨਹੀਂ ਦੇਖਿਆ। ਏਦਾਂ ਜਾਪਦਾ ਜਿਵੇਂ ਇਹਦਾ ਕੁਝ ਗੁਆਚ ਗਿਆ ਹੋਵੇ। ਬਸ ਸਿਰ ਸੁੱਟ ਕੇ ਟੁਰਦਾ।"* 3

ਇਸਦੇ ਸਮਾਨਾਂਤਰ ਅਸੀਂ ਗੀਤ ਦੇ ਬੋਲ ਵੀ ਵੇਖ ਸਕਦੇ ਹਾਂ:

*ਰੋਟੀ ਕਰ ਕਤਰ ਕੇ ਖਾਧੀ*
*ਫਿਰ ਵੀ ਲਗਦੀ ਨਹੀਂ ਸੁਆਦੀ*

*ਮਾੜੀ ਹਾਲਤ ਹੋ ਗਈ ਸਾਡੀ*
*ਪੈ ਗਈ ਹੱਕ ਖੋਹਣ ਦੀ ਵਾਦੀ*
*ਮਹਿੰਗੀ ਪੈ ਗਈ ਚੰਨ ਆਜ਼ਾਦੀ*
*ਕੰਧਾਂ ਕਹਿਣ ਪਸ਼ੌਰ ਦੀਆਂ*
*ਮੈਨੂੰ ਫ਼ਿਰ ਦੁਬਾਰਾ ਬਾਪੂ, ਗੱਲਾਂ ਦੱਸ ਲਾਹੌਰ ਦੀਆਂ।* [4]

ਇਹਨਾਂ ਦੋਵਾਂ ਉਦਾਹਰਣਾਂ ਵਿਚ 'ਸਾਰੀਆਂ ਨਿਆਮਤਾਂ' ਪਰ 'ਖੁਸ਼ ਨਹੀਂ ਵੇਖਿਆ', ਕੁਝ 'ਗੁਆਚਣਾ' ਅਤੇ 'ਸਿਰ ਸੁੱਟ ਕੇ ਤੁਰਨਾ' ਆਦਿ ਚਿਹਨ ਅਸ਼ਰਫ਼ ਦੀ ਪਹਿਚਾਣ ਦੇ ਸੂਚਕ ਹੈ। ਇਸਦੇ ਨਾਲ ਹੀ ਰੋਟੀ 'ਕਰ ਕਤਰਕੇ ਖਾਧੀ' ਪਰ 'ਲਗਦੀ ਨਹੀਂ ਸੁਆਦੀ', 'ਮਾੜੀ ਹਾਲਤ' ਦੇ ਸਮਾਨਾਂਤਰ ਪੈ ਗਈ ਹੱਕ 'ਖੋਹਣ ਦੀ ਵਾਦੀ' ਅਤੇ 'ਮਹਿੰਗੀ ਪਈ ਆਜ਼ਾਦੀ' ਆਦਿ ਚਿਹਨ ਵੀ ਵਿਸਥਾਪਨ ਦੇ ਉਪ-ਬਿਰਤਾਂਤ ਦੇ ਮੂਲ ਅਰਥ-ਘੇਰਿਆਂ ਦੀ ਪੇਸ਼ਕਾਰੀ ਕਰਦੇ ਹਨ। ਇਕ ਨਜ਼ਰੀਏ ਤੋਂ ਤਾਂ 'ਅੱਲਾਂ ਦੀਆਂ ਸਾਰੀਆਂ ਨਿਆਮਤਾਂ' ਨੂੰ ਹਾਸਲ ਕਰਕੇ ਖੁਸ਼ ਹੋਣਾ ਚਾਹੀਦਾ ਹੈ। ਖ਼ਾਸ ਕਰਕੇ ਵਿਸਥਪਾਨ ਤੋਂ ਬਾਅਦ ਪੁਨਰ-ਸਥਾਪਤ ਹੋਣ ਦੀ ਸਫਲਤਾ ਨਾਇਕਤਾ ਦੀ ਹੀ ਸਿਰਜਣ ਹੈ। ਅਸ਼ਰਫ਼ ਦੇ ਮੁੰਡਿਆਂ ਕੋਲ ਨਕੋਦਰ ਵਾਲੀ ਹਵੇਲੀ ਤੋਂ ਵੱਡੀਆਂ ਹਵੇਲੀਆਂ ਤਾਂ ਹਨ ਪਰ ਨਕੋਦਰ ਨਹੀਂ। ਨਕੋਦਰ ਦਾ ਨਾ ਹੋਣਾ ਅਧੂਰਾਪਣ ਹੈ, ਜੋ ਸਿਰਫ਼ ਸਿਮਰਤੀਆਂ ਰਾਹੀਂ ਹੀ ਪੂਰਾ ਹੁੰਦਾ ਹੈ। ਇਸੇ ਵਾਸਤੇ 'ਲਾਹੌਰ' ਦੀਆਂ ਗਲੀਆਂ ਵਿਚ ਨਾ ਤਾਂ 'ਫ਼ਜ਼ਲਦੀਨ ਦੀ ਹਵੇਲੀ' ਹੈ ਨਾ 'ਮੰਦਰ' ਹੈ ਅਤੇ ਨਾ ਹੀ 'ਮੰਦਰ ਵਿਚ ਟੱਲ' ਖੜਕਾਉਣ ਵਾਲੀ 'ਕਮਲੇਸ਼ੋ'। ਇਹ ਸਾਰੇ ਤਾਂ ਅਤੀਤ ਦੇ ਵਲਗਣਾਂ ਵਿਚ ਫ਼ੈਲੀ ਹਿੰਸਾ, ਦੇਸ ਨਿਕਾਲੇ ਅਤੇ ਬੇਗਾਨੀ ਧਰਤੀ ਦੇ ਵਸੇਬ ਦੇ ਫ਼ਨਾਹਕੁਨ ਤਜ਼ਰਿਬਆ ਦਾ ਹਿੱਸਾ ਬਣ ਚੁੱਕੇ ਹਨ।

ਅਸ਼ਰਫ਼ ਦਾ 'ਮੈਂ' ਨਾਲ ਮੇਲ ਅਤੀਤ ਦੇ ਇਹਨਾਂ ਮੰਜਰਾਂ ਵਿਚ ਵੱਸ ਚੁੱਕੇ ਨਫ਼ਰਤ ਦੇ ਖ਼ਿਆਲਾਂ ਨੂੰ ਖ਼ਤਮ ਕਰਨ ਅਤੇ ਯਾਦਾਂ ਵਿਚੋਂ ਸੰਪੂਰਨਤਾ ਹਾਸਿਲ ਕਰਨ ਦਾ ਵਸੀਲਾ ਹੈ। ਇਸੇ ਕਰਕੇ 'ਮੈਂ' ਤੇ 'ਅਸ਼ਰਫ਼' ਹਿੰਦੋਸਤਾਨ ਤੇ ਪਾਕਿਸਤਾਨ ਦੇ ਵਾਸੀ ਹੋਣ ਦੇ ਬਾਵਜੂਦ ਵੀ 'ਹਮਵਤਨ' ਪਰਿਭਾਸ਼ਤ ਹੁੰਦੇ ਹਨ। ਇਸ ਹਮਵਤਨੀ ਦੇ ਸਿੱਟੇ ਵਜੋਂ ਹੀ ਦੋਵੇਂ 'ਹਮਦਰਦ' ਅਤੇ 'ਹਮ ਖਿਆਲ' ਬਣਦੇ ਹਨ;

*'ਛੋਟੇ ਭਰਾ, ਮੇਰਾ ਦੁੱਖ ਕੋਈ ਨ੍ਹੀ ਜਾਣ ਸਕਦਾ ...।*
*'ਪਿਛਲੇ ਵੀਹ ਸਾਲਾਂ ਤੋਂ ਕਮਲੇਸ਼ੋ ਮੈਨੂੰ ਬਹੁਤ ਯਾਦ ਆਉਂਦੀ ਏ ...।*
*'ਤੂੰ ਪੁੱਛੇਗਾ ... ਇਹ ਕਮਲੇਸ਼ੋ ਕੌਣ ਏ ...।'*
*'ਮੈਂ ਹੋਟਲ ਵਿਚ ਜਾਂਦਾ ਸੋਚ ਰਿਹਾ ਸਾਂ ਕਿ ਜਿਹੜੀਆਂ ਆਵਾਜਾਂ*
*ਮੇਰੇ ਮਾਂ-ਪਿਓ ਨੇ ਉਸ ਹਵੇਲੀ 'ਚ ਸਿਖਰ ਦੁਪਹਿਰੇ ਸੁਣੀਆਂ ਸਨ,*
*ਕੀ ਉਹ ਆਵਾਜਾਂ ਕਮਲੇਸ਼ੋ ਦੀਆਂ ਤਾਂ ਨਹੀਂ।* [5]

ਇਸ ਬਿਰਤਾਂਤ ਵਿਚ ਪ੍ਰਵਾਹਮਾਨ 'ਪਿਆਰ', 'ਤਸ਼ੱਦਦ' ਅਤੇ 'ਵੇਦਨਾ' ਦੇ ਰੂਪਕ ਵਿਸ਼ੇਸ਼ ਕਥਾ ਦੀ ਦ੍ਰਿਸ਼-ਸਿਰਜਣਾ ਦੀ ਸਿਫ਼ਤ ਦੇ ਨਜ਼ਰੀਏ ਤੋਂ ਬੜੇ ਅਹਿਮ ਬਣ ਜਾਂਦੇ ਹਨ। ਪਰ, ਮਸਲਾ ਤਾਂ ਇਹ ਹੈ ਕਿ ਇਹ ਭਾਵ ਕਿਸੇ ਨਾਲ ਸਾਂਝੇ ਨਹੀਂ ਕੀਤੇ ਜਾ ਸਕਦੇ। ਇਹ ਵੀ ਸੰਭਾਵਨਾ ਹੈ ਕਿ ਕੋਈ ਅਜਿਹੇ ਕਥਾ-ਦ੍ਰਿਸ਼ਾਂ ਨੂੰ ਸੁਨਣ, ਜਾਨਣ ਅਤੇ ਸਮਝਣ ਦਾ ਤਲਬਗ਼ਾਰ ਵੀ ਹੋਵੇ ਅਤੇ ਉਹ ਅਸ਼ਰਫ਼ ਵਰਗੇ ਬੰਦੇ ਦੀ ਤਲਾਸ਼ ਵੀ ਕਰ ਰਿਹਾ ਹੋਵੇ। ਪਰ, ਉਹ ਅਸ਼ਰਫ਼ ਨੂੰ ਲੱਭੇ ਕਿਵੇਂ ...। ਅਸ਼ਰਫ਼ ਲਈ ਤਾਂ ਇਹ ਖਿਆਲ ਸੱਚ ਹੈ ਕਿ 'ਉਸਦਾ ਕੋਈ ਦੁੱਖ ਜਾਣ ਹੀ ਨਹੀਂ ਸਕਦਾ ...।"



ਉਸਦੇ ਆਪਣੇ ਬੱਚੇ ਭਾਵ ਅਗਲੀ ਪੀੜ੍ਹੀ ਤਾਂ ਨਕੋਦਰ ਵਾਲੀ 'ਹਵੇਲੀ' ਤੋਂ 'ਵੱਡੀਆਂ' ਤੇ 'ਉੱਚੀਆਂ ਹਵੇਲੀਆਂ' ਕਾਇਮ ਕਰ ਚੁੱਕੇ ਹਨ। ਉਹਨਾਂ ਦੀ ਕਥਾ ਨੂੰ ਬਿਆਨ ਕਰਨ ਲਈ ਤਾਂ 'ਲਾਹੌਰ' ਅਤੇ ਪੱਛਮੀ ਪੰਜਾਬ ਦੇ ਮੁਆਸ਼ਰੇ ਦਾ ਮੁੱਖ ਬਿਰਤਾਂਤ ਪਹਿਲਾਂ ਹੀ ਤੱਤਪਰ ਹੈ। ਅਗਲੇਰੇ ਪੱਧਰ ਉਪਰ ਪੰਜਾਬ ਵਿਚ ਪ੍ਰਚਲਤ ਹੋਏ ਇਸ ਬਿਰਤਾਂਤ ਵਿਚੋਂ 'ਅਸ਼ਰਫ਼' ਗਾਇਬ ਹੋ ਗਿਆ ਹੈ ਜਾਂ ਹੋ ਰਿਹਾ ਹੈ। ਚਰਨ ਲਿਖਾਰੀ ਦੇ ਗੀਤ ਵਿਚ ਪੇਸ਼ 'ਲਾਹੌਰ' ਆਪਣੇ ਰੂਪ ਵਿਚ ਇਸੇ ਤਰ੍ਹਾਂ ਦੇ ਉਪ-ਬਿਰਤਾਂਤ ਦਾ ਹੀ ਸੂਚਕ ਹੈ। ਅਤੀਤ ਦਾ ਸਿਮਰਤੀਆਂ ਰਾਹੀਂ ਉਜਾਗਰ ਹੁੰਦਾ 'ਲਾਹੌਰ' ਵਿਸਥਾਪਤ ਹੋਏ ਲੋਕਾਂ ਦੀ ਮਨੋਸਥਿਤੀ ਦੇ ਹਵਾਲੇ ਨਾਲ ਤਾਂ ਵਰਤਮਾਨ ਵਿਚ ਵੀ ਇਸੇ ਤਰ੍ਹਾਂ ਹੀ ਪੇਸ਼ ਹੁੰਦਾ ਹੈ:

*ਮੱਲੇ ਬੁਰਜ ਮਨਾਰੇ ਕਾਵਾਂ*
*ਉਥੇ ਰਹਿ ਗਈਆਂ ਮੱਝਾਂ ਗਾਵਾਂ*
*ਕਿੱਦਾ ਮੁਲਕ ਲੁਟਾਏ ਸ਼ਾਹਾਂ*
*ਅੰਬਰਸਰ ਨੂੰ ਕਿਹੜੀਆਂ ਰਾਹਾਂ*
*ਬੱਚੇ ਹਿੱਕ ਨਾਲ ਲਾ ਕੇ ਮਾਵ੍ਹਾਂ*
*ਜਾਣ ਬਚਾ ਕੇ ਦੌੜਦੀਆਂ।* [6]

ਇਥੇ 'ਲਾਹੌਰ' ਦੀ ਪੇਸ਼ਕਾਰੀ ਸਦਮਾਗ੍ਰਸਤ ਸਥਿਤੀ ਦੇ ਰੂਪਕ ਵਜੋਂ ਉਜਾਗਰ ਹੁੰਦੀ ਹੈ। ਪਰ, ਆਖ਼ਿਰ ਇਸ 'ਸਦਮੇ' ਨੂੰ ਵਾਰ-ਵਾਰ ਚੇਤੇ ਕਰਨ ਦੀ ਕੀ ਵਜ੍ਹਾ ਹੈ। ਕੀ ਇਹ ਕੋਸ਼ਿਸ਼ ਆਪਣੇ 'ਬਾਪੂ' ਦੇ ਹੱਡੀਂ ਹੰਡਾਏ ਗ਼ਮ ਵਿਚ ਸ਼ਰੀਕ ਹੋਣ ਦੀ ਚਾਰਾਜੋਈ ਹੈ ਜਾਂ ਆਪਣੇ ਸ੍ਵੈ ਦੀ ਤਾਸੀਰ ਦੇ ਰੂ-ਬ-ਰੂ ਹੋਣ ਦੀ। ਕੀ ਇਹ ਯਤਨ ਵਰਤਮਾਨ ਵਿਚ ਮੌਜੂਦ ਆਪਣੀ ਪਹਿਚਾਣ ਤੋਂ ਬੇਮੁੱਖ ਹੋਣ ਨਾਲ ਸੰਬੰਧ ਰਖਦਾ ਹੈ ਜਾਂ ਇਸਨੂੰ ਵਡੇਰਾ ਬਣਾਉਣ ਨਾਲ ਗੀਤ ਵਿਚ ਪੇਸ਼ ਦੋ ਸਤਰਾਂ 'ਮਾੜੀ ਹਾਲਤ ਹੋ ਗਈ ਸਾਡੀ, ਪੈ ਗਈ ਹੱਕ ਖੋਹਣ ਦੀ ਵਾਦੀ' ਵਿਚ ਹੱਕ ਖੋਹਣ ਦੀ ਵਾਦੀ ਕਿਸਨੂੰ ਪਈ ਗਈ ਹੈ। ਕੌਣ ਕਿਸਦੇ ਹੱਕ ਖੋ ਰਿਹਾ ਹੈ। ਆਖ਼ਿਰ ਆਜ਼ਾਦੀ ਕਿਉਂ ਮਹਿੰਗੀ ਪਈ ਏ ਅਤੇ ਇਸ ਗੱਲ ਨੂੰ ਸਾਰਾ ਪੰਜਾਬ ਪਾਰ ਕਰਕੇ ਪਸ਼ੌਰ ਤੱਕ ਦੀਆਂ ਕੰਧਾਂ ਕਿਉਂ ਮਹਿਸੂਸ ਕਰਦੀਆਂ ਹਨ। ਇਹ ਸਾਰੇ ਉਹ ਮਸਲੇ ਹਨ, ਜਿਸਦੇ ਰੂ-ਬ-ਰੂ ਸਮਕਾਲੀ ਪੰਜਾਬੀ ਮੁੱਖ-ਬਿਰਤਾਂਤ ਨਹੀਂ ਹੁੰਦਾ। ਬਿਲਕੁਲ ਉਸੇ ਤਰ੍ਹਾਂ, ਜਿਵੇਂ ਅਸ਼ਰਫ ਦੇ ਪੁੱਤਰਾਂ ਦੀ ਪੀੜ੍ਹੀ ਅਸ਼ਰਫ਼ ਦੇ ਦੁੱਖ ਦੇ ਰੂ-ਬ-ਰੂ ਨਹੀਂ ਹੋ ਰਹੀ। ਜ਼ਾਹਿਰ ਹੈ ਕਿ ਇਹ ਸੱਚ ਅਜਿਹਾ ਸੱਚ ਹੈ ਜਿਸ ਦੀ ਬਿਰਤਾਂਤਕਾਰੀ ਉਪ-ਬਿਰਤਾਂਤਾਂ ਵਿਚ ਹੀ ਸੰਭਵ ਹੋ ਸਕਦੀ ਹੈ, ਮੁੱਖ-ਬਿਰਤਾਂਤ ਵਿਚ ।

(4)

ਦਿਲਚਸਪ ਗੱਲ ਤਾਂ ਇਹ ਹੈ ਕਿ ਸੱਚ ਦੀ ਬਿਰਤਾਂਤਕਾਰੀ ਲਈ ਸੱਚ ਦੀ ਵਿਸ਼ਵਵਿਆਪੀ ਖ਼ਸਲਤ ਦਾ ਹੋਣਾ ਵੀ ਜ਼ਰੂਰੀ ਹੈ। ਮਸਲਾ ਇਹ ਖੜ੍ਹਾ ਹੁੰਦਾ ਹੈ ਕਿ ਕੀ ਇਸ ਉਪ-ਬਿਰਤਾਂਤ ਦੀ ਖ਼ਿਆਲ ਦੀ ਕੋਈ ਵਿਸ਼ਵ-ਵਿਆਪਕਤਾ ਵੀ ਹੈ ਜਾਂ ਇਹ ਖ਼ਾਸ ਬੰਦਿਆਂ ਦੀਆਂ ਖ਼ਾਸ ਕਿਸਮ ਦੀਆਂ ਯਾਦਾਂ ਰਾਹੀਂ ਪ੍ਰਗਟ ਹੋ ਕੇ ਖ਼ਤਮ ਹੋ ਜਾਣ ਦੀ ਯਾਤਰਾ ਹੀ ਕਰਦਾ ਰਹਿੰਦਾ ਹੈ। ਜਿੰਦਰ ਦੀ ਕਹਾਣੀ 'ਹਵੇਲੀ' ਵਿਚ 'ਕਮਲੇਸ਼ੋ' ਦਾ ਭੂਤ ਬਣਕੇ ਹਵੇਲੀ ਵਿਚ ਵਾਸ ਕਰਨਾ ਅਤੇ ਅਸ਼ਰਫ਼ ਦਾ ਵੀਹ ਸਾਝਾਂ ਤੋਂ ਉਸਨੂੰ ਯਾਦ ਕਰਨਾ, ਇਸ ਖਿਆਲ ਦੀ ਵਿਆਪਕਤਾ ਨੂੰ ਰੂਪਮਾਨ ਕਰਦਾ ਹੈ। ਇਸ ਤੋਂ ਵੀ ਅੱਗੇ ਜਾ ਕੇ 'ਅੱਖਾਂ ਬੰਨਕੇ' ਵੀ 'ਹਵੇਲੀ' ਵਿਚ ਪਹੁੰਚ ਜਾਣ ਦੀ ਤਲਬ ਅਤੇ ਸਾਰੇ ਰਾਹ ਦੀ ਮਿਣਤੀ ਦਾ ਚੇਤਾ ਵੀ ਇਸੇ ਵਿਆਪਕਤਾ ਦੀ ਪੇਸ਼ਕਾਰੀ ਕਰ ਦਿੰਦਾ ਹੈ।

ਪਰ, ਗੀਤ ਵਿਚ ਪੇਸ਼ ਦ੍ਰਿਸ਼ ਇਸ ਖਿਆਲ ਨੂੰ ਵਿਸਤਾਰਦੇ ਹੋਏ ਇਸੇ ਖਿਆਲ ਨੂੰ ਅਗਲੇਰੀ ਗਹਿਰਾਈ ਪ੍ਰਦਾਨ ਕਰਦੇ ਹਨ;

*ਅੱਜ ਵੇਖ ਨਾਨਕਾ ਆਣ ਕੇ*
*ਅੰਬਰਸਰ ਦੇ ਭਾਗ*
*ਲਾਸਾਂ ਥੱਲੇ ਦੱਬ ਗਿਆ*
*ਜੱਲ੍ਹਿਆਂ ਵਾਲਾ ਬਾਗ*
*ਛਾਬੇ ਰਹਿ ਗਈਆਂ ਰੋਟੀਆਂ*
*ਚੁੱਲ੍ਹੇ ਰਹਿ ਗਿਆ ਸਾਗ*
*ਚਰਨ ਲਿਖਾਰੀ ਮੁੱਕ ਗਏ*
*ਧੀਆਂ ਦੇ ਸੁਹਾਗ।*[7]

ਦੇਸ਼-ਵੰਡ ਜਾਂ ਸਿਮਰਤੀਆਂ ਦੇ ਹਵਾਲੇ ਨਾਲ ਗੁਰੂ ਨਾਨਕ ਦੇਵ ਜੀ ਨੂੰ ਮੁਖ਼ਾਤਿਬ ਹੋਣ ਦਾ ਭਾਵ ਸੰਸਾਰਕ ਅਤੇ ਦੈਵੀ ਨਿਆਂ ਦੀ ਤਲਬਗਾਰੀ ਹੈ। ਗੁਰੂ ਨਾਨਕ ਦੇਵ ਜੀ ਨੇ ਬ-ਜਾਤੇ-ਖੁਦ ਕਰਤਾ ਦੇ ਸਨਮੁੱਖ ਅਜਿਹੇ ਹੀ 'ਸੰਸਾਰਕ ਤੇ ਦੈਵੀ' ਨਿਆਂ ਦੀ ਅਰਜੋਈ ਕੀਤੀ ਹੈ। ਅਮਰ ਸਿੰਘ ਚਮਕੀਲਾ ਦਾ ਇਕ ਗੀਤ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ' ਵੀ ਇਕ ਲਿਹਾਜ਼ ਨਾਲ ਅਜਿਹੇ ਨਿਆਂ ਲਈ ਤਲਬਗਾਰ ਜਨ-ਸਮੂਹ ਦੀ ਆਵਾਜ਼ ਬਣਕੇ ਪੇਸ਼ ਹੁੰਦਾ ਹੈ। ਕੀ ਅਜਿਹਾ ਤਾਂ ਨਹੀਂ ਕਿ 'ਗੁਰੂ ਨਾਨਕ' 'ਅੰਬਰਸਰ ਦੇ ਭਾਗ' 'ਜੱਲ੍ਹਿਆਂ ਵਾਲਾ ਬਾਗ' 'ਰੋਟੀਆਂ', 'ਸਾਗ' ਅਤੇ 'ਮੁੱਕੇ ਹੋਏ ਧੀਆਂ ਦੇ ਸੁਹਾਗ' ਆਦਿ ਰੂਪਕਾਂ ਦੇ ਹਵਾਲੇ ਨਾਲ ਅਸੀਂ ਅਜਿਹੇ ਗੁਆਚੇਪਣ ਦੇ ਰੂ-ਬ-ਰੂ ਹੋ ਰਹੇ ਹਾਂ, ਜੋ ਸਾਡੀ ਸਿਮਰਤੀਆਂ ਦਾ ਅੰਗ ਬਣਕੇ ਤਕਦੀਰ ਦਾ ਹਿੱਸਾ ਬਣ ਚੁੱਕਾ ਹੈ। ਕਿਤੇ ਇਹ ਤਾਂ ਨਹੀਂ ਕਿ ਅਸੀਂ ਆਪਣੀ ਪਹਿਚਾਣ ਦੀ ਵਿਸ਼ਵ-ਵਿਆਪਕਤਾ ਨੂੰ 'ਮਾਨਸ ਕੀ ਜਾਤ' ਦੇ ਇਸ ਵਿਗੋਚੇਪਣ ਨਾਲ ਹੀ ਪਰਿਭਾਸ਼ਿਤ ਕਰਨ ਦੇ ਆਦੀ ਹੋ ਗਏ ਹਾਂ। ਕੀ 'ਪਿਆਰ, ਤਸ਼ੱਦਦ ਅਤੇ ਵੇਦਨਾ' ਦੀਆਂ ਸਿਮਰਤੀਆਂ ਦੀ ਪੇਸ਼ਕਾਰੀ ਦੀ ਜੁਗਤ ਰਾਹੀਂ ਬਿਰਤਾਂਤ ਸਾਡੀ ਇਸ ਤਰ੍ਹਾਂ ਪਛਾਣ ਨੂੰ ਤਾਂ ਨਹੀਂ ਰੂਪਮਾਨ ਕਰ ਰਿਹਾ। ਜ਼ਾਹਿਰ ਹੈ ਕਿ ਸਾਨੂੰ ਇਹ ਸਾਰੀਆਂ ਗੱਲਾਂ ਅਤੇ ਉਭਰਦੇ ਪ੍ਰਸ਼ਨਾਂ ਦੇ ਜੁਆਬ 'ਹਾਂ' ਵਿਚ ਹੀ ਦੇਣੇ ਪੈਣਗੇ।

ਅਜਿਹੀ ਸਥਿਤੀ ਵਿਚ ਸਾਡੇ ਲਈ ਦੋ ਮਸਲੇ ਮਹੱਤਵਪੂਰਣ ਬਣ ਜਾਂਦੇ ਹਨ; ਪਹਿਲਾ, ਅਸੀਂ ਕਿਸੇ ਵੀ ਬਿਰਤਾਂਤ ਨੂੰ ਸਮਝਣ ਸਮੇਂ ਉਸ ਵਿਚ ਸਮੱਤਲ ਪੱਧਰ ਉਤੇ ਪ੍ਰਵਾਹਮਾਨ ਉਪ-ਬਿਰਤਾਂਤ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕਰੀਏ। ਖ਼ਾਸ ਕਰਕੇ, ਉਪ-ਬਿਰਤਾਂਤਾਂ ਦੀ ਵਿਲੱਖਣ ਸੁਰ, ਸੰਕੇਤ ਅਤੇ ਖਾਮੋਸ਼ੀਆਂ ਨੂੰ ਪੜ੍ਹਣ ਦੀ ਰੁਚੀ ਵਿਕਸਤ ਕਰੀਏ। ਦੂਜਾ, ਸਬਾਲਟਰਨ ਸਮੂਹਾਂ ਦੀ ਭਾਸ਼ਾ ਦੀ ਪਹਿਚਾਣ ਕਰਨ ਲਈ ਮੁੱਖ-ਬਿਰਤਾਂਤ ਅਤੇ ਉਪ-ਬਿਰਤਾਂਤਾਂ ਦੇ ਆਪਸੀ ਰਿਸ਼ਤੇ ਨੂੰ ਸਮਝਣ ਦੀ ਤੌਫ਼ੀਕ ਵਿਕਸਤ ਕਰੀਏ। ਧਿਆਨ ਰਹੇ ਕਿ ਸਾਡੇ ਬਿਰਤਾਂਤ ਵਿਚ ਪੇਸ਼ ਸਿਮਰਤੀਆਂ ਦੇ ਮੰਜ਼ਰ ਖ਼ਾਸ ਕਿਸਮ ਦੇ ਕਥਾ-ਚਿੰਨ੍ਹ ਬਣਕੇ ਪੇਸ਼ ਹੁੰਦੇ ਹਨ। ਪਰ, ਅਸੀਂ ਇਹਨਾਂ ਨੂੰ ਵਿਸ਼ੇਸ਼ ਵਿਅਕਤੀ ਦੀ ਵਿਸ਼ੇਸ਼ ਸੰਦਰਭ ਵਿਚ ਸੰਭਵ ਹੋਣ ਵਾਲੀ ਵਿਅਕਤੀਗਤ ਪ੍ਰਵਿਰਤੀ ਮੰਨ ਲੈਂਦੇ ਹਨ। ਅਸੀਂ, ਇਸ ਸੱਚ ਤੋਂ ਬੇਮੁੱਖ ਹੋ ਜਾਂਦੇ ਹਾਂ ਕਿ ਸਿਮਰਤੀਆਂ ਦੀ ਨੁਹਾਰ ਕਦੇ ਵੀ ਵਿਅਕਤੀ ਵਿਸ਼ੇਸ਼ ਨਹੀਂ ਹੁੰਦੀ ਅਤੇ ਨਾ ਹੀ ਉਸਦਾ ਸਮੁੱਚਾ ਅਰਥ-ਪ੍ਰਬੰਧ ਵਿਅਕਤੀ-ਮੂਲਕ ਹੁੰਦਾ ਹੈ। ਇਸਦੇ ਉਲਟ, ਸਿਮਰਤੀਆਂ ਖ਼ਾਸ ਵਿਅਕਤੀ ਦੇ ਸਮੂਹ-ਮੂਲਕ ਚਰਿੱਤਰ ਨੂੰ ਬਿਆਨ ਕਰਦੀਆਂ ਹਨ। ਇਹ ਵਿਅਕਤੀ ਦੇ ਉਹਨਾਂ ਭਾਵ-ਮੂਲਕ ਸੰਦਰਭਾਂ ਨੂੰ ਰਚਦੀਆਂ ਹਨ, ਜਿਨ੍ਹਾਂ ਦਾ ਸੁਭਾਵ



ਨਿੱਜੀ ਹੋਣ ਦੀ ਥਾਂ ਵਿਸ਼ਵ-ਵਿਆਪੀ ਹੁੰਦਾ ਹੈ। ਇਸੇ ਕਰਕੇ, ਸਬਾਲਟਰਨ ਸਮੂਹਾਂ ਦੀ ਸੰਵੇਦਨਾਂ ਨੂੰ ਪੇਸ਼ ਕਰਨ ਵਾਲੇ ਉਪ-ਬਿਰਤਾਂਤ ਦੀ ਨੁਹਾਰ 'ਵਿਸ਼ੇਸ਼ ਅਰਥਾਂ' ਦੀ ਰਚਨਾ ਕਰਨ ਵਾਲੀ ਨਹੀਂ ਹੁੰਦੀ ਸਗੋਂ ਇਹ ਵਿਸ਼ੇਸ਼ ਸੰਦਰਭਾਂ ਨੂੰ ਵਿਸ਼ਵ-ਵਿਆਪਕਤਾ ਪ੍ਰਦਾਨ ਕਰਨ ਦਾ ਗੁਣ ਧਾਰਨ ਕਰਦੀ ਹੈ। ਇਹ ਹੀ ਸਥਿਤੀ ਇਹਨਾਂ ਵਿਚ ਪੇਸ਼ ਹੋ ਰਹੀਆਂ ਸਿਮਰਤੀਆਂ ਦੀ ਬਿਰਤਾਂਤਕਾਰੀ ਦੀ ਹੈ।

(6)

ਇਸ ਤਰ੍ਹਾਂ ਸਬਲਾਟਰਨ ਸਮੂਹਾਂ ਦੇ ਬਿਰਤਾਂਤ ਦੀ ਸਿਰਜਣਾ ਵਿਚ ਉਪ-ਬਿਰਤਾਂਤ ਦੇ ਅਰਥਗਤ ਪਾਸਾਰਾਂ ਅਤੇ ਸਿਮਰਤੀਆਂ ਦੀ ਬਿਰਤਾਂਤਕਾਰੀ ਦਾ ਖ਼ਾਸ ਯੋਗਦਾਨ ਹੁੰਦਾ ਹੈ। ਕਿਸੇ ਵੀ ਸਮਾਜਿਕ-ਸੱਚ ਨੂੰ ਪੇਸ਼ ਕਰਨ ਵਾਲੇ ਮੁੱਖ ਬਿਰਤਾਂਤ ਮੂਲ ਰੂਪ ਵਿਚ, ਉਸ ਮੁਆਸ਼ਰੇ ਦੀਆਂ ਮੁੱਖ ਰੁਚੀਆਂ, ਪ੍ਰਵਿਰਤੀਆਂ, ਅਸਤਿਤਵੀ ਸੰਦਰਭਾਂ, ਹਕੀਕਤਾਂ ਅਤੇ ਸੁਪਨਿਆਂ ਨੂੰ ਹੀ ਪੇਸ਼ ਕਰਦੇ ਹਨ। ਉਹ ਅਜਿਹੀ ਭਾਸ਼ਾ ਦਾ ਨਿਰਮਾਣ ਕਰਦੇ ਜਿਸ ਵਿਚ ਸਬਾਲਟਰਨ ਸਮੂਹਾਂ ਦੇ ਭਾਵ-ਮੰਡਲ ਅਤੇ ਖ਼ਿਆਲਾਂ ਦੀ ਸੁਰ ਤਾਂ ਹੁੰਦੀ ਹੈ ਪਰ ਅਰਥ-ਪ੍ਰਬੰਧ ਨਹੀਂ ਹੁੰਦਾ। ਇਹ ਹੀ ਵਜ੍ਹਾ ਹੈ ਕਿ ਸਬਾਲਟਰਨ ਸਮੂਹ ਇਹਨਾਂ ਬਿਰਤਾਂਤਾਂ ਦਾ ਹਿੱਸਾ ਤਾਂ ਬਣਦੇ ਹਨ, ਪਰ ਇਸ ਵਿਚ ਉਹਨਾਂ ਦੇ ਵੱਖਰੇ ਅਰਥਗਤ ਸੰਦਰਭਾਂ ਵਿਚ ਰੂਪਮਾਨ ਨਹੀਂ ਹੁੰਦੇ। ਇਸ ਸਥਿਤੀ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਗਾਇਤਰੀ ਚੱਕਰਵਰਤੀ ਸਪਾਈਵਕ ਦਾ ਮਸ਼ਹੂਰ ਜੁਮਲਾ 'ਕੀ ਸਬਾਲਟਰਨ ਬੋਲ ਵੀ ਸਕਦਾ ਹੈ' (Can the Subaltrn Speak) ਵਿਚ ਪ੍ਰਵਾਹਮਾਨ ਦੁਬਿਧਾ ਦਾ ਵੀ ਸਹਾਰਾ ਲੈ ਸਕਦੇ ਹਾਂ। ਅਜਿਹੀ ਸਥਿਤੀ ਵਿਚ ਸਬਾਲਟਰਨ ਸਮੂਹਾਂ ਦਾ ਸੱਚਾਂ ਦੀ ਪੇਸ਼ਕਾਰੀ ਲਈ ਉਪ-ਬਿਰਤਾਂਤ ਹੀ ਢੋਈ ਬਣਦੇ ਹਨ ਅਤੇ ਇਹਨਾਂ ਵਿਚ ਵਿਦਮਾਨ ਸਮੂਹਾਂ ਦੀਆਂ ਸਿਮਰਤੀਆਂ ਦੀ ਪੇਸ਼ਕਾਰੀ ਵਿਸ਼ੇਸ਼ ਬਿਰਤਾਂਤਕ ਵਿਧੀ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਇਹ ਉਪ-ਬਿਰਤਾਂਤ ਹੀ ਸੰਬੰਧਤ ਲੋਕਾਂ ਦੇ ਅਸਤਿਤਵੀ ਸੰਕਟਾਂ, ਸੁਪਨਿਆਂ ਅਤੇ ਮਾਨਸਿਕ ਗੁੰਝਲਾਂ ਦੀ ਬਿਰਤਾਂਤਕਾਰੀ ਕਰਨ ਵਿਚ ਸਫ਼ਲ ਹੁੰਦੇ ਹਨ। ਇਸ ਕਰਕੇ, ਸਬਾਲਟਰਨ ਸਮੂਹ ਦੀ ਆਵਾਜ਼ ਅਤੇ ਸੁਰ ਦੀ ਨਿਸ਼ਾਨਦੇਹੀ ਕਰਨ ਲਈ, ਇਹਨਾਂ ਨਾਲ ਸੰਬੰਧਤ ਉਪ ਬਿਰਤਾਂਤ ਅਤੇ ਸਿਮਰਤੀਆਂ ਦੀ ਬਿਰਤਾਂਤਕਾਰੀ ਦੀ ਭੂਮਿਕਾ ਨੂੰ ਤਸਲੀਮ ਕਰਨਾ ਨਿਹਾਇਤ ਜ਼ਰੂਰੀ ਹੈ।

**ਹਵਾਲੇ :**

1. ਜਿੰਦਰ, **ਆਵਾਜ਼ਾਂ**, ਪਟਿਆਲਾ; ਸੰਗਮ ਪ੍ਰਕਾਸ਼ਨ, 2014, ਪੰਨਾ 25
2. ਚਰਨ ਲਿਖਾਰੀ, **ਰਚਿਤ ਰਣਜੀਤ ਬਾਵਾ ਦੁਆਰਾ ਗੀਤ**, ਲਾਹੌਰ ਦੂਜਾ ਬੰਦ।
3. ਜਿੰਦਰ, **ਆਵਾਜ਼ਾਂ**, ਪੰਨਾ 242
4. ਚਰਨ ਲਿਖਾਰੀ ਤੇ ਰਣਜੀਤ ਬਾਵਾ, ***ਲਾਹੌਰ***, ਪੰਜਵਾਂ ਬੰਦ।
5. ਜਿੰਦਰ, **ਆਵਾਜ਼ਾਂ**, ਪੰਨਾ 28-29
6. ਚਰਨ ਲਿਖਾਰੀ ਤੇ ਰਣਜੀਤ ਬਾਵਾ, ***ਲਾਹੌਰ***, ਤੀਜਾ ਬੰਦ।
7. ਉਹੀ, ***ਪਹਿਲਾ***, ਬੰਦ।

# ਮੈਂ ਕਦੀ ਫੈਸ਼ਨ ਵਾਲਾ ਸਟਾਈਲ ਨਾ ਵਰਤਿਆ ਏ/ਅਜੀਤ ਕੌਰ

## -ਮੁਲਾਕਾਤੀ ਮਕਸੂਦ ਸਾਕਿਬ

?..... ਤੁਸੀਂ ਸੁਣਿਆ ਏ ਲਹੌਰ ਦੇ ਰਹਿਣ ਵਾਲੇ ਓਂ, ਕਿਹੜੇ ਇਲਾਕੇ ਦੇ ਰਹਿਣ ਵਾਲੇ ਓਂ..... ?

'..... ਮੈਂ ਜੰਮੀਂ ਤੇ ਸੀ ਜੀ ਪੀਰ ਮਕੀ ਦੀ ਗਲੀ, ਰਾਵੀ ਰੋਡ। ਓਥੇ ਮੇਰੀ ਨਾਨੀ ਰਹਿੰਦੀ ਸੀ, ਨਾਨਾ ਨਾਨੀ। ਅਸੀਂ ਰਹਿੰਦੇ ਸੀ ਚੈਂਬਰ ਲੇਨ ਰੋਡ। ਗਵਾਲ ਮੰਡੀ ਔਰ ਨਿਸਬਤ ਰੋਡ ਚੌਂਕ ਦੇ ਵਿਚਕਾਰ।

?..... ਜਿਸ ਵੇਲੇ ਵੰਡ ਹੋਈ, ਉਸ ਵੇਲੇ ਤੁਸੀਂ ਕਿੰਨੇ ਵਰ੍ਹਿਆਂ ਦੇ ਸੌ..... ?

'..... ਮੈਂ ਉਸ ਵੇਲੇ ਜੀ ਸਾਢੇ ਬਾਰਾਂ ਵਰ੍ਹਿਆਂ ਦੀ ਸਾਂ। ਉਂਝ ਮੈਂ ਅੱਠਵੀਂ ਵਿੱਚ ਸਾਂ। ਮੇਰੀ ਪੜ੍ਹਾਈ ਬੜੀ ਦੌੜ ਦੌੜ ਕੇ ਹੋਈ। ਮੈਂ ਪਹਿਲੋਂ ਸੈਕਰਡ ਹਾਰਟ ਵਿੱਚ ਸੀ। ਉੱਥੇ ਮੇਰਾ ਖਿਆਲ ਏ ਕਿ ਦੂਜੀ ਕਿ ਤੀਜੀ ਵਿੱਚ ਹੋਵਾਂਗੀ। ਸਾਢਿਆਂ ਅੱਠਾਂ ਸਾਲਾਂ ਦੀ ਸੀ। ਜਿਹੜੇ ਅੰਮ੍ਰਿਤਾ ਪ੍ਰੀਤਮ ਦੇ ਅੱਬਾ ਜੀ ਨੇ ਗਿਆਨੀ ਕਰਤਾਰ ਸਿੰਘ, ਮੈਨੂੰ ਪੜ੍ਹਾਉਂਦੇ ਸੀ। ਉਹ ਗੁਜ਼ਰਾਂਵਾਲੇ ਦੇ ਨੇ, ਮੇਰੇ ਨਾਨਾ ਜੀ ਪਹਿਲੋਂ ਗੁਜ਼ਰਾਂਵਾਲੇ ਈ ਹੁੰਦੇ ਸੀ। ਉਹ ਗੁਜ਼ਰਾਂਵਾਲੇ ਦੇ ਬਹੁਤ ਵੱਡੇ ਜਿਮੀਂਦਾਰ ਸਮਝ ਲਉ। ਮਤਲਬ ਉਹਨਾਂ ਦੀਆਂ ਜ਼ਮੀਨਾਂ ਜ਼ਮੂਨਾਂ ਸਨ ਲੱਧੇਵਾਲਾ ਪਿੰਡ। ਉਹ ਪੁਰਾਣੇ ਜ਼ਮਾਨੇ ਦੇ ਜਿਸ ਤਰ੍ਹਾਂ ਜਾਗੀਰਦਾਰ ਹੁੰਦੇ ਨੇ, ਉਸ ਤਰ੍ਹਾਂ ਸਨ, ਇਹ ਬਾਜ਼ਾਰ ਆਪਣਾ, ਇਹ ਹਵੇਲੀਆਂ ਆਪਣੀਆਂ। ਕੰਮ ਕੁੰਮ ਕਰਨ ਵਾਸਤੇ ਨਾ ਕੁਝ ਹੋਏ ਤਾਂ ਬੰਦਾ ਯਾਂ ਤਾਂ ਅੱਯਾਸ਼ ਬਣ ਜਾਂਦਾ ਏ ਯਾਂ ਫਿਰ ਧਾਰਮਿਕ (ਮਜ਼ਹਬੀ) ਬਣ ਜਾਂਦਾ ਏ। ਸੋ ਉਹ ਧਾਰਮਿਕ ਹੋ ਗਏ। ਗੁਰਦਵਾਰਾ ਪ੍ਰਬੰਧਕ ਕਮੇਟੀ ਜਿਹਦੇ ਅੰਡਰ ਸਾਰੇ ਗੁਰਦਵਾਰੇ ਹੁੰਦੇ ਸੀ, ਉਹ ਗੁਜ਼ਰਾਂਵਾਲੇ ਦੇ ਉਹਦੇ ਪ੍ਰੈਜ਼ੀਡੈਂਟ ਸੀ। ਬੜੇ ਮਸ਼ਹੂਰ ਬੰਦੇ ਸੀ, ਬਾਪੂ ਈਸ਼ਰ ਸਿੰਘ।

?..... ਤੁਹਾਡੇ ਪਿਤਾ ਜੀ ਦਾ ਕੀ ਨਾਂ ਸੀ..... ?

'..... ਡਾਕਟਰ ਮੱਖਣ ਸਿੰਘ ਬਜਾਜ। ਉਹ ਵੀ ਲਹੌਰ ਦੇ ਬੜੇ ਮਸ਼ਹੂਰ ਮਾਰੂਫ਼ ਬੰਦੇ ਸੀ। ਉਸ ਜ਼ਮਾਨੇ ਦਿਆਂ ਲੋਕਾਂ ਨੂੰ ਉਹਨਾਂ ਦੀ ਸ਼ਾਇਦ ਯਾਦ ਵੀ ਹੋਵੇ। ਕਿਉਂਕਿ ਡਾਕਟਰ ਰਣਧੀਰ ਸਿੰਘ ਸਭ ਤੋਂ ਚੰਗੇ ਐਲੋਪੈਥਿਕ ਡਾਕਟਰ ਮੰਨੇ ਜਾਂਦੇ ਸਨ ਤੇ ਦੋ ਡਾਕਟਰ ਹੋਮਿਉਪੈਥਿਕ ਜਿਹੜੇ ਸਮਝੇ ਜਾਂਦੇ ਸੀ ਉਹ ਇੱਕ ਹੁੰਦੇ ਸੀ ਦੀਵਾਨ ਜੈਚੰਦ ਤੇ ਇੱਕ ਮੇਰੇ ਪਿਤਾ ਜੀ। ਜਿਨ੍ਹਾਂ ਨੂੰ ਅਸੀਂ ਦਾਰਜੀ ਕਹਿੰਦੇ ਸੀ। ਗਿਆਨੀ ਕਰਤਾਰ ਸਿੰਘ ਕਿਉਂਕਿ ਉੱਥੇ ਈ ਗੁਰਦਵਾਰੇ ਵਿੱਚ ਕੰਮ ਕਰਦੇ ਸੀ। ਅੰਮ੍ਰਿਤਾ ਦਾ ਇੱਥੇ ਈ ਵਿਆਹ ਹੋ ਗਿਆ, ਉਹ ਵੀ ਇੱਥੇ ਈ ਆ ਗਏ। ਉਹਨਾਂ ਕਿਹਾ ਕਿ ਕੋਈ ਕੰਮ ਕਰਲਾਂ, ਕੋਈ ਨੌਕਰੀ ਕਰਲਾਂ। ਇੱਕ ਖਾਲਸਾ ਸਕੂਲ ਹੁੰਦਾ ਸੀ ਪਰ ਉਹਦੇ ਵਿੱਚ ਉਹਨਾਂ ਨੂੰ ਛੇ ਮਹੀਨਿਆਂ ਬਾਅਦ ਨੌਕਰੀ ਮਿਲ ਸਕਦੀ ਸੀ। ਉਹਨਾਂ ਸੋਚਿਆ ਚਲੋ ਬਾਪੂ ਈਸ਼ਰ ਸਿੰਘ ਦੀ ਦੋਹਤਰੀ ਨੂੰ ਪੰਜਾਬੀ ਪੜ੍ਹਾਈਏ। ਉਹਨਾਂ ਕੰਨੋਂ ਫੜ੍ਹ ਕੇ ਮੈਨੂੰ ਸੈਕਰਡ ਹਾਰਟ ਤੋਂ ਉਠਾਇਆ ਤੇ ਪੰਜਾਬੀ ਪੜ੍ਹਾਣੀ ਸ਼ੁਰੂ ਕਰ ਦਿੱਤੀ। ਸਵਾ ਨੌਂ ਸਾਲਾਂ ਦੀ ਸੀ ਕੁੱਛੜ ਚੁੱਕ ਕੇ ਲੈ ਗਏ ਯੂਨੀਵਰਸਿਟੀ ਦਾ ਇਮਤਿਹਾਨ ਦਵਾਉਣ। ਇਮਤਿਹਾਨ ਦੇ ਦਿੱਤਾ। ਉਸ ਤੋਂ ਬਾਅਦ ਵਿੱਚੋਂ ਵਿੱਚੋਂ ਛੜੱਪਾ ਵੱਜ ਗਿਆ ਨਾ ਉਹਦੇ ਨਾਲ। ਹੁਣ ਤਾਂ ਇਹ ਕੁੜੀ ਮੈਟਰਿਕ ਕਰ ਸਕਦੀ ਸੀ।

ਸਵਾ ਨੌਂ ਸਾਲ ਦੀ, ਪਰ ਫਿਰ ਉਹਨਾਂ ਮੈਨੂੰ ਜਾ ਕੇ ਦਾਖਲ ਕਰਾ ਦਿੱਤਾ ਸੱਤਵੀਂ ਵਿੱਚ



ਕਿ ਚਲੋ ਠੀਕ ਏ। ਚਹੁੰ ਕੁ ਸਾਲਾਂ ਦਾ ਛੜੱਪਾ ਵੱਜਾ ਇਸ ਹਿਸਾਬ ਨਾਲ ਤੇ ਜਦੋਂ ਵੰਡ ਹੋਈ ਓਦੋਂ ਮੈਂ ਅੱਠਵੀਂ ਵਿੱਚ ਸੀ।ਇੰਝ ਮੈਨੂੰ ਹੋਣਾ ਹਿਸਾਬ ਨਾਲ ਚੌਥੀ ਵਿੱਚ ਚਾਹੀਦਾ ਸੀ।

?..... ਭੈਣ ਭਰਾ ਕਿੰਨੇ ਓਂ ਤੁਸੀਂ..... ?

'..... ਬਸ ਇੱਕ ਮੇਰਾ ਛੋਟਾ ਭਰਾ ਏ।

?..... ਉਹਨਾਂ ਵੇਲਿਆਂ ਦੀ ਲਹੌਰ ਦੀ ਕੋਈ ਉਚੇਚੀ ਗੱਲ੍ਹਬਾਤ ?

'..... ਉਹ ਮੈਂ ਉਹਦੇ ਵਿੱਚ ਜਿਹੜਾ ਮੇਰੀ ਆਟੋਗ੍ਰਾਫ਼ੀ ਦਾ ਪਹਿਲਾ ਭਾਗ, ਪਹਿਲਾ ਵਲੀਮ ਏ ਉਹਦੇ ਵਿੱਚ ਲਿਖਿਆ ਏ।

?..... ਕੀ ਨਾਂ ਏ ਉਹਦਾ..... ?

'..... ਖਾਨਾ ਬਦੋਸ਼, ਉਹ ਸੁਣਿਆ ਏ ਇੱਥੇ ਛਪੀ ਏ। ਪਰ ਮੈਨੂੰ ਨਜ਼ਰ ਨਹੀਂ ਆਈ। ਅਖ਼ਤਰ ਸਾਹਿਬ ਕਹਿੰਦੇ ਨੇ ਓਹ ਜਿਹਨੇ ਛਾਪੀ ਏ ਉਹ ਘਰ ਈ ਰੱਖਦਾ ਏ, ਘਰੋਂ ਈ ਵੇਚਦਾ ਏ। ਉਹਦੇ ਵਿੱਚ ਹੈਗੀਆਂ ਨੇ ਲਹੌਰ ਦੀਆਂ ਸਾਰੀਆਂ ਯਾਦਾਂ। ਪੀਰ ਮਕੀ ਦੀ ਗਲੀ ਦੀਆਂ ਨੇ, ਆਪਣੇ ਘਰ ਦੀਆਂ ਵੀ ਨੇ।

?..... ਲਹੌਰ ਵਿੱਚ ਆਪਣੇ ਘਰ ਦਾ ਨਕਸ਼ਾ ਦੱਸੋ ਹਾਂ, ਭਲਾਂ ਕਿਹੋ ਜਿਹਾ ਸੀ..... ?

'..... ਘਰ ਬਸ, ਥੱਲੇ ਹੁੰਦਾ ਸੀ ਦਾਰ ਜੀ ਦਾ ਹਸਪਤਾਲ। ਜਿੱਥੇ ਮਰੀਜ਼ ਵੇਖਦੇ ਸੀ, ਆਪਣੇ ਬਹਿਣ ਦਾ ਕਮਰਾ ਹੁੰਦਾ ਸੀ। ਮਰੀਜ਼ਾਂ ਦੇ ਇੰਤਜ਼ਾਰ ਕਰਨ ਦਾ। ਕੰਪਾਊਂਡਰ ਦਾ ਤੇ ਪਹਿਲੀ ਛੱਤ ਤੇ ਇੱਕ ਸਟੋਰ ਸੀ, ਤੇ ਇੱਕ ਕਮਰਾ ਸੀ ਜਿਹਦੇ ਵਿੱਚ, ਕਣਕ, ਗੰਢੇ ਤੇ ਆਲੂਆਂ ਦੇ ਢੇਰ ਹੁੰਦੇ ਸੀ, ਤੇ ਕੰਪਾਊਂਡਰ ਦੇ ਰਹਿਣ ਦਾ ਕਮਰਾ ਸੀ। ਫਿਰ ਇਸ ਤੋਂ ਉੱਤੇ ਅਸੀਂ ਆਪ ਰਹਿੰਦੇ ਸੀ, ਉਹਦੇ ਵਿੱਚ ਪੜ੍ਹਨ ਦਾ ਕਮਰਾ ਵੀ ਸੀ।

?..... ਰੁੱਖ ਹੈ ਸੀ ਕੋਈ ਘਰ ਦੇ ਅੰਦਰ..... ?

'..... ਘਰ ਦੇ ਅੰਦਰ ਕੋਈ ਨਹੀਂ ਸੀ, ਪਰ ਘਰ ਦੇ ਬਾਹਰ ਬੜੇ ਦਰਖ਼ਤ ਹੁੰਦੇ ਸੀ, ਸਾਰੀ ਸੜਕ.....ਥ ਨਿਸਬਤ ਰੋਡ ਸਾਰੀ, ਐਬਟ ਰੋਡ ਸਾਰੀ, ਦਰਖ਼ਤਾਂ ਨਾਲ ਭਰੀਆਂ ਹੁੰਦੀਆਂ ਸਨ।

ਹੁਣ ਤੇ ਮੈਂ ਗਈ ਆਂ, ਸੜਕਾਂ ਈ ਨਹੀਂ ਪਛਾਣੀਆਂ ਜਾਂਦੀਆਂ।ਇੱਕ ਤੇ ਹਰਿਆਲੀ ਬਹੁਤ ਸੀ। ਸਾਫ਼ ਬੜੀਆਂ ਹੁੰਦੀਆਂ ਸੀ ਸੜਕਾਂ। ਤੇ ਸੂਰਜ ਚੜ੍ਹਨ ਤੋਂ ਕੋਈ ਡੇਢ ਘੰਟਾ ਪਹਿਲਾਂ ਸੜਕਾਂ ਤੇ ਝਾੜੂ ਲੱਗਣੇ ਸ਼ੁਰੂ ਹੋ ਜਾਂਦੇ ਸੀ। ਅੱਗੇ ਅੱਗੇ ਝਾੜੂ ਲੱਗਦਾ ਜਾਂਦਾ ਸੀ ਤੇ ਪਿੱਛੇ ਪਿੱਛੇ ਮਾਸ਼ਕੀ ਪਾਣੀ ਭਰ ਭਰ ਕੇ ਤਰੌਂਕੇ ਲਾਂਦੇ ਜਾਂਦੇ ਸੀ। ਬਿਲਕੁਲ ਐਂਡ ਟੂ ਐਂਡ ਥੜੀਆਂ ਤੋਂ ਲੱਗ ਕੇ ਥੜੀਆਂ ਤੱਕ। ਸਵੇਰੇ ਸੜਕਾਂ ਲਿਸ਼ਕ ਲਿਸ਼ਕ ਕਰਦੀਆਂ ਹੁੰਦੀਆਂ ਸੀ। ਹੁਣ ਇੱਥੇ ਗੁ਼ਲਬਰਗ ਦੀ ਜੋ ਹਾਲਤ ਏ ਉਹ ਸਾਰੀਆਂ ਸੜਕਾਂ ਦੀ ਹੁੰਦੀ ਸੀ। ਭੀੜ ਵਾਲਾ ਜਿਹੜਾ ਇਲਾਕਾ ਸੀ ਉਹ ਦਰਵਾਜ਼ਿਆਂ ਦੇ ਅੰਦਰ ਯਾਂ ਅਸਲੋਂ ਦਰਵਾਜ਼ਿਆਂ ਤੋਂ ਬਾਹਰ। ਉਹ ਥੋੜ੍ਹਾ ਭੀੜ ਵਾਲਾ ਇਲਾਕਾ ਹੁੰਦਾ ਸੀ। ਜਿੱਥੇ ਹਰਿਆਲੀ ਵੀ ਘੱਟ ਸੀ, ਬੰਦੇ ਵੀ ਬਹੁਤੇ ਹੁੰਦੇ ਸੀ, ਤੇ ਸਫ਼ਾਈ ਵੀ ਘੱਟ ਹੁੰਦੀ ਸੀ, ਬਾਕੀ ਦਾ ਸ਼ਹਿਰ ਬੜਾ ਸਾਫ਼ ਸੀ ਤੇ ਲਹੌਰ ਨੂੰ ਤੇ ਪੈਰਿਸ ਸਮਝਿਆ ਜਾਂਦਾ ਸੀ।ਕਲਚਰ ਦਾ, ਓਦੋਂ ਤੇ ਖ਼ੈਰ ਸਾਨੂੰ ਸਮਝ ਈ ਨਹੀਂ ਸੀ, ਅਸੀਂ ਬੱਚੇ ਸੀ। ਬਾਅਦ ਵਿੱਚ ਜਾਕੇ ਜਦੋਂ ਲਿਖਣਾ ਸ਼ੁਰੂ ਹੋਇਆ ਤੇ ਜੀਹਦੇ ਕੋਲੋਂ ਪੁੱਛੋ, ਜਿਹੜੇ ਵੱਡੇ ਅਦੀਬ ਦਾ ਨਾਂ ਸੋਚੋ, ਮੰਟੋ ਏ ਤਾਂ ਉਹ ਰੇਡੀਓ ਨਾਲ ਵਾਬਸਤਾ, ਤਾਜ਼ ਹੁੰਦੇ ਸੀ ਉਹ ਰੇਡੀਓ ਨਾਲ। ਰੇਡੀਓ ਈ ਇੱਕ ਵੱਡੀ ਚੀਜ਼ ਸਮਝੀ ਜਾਂਦੀ ਸੀ। ਅਦੀਬਾਂ ਦਾ ਬਹਿਣਾ ਰਲ ਕੇ, ਕਾਫ਼ੀ ਹਾਊਸ ਯਾਂ ਟੀ ਹਾਊਸ ਤੇ ਸਾਰੇ ਈ ਜਾਂਦੇ ਸੀ, ਰੇਡੀਓ ਦੀ ਕੰਟੀਨ ਵਿੱਚ। ਬੈਸਟ ਟੇਲੈਂਟ (Best Tallent) ਚੁੱਕ ਕੇ ਲਿਆਂਦੇ ਸੀ ਰੇਡੀਓ ਵਿੱਚ। ਸਾਰੇ ਇਕੱਠੇ ਹੋ ਗਏ ਨਾ ਲਹੌਰ ਰੇਡੀਓ ਵਿੱਚ।

?..... ਵੰਡ ਹੋਈ ਤੇ ਤੁਸੀਂ ਜਾਕੇ ਦਿੱਲੀ ਵਸੇ.....?

'..... ਨਾ ਵੰਡ ਹੋਈ ਏ ਨਾ ਜਿਸ ਵੇਲੇ ਅਸੀਂ ਜਾਂਦੇ ਹੁੰਦੇ ਸੀ ਹਰ ਸਾਲ, ਪਹਿਲਗਾਮ ਕਿਉਂਕਿ ਵੈਸੇ ਤੇ ਡਾਕਟਰ ਆਪਣੇ ਕਲੀਨਿਕ ਨੂੰ ਜੰਦਰਾ ਮਾਰ ਕੇ ਨਹੀਂ ਜਾ ਸਕਦਾ। ਪਰ ਉਹ ਛੱਡ ਜਾਂਦੇ ਸੀ ਦਾਰਜੀ ਆਪਣੇ ਕੰਪਾ1ੂਂਡਰਾਂ ਕੋਲ, ਇੱਕ ਮਹੀਨਾ ਜਾਂਦੇ ਸੀ ਪਹਿਲਗਾਮ। ਤੰਬੂ ਲੈ ਜਾਂਦੇ ਸੀ, ਉੱਥੇ ਠੋਕ ਕੇ ਜੰਗਲਾਂ ਵਿੱਚ ਰਹਿੰਦੇ ਸੀ। ਉਹਨਾਂ ਨੂੰ ਹੋ ਗਿਆ ਸੀ ਹਿੱਲ ਡਾਇਰੀਆ 45 ਵਿੱਚ ਉਥੇ। ਇਸ ਕਰਕੇ 46 ਵਿੱਚ ਅਸੀਂ ਕਿੱਧਰੇ ਨਹੀਂ ਗਏ। 47 ਵਿੱਚ ਮੇਰੀ ਮਾਂ ਨੇ ਉਹਨਾਂ ਨੂੰ ਕਿਹਾ, ਹਿੱਲ ਡਾਇਰੀਆ ਹੋ ਗਿਆ ਸੀ ਤੁਹਾਨੂੰ ਪਿਛਲੀ ਵਾਰ, ਇਸ ਕਰਕੇ ਇਸ ਵਾਰ ਸ਼ਿਮਲੇ ਚੱਲੋ। ਇੱਥੇ ਓਦੋਂ ਪਨਾਹ.ਗੀਰ ਆਉਣ ਲੱਗ ਪਏ ਸੀ। ਸਿਤੰਬਰ ਅਕਤੂਬਰ 46 ਵਿੱਚ। ਮੈਨੂੰ ਇਹ ਯਾਦ ਏ ਕਿ ਉਹਨਾਂ ਦੇ ਪਹਿਲੋਂ ਕੱਪੜੇ ਸੀਂਵਦੇ ਰਹੇ। ਸਾਡੇ ਘਰ ਉਹਨਾਂ ਦੀਆਂ ਰਜਾਈਆਂ ਬਣਦੀਆਂ ਰਹੀਆਂ। ਸਿਆਲੇ ਦਾ ਸ਼ੁਰੂ ਈ ਹੋਣਾ ਏ। ਫਿਰ ਲਹੌਰ ਵਿੱਚ ਸ਼ੁਰੂ ਹੋ ਗਿਆ, ਬੜਾ ਰੌਲਾ ਰੱਪਾ, ਅੱਗਾਂ ਲੱਗਣੀਆਂ, ਸਾਰੀ ਰਾਤ ਕੋਠਿਆਂ ਤੇ ਖੜੇ ਰਹਿੰਦੇ ਸੀ ਸਾਰੇ। ਓਥੋਂ ਭਾਂਬੜ ਬਲ ਰਿਹਾ ਏ, ਸਾਰੇ ਅੰਦਾਜ਼ੇ ਲਗਾ ਰਹੇ ਨੇ। ਭਾਟੀ ਸੜ੍ਹ ਰਿਹਾ ਏ।ਅਜੀਬ ਜਨੂਨ ਸੀ ਨਾ। ਸਾਰੀ ਰਾਤ ਗਵਾਲਮੰਡੀ ਵਿੱਚੋਂ ਹੋਰ ਆਵਾਜ਼ਾਂ ਆਉਂਦੀਆਂ ਸੀ। ਪਿੱਛੇ ਇੱਕ ਗਲੀ ਸੀ । ਉਹਦੇ ਵਿੱਚੋਂ ਹੋਰ ਕਿਸਮ ਦੀਆਂ ਆਵਾਜ਼ਾਂ ਆਉਂਦੀਆਂ ਸੀ। ਲੱਗਦਾ ਸੀ ਕਿ ਅਟੈਕ ਜਿਸ ਵੇਲੇ ਹੋਇਆ ਅਸੀਂ ਵਿੱਚਕਾਰ ਆਂ। ਸਕੂਲ ਬੰਦ ਹੁੰਦੇ ਸੀ, ਜੂਨ ਜੁਲਾਈ ਵਿੱਚ ਜਾਈਦਾ ਸੀ।ਓਦੋਂ ਅਸੀਂ ਮਈ ਵਿੱਚ ਈ ਚਲੇ ਗਏ। ਸਾਰੀ ਰਾਤ ਜਾਗ ਜਾਗ ਕੇ ਦੋ ਤਿੰਨ ਮਹੀਨੇ ਹੋ ਗਏ ਸੀ। ਕੋਈ ਨਹੀਂ ਸੀ ਸੌਂਦਾ। ਸੋ ਸ਼ਿਮਲੇ ਚਲੇ ਗਏ। ਇਹ ਈ ਸੀ ਪਈ ਹੁਣ ਗਏ ਆਂ ਤੇ ਹੁਣੇ ਈ ਆਂ ਜਾਣਾ ਏ। ਇਹ ਤੇ ਇਸ ਤਰ੍ਹਾਂ ਹੋ ਈ ਨਹੀਂ ਸਕਦਾ ਕਿ ਬੰਦੇ ਨਿੱਖੜ ਜਾਣ। ਰਿਫਿਊਜੀ ਕੈਂਪਾਂ ਵਿੱਚ ਵੀ ਜਦੋਂ ਅਸੀਂ ਜਾਂਦੇ ਸੀ, ਮੈਂ ਆਪਣੀ ਮਾਂ ਨਾਲ ਜਾਂਦੀ ਰਹੀ ਆਂ।ਕੱਪੜੇ ਤੇ ਰਜਾਈਆਂ ਲੈਕੇ। ਮੇਰੀ ਮਾਂ ਵੀ ਉਹਨਾਂ ਨੂੰ ਇਹ ਈ ਕਹਿੰਦੀ ਸੀ ਤੇ ਉਹ ਵੀ ਇਹ ਈ ਕਹਿੰਦੇ ਸਨ। ਚੱਲੋ ਰੌਲਾ ਰੱਪਾ ਪਿਆ ਏ। ਹੋਈ ਜਾਂਦਾ ਏ, ਭਰਾ ਵੀ ਆਪਸ ਵਿੱਚ ਲੜ ਪੈਂਦੇ ਨੇ। ਹਾਲੇ ਓਹ ਕਾਫ਼ੀ ਜਾਨਾਂ ਵੀ ਗਵਾ ਕੇ ਆਏ ਹੋਏ ਸਨ। ਪੂਰੇ ਪੂਰੇ ਪਿੰਡਾਂ ਦੀਆਂ ਔਰਤਾਂ ਖੂਹਾਂ ਵਿੱਚ ਛਾਲਾਂ ਮਾਰ ਕੇ ਮਰ ਗਈਆਂ ਤੇ ਫਲਾਂ ਫਲਾਂ ਹੋ ਗਿਆ। ਸਾਰੇ ਦੇ ਬਾਵਜੂਦ ਉਹ ਸੋਚਦੇ ਸੀ ਅਸੀਂ ਘਰ ਤੇ ਜਾਣਾ ਈ ਏ।ਘਰ ਤੇ ਨਹੀਂ ਨਾ ਕਿਸੇ ਕੋਲੋਂ ਛੱਡੇ ਜਾਂਦੇ। ਬੰਦਾ ਹੋਰ ਜੋ ਮਰਜੀ ਛੱਡਦੇ। ਚਿੜੀ ਆਪਣਾ ਆਲ੍ਹਣਾ ਨਹੀਂ ਛੱਡਦੀ, ਤੇ ਘਰ ਕਿਸ ਤਰ੍ਹਾਂ ਛੱਡ ਦੇਣ। ਜ਼ਮੀਨ ਆਪਣੀ ਕਿਸ ਤਰ੍ਹਾਂ ਛੱਡ ਦੇਣ। ਇੱਥੋਂ ਤੱਕ ਕਿ ਫਿਰ ਆ ਈ ਨਹੀਂ ਨਾ ਸਕੇ ਵਾਪਿਸ। ਹਾਲਤ ਖਰਾਬ ਈ ਖਰਾਬ ਤੇ ਸ਼ਿਮਲੇ ਈ ਰਹਿ ਗਏ ਅਸੀਂ। ਮੇਰੇ ਦਾਰ ਜੀ ਕਹਿਣ ਲੱਗੇ ਕਿ ਮੈਂ ਤੇ ਪੰਜਾਬ ਵਿੱਚ ਰਹਿਣਾ ਏ। ਜੇ ਓਥੇ ਨਹੀਂ ਰਹਿ ਸਕਦੇ ਤੇ ਕਿੱਧਰੇ ਨੇੜੇ ਅੰਮ੍ਰਿਤਸਰ ਰਹਾਂਗਾ।ਮੈਂ ਆਪਣੀ ਜ਼ਮੀਨ ਨਾਲੋਂ ਥੋੜ੍ਹਾ ਈ ਟੁੱਟ ਜਾਣਾ ਏ। ਮੈਨੂੰ ਤੇ ਹਵਾ ਈ ਕਿੱਧਰੋਂ ਦੀ ਰਾਸ ਨਹੀਂ ਆਵਣੀ। ਪਾਣੀ ਈ ਨਹੀਂ ਮਾਫ਼ਿਕ ਆਵਣਾ। ਅਸੀਂ ਫਿਰ ਆਏ ਓਦੋਂ ਕਾਫ਼ਿਲੇ ਇੱਧਰੋਂ ਉੱਧਰ ਨੂੰ ਆ ਰਹੇ ਸੀ, ਓਧਰੋਂ ਇੱਧਰ ਨੂੰ ਆ ਰਹੇ ਸੀ। ਬੁਰੇ ਹਾਲ। ਰਿਫਿਊਜੀ ਕੈਂਪ ਲੱਗੇ ਹੋਏ ਸੀ। ਅੰਮ੍ਰਿਤਸਰ ਬਹੁਤ ਬੁਰਾ ਹਾਲ ਸੀ। ਫਿਰ ਸੋਚਿਆ ਚਲੋ ਨਹੀਂ ਥੋੜ੍ਹਾ ਜਿਹਾ ਹੋ ਓਧਰ ਨੂੰ ਹੋ ਜਾਉ ਤੇ ਜਲੰਧਰ ਪਹੁੰਚ ਗਏ। ਧੱਕੇ ਖਾਂਦੇ ਖਾਂਦੇ। ਜਲੰਧਰ ਦਾਰਜੀ ਦੇ ਲੱਗੇ ਹੋਏ ਸਨ ਕਮਿਸ਼ਨਰ, ਉਹਨਾਂ ਦੇ ਕੋਈ ਮਰੀਜ਼ ਪੁਰਾਣੇ। ਉਹਨਾਂ ਕਿਹਾ ਡਾਕਟਰ ਸਾਹਿਬ ਤੁਸੀਂ ਬਹੁਤ ਲੇਟ ਆਏ ਓਂ .....ਇੰਨੇ ਚਿਰ ਵਿੱਚ ਧੱਕੇ ਖਾਂਦੇ ਨਵੰਬਰ ਦਾ ਐਂਡ ਹੋ ਗਿਆ। ਅੱਛਾ ਮੇਰੇ ਦਾਦਾ ਦਾਦੀ ਇੱਥੇ ਈ ਸਨ ਜਦੋਂ ਅਸੀਂ ਗਏ ਆਂ।ਉਹ ਸਾਡੇ ਨਾਲ ਪਹਾੜ ਤੇ ਨਹੀਂ ਸਨ ਗਏ। ਮੇਰੇ ਦਾਦਾ ਜੀ ਨੂੰ ਬਲੱਡ ਪ੍ਰੈਸ਼ਰ ਹੋ ਗਿਆ



ਸੀ। ਇਸ ਕਰਕੇ ਉਹ ਇੱਥੇ ਈ ਸਨ ਲਹੌਰ ਆਪਣੇ ਘਰ ਵਿੱਚ। ਜਦੋਂ ਪੰਦਰਾਂ ਅਗਸਤ ਨੂੰ ਐਲਾਨ ਹੋ ਗਿਆ ਤਾਂ ਮੇਰੇ ਦਾਰਜੀ ਕਹਿਣ ਲੱਗੇ ਮੈਂ ਲਹੌਰ ਜਾਣਾ ਏ, ਮੇਰਾ ਤੇ ਮਾਂ ਪਿਉ ਓਥੇ ਏ। ਉਹ ਅੰਮ੍ਰਿਤਸਰ ਆ ਗਏ। ਕੋਈ ਬਾਰਡਰ ਨਾ ਕਰਾਸ ਕਰਨ ਦੇਵੇ।ਫਿਰ ਕਿਸੇ ਨਾ ਕਿਸੇ ਤਰੀਕੇ ਉਹ 28 ਅਗਸਤ ਨੂੰ ਬਾਰਡਰ ਕਰਾਸ ਕਰ ਗਏ। ਇੱਥੇ ਆਕੇ ਉਹ ਗਏ ਕੈਂਪ ਵਿੱਚ। ਡੀਥਏਥਵੀਥ ਸਕੂਲ ਕਿ ਕਾਲਜ ਓਥੇ ਕੈਂਪ ਲੱਗਾ ਹੋਇਆ ਸੀ। ਓਥੋਂ ਲੱਭ ਪਏ ਉਹਨਾਂ ਨੂੰ ਆਪਣੇ ਮਾਂ ਪਿਉ। ਉਹਨਾਂ ਦੇ ਇੱਕ ਦੋਸਤ ਹੁੰਦੇ ਸੀ ਇੱਥੇ, ਡਾਕਟਰ ਮੁਹੰਮਦ ਯੂਸਫ਼, ਫਿਰ ਉਹ ਈ ਮੇਰੇ ਨਾਨਾ ਨਾਨੀ ਨੂੰ ਕੱਢ ਕੇ ਲਿਆਏ। ਉਹ ਈ ਫਿਰ ਮੇਰੇ ਦਾਰਜੀ ਨੂੰ ਵਾਹਗੇ ਤੱਕ ਛੱਡਕੇ ਆਏ। ਜੱਫੀਆਂ ਪਾ ਪਾ ਕੇ। ਘਰ ਉਹ ਆਪੇ ਈ ਵੇਖ ਕੇ ਆਏ ਕਿ ਓਥੇ ਜਿਸ ਕਿਸਮ ਦੇ ਲੋਕੀਂ ਬੈਠੇ ਹੋਏ ਨੇ, ਓਥੇ ਤੁਹਾਡਾ ਜਾਣਾ ਠੀਕ ਨਹੀਂ। ਉਹ ਈ ਦਾਰਜੀ ਦੀ ਬੀੜ ਕੱਢ ਕੇ ਲਿਆਏ ਸਾਡੇ ਘਰੋਂ ਪਈ ਇਹ ਨਹੀਂ ਬੀੜ ਤੇ ਹੋਣੀ ਚਾਹੀਦੀ ਤੇ ਤੁਸੀਂ ਹੋਰ ਸਭ ਭੁੱਲ ਜਾਉ। ਓਥੇ ਬੜੇ ਹੋਰ ਤਰ੍ਹਾਂ ਦੇ ਲੋਕੀਂ ਆਕੇ ਬਹਿ ਗਏ ਨੇ ਅੰਮ੍ਰਿਤਸਰ ਦੇ। ਬੀੜ ਸਿਰ ਤੇ ਚੁੱਕ ਕੇ ਲੈਕੇ ਆਏ ਗ੍ਰੰਥ ਸਾਹਿਬ ਦੀ। ਸੋ ਇਹ ਜਿਹੜੀਆਂ ਦੋਸਤੀਆਂ ਨੇ ਇਹਨਾਂ ਕਿੱਥੇ ਜਾਣਾ ਏ। ਇਹ ਉਹਨਾਂ ਦਿਨਾਂ ਵਿੱਚ ਵੀ ਕਾਇਮ ਸਨ। ਜਨੂਨ ਦੀ ਹਾਲਤ ਵਿੱਚ ਵੀ। ਜਿਹੜੀ ਇਨਸਾਨੀ ਦੋਸਤੀ ਏ ਉਹ ਤੇ ਹਿੱਲ ਈ ਨਹੀਂ ਸਕਦੀ।ਜਨੂਨ ਵਾਲੇ ਜਿਹੜੇ ਬੰਦੇ ਹੁੰਦੇ ਨੇ ਉਹ ਚੀਜ਼ਾਂ ਈ ਹੋਰ ਹੁੰਦੀਆਂ ਨੇ। ਪਤਾ ਨਹੀਂ ਪਾਰਟੀਸ਼ਨ ਉਹਨਾਂ ਨੂੰ ਕਿੱਥੋਂ ਉਘ੍ਹਾ ਲੈਂਦੇ ਨੇ। ਕਿਸ ਤਰ੍ਹਾਂ ਉਹਨਾਂ ਦੇ ਸਿਰਾਂ ਵਿੱਚ ਜਨੂਨ ਭਰ ਦਿੰਦੇ ਨੇ। ਇਹ ਖੇਡ ਓਦੋਂ ਬੜੇ ਵੱਡੇ ਪੈਮਾਨੇ ਤੇ ਹੋਈ। ਓਸ ਤੋਂ ਬਾਅਦ ਇਹ ਖੇਡ ਅੱਜ ਵੀ ਛੋਟੇ ਪੈਮਾਨੇ ਤੇ ਹਿੰਦੋਸਤਾਨ ਵਿੱਚ ਹੋ ਰਹੀ ਏ। ਪਾਕਿਸਤਾਨ ਵਿੱਚ ਵੀ ਹੋ ਰਹੀ ਏ। ਹਿੰਦੋਸਤਾਨ ਵਿੱਚ ਜ਼ਰਾ ਵੱਖੋ ਵੱਖ ਮਜ਼ਹਬਾਂ ਦੀ ਹੋ ਜਾਂਦੀ ਏ। ਜਦੋਂ ਜੀ ਕਰੇ ਪਾਲੀਟੀਸ਼ਨਜ਼ ਦਾ। ਜ਼ਰਾ ਵੇਖਿਆ ਕਿ ਕੁਰਸੀ ਤੋਂ ਹਿੱਲਣ ਲੱਗੇ ਆਂ। ਓਸ ਤਰ੍ਹਾਂ ਦੇ ਈ ਨੇ ਬੰਦੇ, ਮੈਨੂੰ ਯਾਦ ਏ, ਅਸੀਂ ਉਹ ਹਜੂਮ ਵੇਖਦੇ ਸੀ ਆਉਂਦੇ। ਓਹੋ ਸ਼ਕਲਾਂ, ਓਸੇ ਤਰ੍ਹਾਂ ਦੀਆਂ ਈ ਡਾਂਗਾਂ। ਓਸੇ ਤਰ੍ਹਾਂ ਦੀਆਂ ਈ ਛਵੀਆਂ, ਮੈਨੂੰ ਝਾਉਲਾ ਝਾਉਲਾ ਤੇ ਯਾਦ ਏ, ਮੈਂ ਇੰਨੀ ਛੋਟੀ ਤੇ ਨਹੀਂ ਸੀ। ਜਿਸ ਤਰ੍ਹਾਂ ਦੇ ਬੰਦੇ ਅਸੀਂ ਜਲੰਧਰ ਅੰਮ੍ਰਿਤਸਰ ਭਾਉਂਦਿਆਂ ਵੇਖਦੇ ਸੀ ਮੁਸਲਮਾਨਾਂ ਦੇ ਕਾਫਲਿਆਂ ਵੱਲ ਵੇਖਦੇ, ਜਿਸ ਤਰ੍ਹਾਂ ਦੇ ਬੰਦੇ ਅਸੀਂ ਇੱਥੇ ਵੇਂਹਦੇ ਸੀ ਹਿੰਦੂਆਂ ਸਿੱਖਾਂ ਦੀਆਂ ਗਲੀਆਂ ਵੱਲ ਵੇਂਹਦੇ। ਓਸੇ ਤਰ੍ਹਾਂ ਦੇ ਬੰਦੇ ਹੁਣ ਅਸੀਂ ਓਥੇ ਵੇਖਦੇ ਆਂ।ਜਦੋਂ ਵੀ ਮਜ਼ਹਬੀ ਫਸਾਦ ਹੁੰਦੇ ਨੇ। ਓਸੇ ਤਰ੍ਹਾਂ ਦੇ ਬੰਦੇ ਅਸੀਂ 84 ਦੇ ਕਤਲੇਆਮ ਵਿੱਚ ਦਿੱਲੀ ਵਿੱਚ ਵੇਖੇ। ਤੇ ਮੈਂ ਬੜੀ ਹੈਰਾਨ ਆਂ, ਇੱਕੋ ਜਿਹੀਆਂ ਸ਼ਕਲਾਂ ਦੇ ਇੱਕੋ ਤਰ੍ਹਾਂ ਦੇ ਬੰਦੇ ਕਿੱਥੋਂ ਉਘ੍ਹਾ ਲੈਂਦੇ ਨੇ ਯਾਂ ਤੇ ਪਾਲ ਪਾਲ ਕੇ ਰੱਖੀ ਜਾਂਦੇ ਨੇ। ਅੱਜ ਫ਼ਰਖ਼ੰਦਾ ਲੋਧੀ ਤੇ ਤੇ ਉਹਦੇ ਘਰਵਾਲਾ ਬੜੀ ਵਧੀਆ ਗੱਲ ਸੁਣਾ ਰਹੇ ਸੀ, ਪਈ ਲਹੌਰ ਵਿੱਚ ਕਾਰਾਂ ਬੜੀਆਂ ਚੋਰੀ ਹੁੰਦੀਆਂ ਸੀ। ਇਹ ਕੁਝ ਕੁ ਦਿਨਾਂ ਦੀਆਂ ਜ਼ਰਾ ਘਟੀਆਂ ਹੋਈਆਂ ਨੇ। ਨਵੀਂ ਸਰਕਾਰ ਆਈ ਤੇ ਉਹਨੇ ਪੁਲਿਸ ਨੂੰ ਆਖਿਆ ਕੁਝ ਕਾਰਗੁਜ਼ਾਰੀ ਵਿਖਾਉ। ਉਹਨਾਂ ਨੇ ਚੋਰੀ ਕਰਨ ਵਾਲਿਆਂ ਨੂੰ ਸੱਦਿਆ ਵੇਖੋ ਭਰਾਵੋ, ਵੀਹ ਕੁ ਕਾਰਾਂ ਚੁੱਕ ਲਵੋ ਰਾਤੀਂ ਤੇ ਦਸ ਕੁ ਆਕੇ ਸਰੈਂਡਰ ਕਰ ਜਾਉ। ਸੋ ਇਹ ਕੋਈ ਪਾਲੀਆਂ ਹੋਈਆਂ ਚੀਜ਼ਾਂ ਹੁੰਦੀਆਂ ਨੇ, ਜਿਸ ਤਰ੍ਹਾਂ ਪਾਲੇ ਹੋਏ ਹੁੰਦੇ ਨੇ, ਭੇਡਾਂ ਨੂੰ ਹਿੱਕਣ ਵਾਲੇ ਕੁੱਤੇ ਨਹੀਂ ਪਾਲੇ ਹੁੰਦੇ।

?..... ਇਹ ਅਜੀਤ ਕੌਰ ਜੀ ਕੋਈ ਦੋ ਵੱਖੋ ਵੱਖਰੀਆਂ ਟੁਰੀਆਂ ਆਉਂਦੀਆਂ ਗੀਤਾਂ ਦੀ ਗੱਲ ਨਹੀਂ, ਮੇਰਾ ਮਤਲਬ ਏ ਇੱਕ ਇਨਸਾਨ ਦੋਸਤੀ ਤੇ ਭਾਈਚਾਰੇ ਦੀ ਗੀਤ ਏ ਤੇ ਇੱਕ ਵੈਰ ਵੱਟ ਦੀ.....?

˙..... ਮੇਰਾ ਖਿਆਲ ਏ, ਹਾਲੀ ਤੱਕ ਇਹ ਮੇਰਾ ਅਕੀਦਾ ਏ ਕਿ ਬੰਦੇ ਬੰਦੇ ਵਿੱਚ ਦੁਸ਼ਮਨੀ ਹੋ ਈ ਨਹੀਂ ਸਕਦੀ। ਜੇ ਦੁਸ਼ਮਨੀ ਹੋ ਸਕੇ ਤੇ ਵੱਖੋ ਵੱਖਰੀਆਂ ਕਲਾਸਾਂ ( ਮੇਲਾਂ) ਵਿੱਚ ਹੋ ਸਕਦੀ ਏ। ਜਿਸ ਤਰ੍ਹਾਂ ਕਲਮ ਘਸਾ ਕੇ ਤੁਸੀਂ ਰੋਟੀ ਖਾਂਦੇ ਓਂ, ਮੈਂ ਕਲਮ ਘਸਾ ਕੇ ਰੋਟੀ ਖਾਨੀਂ ਆਂ, ਮੇਰੀ ਤੁਹਾਡੀ ਕਿਸ ਤਰ੍ਹਾਂ ਦੁਸ਼ਮਨੀ ਹੋ ਸਕਦੀ ਏ। ਜੇ ਦੁਸ਼ਮਨੀ ਹੋ ਸਕਦੀ ਏ ਤੇ ਤੁਹਾਡੀ ਜੇ ਕਿੱਧਰੇ ਮੁਲਾਜ਼ਮ ਓਂ ਤਾਂ ਆਪਣੇ ਮਾਲਿਕ ਨਾਲ ਹੋ ਸਕਦੀ ਏ, ਯਾਂ ਜੇ ਤੁਸੀਂ ਕਿਰਾਏਦਾਰ ਓਂ ਤਾਂ ਮਾਲਿਕ ਮਕਾਨ ਨਾਲ, ਜੇ ਜ਼ਮੀਨ ਤੇ ਵਾਹੀ ਕਰ ਰਹੇ ਓਂ, ਜ਼ਮੀਨ ਕਿਸੇ ਹੋਰ ਦੀ ਏ ਤੇ ਫਿਰ ਤੁਹਾਡੀ ਦੁਸ਼ਮਨੀ ਜ਼ਿਮੀਂਦਾਰ ਨਾਲ ਹੋ ਸਕਦੀ ਏ। ਬੰਦੇ ਦੀ ਬੰਦੇ ਨਾਲ ਦੁਸ਼ਮਨੀ ਵੇਸਟਡ ਇੰਟਰੱਸਟ ਤੇ ਕਲਾਸਜ ਵਿੱਚ ਡਿਵੀਜ਼ਨ ਪਾਰੋਂ ਕ੍ਰਿਏਟ ਕੀਤੀਆਂ ਜਾਂਦੀਆਂ ਨੇ। ਇੱਕ ਵਰਟੀਕਲ ਡਿਵੀਜ਼ਨ ਹੁੰਦੀ ਏ ਤੇ ਇੱਕ ਹਾਰੀਜ਼ੌਂਟਲ ਡਿਵੀਜ਼ਨ, ਉਹਦੇ ਵਿੱਚ ਫਿਰ ਕਲਾਸ ਦੀ ਕਲਾਸ ਨਾਲ ਦੁਸ਼ਮਨੀ ਹੁੰਦੀ ਏ।

?..... ਧਰੋਹ ਦਾ ਮਸਲਾ ਏ ਨਾ ਜੀ, ਜਦੋਂ ਤੀਕਰ ਧਰੋਹ ਹੈ, ਦੁਸ਼ਮਨੀ ਹੈ। ਧਰੋਹ ਈ ਸਭ ਤੋਂ ਕੋਝੀ ਸ਼ੈਅ ਏ। ਇਹ ਈ ਹੈ ਜਿਹੜੀ ਇੱਕ ਨੂੰ ਬੁਰਕੀ ਬਣਾਉਂਦੀ ਏ, ਦੂਜੇ ਨੂੰ ਖਾਣ ਵਾਲਾ..... ?

˙..... ਓਥੇ ਮੈਂ ਦੁਸ਼ਮਨੀ ਨੂੰ ਜ਼ਰੂਰੀ ਸਮਝਦੀ ਆਂ। ਓਥੇ ਜਦ ਤੱਕ ਗੁੱਸਾ ਨਹੀਂ ਆਂਵਦਾ, ਜਦ ਤੱਕ ਅੰਦਰੋਂ ਰੋਹ ਨਹੀਂ ਚੜ੍ਹਦਾ, ਬੰਦਾ ਬੋਲੇਗਾ ਨਹੀਂ। ਬੋਲੇਗਾ ਨਹੀਂ ਤਾਂ ਡਾਂਗ ਫੜ ਕੇ ਆਪਣਾ ਹੱਕ ਨਹੀਂ ਖੋਂਹਦਾ, ਤਦ ਤੱਕ ਉਹਨੂੰ ਹੱਕ ਮਿਲ ਈ ਨਹੀਂ ਸਕਦਾ।

?..... ਧਰੋਹ ਦੇ ਬਰਖ਼ਿਲਾਫ਼ ਬੋਲਣ, ਬੰਦਿਆਈ ਨੂੰ ਬਚਾਵਣ ਲਈ ਏ, ਜੇ ਧਰੋਹ ਦੇ ਖਿਲਾਫ਼ ਨਹੀਂ ਬੋਲਿਆ ਜਾਏਗਾ, ਬੰਦਿਆਈ ਦਾ ਪਾਲਣ ਨਹੀਂ ਹੋ ਸਕੇਗਾ..... ?

˙..... ਨਹੀਂ, ਜੇ ਨਹੀਂ ਬੋਲਿਆ ਜਾਏਗਾ। ਜਿਹੜੇ ਸਮਝਦੇ ਨੇ ਤਸ਼ੱਦਦ ਹੋ ਰਿਹਾ ਏ, ਜਿਹੜੇ ਸਮਝਦੇ ਨੇ ਧਰੋਹ ਹੋ ਰਿਹਾ ਏ, ਜਾਣਦੇ ਨੇ ਤੇ ਨਹੀਂ ਬੋਲਦੇ, ਡਾਂਗ ਫੜ੍ਹਕੇ ਸਾਹਮਣੇ ਨਹੀਂ ਆਂਵਦੇ, ਜਾਲਮਾਂ ਦੇ ਹੱਥ ਨਹੀਂ ਭੰਨਦੇ, ਜ਼ੁਲਮ ਦੇ ਖਿਲਾਫ਼ ਉਂਗਲ ਨਹੀਂ ਚੁੱਕਦੇ, ਉਹ ਚੁੱਪ ਰਹਿਣਾ ਵੀ ਜ਼ੁਲਮ ਵਿੱਚ ਸ਼ਾਮਿਲ ਹੋਣਾ ਏ। ਕਿਉਂਕਿ ਉਹ ਜਿਸ ਵੇਲੇ ਨਾਜੀਆਂ ਨੇ ਕਬਜ਼ਾ ਕਰ ਲਿਆ ਪੋਲੈਂਡ ਤੇ, ਚੈਕੋਸਲਵਾਕੀਆ ਤੇ ਫ੍ਰਾਂਸ ਤੇ। ਉਹ ਫਿਰ ਇਸ ਤਰ੍ਹਾਂ ਕਰਦੇ ਸੀ ਇਹ ਨਹੀਂ ਸੀ ਕਰਦੇ ਕਿ ਗਲੀ ਆਕੇ ਘੇਰ ਲਈ, ਤੇ ਸਾਰੇ ਜੀਵਜ਼ ਨੂੰ ਘੇਰ ਕੇ ਲੈ ਗਏ। ਹਾਂ ਇੱਕ ਸ਼ਹਿਰ ਘੇਰ ਲਿਆ। ਉਹ ਇੱਕ ਇੱਕ ਕਰਕੇ ਲੈਜਾਂਦੇ ਸਨ ਤੇ ਹਰ ਬੰਦਾ ਸੋਚਦਾ ਸੀ ਲੈ ਇਹ ਤੇ ਉਹਨੂੰ ਲੈ ਚੱਲੇ ਨੇ, ਮੈਂ ਲੁਕਿਆ ਰਵਾਂ। ਜੇ ਮੈਂ ਬੋਲਿਆ ਉਹਨਾਂ ਨੂੰ ਪਤਾ ਲੱਗ ਜਾਏ, ਇਹਨੂੰ ਉਹਨਾਂ ਦੀ ਪੀੜ ਏ। ਉਹ ਫਿਰ ਕਹਿੰਦੇ ਨੇ, ਉਹਨੂੰ ਲੈ ਚੱਲੇ ਤਾਂ ਮੈਂ ਚੁੱਪ ਰਿਹਾ। ਇੱਧਰ ਗਵਾਂਢੀ ਨੂੰ ਲੈ ਚੱਲੇ ਤਾਂ ਮੈਂ ਚੁੱਪ ਰਿਹਾ। ਜਿਸ ਵੇਲੇ ਮੈਨੂੰ ਲੈ ਚੱਲੇ ਤਾਂ ਬੋਲਣ ਵਾਲਾ ਕੋਈ ਬਚਿਆ ਨਹੀਂ ਸੀ। ਸੋ ਬੋਲਣਾ ਬਹੁਤ ਜ਼ਰੂਰੀ ਏ।

?..... ਜ਼ੁਲਮ ਦੇ ਬਰਖਿਲਾਫ਼ ਆਵਾਜ਼ ਚੁੱਕਣੀ ਬਹੁਤ ਜ਼ਰੂਰੀ ਏ..... ?

˙..... ਜਿੱਥੋਂ ਤੱਕ ਹਿੰਦੋਸਤਾਨ, ਪਾਕਿਸਤਾਨ ਦਾ ਸਵਾਲ ਏ। ਦੁਸ਼ਮਨੀ ਹੋ ਈ ਨਹੀਂ ਸਕਦੀ। ਉਹੀ ਕਲਚਰ, ਉਹੀ ਬੋਲੀਆਂ, ਉਹੀ ਗੀਤਾਂ, ਉਹੀ ਰਿਵਾਜ਼। ਉਹੀ ਕੋਠੇ ਸਾਂਝੇ, ਦੀਵਾਰਾਂ ਸਾਂਝੀਆਂ। ਸਿਰਫ਼ ਇਹ ਵੇ ਕਿ ਜਿਸ ਵੇਲੇ ਮੁਲਕ ਵੰਡੇ ਜਾਂਦੇ ਨੇ। ਉਹਦਾ ਮਤਲਬ ਹੁੰਦਾ ਏ ਕਿ ਜਿਉਣ ਆਪੋ ਆਪਣੀ ਥਾਵੇਂ। ਰਾਜ਼ੀ ਰਹਿਣ, ਸੁਖੀ ਰਹਿਣ, ਅਵਾਮ ਸੁਖੀ, ਉਹ ਅਵਾਮ ਤੇ ਸੁਖੀ ਨਾ ਓਧਰ ਹੋਇਆ ਏ ਨਾ ਇੱਧਰ ਹੋਇਆ ਏ। ਓਧਰ ਵੀ ਭੁੱਖ ਨੰਗ ਤੇ ਇੱਧਰ ਵੀ ਭੁੱਖ ਨੰਗ। ਤੇ



ਜਿਹੜੀ ਲੋਟੂਆਂ ਦੀ ਦੁਨੀਆਂ ਏ ਉੱਧਰ ਵੀ ਵੱਧ ਗਈ ਤੇ ਇੱਧਰ ਵੀ ਵਧ ਗਈ। ਜਿੰਨੀਆਂ ਕੋਠੀਆਂ ਮੈਂ ਵੱਡੀਆਂ ਐਤਕੀ ਪਈ ਵੇਖਦੀ ਆਂ, ਇੰਨੀਆਂ ਕੋਠੀਆਂ ਸਾਡੇ ਬਤਾਲੀ ਸਾਲ ਪਹਿਲੇ ਤੇ ਨਹੀਂ ਸੀ ਹੁੰਦੀਆਂ। ਮੇਰੇ ਵਾਲਿਦ ਮਸ਼ਹੂਰ ਡਾਕਟਰ ਸੀ। ਵੱਡੇ ਵੱਡੇ ਘਰਾਂ ਵਿੱਚ ਆਵਣਾ ਜਾਣਾ ਸੀ ਸਾਡਾ। ਪਰ ਇੰਝ ਦੀਆਂ ਕੋਠੀਆਂ ਤੇ ਮੈਂ ਕਦੀ ਨਹੀਂ ਸੀ ਵੇਖੀਆਂ। ਇਹ ਦੋਹਾਂ ਪਾਸੇ ਹੋਇਆ ਏ ਕਿ ਦੌਲਤ ਜਿਵੇਂ ਰੋੜ੍ਹ ਹੁੰਦਾ ਏ ਇੱਕੋ ਪਾਸੇ ਇਕੱਠੀ ਹੁੰਦੀ ਜਾ ਰਹੀ ਏ।

?..... ਅੱਛਾ ਤੇ ਰਹਿੰਦੀ ਪੜ੍ਹਾਈ ਤੁਸੀਂ ਵੰਡ ਤੋਂ ਮਗਰੋਂ ਉੱਧਰ ਜਾਕੇ ਪੂਰੀ ਕੀਤੀ..... ?

˙..... ਵੰਡ ਹੋ ਗਈ ਤੇ ਫਿਰ ਇਹ ਹੋ ਗਿਆ ਕਿ ਤੁਸੀਂ ਮੈਟਰਿਕ ਵੀ ਜ਼ਰਾ ਅੰਗਰੇਜ਼ੀ ਕਰਕੇ ਕਰ ਸਕਦੇ ਓਂ ਤੇ ਬੀਥਏਥ ਵੀ ਦੋ ਮਜ਼ਮੂਨ ਕਰਕੇ। ਸੋ 52 ਈ ਥ ਵਿੱਚ ਮੈਂ ਐੱਮਥਏਥ ਵੀ ਕਰ ਲਿਆ ਸੀ।

?..... ਐੱਮਥਏਥ ਤੁਸਾਂ ਕਾਹਦੇ ਵਿੱਚ ਕੀਤਾ..... ?

˙..... ਇਕਨਾਮਿਕਸ ਵਿੱਚ, 51 ਵਿੱਚ ਬੀਥਏਥ ਸ਼ੀਥਏਥ ਸਭ ਪੂਰਾ ਹੋ ਗਿਆ ਸੀ।

?..... ਲਿਖਣਾ ਤੁਸਾਂ ਕਦੋਂ ਚਾਲੂ ਕੀਤਾ..... ?

˙..... ਲਿਖਣਾ, ਜਦੋਂ ਮੈਂ ਬੀਥਏਥ ਵਿੱਚ ਸੀ।

?..... ਪੰਜਾਬੀ ਵਿੱਚ..... ?

˙..... ਹਾਂ ਜੀ, ਸੋਚ ਈ ਪੰਜਾਬੀ ਵਿੱਚ ਆਂਵਦੀ ਏ।

?..... ਸੋਚ ਤੇ ਇੱਧਰ ਵੀ ਚੋਖਿਆਂ ਨੂੰ ਪੰਜਾਬੀ ਵਿੱਚ ਈ ਆਂਵਦੀ ਏ ਅੱਗੋਂ ਲਿਖਣ ਲੱਗਿਆਂ ਉਰਦੂ ਵਿੱਚ ਅੱਪੜ ਜਾਂਦੇ ਨੇ..... ?

˙..... ਉਹ ਤੇ ਫਿਰ ਇੰਝ ਏ, ਇੱਕ ਤੇ ਲਿਖਣਾ ਤਖ਼ਲੀਕੀ ਅਮਲ ਏ, ਲਿਖਣ ਲੱਗਿਆ ਭਾਰੀ ਤਕਲੀਫ਼ ਵਿੱਚੋਂ ਗੁਜ਼ਰਨਾ ਹੁੰਦਾ ਏ, ਉਹਦੇ ਨਾਲ ਨਾਲ ਫਿਰ ਟਰਾਂਸਲੇਸ਼ਨ ਕਰਨੀ। ਸਾਡਾ ਸਿਰ ਭੰਵਿਆ ਹੋਇਆ ਏ ? ਟਰਾਂਸਲੇਸ਼ਨ ਕਰਨ ਵਾਲੇ ਕਰਨ ਹਾਂ ਫਿਰ ਅੱਗੋਂ। ਨਾਲ ਸੋਚੋ ਨਾਲ ਟਰਾਂਸਲੇਸ਼ਨ ਕਰੋ, ਇੰਨੇ ਚਿਰ ਵਿੱਚ ਅਗਲੀ ਸਮਝਨ ਵਾਲੀ ਗੱਲ ਭੁੱਲ ਜਾਏ। ਸੋ ਮੈਂ ਤੇ ਪੰਜਾਬੀ ਲਿਖਨੀ ਹਾਂ।

?..... ਕਹਾਣੀਆਂ ਲਿਖਣੀਆਂ ਛੂਹੀਆਂ ਫਿਰ ਤੁਸੀਂ..... ?

˙..... ਹਾਂ ਜੀ।

?..... ਅਸੀਂ ਤੁਹਾਡੀਆਂ ਕਹਾਣੀਆਂ ਕੁਝ ਚੋਖੀਆਂ ਨਹੀਂ ਪੜ੍ਹੀਆਂ, ਸਾਡੇ ਇੱਥੇ ਲੱਭਦੀਆਂ ਨਹੀਂ..... ?

˙..... ਤੁਸੀਂ ਫਿਰ ਇੱਥੇ ਛਾਪਣ ਦਾ ਇੰਤਜ਼ਾਮ ਕਰੋ।

?..... ਤੁਸੀਂ ਸਾਨੂੰ ਘੱਲੋ, ਅਸੀਂ ਛਾਪਾਂਗੇ..... ?

˙..... ਮੈਂ ਸੈੱਟ ਘੱਲ ਦਿਆਂਗੀ। ਇੱਕ ਤੇ ਮੈਂ ਦੇ ਚੱਲੀ ਆਂ ਆਪਣੀ ਸੱਜਰੀ ਕਿਤਾਬ "ਮੌਤ ਅਲੀ ਬਾਬਾ ਦੀ"। ਇਹ ਵੀ ਮੈਨੂੰ ਸੁਝਿਆ, ਰਿਵਾਇਤੀ ਕਹਾਣੀ ਸਾਡੀ ਜਿਹੜੀ ਏ ਅਲੀ ਬਾਬਾ ਦੀ। ਉਹਦੇ ਵਿੱਚ ਉਹ ਚਾਲੀ ਚੋਰਾਂ ਨੂੰ ਮੋਰ ਹੋਕੇ ਟੱਕਰਿਆ ਸੀ।ਅੱਜ ਜਿਹੜਾ ਅਲੀ ਬਾਬਾ ਧਰੋਹ ਜਰਦਾ ਪਿਆ ਏ। ਉਹ ਜੇ ਨਾ ਟੱਕਰ ਸਕੇ ਚੋਰਾਂ ਨੂੰ ਮੋਰ ਹੋਕੇ। ਕਿਉਂ ਜੋ ਅੱਜ ਚਾਲੀ ਨਹੀਂ ਨਾ ਰਹੇ, ਅੱਜ ਚਾਲੀ ਲੱਖ ਹੋ ਗਏ ਨੇ। ਸੋ ਅੱਜ ਸਾਰੇ ਅਲੀ ਬਾਬੇ ਜੁੜ ਜਾਣ ਤੇ ਤਾਂ ਟੱਕਰ ਸਕਦੇ ਨੇ। ਜੇ ਇਕੱਲੇ ਅਲੀ ਬਾਬੇ ਨੂੰ ਸਮਝ ਆ ਜਾਏ ਇਹ ਚਾਲੀ ਲੱਖ ਨੇ ਤਾਂ ਉਹਨੂੰ ਕਦੇ ਕਦੇ ਖ਼ੁਦਕੁਸ਼ੀ ਵੀ ਕਰਨੀ ਪੈਂਦੀ ਏ। ਇਹ ਹੈ ਢਾਊ ਸੋਚ, ਪਰ ਇਹ ਹੈ ਮੇਰਾ ਅਲੀਬਾਬਾ ਵਿਚਾਰਾ। ਕਿਉਂ ਜੇ ਬਹੁਤ ਸਾਰੇ ਅਲੀ ਬਾਬਿਆਂ ਦੇ ਇਕੱਠੇ ਹੋਣ ਦੀ ਲੋੜ ਏ।

?..... ਤੁਸਾਂ ਕਹਾਣੀਆਂ ਆਪਣੀ ਕਿਸੇ ਵੱਖਰੀ ਅਟਕਲ ਨਾਲ ਲਿਖਣੀਆਂ ਛੁਹੀਆਂ, ਜੋ ਓਸ ਵੇਲੇ ਚਾਲੂ ਅਟਕਲ ਸੀ ਉਹਦੇ ਨਾਲ਼ਥਥ ?

·..... ਦੇਖੋ ਜੀ ਮੈਂ ਕਦੀ ਫੈਸ਼ਨ ਵਾਲਾ ਸਟਾਈਲ ਨਾ ਵਰਤਿਆ ਏ, ਸਿਵਾਏ ਇੱਕ ਵੇਲੇ ਤੋਂ। ਇੱਕ ਕਹਾਣੀ ਮੇਰੀ ਹੈ ਸਿੱਬਲਜ਼ (ਰਮਜ਼ਾਨ) ਵਿੱਚ ਓਸ ਵੇਲੇ ਐਮਰਜੰਸੀ ਲੱਗੀ ਹੋਈ ਸੀ। ਓਸ ਕਹਾਣੀ ਦਾ ਨਾਂ ਸੀ ਕਾਲੇ ਖ਼ੂਹ, ਉਸ ਤੋਂ ਇਲਾਵਾ ਜਿਸ ਤਰ੍ਹਾਂ ਕਹਾਣੀ ਦਾ ਸਟਾਈਲ ਹੈ, ਰਿਵਾਇਤੀ ਹੈ, ਓਸੇ ਤਰ੍ਹਾਂ, ਮੈਂ ਕਹਾਣੀ ਸੁਣਾਉਂਦੀ ਹਾਂ। ਕਹਾਣੀ ਕੋਈ ਮੈਂ ਘੜਦੀ ਨਹੀਂ। ਜੇ ਮੇਰੇ ਤਜ਼ਰਬੇ ਵਿੱਚੋਂ ਸਾਲ ਕੋਈ ਚੀਜ਼ ਨਹੀਂ ਲੰਘਦੀ, ਜਿਹੜੀ ਕਹਿਣ ਵਾਲੀ ਏ, ਮੈਂ ਸਾਲ ਨਹੀਂ ਲਿਖਦੀ। ਫਿਰ ਮੈਂ ਆਰਟੀਕਲ (ਮਜ਼ਮੂਨ )ਲਿਖਕੇ ਗੁਜ਼ਾਰਾ ਕਰ ਲੈਨੀ ਆਂ। ਕਹਾਣੀ ਮੇਰਾ ਮਤਲਬ ਏ ਸਰ ਜਿੰਨਾ ਜਿਹੜੀ ਚੀਜ਼ ਏ, ਉਹ ਬੜੀ ਸੁਥਰੀ ਚੀਜ਼ ਏ, ਉਹਦੇ ਨਾਲ ਦ਼ਗਾ ਨਹੀਂ ਕਮਾਵਣਾ ਚਾਹੀਦਾ, ਤੇ ਬਹਿਕੇ ਘੜਕੇ ਚੀਜ਼ ਨਹੀਂ ਲਿਖਣੀ ਚਾਹੀਦੀ।ਜਦੋਂ ਤੱਕ ਮੈਂ ਆਪ ਓਸ ਤਜ਼ਰਬੇ ਵਿੱਚੋਂ ਗੁਜ਼ਰਾਂ ਨਾ, ਸਾਰੇ ਕਹਿੰਦੇ ਨੇ ਤੂੰ ਬਹੁਤ ਘੱਟ ਲਿਖਨੀ ਏਂ।ਮੈਂ ਕਹਿਨੀ ਆਂ ਆਲਸੀ ਆਂ, ਹੁਣ ਅਗਲੇ ਨੂੰ ਕੀ ਕਹੋ ਸਾਨੂੰ ਘੜਨੀ ਨਹੀਂ ਆਂਵਦੀ। ਕਹਾਣੀ ਮੈਨੂੰ ਘੜਨੀ ਆਂਵਦੀ ਈ ਨਹੀਂ। ਪਤਾ ਨਹੀਂ ਐਵੇਂ ਮੈਨੂੰ ਕਹਾਣੀਕਾਰ ਕਹਿੰਦੇ ਨੇ। ਕਹਾਣੀਕਾਰ ਉਹ ਹੁੰਦਾ ਏ ਜਿਹਨੂੰ ਕਹਾਣੀ ਘੜਨ ਵੀ ਆਵੇ।

?..... ਤੁਹਾਡੀ ਮੈਂ ਇੱਕੋ ਕਹਾਣੀ ਪੜ੍ਹੀ ਏ, ਉਹਦੇ ਵਿੱਚ ਤੁਸੀਂ ਵੀ ਘੜ੍ਹਨ ਜਾਣਦੇ ਵਿਖਾਲੀ ਦਿੰਦੇ ਓਂ..... ?

·..... ਨਹੀਂ ਮੈਨੂੰ ਘੜਨੀ ਨਹੀਂ ਆਉਂਦੀ, ਮੈਂ ਇੱਕ ਇੱਕ ਗੱਲ ਹੱਡਵਰਤੀ ਵਿੱਚੋਂ ਲਿਖਦੀ ਹਾਂ।

?..... ਮੇਰਾ ਮਤਲਬ ਏ ਕਾਰੀਗਰੀ ਤੇ ਤੁਹਾਡੇ ਵਿੱਚ ਵੀ ਬੜੀ ਏ..... ?

·..... ਮੇਰੀ ਆਪਣੀ ਹੱਡਵਰਤੀ ਵਿੱਚੋਂ ਲੰਘੀ ਗੱਲ ਈ ਕਹਾਣੀ ਬਣਦੀ ਏ, ਘੜਨ ਦਾ ਇੱਕ ਇਹ ਵੀ ਮਤਲਬ ਬਣਦਾ ਏ ਕਿ ਤੁਸੀਂ ਹਵਾ ਵਿੱਚੋਂ ਫੜ੍ਹ ਕੇ ਕਹਾਣੀ ਬਣਾ ਦਿੰਦੇ ਓਂ। ਅੱਖਰ ਜੋੜਨ ਦੀ ਜਾਚ ਮੈਂ ਸੋਚਦੀ ਹਾਂ ਕਿ ਮੈਨੂੰ ਮਾੜੀ ਮੋਟੀ ਹੈ। ਅੱਖਰ ਮੇਰੇ ਕਾਬੂ ਵਿੱਚ ਨੇ।

?..... ਹਾਂ ਜੀ, ਇਹਦਾ ਸਬੂਤ ਤੇ ਤੁਹਾਡੀ ਕਹਾਣੀ ਜਿਹੜੀ ਮੈਂ ਪੜ੍ਹੀ ਏ "ਅੱਖਾਂ" ਉਹਦੇ ਵਿੱਚੋਂ ਲੱਭਦਾ ਏ..... ?

·..... ਇਸ ਮਜ਼ਮੂਨ ਉੱਤੇ ਮੇਰੀਆਂ ਦੋ ਕਹਾਣੀਆਂ ਨੇ "ਅੱਖਾਂ" ਤੇ "ਨਾ ਮਾਰੋ" ਇਹਨਾਂ ਵਿੱਚ ਅਜੀਤ ਕੌਰ ਦੀ ਜ਼ਬਾਨ ਨਹੀਂ ਹੈ। ਅੱਖਾਂ ਇੱਕ ਸਕੂਲੇ ਜਾਂਦਾ ਮੁੰਡਾ ਏ, ਇਹ ਉਹਦੀ ਜ਼ਬਾਨ ਏ। "ਨਾ ਮਾਰੋ" ਵਿੱਚ ਦਸਵੀਂ ਤੱਕ ਪੜ੍ਹੀ ਹੋਈ ਇੱਕ ਪਿੰਡ ਦੀ ਕੁੜੀ ਏ, ਜਿਹਦਾ ਭਰਾ ਕਤਲ ਹੋ ਗਿਆ ਏ। ਘਰ ਵਿੱਚ ਢਕੀ ਵਲ੍ਹੇਟੀ ਕੁੜੀ, ਅੱਠਵੀਂ ਦਸਵੀਂ, ਪੜ੍ਹੀ, ਗੱਲ ਨੂੰ ਕਿਸ ਤਰ੍ਹਾਂ ਕਹੇਗੀ। ਇਸ ਗੱਲ ਨੂੰ ਸਾਹਮਣੇ ਰੱਖਿਆ ਗਿਆ ਏ। ਸੋ ਇਹ ਦੋ ਕਹਾਣੀਆਂ ਮੇਰੀ ਆਪਣੀ ਬੋਲੀ ਵਿੱਚ ਨਹੀਂ।

?..... ਪਾਤਰ ਬੋਲਦਾ ਏ ਆਪਣੀ ਜ਼ਬਾਨੇਂ..... ?

·..... ਜੀ, ਤੁਸੀਂ ਮੇਰੀਆਂ ਕਹਾਣੀਆਂ ਪੜ੍ਹ ਲਵੋ, ਫਿਰ ਸਵਾਲ ਬਣਾਉ। ਮੈਨੂੰ ਸਵਾਲ ਲਿਖ ਕੇ ਘੱਲੋ, ਮੈਂ ਤੁਹਾਨੂੰ ਜਵਾਬ ਦਿਆਂਗੀ।ਅਜੇ ਤੇ ਤੁਸੀਂ ਵੀ ਹਵਾ ਵਿੱਚੋਂ ਗੱਲ ਫੜਦੇ ਪਏ ਓਂ। ਮੈਨੂੰ ਹਵਾ ਵਿੱਚੋਂ ਫੜਨਾ ਨਹੀਂ ਆਂਵਦਾ।

?..... ਨਹੀਂ ਅਸੀਂ ਬਿਨ੍ਹਾ ਪੜ੍ਹਿਆਂ ਕਹਾਣੀਆਂ ਉੱਤੇ ਗੱਲ ਨਹੀਂ ਕਰਨਾ ਚਾਹੁੰਦੇ, ਅਸੀਂ ਤੇ ਕਹਾਣੀਆਂ ਪਿੱਛੇ ਲੁਕੇ ਹੋਏ ਜੀ ਬਾਰੇ ਜਾਨਣ ਦਾ ਆਹਰ ਪਏ ਕਰਦੇ ਹਾਂ..... ?

·..... ਠੀਕ ਏ। ਮੈਂ ਬੜੀ ਗੁੱਸੇ ਵਿੱਚ ਆਂ, ਜੋ ਕੁਝ ਆਲ ਦਵਾਲੇ ਏ, ਉਹਨੂੰ ਬਦਲਨਾ ਚਾਹੁੰਦੀ ਆਂ, ਇਸ ਕਰਕੇ ਮੈਂ ਬੜੇ ਗੁੱਸੇ ਵਿੱਚ ਲਿਖਦੀ ਹਾਂ।



?..... ਆਪਣੀ ਜ਼ਾਤੀ ਹਯਾਤੀ ਬਾਰੇ ਦੱਸੋ, ਤੁਸਾਂ ਵਿਆਹ ਕੀਤਾ..... ?

·..... ਮੈਂ ਨਹੀਂ ਕੀਤਾ, ਮੇਰੇ ਮਾਂ ਪਿਉ ਨੇ ਮੇਰਾ ਵਿਆਹ ਕੀਤਾ।

?..... ਵਿਆਹ ਵੇਲੇ ਕਿੰਨੀ ਉਮਰ ਸੀ ਤੁਹਾਡੀ..... ?

·..... ਮੈਂ ਸੀ ਜੀ ਪੌਣੇ ਅਠਾਰਾਂ ਸਾਲਾਂ ਦੀ, ਸਤੰਬਰ ਵਿੱਚ ਮੇਰਾ ਵਿਆਹ ਹੋਇਆ। ਨਵੰਬਰ ਦੇ ਅੱਧ ਵਿੱਚ ਜਾਕੇ, ਮੈਂ ਪੂਰੇ ਅਠਾਰਾਂ ਵਰ੍ਹਿਆਂ ਦੀ ਹੋਈ ਕਿਤੇ ਜਾਕੇ। ਤੁਸੀਂ ਮੇਰੀ ਹੱਡਵਰਤੀ ਪੜ੍ਹ ਲਉ "ਖਾਨਾਬਦੋਸ਼', ਉਹਦੇ ਵਿੱਚੋਂ ਤੁਹਾਨੂੰ ਪਤਾ ਲੱਗੇਗਾ ਕਿ ਕਿਉਂ ਮੈਂ ਰੋਣਾ ਨਹੀਂ ਚਾਹੁੰਦੀ ਇਸ ਵੇਲੇ।

?..... ਅੱਛਾ ਤੇ ਲਿਖਦੇ ਤੁਸੀਂ ਓਦੋਂ ਓਂ ਜਦੋਂ ਤੁਹਾਡਾ ਰੂਹ ਕਰੇ..... ?

·..... ਹਾਂ, ਮੈਨੂੰ ਕੋਈ ਜ਼ਾਤੀ ਤਜ਼ਰਬਾ ਹੋਵੇ।

?..... ਕੋਈ ਇੰਸਪ੍ਰੈਸ਼ਨ (ਪ੍ਰੇਰਨਾ) ਹੋਵੇ..... ?

·..... ਨਹੀਂ ਇੰਸਪ੍ਰੈਸ਼ਨ ਵੀ ਨਹੀਂ। ਉੱਤੋਂ ਕੁਝ ਨਹੀਂ ਨਾ ਉੱਤਰਦਾ ਮੇਰੇ ਤੇ। ਉੱਤੋਂ ਕਵਿਤਾ ਉੱਤਰਦੀ ਏ ਕੁਝ ਲੋਕਾਂ ਨੂੰ।

?..... ਲਿਖਣ ਲੱਗਿਆਂ ਕੀ ਹਾਲ ਹੁੰਦਾ ਏ..... ?

·..... ਮੈਂ ਉਸ ਤਜ਼ਰਬੇ ਨੂੰ ਲਿਖਦੀ ਆਂ ਜਿਹੜਾ ਮੇਰੇ ਨਾਲ ਵਾਪਰੇ। ਮੈਨੂੰ ਹਿਲਾ ਦੇਵੇ।ਕਈ ਵਾਰੀ ਇਸ ਤਰ੍ਹਾਂ ਵੀ ਹੋਇਆ ਏ ਜੋ ਉਹ ਤਜ਼ਰਬਾ ਕਹਾਣੀ ਬਨਣ ਤੀਕਰ ਤੁਹਾਡੇ ਅੰਦਰ ਪਿਆ ਰਿਹਾ ਏ ਪੰਜ ਸਾਲ ਤੀਕਰ। ਕਹਾਣੀ ਬਨਣੀ ਵੀ ਤਾਂ ਹੁੰਦੀ ਏ ਨਾ। ਗੱਲ ਨੂੰ ਹੌਲੀ ਹੌਲੀ ਜੋੜਨਾ ਵੀ ਤੇ ਹੁੰਦਾ ਏ, ਕਿਉਂ ਜੁ ਉਹ ਤੇ ਹੱਡੀਆਂ ਦਾ ਢਾਂਚਾ ਹੁੰਦਾ ਏ। ਆਸੇ ਪਾਸੇ ਉਹਦੇ ਮਾਸ ਲਾਕੇ। ਉਹਨੂੰ ਬੋਲਣ ਵਾਲਾ ਬਣਾ ਕੇ, ਅੱਖਾਂ ਲਾਕੇ, ਬੰਦਾ ਬਣਾਕੇ ਤੋਰਨਾ ਏ ਨਾ ਉਹਨੂੰ।

?..... ਇਹੋ ਈ ਤੇ ਕਲਾ ਏ..... ?

·..... ਕਲਾ ਹੁੰਦੀ ਏ ਜ਼ਿੰਦਗੀ ਵਿੱਚ ਖ਼ੂਬਸੂਰਤੀ ਲਿਆਵਣ ਵਾਸਤੇ, ਉਹ ਮੈਂ ਵਰਤਦੀ ਆਂ। ਕਲਾ ਦਾ ਕੰਮ ਸੁੱਤੇ ਹੋਏ ਲੋਕਾਂ ਨੂੰ ਹਾਕ ਮਾਰ ਕੇ ਜਗਾਣ ਦਾ ਕੰਮ ਏ, ਹਰ ਥਾਵੇਂ ਕਲਾ ਦਾ ਕੰਮ ਇਹੋ ਈ ਏ। ਜਦ ਤੱਕ ਉਹ ਲੋਕਾਂ ਦੇ ਨਾਲ ਨਹੀਂ ਜੁੜਦੀ।ਮੈਂ ਉਹ ਤੇ ਨਹੀਂ ਕਹਿੰਦੀ ਮਾਰਕਸ ਨਾਲ ਨਹੀਂ ਜੁੜਦੀ। ਕਿਉਂ ਜੁ ਮੈਂ ਇੱਡੀ ਜ਼ੋਰ ਦੀ ਮਾਰਕਸਿਸਟ ਨਹੀਂ ਆਂ।ਮੈਂ ਕਹਿੰਨੀ ਆਂ ਜਦ ਤੱਕ ਲੋਕਾਂ ਨਾਲ, ਲੋਕਾਂ ਦੇ ਦੁੱਖ ਸੁੱਖ ਨਾਲ ਨਹੀਂ ਜੁੜਦੀ ਗੱਲ, ਗੱਲ ਨਹੀਂ। ਦੂਜੀ ਗੱਲ ਇਹ ਕਰਾਈਟੀਰੀਆ (ਕਸੌਟੀ) ਨਾ ਵੇ ਕਿ ਮਾਰਕਿਸਟ ਲਿਟਰੇਚਰ ਏ, ਪ੍ਰੋਗ੍ਰੈਸਿਵ ਲਿਟਰੇਚਰ ਏ ਨਾ ਇਹ ਵੇ ਕਿ ਕਿਹੜੇ ਇਜ਼ਮ ਵਿੱਚ ਫਿੱਟ ਹੁੰਦਾ ਏ। ਇਹਦੇ ਵਾਸਤੇ ਕਰਾਈਟੀਰੀਆ ਜਿਹੜਾ ਏ ਨਾ, ਮੈਂ ਤੇ ਜੱਟਕੀ ਗੱਲ ਕਰਦੀ ਆਂ, ਮੋਟੀ ਗੱਲ। ਤੁਹਾਡਾ ਪਾਠਕ ਜਿਹੜਾ ਏ ਨਾ, ਉਹ ਫ਼ੈਸਲਾ ਕਰਦਾ ਏ ਕਿ ਤੁਸੀਂ ਕਿੱਥੇ ਬੈਠੇ ਓਂ। ਫਿਰ ਇਹ ਏ ਕਿ ਲਿਟਰੇਚਰ ਉਹ ਈ ਜਿਹੜਾ ਪੰਜ ਸੌ ਸਾਲ ਬਾਅਦ ਤੱਕ ਜੀਵੇ, ਅੱਠ ਸੌ ਸਾਲ ਬਾਅਦ ਤੱਕ ਵੀ। ਬਾਬਾ ਫਰੀਦ ਦਾ ਨਾਂ ਆਇਆ ਏ ਨਾ। ਅੱਠ ਸੌ ਸਾਲ ਬਾਅਦ ਵੀ ਉਹਦੇ ਫਿਰ ਤੁਸੀਂ ਕੰਟੈਕਸਟ ਹੋਰ ਕੱਢੀ ਜਾਉ ਬੇਸ਼ੱਕ ਜੀਵਣਾ ਜੋ ਏ, ਜੀਵਣਾ ਕੋਈ ਛੱਪੜ ਤੇ ਹੈ ਨਹੀਂ। ਵਹਿੰਦਾ ਪਾਣੀ ਏ, ਬੰਦਾ ਵੀ ਵਹਿੰਦਾ ਪਾਣੀ ਏ। ਅੱਠ ਸੌ ਸਾਲ ਬਾਅਦ ਵੀ ਬੰਦਾ ਆਪਣੀ ਜ਼ਿੰਦਗੀ ਨਾਲ ਜੋੜ ਕੇ ਆਖੇ ਗੱਲ, ਤਾਂ ਬੰਦੇ ਨੇ ਠੀਕ ਕਹੀ।

**ਨਵੀਆਂ ਪੁਸਤਕਾਂ**

# ਲਹਿੰਦੇ ਪੰਜਾਬੀ ਸਮਾਜ ਦੀ ਸੰਵੇਦਨਾ ਦੇ ਬਿਰਤਾਂਤ
# ਤੂੰ ਘਰ ਚਲਾ ਜਾ ( ਪਾਕਿਸਤਾਨੀ ਕਹਾਣੀਆਂ)

**-ਪ੍ਰੋ ਜੇ ਬੀ ਸੇਖੋਂ**

ਮਕਸੂਦ ਸਾਕਿਬ ਪਾਕਿਸਤਾਨੀ ਪੰਜਾਬ ਦਾ ਚਰਚਿਤ ਸਾਹਿਤਕਾਰ ਹੈ। ਉਹ ਸ਼ਾਹਮੁਖੀ ਜ਼ੁਬਾਨ ਵਿਚ ਅਨੇਕਾਂ ਪੁਸਤਕਾਂ ਦੀ ਰਚਨਾ ਕਰ ਚੁੱਕਾ ਹੈ ਜਿਨ੍ਹਾਂ ਵਿਚ ਉਸਦੀ ਉਲੱਥਾਕਾਰੀ ਵੀ ਸ਼ਾਮਿਲ ਹੈ। ਵਿਦੇਸ਼ੀ ਜ਼ੁਬਾਨਾਂ ਤੋਂ ਕਹਾਣੀਆਂ ਨੂੰ ਸ਼ਾਹਮੁਖੀ ਵਿਚ ਉਲੱਥਣ ਸਮੇਤ ਅਰੁੰਧਤੀ ਰਾਏ ਦੀ ਪੁਸਤਕ ਵੀ ਉਸ ਵਲੋਂ ਅਨੁਵਾਦ ਕੀਤੀ ਜਾ ਚੁੱਕੀ ਹੈ। ਸਾਕਿਬ ਸੰਗੀਤ ਦੇ ਖੇਤਰ ਦੀਆਂ ਪ੍ਰਸਿੱਧ ਹਸਤੀਆਂ ਦੇ ਜੀਵਨ ਅਤੇ ਸੰਗੀਤ ਨੂੰ ਯੋਗਦਾਨ ਬਾਰੇ ਵੀ ਮੁੱਲਵਾਨ ਰਚਨਾਵਾਂ ਲਿਖ ਚੁੱਕਾ ਹੈ। ਇਸ ਤੋਂ ਇਲਾਵਾ ਉਸ ਵਲੋਂ ਵੱਖ ਵੱਖ ਸਾਹਿਤਕਾਰਾਂ ਨਾਲ ਕੀਤੀਆਂ ਮੁਲਾਕਾਤਾਂ ਵੀ ਉਸਦੀ ਰਚਨਾਵੀਂ ਵਿਰਾਸਤ ਦਾ ਇਕ ਹਿੱਸਾ ਹਨ। ਸਾਕਿਬ ਕਹਾਣੀ ਦੇ ਖੇਤਰ ਨਾਲ ਜੁੜਿਆ ਨਾਮ ਵੀ ਹੈ ਅਤੇ ਉਹ ਕਹਾਣੀ ਲਿਖਣ ਨੂੰ ਆਪਣਾ ਮੁੱਢਲਾ ਚਾਅ ਵੀ ਦੱਸਦਾ ਹੈ। ਇਸ ਪੁਸਤਕ ਵਿਚ ਸਾਕਿਬ ਦੀਆਂ ਵੀਹ ਕਹਾਣੀਆਂ ਦਰਜ ਹਨ ਜਿਨ੍ਹਾਂ ਨੂੰ ਡਾ. ਹਰਬੰਸ ਸਿੰਘ ਧੀਮਾਨ ਵਲੋਂ ਗੁਰਮੁਖੀ ਵਿਚ ਲਿਪੀਅੰਤਰ ਕੀਤਾ ਗਿਆ ਹੈ। ਡਾ. ਧੀਮਾਨ ਅਨੁਵਾਦ ਅਤੇ ਲਿਪੀਅੰਤਰ ਦੇ ਖੇਤਰ ਵਿਚ ਸਰਗਰਮ ਨਾਮ ਹੈ ਜਿਨ੍ਹਾਂ ਨੇ ਸ਼ਾਹਮੁਖੀ ਤੋਂ ਕਿਤਾਬਾਂ ਦੇ ਲਿਪੀਅੰਤਰ ਕਰਕੇ ਦੋਹਾਂ ਪੰਜਾਬਾਂ ਵਿਚਕਾਰ ਸਾਹਿਤ ਦੀ ਸਾਂਝ ਦਾ ਕਾਰਜ ਕੀਤਾ ਹੈ।

ਇਸ ਕਿਤਾਬ ਵਿਚ ਸਾਕਿਬ ਦੀਆਂ ਕਹਾਣੀਆਂ ਲਹਿੰਦੇ ਪੰਜਾਬ ਦੇ ਇਸਲਾਮੀ ਸਮਾਜ ਸਭਿਆਚਾਰ ਦੀ ਵਾਸਤਵਿਕਤਾ ਅਤੇ ਸੰਵੇਦਨਾ ਦਾ ਬਿਰਤਾਂਤ ਪੇਸ਼ ਕਰਦੀਆਂ ਹਨ। ਲਹਿੰਦੇ ਪੰਜਾਬ ਦੀ ਇਸਲਾਮੀ ਰਹਿਤਲ ਦੇ ਭਰਵੇਂ ਦ੍ਰਿਸ਼ ਇਸ ਕਹਾਣੀ ਦਾ ਅਹਿਮ ਹਾਸਿਲ ਹਨ। ਇਹ ਦ੍ਰਿਸ਼ ਕਿਸੇ ਵੇਲੇ ਸਮੁੱਚੀ ਪੰਜਾਬੀ ਸਾਹਿਤ ਦਾ ਕੇਂਦਰ ਹੋਇਆ ਕਰਦੇ ਸਨ ਪਰ ਵੰਡ ਦੇ ਸੰਤਾਪ ਪਿਛੋਂ ਸਾਹਿਤ ਦਾ ਹੋਇਆ ਉਜਾੜਾ ਵੀ ਪੰਜਾਬੀ ਕੌਮ ਦੀ ਸਰਬ ਸਾਂਝੀ ਸੰਵੇਦਨਾ ਤੋਂ ਵਿੱਥ ਥਾਪਦਾ ਰਿਹਾ ਹੈ। ਇਹ ਖੁਸ਼ਕਿਸਮਤੀ ਹੈ ਕਿ ਪੰਜਾਬੀ ਸਾਹਿਤ ਨੇ ਦੋਹਾਂ ਪੰਜਾਬਾਂ ਵਿਚਕਾਰ ਫਿਰਕੂ ਰੰਗਤ ਨੂੰ ਘਟਾਉਣ ਅਤੇ ਪੰਜਾਬੀ ਸੰਵੇਦਨਾ ਦੀ ਸਾਂਝ ਸਥਾਪਿਤ ਕਰਨ ਦੀ ਗੱਲ ਕੀਤੀ ਹੈ। ਅਸਲ ਵਿਚ ਪੰਜਾਬੀਅਤ ਦੀ ਸਮੁੱਚੀ ਦ੍ਰਿਸ਼ਕਾਰੀ ਲਈ ਲਹਿੰਦੇ ਪੰਜਾਬ ਦੀ ਸਮਾਜਿਕ ਸੰਵੇਦਨਾ ਨੂੰ ਦਰਕਿਨਾਰ ਕੀਤਾ ਹੀ ਨਹੀਂ ਜਾ ਸਕਦਾ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਲੇਖਣੀ ਵਿਚ ਮਾਨਵਤਾ ਅਤੇ ਅਗਾਂਹਵਧੂ ਸਾਹਿਤ ਦ੍ਰਿਸ਼ਟੀ ਨੂੰ ਪਹਿਲ ਹੈ ਜਦ ਕਿ ਸਿਆਸਤ ਨੇ ਧਰਮ ਅਤੇ ਖੇਤਰ ਦਾ ਚੋਲਾ ਪਾ ਕੇ ਇਸ ਮਾਨਵਤਾ ਦਾ ਹਮੇਸ਼ਾ ਘਾਣ ਕੀਤਾ ਹੈ। ਮਕਸੂਦ ਸਾਕਿਬ ਦੀ ਕਥਾ ਦ੍ਰਿਸ਼ਟੀ ਵੀ ਇਸੇ ਮਾਨਵਤਾਵਾਦੀ ਅਤੇ ਅਗਾਂਹਵਧੂ ਚਿੰਤਨ ਵਾਲੀ ਹੈ। ਉਹ 1947 ਦੇ ਉਜਾੜੇ ਨਾਲ ਸਬੰਧਤ ਚਾਰ ਕਹਾਣੀਆਂ ਇਸ ਪੁਸਤਕ ਵਿਚ ਦਰਜ ਕਰਦਾ ਹੈ ਜਿਨ੍ਹਾਂ ਵਿਚ ਸੰਤਾਲੀ ਦੇ ਉਜਾੜੇ ਦੀ ਭੰਨੀ ਪੰਜਾਬੀ ਸੰਵੇਦਨਾ ਦੇ ਬੜੇ ਭਾਵਪੂਰਤ ਦ੍ਰਿਸ਼ ਪੇਸ਼ ਕੀਤੇ ਗਏ ਹਨ।

'ਤੇ ਪਾਕਿਸਤਾਨ ਬਣ ਗਿਆ' ਵਰਗੀ ਕਹਾਣੀ ਵਿਚ ਪਾਕਿਸਤਾਨ ਬਣਨ ਤੋਂ ਇਕ ਸਾਲ ਬਾਅਦ ਕਿਸੇ ਹਿੰਦੂ ਵਲੋਂ ਭੇਸ ਲੁਕਾ ਕੇ ਬੱਸ ਵਿਚ ਸਫ਼ਰ ਕਰਦਿਆਂ ਇਕ ਫਿਰਕੂ ਮੁਸਲਮਾਨ ਵਲੋਂ ਉਸਦਾ ਸ਼ਰੇਆਮ ਕਤਲ ਕਰ ਦੇਣਾ ਪਾਠਕਾਂ ਨੂੰ ਝੰਜੋੜ ਦਿੰਦਾ ਹੈ। ਬੱਸ ਵਿਚ ਸਫਰ ਕਰਦੀ



ਇਕ ਸਵਾਰੀ ਵਲੋਂ ਕਿਹਾ ਇਹ ਵਾਰਤਾਲਾਪ ਅਨੇਕਾਂ ਅਰਥਾਂ ਨਾਲ ਪਾਠਕਾਂ ਦੀ ਸੋਚ ਨੂੰ ਜ਼ਰਬ ਦੇ ਦਿੰਦਾ ਹੈ,

" ਖ਼ਬਰੇ ਅਜੇ ਵੀ ਕਿੰਨੇ ਕੋ ਭੇਸ ਵਟਾਈ ਬੈਠੇ ਨੇਂ . . . ਕਿਸੇ ਹੌਕਾ ਭਰ ਕੇ ਦੋਵੇਂ ਹੱਥ ਮੇਲਦਿਆਂ ਉੱਚੀ ਸਾਰੀ ਕਿਹਾ-

1947 ਦੇ ਦੁਖਾਂਤ ਨਾਲ ਸਬੰਧਤ ਇਕ ਕਹਾਣੀ 'ਰਲੀ' ਵਿਚ ਇਕ ਬਜ਼ੁਰਗ ਔਰਤ ਦੀ ਮਨੋ ਦਸ਼ਾ ਦਾ ਭਾਵਪੂਰਤ ਬਿਰਤਾਂਤ ਪੇਸ਼ ਹੋਇਆ ਹੈ। ਆਪਣੀ ਧਰਤੀ 'ਤੇ 'ਪਨਾਹਗੀਰ' ਬਣ ਕੇ ਵਿਚਰਨ ਵਾਲੀ ਖੰਡਿਤ ਮਾਨਸਿਕਤਾ ਇਸ ਕਹਾਣੀ ਦਾ ਹਾਸਿਲ ਹੈ ਜੋ ਕਿ ਰਲੀ ਨਾਮ ਦੀ ਬਜ਼ੁਰਗ ਔਰਤ ਦੀ ਮਨਬਚਨੀ ਨਾਲ ਪੇਸ਼ ਹੋਈ ਹੈ। ਵੰਡ ਦੇ ਉਜਾੜੇ ਵਿਚ ਰਲੀ ਵਰਗੀ ਔਰਤ ਜਦੋਂ ਸਭ ਕੁਝ ਗੁਆ ਬੈਠਦੀ ਹੈ ਤਾਂ ਉਸਦੇ ਦਰਦ ਭਰੇ ਅੰਤਲੇ ਬੋਲ ਕਹਾਣੀ ਦੀ ਫਿਜ਼ਾ ਨੂੰ ਦੁਖਾਂਤਕ ਬਣਾ ਦਿੰਦੇ ਹਨ। ਇਹ ਬੋਲ ਉਜਾੜੇ ਦਾ ਕਾਰਨ ਲੱਭਦੇ ਹਨ,

"ਕਈ ਵਾਰ ਰਾਤਾਂ ਨੂੰ ਜਾਗ ਕੇ ਵੀ ,ਪਰ ਮੈਨੂੰ ਸਮਝ ਨਹੀਂ ਆਉਂਦੀ। ਪਰ ਕੀ ਕਰਾਂ ਸੋਚ ਮੇਰੀ ਜਾਨ ਨਹੀਂ ਛੱਡਦੀ। ਲੱਗਦਾ ਏ ਮੋਇਆਂ ਵੀ ਏਸ ਸੁਖ ਨਹੀਂ ਲੈਣ ਦੇਣਾ। ਤੂੰ ਆਖੇਂ ਗੀਂ ਇਹਨੂੰ ਐਡੀ ਕਿਹੜੀ ਸੋਚ ਹੋ ਸਕਦੀ ਧੋਬਣ ਜਾਤ ਨੂੰ. . . ਆਹੋ ਠੀਕ ਏ। ਚੱਲ ਤੂੰ ਈ ਦੱਸ ਮੈਨੂੰ,ਸਾਡੇ ਉਜਾੜੇ ਖੁਣੋਂ ਕੂ ਥੁੜਿਆ ਸੀ ਇਹਨਾਂ ਦਾ ? "

ਮਕਸੂਦ ਸਾਕਿਬ ਕੋਲ ਕਹਾਣੀ ਕਹਿਣ ਦਾ ਆਪਣਾ ਹੁਨਰ ਹੈ। ਜ਼ਿਆਦਾਤਰ ਅਨਯਪੁਰਖੀ ਸ਼ੈਲੀ ਵਾਲੀਆਂ ਉਸਦੀਆਂ ਕਹਾਣੀਆਂ ਨਿੱਕੀ ਕਹਾਣੀ ਦੀ ਰਮਜ਼ੀ ਅਤੇ ਸੈਨਤਾਂ ਭਰੀ ਸ਼ਿਲਪ ਕਲਾ ਦੇ ਅਨੁਕੂਲ ਹਨ। ਪਾਕਿਸਤਾਨੀ ਪੰਜਾਬੀ ਸਾਹਿਤ ਜਿਸ ਕਿਸਮ ਦੇ ਪ੍ਰਤੀਕ ਅਤੇ ਚਿੰਨ੍ਹ ਪ੍ਰਬੰਧ ਨਾਲ ਆਪਣਾ ਸੁਹਜ ਸੰਚਾਰ ਕਰਦਾ ਹਾ ਸਾਕਿਬ ਦੀ ਕਥਾਕਾਰੀ ਉਸ ਤੋਂ ਅਭਿੱਜ ਨਹੀਂ। ਲੇਖਕ ਆਪਣੀ ਭਾਸ਼ਾ ਅਤੇ ਸੰਸਕ੍ਰਿਤੀ ਦੇ ਮਾਣਮੱਤੇ ਵਿਰਸੇ ਨੂੰ ਅਗਲੀ ਪੀੜ੍ਹੀ ਤੱਕ ਲਿਜਾਉਣ ਲਈ ਵਚਨਬੱਧ ਹੈ। ਲਫ਼ਜ਼ਾਂ ਦੀ ਤਾਕਤ ਕਹਾਣੀ ਦੁਆਰਾ ਉਹ ਫਿਰੰਗੀਆਂ ਦੇ ਰਾਜ ਵੇਲੇ ਜਬਰੂ ਅਤੇ ਨਿਜ਼ਾਨ ਨਾਮ ਦੇ ਦੋ ਵਿਦਰੋਹੀਆਂ ਦਾ ਬਿਰਤਾਂਤ ਸੁਣਾ ਕੇ ਅਗਲੀ ਪੀੜ੍ਹੀ ਨੂੰ ਨਾਬਰੀ ਦੀ ਵਿਰਾਸਤ ਸੌਂਪਣ ਵਾਲੀ ਕਥਾ ਦ੍ਰਿਸ਼ਟੀ ਦਾ ਸੰਚਾਰ ਕਰਦਾ ਹੈ। ਬਿਰਤਾਂਤਕਾਰ ਆਪਣੀ ਨਾਨੀ ਤੋਂ ਬਸਤੀਵਾਦੀ ਹਾਕਮਾਂ ਨੂੰ ਚੁਣੌਤੀ ਦਿੰਦੇ ਰਹੇ ਬਾਰ ਦੇ ਡਾਕੂਆਂ ਦੇ ਬਿਰਤਾਂਤ ਸੁਣਦਾ ਹੈ । ਅਜਿਹੀ ਨਾਬਰੀ ਅਤੇ ਕ੍ਰਾਂਤੀਕਾਰੀ ਬਿਰਤਾਂਤਕਾਰੀ ਨੂੰ ਆਪਣੀ ਭਾਸ਼ਾ ਦੇ ਮਾਧਿਅਮ ਨਾਲ ਸੁਣਾਉਣਾ ਉਸ ਬਜ਼ਰਗ ਔਰਤ ਲਈ ਹੋਰ ਮਾਣਮੱਤਾ ਬਣਦਾ ਹੈ। ਬਜ਼ੁਰਗ ਔਰਤ ਇਨ੍ਹਾਂ ਲਫ਼ਜ਼ਾਂ ਦੀ ਤਾਕਤ ਤੋਂ ਵਾਕਿਫ਼ ਹੈ। ਉਸ ਦਾ ਇਹ ਉਚਾਰ ਕਹਾਣੀ ਦੀ ਜਿਦਜਾਨ ਬਣ ਜਾਂਦਾ ਹੈ,

" ਬੱਸ ਲਫ਼ਜ਼ ਨਾ ਵਿਸਰਨ ਤੈਨੂੰ ਲਫ਼ਜ਼ ਵਿਸਰੇ ਤਾਂ ਚੇਤਾ ਗਵਾਚ ਜਾਈਦਾ ਹੈ। ਚੇਤੇ ਬਿਣਾ ਤੇ ਬੰਦੇ ਦੀ ਜੜ੍ਹ ਮੁਣਿਆਦ ਈ ਖੇਹ ਹੋ ਜਾਂਦੀ ਏ ਉਸ ਅਜੋਕੀ ਭਲਕ ਕੀ ਵੇਖਣੀ । ਜਬਰੂ ਨਿਜਾਮ ਸਾਡਾ ਕਲੌਂਕ ਸਨ। ਉਨ੍ਹਾਂ ਬਿਨ੍ਹਾਂ ਨਾ ਸਾਡਾ ਹੁਣ ਏ ਨਾ ਸਾਡਾ ਅਗੋਂ। ਸ਼ਰਤ ਇੱਕਾ ਏ ਜੇ ਸਾਡੀ ਬੋਲੀ ਸਾਨੂੰ ਇਹ ਦੱਸੇ ਤਾਂ. . . "

ਸਾਕਿਬ ਦੀਆਂ ਅਨੇਕਾਂ ਕਹਾਣੀਆਂ ਵਿਚ ਕੁਝ ਜੀਵਨ ਮੁੱਲ ਅਤੇ ਉਸਾਰੂ ਕਦਰਾਂ ਕੀਮਤਾਂ ਬਿਰਤਾਂਤ ਦੀ ਸਤ੍ਹਾ 'ਤੇ ਨਸ਼ਰ ਹੋਈਆਂ ਮਿਲਦੀਆਂ ਹਨ। ਜਿਵੇਂ ਸੂਫ਼ੀ ਚਿੰਤਨ 'ਇਸਲਾਮ' ਦੀਆਂ ਕੱਟੜ ਰਵਾਇਤਾਂ ਤੋਂ ਨਾਬਰ ਰਹਿ ਕੇ ਮਨੁੱਖ ਨੂੰ ਨੈਤਿਕਤਾ ਭਰਿਆ ਅਮਲੀ ਜੀਵਨ ਜੀਉਣ ਦੀ ਪ੍ਰੇਰਨਾ ਦਿੰਦਾ ਰਿਹਾ ਹੈ। ਅਜਿਹਾ ਪ੍ਰਗਟਾਵਾ ਸਾਕਿਬ ਦੀ ਇਕ ਕਹਾਣੀ 'ਪਾਗਲ' ਵਿਚ ਮਿਲਦਾ ਹੈ ਜਿੱਥੇ ਹਸਨਦੀਨ ਨਾਂ ਦਾ ਪਾਤਰ ਸ਼ਰੀਅਤ ਦੇ ਨਿਯਮਾਂ ਤੋਂ ਬਾਗੀ ਹੋ ਕੇ ਮਿਹਨਤ

ਮਜ਼ਦੂਰੀ ਕਰਨ ਅਤੇ ਖੁਦਾ ਦਾ ਸੱਚਾ ਪੱਕਾ ਬੰਦਾ ਬਣ ਕੇ ਰਹਿਣ ਦੀ ਦ੍ਰਿਸ਼ਟੀ ਦਾ ਵਾਹਕ ਬਣਦਾ ਹੈ। ਅਜਿਹੀਆਂ ਹੀ ਹੋਰ ਕਹਾਣੀਆਂ ਵਿਚ ਪਾਕਿਸਤਾਨੀ ਸਮਾਜ ਦੀਆਂ ਬੇਤਰਤੀਬੀਆਂ ਪੇਸ਼ ਕਰਕੇ ਲੇਖਕ ਅਗਾਂਹਵਧੂ ਦ੍ਰਿਸ਼ਟੀ ਰੱਖਦਾ ਆਪਣੀ ਕਥਾਕਾਰੀ ਨੂੰ ਸਮਾਜਿਕ ਸਰੋਕਾਰਾਂ ਨਾਲ ਜੋੜੀ ਰੱਖਦਾ ਹੈ।ਮਕਸੂਦ ਦੀਆਂ ਕਹਾਣੀਆਂ ਦੇ ਪਾਤਰ ਮੌਲਿਕ ਅਤੇ ਸਹਿਜ ਜੀਵਨ ਜਾਂਚ ਵਾਲੇ ਹਨ। ਇਨ੍ਹਾਂ ਦਾ ਯਥਾਰਥਕ ਸਰੂਪ ਕਹਾਣੀ ਦੇ ਸਮੁੱਚੇ ਬਿਰਤਾਂਤਕ ਸੰਗਠਨ ਦੀ ਜਿੰਦ ਜਾਨ ਬਣਿਆ ਰਹਿੰਦਾ ਹੈ। ਲੇਖਕ ਕਹਾਣੀ ਦਾ ਨਿੱਕਾ ਆਕਾਰ ਰੱਖ ਕੇ ਵੱਡਾ ਪ੍ਰਭਾਵ ਪਾਉਣ ਵਾਲੀ ਕਥਾ ਦ੍ਰਿਸ਼ਟੀ ਨਾਲ ਪਾਠਕਾਂ ਨੂੰ ਸੰਮੋਹਿਤ ਕਰ ਲੈਂਦਾ ਹੈ। ਨਾਟਕੀ ਮਾਹੌਲ ਅਤੇ ਵਾਰਤਾਲਾਪੀ ਹੁਨਰ ਨਾਲ ਉਸਦੀ ਕਹਾਣੀ ਆਪਣੀ ਪੜ੍ਹਨਯੋਗਤਾ ਬਣਾਈ ਰੱਖਦੀ ਹੈ।ਪਾਕਿਸਤਾਨੀ ਪੰਜਾਬੀ ਕਹਾਣੀ ਦਾ ਇਕ ਪਛਾਣ ਚਿੰਨ੍ਹ ਹੈ ਕਿ ਇਸ ਅੰਦਰ ਕਥਾ-ਚਿੰਨ੍ਹ ਅਤੇ ਪ੍ਰਤੀਕ ਬਹੁਤ ਖ਼ੂਬਸੂਰਤੀ ਨਾਲ ਵਰਤੇ ਮਿਲਦੇ ਹਨ ।ਸਾਕਿਬ ਵੀ ਇਸੇ ਪਰੰਪਰਾ ਨੂੰ ਨਿਭਾਉਂਦਾ ਹੈ ਪਰ ਉਹ ਕਹਾਣੀ ਵਿਚ ਅਖੌਤੀ ਅਮੂਰਤਵਾਦ ਦੇ ਦੋਸ਼ਾਂ ਤੋਂ ਬਚਿਆ ਰਹਿੰਦਾ ਹੈ ਜਿਸ ਨਾਲ ਅਰਥਾਂ ਦੀਆਂ ਬਹੁਅਰਥੀ ਧੁਨੀਆਂ ਸਪੱਸ਼ਟ ਦਿਖਾਈ ਪੈਂਦੀਆਂ ਹਨ। ਲਿਪੀਅੰਤਰ ਕਰਤਾ ਹਰਬੰਸ ਸਿੰਘ ਧੀਮਾਨ ਨੇ ਬੜੀ ਮਿਹਨਤ ਨਾਲ ਸ਼ਾਹਮੁਖੀ ਤੋਂ ਗੁਰਮੁਖੀ ਲਿਪੀਅੰਤਰ ਕਰਕੇ ਲਹਿੰਦੇ ਪੰਜਾਬ ਦੀ ਕਥਾ-ਰੂਹ ਨੂੰ ਚੜ੍ਹਦੇ ਪੰਜਾਬ ਤੱਕ ਪੁਜਾਇਆ ਹੈ।

## ਭੋਲਾ ਸਿੰਘ ਸੰਘੇੜਾ:- ਜੰਗਲੀ ਗੁਲਾਬ
## ਮੁੱਲ 180/-, ਪੰਨੇ: 128
## ਪ੍ਰਕਾਸ਼ਕ: ਲੋਕ ਰੰਗ ਪ੍ਰਕਾਸ਼ਨ, ਬਰਨਾਲਾ

**-ਡਾ. ਪਰਗਟ ਸਿੰਘ ਟਿਵਾਣਾ**

ਭੋਲਾ ਸਿੰਘ ਸੰਘੇੜਾ ਪੰਜਾਬੀ ਕਹਾਣੀ ਜਗਤ ਦਾ ਹੌਲੀ ਚਾਲੇ ਸਸ਼ੱਕਤ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਹੈ। ਲੇਖਕ ਹੁਣ ਤੱਕ 'ਹਾਲੇ ਓਏ ਦੁਲਿਆ', 'ਇਹ ਜੰਗ ਕੌਣ ਲੜੇਗਾ', 'ਜ਼ਹਿਰ ਦੀ ਘੁੱਟ', 'ਰੇਤ ਦੀਆਂ ਕੰਧਾਂ' ਕਹਾਣੀ ਸੰਗ੍ਰਹਿ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕਿਆ ਹੈ। ਜੰਗਲੀ ਗੁਲਾਬ (ਸ਼ਬਦ-ਚਿੱਤਰ) ਭੋਲਾ ਸਿੰਘ ਸੰਘੇੜਾ ਦੀ ਨਵੀਂ ਪੁਸਤਕ ਹੈ। ਪੰਜਾਬੀ ਸਾਹਿਤ 'ਚ ਰੇਖਾ ਚਿੱਤਰ/ਸ਼ਬਦ ਚਿੱਤਰ ਦੀ ਵਿਧਾ ਕਾਫੀ ਪ੍ਰਚਲਿਤ ਅਤੇ ਪ੍ਰਵਾਨੀ ਗਈ ਵਿਧਾ ਹੈ ਪਰ ਪਿਛਲੇ ਕੁੱਝ ਅਰਸੇ ਤੋਂ ਇਸ ਵਿਧਾ 'ਚ ਲਿਖਣ, ਪੜ੍ਹਨ ਵਾਲਿਆਂ ਦਾ ਸੋਕਾ ਜਿਹਾ ਹੀ ਰਿਹਾ ਹੈ।ਕੁੱਝ ਸਮਾਂ ਪਹਿਲਾਂ ਕਿਰਪਾਲ ਕਜ਼ਾਕ ਦੀ 'ਜੁਗਨੂਆਂ ਦੀ ਵਹਿੰਗੀ' ਤੋਂ ਬਾਅਦ ਮੇਰੀ ਨਜ਼ਰ 'ਚ ਇਹ ਰੇਖਾ ਚਿੱਤਰਾਂ ਦੀ ਦੂਜੀ ਪੁਸਤਕ ਹੈ।ਲੇਖਕ ਸਾਹਿਤ ਦਾ ਮੱਕਾ ਕਹੇ ਜਾਂਦੇ ਬਰਨਾਲੇ ਦੀਆਂ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਦੇ ਨੇੜੇ ਵਿਚਰਨ, ਉਹਨਾਂ ਨੂੰ ਜਾਨਣ ਦੇ ਨਿੱਜੀ ਅਨੁਭਵਾਂ ਨੂੰ ਇਨ੍ਹਾਂ ਰੇਖਾ ਚਿੱਤਰਾਂ 'ਚ ਸਾਕਾਰ ਕਰਦਾ ਹੈ। ਲੇਖਕ ਰਾਮ ਸਰੂਪ ਅਣਖੀ ਦੇ ਮਲਵਈ ਸੁਭਾਅ ਦੀਆਂ ਕਈ ਪਰਤਾਂ ਫਰੋਲਦਾ ਹੈ।ਉੱਥੇ ਸਮਾਜ ਸੇਵੀ ਤੇ ਸਾਹਿਤਕ ਰੁੱਚੀਆਂ ਵਾਲੇ ਮਹੰਤ ਮਾਧਵਾ ਨੰਦ ਦਾ ਰੇਖਾ ਚਿੱਤਰ ਉਲੀਕਦਾ ਸੰਤ/ਮਹੰਤ/ਸਾਧ ਦੇ ਕਿਰਦਾਰ ਦੀਆਂ ਉਹ ਗੱਲਾਂ ਸਾਹਮਣੇ ਲਿਆਉਂਦਾ ਹੈ ਜਿਨ੍ਹਾਂ ਦਾ ਜ਼ਿਕਰ ਪੰਜਾਬੀ ਸਾਹਿਤ 'ਚ ਨਾ-ਮਾਤਰ ਹੀ ਹੋਇਆ ਹੈ। ਹਰਪਾਲ ਸਿੰਘ ਜਖੇਪਲ (ਚਿੱਤਰਕਾਰ) ਸਰਬਜੀਤ ਔਲਖ (ਨਾਟਕਕਾਰ) ਦੇ ਸ਼ਬਦ ਚਿੱਤਰ ਉਲੀਕਦਾ ਲੇਖਕ ਦੋਵਾਂ ਦੇ ਜੀਵਨ ਸੰਘਰਸ਼, ਸਿਰੜ, ਸਾਹਿਤਕ ਸਮਝ ਨੂੰ ਬਾਖ਼ੂਬੀ ਪੇਸ਼ ਕਰਦਾ ਹੈ।ਪ੍ਰੋ. ਪ੍ਰੀਤਮ ਸਿੰਘ ਰਾਹੀ ਅਤੇ ਡਾ. ਟੀ.ਆਰ. ਵਿਨੋਦ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਨਵੇਂ ਲੇਖਕਾਂ ਨੂੰ ਹੌਸਲਾ ਦੇ



ਕੇ ਸਾਹਿਤਕ ਪਿੜ ਵਿੱਚ ਖੜ੍ਹਨ ਦੇ ਕਾਬਿਲ ਬਣਾਉਣ ਦੇ ਯਤਨਾਂ ਨੂੰ ਲੇਖਕ ਮਾਰਮਿਕ ਲਹਿਜ਼ੇ 'ਚ ਪੇਸ਼ ਕਰਦਾ ਹੈ। ਅਜੀਤ ਸਿੰਘ ਪੱਖੋ ਦੇ ਲੋਕ ਭਲਾਈ ਹਿੱਤ ਕੀਤੇ ਕਾਰਜ ਅਤੇ ਮੰਟੋ ਦੇ ਸਾਹਿਤ ਅਤੇ ਉਸਦੀ ਸ਼ਖ਼ਸੀਅਤ ਦੀਆਂ ਸਮੇਂ ਤੋਂ ਪਾਰ ਵਿਚਰਨ ਦੀਆਂ ਗੱਲਾਂ ਨੂੰ ਤਰੋ-ਤਾਜ਼ਾ ਕਰਦਾ ਹੈ। ਲੇਖਕ ਸਿਰਫ਼ ਸਥਾਪਿਤ ਵਿਅਕਤੀਆਂ/ਸਾਹਿਤਕਾਰਾਂ ਦੇ ਰੇਖਾ ਚਿੱਤਰ ਹੀ ਨਹੀਂ ਉਲੀਕਦਾ ਸਗੋਂ ਮਹੰਤ ਮਾਧਵਾ ਨੰਦ ਦਾ ਰੇਖਾ ਚਿੱਤਰ ਉਸਾਰ ਕੇ ਲੋਕ-ਮਨਾਂ 'ਚ ਸਥਾਪਿਤ ਕਰਨ ਦੀ ਸਮਰੱਥਾ ਰੱਖਦਾ ਹੈ। ਭੋਲਾ ਸਿੰਘ ਸੰਘੇੜਾ ਇਨ੍ਹਾਂ ਰੇਖਾ ਚਿੱਤਰਾਂ ਰਾਹੀਂ ਜਿੱਥੇ ਇਨ੍ਹਾਂ ਵਿਅਕਤੀਆਂ/ਸਾਹਿਤਕਾਰਾਂ ਦੀ ਸਾਹਿਤਕ ਸਮਝ ਨੂੰ ਵਡਿਆਉਂਦਾ ਹੈ ਉੱਥੇ ਇਨ੍ਹਾਂ ਦੇ ਕਿਰਦਾਰ/ਸੁਭਾਅ ਦੀਆਂ ਕਈ ਪਰਤਾਂ ਫਰੋਲਦਾ ਹੈ ਜਿਨ੍ਹਾਂ ਬਾਰੇ ਪਾਠਕ ਜਾਨਣ ਦੀ ਜਗਿਆਸਾ ਰੱਖਦਾ ਹੈ।

## ਹਾਸ਼ੀਆਗਤ ਲੋਕਾਂ ਦੀ ਤ੍ਰਾਸਦਿਕ ਵੇਦਨਾ:- ਕੁੰਭੀ ਨਰਕ

ਭਾਰਤੀ ਸਮਾਜਕ ਵਿਵਸਥਾ ਵਿੱਚ ਲੋਕਾਈ ਦੇ ਇੱਕ ਵੱਡੇ ਵਰਗ ਨੂੰ ਹਾਸ਼ੀਏ 'ਤੇ ਧਕੇਲਿਆ ਗਿਆ।ਲੰਮੇ ਸਮੇਂ ਤੋਂ ਇਸ ਵਰਗ ਦੇ ਲੋਕ ਅਨੇਕਾਂ ਔਕੜਾਂ, ਦੁਸ਼ਵਾਰੀਆਂ ਨੂੰ ਸਹਿੰਦੇ ਜ਼ੁਲਮ ਦਾ ਸ਼ਿਕਾਰ ਹੁੰਦੇ ਰਹੇ ਤੇ ਹੁਣ ਵੀ ਹੋ ਰਹੇ ਹਨ। ਸਮੇਂ-ਸਮੇਂ ਚੱਲੀਆਂ ਅਨੇਕਾਂ ਧਾਰਮਿਕ, ਰਾਜਨੀਤਕ ਤੇ ਸਮਾਜਕ ਲਹਿਰਾਂ ਨੇ ਇਸ ਵਰਗ ਦੇ ਲੋਕਾਂ ਨੂੰ ਇਹਨਾਂ ਕਰੂਰ ਪ੍ਰਸਥਿਤੀਆਂ ਦੇ ਜੰਜਾਲ ਤੋਂ ਮੁਕਤ ਕਰਵਾਉਣ ਦੇ ਯਤਨ ਕੀਤੇ ਪਰ ਹਰੇਕ ਲਹਿਰ ਦੀਆਂ ਆਪਣੀਆਂ ਸੀਮਾਵਾਂ ਤੇ ਸੰਭਾਵਨਾਵਾਂ ਸਨ ਜਿਸ ਕਾਰਨ ਅੱਜ ਸਦੀਆਂ ਬਾਅਦ ਵੀ ਇਸ ਵਰਗ ਦੀ ਸਥਿਤੀ ਤ੍ਰਾਸਦਿਕ ਬਣੀ ਹੋਈ ਹੈ।ਹੁਣ/ਸਮਕਾਲ ਦੀ ਮੁੱਖ ਸਮੱਸਿਆ ਇਹ ਹੈ ਕਿ ਇਸ ਵਰਗ ਦੇ ਲੋਕ ਆਪਣੇ ਹੱਕਾਂ/ਅਧਿਕਾਰਾਂ ਪ੍ਰਤੀ ਜਾਗਰੂਕ ਤਾਂ ਹੋਏ ਹਨ ਪਰ ਆਪਸੀ ਅੰਤਰ-ਵਿਰੋਧਾਂ ਕਾਰਣ ਸ਼ੋਸ਼ਣ ਕਰਤਾ ਧਿਰ ਵਿੱਧ ਲਾਮਬੰਧ ਨਹੀਂ ਹੋ ਪਾ ਰਹੇ। ਭਗਵੰਤ ਰਸੂਲਪੁਰੀ ਦਾ ਦਲਿਤ ਵਰਗ ਦੀਆਂ ਮੁਸ਼ਕਿਲਾਂ, ਸਮੱਸਿਆਵਾਂ ਨੂੰ ਨੇੜਿਓ ਦੇਖਣ, ਜਾਨਣ, ਮਹਿਸੂਸ ਕਰਨ ਅਤੇ ਹੱਡੀ-ਹੰਢਾਏ ਅਨੁਭਵ ਹੋਣ ਕਾਰਨ, ਉਸ ਦੇ ਕਥਾ ਸਾਹਿਤ ਦਾ ਬਹੁਤਾ ਹਿੱਸਾ ਇਹ ਹਾਸ਼ੀਆਗਤ ਲੋਕ ਬਣਦੇ ਹਨ। ਲੇਖਕ ਇਸ ਵਰਗ ਦੀ ਵੇਦਨਾ, ਸੰਵੇਦਨਾ, ਮੁਸ਼ਕਿਲਾਂ, ਸੰਘਰਸ਼, ਹੀਣ ਭਾਵਨਾ, ਦਵੰਦਆਤਮਕਤਾ ਨੂੰ ਆਪਣੀਆਂ ਕਹਾਣੀਆਂ ਵਿੱਚ ਬਾਖ਼ੂਬੀ ਚਿਤਰਦਾ ਹੈ। ਕੁੰਭੀ ਨਰਕ (ਕਹਾਣੀ ਸੰਗ੍ਰਹਿ-2017) ਲੇਖਕ ਦਾ ਨਵਾਂ ਪ੍ਰਕਾਸ਼ਤ ਕਹਾਣੀ ਸੰਗ੍ਰਹਿ ਹੈ। ਜਿਸ ਦੀਆਂ ਕੁੱਝ ਕਹਾਣੀਆਂ ਤਾਂ ਪਹਿਲਾਂ ਹੀ ਨਾਮਵਰ ਪਰਚਿਆ 'ਚ ਛਪ ਕੇ ਨਾਮਣਾ ਖੱਟ ਚੁੱਕੀਆਂ ਹਨ ਅਤੇ 'ਧੂੜ' ਕਹਾਣੀ ਉੱਪਰ ਰਾਜੀਵ ਦੁਆਰਾ ਨਿਰਦੇਸ਼ਤ ਫਿਲਮ 'ਚੰਮ' ਵੀ ਬਣ ਚੁੱਕੀ ਹੈ।ਇਹਨਾਂ ਸਾਰੀਆਂ ਕਹਾਣੀਆਂ ਦਾ ਕੇਂਦਰੀ ਸੂਤਰ ਤਾਂ ਭਾਵੇਂ ਹਾਸ਼ੀਆਗਤ ਲੋਕ ਹਨ ਪਰ ਲੇਖਕ ਪ੍ਰਵਾਸ ਫੇਰੀ ਦੇ ਨਿੱਜੀ ਅਨੁਭਵਾਂ ਨੂੰ ਬਲੈਕ ਡਸਟਬਿਨ ਕਹਾਣੀ ਰਾਹੀਂ ਸਾਕਾਰ ਕਰਦਾ ਹੈ।

'ਕੁੰਭੀ ਨਰਕ' ਬਾਲਮੀਕੀ ਸਮਾਜ ਨੂੰ ਦਰਪੇਸ਼ ਸਮਾਜਕ, ਰਾਜਨੀਤਕ, ਧਾਰਮਿਕ ਤੇ ਆਰਥਿਕ ਸੰਕਟਾਂ ਨੂੰ ਪੇਸ਼ ਕਰਦੀ ਕਹਾਣੀ ਹੈ।ਕਹਾਣੀ ਦਾ ਸੂਤਰਧਾਰ ਬਾਲਮੀਕੀ ਭਾਈਚਾਰੇ ਦਾ ਚੰਡੀਗੜ੍ਹ ਸੈਕਟਰੀਏਟ ਵਿੱਚ ਜੂਨੀਅਰ ਸਹਾਇਕ ਵਜੋਂ ਨੌਕਰੀ ਕਰਦਾ 'ਮੈਂ' ਪਾਤਰ ਹੈ।ਕਹਾਣੀਕਾਰ ਇਸ ਮੈਂ ਪਾਤਰ ਦੀ ਮਾਂ ਸ਼ਾਂਤੀ ਦੇ ਜੀਵਨ ਦ੍ਰਿਸ਼ ਨੂੰ ਪੇਸ਼ ਕਰਦਾ ਦਲਿਤ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਸਮਾਜ ਦੇ ਇੱਕ ਵੱਡੇ ਵਰਗ ਦਾ ਇਸ ਵਰਗ ਪ੍ਰਤੀ ਘ੍ਰਿਣਾ ਵਾਲਾ ਵਤੀਰਾ ਪੇਸ਼ ਕਰਦਾ ਹੈ। ਸ਼ਾਂਤੀ ਅਮੀਰ ਲੋਕਾਂ ਦਾ ਮਲ ਤੱਕ ਆਪਣੇ ਸਿਰ ਉੱਪਰ ਢੋਂਦੀ ਹੈ ਪਰ ਉਸ ਨੂੰ ਲੰਗਰ ਵਿੱਚ ਪ੍ਰਸ਼ਾਦ

ਲੈਣ ਲਈ ਵੀ ਜੂਠੇ ਭੂਨੇ ਚੁੱਕਣ ਦੀ ਸ਼ਰਤ ਲਾ ਦਿੱਤੀ ਜਾਂਦੀ ਹੈ। ਲੇਖਕ ਦਲਿਤ ਵਰਗ ਦੇ ਲੋਕਾਂ ਪ੍ਰਤੀ ਆਮ ਲੋਕਾਈ ਦਾ ਅਮਾਨਵੀ ਵਤੀਰਾ ਤਾਂ ਪੇਸ਼ ਕਰਦਾ ਹੀ ਹੈ ਉੱਥੇ ਇਸ ਵਰਗ ਦੁਆਰਾ ਸਵੈ-ਪਛਾਣ ਲਈ ਕੀਤੇ ਜਾਂਦੇ ਰਾਜਨੀਤਕ/ਸਮਾਜਕ ਕਾਰਜਾਂ ਤੇ ਸਵਾਲ ਖੜੇ ਕਰਦਾ ਹੈ। ਕਹਾਣੀਕਾਰ ਦਲਿਤ ਸੰਵੇਦਨਾ ਅਤੇ ਰਾਜਨੀਤੀ ਦੇ ਬਾਰੀਕ ਪਹਿਲੂਆਂ ਨੂੰ ਜਿਸ ਤਰ੍ਹਾਂ ਆਪਣੀ ਕਹਾਣੀ ਦੇ ਕਲੇਵਰ 'ਚ ਲੈ ਕੇ ਹਾਜ਼ਰ ਹੁੰਦਾ ਹੈ ਉਹ ਗੌਲਣਯੋਗ ਤੇ ਵਿਚਾਰਨਯੋਗ ਮਸਲਾ ਹੈ। ਸ਼ਾਸਕ ਆਪਣੇ ਮੁਫ਼ਾਦਾਂ ਨੂੰ ਮੁੱਖ ਰੱਖ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਕਾਰਜ ਕਰਦੇ ਹਨ ਅਤੇ ਹਾਸ਼ੀਆਗਤ ਧਿਰਾਂ ਇਸ ਨੀਤੀ ਦਾ ਸ਼ਿਕਾਰ ਹੁੰਦੀਆਂ ਹਨ। ਇਹ ਧਿਰਾਂ ਆਪਸੀ ਮਤਭੇਦ ਭੁਲਾਕੇ ਸ਼ਾਸਕ ਧਿਰ ਵਿਰੁੱਧ ਭਿੜਨ ਦੀ ਬਜਾਏ ਆਪਸ ਵਿੱਚ ਭਿੜ ਕੇ ਹੀ ਆਪਣੀ ਸ਼ਕਤੀ ਖਾਰਜ ਕਰ ਲੈਂਦੀਆਂ ਹਨ। ਪੰਜਾਬੀ ਸਮਾਜ ਵਿੱਚ ਦਲਿਤਾਂ ਦੀਆਂ ਮੁੱਖ ਤੌਰ ਤੇ ਬਾਲਮੀਕੀ ਤੇ ਰਵੀਦਾਸੀਏ ਅੱਗੇ ਅਨੇਕਾਂ ਉੱਪ ਜਾਤਾਂ ਹਨ। ਇਹਨਾਂ ਨੂੰ ਕਦੇ ਧਰਮ ਦੇ ਆਧਾਰ ਤੇ ਵੰਡਿਆ ਗਿਆ ਕਦੇ ਰਾਖਵੇਂਕਰਨ ਦੇ ਆਧਾਰ ਤੇ ਇਕੱਠੇ ਕੀਤਾ ਗਿਆ ਕਦੇ ਵੰਡਿਆ ਗਿਆ। ਜਿਸ ਨਾਲ ਇਹਨਾਂ ਜਾਤਾਂ ਅੰਦਰ ਆਪਸੀ ਮਤਭੇਦ ਤਾਂ ਪੈਦਾ ਹੋਏ ਹੀ ਸਗੋਂ ਇਹਨਾਂ ਅੰਦਰ ਆਪਸੀ ਫੁੱਟ ਪਾਕੇ ਸੰਘਰਸ਼ੀ ਜਜ਼ਬੇ ਨੂੰ ਢਾਹ ਵੀ ਲਾਈ ਗਈ। ਜਿਸ ਨਾਲ ਸੋਸ਼ਣ ਕਰਤਾ ਧਿਰ ਮਜ਼ਬੂਤ ਹੋਈ ਅਤੇ ਸ਼ੋਸ਼ਿਤ ਧਿਰ ਲਈ ਕੋਈ ਵੱਡੀ ਰਾਜਨੀਤਿਕ ਲਹਿਰ, ਸਮਾਜਿਕ ਵਿਚਾਰਧਾਰਾ ਮਜ਼ਬੂਤ ਤਰੀਕੇ ਨਾਲ ਖੜੀ ਨਹੀਂ ਹੋ ਸਕੀ ਜੋ ਸਦੀਆਂ ਦੀ ਗੁਲਾਮੀ ਦੀ ਜੰਜੀਰ ਨੂੰ ਤੋੜ ਸਕੇ। ਲੇਖਕ ਕੁੰਭੀ ਨਰਕ ਭੋਗਦੇ ਲੋਕਾਂ ਦੀਆਂ ਮੁਸ਼ਕਿਲਾਂ, ਸਵੈ-ਪਛਾਣ ਦੇ ਸੰਕਟ, ਸੋਸ਼ਣਕਰਤਾ ਧਿਰ ਦੀਆਂ ਚਾਲਾਂ, ਸਵੈ ਕੇਂਦਰਿਤ ਰਾਜਨੀਤੀ, ਦਲਿਤ ਜੀਵਨ ਦੇ ਹਨੇਰੇ ਕੋਨਿਆਂ ਤੇ ਝਾਤ ਪਾਉਣ ਦਾ ਯਤਨ ਹੀ ਨਹੀਂ ਕਰਦਾ ਸਗੋਂ ਇਹਨਾਂ ਮਸਲਿਆਂ ਉੱਪਰ ਸੋਚਣ ਅਤੇ ਸੰਵਾਦ ਛੇੜਨ ਨੂੰ ਤਰਜੀਹ ਦਿੰਦਾ ਹੈ।

'ਸੁੱਕੀਆਂ ਕੁੰਨਾਂ' ਕਹਾਣੀ ਮੁਕੰਦ ਲਾਲ ਪੁੱਤਰ ਰਾਜੂ ਮੱਲ ਪੁੱਤਰ ਜਾਗਰ ਮੱਲ ਤਿੰਨ ਪੀੜ੍ਹੀਆਂ ਦੇ ਕਾਲ-ਖੰਡ ਤੱਕ ਫੈਲੀ ਸਸ਼ੱਕਤ ਕਹਾਣੀ ਹੈ। ਕਹਾਣੀ ਮਰੇ ਹੋਏ ਪਸ਼ੂਆਂ ਦੀ ਖੱਲ ਉਤਾਰਨ ਤੇ ਚਮੜਾ ਰੰਗਣ ਦੇ ਕਾਰੋਬਾਰ ਤੋਂ ਸ਼ੁਰੂ ਹੋਕੇ ਮਸ਼ੀਨੀਯੁਗ 'ਚ ਇਸ ਕਿੱਤੇ ਨਾਲ ਜੁੜੇ ਵਿਅਕਤੀਆਂ ਦੀ ਹਸਤੀ ਤੇ ਹੈਸੀਅਤ ਨੂੰ ਦ੍ਰਿਸ਼ਟੀਗੋਚਰ ਕਰਦੀ ਕਹਾਣੀ ਹੈ। ਕਹਾਣੀ ਵਿਚਲੇ ਮੁਕੰਦ ਲਾਲ ਦਾ ਦਾਦਾ ਜਾਗਰ ਮੱਲ ਸਵੈ-ਮਾਣ ਨਾਲ ਜਿਊਣ ਵਾਲਾ ਆਪਣੇ ਵਰਗ ਦੇ ਲੋਕਾਂ ਦਾ ਹਿਤੈਸ਼ੀ ਨਾਇਕ ਬਣ ਕੇ ਉਭਰਦਾ ਹੈ। ਜਿਸ ਨੇ ਪਿੰਡ ਦੇ ਲੋਕਾਂ ਦੇ ਵਿਰੋਧ ਕਰਨ ਤੇ ਟਿੱਬਿਆਂ ਵਿੱਚ ਨਵਾਂ ਪਿੰਡ ਵਸਾ ਕੇ ਚਮੜਾ ਰੰਗਣ ਦੇ ਕੰਮ ਨੂੰ ਸੁਚਾਰੂ ਤਰੀਕੇ ਨਾਲ ਤੋਰਿਆ ਅਤੇ ਸਵੈ-ਰੋਜ਼ਗਾਰ ਕੇਂਦਰਤ ਹੋਇਆ। ਪਰ ਸਰਕਾਰ ਦੀ ਉਦਯੋਗਿਕ ਨੀਤੀ, ਮੰਡੀ ਕਲਚਰ, ਮਸ਼ੀਨੀਕਰਣ ਨੇ ਜਿਸ ਤਰੀਕੇ ਨਾਲ ਇਸ ਕਿੱਤੇ ਨਾਲ ਸੰਬੰਧਿਤ ਲੋਕਾਂ ਨੂੰ ਬੇਜ਼ਗਾਰ ਕੀਤਾ ਉਸ ਦੀ ਭੇਟਾ ਜਾਗਰ ਮੱਲ ਵੀ ਚੜ੍ਹਦਾ ਹੈ। ਕਿਉਂਕਿ ਮੰਡੀ ਕਲਚਰ ਮਨੁੱਖ ਦੀ ਸੰਵੇਦਨਾ ਤੇ ਲੋੜਾਂ ਨੂੰ ਮੁੱਖ ਨਾ ਰੱਖਕੇ ਮੰਗ ਪੂਰਤੀ, ਖ਼ਪਤ ਅਤੇ ਮੁਕਾਬਲੇ ਵਿੱਚ ਵਿਸ਼ਵਾਸ ਰੱਖਦਾ ਹੈ। ਚਮੜਾ ਨਗਰ ਬਣਨ ਸਮੇਂ ਵੱਡੇ ਧਨਾਢਾਂ ਅਤੇ ਸੇਠਾਂ ਨੇ ਪਲਾਟ ਖਰੀਦ ਆਪਣੀਆਂ ਚਮੜਾ ਰੰਗਣ ਦੀਆਂ ਫੈਕਟਰੀਆਂ ਲਾ ਲਈਆਂ ਪਰ ਨਿਮਨਜਾਤੀ ਦੇ ਇਸ ਕਿੱਤੇ ਨਾਲ ਸੰਬੰਧਿਤ ਲੋਕ ਧਨ ਦੀ ਕਮੀ ਤੇ ਉਦਯੋਗਿਕ ਸਿਸਟਮ ਦੀ ਚੇਤਨੰਤਾ ਨਾ ਹੋਣ ਕਾਰਨ ਇਸ ਕਿੱਤੇ ਦੀ ਮਾਲਕੀ ਤੋਂ ਹੱਥ ਧੋ ਫੈਕਟਰੀ 'ਚ ਨੌਕਰ ਹੋਣ ਲਈ ਮਜ਼ਬੂਰ ਹੋ ਗਏ। ਇੱਥੇ ਕਹਾਣੀਕਾਰ ਮਾਲਕ ਤੋਂ ਨੌਕਰ ਬਣਨ ਦੇ ਸਫ਼ਰ ਅਤੇ ਅਵਚੇਤਨ 'ਚ ਚੰਗੇ ਸਿਲਪੀ ਹੋਣ ਦਾ ਮਾਣ ਹੋਣ ਦੇ ਬਾਵਜੂਦ ਮੁੱਲ ਨਾ ਪੈਣ ਦੀ ਵੇਦਨਾ ਪ੍ਰਗਟ ਕਰਦਾ ਹੈ।



ਅਸਲ ਵਿੱਚ ਕਹਾਣੀਕਾਰ ਆਪਣੀ ਸ਼ਿਲਪਕਲਾ ਤੇ ਮਿਹਨਤ ਦੇ ਬਲਬੂਤੇ ਜੀਵਨ ਬਸ਼ਰ ਕਰ ਰਹੇ ਇਕ ਖਾਸ ਵਰਗ ਦਾ ਉਦਯੋਗਿਕ ਕ੍ਰਾਂਤੀ ਦੀ ਹਨੇਰੀ ਮੂਹਰੇ ਟਿਕ ਨਾ ਪਾਉਣ ਦੇ ਵੇਰਵੇ ਪੇਸ਼ ਕਰਦਾ ਹੈ।

'ਧੂੜ' ਕਹਾਣੀ ਪਿੰਡ ਵਿੱਚ ਵਸਦੇ ਦਲਿਤ ਭਾਈਚਾਰੇ ਦੇ ਮੇਲੂ ਤੇ ਗੇਲੂ ਦੀ ਕਹਾਣੀ ਨਾ ਹੋਕੇ ਇਸ ਭਾਈਚਾਰੇ ਦੇ ਬਹੁਗਿਣਤੀ ਬਸ਼ਿੰਦਿਆਂ ਦੀ ਹੋਂਦ ਤੇ ਹੋਣੀ ਦੀ ਕਹਾਣੀ ਹੈ। ਸਰਪੰਚੀ ਦੀ ਚੋਣ ਸਮੇਂ ਇਸ ਵਰਗ ਦੀਆਂ ਵੋਟਾਂ ਦੀ ਅਹਿਮੀਅਤ ਤੋਂ ਜਾਣੂ ਕਹਾਣੀ ਵਿਚਲਾ ਪਵਿੱਤਰ ਸਿੰਘ ਜਦੋਂ ਮੇਲੂ ਕੋਲ ਵੋਟ/ਸਹਿਯੋਗ ਮੰਗਣ ਜਾਂਦਾ ਹੈ ਤਾਂ ਉਹ ਅੱਗੋਂ ਉਸ ਦੀਆਂ ਕਰਤੂਤਾਂ ਦਾ ਭਾਂਡਾ ਭੰਨ ਸੱਚ ਨੂੰ ਮੁਖਾਤਿਬ ਹੁੰਦਾ ਸਭ ਕੁੱਝ ਬਿਆਨ ਕਰ ਦਿੰਦਾ ਹੈ। ਪਵਿੱਤਰ ਸਿੰਘ ਇਸ ਗੱਲ ਦਾ ਰਸਕ ਰੱਖਦਾ ਹੈ। ਉਹ ਇਸ ਗੱਲ ਦਾ ਬਦਲਾ ਚੋਣ ਜਿੱਤਣ ਤੋਂ ਬਾਅਦ ਮੇਲੂ ਦੇ ਕੰਮ ਸਥਾਨ ਹੱਡਾ ਰੋੜੀ ਦੀ ਬੋਲੀ ਚੜ੍ਹਾਕੇ ਲੈਂਦਾ ਹੈ। ਕਹਾਣੀਕਾਰ ਗੇਲੂ ਪਾਤਰ ਰਾਹੀਂ ਸ਼ਹਿਰੀ ਜੀਵਨ ਵਿੱਚ ਪ੍ਰਵੇਸ਼ ਕਰਨ ਨੂੰ ਆਪਣੀ ਜਾਤੀ ਪਹਿਚਾਣ ਲਕੋ ਕੇ ਜਿਉਣ ਵਜੋਂ ਤਸਵੱਰ ਕਰਦਾ ਹੈ ਇੱਥੇ ਵੀ ਭਾਵੇਂ ਜਾਤੀ ਪੀੜਾ ਤੋਂ ਮੁਕਤ ਹੋਣ ਦਾ ਕੋਈ ਅਵਸਰ ਦਿਖਾਈ ਨਹੀਂ ਦਿੰਦਾ। ਕਹਾਣੀਕਾਰ ਕਹਾਣੀ ਦੇ ਅੰਤ ਉੱਪਰ ਪਿੰਡ ਦੇ ਸਰਕਾਰੀ ਹਸਪਤਾਲ 'ਚ ਨਵੀਂ ਆਈ ਡਾਕਟਰ ਪ੍ਰਤੀਕ ਦਾ ਦਲਿਤ ਗੇਲੂ ਦੇ ਘਰ ਰਹਿਣ ਦਾ ਫੈਸਲਾ ਅਤੇ ਗੇਲੂ ਦੇ ਕਮਰੇ 'ਚ ਰਵੀਦਾਸ ਅਤੇ ਅੰਬੇਦਕਰ ਦੀ ਫੋਟੋ ਨਾਲ ਮਾਰਕਸ ਤੇ ਭਗਤ ਸਿੰਘ ਦੀ ਫੋਟੋ ਟੰਗਣਾ ਲੇਖਕ ਦੇ ਉਸ ਆਸ਼ਾਵਾਦੀ ਰਵੱਈਏ ਨੂੰ ਉਜਾਗਰ ਕਰਦਾ ਹੈ ਜਿੱਥੋਂ ਜਾਤਾਂ ਦੀ ਵਲਗਣਾਂ ਟੁੱਟਣ ਅਤੇ ਨਵੇਂ ਪ੍ਰਤੀਮਾਨ ਸਿਰਜਣ ਦੀ ਆਸ ਝਲਕਦੀ ਹੈ।

ਭਗਵੰਤ ਦੀ ਕਹਾਣੀ ਦਾ ਕੇਂਦਰੀ ਮਰਕਜ਼ ਵਧੇਰੇ ਦਲਿਤ ਜੀਵਨ ਯਥਾਰਥ ਰਹਿੰਦਾ ਹੈ ਪਰ 'ਬਲੈਕ ਡਸਟਬਿਨ' ਕਹਾਣੀ ਰਾਹੀਂ ਉਸਨੇ ਆਪਣੇ ਵਿਸ਼ੇ ਖੇਤਰ ਨੂੰ ਵਿਸ਼ਾਲ ਹੀ ਨਹੀਂ ਕੀਤਾ ਸਗੋਂ ਆਪਣੀ ਪ੍ਰਵਾਸ ਫੇਰੀ ਦੇ ਆਪਣੇ ਅਨੁਭਵਾਂ ਨੂੰ ਬਹੁਤ ਹੀ ਸੂਖ਼ਮਤਾ ਸਹਿਤ ਬਲੈਕ ਡਸਟਬਿਨ ਕਹਾਣੀ ਰਾਹੀਂ ਸਾਕਾਰ ਕੀਤਾ ਹੈ। ਕਹਾਣੀ ਦਾ ਕੇਂਦਰ ਬਿੰਦੂ ਵਿਦੇਸ਼ ਵਿੱਚ ਰਹਿੰਦਾ ਜਗਤਾਰ ਹੈ ਜੋ ਪਹਿਲਾਂ ਭਾਰਤ ਰਹਿੰਦੇ ਸਮੇਂ ਅੱਖੜ ਸੁਭਾਅ ਦਾ ਮਾਲਕ ਸੀ ਪਰ ਵਿਦੇਸ਼ੀ ਸਰਜ਼ਮੀਨ ਦੇ ਨਿਯਮਾਂ ਦਾ ਨਿਯਮਬੱਧ ਕੀਤਾ ਉੱਥੋਂ ਦੇ ਸਿਸਟਮ ਦਾ ਅਨੁਸਾਰੀ ਹੋ ਡਰ ਨੂੰ ਆਪਣੇ ਅਵਚੇਤਨ ਦਾ ਹਿੱਸਾ ਬਣਾ ਬੈਠਦਾ ਹੈ। ਲੇਖਕ ਪੂਰਬੀ ਤੇ ਪੱਛਮੀ ਸਮਾਜ ਸੱਭਿਆਚਾਰ ਤੇ ਜੀਵਨ-ਜਾਂਚ ਦੀ ਤੁਲਨਾਤਮਕ ਤਸਵੀਰਕਸ਼ੀ ਕਰਦਾ ਪੂਰਬੀ ਮਨੁੱਖ ਦੀ ਪੱਛਮੀ ਜੀਵਨ ਜਾਂਚ ਤੇ ਉੱਥੋਂ ਦੇ ਕਾਨੂੰਨ ਦੇ ਸਨਮੁੱਖ ਹੋਂਦ ਤੇ ਹੋਣੀ ਨੂੰ ਬਾਖ਼ੂਬੀ ਪੇਸ਼ ਕਰਦਾ ਹੈ। ਕਹਾਣੀ ਦਾ ਦੂਸਰਾ ਪਹਿਲੂ ਪੱਕੇ ਤੌਰ ਤੇ ਪਰਵਾਸ ਕਰ ਗਏ ਵਿਅਕਤੀਆਂ ਦੀ ਮਾਨਸਿਕ ਸਥਿਤੀ ਨੂੰ ਰੂਪਮਾਨ ਕਰਨਾ ਹੈ, ਕਿ ਉਹ ਕਿਸ ਤਰ੍ਹਾਂ ਆਰਥਿਕ ਤੌਰ ਤੇ ਤਾਂ ਸੰਪੰਨ ਹਨ ਪਰ ਉੱਥੋਂ ਦੇ ਸਖ਼ਤ ਸਿਸਟਮ ਦੇ ਡਰ ਦੀ ਗੰਢ ਉਹਨਾਂ ਦੇ ਜ਼ਿਹਨ ਦਾ ਹਿੱਸਾ ਬਣ ਜਾਂਦੀ ਹੈ ਜਿਸ ਕਾਰਨ ਉਹ ਕਈ ਵਰਤਾਰਿਆਂ ਦੀ ਖੁਸ਼ੀ ਤੋਂ ਵਾਂਝੇ ਰਹਿ ਜਾਂਦੇ ਹਨ। ਜਿਵੇਂ ਕਹਾਣੀ ਵਿੱਚ ਅਵਤਾਰ ਆਪਣੇ ਭਰਾ ਜਗਤਾਰ ਦੀ ਕੈਨੇਡਾ ਫੇਰੀ ਦੇ ਨਿੱਘ ਨੂੰ ਮਾਨਣ ਦੀ ਬਜਾਏ ਉਸ ਦੇ ਟਰੈਵਲ ਇੰਨਸ਼ੋਰੈਂਸ ਨਾ ਹੋਣ ਦੀ ਚਿੰਤਾ 'ਚ ਗ੍ਰਸਿਆ ਜਾਂਦਾ ਹੈ।

ਪੰਜਾਬੀ ਕਹਾਣੀ ਵਿੱਚ ਕਿਸਾਨੀ ਸੰਕਟ ਉੱਪਰ ਅਨੇਕਾਂ ਕਹਾਣੀਆਂ ਲਿਖੀਆਂ ਗਈਆਂ ਹਨ ਪਰ ਇਹਨਾਂ ਕਹਾਣੀਆਂ ਦਾ ਵਧੇਰੇ ਫੋਕਸ ਛੋਟੀ ਕਿਸਾਨੀ ਹੀ ਰਹੀ ਹੈ। ਕਿਸਾਨੀ ਨਾਲ ਸੰਬੰਧਤ ਇੱਕ ਹੋਰ ਧਿਰ ਸੀਰੀ/ਨੌਕਰ/ਖੇਤ ਮਜ਼ਦੂਰ ਦੀ ਵੀ ਹੈ ਜਿਸ ਬਾਰੇ ਜਾਂ ਤਾਂ ਪੰਜਾਬੀ ਕਹਾਣੀ ਚੁੱਪ ਹੈ ਜਾਂ ਇਸ ਮਸਲੇ ਦੇ ਇੱਕਹਿਰੇ ਪਹਿਲੂਆਂ ਉੱਪਰ ਹੀ ਜ਼ੋਰ ਦਿੱਤਾ ਗਿਆ ਹੈ।

ਭਗਵੰਤ ਰਸੂਲਪੁਰੀ ਦੀ ਇਹ ਕਹਾਣੀ ਕਿਸਾਨੀ ਅਤੇ ਖੇਤ ਮਜ਼ਦੂਰ ਨੂੰ ਸਮਾਨੰਤਰ ਚਿਤਰਦੀ ਦੋਵਾਂ ਧਿਰਾਂ ਦੇ ਦੁੱਖ ਦਰਦ, ਮਜ਼ਬੂਰੀਆਂ, ਪ੍ਰਸਥਿਤੀਆਂ ਅਤੇ ਨਤੀਜਿਆਂ ਨੂੰ ਮੁਖ਼ਾਤਿਬ ਹੁੰਦੀ ਹੈ। ਇੱਕ ਪਾਸੇ ਲਦੂ ਦਾ ਘੱਟ ਜ਼ਮੀਨੇ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹੋਣਾ ਉੱਪਰੋਂ ਬੇਲੋੜਾ ਮਸ਼ੀਨੀਕਰਨ, ਸਰਕਾਰ ਦੀ ਬੇਖੀ, ਘਰ 'ਚ ਬਿਮਾਰੀ ਦਾ ਵਧਣਾ, ਫਸਲ ਉੱਪਰ ਵਧੇਰੇ ਖਰਚੇ ਤੇ ਆਮਦਨ ਘੱਟਣਾ ਅਤੇ ਪੁੱਤਰ ਗੁਰੀ ਦਾ ਨਿਕੰਮਾਪੁਣਾ ਉਸ ਨੂੰ ਬੈਂਕ ਅਤੇ ਆੜਤੀਏ ਦੇ ਕਰਜ਼ ਦੇ ਮੱਕੜ ਜਾਲ ਵਿੱਚ ਫਸਾ ਦਿੰਦਾ ਹੈ। ਦੂਜੇ ਪਾਸੇ ਖੇਤ ਮਜ਼ਦੂਰ ਮਿਲਖੀ ਹੈ ਜੋ ਚਮੜਾ ਰੰਗਣ ਦਾ ਕੰਮ ਛੱਡ ਖੇਤ ਮਜ਼ਦੂਰੀ ਕਰਦਾ ਹੈ। ਮਿਲਖੀ ਦੇ ਹਲਾਤ ਵੀ ਬਦ ਤੋਂ ਬਦਤਰ ਹੁੰਦੇ ਜਾਂਦੇ ਹਨ ਜਿਸ ਦਾ ਕਾਰਨ ਮੁੰਡੇ ਦਾ ਕੰਮ ਨਾ ਕਰਨਾ, ਵਿਦੇਸ਼ ਜਾਣ ਲਈ ਕਰਜ਼ਾ ਲੈਣਾ ਪਰ ਏਜੰਟ ਦਾ ਰਾਸ਼ੀ ਲੈ ਕੇ ਦੌੜ ਜਾਣਾ ਤੇ ਮਿਲਖੀ ਦੀ ਪਤਨੀ ਦੀ ਬਿਮਾਰੀ ਆਦਿ ਉਸ ਨੂੰ ਕਰਜ਼ ਦੇ ਬੋਝ ਥੱਲੇ ਦੱਬ ਦਿੰਦੀ ਹੈ। ਦੋਵੇਂ ਧਿਰਾਂ ਹੀ ਕਰਜ਼ੇ ਦੇ ਬੋਝ ਥੱਲੇ ਦੱਬੀਆਂ ਪੀੜਾ ਯੁਕਤ ਜੀਵਨ ਬਸ਼ਰ ਕਰਦੀਆਂ ਹਨ। ਇਹਨਾਂ ਕਰੂਰ ਪ੍ਰਸਥਿਤੀਆਂ ਦਾ ਫਾਇਦਾ ਸ਼ਾਤਰ/ਚਲਾਕ ਲੋਕ ਲੈ ਜਾਂਦੇ ਹਨ ਜਿਵੇਂ ਕਹਾਣੀ ਵਿਚਲਾ ਜੈਮਲ ਸਿੰਘ ਜੋ ਕਰਜ਼ਾ ਮੁਆਫੀ ਦਾ ਸੁਪਨਾ ਦਿਖਾ ਆਪੂ ਕਿਸਾਨ ਯੂਨੀਅਨ ਦਾ ਨੇਤਾ/ਆਗੂ ਬਣ ਆਮ ਲੋਕਾਂ ਨੂੰ ਆਪਣੇ ਨਿੱਜੀ ਮੁਫ਼ਾਦਾਂ ਲਈ ਵਰਤਦਾ ਹੈ। ਕਿਸਾਨੀ ਸੰਕਟ ਦੇ ਅਨੇਕਾਂ ਕਾਰਨ ਹਨ ਜਿਨ੍ਹਾਂ 'ਚ ਕੁੱਝ ਸਮੇਂ ਦੀਆਂ ਸਰਕਾਰਾਂ ਦੀ ਪੈਦਾਇਸ਼ ਹਨ ਉੱਥੇ ਕੁੱਝ ਕਾਰਨ ਕਿਸਾਨ ਨੇ ਖੁਦ ਪੈਦਾ ਕੀਤੇ ਹਨ ਮਿਲਖੀ ਦੇ ਨਿਮਨਲਿਖਤ ਬੋਲ ਕਿਸਾਨੀ ਸੰਕਟ ਦੇ ਕਈ ਅਹਿਮ ਪਹਿਲੂਆਂ ਤੋਂ ਪਰਦਾ ਚੁੱਕਦੇ ਹਨ।

"ਲਦਾ ਸਿਆਂ! ਤੂੰ ਵੀ ਅੱਡੀਆਂ ਚੁੱਕ-ਚੁੱਕ ਕੇ ਫਾਹਾ ਲਿਆ    ਪਹਿਲਾਂ ਕਰਜ਼ਾ ਚੁੱਕ ਕੇ ਟਰੈਕਟਰ ਲੈ ਲਿਆ    ਫਿਰ ਹੋਰ ਸੰਦ-ਪੌਲਾ ਲੈ ਲਿਆ    ਉੱਤੋਂ ਤੁਹਾਡਾ ਲਾਡਲਾ ਗੁਰੀ ਡੱਕਾ ਦੋਹਰਾ ਨੀਂ ਸੀ ਕਰਦਾ    ਖਰਚਾ ਵਧਾਈ ਗਏ    ਆਮਦਨ ਧੇਲੇ ਦੀ ਨੀਂ ਫੇਰ ਤਾਂ ਭਾਈ ਬੰਦੇ ਨੇ ਮਰਨਾ ਈ ਮਰਨਾ    ।" (ਕੁੰਭੀ ਨਰਕ, ਪੰਨਾ 138)

ਕਰਜ਼ੇ ਦੇ ਬੋਝ ਥੱਲੇ ਕਿਸਾਨ ਅਤੇ ਮਜ਼ਦੂਰ ਦੋਵੇਂ ਧਿਰਾਂ ਹੀ ਹਨ, ਦੋਵਾਂ ਦੀ ਇਸ ਸਥਿਤੀ ਦੇ ਕਾਰਨਾਂ ਵਿੱਚ ਭਾਵੇਂ ਵਖਰੇਵਾਂ ਹੈ ਪਰ ਲੇਖਕ ਸਵਾਲ ਇਹ ਖੜ੍ਹਾ ਕਰਦਾ ਹੈ ਕਿ ਸਾਡਾ ਜਾਗਰੂਕ ਸਮਾਜਿਕ ਵਰਗ ਸਿਰਫ ਕਿਸਾਨੀ ਦੀ ਮਾੜੀ ਸਥਿਤੀ ਤੱਕ ਹੀ ਆਪਣੀ ਗੱਲ ਸੀਮਿਤ ਕਰ ਲੈਂਦਾ ਹੈ ਜਦੋਂਕਿ ਖੇਤ ਮਜ਼ਦੂਰ ਦੀ ਸਥਿਤੀ ਹੋਰ ਵੀ ਤ੍ਰਾਸਦਿਕ ਹੈ। ਮਿਲਖੀ ਦੇ ਨਿਮਨਲਿਖਤ ਬੋਲ ਖੇਤ ਮਜ਼ਦੂਰਾਂ ਦੀ ਤ੍ਰਾਸਦਿਕ ਸਥਿਤੀ ਬਿਆਨ ਕਰਦੇ ਹਨ।

"ਲਦਾ ਸਿਆਂ! ਸਾਰੇ ਲੀਡਰ ਕਿਸਾਨਾਂ ਦੀ ਗੱਲ ਕਰੀ ਜਾ ਰਹੇ ਨੇ    ਜਿਹੜੇ ਸਾਡੇ ਵਰਗੇ ਨੇ    ਜਿਨ੍ਹਾਂ ਕੋਲ ਜ਼ਮੀਨ ਦਾ ਟੁਕੜਾ ਵੀ ਨਹੀਂ    ਉਹ ਵੀ ਕਰਜ਼ੇ ਹੇਠ ਦੱਬੇ ਪਏ ਹਨ ਉਨ੍ਹਾਂ ਦੀ ਕੋਈ ਗੱਲ ਈ ਨਹੀਂ ਕਰਦਾ ਯਾਰ    ਮੈਂ ਵੀ ਕਰਜ਼ਾਈ ਹਾਂ    ਮੇਰੇ ਵਰਗੇ ਹੋਰ ਭਰਾ ਵੀ ਕਰਜ਼ੇ ਹੇਠ ਦੱਬੇ ਹੋਏ ਹਨ    " (ਕੁੰਭੀ ਨਰਕ, ਪੰਨਾ 135)

ਅਸਲ ਵਿੱਚ ਕਹਾਣੀਕਾਰ ਦੋਹਾਂ ਧਿਰਾਂ ਦੀ ਦੁਖਦਾਇਕ ਸਥਿਤੀ ਦੇ ਪੈਦਾ ਹੋਣ ਦੇ ਅਨੇਕਾਂ ਕਾਰਨਾ ਨੂੰ ਉਚੇਚ ਨਾਲ ਉਲੀਕਦਾ ਅੰਤਿਮ ਨਤੀਜਿਆਂ ਵੱਲ ਲੈ ਕੇ ਜਾਂਦਾ ਹੈ। ਇਹ ਅੰਤਿਮ ਰਾਹ ਅਕਸਰ ਖੁਦਕੁਸ਼ੀ ਹੋ ਨਿਬੜਦਾ ਹੈ। ਕਹਾਣੀਕਾਰ ਵੱਡਾ ਸਵਾਲ ਉਸ ਸਮੇਂ ਖੜਾ ਕਰਦਾ ਹੈ। ਜਦੋਂ ਜ਼ਮੀਨ ਦਾ ਮਾਲਕ ਲਦੂ ਆਤਮ ਹੱਤਿਆ ਕਰ ਜਾਂਦਾ ਹੈ, ਪਰ ਉਸ ਤੋਂ ਵੀ ਭੈੜੀਆਂ ਪ੍ਰਸਥਿਤੀਆਂ 'ਚ ਜ਼ਿੰਦਗੀ ਬਸਰ ਕਰਦੇ ਮਿਲਖੇ ਵਰਗੇ ਵਿਅਕਤੀ ਆਤਮ-ਹੱਤਿਆ ਦੀ ਬਜਾਏ ਸੰਘਰਸ਼ ਦਾ ਰਾਹ ਚੁਣਦੇ ਹਨ। ਕਹਾਣੀਕਾਰ ਸਮਕਾਲ ਦੇ ਉਸ ਮਸਲੇ ਨੂੰ ਸੰਵੇਦਨਸ਼ੀਲ



ਨਜ਼ਰੀਏ ਤੋਂ ਛੋਹਦਾ ਹੈ ਜੋ ਹੁਣ ਦੇ ਸਮੇਂ ਦਾ ਸਭ ਤੋਂ ਗਹਿਰ ਗੰਭੀਰ ਮਸਲਾ ਹੈ। ਜਿਸ ਦੇ ਆਉਣ ਵਾਲੇ ਸਮੇਂ 'ਚ ਕਈ ਹੋਰ ਪਹਿਲੂ ਉਜਾਗਰ ਹੋਣ ਦੀ ਉਮੀਦ ਹੈ। ਅੰਨੀ ਧਾਰਮਿਕ ਸ਼ਰਧਾ ਵਿਅਕਤੀ ਨੂੰ ਕਿਸ ਤਰ੍ਹਾਂ ਸੰਮੋਹਨ ਦੀ ਅਵਸਥਾ 'ਚ ਲੈ ਕੇ ਸਮਾਜਿਕ ਵਰਤਾਰਿਆਂ ਤੋਂ ਤੋੜ ਦਿੰਦੀ ਹੈ। ਉਸ ਦੀ ਉੱਤਮ ਕਹਾਣੀ 'ਮਾਇਆ' ਹੈ। ਕਹਾਣੀ ਦਾ ਮੁੱਖ ਪਾਤਰ ਰਾਮ ਪ੍ਰਕਾਸ਼ ਆਪਣੀਆਂ ਅਤੇ ਪਰਿਵਾਰ ਦੀਆਂ ਮਾੜੀਆਂ ਪ੍ਰਸਥਿਤੀਆਂ ਦਾ ਕਾਰਨ ਆਪਣੇ ਪਿਛਲੇ ਜਨਮ ਦੇ ਕਰਮਾਂ ਨੂੰ ਨਿਰਧਾਰਿਤ ਕਰਦਾ ਆਪਣੇ ਤੱਕ ਹੀ ਸੀਮਤ ਨਹੀਂ ਹੁੰਦਾ ਸਗੋਂ ਹਰ ਸਮਾਜਕ ਵਰਤਾਰੇ ਨੂੰ ਧਰਮ ਕਰਮ ਨਾਲ ਜੋੜ ਚੇਤਨਤਾ ਤੋਂ ਕੋਰਾ ਤੇ ਅਣਭਿੱਜ ਦਿਖਾਈ ਦਿੰਦਾ ਹੈ।

ਉਪਰੋਕਤ ਕਹਾਣੀਆਂ ਦੀ ਮੂਲ ਚੂਲ ਹਾਸ਼ੀਆਗਤ ਲੋਕ ਬਣਦੇ ਹਨ। ਜਿਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਤੇ ਉੱਚ ਵਰਗਾਂ ਨੇ ਨਾ ਤਾਂ ਮਾਨਤਾ ਦਿੱਤੀ ਨਾ ਹੀ ਉਹਨਾਂ ਨੂੰ ਸਵੈ ਪਹਿਚਾਣ। ਇਹਨਾਂ ਧਿਰਾਂ ਅੰਦਰ ਸੰਘਰਸ਼ ਦਾ ਜਜ਼ਬਾ ਤਾਂ ਹੈ ਪਰ ਸਮੇਂ ਦੀ ਸੱਤਾ ਤੇ ਸਿਆਸਤ ਇਹਨਾਂ ਅੰਦਰਲੇ ਖੋਲਦੇ ਜਜ਼ਬੇ ਨੂੰ ਕਿਸ ਤਰਾਂ ਵਿਖੰਡਤ ਕਰਦੀ ਹੈ ਉਸ ਦੇ ਭਰਪੂਰ ਵੇਰਵੇ ਇਹਨਾਂ ਕਹਾਣੀਆਂ ਦੀ ਪ੍ਰਾਪਤੀ ਹਨ। ਹਾਕਮ ਧਿਰ ਕਦੇ ਇਹਨਾਂ ਹਾਸ਼ੀਆਗਤ ਲੋਕਾਂ ਨੂੰ ਧਰਮ ਦੇ ਨਾਂ ਤੇ ਕਦੇ ਆਰਥਿਕ ਵਖਰੇਵੇਂ ਰਿਜ਼ਰਵਰਸ਼ੇਨ ਦੇ ਨਾਂ ਤੇ ਵੰਡ ਕੇ ਇਹਨਾਂ ਨੂੰ ਸੰਘਰਸ਼ ਦੇ ਰਾਹ ਤੋਂ ਥਿੜਕਾਉਣ ਦਾ ਉਚੇਚ ਕਰਦੀ ਹੈ। ਕੁੰਭੀ ਨਰਕ ਦਾ 'ਮੈਂ ਪਾਤਰ' ਧੂੜ ਦਾ 'ਮੇਲੂ' ਤੇ 'ਪ੍ਰਤੀਕ' ਸੁਕੀਆਂ ਕੁੰਨਾ ਦਾ 'ਜਾਗਰ ਮੱਲ' ਕਬਰਗਾਹ ਦਾ 'ਮਿਲਖੀ' ਆਦਿ ਉਹ ਪਾਤਰ ਹਨ ਜੋ ਆਸ਼ਾਵਾਦ ਦਾ ਪੱਲਾ ਫੜ ਜ਼ਿੰਦਗੀ ਜਿਉਣ ਦਾ ਜਜ਼ਬਾ ਰੱਖਦੇ ਹਨ। ਇਹ ਪਾਤਰ ਹੀ ਇਹਨਾਂ ਕਹਾਣੀਆਂ ਦੀ ਪ੍ਰਾਪਤੀ ਹਨ।

## ਪੰਜਾਬੀ ਦਲਿਤ ਕਹਾਣੀਆਂ
## ਸੰ: ਡਾ. ਬਲਦੇਵ ਸਿੰਘ 'ਬੱਦਨ'
## ਪ੍ਰਕਾਸ਼ਕ : ਨੈਸ਼ਨਲ ਬੁੱਕ ਟਰੱਸਟ, ਇੰਡੀਆ, ਦਿੱਲੀ

ਇਹ ਪੁਸਤਕ ਪਹਿਲੀ ਵਾਰ 2014 ਵਿਚ ਛਪੀ ਸੀ। ਹੁਣ 2018 ਵਿਚ ਇਸ ਦਾ ਦੂਜਾ ਸੰਸਕਰਣ ਛਪਿਆ ਹੈ। ਇਸ 'ਚ 46 ਕਹਾਣੀਕਾਰਾਂ ਦੀਆਂ 46 ਕਹਾਣੀਆਂ ਛਪੀਆਂ ਹਨ। ਭੂਮਿਕਾ ਵਿਚ ਬਲਦੇਵ ਸਿੰਘ ਦਲਿਤ ਚੇਤਨਾ ਵਾਲੇ ਸਾਹਿਤ ਬਾਰੇ ਆਪਣੇ ਵਿਚਾਰ ਦੱਸਦਾ ਹੈ ਕਿ 'ਦਲਿਤ ਵਰਗ' ਤੋਂ ਬਾਹਰਲੇ ਲੇਖਕ ਵੀ ਇਸ ਵੇਦਨਾ ਨੂੰ ਆਪਣੇ ਸਾਹਿਤ ਵਿੱਚ ਬਾਖੂਬੀ ਲਿਆ ਸਕਦੇ ਹਨ; ਇਕ ਉਦਾਹਰਣ ਵਜੋਂ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫ਼ਰ, ਕਰਤਾਰ ਸਿੰਘ ਦੁੱਗਲ, ਵਿਰਕ, ਗੁਰਦਿਆਲ ਸਿੰਘ, ਜਿੰਦਰ, ਦਲਬੀਰ ਚੇਤਨ ਦੀਆਂ ਕਹਾਣੀਆਂ ਦਾ ਜ਼ਿਕਰ ਕਰਦਾ ਹੈ। ਬਲਦੇਵ ਸਿੰਘ ਆਪਣੀ ਕਹਾਣੀ 'ਜਿਸ ਤਨ ਲਾਗੇ' ਵਿਚ ਇਕ ਦਲਿਤ ਵੱਲੋਂ ਦੂਜੇ ਦਲਿਤ ਦੀ ਲੁੱਟ-ਵਰਗਾ ਨਵਾਂ ਵਿਸ਼ਾ ਲਿਆਉਂਦਾ ਹੈ। ਮਨਿੰਦਰ ਕਾਂਗ ਦੀ ਬਹੁ-ਚਰਚਿਤ ਕਹਾਣੀ 'ਕੁੱਤੀ ਵਿਹੜਾ' ਅੱਜ ਦੇ ਯੁੱਗ ਦੇ ਨਾਲ-ਨਾਲ ਇਤਿਹਾਸ ਵੱਲ ਦਾ ਸਫ਼ਰ ਕਰਦੀ ਹੈ। ਇਸ ਕਹਾਣੀ ਵਿੱਚ ਬੇਲੋੜਾ ਵਿਸਥਾਰ ਅਖਰਦਾ ਹੈ। ਗੁਰਮੀਤ ਕੜਿਆਲਵੀ ਦੀ ਕਹਾਣੀ 'ਆਤੂ ਖੋਜੀ' ਵਿਚ ਸਾਧਾਰਨ ਆਦਮੀ ਨੂੰ ਹੀਰੋ ਬਣਾ ਕੇ ਪੇਸ਼ ਕੀਤਾ ਗਿਆ ਹੈ। ਜਿੰਦਰ ਦੀ ਕਹਾਣੀ 'ਸੌਰੀ' ਵਿਚਲਾ ਪਾਤਰ ਲੱਧੜ, ਉੱਚ ਜਾਤ ਦੇ ਲੋਕਾਂ ਵਿੱਚ ਰਹਿੰਦਾ ਹੋਇਆ, ਆਪਣੀ ਜਾਤ ਲੁਕਾਉਣ ਵਿੱਚ ਹੀ ਆਪਣਾ ਹਿੱਤ ਦੇਖਦਾ ਹੈ। ਇਹੋ ਜਿਹੀ ਹੀ ਭਾਵਨਾ ਇਸ

ਸੰਗ੍ਰਹਿ 'ਚ ਸ਼ਾਮਿਲ ਉਸ ਦੀ ਕਹਾਣੀ 'ਸਿਰ ਦੀ ਅੱਗ' ਵਿਚਲੇ ਬਜ਼ੁਰਗ ਪਾਤਰ ਦੀ ਹੈ। ਤਲਜਿੰਦਰ ਸਿੰਘ, ਚੇਤਨ, ਕਜ਼ਾਕ, ਵਰਿਆਮ ਸੰਧੂ ਤੇ ਫਿਲੌਰੀਆਂ ਦੀਆਂ ਕਹਾਣੀਆਂ ਵਿਸ਼ੇਸ਼ ਚਰਚਾ ਦੀ ਮੰਗ ਕਰਦੀਆਂ ਹਨ।

## ਭਾਰਤ ਦੀਆਂ ਲੋਕ-ਕਥਾਵਾਂ
## ਸੰਕਲਨ ਅਤੇ ਸੰਪਾਦਨ : ਏ. ਕੇ. ਰਾਮਾਨੁਜਨ
## ਅਨੁਵਾਦ : ਗੁਰਚਰਨ ਸਿੰਘ ਅਰਸ਼ੀ
## ਪ੍ਰਕਾਸ਼ਕ : ਨੈਸ਼ਨਲ ਬੁੱਕ ਟਰਸਟ, ਇੰਡੀਆ, ਦਿੱਲੀ

ਇਸ ਪੁਸਤਕ ਵਿਚ ਬਾਈ ਭਾਰਤੀ ਭਾਸ਼ਾਵਾਂ ਦੀਆਂ ਚੋਣਵੀਆਂ ਲੋਕ-ਕਥਾਵਾਂ ਸ਼ਾਮਿਲ ਕੀਤੀਆਂ ਹਨ। ਪੁਸਤਕ ਦੀ ਭੂਮਿਕਾ ਵਿਚ ਏ. ਕੇ. ਰਾਮਾਨੁਜਨ ਲਿਖਦਾ ਹੈ : "ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਹੋਇਆਂ ਇਹ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਇਹ ਕਹਾਣੀਆਂ ਦਿਲ ਬਹਿਲਾਵੇ ਲਈ ਬਣੀਆਂ ਹਨ। ਇਨ੍ਹਾਂ ਦੀ ਖ਼ੂਬਸੂਰਤੀ ਦਾ ਮਜ਼ਾ ਲੈਣਾ ਚਾਹੀਦਾ ਹੈ। ਇਕ ਚੀਨੀ ਅਖਾਣ ਅਨੁਸਾਰ, "ਚਿੜੀਆਂ ਇਸ ਲਈ ਨਹੀਂ ਗਾਉਂਦੀਆਂ ਕਿ ਉਨ੍ਹਾਂ ਕੋਲ ਜਵਾਬ ਹਨ। ਇਹ ਗਾਉਂਦੀਆਂ ਹਨ ਕਿ ਉਨ੍ਹਾਂ ਕੋਲ ਗੀਤ ਹਨ। ਹਾਲਾਂਕਿ ਗੀਤ ਦਾ ਆਪਣਾ ਅੰਚਲ, ਜਾਤ, ਸੰਦਰਭ ਤੇ ਅਸਰ ਹੁੰਦਾ ਹੈ।" ਤੇਨਾਲੀਰਾਮ, ਕਾਂ ਦਾ ਬਦਲਾ, ਗਡੀ ਕਿਉਂ ਹੱਸੀ ?, ਭਾਈ ਦੂਜ, ਬਾਂਦਰ ਅਤੇ ਮਗਰਮੱਛ, ਸਰੋਤੇ ਨੂੰ ਖੋਜਦੀ ਇਕ ਕਹਾਣੀ, ਲੰਮੀ ਕਹਾਣੀ, ਚਾਰ ਜੋਗੀ, ਆਪਣੀ ਆਪਣੀ ਦੁਨੀਆਂ, ਢੋਲ, ਗੁਰੂ ਅਤੇ ਮੂਰਖ ਆਦਿ ਲੋਕਗਾਥਾਵਾਂ ਤੋਂ ਕਾਫੀ ਕੁਝ ਸਿੱਖਿਆ ਜਾ ਸਕਦਾ ਹੈ। ਇਹ ਪੁਸਤਕ ਪਹਿਲੀ ਵਾਰ 2007 ਵਿਚ ਛਪੀ ਸੀ। ਦੂਜੀ ਵਾਰ 2018 ਵਿੱਚ ਛਪੀ ਹੈ। ਅਜਿਹੀ ਪੁਸਤਕ ਤੋਂ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ ਕਿਉਂਕਿ ਇਹ ਕਿਹਾ ਜਾਂਦਾ ਹੈ ਕਿ ਲੋਕ-ਕਥਾਵਾਂ ਕਿਸੇ ਸਭਿਆਚਾਰ ਦੀ ਜਿੰਦ-ਜਾਨ ਹੁੰਦੀਆਂ ਹਨ।

## ਗਿਆਰਾਂ ਰੰਗ : ਸੁਕੀਰਤ
## ਸਫੇ: 127 ਮੁੱਲ : 250/-
## ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ ।

'ਗਿਆਰਾਂ ਰੰਗ' ਸੁਕੀਰਤ ਦੁਆਰਾ ਰਚੀਆਂ ਦਸ ਕਹਾਣੀਆਂ ਦਾ ਕਥਾ-ਸੰਗ੍ਰਿਹ ਹੈ । ਹੌਲੀ ਚਾਲੇ ਲਿਖੀਆਂ ਇਹਨਾਂ ਕਹਾਣੀਆਂ ਦਾ ਰਚਨਾਕਾਲ 1974 ਤੋਂ 2018 ਦੇ ਕਾਲ ਖੰਡ ਤੱਕ ਫੈਲਿਆ ਹੋਇਆ ਹੈ । ਸਕੀਰਤ ਦੀਆਂ ਬਹੁਤੀਆਂ ਕਹਾਣੀਆਂ ਮਹਾਂਨਗਰੀ ਚੇਤਨਾ ਨਾਲ ਸੰਬੰਧਿਤ ਹਨ । ਜਿੱਥੇ ਸਾਂਝ, ਭਰਾਤਰੀ-ਭਾਵ ਦੀ ਬਜਾਏ ਨਿੱਜ ਕੇਂਦਰਤ ਸੋਚ ਹਮੇਸ਼ਾਂ ਭਾਰੂ ਰਹਿੰਦੀ ਹੈ ਜਿਵੇਂ 'ਵਗਦੇ ਪਾਣੀ' ਕਹਾਣੀ ਵਿੱਚ ਕਾਲਜ ਪੜ੍ਹਦੇ ਦੋਸਤਾਂ ਦੀ ਇੱਕ ਟੋਲੀ ਘੁੰਮਣ ਲਈ ਬੀਚ (ਸਮੁੰਦਰ ਕਿਨਾਰੇ) ਜਾਂਦੀ ਹੈ, ਉੱਥੇ ਇੱਕ ਸਾਥੀ ਦੀ ਡੁੱਬਣ ਕਾਰਨ ਹੋਈ ਮੌਤ ਤੇ ਬਾਕੀ ਵਿਦਆਰਥੀ ਸੋਗ ਕਰਨ ਜਾਂ ਟੂਰ ਤੋਂ ਵਾਪਸ ਆਉਣ ਦੀ ਬਜਾਏ ਦੋ ਦਿਨਾ ਬਾਅਦ ਉੱਥੇ ਹੀ ਆਪਣੀ ਮਸਤੀ ਵਿੱਚ ਡੁੱਬ ਜਾਂਦੇ ਹਨ । ਇੱਥੇ ਰਿਸ਼ਤੇ, ਸਾਂਝਾਂ ਵਗਦੇ ਪਾਣੀ ਵਾਂਗ ਹੀ ਨਿਭਦੀਆਂ ਦਿਖਾਈ ਦਿੰਦੀਆਂ ਹਨ । 'ਸ਼ੱਕ' ਕਹਾਣੀ ਸ਼ਹਿਰੀ ਜੀਵਨ ਵਿੱਚ ਘਰੇਲੂ ਨੌਕਰਾਂ, ਨੌਕਰਾਣੀਆਂ ਪ੍ਰਤੀ ਮਾਲਕਾਂ ਦਾ ਗੈਰ-ਯਕੀਨੀ ਵਾਲਾ ਰਵੱਈਆ ਉਭਾਰਦੀ ਹੋਈ ਨੌਕਰਾਂ ਦੀ ਅਸਲ ਤਰਸਯੋਗ ਹਾਲਤ ਉੱਪਰੋਂ ਪਰਦਾ ਚੁੱਕਦੀ ਕਹਾਣੀ ਹੈ । 'ਜਲਾਵਤਨ' ਅਤੇ 'ਘਰ' ਲੈਜ਼ਬੀਅਨ ਰਿਸ਼ਤਿਆਂ



ਨੂੰ ਮਾਰਮਿਕ ਅੰਦਾਜ਼ ਵਿੱਚ ਪੇਸ਼ ਕਰਦੀਆਂ ਕਹਾਣੀਆਂ ਹਨ । ਜਲਾਵਤਨ ਕਹਾਣੀ ਦੀ ਸੁਮੀ ਅਤੇ ਤਾਰਾ ਲੈਜ਼ਬੀਅਨ ਰਿਸ਼ਤਾ ਹੰਢਾਉਂਦੀਆਂ ਅਲੱਗ-ਅਲੱਗ ਹੋ ਜਾਂਦੀਆਂ ਹਨ । ਸੁਮੀ ਅਮਰੀਕਾ ਜਾ ਕੇ ਇੱਕ ਹੋਰ ਔਰਤ ਨਾਲ ਰਿਸ਼ਤੇ ਵਿੱਚ ਬੱਝ ਜਾਂਦੀ ਹੈ ਅਤੇ ਤਾਰਾ ਬਲਜੀਤ ਨਾਮ ਦੇ ਲੜ੍ਹਕੇ ਨਾਲ ਵਿਆਹ ਕਰਵਾ ਆਰਥਿਕ ਤੌਰ ਤੇ ਸੁਰੱਖਿਅਤ ਹੋ ਜਾਂਦੀ ਹੈ ਪਰ ਦੋਵੇਂ ਹੀ ਆਪਣੇ ਆਪ ਨੂੰ ਜਲਾਵਤਨ ਹੋਈਆਂ ਮਹਿਸੂਸ ਕਰਦੀਆਂ ਹਨ । ਸੁਮੀ ਅਮਰੀਕਾ ਜਾ ਕੇ ਤੇ ਤਾਰਾ ਆਪ ਸਹੇੜੀ ਜਲਾਵਤਨੀ (ਪਰੰਪਰਾਗਤ ਵਿਆਹ) ਹੰਢਾਉਂਦੀ ਹੈ । 'ਪੋਸਟ ਮਾਰਟਮ' ਕਹਾਣੀ ਇੱਕ-ਦੂਜੇ ਨੂੰ ਦਰੜ ਕੇ ਅੱਗੇ ਵਧਣ ਦੀ ਹੋੜ ਤੇ ਮੁਕਾਬਲੇਬਾਜ਼ੀ ਦੇ ਦੌਰ ਵਿੱਚ ਕਿਸੇ ਨੂੰ ਠਿੱਬੀ ਲਾ ਕੇ ਉੱਚ ਅਹੁਦੇ ਤੇ ਕਾਬਜ਼ ਹੋਣ ਦੀ ਕਹਾਣੀ ਹੈ । ਕਹਾਣੀ 'ਚ ਪੱਤਰਕਾਰੀ ਕਿੱਤੇ ਦੀਆਂ ਜੁਗਾੜਬੰਦੀਆਂ, ਉੱਚ ਅਹੁਦਿਆਂ ਦੀ ਲਾਲਸਾ ਅਤੇ ਆਪਣੇ ਹੀ ਸਾਥੀਆਂ ਨੂੰ ਨੀਵਾਂ ਦਿਖਾ, ਅੱਗੇ ਵਧਣ ਦੀ ਇੱਛਾ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ । 'ਵਾਪਸੀ', 'ਚਪੇੜ', 'ਸਲ੍ਹਾਬੀ ਹੋਈ ਸ਼ਾਮ' ਵਿਕਲੋਤਰੇ ਵਿਸ਼ਆ ਨੂੰ ਸਪਸ਼ਟ ਕਰਦੀਆਂ ਕਹਾਣੀਆਂ ਹਨ । ਸਹਿਜ, ਸਰਲ ਬਿਨਾ ਕਿਸੇ ਵਿੰਗ ਵਲੇਵੇਂ ਵਾਲੇ ਬਿਰਤਾਂਤ ਵਿੱਚ ਰਚੀਆਂ ਇਨ੍ਹਾਂ ਵੱਖਰੇ ਰੰਗ ਦੀਆਂ ਕਹਾਣੀਆਂ ਦਾ ਸੁਆਗਤ ਕਰਨਾ ਬਣਦਾ ਹੈ ।

## ਵਿਕਲੋਤਰੇ ਵਿਸ਼ਆਂ ਦੀਆਂ ਕਹਾਣੀਆਂ:
## ਤਿੰਨ ਤੀਏ ਸੱਤ

ਗੋਵਰਧਨ ਗੱਬੀ ਪੰਜਾਬੀ ਸਾਹਿਤ ਦਾ ਬਹੁਵਿਧਾਵੀ ਲੇਖਕ ਹੈ । ਲੇਖਕ, ਕਵਿਤਾ, ਲੇਖ, ਕਹਾਣੀ (ਮੌਲਿਕ ਸਾਹਿਤ) ਤੋਂ ਇਲਾਵਾ ਅਨੇਕਾਂ ਪੁਸਤਕਾਂ ਦੀ ਸੰਪਾਦਨਾ ਵੀ ਕਰ ਚੁੱਕਿਆ ਹੈ । ਗੱਬੀ ਲਗਭਗ ਦੋ ਦਹਾਕਿਆਂ ਤੋਂ ਪੰਜਾਬੀ ਸਾਹਿਤ 'ਚ ਸਰਗਰਮ ਨਾ ਹੈ । 'ਗੁਰਦੱਖਣਾ' (ਮੌਲਿਕ ਕਹਾਣੀ ਸੰਗ੍ਰਹਿ 2009), 'ਭਰਮਜਾਲ' (ਮੌਲਿਕ ਕਹਾਣੀ ਸੰਗ੍ਰਿਹ 2012) ਤੋਂ ਬਾਅਦ ਤਿੰਨ ਤੀਏ ਸੱਤ (ਮੌਲਿਕ ਕਹਾਣੀ ਸੰਗ੍ਰਿਹ 2017) ਉਸਦਾ ਤੀਜਾ ਕਥਾ ਸੰਗ੍ਰਿਹ ਹੈ । ਸਮਾਂ ਹਮੇਸ਼ਾਂ ਚੱਲਦਾ ਰਹਿੰਦਾ ਹੈ ਪਰ ਭੂਤਕਾਲ (ਸਮਾਂ) ਦੀਆਂ ਯਾਦਾਂ ਜੋ ਸਾਡੇ ਅਚੇਤਨ ਦਾ ਅਹਿਮ ਅੰਗ ਬਣ ਗਈਆਂ ਹੁੰਦੀਆਂ ਹਨ ਹਮੇਸ਼ਾਂ ਸਾਡੇ ਅੰਗ-ਸੰਗ ਰਹਿੰਦੀਆਂ ਹਨ । 'ਸਾਈਕਲ' ਕਹਾਣੀ ਦੇ ਮੈਂ ਪਾਤਰ ਦਾ ਬਚਪਨ ਦਾ ਸੰਘਰਸ਼, ਸਬਜ਼ੀ ਵੇਚਣ ਸਮੇਂ ਸਹਿਪਾਠੀਆਂ ਨੂੰ ਪਤਾ ਲੱਗਣ ਦਾ ਮਾਨਸਿਕ ਡਰ, ਸਹਿਪਾਠਣ ਪਿੰਕੀ ਦਾ ਉਸਦੇ ਪੁਰਾਣੇ ਸਾਈਕਲ ਨੂੰ ਨਾ-ਪਸੰਦ ਕਰਨਾ ਅਤੇ ਸੁਲੱਖਣ ਦੇ ਮਹਿੰਗੇ ਸਾਈਕਲ ਉੱਪਰ ਪਿੰਕੀ ਦਾ ਚੜ੍ਹਨਾ ਉਹ ਵਰਤਾਰੇ ਹਨ ਜੋ ਮੈਂ ਪਾਤਰ ਨੂੰ ਭਾਵਨਾਤਮਕ ਤੌਰ ਤੇ ਠੇਸ ਹੀ ਨਹੀਂ ਪਹੁੰਚਾਉਂਦੇ ਸਗੋਂ ਇੱਕ ਗਹਿਰਾ ਜ਼ਖਮ ਬਣ ਅਚੇਤਨ ਦਾ ਅਹਿਮ ਅੰਗ ਬਣ ਜਾਂਦੇ ਹਨ । ਮੈਂ ਪਾਤਰ ਜਦੋਂ 10-12 ਸਾਲਾਂ ਬਾਅਦ ਉੱਚ ਅਹੁਦੇ ਤੇ ਪਹੁੰਚਣ ਉਪਰੰਤ ਪਿੰਕੀ ਨੂੰ ਮਿਲਦਾ ਹੈ ਤਾਂ ਅਸਹਿਜ ਮਹਿਸੂਸ ਕਰਦਾ ਹੈ । ਇਸਦਾ ਕਾਰਨ ਮਨ ਵਿੱਚ ਬਸਰ ਕਰਦੀ ਬਚਪਨ ਦੀ ਹੀਣ ਭਾਵਨਾ ਤੋਂ ਬਣੀ ਗੰਢ ਤੋਂ ਮੁਕਤ ਨਾ ਹੋਣਾ ਹੈ । ਰਿਸ਼ਤੇ, ਆਪਸੀ ਸਾਂਝ, ਸਮਝ ਅਤੇ ਵਿਸ਼ਵਾਸ ਉੱਪਰ ਉਸਰਦੇ ਹਨ । ਜੇਕਰ ਰਿਸ਼ਤਿਆਂ ਵਿਚਲੀ ਇੱਕ ਧਿਰ ਇਨ੍ਹਾਂ ਅਕੀਦਿਆਂ ਤੋਂ ਹਿੱਲਦੀ ਹੈ ਤਾਂ ਉਸਦਾ ਅਸਰ ਦੂਜੀ ਧਿਰ ਉੱਪਰ ਪੈਣਾ ਲਾਜ਼ਮੀ ਹੈ । 'ਭਾਰਮੁਕਤ' ਕਹਾਣੀ ਵਿਚਲੇ ਇੰਦਰ ਦਾ ਪਤਨੀ ਗੁਰਜੀਤ ਪ੍ਰਤੀ ਅਲਗਰਜ਼ੀ ਤੇ ਬੇ-ਵਫਾਈ ਵਾਲਾ ਵਤੀਰਾ ਉਸਨੂੰ ਵਿਆਹ ਪ੍ਰਬੰਧ ਦੇ ਰਿਸ਼ਤੇ ਦੀ ਮਰਿਆਦਾ ਉਲੰਘ ਕੇ ਅਨੇਕਾਂ ਵਰਜਿਤ ਰਿਸ਼ਤੇ ਉਸਾਰਨ

ਦੇ ਰਾਹ ਤੋਰ ਦਿੰਦਾ ਹੈ। ਅਜਿਹੇ ਹਲਾਤਾਂ ਵਿੱਚ ਪਤਨੀ ਗੁਰਜੀਤ ਦੇ ਪ੍ਰੀਤਮ ਨਾਲ ਉਸਰੇ ਨਵੇਂ ਰਿਸ਼ਤੇ ਵਿੱਚ ਵੀ ਵਿਸ਼ਵਾਸ, ਸਾਂਝ ਦੀ ਘਾਟ ਅਤੇ ਸਰੀਰਕ ਲੋੜਾਂ ਦੀ ਪੂਰਤੀ ਜ਼ਿਆਦਾ ਦਿਖਾਈ ਦਿੰਦੀ ਹੈ। ਇੰਦਰ ਤਾਂ ਪਤਨੀ ਗੁਰਜੀਤ ਕੋਲ ਆਪਣਾ ਅਤੀਤ, ਵਰਤਮਾਨ ਬਿਆਨ ਕਰਕੇ ਭਾਰਮੁਕਤ ਮਹਿਸੂਸ ਕਰਦਾ ਹੈ ਪਰ ਗੁਰਜੀਤ ਆਪਣੇ ਪ੍ਰੇਮੀ ਪ੍ਰੀਤਮ ਕੋਲ ਆਪਣਾ ਅਤੀਤ ਬਿਆਨ ਕਰਨ ਨੂੰ ਲੈ ਕੇ ਦੁਚਿੱਤੀ 'ਚ ਵਿੱਚਰਦੀ ਮਾਨਸਿਕ ਸੰਤਾਪ ਭੋਗਦੀ ਹੈ। ਕਹਾਣੀਕਾਰ ਰਿਸ਼ਤਿਆਂ ਦੀ ਸਮਕਾਲੀ ਦੌਰ ਵਿੱਚ ਖੁਸ ਰਹੀ ਪਾਕੀਜ਼ਗੀ ਤੇ ਵਰਜ਼ਿਤ ਰਿਸ਼ਤੇ ਹੰਢਾਉਂਦੇ ਮਨੁੱਖ ਦਾ ਆਨੰਦ ਮਾਨਣ ਦਾ ਵਹਿਮ ਵੀ ਖੁਰਦਾ ਦਰਸਾਉਂਦਾ ਹੈ। ਸਾਡੀ ਸਮਾਜਿਕ ਵਿਵਸਥਾ ਵਿੱਚ ਔਰਤ ਨੂੰ ਪੈਰ ਦੀ ਜੁੱਤੀ ਸਮਾਨ ਸਮਝਦਿਆਂ ਦਾਬੂ ਮਾਨਸਿਕਤਾ ਨਾਲ ਜਿਉਣ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ। ਪਰ 'ਮੰਦਾਕਿਨੀ' ਕਹਾਣੀ ਦੀ ਮੁੱਖ ਪਾਤਰ ਆਪਣੀ ਮਾਂ ਉੱਪਰ ਪਿਉ ਦੁਆਰਾ ਕੀਤੇ ਜਾਂਦੇ 'ਮਰਦਾਵੇਂ ਅੱਤਿਆਚਾਰ' ਨੂੰ ਵੇਖਦੀ ਆਪ ਸਾਰੀ ਉਮਰ ਵਿਆਹ ਨਾ ਕਰਵਾਉਣ ਦਾ ਫੈਸਲਾ ਕਰਦੀ ਹੈ। ਉਹ ਵੱਖ-ਵੱਖ ਆਦਮੀਆਂ ਨਾਲ ਰਿਸ਼ਤੇ ਜੋੜਦੀ, ਤੋੜਦੀ ਉਨ੍ਹਾਂ ਨਾਲ ਵਿਆਹ ਪ੍ਰਬੰਧ ਵਿੱਚ ਬੱਝਣ ਤੋਂ ਮੁਨਕਰ ਹੋ ਸਮਾਜਿਕ ਵਿਵਸਥਾ ਨੂੰ ਪੁੱਠਾ ਗੇੜਾ ਦੇ ਦਿੰਦੀ ਹੈ। ਸਾਡੇ ਸਮਾਜ ਵਿੱਚ ਅਜਿਹੀਆਂ ਔਰਤਾਂ ਦੀ ਗਿਣਤੀ ਭਾਵੇਂ ਨਾ-ਮਾਤਰ ਹੀ ਹੈ। ਪਰ ਇਹ ਕਹਾਣੀ ਆਉਣ ਵਾਲੇ ਸਮੇਂ ਦੀ ਭਵਿੱਖਬਾਣੀ ਕਰਦੀ ਪ੍ਰਤੀਤ ਹੁੰਦੀ ਹੈ। 'ਮਹਾਂਨਾਇਕ' ਮਨੁੱਖੀ ਸੁਭਾਅ ਦੀ ਬਰੀਕ ਤੰਦ ਫੜ੍ਹਦੀ ਕਹਾਣੀ ਹੈ। ਮਾਂ-ਪਿਉ ਦੀ ਔਲਾਦ ਨਾਲ ਇੱਕ ਆਪਸੀ ਪਰਦੇ ਦੀ ਤੰਦ ਹੈ। ਪਰ ਇਸ ਤੰਦ ਦੇ ਟੁੱਟਣ ਤੇ ਪਿਉ ਦੀ ਭਾਵੁਕ ਪ੍ਰਤੀਕਿਰਆ ਹੀ ਇਸ ਕਹਾਣੀ ਦਾ ਸਾਰ ਹੈ। ਸ਼ੱਕ ਦੀ ਗੁੰਜਾਇਸ਼ ਦਹਾਕਿਆਂ ਦੇ ਬਣੇ ਪੀਡੇ, ਮੋਹ-ਪਿਆਰ ਵਾਲੇ ਰਿਸ਼ਤਿਆਂ ਵਿੱਚ ਕਿਵੇਂ ਮਾਨਸਿਕ ਕਸ਼ਮਕਸ਼ ਪੈਦਾ ਕਰ ਦਿੰਦੀ ਹੈ, ਉਸਦੀ ਉੱਤਮ ਮਿਸਾਲ 'ਏ-ਨੈਗੇਟਿਵ' ਕਹਾਣੀ ਹੈ। ਕਹਾਣੀ ਵਿਚਲੇ ਅਵਤਾਰ ਤੇ ਉਸਦੀ ਪਤਨੀ ਕਰਮਜੀਤ ਕੌਰ ਦਾ ਬਲੱਡ ਗਰੁੱਪ ਏ.ਬੀ. ਪਾਜ਼ੀਟਿਵ ਹੈ ਅਤੇ ਪੁੱਤਰ ਮਨਦੀਪ ਦਾ ਏ ਨੈਗੇਟਿਵ ਹੈ। ਇਹ ਗੱਲ ਹੀ ਅਵਤਾਰ ਨੂੰ ਮਾਨਸਿਕ ਤੌਰ ਤੇ ਪਰੇਸ਼ਾਨ ਕਰ ਕਰਮਜੀਤ ਉੱਪਰ ਸ਼ੱਕ ਪੈਦਾ ਕਰਨ ਲਈ ਮਜ਼ਬੂਰ ਕਰ ਦਿੰਦੀ ਹੈ। ਪਰ ਅਵਤਾਰ ਦਾ ਸ਼ੱਕ ਡਾਕਟਰ ਦੇ ਸਮਝਾਉਣ ਤੇ ਹੀ ਦੂਰ ਹੁੰਦਾ ਹੈ ਕਿ ਔਲਾਦ ਦਾ ਖੂਨ ਗਰੁੱਪ ਮਾਂ-ਪਿਉ ਨਾਲੋਂ ਵੱਖਰਾ ਵੀ ਹੋ ਸਕਦਾ ਹੈ। ਅਸਲ ਵਿੱਚ ਹੁਣ ਦੇ ਦੌਰ ਵਿੱਚ ਰਿਸ਼ਤਿਆਂ ਪ੍ਰਤੀ ਬੇਭਰੋਸਗੀ ਮਨੁੱਖ ਵਿੱਚ ਇਸ ਕਦਰ ਪਣਪ ਰਹੀ ਹੈ ਕਿ ਉਹ ਕਿਸੇ ਸਮੇਂ ਵੀ ਮਨੁੱਖ ਦਾ ਜਾਨ ਦਾ ਖੌਹ ਜਾਂ ਮਾਨਸਿਕ ਪਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ। ਕੋਈ ਵੀ ਸੱਚ ਅੰਤਿਮ ਸੱਚ ਨਹੀਂ ਹੁੰਦਾ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਅਜੋਕੇ ਯੁੱਗ ਵਿੱਚ ਹਰ ਵਿਅਕਤੀ ਦਾ ਆਪਣਾ ਇੱਕ ਸੱਚ ਹੈ। ਇਸ ਤਰ੍ਹਾਂ ਹੀ ਜ਼ਿੰਦਗੀ ਕੀ ਹੈ ? ਇਹ ਵੀ ਇੱਕ ਗੁੰਝਲਦਾਰ ਵਰਤਾਰਾ ਹੈ। 'ਤਿੰਨ ਤੀਏ ਸੱਤ' ਕਹਾਣੀ ਦਾ ਸਿਰਲੇਖ ਜਿੱਥੇ ਆਪਣੇ ਆਪ ਵਿੱਚ ਹੀ ਜ਼ਿੰਦਗੀ ਦੇ ਕਈ ਅਰਥ ਸਮੋਈ ਬੈਠਾ ਹੈ ਉੱਥੇ ਕਹਾਣੀ ਵਿਚਲੇ ਮੋਹਨ ਬਾਬੂ ਤੇ ਰੱਜੀ ਦੇ ਵਾਰਤਾਲਾਪ ਅਤੇ ਮੋਹਨ ਬਾਬੂ ਦੇ ਮਨ ਬਚਨੀ ਬੋਲ ਇਸ ਤਲਖ਼ ਜ਼ਿੰਦਗੀ ਦੇ ਕਈ ਅਰਥ ਸਿਰਜਦੇ ਹਨ। ਬਦਲ ਰਹੇ ਸਮੇਂ ਅਤੇ ਸਮਾਜ ਵਿੱਚ ਜ਼ਿੰਦਗੀ ਤਿੰਨ ਤੀਏ ਨੌਂ ਦੀ ਬਜਾਏ ਤਿੰਨ ਤੀਏ ਸੱਤ ਹੋ ਕੇ ਕਿਸ ਤਰ੍ਹਾਂ ਟੱਕਰਦੀ ਹੈ ਉਸਦਾ ਉਲੇਖ ਇਸ ਕਹਾਣੀ ਦੀ ਪ੍ਰਾਪਤੀ ਹੈ। 'ਰੁਲਦਾ' ਕਿਸਾਨੀ ਦੇ ਵਰਤਮਾਨ ਪ੍ਰਸੰਗ ਵਿੱਚ ਵਜ਼ਨਦਾਰ ਕਹਾਣੀ ਹੈ। ਕਿਸਾਨਾਂ ਦੀ ਆਰਥਿਕ ਹਾਲਤ ਵਿੱਚ ਆ ਰਹੇ ਨਿਘਾਰ, ਆੜ੍ਹਤੀਆਂ ਦੀਆਂ ਲੂੰਬੜਚਾਲਾਂ ਦਾ ਸ਼ਿਕਾਰ ਕਿਸਾਨ, ਕੁਦਰਤੀ ਕਰੋਪੀ, ਜ਼ਮੀਨਾਂ ਉੱਪਰ ਬੈਂਕਾਂ ਅਤੇ ਸ਼ਾਹੂਕਾਰਾਂ ਦੇ ਕਰਜੇ, ਨਵੇਂ ਟ੍ਰੈਕਟਰਾਂ ਅਤੇ ਡੇਅਰੀ ਫਾਰਮਾ ਦੇ ਨਾਮ ਤੇ ਚੁੱਕੇ ਲੋਨ, ਕਿਸ ਤਰ੍ਹਾਂ ਕਿਸਾਨ ਦੀ



ਮੌਤ ਦਾ ਫੰਦਾ ਬਣਦੇ ਹਨ, ਉਸਦੇ ਸਾਰਥਿਕ ਵੇਰਵੇ ਇਸ ਕਹਾਣੀ ਦਾ ਹਾਸਿਲ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਲੇਖਕ ਵੰਨ-ਸੁਵੱਨੇ ਵਿਸ਼ਿਆਂ ਨੂੰ ਆਪਣੇ ਕਥਾ ਸਾਹਿਤ ਦਾ ਅਧਾਰ ਬਣਾਉਂਦਾ ਸਮਕਾਲੀ ਸਮੇਂ ਦੀਆਂ ਆਰਥਿਕ, ਸਮਾਜਿਕ ਪ੍ਰਸਥਿਤੀਆਂ, ਵਿਅਕਤੀਗਤ ਵਿਸੰਗਤੀਆਂ, ਜਾਤੀ-ਪਾਤੀ ਸਿਸਟਮ, ਦੁਚਿੱਤੀ ਵਿੱਚ ਜਿਉਂਦੇ ਮਨੁੱਖਾਂ, ਮਨੁੱਖੀ ਹਉਮੈਂ, ਭਰਮ-ਭੁਲੇਖਿਆਂ ਵਿੱਚ ਜਿਉਂਦੇ ਇਨਸਾਨਾ ਦੇ ਦੋਗਲੇ ਕਿਰਦਾਰ, ਖੁੱਲਾਂ ਮਾਣਦੇ ਵਰਜਿਤ ਰਿਸ਼ਤੇ ਹੰਢਾਉਂਦੇ, ਮਾਨਸਿਕ ਕਸ਼ਮਕਸ਼ ਵਿੱਚ ਜਿਉਂਦੇ ਵਿਅਕਤੀਆਂ ਨੂੰ ਬਾਖ਼ੂਬੀ ਚਿੱਤਰਦਾ ਹੈ।

**ਕਿਤਾਬ : ਸੰਨ ਸੰਤਾਲ਼ੀ ਸੰਪਾਦਕ : ਅਮਰਜੀਤ ਚੰਦਨ**
**ਪੰਨੇ : 200 ਮੁੱਲ : 350**
**ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, ਦਿੱਲੀ**
**-ਗੁਰਪ੍ਰੀਤ**

ਪਿਛਲੇ ਵਰ੍ਹਿਆਂ ਤੋਂ ਅਮਰਜੀਤ ਚੰਦਨ ਸੰਪਾਦਨਾਂ ਦੇ ਖੇਤਰ 'ਚ ਬਹੁਤ ਹੀ ਅਹਿਮ ਕਾਰਜ ਕਰ ਰਹੇ ਹਨ । 'ਸੰਨ ਸੰਤਾਲ਼ੀ' ਪੰਜਾਬ ਦੇ ਉਜਾੜੇ ਦੀ ਸ਼ਾਇਰੀ ਹੈ ।ਪਹਿਲਾ ਪੰਨਾ ਪਰਤਦਿਆਂ ਹੀ 1948 'ਚ ਅੰਬਾਲਾ ਰਫੂਜੀ ਕੈਂਪ ਵਿਚ ਸਰਦਾਰੀ ਲਾਲ ਪ੍ਰਾਸ਼ਰ ਦੀ ਓਥੋਂ ਦੀ ਹੀ ਮਿੱਟੀ ਨਾਲ਼ ਬਣਾਈ ਮੂਰਤੀ ਦੀ ਫੋਟੋ ਹੈ । ਪਾਠਕ ਕੁਝ ਸਮੇਂ ਲਈ ਦਰਸ਼ਕ ਬਣ ਕੇ ਉਸ ਰਫੂਜੀ ਕੈਂਪ 'ਚ ਚਲਾ ਜਾਂਦਾ ਹੈ ਤੇ ਚੰਦਨ ਦਾ ਕੰਮ ਸ਼ੁਰੂ ਹੋ ਜਾਂਦਾ ਹੈ ।ਅਗਲਾ ਪੰਨਾ ਸਮਰਪਣ ਦਾ ਪੰਨਾ ਹੈ । ਇਹ ਵੀ ਕੋਈ ਆਮ ਪੰਨਾ ਨਹੀਂ । ਇਹ ਪੰਨਾ ਅਜਿਹੇ ਦੁੱਖ ਨੂੰ ਆਪਣੇ ਵਿਚ ਸਮੋਈ ਬੈਠਾ ਹੈ, ਜੋ ਅਕਿਹ ਹੈ । ਪਾਠਕ ਦੇ ਸਾਹਮਣੇ ਗਹਿਲ ਸਿੰਘ, ਮੇਘ ਸਿੰਘ ਤੇ ਸੂਬਾ ਸਿੰਘ ਸਾਕਾਰ ਹੋ ਜਾਂਦੇ ਹਨ ਜਿੰਨ੍ਹਾਂ ਨੂੰ ਸੰਨ ਸੰਤਾਲ਼ੀ 'ਚ ਮੁਸਲਮਾਨਾਂ ਨੂੰ ਬਚਾਉਣ ਬਦਲੇ ਅਕਾਲ ਸੈਨਾ ਦੇ ਸਿੱਖਾਂ ਨੇ ਕਤਲ ਕਰ ਦਿੱਤਾ ਸੀ । ਇੱਥੈ ਹੀ ਸਾਈਂ ਉਮਰਦੀਨ ਦਾ ਦਰਦ ਵੀ ਜਾਗ ਉਠਦਾ ਹੈ ਜਿਸ ਨੂੰ ਸੰਨ ਸੰਤਾਲ਼ੀ 'ਚ ਮਾਸੂਮ ਸਿੱਖਾਂ ਤੇ ਹਿੰਦੂਆਂ ਨੂੰ ਬਚਾਉਣ ਬਦਲੇ ਮੁਸਲਮਾਨ ਫਸਾਦੀਆਂ ਨੇ ਕਤਲ ਕਰ ਦਿੱਤਾ ਸੀ ।ਇਸ ਵੱਡੇ ਦੁਖਾਂਤ ਦੀ ਚੀਸ ਕਿਵੇਂ ਜਾ ਸਕਦੀ ਹੈ । ਇਸ ਕਿਤਾਬ ਵਿਚ ਬਾਬੂ ਰਜਬ ਅਲੀ ਤੋਂ ਲੈਕੇ ਸ਼ਾਨਵੀਰ ਤੱਕ ਤਰਵੰਜਾ ਕਵੀਆਂ ਦੀਆਂ ਉਜਾੜੇ ਨਾਲ਼ ਸੰਬੰਧਿਤ ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ । ਇਸ ਤੋਂ ਪਹਿਲਾਂ ਆਦਿਕਾ 'ਸੰਨ ਸੰਤਾਲ਼ੀ ਦਾ ਸੰਤਾਪ' ਬਹੁਤ ਮੁੱਲਵਾਨ ਹੈ । ਜਿਸ ਵਿਚ ਚੰਦਨ ਨੇ ਸੰਨ ਸੰਤਾਲੀ ਦੇ ਸੰਤਾਪ ਦੀ ਬਾਤ ਦੇ ਨਾਲ਼ ਪੁਖਤਾ ਸ਼ਾਇਰੀ ਅਤੇ ਪੰਜਾਬ ਦੇ ਮੁੜ ਇੱਕ ਹੋ ਜਾਣ ਦੀ ਦੁਆ ਵੀ ਕੀਤੀ ਹੈ, ' ਵੰਡ ਦੇ ਸੇਹ ਦਾ ਤੱਕਲ਼ੇ ਨੂੰ ਕੱਢਣ ਦਾ ਇੱਕੋ-ਇੱਕ ਇਲਾਜ ਹੈ : ਪੰਜਾਬ ਮੁੜ ਇਕ ਹੋਵੇ । ਪੰਜਾਬ ਨੂੰ ਮੁੜ-ਇਕ ਕਰਨ ਦਾ ਕਾਰਜ ਨਾਨਕਨਾਮਲੇਵਾ ਪੰਜਾਬੀਆਂ ਨੇ ਹੀ ਅੱਗੇ ਹੋ ਕੇ ਕਰਨਾ ਹੈ । ਫੇਰ ਪੰਜਾਬ, ਬੰਗਾਲ ਤੇ ਕਸ਼ਮੀਰ ਮੁੜ-ਇਕੱਠੇ ਹੋਣਗੇ । ਇਹ ਸ਼ੇਖਚਿੱਲੀ ਦਾ ਖਾਬ ਨਹੀਂ । ਇਤਿਹਾਸ ਕਰਾਮਾਤਾਂ ਨਾਲ਼ ਭਰਿਆ ਪਿਆ ਹੈ । ਗਿਣਤੀ ਸਿਫਰ ਤੋਂ ਸ਼ੁਰੂ ਹੁੰਦੀ ਹੈ ।' ਇਸੇ ਲੇਖ ਵਿਚ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਆਖਾਂ ਵਾਰਿਸ ਸ਼ਾਹ' ਨੂੰ ਵੱਖ-ਵੱਖ ਵਿਦਵਾਨਾਂ/ਚਿੰਤਕਾਂ ਦੀ ਨਜ਼ਰ ਨਾਲ਼ ਦੇਖਿਆ ਗਿਆ ਹੈ । ਚੰਦਨ ਦਾ ਇਹ ਲੇਖ ਬਹੁਤ ਮਹੱਤਵਪੂਰਨ ਹੈ । ਪੰਜਾਬੀ ਇਤਿਹਾਸ ਦੇ ਸਭ ਤੋਂ ਵੱਡੇ ਸਦਮੇ ਦੀ ਇਹ ਕਿਤਾਬ ਪੜ੍ਹਨਯੋਗ ਤਾਂ ਹੈ ਹੀ, ਸਾਂਭਣਯੋਗ ਵੀ ਹੈ ।

ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 67, Hillside Road, Southall, Middlesex , England. UB1 2PE ਤੋਂ ਜਾਰੀ ਕੀਤਾ।